# ਗੁਰਬਿਲਾਸ ਪਾਤਸ਼ਾਹੀ ੧੦


ਕ੍ਰਿਤ

ਕੁਇਰ ਸਿੰਘ

ਸੰਪਾਦਕ

ਸ਼ਮਸ਼ੇਰ ਸਿੰਘ ਅਸ਼ੋਕ

ਭੂਮਿਕਾ ਲੇਖਕ ਤੇ ਨਿਗਰਾਨ

ਡਾ. ਫ਼ੌਜਾ ਸਿੰਘ



ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ ਪਟਿਆਲਾ

GURBILAS PATSHAHI 10 BY KOER SINGH *(Punjabi)*

*Edited by*
SHAMSHER SINGH ASHOK
*Preface by*
DR. FAUJA SINGH

ISBN 81-7380-592-x

1999
ਪਹਿਲੀ ਵਾਰ, ਦਸੰਬਰ, 1968 : 1100
ਦੂਜੀ ਵਾਰ, ਜਨਵਰੀ, 1986 : 1100
ਤੀਜੀ ਵਾਰ : 1100
ਮੁੱਲ : 180-00 ਰੁਪਏ



ਡਾ. ਰਣਬੀਰ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਰਕਾਸ਼ਤ
ਕੀਤੀ ਅਤੇ ਰਾਮ ਪ੍ਰਿੰਟੋਗਰਾਫ, ਨਵੀਂ ਦਿੱਲੀ ਵਿਖੇ ਛਪੀ

# ਵਿਸ਼ੈ-ਸੂਚੀ

# ਮੁਖਬੰਧ

ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ, ਪੰਜਾਬੀ ਯੂਨੀਵਰਸਿਟੀ ਦੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਦੀ ਮਿਹਨਤ ਦਾ ਫਲ ਹੈ। ਇਹ ਵਿਭਾਗ ੧੯੬੩ ਈਸਵੀ ਵਿਚ ਸਥਾਪਿਤ ਕੀਤਾ ਗਇਆ ਸੀ ਤਾਂ ਜੋ ਭਾਰਤ ਦੇ ਇਤਿਹਾਸ ਵਿਚ ਪਾਏ ਪੰਜਾਬ ਦੇ ਹਿੱਸੇ ਨੂੰ ਉਜਾਗਰ ਕੀਤਾ ਜਾ ਸਕੇ। ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤਕ ਇਸ ਨੇ ਕਈ ਯੋਜਨਾਵਾਂ ਹੱਥ ਵਿਚ ਲੈ ਰੱਖੀਆਂ ਹਨ। ਉਨ੍ਹਾਂ ਵਿਚੋਂ ਇਕ ਪੰਜਾਬ ਦੇ ਸਮੁੱਚੇ ਇਤਿਹਾਸ ਨੂੰ ਅੱਠ ਸੈਂਚੀਆਂ ਵਿਚ ਲਿਖਣਾ ਹੈ। ਹੋਰ ਯਤਨ ਇਹ ਹੈ ਕਿ ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਸਾਰੇ ਸੋਮਿਆਂ ਨੂੰ, ਜੋ ਫ਼ਾਰਸੀ ਵਿਚ ਮਿਲਦੇ ਹਨ, ਪੰਜਾਬੀ ਵਿਚ ਅਨੁਵਾਦ ਕਰਵਾ ਕੇ ਛਾਪ ਦਿੱਤਾ ਜਾਵੇ। ਇਸ ਕੰਮ ਨੂੰ ਹੱਥ ਵਿਚ ਲੈਣ ਸਮੇਂ ਇਹ ਮਹਸੂਸ ਕੀਤਾ ਗਇਆ ਸੀ ਕਿ ਹੁਣ ਤਕ ਦਾ ਇਤਿਹਾਸ ਬਹੁਤ ਕਰਕੇ ਅੰਗ੍ਰੇਜ਼ੀ ਅਤੇ ਫ਼ਾਰਸੀ ਸੋਮਿਆਂ ਉਤੇ ਹੀ ਨਿਰਭਰ ਰਹਿਆ ਹੈ; ਪੰਜਾਬੀ ਦੇ ਆਪਣੇ ਲੇਖਕਾਂ ਦੀਆਂ ਰਚਨਾਵਾਂ ਨੂੰ ਬਹੁਤ ਘਟ ਵਰਤਿਆ ਗਇਆ ਹੈ। ਸੋ ਯੋਗ ਸਮਝਿਆ ਗਇਆ ਕਿ ਪੰਜਾਬੀ ਵਿਚ ਮਿਲਦੇ ਮੂਲ ਸੋਮਿਆਂ (sources) ਦਾ ਵੀ ਅੱਛੀ ਤਰ੍ਹਾਂ ਸੰਪਾਦਨ ਕਰਕੇ ਛਾਪ ਦਿੱਤਾ ਜਾਵੇ। ਇਸ ਲੜੀ ਵਿਚ ਅੱਗੇ ਤਿੰਨ ਪੁਸਤਕਾਂ 'ਸੀਹਰਫੀਆਂ ਹਰੀ ਸਿੰਘ ਨਲਵਾ', 'ਹੁਕਮਨਾਮੇ' ਅਤੇ 'ਗੁਰਸੋਭਾ' ਛਪ ਚੁਕੀਆਂ ਹਨ। ਇਹ ਚੌਥੀ ਪੁਸਤਕ ਹੈ। ਇਸ ਨਾਲ ਗੁਰੂ ਗੋਬਿੰਦ ਸਿੰਘ ਦੇ ਜੀਵਨ ਸੰਬੰਧੀ ਬਹੁਤ ਸਾਰੀਆਂ ਧੁੰਦਲੀਆਂ ਘਟਨਾਵਾਂ ਰੋਸ਼ਨ ਹੋ ਜਾਂਦੀਆਂ ਹਨ। ਇਸ ਤਰ੍ਹਾਂ ਇਮ ਪੁਸਤਕ ਦਾ ਛਪ ਜਾਣਾ ਪੰਜਾਬ ਦੇ ਇਤਿਹਾਸ ਦੇ ਮੂਲ ਸੋਮਿਆਂ ਵਿਚ ਇਕ ਨਿੱਗਰ ਵਾਧਾ ਹੈ, ਜਿਵੇਂ ਕਿ ਡਾ. ਫ਼ੌਜਾ ਸਿੰਘ ਨੇ ਇਸ ਪੁਸਤਕ ਲਈ ਲਿਖੀ ਆਪਣੀ ਭੂਮਿਕਾ ਵਿਚ ਦੱਸਿਆ ਹੈ।

ਮੂਲ ਪੁਸਤਕ ਦੀ ਭਾਸ਼ਾ ਬ੍ਰਜੀ ਹੋਣ ਕਾਰਣ ਕਠਿਨ ਸੀ। ਸੋ, ਪਾਠ ਨੂੰ ਥਾਂ ਥਾਂ ਅਰਥ ਅਤੇ ਟਿਪਣੀਆਂ ਦੇ ਕੇ ਸਮਝਣ ਗੋਚਰਾ ਕਰ ਦਿੱਤਾ ਗਇਆ ਹੈ। ਕਈ ਗੱਲਾਂ ਜਿਹੜੀਆਂ ਵਿਆਖਿਆ ਦੀ ਮੰਗ ਕਰਦੀਆਂ ਸਨ, ਪੁਸਤਕ ਦੇ ਪਿੱਛੇ ਅੰਤਿਕਾ ਰੂਪ ਵਿਚ ਦੇ ਦਿੱਤੀਆਂ ਹਨ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ।
੧੦ ਦਸੰਬਰ, ੧੯੬੮

**ਕਿਰਪਾਲ ਸਿੰਘ ਨਾਰੰਗ**
ਵਾਈਸ-ਚਾਂਸਲਰ

# ਭੂਮਿਕਾ

ਹਥਲੀ ਪੁਸਤਕ 'ਗੁਰਬਿਲਾਸ ਪਾਤਸ਼ਾਹੀ ੧੦' ਦਾ ਲੇਖਕ ਇਕ ਸਹਜਧਾਰੀ ਸਿੱਖ ਕੁਇਰ ਸਿੰਘ ਕਲਾਲ ਹੈ। ਉਹ ਕੌਣ ਸੀ, ਕਿਥੇ ਰਹਿੰਦਾ ਸੀ, ਅਤੇ ਕੀ ਕੰਮ ਕਰਦਾ ਸੀ? —ਇਸ ਬਾਰੇ ਸਾਨੂੰ ਇਸ ਕਿਤਾਬ ਵਿਚੋਂ, ਜਾਂ ਹੋਰ ਕਿਤਿਓਂ, ਬਹੁਤ ਹੀ ਘੱਟ ਸੂਚਨਾ ਮਿਲਦੀ ਹੈ। ਕੁਇਰ ਸਿੰਘ ਨੇ ਆਪਣੀ ਬਾਬਤ ਕੇਵਲ ਇਹ ਲਿਖਿਆ ਹੈ:

ਕੁਇਰ ਸਿੰਘ ਕਲਾਲ ਅਤਿ ਜੋਈ। ਰਹੈ ਕੰਬੋਅਨ ਅੰਗਨ ਸੋਈ।
ਨਾਮ ਮਾਤ੍ਰੀ ਸਿੰਘ ਹੋ ਭਾਈ। ਪੂਰਬ ਖੰਡੇ ਪਾਹੁਲ ਨ ਲਈ।
ਜਬ ਨੌਕਰੀ ਤੇ ਭਏ ਬੈਰਾਗੀ। ਸੁਨਤ ਸਾਖੀਅਨ ਮਨ ਅਨੁਰਾਗੀ।
ਮਨੀ ਸਿੰਘ ਏ ਬਚਨ ਅਲਾਏ। ਸੁਨੋ ਖਾਲਸਾ ਜੀ ਚਿਤ ਲਾਏ।
ਇਹ ਧਰਮਗ ਕਥਾ ਮੈ ਭਾਖੀ। ਬਡ ਵਿਸਥਾਰ ਸੂਖਮ ਕਰ ਰਾਖੀ।

[ਅਧਿਆਇ ੨੧, ਪੰਨਾ ੨੭੬]

ਉਹ ਆਪਣੇ ਆਪ ਨੂੰ ਕੰਬੋਆਂ ਦੇ ਮਹੱਲੇ ਦਾ ਰਹਣ ਵਾਲਾ ਦਸਦਾ ਹੈ, ਪਰ ਇਹ ਮਹੱਲਾ ਕਿਥੇ ਸੀ, ਇਸ ਬਾਬਤ ਉਹ ਚੁਪ ਹੈ। ਇਸੇ ਤਰ੍ਹਾਂ, ਉਹ ਨੌਕਰੀ ਦਾ ਜ਼ਿਕਰ ਕਰਦਾ ਹੈ, ਪਰ ਇਹ ਨੌਕਰੀ ਕਿਹੜੀ ਸੀ, ਇਸ ਬਾਰੇ ਉਹ ਕੁਝ ਨਹੀਂ ਦਸਦਾ। ਹਾਂ, ਇੱਨਾ ਜ਼ਰੂਰ ਪਤਾ ਲਗਦਾ ਹੈ ਕਿ ਉਹ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ; ਨੌਕਰੀ ਛਡਣ ਤੋਂ ਪਿਛੋਂ ਉਸ ਨੇ ਬਹੁਤ ਸਾਰਾ ਸਮਾਂ ਭਾਈ ਮਨੀ ਸਿੰਘ ਦੀ ਸੰਗਤ ਵਿਚ ਬਤੀਤ ਕੀਤਾ।

ਇਸ ਪੁਸਤਕ ਦੇ ਅਧਿਆਇ ੫, ਪੰਨਾ ੫੦ ਅਤੇ ਅਧਿਆਇ ੬, ਪੰਨਾ ੮੦ ਤੇ ਲੇਖਕ ਦਾ ਨਾਂ "ਬਿਸ਼ਨ ਹਰਿ" ਵੀ ਦਿੱਤਾ ਹੈ। ਇਸ ਤੋਂ ਪਹਲਾਂ ਅਧਿਆਇ ੩, ਪੰਨਾ ੩੦ ਉਤੇ 'ਸ੍ਰੀ ਕੰਤ ਹਰਿ' ਲਿਖਿਆ ਮਿਲਦਾ ਹੈ। ਜਿਸ ਦਾ ਭਾਵ ਵੀ ਉਹੀ ਹੈ ਜੋ 'ਬਿਸ਼ਨ ਹਰਿ' ਦਾ ਹੈ। ਇਸ ਤੋਂ ਇਹ ਅਨੁਮਾਨ ਲਾਇਆ ਗਇਆ ਹੈ ਕਿ 'ਬਿਸ਼ਨ ਸਿੰਘ' ਕੁਇਰ ਸਿੰਘ ਦਾ ਹੀ ਦੂਜਾ ਨਾਂ ਸੀ ਜੋ ਉਸ ਨੇ ਅੰਮ੍ਰਿਤ ਛਕਣ ਤੋਂ ਪਿਛੋਂ ਧਾਰਣ ਕੀਤਾ। ਹੋ ਸਕਦਾ ਹੈ ਕਿ ਇਹ ਅਨੁਮਾਨ ਠੀਕ ਹੋਵੇ, ਕਿਉਂਕਿ ਅੰਮ੍ਰਿਤ ਛਕਣ ਤੋਂ ਬਾਦ ਨਾਂ ਦੀ ਤਬਦੀਲੀ ਦੀ ਪਰੰਪਰਾ ਸਿੱਖਾਂ ਵਿਚ ਬਹੁਤ ਪੁਰਾਣੀ ਹੈ। ਜਿਥੋਂ ਤੀਕ ਕੁਇਰ ਸਿੰਘ ਦੇ ਅੰਮ੍ਰਿਤ ਛਕਣ ਦਾ ਸਵਾਲ ਹੈ, ਉਸ ਦੇ ਉਕਤ ਕਥਨ ਵਿਚ ਆਏ ਸ਼ਬਦ 'ਪੂਰਬ' ਤੋਂ ਕੁਝ ਸੰਕੇਤ ਮਿਲਦਾ ਹੈ ਕਿ ਉਹ ਮਗਰੋਂ ਭਾਈ ਮਨੀ ਸਿੰਘ ਜਾਂ ਕਿਸੇ ਪ੍ਰੇਮੀ ਸਿੰਘ ਦੇ ਸੰਪਰਕ ਵਿਚ ਆ ਕੇ ਸਿੰਘ ਸਜ ਗਇਆ ਹੋਵੇਗਾ। ਪਰੰਤੂ, ਇਹ ਗੱਲ ਪੱਕੀ ਤਰ੍ਹਾਂ ਨਹੀਂ ਕਹੀ ਜਾ ਸਕਦੀ। ਇਸ ਲਈ, ਇਹ ਸੰਭਾਵਨਾ ਵੀ ਹੋ ਸਕਦੀ ਹੈ ਕਿ 'ਬਿਸ਼ਨ ਹਰਿ' ਕਵੀ ਕੁਇਰ ਸਿੰਘ ਦਾ ਦੂਜਾ ਨਾਂ ਨ ਹੋਵੇ, ਸਗੋਂ ਉਪਨਾਮ ਹੋਵੇ।

ਕੁਇਰ ਸਿੰਘ ਦੇ ਗੁਰਬਿਲਾਸ ਦਾ ਵਧੇਰੇ ਪ੍ਰਸਿੱਧ ਨਾਂ ਬੜੀ ਦੇਰ ਤਕ 'ਭਾਈ ਮਨੀ ਸਿੰਘ ਦਾ ਗੁਰਬਿਲਾਸ' ਰਹਿਆ ਹੈ। ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਨੇ ਇਕ ਥਾਂ ਤੇ ਲਿਖਿਆ ਹੈ :

ਸਨਾ ਸਿੰਘ ਕਹੀ ਗੁਰ ਸੋਭਾ, ਸਤ੍ਹਾ ਸਹਸ ਅਠਸਠ ਨਿਜ ਓਭਾ
ਮਨੀ ਸਿੰਘ ਹੂੰ ਗ੍ਰੰਥ ਬਨਾਯੋ। ਗੁਰ ਬਿਲਾਸ ਅਤਿ ਅਨੂਪਮ ਗਾਯੋ।

[*ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼*, ਪੰਨਾ ੭੧੩]

ਮਨੀ ਸਿੰਘ ਦੇ ਨਾਂ ਤੇ ਚਲਣ ਦਾ ਭੁਲੇਖਾ, ਹੋ ਸਕਦਾ ਹੈ, ਇਸ ਕਾਰਨ ਪੈ ਗਇਆ ਹੋਵੇ ਕਿ ਇਸ ਵਿਚ ਭਾਈ ਮਨੀ ਸਿੰਘ ਦਾ ਨਾਂ ਕਈ ਥਾਈਂ ਆਉਂਦਾ ਹੈ। ਇਸ ਦਾ ਆਖ਼ਰੀ ਸਿਰਲੇਖ ਪੰਨਾ ੨੭੭ "ਇਤਿ ਸ੍ਰੀ ਗੁਰਬਿਲਾਸ ਸ੍ਰੀ ਮਨੀ ਸਿੰਘ ਮਤ ਵਖਜਾਨ ਬਰਨਨੰ" ਇਸ ਭੁਲੇਖੇ ਨੂੰ ਹੋਰ ਵੀ ਪੱਕਿਆਂ ਕਰਦਾ ਹੈ। ਪਰੰਤੂ, ਇਸ ਦਾ ਇਹ ਮਤਲਬ ਨਹੀਂ ਕਿ ਇਸ ਗ੍ਰੰਥ ਦਾ ਲੇਖਕ ਭਾਈ ਮਨੀ ਸਿੰਘ ਸੀ, ਕਿਉਂਕਿ ਜੇ ਇਸ ਨੂੰ ਗਹੁ ਨਾਲ ਪੜ੍ਹਿਆ ਜਾਏ, ਤਾਂ ਇਸ ਦੇ ਅਸਲੀ ਕਰਤਾ ਸੰਬੰਧੀ ਕੋਈ ਸ਼ਕ ਬਾਕੀ ਨਹੀਂ ਰਹੰਦਾ।

ਗੁਰ ਸੋਭਾ ਦੇ ਕਰਤਾ ਸੈਨਾਪਤਿ ਵਾਂਗ ਕੁਇਰ ਸਿੰਘ ਦੇ ਦਿਲ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਪ੍ਰਤਿ ਅਥਾਹ ਸ਼ਰਧਾ ਹੈ। ਉਹ ਉਨ੍ਹਾਂ ਲਈ ਆਮ ਤੌਰ ਤੇ ਇਹ ਸ਼ਬਦ ਵਰਤਦਾ ਹੈ : ਪ੍ਰਭੂ, ਕਰਤਾਰ, ਕਰਣਾਸਿੰਧੁ, ਦਯਾਨਿਧਿ, ਕ੍ਰਿਪਾਸਿੰਧੁ ਆਦਿ। ਅਧਿਆਇ ੨੦ ਦੇ ਪੰਨਾ ੨੩੪ ਤੇ ਉਹ ਇਉਂ ਲਿਖਦਾ ਹੈ :

ਚਲੇ ਜਾਤ ਪ੍ਰਭੁ ਕਰੁਨਾ ਕੰਦਾ, ਜੈਸੋ ਭਾਵ ਤੈਸ ਹੀ ਰੰਗਾ।
ਤੁਰਕਨ ਧਰਮ ਰਾਜ ਦ੍ਰਿਸ਼ਟਾਹੀ, ਸਖੀਅਨ ਕਾਮ ਰੂਪ ਅਵਿਗਾਹੀ।
ਸੂਰਨ ਕੋ ਸੂਰਾ ਵਰੀਆਮਾ, ਗਜਾਨਨ ਕੋ ਗਜਾਨੀ ਸੁਖਧਾਮਾ।
ਬਡੇ ਭਾਗ ਤਿੰਨ ਯੋ ਉਚਰਾਹੀ, ਅੰਗਨ ਮੈ ਸਤਿਗੁਰੂ ਦਰਸਾਹੀ।
ਜਿਨਿ ਮੇਰੋ ਸਤਿਗੁਰੂ ਕਰਤਾਰਾ, ਏਕ ਬਾਰ ਭਰ ਨੈਨ ਨਿਹਾਰਾ।
ਜਨਮ ਮਰਨ ਕੀ ਚਿੰਤਾ ਗਈ, ਈਤ ਊਤ ਕੀ ਸੋਝੀ ਪਈ।

੨

ਇਹ ਗੁਰ ਬਿਲਾਸ ਅਸੂ ਸੁਦੀ ੧੧, ਸੰਮਤ ੧੮੦੮ ਬਿ. ਮੁਤਾਬਕ ੧੭੫੧ ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਲਗਪਗ ੪੩ ਵਰ੍ਹੇ ਬਾਦ ਲਿਖਿਆ ਗਇਆ। ਇਸ ਤੋਂ ਪਹਲਾਂ ਕੋਈ ਰਚਨਾ ਵੀ ਅਜੇਹੀ ਨਹੀਂ ਜਿਸ ਵਿਚ ਗੁਰੂ ਜੀ ਸੰਬੰਧੀ ਵੇਰਵੇ ਸਹਿਤ ਇੱਨਾ ਸਮਾਚਾਰ ਦਿੱਤਾ ਹੋਇਆ ਹੋਵੇ। ਗੁਰੂ ਸਾਹਿਬ ਦੀ ਆਪਣੀ ਕ੍ਰਿਤ 'ਬਚਿਤ੍ਰ ਨਾਟਕ' ਵਿਚ ਜੋ ਵੇਰਵਾ ਮਿਲਦਾ ਹੈ, ਉਸ ਦਾ ਇਕ ਭਾਗ ਤਾਂ ਸੋਢੀਆਂ ਦੇ ਪੁਰਾਣੇ ਇਤਿਹਾਸ ਨਾਲ ਸੰਬੰਧਿਤ ਹੈ; ਅਤੇ ਦੂਜਾ, ਗੁਰੂ ਸਾਹਿਬ ਦੀਆਂ ਮੁਢਲੀਆਂ ਕੁਝ ਲੜਾਈਆਂ ਤਕ ਸੀਮਿਤ ਹੈ। ਇਨ੍ਹਾਂ ਲੜਾਈਆਂ ਦੇ ਕੀ ਕਾਰਨ ਤੇ ਪ੍ਰਭਾਵ ਸਨ, ਇਸ ਸੰਬੰਧੀ ਉਨ੍ਹਾਂ ਦੇ ਵਰਣਨ ਪਿਛੋਂ ਕੋਈ ਸੂਚਨਾ ਨਹੀਂ ਮਿਲਦੀ। ਚੂੰਕਿ ਇਨ੍ਹਾਂ ਨੂੰ ਬਿਆਨਣ ਵਿਚ ਗੁਰੂ ਸਾਹਿਬ ਦਾ ਮੁਖ ਉੱਦੇਸ਼ ਬੀਰ ਰਸ ਪੈਦਾ ਕਰਨਾ ਸੀ, ਇਸ ਲਈ ਉਨ੍ਹਾਂ ਦੀ ਵਾਸਤਵਿਕ ਵਿਆਖਿਆ ਦਾ ਪੱਖ ਇੱਨਾ ਉਘੜ ਨਹੀਂ ਸਕਿਆ। ਅਣੀ ਰਾਇ ਦੀ ਰਚਨਾ, "ਜੰਗਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ" ਵਿਚ ਵੀ ਵਿਆਖਿਆ ਉਤੇ ਇੱਨਾ ਜ਼ੋਰ ਨਹੀਂ, ਜਿੱਨਾ ਜੰਗ ਦੇ ਜੋਸ਼ੀਲੇ ਵਰਣਨ ਉਤੇ ਹੈ। ਸੈਨਾਪਤਿ ਦੀ ਪੁਸਤਕ "ਗੁਰਸੋਭਾ" ਵਿਚ ਲੜਾਈਆਂ ਤੋਂ ਇਲਾਵਾ ਕੁਝ ਘਟਨਾਵਾਂ ਵੀ ਦਿੱਤੀਆਂ ਹੋਈਆਂ ਹਨ, ਪਰ ਇਹ ਕੰਮ ਇਸ ਢੰਗ ਨਾਲ ਕੀਤਾ

ਗਇਆ ਹੈ ਕਿ ਹਰ ਇਕ ਘਟਨਾ ਬਿਲਕੁਲ ਅੱਡ ਭਾਸਦੀ ਹੈ ਅਤੇ ਉਨ੍ਹਾਂ ਦੇ ਪਰਸਪਰ ਸੰਬੰਧਾਂ ਬਾਰੇ ਕੋਈ ਚਾਨਣਾ ਨਹੀਂ ਪੈਂਦਾ। ਇਥੋਂ ਗੁਰੂ ਸਾਹਿਬ ਦੇ ਜੀਵਨ ਬਾਰੇ ਸੂਚਨਾ ਤਾਂ ਚੋਖੀ ਮਿਲ ਜਾਂਦੀ ਹੈ, ਪਰ ਉਸ ਨੂੰ ਸਮਝਣ ਵਿਚ ਕੋਈ ਖ਼ਾਸ ਸਹਾਇਤਾ ਨਹੀਂ ਮਿਲਦੀ। ਕੁਇਰ ਸਿੰਘ ਦੇ ਗੁਰਬਿਲਾਸ ਦੀ ਮਹੱਤਾ ਇਸ ਕਰਕੇ ਹੈ ਕਿ ਇਸ ਵਿਚ ਗੁਰੂ ਸਾਹਿਬ ਦੇ ਸਮੁੱਚੇ ਜੀਵਨ ਦੀ ਇਕ ਸੁੰਦਰ ਤਸਵੀਰ ਪੇਸ਼ ਕੀਤੀ ਗਈ ਹੈ। ਇਹ ਪੁਸਤਕ 'ਬਚਿਤ੍ਰ ਨਾਟਕ', 'ਗੁਰ ਸੋਭਾ' ਜਾਂ 'ਜੰਗਨਾਮੇ' ਵਾਂਗ ਅਧੂਰੀ ਨਹੀਂ, ਸਗੋਂ ਗੁਰੂ ਜੀ ਦੇ ਜੀਵਨ-ਕਾਲ ਦਾ ਆਦਿ ਤੋਂ ਅੰਤ ਤੀਕ ਵਿਆਖਿਆ ਸਹਿਤ ਵਰਣਨ ਕਰਦੀ ਹੈ।

ਕੁਇਰ ਸਿੰਘ ਦੀ ਰਚਨਾ ਦੀ ਪ੍ਰਮਾਣਕਤਾ ਇਸ ਦੀ ਮਹੱਤਾ ਨੂੰ ਹੋਰ ਵੀ ਉੱਚਿਆਂ ਕਰਦੀ ਹੈ। ਇਸ ਦਾ ਮੂਲ ਆਧਾਰ ਭਾਈ ਮਨੀ ਸਿੰਘ ਦੇ ਵਿਆਖਿਆਨ ਹਨ ਜੋ ਕੁਇਰ ਸਿੰਘ ਸਮੇਂ ਸਮੇਂ ਸੁਣਦਾ ਰਹਿਆ। ਇਸ ਤੋਂ ਇਲਾਵਾ, ਇਹ ਪੱਕੀ ਗੱਲ ਜਾਪਦੀ ਹੈ ਕਿ ਉਹ ਭਾਈ ਸਾਹਿਬ ਕੋਲ ਅਕਸਰ ਜਾਂਦਾ ਤੇ ਗੁਰੂ ਸਾਹਿਬ ਦੇ ਜੀਵਨ ਸੰਬੰਧੀ ਉਨਾਂ ਨਾਲ ਚਰਚਾ ਕਰਦਾ ਰਹਿੰਦਾ ਸੀ। ਭਾਈ ਮਨੀ ਸਿੰਘ ਦਾ ਜਨਮ ੧੬੪੪ ਈ. ਵਿਚ ਹੋਇਆ ਸੀ ਅਤੇ ੧੬੫੭ ਈ. ਤੋਂ ਉਨ੍ਹਾਂ ਦਾ ਗੁਰੂ ਘਰ ਨਾਲ ਸੰਬੰਧ ਜੁੜਿਆ। ਭਾਈ ਮਨੀ ਸਿੰਘ ਨੇ ਸੱਤਵੇਂ, ਅੱਠਵੇਂ ਤੇ ਨੌਵੇਂ ਗੁਰੂ ਜੀ ਦੇ ਦਰਸ਼ਨ ਕੀਤੇ ਸਨ ਅਤੇ ਕੁਝ ਸਮਾਂ ਉਨ੍ਹਾਂ ਦੇ ਦਰਬਾਰ ਵਿਚ ਵੀ ਗੁਜ਼ਾਰਿਆ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਤੇ ਸੰਗਤ ਵਿਚ ਸ਼ੁਰੂ ਤੋਂ ਹੀ ਆ ਗਏ ਸਨ। ਜਦੋਂ ਗੁਰੂ ਸਾਹਿਬ ਮਾਖੋਵਾਲ ਤੋਂ ਪਾਉਂਟੇ ਗਏ, ਭਾਈ ਮਨੀ ਸਿੰਘ ਉਨ੍ਹਾਂ ਦੇ ਨਾਲ ਸਨ। ਭੰਗਾਣੀ ਤੇ ਨਾਦੌਣ ਦੀਆਂ ਲੜਾਈਆਂ ਵਿਚ ਵੀ ਮਨੀ ਸਿੰਘ ਨੇ ਗੁਰੂ ਜੀ ਦੇ ਨਾਲ ਰਹ ਕੇ ਲੜਾਈ ਵਿਚ ਭਾਗ ਲਇਆ। ੧੬੯੧ ਈ. ਵਿਚ ਮਨੀ ਸਿੰਘ ਨੂੰ ਗੁਰੂ ਜੀ ਨੇ ਦੀਵਾਨ ਸਥਾਪਿਤ ਕਰ ਦਿੱਤਾ। ੧੬੯੫ ਈ. ਦੀ ਵਿਸਾਖੀ ਨੂੰ ਭਾਈ ਮਨੀ ਸਿੰਘ ਆਪਣੇ ਪੁੱਤਰਾਂ ਸਮੇਤ ਅੰਮ੍ਰਿਤ ਛਕ ਕੇ ਸਿੰਘ ਸਜੇ। ੧੬੯੯ ਈ. ਦੀ ਵਿਸਾਖੀ ਨੂੰ ਉਹ ਅਮ੍ਰਿਤਸਰ ਦੇ ਗ੍ਰੰਥੀ ਥਾਪੇ ਗਏ ਤੇ ਅੰਮ੍ਰਿਤਸਰ ਚਲੇ ਗਏ। ਉਥੋਂ ਉਹ ਕਈ ਵਾਰ ਸੰਗਤਾਂ ਸਮੇਤ ਗੁਰੂ ਜੀ ਦੇ ਦਰਸ਼ਨ ਨੂੰ ਆਨੰਦਪੁਰ ਆਏ। ਜਦੋਂ ਗੁਰੂ ਸਾਹਿਬ ਤਲਵੰਡੀ ਸਾਬੋ ਕੀ ਠਹਰੇ ਹੋਏ ਸਨ, ਭਾਈ ਮਨੀ ਸਿੰਘ ਉਨ੍ਹਾਂ ਦੇ ਨਾਲ ਸਨ। ਰਵਾਇਤ ਅਨੁਸਾਰ ਉਥੇ ਉਨ੍ਹਾਂ ਨੇ ਗੁਰੂ ਜੀ ਦੀ ਦਮਦਮੀ ਬੀੜ ਤਿਆਰ ਕਰਨ ਵਿਚ ਸਹਾਇਤਾ ਕੀਤੀ। ਉਸ ਤੋਂ ਬਾਦ ਜਦੋਂ ਗੁਰੂ ਸਾਹਿਬ ਦੱਖਣ ਨੂੰ ਚੱਲੇ, ਭਾਈ ਸਾਹਿਬ ਉਨ੍ਹਾਂ ਨਾਲ ਬਘੌਰ ਤੀਕ ਗਏ। ਜਦੋਂ ਗੁਰੂ ਜੀ ਦਿੱਲੀ ਨੂੰ ਪਰਤੇ, ਇਹ ਗੁਰੂ ਜੀ ਦੇ ਹੁਕਮ ਅਨੁਸਾਰ ਅੰਮ੍ਰਿਤਸਰ ਚਲੇ ਗਏ। ਉਹ ਅੰਮ੍ਰਿਤਸਰ ਹੀ ਸਨ ਜਦੋਂ ਉਨ੍ਹਾਂ ਨੂੰ ਗੁਰੂ ਜੀ ਦੇ ਨੰਦੇੜ ਵਿਖੇ ਜੋਤੀ ਜੋਤ ਸਮਾਉਣ ਦੀ ਖ਼ਬਰ ਪੁੱਜੀ। ਸੰਖੇਪ ਜੇਹੇ ਉਕਤ ਵੇਰਵੇ ਤੋਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਕਿੰਨੇ ਨਿਕਟਵਰਤੀ ਸਨ। ਉਨ੍ਹਾਂ ਨੇ ਗੁਰੂ ਸਾਹਿਬ ਦੀਆਂ ਜੀਵਨ-ਘਟਨਾਵਾਂ ਨੂੰ ਬੜੇ ਨੇੜੇ ਰਹ ਕੇ ਵੇਖਿਆ ਸੀ। ਇਸ ਲਈ ਉਨ੍ਹਾਂ ਦੀਆਂ ਲਿਖਤਾਂ ਤੇ ਉਨ੍ਹਾਂ ਦੇ ਵਿਆਖਿਆਨਾਂ ਵਿਚ ਨਿਜੀ ਤਜਰਬਾ ਤੇ ਪ੍ਰਮਾਣਕ ਇਤਿਹਾਸਕ ਗਵਾਹੀ ਵਰਗੇ ਠੋਸ ਤੱਤ ਮੌਜੂਦ ਸਨ। ਕੁਇਰ ਸਿੰਘ ਨੇ ਇਨ੍ਹਾਂ ਠੋਸ ਤੱਤਾਂ ਨੂੰ ਹੀ ਆਪਣੀ ਰਚਨਾ ਦਾ ਆਧਾਰ ਬਣਾਇਆ ਹੈ।

ਭਾਵੇਂ ਕੁਇਰ ਸਿੰਘ ਨੇ ਕਈ ਵਾਰ ਸਪਸ਼ਟ ਸ਼ਬਦਾਂ ਵਿਚ ਕਹਿਆ ਹੈ ਕਿ ਉਸ ਦੀ ਕ੍ਰਿਤ ਭਾਈ ਮਨੀ ਸਿੰਘ ਦੇ ਵਿਆਖਿਆਨਾਂ ਦਾ ਕੇਵਲ ਸਾਰੰਸ਼ ਹੀ ਹੈ, ਤਾਂ ਵੀ ਅੰਦਰਲੀ ਗਵਾਹੀ ਤੋਂ ਸਿੱਧ ਹੁੰਦਾ ਹੈ ਕਿ ਉਸ ਦੇ ਪਾਸ ਲਿਖਣ ਸਮੇਂ ਕਈ ਹੋਰ ਵੀ ਗ੍ਰੰਥ ਮੌਜੂਦ ਸਨ, ਜਿਨ੍ਹਾਂ ਵਿਚੋਂ 'ਗੁਰ ਸੋਭਾ' ਤੇ 'ਬਚਿਤ੍ਰ ਨਾਟਕ' ਪ੍ਰਮੁਖ ਹਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ ਤੋਂ ਦੱਖਣ ਨੂੰ ਰਵਾਨਾ ਹੋਏ, ਉਸ ਵੇਲੇ ਉਨ੍ਹਾਂ ਦੀ ਜੋ ਚੜ੍ਹਤ ਜਾਂ ਛੱਬ ਸੀ, ਉਸ ਨੂੰ ਸੈਨਾਪਤਿ ਤੇ ਕੁਇਰ ਸਿੰਘ ਨੇ

ਲਗ ਪਗ ਮਿਲਦੇ ਜੁਲਦੇ ਸ਼ਬਦਾਂ ਵਿਚ ਬਿਆਨ ਕੀਤਾ ਹੈ :

ਸੀਸ ਪੈ ਤਾਜ ਲੈ ਸੋਨ ਕਲਗੀ ਧਰੀ ਲਾਲ ਹੀਰੇ ਜਰੀ ਜਗਮਗਾਵੈ।
ਹੀਰੇ ਪੰਨਾ ਖਰੇ ਔਰ ਮੋਤੀ ਜਰੇ ਝਲਕ ਸੋਭ ਤਾ ਕੀ ਸੁਹਾਵੈ।
ਝੇਕ ਐਸੇ ਲਸੈ ਜੋਤ ਫੁੰਦਨ ਦਿਸੈ ਸੋਭ ਆਪਾਰ ਨਹੀਂ ਬਰਨਿ ਆਵੈ।
ਪ੍ਰਗਟਿ ਪ੍ਰਚੰਡਿ ਤ੍ਰਈਲੋਕ ਸੋਭਾ ਕਰੈ ਪੇਖੇ ਤਿਹ ਸੰਤ ਸੁਖ ਸਰਬ ਪਾਵੈ।

[*ਸ੍ਰੀ ਗੁਰ ਸੋਭਾ*, ਅਧਿਆਇ ੧੪, ਪੰਨਾ ੯੬]

ਸੀਸ ਪੈ ਤਾ ਜਿਗੈ ਸੋਨ ਕਲਗੀ ਧਰੀ, ਲਾਲ ਹੀਰੇ ਜਰੀ ਜਗ ਮਗਾਵੈ।
ਸਬਜ ਪੰਨਾ ਖਚੈ ਗੁਲਕ ਸੋਭਤ ਸੁਚੈ, ਝਲਕ ਅਨੂਪ ਕਵਿ ਕੌਨ ਗਾਵੈ।
ਤਰਲ ਹੁ ਤਰਗ ਜਜੋਂ ਅਭ੍ਰ ਮੈ ਬਿਜੁਲੀ, ਤਿਵੈਂ ਹੀ ਚੀਰ ਅਨੂਪ ਭਾਵੈ।
ਸੋਢਿ ਬਰ ਬੰਸ ਅਵਤੰਸ ਕੁਲ ਹੰਸ ਕੇ, ਜਾਹਿ ਕੋ ਦੇਖ ਅਘ ਗਨ ਨਸਾਵੈ।

[*ਗੁਰਬਿਲਾਸ, ਪਾਤਸ਼ਾਹੀ* ੧੦, ਅਧਿਆਇ ੧੮, ਪੰਨਾ ੨੧੫]

ਜਦੋਂ ਗੁਰੂ ਸਾਹਿਬ ਰਾਜਪੂਤਾਨੇ ਵਿਚ ਗਏ, ਉਨ੍ਹਾਂ ਨੂੰ ਕਈ ਰਾਜਪੂਤ ਰਾਜੇ ਆ ਕੇ ਮਿਲਦੇ ਸਨ। ਇਸ ਬਾਰੇ ਕੁਇਰ ਸਿੰਘ ਨੇ ਲਗਪਗ ਸੈਨਾਪਤਿ ਦੀ ਪੰਗਤੀ ਹੀ ਦੇ ਦਿੱਤੀ ਹੈ:

ਕਰਤ ਕੂਚ ਆਏ ਤਹਾਂ ਰਾਜਪੂਤਨ ਕੇ ਦੇਸ।
ਆਨ ਆਨ ਰਾਜਾ ਮਿਲੇ ਜੋਧਾ ਬਡੇ ਨਰੇਸ।

[*ਸ੍ਰੀ ਗੁਰ ਸੋਭਾ*, ਅਧਿਆਇ ੧੪, ਪੰਨਾ ੯੭]

ਕਰਤ ਚਰਿਤ ਪੁਨਿ ਤਹਿ ਅਏ, ਜੋ ਰਜਪੂਤਨ ਦੇਸ।
ਆਨ ਆਨ ਰਾਜਾ ਮਿਲੈ, ਜੋਧੇ ਬਡੇ ਨਰੇਸ।

[*ਗੁਰਬਿਲਾਸ ਪਾਤਸ਼ਾਹੀ* ੧੦, ਅਧਿਆਇ ੧੮, ਪੰਨਾ ੨੧੮]

ਉਕਤ ਉਦਾਹਰਣਾਂ ਤੋਂ ਸਾਬਿਤ ਹੁੰਦਾ ਹੈ ਕਿ ਗੁਰਬਿਲਾਸ ਪਾਤਸ਼ਾਹੀ ੧੦ ਦੇ ਕਰਤਾ ਨੇ ਕੇਵਲ ਭਾਈ ਮਨੀ ਸਿੰਘ ਦੇ ਜ਼ਬਾਨੀ ਭਾਸ਼ਣਾਂ ਉਤੇ ਹੀ ਨਿਰਭਰਤਾ ਨਹੀਂ ਰਖੀ, ਸਗੋਂ ਉਸ ਨੇ ਚੋਖੀ ਮਿਹਨਤ ਕਰ ਕੇ ਗੁਰੂ ਸਾਹਿਬ ਦੇ ਜੀਵਨ ਸੰਬੰਧੀ ਜੋ ਗ੍ਰੰਥ ਪਹਲਾਂ ਲਿਖੇ ਜਾ ਚੁਕੇ ਸਨ, ਉਨ੍ਹਾਂ ਨੂੰ ਵੀ ਚੰਗੀ ਤਰ੍ਹਾਂ ਵਾਚਿਆ ਤੇ ਘੋਖਿਆ ਅਤੇ ਜੋ ਲਾਭ ਉਠਾਇਆ ਜਾ ਸਕਦਾ ਸੀ, ਉਨ੍ਹਾਂ ਤੋਂ ਉਠਾਇਆ। ਇਸ ਕਾਰਣ ਕੁਇਰ ਸਿੰਘ ਦੀ ਕ੍ਰਿਤ ਦੀ ਮਹੱਤਾ ਹੋਰ ਵੀ ਜ਼ਿਆਦਾ ਹੋ ਜਾਂਦੀ ਹੈ।

ਇਹ ਮਹੱਤਾ ਦਾ ਕੁਝ ਅਨੁਮਾਨ ਇਸ ਪੁਸਤਕ ਦੀਆਂ ਇਨ੍ਹਾਂ ਵਿਸ਼ੇਸ਼ ਦੇਣਾ ਤੋਂ ਲਾਇਆ ਜਾ ਸਕਦਾ ਹੈ :

੧. ਕੁਇਰ ਸਿੰਘ ਦੇ ਗੁਰਬਿਲਾਸ ਤੋਂ ਪਹਲਾ ਦੀ ਹੁਣ ਤਕ ਲੱਭੀ ਕਿਸੇ ਲਿਖਤ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ-ਪੂਰਵ ਕਾਲ ਦਾ ਵੇਰਵੇ ਸਹਿਤ ਹਾਲ ਨਹੀਂ ਮਿਲਦਾ। 'ਗੁਰ ਸੋਭਾ', 'ਬਚਿਤ੍ਰ ਨਾਟਕ' ਤੇ 'ਕੁਲਿਆਤਿ ਭਾਈ ਨੰਦ ਲਾਲ' ਇਸ ਸੰਬੰਧ ਵਿਚ ਸਮਕਾਲੀ ਲਿਖਤਾਂ ਵਿਚੋਂ ਪ੍ਰਮੁੱਖ ਹਨ। 'ਗੁਰ ਸੋਭਾ' ਵਿਚ ਗੁਰੂ ਜੀ ਦੇ ਪਾਉਂਟੇ ਰਵਾਨਾ ਹੋਣ ਤੋਂ ਪਹਲਾਂ ਦੇ ਜੀਵਨ ਬਾਰੇ ਕੇਵਲ ਇੰਨਾ ਲਿਖਿਆ ਹੈ :

ਦੋਹਰਾ

ਮਾਖੋਵਾਲ ਸੁਹਾਵਨਾ ਸਤਿਗੁਰ ਕੋ ਅਸਥਾਨ।
ਲੀਲਾ ਅਨਕ ਅਨੇਕ ਬਿਧਿ ਕਉਤਕ ਕਰਤ ਬਿਹਾਨ।

ਚੌਪਈ

ਕੇਤਕ ਬਰਸ ਭਾਂਤਿ ਇਹ ਭਏ। ਦੇਸ ਪਾਂਵਟੇ ਸਤਿਗੁਰ ਗਏ।

[*ਸ੍ਰੀ ਗੁਰ ਸੋਭਾ*, ਪੰਨਾ ੮]

'ਬਚਿਤ੍ਰ ਨਾਟਕ' ਵਿਚ ਇਸ ਨਾਲੋਂ ਥੋੜਾ ਜਿੰਨਾ ਜ਼ਿਆਦਾ ਹਾਲ ਹੈ, ਪਰੰਤੂ ਉਸ ਤੋਂ ਵੀ ਕੇਵਲ ਕੁਝ ਸੰਕੇਤ ਹੀ ਮਿਲਦੇ ਹਨ, ਜਿਵੇਂ ਕਿ (ੳ) ਗੁਰੂ ਸਾਹਿਬ ਦਾ ਜਨਮ ਪਟਨਾ ਵਿਖੇ ਹੋਇਆ; (ਅ) ਉਨ੍ਹਾਂ ਦੇ ਜਨਮ ਸਮੇਂ ਉਨ੍ਹਾਂ ਦੇ ਪਿਤਾ ਜੀ ਪੂਰਬ ਦੇ ਤੀਰਥਾਂ ਦੀ ਸੈਰ ਕਰ ਰਹੇ ਸਨ; (ੲ) ਫਿਰ ਉਨ੍ਹਾਂ ਦੇ ਪਿਤਾ ਜੀ ਉਨ੍ਹਾਂ ਨੂੰ ਮਦ੍ਰ ਦੇਸ ਲੈ ਆਏ ਅਤੇ ਇਥੇ ਉਨ੍ਹਾਂ ਦੇ ਪਾਲਣ-ਪੋਸਣ ਤੇ ਸਿਕ੍ਸ਼ਾ ਵਾਸਤੇ ਭਾਂਤ ਭਾਂਤ ਦੇ ਪ੍ਰਬੰਧ ਕੀਤੇ ਗਏ; (ਸ) ਜਦੋਂ ਉਹ ਧਰਮ-ਕਰਮ ਵਿਚ ਆਏ, ਤਾਂ ਉਨ੍ਹਾਂ ਦੇ ਪਿਤਾ ਸੁਰਗਵਾਸ ਹੋ ਗਏ; (ਹ) ਜਦੋਂ ਉਹ ਗੁਰ-ਗੱਦੀ ਤੇ ਬੈਠੇ, ਉਨ੍ਹਾਂ ਨੇ 'ਜਥਾ ਸਕਤ' ਧਰਮ ਦਾ ਪ੍ਰਚਾਰ ਕੀਤਾ; (ਕ) ਇਸ ਸਮੇਂ ਉਨ੍ਹਾਂ ਨੇ ਭਾਂਤ ਭਾਂਤ ਦੇ ਬਨਾ ਵਿਚ ਜਾ ਕੇ ਸ਼ਿਕਾਰ ਖੇਡਿਆ ਅਤੇ ਕਈ ਵਡੇ ਵਡੇ ਜਾਨਵਰ ਮਾਰੇ; (ਖ) ਉਸ ਤੋਂ ਬਾਦ ਉਹ ਪਾਂਵਟੇ ਸ਼ਹਰ ਚਲੇ ਗਏ।

ਇਸ ਤੋਂ ਇਨਕਾਰ ਨਹੀਂ ਹੋ ਸਕਦਾ। ਕਿ ਇਹ ਥੋੜ੍ਹੇ ਜਿੰਨੇ ਸੰਕੇਤ ਵੀ ਅਤਿ ਮਹੱਤ੍ਵਪੂਰਣ ਹਨ, ਪਰ ਇਹ ਆਪਣੇ ਆਪ ਵਿਚ ਕਾਫ਼ੀ ਨਹੀਂ ਹਨ। ਗੁਰੂ ਸਾਹਿਬ ਦਾ ਜਨਮ ਕਦੋਂ ਹੋਇਆ, ਉਹ ਪਟਨੇ ਵਿਖੇ ਕਿੰਨਾ ਚਿਰ ਠਹਰੇ, ਉਥੇ ਉਨ੍ਹਾਂ ਦਾ ਜੀਵਨ ਕਿਵੇਂ ਬੀਤਿਆ, ਉਥੋਂ ਉਹ ਕਦੋਂ ਪੰਜਾਬ ਨੂੰ ਤੁਰੇ ਅਤੇ ਰਾਹ ਵਿਚ ਕਿਥੋਂ ਕਿਥੋਂ ਦੀ ਲੰਘੇ ਅਤੇ ਕਿਨ੍ਹੂੰ ਕਿਨ੍ਹੂੰ ਮਿਲੇ, ਮਾਖੋਵਾਲ ਕਦੋਂ ਪੁੱਜੇ, ਉਨ੍ਹਾਂ ਦੇ ਪਿਤਾ ਦੀ ਸ਼ਹੀਦੀ ਕਿਉਂ ਤੇ ਕਿਨ੍ਹਾਂ ਹਾਲਤਾਂ ਵਿਚ ਹੋਈ, ਮਾਖੋਵਾਲ ਵਿਚ ਉਨ੍ਹਾਂ ਦੀ ਸ਼ਿਕ੍ਸ਼ਾ ਦਾ ਕੀ ਪ੍ਰਬੰਧ ਸੀ, ਗੁਰ-ਗੱਦੀ ਤੇ ਬੈਠਣ ਤੋਂ ਬਾਦ ਉਨ੍ਹਾਂ ਨੇ ਕਿਹੜੇ ਪ੍ਰੋਗ੍ਰਾਮ ਅਨੁਸਾਰ ਕੰਮ ਕੀਤਾ ਅਤੇ ਉਨ੍ਹਾਂ ਨੂੰ ਆਪਣਾ ਸਥਾਨ ਛੱਡ ਕੇ ਪਾਉਂਟੇ ਕਿਉਂ ਜਾਣਾ ਪਇਆ?—ਇਨ੍ਹਾਂ ਅਤੇ ਹੋਰ ਕਈ ਪ੍ਰਸ਼ਨਾਂ ਦਾ ਉੱਤਰ 'ਬਚਿਤ੍ਰ ਨਾਟਕ' ਵਿਚ ਦਿੱਤੇ ਸਮਾਚਾਰ ਤੋਂ ਨਹੀਂ ਮਿਲਦਾ।

ਭਾਈ ਨੰਦ ਲਾਲ ਦੀ ਰਚਨਾ ਵਿਚ ਗੁਰੂ ਸਾਹਿਬ ਦੇ ਜੀਵਨ ਬਾਰੇ ਬਿਲਕੁਲ ਹੀ ਕੁਝ ਨਹੀ ਕਹਿਆ ਗਇਆ। ਉਨ੍ਹਾਂ ਦੀ ਸਾਰੀ ਕ੍ਰਿਤ ਗੁਰੂ ਸਾਹਿਬ ਦੀ ਮਹਿਮਾ ਨਾਲ ਭਰੀ ਹੋਈ ਹੈ। ਇਸ ਵਿਚੋਂ ਗੁਰੂ ਜੀ ਦੀ ਸ਼ਖ਼ਸੀਅਤ ਅਤੇ ਪ੍ਰਤਿਭਾ ਬਾਰੇ ਤਾਂ ਬਹੁਤ ਕੁਝ ਮਿਲ ਜਾਂਦਾ ਹੈ, ਪਰ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਬਾਬਤ ਉੱਕਾ ਹੀ ਕੁਝ ਨਹੀਂ ਮਿਲਦਾ।

ਕੁਇਰ ਸਿੰਘ ਦਾ ਗੁਰਬਿਲਾਸ, ਸਮੇਂ ਦੇ ਲਿਹਾਜ਼ ਨਾਲ, ਪਹਲੀ ਪੁਸਤਕ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਮੁਢਲੇ ਜੀਵਨ ਦਾ ਤਸੱਲੀਬਖ਼ਸ਼ ਵੇਰਵਾ ਮਿਲਦਾ ਹੈ। ਹੋਰ ਪੁਸਤਕਾਂ, ਜਿਨ੍ਹਾਂ ਵਿਚ ਇਸ ਕਿਸਮ ਦਾ ਵੇਰਵਾ ਦਿੱਤਾ ਹੈ, ਸਭ ਮਗਰੋਂ ਦੀਆਂ ਕ੍ਰਿਤੀਆਂ ਹਨ। ਉਦਾਹਰਣ ਵਜੋਂ, ਭਾਈ ਸੁੱਖਾ ਸਿੰਘ ਦਾ ਗੁਰਬਿਲਾਸ, ਜਿਸ ਦੇ ਲਿਖੇ ਜਾਣ ਦੀ ਤਾਰੀਖ ਸੰਮਤ ੧੮੫੪ ਬਿ. (੧੭੯੭ ਈ.) ਹੈ, ਲਗਪਗ ਸਾਰੀਆਂ ਉੱਘੀਆਂ ਘਟਨਾਵਾਂ ਦੀ ਵਿਆਖਿਆ ਵਿਚ ਕੁਇਰ ਸਿੰਘ ਦੇ ਗੁਰਬਿਲਾਸ ਨਾਲ ਮਿਲਦਾ ਜੁਲਦਾ ਹੈ।

੨. ਗੁਰੂ ਗੋਬਿੰਦ ਸਿੰਘ ਜੀ ਦੇ ਮਾਖੋਵਾਲ ਛੱਡ ਕੇ ਨਾਹਨ ਦੀ ਰਿਆਸਤ ਵਿਚ ਜਾਣ ਅਤੇ ਉਥੇ ਜਮਨਾ ਨਦੀ ਦੇ ਕੰਢੇ ਤੇ ਪਾਉਂਟਾ ਨਗਰ ਵਸਾਉਣ ਬਾਰੇ 'ਬਚਿਤ੍ਰ ਨਾਟਕ', 'ਗੁਰ ਸੋਭਾ' ਜਾਂ ਹੋਰ ਕੋਈ ਸਮਕਾਲੀ ਲਿਖਤ ਕੋਈ ਬਹੁਤ ਸਹਾਇਤਾ ਨਹੀਂ ਕਰਦੀ। ਇੰਜ ਹੀ, ਇਨ੍ਹਾਂ ਵਿਚੋਂ ਕਿਸੇ ਲਿਖਤ ਤੋਂ ਇਹ ਪਤਾ ਨਹੀਂ ਲਗਦਾ ਕਿ ਸਿਰੀਨਗਰ ਦਾ ਰਾਜਾ ਫਤਿਹ ਸ਼ਾਹ ਬਹੁਤ ਸਾਰੇ ਹੋਰ ਪਹਾੜੀ ਰਾਜਿਆਂ ਨਾਲ ਗਠ ਜੋੜ ਕਰ ਕੇ ਕਿਉਂ ਗੁਰੂ ਸਾਹਿਬ ਤੇ ਹਮਲਾਵਰ ਹੋਇਆ। ਕੁਇਰ

8

ਸਿਘ ਦਾ ਗੁਰਬਿਲਾਸ, ਸਮੇਂ ਦੇ ਪੱਖ ਤੋਂ ਪਹਲੀ ਪੁਸਤਕ ਹੈ ਜਿਸ ਵਿਚ ਇਨ੍ਹਾਂ ਮਾਮਲਿਆਂ ਸੰਬੰਧੀ ਚਾਨਣਾ ਪਾਇਆ ਗਇਆ ਹੈ। ਗੁਰੂ ਸਾਹਿਬ ਦਾ ਰਾਜਾ ਭੀਮ ਚੰਦ ਕਹਲੂਰੀਆ ਨਾਲ ਜਿਨ੍ਹਾਂ ਕਾਰਣਾਂ ਕਰਕੇ ਝਗੜਾ ਹੋਇਆ, ਉਨ੍ਹਾਂ ਦੀ ਇਸ ਪੁਸਤਕ ਵਿਚ ਬੜੀ ਚੰਗੀ ਤਰ੍ਹਾਂ ਵਿਆਖਿਆ ਕੀਤੀ ਗਈ ਹੈ। ਭੰਗਾਣੀ ਯੁੱਧ ਦਾ ਵਰਣਨ ਕਰਦਿਆਂ 'ਬਚਿਤ੍ਰ ਨਾਟਕ' ਤੇ 'ਗੁਰ ਸੋਭਾ' ਦੋਹਾਂ ਨੇ ਰਾਜਾ ਭੀਮ ਚੰਦ ਦਾ ਕੋਈ ਜ਼ਿਕਰ ਨਹੀ ਕੀਤਾ। ਇਸ ਤੋਂ ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਉਹ ਇਸ ਲੜਾਈ ਵਿਚ ਮੌਜੂਦ ਨਹੀਂ ਸੀ ਅਤੇ ਇਸ ਲਈ ਉਸ ਦਾ ਇਸ ਨਾਲ ਕੋਈ ਸੰਬੰਧ ਨਹੀਂ ਸੀ। ਕੁਇਰ ਸਿੰਘ ਅਨੁਸਾਰ ਵੀ ਰਾਜਾ ਭੀਮ ਚੰਦ ਜ਼ਾਤੀ ਤੌਰ ਤੇ ਭੰਗਾਣੀ ਦੇ ਯੁੱਧ ਵਿਚ ਮੌਜੂਦ ਨਹੀਂ ਸੀ, ਪਰ ਤਾਂ ਵੀ ਉਹ ਇਸ ਲੜਾਈ ਦਾ ਮੂਲ ਕਾਰਣ ਇਸੇ ਰਾਜੇ ਨੂੰ ਹੀ ਸਮਝਦਾ ਹੈ। ਇਸ ਕਰਕੇ ਮਾਲੂਮ ਹੁੰਦਾ ਹੈ ਕਿ ਇਸ ਲੜਾਈ ਦੇ ਮੌਕੇ ਤੇ ਰਾਜਾ ਭੀਮ ਚੰਦ ਦੀ ਗ਼ੈਰਹਾਜ਼ਰੀ ਕੇਵਲ ਇਤਫ਼ਾਕੀਆ ਸੀ ਅਤੇ ਇਸ ਦਾ ਮਤਲਬ ਇਹ ਨਹੀਂ ਕਿ ਇਸ ਨਾਲ ਉਸ ਦਾ ਕੋਈ ਵਾਸਤਾ ਹੀ ਨਹੀਂ ਸੀ।

੩. 'ਬਚਿਤ੍ਰ ਨਾਟਕ' ਦੀ ਕਹਾਣੀ, ਵਧ ਤੋਂ ਵੱਧ, ੧੬੯੭ ਈ. ਤਕ ਆਉਂਦੀ ਹੈ। ੧੬੯੬ ਈ. ਵਿਚ ਸ਼ਹਜ਼ਾਦਾ ਮੁਅੱਜ਼ਮ ਦੀ ਫ਼ੌਜ ਨੇ ਪਹਾੜੀ ਰਿਆਸਤਾਂ ਉਤੇ ਹਮਲਾ ਕੀਤਾ। ਇਸੇ ਸਾਲ ਦੇ ਅਖ਼ੀਰ ਤੇ ਜਾਂ ਅਗਲੇ ਸਾਲ ਦੇ ਸ਼ੁਰੂ ਵਿਚ ਕੁਝ ਮੁਗ਼ਲ ਅਹਦੀਆਂ ਨੇ ਉਸੇ ਥਾਂ ਤੇ ਹਮਲੇ ਕੀਤੇ। ਇਨ੍ਹਾ ਹਮਲਿਆਂ ਦੇ ਵਰਣਨ ਨਾਲ ਹੀ 'ਬਚਿਤ੍ਰ ਨਾਟਕ' ਦਾ ਅੰਤ ਹੋ ਜਾਂਦਾ ਹੈ। ਦੂਜਾ ਪ੍ਰਸਿੱਧ ਸਮਕਾਲੀ ਇਤਿਹਾਸਕ ਗ੍ਰੰਥ, 'ਸ੍ਰੀ ਗੁਰ ਸੋਭਾ', ਗੁਰੂ ਸਾਹਿਬ ਦੇ ਜੀਵਨ ਦੇ ਅੰਤਲੇ ਸਮੇਂ ਤਕ ਚਲਦਾ ਹੈ ਅਤੇ ਇਕ ਲਿਹਾਜ਼ ਨਾਲ ਕਹਿਆ ਜਾ ਸਕਦਾ ਹੈ ਕਿ ਇਹ 'ਬਚਿਤ੍ਰ ਨਾਟਕ' ਦੀ ਅਧੂਰੀ ਕਹਾਣੀ ਨੂੰ ਪੂਰਿਆਂ ਕਰਦਾ ਹੈ। ਪਰੰਤੂ, ਇਸ ਵਿਚ ਕਈ ਥਾਵਾਂ ਤੇ ਵਡੇ ਵਡੇ ਘਪੇ ਹਨ ਜੋ ਇਸ ਦੀ ਇਤਿਹਾਸਕ ਮਹੱਤਾ ਨੂੰ ਘਟਾਉਂਦੇ ਹਨ। ਇਨ੍ਹਾਂ ਵਿਚੋਂ ਇਕ ਘਪਾ ਇਹ ਹੈ ਕਿ ਇਸ ਪੁਸਤਕ ਵਿਚ ਚਮਕੌਰ ਦੀ ਲੜਾਈ ਤੋਂ ਲੈ ਕੇ ਗੁਰੂ ਸਾਹਿਬ ਦੀ ਦੱਖਣ ਵਲ ਨੂੰ ਰਵਾਨਗੀ ਤੀਕ ਉੱਕਾ ਹੀ ਕੋਈ ਸਮਾਚਾਰ ਨਹੀਂ ਮਿਲਦਾ। ਗੁਰੂ ਜੀ ਦੇ ਜੀਵਨ ਵਿਚ ਇਹ ਸਮਾਂ ਅਤਿ ਮਹੱਤ੍ਵਪੂਰਣ ਸੀ। ਚਮਕੌਰ ਦੇ ਯੁੱਧ ਤੋਂ ਮਗਰੋਂ ਉਨ੍ਹਾਂ ਨੂੰ ਬੜੇ ਹੀ ਸੰਕਟਮਈ ਸਮੇਂ ਵਿਚਦੀ ਲੰਘਣਾ ਪਇਆ। ਪਰਿਵਾਰ ਦੇ ਸਾਰੇ ਜੀਆਂ ਅਤੇ ਆਪਣੇ ਸੰਗੀਆਂ ਸਾਥੀਆਂ ਤੋਂ ਵਿਛੜ ਕੇ ਉਨ੍ਹਾਂ ਨੂੰ ਮਾਛੀਵਾੜੇ ਦੇ ਪਠਾਨ ਭਰਾਵਾਂ, ਨਬੀ ਖਾਂ ਤੇ ਗ਼ਨੀ ਖਾਂ ਦੀ ਸਹਾਇਤਾ ਨਾਲ ਉੱਚ ਦੇ ਪੀਰ ਦੇ ਭੇਸ ਵਿਚ ਕਈ ਦਿਨ ਲਗਾਤਾਰ ਸਫ਼ਰ ਕਰਨਾ ਪਇਆ। ਉਸ ਤੋਂ ਬਾਦ ਫਿਰ ਖਾਲਸੇ ਨੂੰ ਇਕੱਠਾ ਕਰਕੇ ਤੇ ਉਨ੍ਹਾਂ ਵਿਚ ਨਵਾਂ ਉਤਸ਼ਾਹ ਭਰ ਕੇ ਮੁਕਤਸਰ ਦੇ ਸਥਾਨ ਤੇ ਉਨ੍ਹਾਂ ਨੇ ਦੁਸ਼ਮਨ ਦੀ ਫ਼ੌਜ ਨੂੰ ਭਾਜ ਦਿੱਤੀ ਅਤੇ ਪਿਛੋਂ ਸਾਬੋ ਕੀ ਤਲਵੰਡੀ (ਵਰਤਮਾਨ ਦਮਦਮਾ) ਵਿਖੇ ਆਪਣੀ ਖ਼ਾਲਸਾ ਫ਼ੌਜ ਨੂੰ ਨਵੇਂ ਸਿਰਿਓਂ ਸੰਗਠਿਤ ਕੀਤਾ। ਇਹ ਸਮਾਂ, ਵਾਸਤਵ ਵਿਚ, ਗੁਰੂ ਸਾਹਿਬ ਅਤੇ ਖ਼ਾਲਸਾ, ਦੋਨਾਂ, ਵਾਸਤੇ ਇਮਤਿਹਾਨ ਦਾ ਸੀ ਅਤੇ ਇਸ ਦੌਰਾਨ ਹੌਸਲੇ ਤੇ ਆਚਰਣ ਦੀ ਉਚਿਆਈ ਦੀ ਜੋ ਸ਼ਾਨਦਾਰ ਮਿਸਾਲ ਉਨ੍ਹਾਂ ਨੇ ਪੇਸ਼ ਕੀਤੀ, ਉਸ ਦਾ ਨਮੂਨਾ ਘਟ ਹੀ ਵੇਖਣ ਵਿਚ ਆਉਂਦਾ ਹੈ। 'ਸ੍ਰੀ ਗੁਰਸੋਭਾ' ਦੇ ਇਸ ਘਪੇ ਦੀ ਪੂਰਤੀ ਪਹਲੀ ਵਾਰ ਕੁਇਰ ਸਿੰਘ ਦੇ 'ਗੁਰ ਬਿਲਾਸ' ਦੁਆਰਾ ਹੀ ਹੁੰਦੀ ਹੈ। ਮਾਛੀਵਾੜਾ, ਦੀਨਾ ਕੋਟਕਪੂਰਾ, ਮੁਕਤਸਰ, ਤਲਵੰਡੀ ਸਾਬੋ ਤੇ ਬਠਿੰਡਾ, ਉਨ੍ਹਾਂ ਸਥਾਨਾਂ ਵਿਚੋਂ ਪ੍ਰਮੁੱਖ ਹਨ ਜਿਨ੍ਹਾਂ ਵਿਚਦੀ ਗੁਰੂ ਸਾਹਿਬ ਨੂੰ ਮਾਲਵੇ ਦੇ ਸਫ਼ਰ ਦੇ ਦੌਰਾਨ ਲੰਘਣਾ ਪਇਆ। ਇਨ੍ਹਾਂ ਥਾਵਾਂ ਤੇ ਜਾਂ ਇਨ੍ਹਾਂ ਦੇ ਨੇੜੇ ਤੇੜੇ ਜੋ ਵਾਕਿਆਤ ਵਾਪਰੇ, ਉਨ੍ਹਾਂ ਦਾ ਚੋਖਾ ਵੇਰਵਾ ਇਸ ਗ੍ਰੰਥ ਵਿਚ ਮਿਲਦਾ ਹੈ।

੪. ਖਾਲਸਾ ਸਾਜਣਾ, ਨਿਰਸੰਦੇਹ, ਗੁਰੂ ਗੋਬਿੰਦ ਸਿੰਘ ਜੀ ਦੀ ਮੁਖ ਸਫਲਤਾ ਸੀ। ਇਸ ਦਾ ਜ਼ਿਕਰ ਕੁਇਰ ਸਿੰਘ ਦੇ ਗੁਰਬਿਲਾਸ ਤੋਂ ਪਹਲੋਂ ਦੀਆਂ ਕਈ ਪੁਸਤਕਾਂ ਵਿਚ ਮਿਲਦਾ ਹੈ। ਸ੍ਰੀ ਗੁਰਸੋਭਾ ਵਿਚ ਵਿਸਾਖੀ ਦੇ ਮਹਾਨ ਜੋੜ ਮੇਲੇ ਦਾ ਜ਼ਿਕਰ ਹੈ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੇ ਖੰਡੇ ਦੀ ਪਾਹੁਲ ਲਈ। ਉਸ ਤੋਂ ਬਾਅਦ ਦਿੱਲੀ ਤੇ ਹੋਰ ਇਲਾਕਿਆਂ ਵਿਚ ਬ੍ਰਾਹਮਣਾ ਤੇ ਖਤਰੀਆਂ ਦੀਆਂ ਉੱਚੀਆਂ ਜਾਤੀਆਂ ਦੇ ਕਈ ਲੋਕਾਂ ਨੇ ਜਿਵੇਂ ਇਸ ਨਵੀਂ ਪਾਹੁਲ ਦਾ ਵਿਰੋਧ ਕੀਤਾ, ਉਸ ਦਾ ਵਿਸਤਾਰਪੂਰਵਕ ਵਰਣਨ ਇਸ ਪੁਸਤਕ ਵਿਚ ਦਿੱਤਾ ਹੋਇਆ ਹੈ। ਖੰਡੇ ਦੀ ਪਾਹੁਲ ਲੈਣ ਵਾਲਿਆਂ ਨੂੰ ਇਕ ਖ਼ਾਸ ਕਿਸਮ ਦੀ ਰਹਤ ਰਖਣੀ ਪੈਂਦੀ ਸੀ। ਇਸ ਰਹਤ ਬਾਰੇ 'ਸ੍ਰੀ ਗੁਰ ਸੋਭਾ' ਚੋਖਾ ਚਾਨਣ ਪਾਉਂਦੀ ਹੈ। ਪਰੰਤੂ ਖੰਡੇ ਦਾ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਅਤੇ ਸੀਸ ਭੇਟ ਦੀ ਨਾਟਕੀ ਘਟਨਾ ਬਾਰੇ, ਜੋ ਗੁਰੂ ਸਾਹਿਬ ਨੇ ਅੰਮ੍ਰਿਤ ਦੀ ਇਸ ਨਵੀਂ ਕਿਸਮ ਦੇ ਆਰੰਭ ਤੋਂ ਪਹਲਾਂ ਮੇਲੇ ਤੇ ਆਈਆਂ ਸਿੱਖ ਸੰਗਤਾਂ ਨੂੰ ਵਿਖਾਈ, ਸੈਨਾਪਤਿ ਦੇ ਗ੍ਰੰਥ ਤੋਂ ਕੋਈ ਸੂਚਨਾ ਪ੍ਰਾਪਤ ਨਹੀਂ ਹੁੰਦੀ। ਭਾਈ ਸੇਵਾ ਸਿੰਘ ਦਾ 'ਸ਼ਹੀਦ ਬਿਲਾਸ', ਜੋ ਸਮਕਾਲੀ ਭਟ-ਵਹੀਆਂ ਦੇ ਆਧਾਰ ਤੇ ਲਿਖਿਆ ਗਇਆ ਸੀ, ਖੰਡੇ ਦੇ ਅੰਮ੍ਰਿਤ ਦੀ ਤਿਆਰੀ ਦੀ ਵਿਧੀ, ਖ਼ਾਲਸੇ ਦੀ ਰਹਤ ਸਮੇਤ, ਦੇਂਦਾ ਹੈ, ਪਰੰਤੂ ਉਸ ਵਿਚ ਸੀਸ-ਭੇਟ ਦੀ ਘਟਨਾ ਬਾਬਤ ਕੁਝ ਦਰਜ ਨਹੀਂ, ਨ ਹੀ ਉਸ ਵਿਚ ਇਸ ਨਵੇਂ ਸੁਧਾਰ ਨਾਲ ਲੋਕਾਂ ਦੇ ਦਿਲਾਂ ਵਿਚ ਉਤਪੰਨ ਹੋਏ ਪ੍ਰਤਿਕਰਮ ਦਾ ਕੋਈ ਵਰਣਨ ਹੈ। 'ਪ੍ਰੇਮ ਸੁਮਾਰਗ', ਜੋ ਅਠਾਰ੍ਹਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਦੀ ਰਚਨਾ ਮੰਨੀ ਜਾਂਦੀ ਹੈ, ਖੰਡੇ ਦੇ ਅੰਮ੍ਰਿਤ ਦੇ ਬਣਾਉਣ ਤੇ ਛਕਾਉਣ ਦੀ ਵਿਧੀ ਦੇਣ ਤੋਂ ਇਲਾਵਾ ਉਸ ਦੀ ਰਹਤ ਦਾ ਵਿਸਤਾਰਪੂਰਵਕ ਵਰਣਨ ਕਰਦਾ ਹੈ। ਪਰੰਤੂ, ਇਥੇ ਵੀ ਸੀਸ-ਭੇਟ ਘਟਨਾ ਦਾ ਕੋਈ ਜ਼ਿਕਰ ਨਹੀਂ ਮਿਲਦਾ। ਇਸੇ ਤਰ੍ਹਾਂ ਭਾਈ ਨੰਦ ਲਾਲ ਦੀ ਰਚਨਾ ਕੁਲਿਆਤ ਵਿਚ ਇਸ ਮਹਾਨ ਘਟਨਾ ਬਾਰੇ ਕੋਈ ਚੀਜ਼ ਨਹੀਂ ਹੈ। ਉਸ ਵਿਚ ਇਕ ਰਹਤਨਾਮਾ ਜ਼ਰੂਰ ਦਿੱਤਾ ਹੋਇਆ ਹੈ, ਪਰ ਉਸ ਦੀ ਪ੍ਰਮਾਣਕਤਾ ਬਾਰੇ ਵੀ ਕਈ ਵਿਦਵਾਨ ਸ਼ੱਕ ਕਰਦੇ ਹਨ।

ਚੂੰਕਿ ਕਿਸੇ ਸਮਕਾਲੀ ਗ੍ਰੰਥ ਵਿਚ ਸੀਸ-ਭੇਟ ਤੇ ਉਸ ਦੇ ਨਾਲ ਜੁੜੀਆਂ ਹੋਰ ਘਟਨਾਵਾਂ ਬਾਬਤ ਕੋਈ ਵਾਕਫ਼ੀਅਤ ਨਹੀਂ ਮਿਲਦੀ, ਇਸ ਲਈ ਕਈਆਂ ਵਿਦਵਾਨਾਂ ਦਾ ਖ਼ਿਆਲ ਹੈ ਕਿ ਇਨ੍ਹਾਂ ਘਟਨਾਵਾਂ ਦਾ ਆਧਾਰ ਇਕ ਮੌਖਿਕ ਪਰੰਪਰਾ ਹੈ ਜੋ ਠੀਕ ਵੀ ਹੋ ਸਕਦੀ ਹੈ ਅਤੇ ਗ਼ਲਤ ਵੀ। ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ, ਇਸ ਪ੍ਰਸ਼ਨ ਸੰਬੰਧੀ ਪੈਦਾ ਹੋਏ ਸ਼ੰਕਿਆਂ ਨੂੰ ਬਿਲਕੁਲ ਦੂਰ ਕਰਦਾ ਹੈ, ਕਿਉਂਕਿ ਇਸ ਨੇ ਭਾਈ ਮਨੀ ਸਿੰਘ ਦੀ ਨਿਜੀ ਗਵਾਹੀ ਦੇ ਆਧਾਰ ਤੇ ਬਿਲਕੁਲ ਸਪਸ਼ਟ ਕਰ ਦਿੱਤਾ ਹੈ ਕਿ ਖੰਡੇ ਦਾ ਅੰਮ੍ਰਿਤ ਵਰਤਾਉਣ ਤੋਂ ਪਹਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਦੀਵਾਨ ਵਿਚ ਸਜੀਆਂ ਸੰਗਤਾਂ ਤੋਂ ਪੰਜ ਵਾਰੀ ਇਕ ਇਕ ਕਰ ਕੇ ਸੀਸ ਮੰਗੇ ਅਤੇ ਜਿਨ੍ਹਾਂ ਸੂਰਬੀਰਾਂ ਨੇ ਸੀਸ ਦੇਣੇ ਪਰਵਾਨ ਕੀਤੇ, ਉਨ੍ਹਾਂ ਨੂੰ ਵਾਰੀ ਵਾਰੀ ਨੇੜੇ ਦੇ ਪਹਲਾਂ ਤੋਂ ਲਾਏ ਗਏ ਕੁਝ ਤੰਬੂਆਂ ਵਿਚ ਲਿਜਾਇਆ ਗਿਆ ਅਤੇ ਉਥੋਂ ਹਰ ਵਾਰੀ ਲਹੂ ਨਾਲ ਲਿਬੜੀ ਤਲਵਾਰ ਲਿਆ ਕੇ ਮੁੜ ਭਰੇ ਦੀਵਾਨ ਵਿਚ ਵਿਖਾਈ ਗਈ ਤੇ ਪਹਲਾਂ ਵਾਂਗ ਇਕ ਹੋਰ ਸੀਸ ਦੀ ਮੰਗ ਕੀਤੀ ਗਈ। ਜਦੋਂ ਇਹ ਸਭ ਕੁਝ ਹੋ ਚੁਕਾ, ਤਾਂ ਗੁਰੂ ਜੀ ਸੀਸ-ਭੇਟ ਕਰਨ ਵਾਲਿਆ ਪੰਜਾਂ ਸੂਰਬੀਰਾਂ ਨਾਲ ਦੀਵਾਨ ਵਿਚ ਆਏ ਅਤੇ ਉਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਛਕਾਇਆ। ਮਗਰੋਂ ਉਹੀ ਅੰਮ੍ਰਿਤ ਆਪ ਉਨ੍ਹਾਂ ਤੋਂ ਛਕਿਆ, ਜਿਸ ਕਰਕੇ ਇਹ ਮਿਸਲ ਮਸ਼ਹੂਰ ਹੋ ਗਈ : "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ"। ਨਿਰਸੰਦੇਹ, ਕੁਇਰ ਸਿਘ ਦੀ ਰਚਨਾ 'ਗੁਰਬਿਲਾਸ' ਦਾ

ਬਹੁਤ ਬੜਾ ਮਹੱਤ੍ਵ ਹੈ, ਕਿਉਂਕਿ ਇਸ ਨਾਲ ਸਾਡੀ ਇਕ ਬਹੁਤ ਹੀ ਪੁਰਾਣੀ ਰਵਾਇਤ ਠੋਸ ਇਤਿਹਾਸਕ ਗਵਾਹੀ ਤੇ ਖੜੀ ਹੋ ਕੇ ਪ੍ਰਮਾਣਕ ਬਣ ਜਾਂਦੀ ਹੈ। ਇਸ ਤੋਂ ਇਲਾਵਾ, ਇਸ ਗ੍ਰੰਥ ਵਿਚ ਖੰਡੇ ਦੀ ਪਾਹੁਲ ਤਿਆਰ ਕਰਨ ਦੀ ਵਿਧੀ ਅਤੇ ਇਸ ਪਾਹੁਲ ਨੂੰ ਧਾਰਣ ਕਰਨ ਵਾਲਿਆਂ ਲਈ ਜ਼ਰੂਰੀ ਰਹਤ ਦਾ ਵੀ ਵਰਨਣ ਹੈ। ਇਸ ਰਹਤ ਦੀ ਇਕ ਖ਼ਾਸ ਗੱਲ ਇਹ ਹੈ ਕਿ ਖ਼ਾਲਸੇ ਦੇ ਪੰਜਾਂ ਨੇਮਾਂ ਵਿਚ ਕੇਸ, ਕੰਘਾ, ਕਛ ਤੇ ਕਰਦ ਦੇ ਨਾਲ ਗੁਰਬਾਣੀ ਤੇ ਸ਼ਸਤਰਾਂ ਨਾਲ ਪ੍ਰੇਮ ਵੀ ਸ਼ਾਮਿਲ ਹੈ :

ਦੋਹਰਾ

ਸ਼ਸਤ੍ਰ ਮੇਲ ਗੁਰ ਸਬਦ ਸੋ, ਕਛ ਕੇਸਨ ਸਦ ਪ੍ਰੇਮ।
ਕਰਦ ਰਾਖਨੀ ਪੰਚ ਏ, ਤਜੈ ਨ ਕਬ ਹੀ ਨੇਮ।
ਕੰਘਾਯੰ ਕਰੈ ਦੋਇ ਵਾਰੰ ਸੁਧਾਰੰ। [ਨੌਵਾਂ ਅਧਿਆਇ, ਪੰਨਾ ੧੧੧]

ਜ਼ਾਹਿਰ ਹੈ ਕਿ ਇਸ ਸੂਚੀ ਵਿਚ ਕੜੇ ਦਾ ਕੋਈ ਜਿਕਰ ਨਹੀ ਆਉਂਦਾ, ਨ ਹੀ ਕੁਇਰ ਸਿੰਘ ਆਪਣੀ ਕਿਤਾਬ ਵਿਚ ਕਿਸੇ ਹੋਰ ਥਾਂ ਤੇ ਇਸ ਦਾ ਜ਼ਿਕਰ ਕਰਦਾ ਹੈ। ਪਰੰਤੂ, ਸਾਡੀ ਪਰੰਪਰਾ ਅਨੁਸਾਰ ਇਹ ਖ਼ਾਲਸੇ ਦੀ ਨਿਯਮਾਵਲੀ ਦਾ ਜ਼ਰੂਰੀ ਅੰਗ ਹੈ। ਫਿਰ ਕੀ ਕਾਰਣ ਹੈ ਕਿ ਇਸ ਦਾ ਸਮਕਾਲੀ ਸਾਹਿਤ ਵਿਚ ਕੋਈ ਵਰਨਣ ਨਹੀਂ ਮਿਲਦਾ? ਜੇ ਸਮਕਾਲੀ ਜਾਂ ਅਰਧ-ਸਮਕਾਲੀ ਗ੍ਰੰਥਾਂ ਨੂੰ ਗਹੁ ਨਾਲ ਵਾਚਿਆ ਜਾਏ, ਤਾਂ ਕਿਰਪਾਨ ਤੇ ਕੜੇ, ਦੋਹਾਂ ਦੀ ਥਾਂ ਪੰਜਾਂ ਹਥਿਆਰਾਂ ਦਾ ਜ਼ਿਕਰ ਹੀ ਮਿਲਦਾ ਹੈ। ਇਹ ਪੰਜ ਹਥਿਆਰ ਕਿਹੜੇ ਸਨ, ਇਸ ਦਾ ਵੇਰਵਾ ਕਿਧਰੇ ਨਹੀਂ ਦਿੱਤਾ ਹੋਇਆ। ਕਈਆਂ ਟੀਕਾਕਾਰਾਂ ਜਾਂ ਸੰਪਾਦਕਾਂ ਨੇ ਇਹ ਵੇਰਵਾ ਦੇਣ ਦਾ ਜਤਨ ਕੀਤਾ ਹੈ, ਪਰ ਉਨ੍ਹਾਂ ਦੇ ਇਹ ਜਤਨ ਵਧੇਰੇ ਤੌਰ ਤੇ ਕਿਸੇ ਪੁਰਾਤਨ ਭਾਰਤੀ ਰਵਾਇਤ ਤੇ ਆਧਾਰਿਤ ਹਨ ਅਤੇ ਜ਼ਰੂਰੀ ਨਹੀਂ ਕਿ ਗੁਰੂ ਗੋਬਿੰਦ ਸਿੰਘ ਨੇ ਜੋ ਪੰਜ ਹਥਿਆਰ ਚੁਣੇ, ਉਹ ਉਹੋ ਹੀ ਹੋਣਗੇ ਜੋ ਪੁਰਾਣੇ ਸਮਿਆਂ ਵਿਚ ਹੁੰਦੇ ਸਨ। ਵਰਤੋਂ ਦੀਆਂ ਬਾਕੀ ਚੀਜ਼ਾਂ ਵਸਤਾਂ ਵਾਂਗ ਹਥਿਆਰ ਵੀ ਸਮੇਂ ਦੀਆਂ ਬਦਲਦੀਆਂ ਲੋੜਾਂ ਅਨੁਸਾਰ ਬਦਲਦੇ ਰਹਿੰਦੇ ਹਨ। ਇਸ ਲਈ ਖ਼ਾਲਸੇ ਦੇ ਹਥਿਆਰਾਂ ਦੀ ਚੋਣ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਦੇ ਦੌਰਾਨ ਪ੍ਰਚਲਿਤ ਹਥਿਆਰਾਂ ਵਿਚੋਂ ਹੀ ਹੋ ਸਕਦੀ ਹੈ, ਨ ਕਿ ਕਿਸੇ ਸਦੀਆਂ ਪੁਰਾਣੇ ਕਾਲ ਦੇ ਹਥਿਆਰਾਂ ਵਿਚੋਂ। ਇਸ ਵਿਚ ਕੋਈ ਸ਼ੱਕ ਨਹੀਂ ਲਗਦਾ ਕਿ ਅੰਮ੍ਰਿਤਧਾਰੀ ਸਿੰਘਾਂ ਲਈ ਨਿਯਤ ਕੀਤੇ ਗਏ ਹਥਿਆਰਾਂ ਵਿਚ ਤਲਵਾਰ, ਢਾਲ, ਚੱਕਰ ਤੇ ਬਰਛਾ ਜਾਂ ਤੀਰ-ਕਮਾਨ ਸ਼ਾਮਿਲ ਸਨ। ਬੜੀ ਤਗੜੀ ਸੰਭਾਵਨਾ ਹੈ ਕਿ ਕੜਾ ਵੀ ਸ਼ੁਰੂ ਵਿਚ ਇਕ ਹਥਿਆਰ ਹੀ ਗਿਣਿਆ ਜਾਂਦਾ ਹੋਵੇ, ਕਿਉਂਕਿ ਹੱਥ ਦੀ ਕਲਾਈ, ਵਿਸ਼ੇਸ਼ ਕਰਕੇ ਤਲਵਾਰ ਵਾਲੇ ਹੱਥ ਦੀ ਕਲਾਈ ਨੂੰ ਦੁਸ਼ਮਨ ਦੇ ਵਾਰ ਤੋਂ ਬਚਾਉਣ ਲਈ ਇਹ ਬਹੁਤ ਲਾਭਦਾਇਕ ਸਿੱਧ ਹੋ ਸਕਦਾ ਹੈ, ਅਤੇ ਇਸ ਲਈ ਸੰਭਵ ਹੈ ਕਿ ਇਸ ਨੂੰ ਪੰਜਾਂ ਹਥਿਆਰਾਂ ਦੀ ਲਿਸਟ ਵਿਚ ਸ਼ਾਮਿਲ ਕੀਤਾ ਜਾਂਦਾ ਹੋਵੇ। ਮਗਰੋਂ ਜਦੋਂ ਹਾਲਾਤ ਨੇ ਕੁਝ ਪਲਟਾ ਖਾਧਾ, ਖ਼ਾਲਸੇ ਨੇ ਸਾਰੇ ਦੇ ਸਾਰੇ ਪੰਜਾਂ ਹਥਿਆਰਾਂ ਨੂੰ ਪਾਉਣਾ ਬੇਲੋੜਾ ਸਮਝ ਕੇ ਇਨ੍ਹਾਂ ਵਿਚੋਂ ਦੋ ਹਥਿਆਰਾਂ, ਕਿਰਪਾਨ ਤੇ ਕੜਾ, ਉਤੇ ਜ਼ਿਆਦਾ ਜ਼ੋਰ ਦਿੱਤਾ, ਇਥੋਂ ਤੀਕ ਕਿ ਇਹ ਦੋਵੇਂ ਸਿੱਖੀ ਰਹਤ ਦੇ ਦੋ ਜ਼ਰੂਰੀ ਅੰਗ ਬਣ ਗਏ।

੫. ਸੈਨਾਪਤਿ, ਕਰਤਾ 'ਸ੍ਰੀ ਗੁਰਸੋਭਾ' ਨੇ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਨੂੰ ਆਪਣੇ ਮਗਰੋਂ ਗੁਰਿਆਈ ਦੇਣ ਦਾ ਜ਼ਿਕਰ ਸਪਸ਼ਟ ਸ਼ਬਦਾਂ ਵਿਚ ਕੀਤਾ ਹੈ (ਦੇਖੋ 'ਸ੍ਰੀ ਗੁਰਸੋਭਾ' ਸੰਪਾਦਿਤ ਗੰਡਾ ਸਿੰਘ, ਪੰਨਾ ੧੨੯)। ਪਰੰਤੂ, ਉਸ ਨੇ ਉਨ੍ਹਾਂ ਦੇ ਆਦਿ ਗ੍ਰੰਥ ਨੂੰ ਗੁਰਿਆਈ ਦੇਣ ਦਾ ਕਿਧਰੇ ਜ਼ਿਕਰ

ਨਹੀਂ ਕੀਤਾ। ਨ ਹੀ ਇਸ ਦਾ ਕਿਸੇ ਹੋਰ ਸਮਕਾਲੀ ਜਾਂ ਅਰਧ-ਸਮਕਾਲੀ ਗ੍ਰੰਥ ਵਿਚ ਕੋਈ ਵਰਣਨ ਮਿਲਦਾ ਹੈ। ਕੁਇਰ ਸਿੰਘ ਦਾ ਗੁਰਬਿਲਾਸ ਪਾਤਸ਼ਾਹੀ ੧੦ ਪਹਲਾ ਗ੍ਰੰਥ ਹੈ ਜਿਸ ਵਿਚ ਬਿਲਕੁਲ ਸਾਫ਼ ਸ਼ਬਦਾਂ ਵਿਚ ਆਦਿ ਗ੍ਰੰਥ ਨੂੰ 'ਗੁਰੂ ਗ੍ਰੰਥ' ਆਖਿਆ ਗਇਆ ਹੈ। ਇਹ ਸੂਚਨਾ ਖ਼ਾਲਸੇ ਦੀ ਰਹਤ-ਮਰਯਾਦਾ ਦੇ ਵੇਰਵੇ ਵਿਚ ਦਿੱਤੀ ਗਈ ਹੈ:

ਦਿਜੈ ਦਾਨ ਭੂਖੇ, ਲਹੋ ਜਾਇ ਪਜਾਰੇ।
ਦਿਵਾਨੰ ਲਗਾਵੈ, ਸੁਨੇ ਸਬਦ ਸਾਰੇ।
ਗੁਰੂ ਗ੍ਰੰਥ ਜਾਨੇ ਸਦਾ ਅੰਗ ਸੰਗੰ।
ਸੁਨੇ ਗਾਥ ਪੂਰਾਨ ਕੀ ਚੀਤ ਰੰਗੰ।
ਜਹਾਂ ਧਰਮਸਾਲਾ, ਤਹਾਂ ਨੀਤ ਜੈਯੈ।
ਗੁਰੂ ਦਰਸ ਕੀਜੇ, ਮਹਾਂ ਸੂਖ ਪੈਯੈ। [ਅਧਿਆਇ ੯, ਪੰਨਾ ੧੧੧]

ਅੰਤ ਸਮੇਂ ਨੰਦੇੜ ਵਿਖੇ ਗੁਰੂ ਸਾਹਿਬ ਨੇ ਖਾਲਸੇ ਨੂੰ ਜੋ ਉਪਦੇਸ਼ ਦਿੱਤਾ, ਉਸ ਵਿਚ ਕੁਇਰ ਸਿੰਘ ਅਨੁਸਾਰ, ਉਨ੍ਹਾਂ ਨੇ ਰਹਤ-ਮਰਯਾਦਾ ਦੇ ਮਹੱਤ੍ਵ ਉਤੇ ਜ਼ੋਰ ਦੇਂਦਿਆਂ ਹੋਇਆਂ ਗੁਰੂ ਗ੍ਰੰਥ ਸਾਹਿਬ ਵਿਚ ਪੂਰਣ ਵਿਸ਼ਵਾਸ ਦੀ ਤਾਕੀਦ ਕੀਤੀ:

"ਤਾਂ ਤੇ ਜੋ ਮੂਹ ਸਿਖ ਸੁਜਾਨਾ।
ਮਾਨੇ ਗੁਰੂ ਗ੍ਰੰਥ ਭਗਵਾਨਾ।"

[ਅਧਿਆਇ ੨੧, ਪੰਨਾ ੨੬੪]

ਪੰਨਾ ੨੬੫ ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦਾ ਜ਼ਿਕਰ ਕੀਤਾ ਗਇਆ ਹੈ:

"ਤਬ ਪੁਨਿ ਆਪ ਉਠੇ ਸਭ ਸੰਗਾ।
ਪੈਸੇ ਪਾਂਚ ਨਲੀਏਰ ਸੁ ਅੰਗਾ।
ਲੈ ਕੇ ਤਾਹਿ ਅਰਪ ਕੀ ਬੰਦਨ।
ਪ੍ਰਦਖਨ ਕਰਤੇ ਮਨ ਰੰਗਨ।
ਕਹਾ, "ਜੋਇ ਬਚ ਕੀਨਾ ਚਾਹੇ।
ਪਾਠ ਕਰੈ ਗੁਰ ਕੋ ਸੁਖ ਪਾਏ।
ਯਾ ਸਮ ਔਰ ਕੋਈ ਗੁਰ ਨਾਹੀ।
ਬਿਨਾ ਕਾਨ ਸਚੁ ਬਾਕ ਭਨਾਹੀ।"

ਕੁਇਰ ਸਿੰਘ ਦੀ ਰਚਨਾ ਦੀਆਂ ਪ੍ਰਮੁਖ ਖ਼ੂਬੀਆਂ ਵੇਖਣ ਤੋਂ ਬਾਅਦ ਸਾਨੂੰ ਉਸ ਦੀਆਂ ਕਮਜ਼ੋਰੀਆਂ ਦਾ ਵੀ ਕੁਝ ਅੰਦਾਜ਼ਾ ਲਾ ਲੈਣਾ ਚਾਹੀਦਾ ਹੈ।

੧. ਸਭ ਤੋਂ ਵੱਡੀ ਕਮਜ਼ੋਰੀ ਜੋ ਇਸ ਗ੍ਰੰਥ ਦੀ ਮਹਤਤਾ ਨੂੰ ਸੱਟ ਮਾਰਦੀ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਕੁਝ ਮੁਖ ਵਾਕਿਆਤ ਦੀਆਂ ਗ਼ਲਤ ਤਾਰੀਖ਼ਾਂ ਹਨ। ਇਸ ਵਿਚ ਦਿੱਤੀਆਂ ਤਾਰੀਖ਼ਾਂ ਇਸ ਪ੍ਰਕਾਰ ਹਨ:

੧੭੨੩ ਬਿ.—ਗੁਰੂ ਗੋਬਿੰਦ ਸਿੰਘ ਜੀ ਪ੍ਰਗਟ ਹੋਏ, ਅਰਥਾਤ ਉਨ੍ਹਾਂ ਦਾ ਜਨਮ ਹੋਇਆ।
੧੭੪੯ ਬਿ.—ਖ਼ਾਲਸਾ ਪੰਥ ਸਾਜਿਆ।
੧੭੬੯ ਬਿ.—ਗੁਰੂ ਸਾਹਿਬ ਨੰਦੇੜ (ਦੱਖਣ) ਵਿਖੇ ਜੋਤੀ ਜੋਤ ਸਮਾਏ।

ਪਹਲੀ ਤਾਰੀਖ ਨੂੰ ਅਸੀਂ ਗ਼ਲਤ ਤਾਂ ਨਹੀਂ ਕਹਿ ਸਕਦੇ, ਲੇਕਿਨ ਇਸ ਬਾਰੇ ਲਿਖਾਰੀਆਂ ਵਿਚ ਬਹੁਤ ਰੌਲਾ ਹੈ। ਕੇਸਰ ਸਿੰਘ ਛਿੱਬੜ ਕਰਤਾ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ', ਕੇਸਰ ਸਿੰਘ ਕਰਤਾ 'ਗੁਰਪ੍ਰਣਾਲੀ,' ਗੁਲਾਬ ਸਿੰਘ ਕਰਤਾ 'ਗੁਰਪ੍ਰਣਾਲੀ' ਆਦਿ, ਇਸ ਸੰਬੰਧ ਵਿਚ ਵੱਖ ਵੱਖ ਤਾਰੀਖਾਂ ਦੇਂਦੇ ਹਨ, ਜਿਵੇਂ ਕਿ ੧੭੧੮ ਬਿ., ੧੭੨੧ ਬਿ., ੧੭੨੨ ਬਿ., ੧੭੨੩ ਬਿ. ਅਤੇ ੧੭੨੬ ਬਿ.। ਇਸ ਵਾਸਤੇ ਅਸੀਂ ਇਹ ਵੀ ਨਹੀਂ ਕਹ ਸਕਦੇ ਕਿ ਕੁਇਰ ਸਿੰਘ ਵਾਲੀ ਤਾਰੀਖ ਠੀਕ ਹੈ। ਇਸ ਬਾਰੇ, ਵਧ ਤੋਂ ਵਧ ਇਹ ਆਖਿਆ ਜਾ ਸਕਦਾ ਹੈ ਕਿ ਇਹ ਮਿਤੀ ਆਮ ਪ੍ਰਚਲਿਤ ਮਿਤੀ ਨਾਲ ਮਿਲਦੀ ਹੈ। ਦੂਜੀ ਤਾਰੀਖ ਤਾਂ ਬਿਲਕੁਲ ਹੀ ਗ਼ਲਤ ਜਾਪਦੀ ਹੈ, ਕਿਉਂਕਿ ਇਸ ਦੀ ਪ੍ਰੋੜਤਾ ਹੋਰ ਕਿਸੇ ਇਤਿਹਾਸਕ ਸੋਮੇ ਤੋਂ ਨਹੀਂ ਹੁੰਦੀ। ਹੁਣ ਤੀਕ ਪੰਥ ਸਾਜਣ ਦੀਆਂ ਤਾਰੀਖਾਂ ਬਾਬਤ ਵਿਦਵਾਨਾਂ ਵਿਚ ਦੋ ਮਤ ਪਾਏ ਜਾਂਦੇ ਹਨ : (੧) ੧੭੫੬ ਬਿ. (੧੬੯੯ ਈ.); (੨) ੧੭੫੨ ਬਿ. (੧੬੯੫ ਈ.)। ਇਨ੍ਹਾਂ ਦੋਨਾਂ ਦੇ ਹੱਕ ਵਿਚ ਕਈ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਅਜੇ ਤੀਕ ਇਹ ਪੱਕੀ ਤਰ੍ਹਾਂ ਨਿਰਣਿਤ ਨਹੀਂ ਹੋ ਸਕਿਆ ਕਿ ਇਨ੍ਹਾਂ ਵਿਚੋਂ ਕਿਹੜਾ ਮਤ ਠੀਕ ਹੈ ਅਤੇ ਕਿਹੜਾ ਗ਼ਲਤ। ਪਰੰਤੂ, ਸੰਮਤ ੧੭੪੬ ਬਿ. (੧੬੮੯ ਈ.) ਦੇ ਹੱਕ ਵਿਚ ਘੱਟ ਤੋਂ ਘੱਟ ਇਸ ਵੇਲੇ ਦੀ ਇਤਿਹਾਸਕ ਸੋਝੀ ਦੀ ਦਸ਼ਾ ਵਿਚ, ਕੋਈ ਮੰਨਣ-ਯੋਗ ਤੇ ਠੋਸ ਦਲੀਲ ਨਹੀਂ ਦਿੱਤੀ ਜਾ ਸਕਦੀ। ਤੀਜੀ ਤਾਰੀਖ ਵੀ ਗ਼ਲਤ ਹੈ, ਕਿਉਂਕਿ ਕਰੀਬ ਸਭ ਵਿਦਵਾਨ ਇਸ ਗੱਲ ਤੇ ਸਹਮਤ ਹਨ ਕਿ ਦਸਵੇਂ ਗੁਰੂ ਸਾਹਿਬ ਦਾ ਦੇਹਾਂਤ ਸੰਮਤ ੧੭੬੫ ਬਿ. ਵਿਚ ਹੋਇਆ। ਇਸ ਮਤ ਦੀ ਪ੍ਰੋੜਤਾ ਫ਼ਾਰਸੀ ਦੇ ਇਤਿਹਾਸਕ ਸੋਮਿਆਂ ਤੋਂ ਵੀ ਹੋ ਜਾਂਦੀ ਹੈ। ਗੁਰੂ ਸਾਹਿਬ ਬਾਦਸ਼ਾਹ ਬਹਾਦਰ ਸ਼ਾਹ ਨਾਲ ਦੱਖਣ ਨੂੰ ਗਏ ਸਨ। ਚੂੰਕਿ ਬਹਾਦਰ ਸ਼ਾਹ ਦੀ ਇਸ ਮੁਹਿੰਮ ਦੀਆਂ ਤਾਰੀਖਾਂ ਵੇਰਵੇ ਸਹਿਤ ਮਿਲਦੀਆਂ ਹਨ, ਇਸ ਲਈ ਗੁਰੂ ਸਾਹਿਬ ਦੀ ਮ੍ਰਿਤੂ ਦੀ ਤਾਰੀਖ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਕੁਇਰ ਸਿੰਘ ਭੰਗਾਣੀ ਤੇ ਨਾਦੌਣ ਦੇ ਯੁੱਧਾਂ ਦੀਆਂ ਪੱਕੀਆਂ ਤਾਰੀਖਾਂ ਨਹੀਂ ਦੇਂਦਾ, ਪਰ ਉਸ ਦੇ ਇਸ ਕਥਨ ਤੋਂ ਕਿ ਗੁਰੂ ਸਾਹਿਬ ਨੇ ਨਾਦੌਣ ਦੀ ਲੜਾਈ ਤੋਂ ਵਾਪਸ ਆ ਕੇ ਸੰਮਤ ੧੭੪੨ ਬਿ. (੧੬੮੫ ਈ.) ਵਿਚ ਦੇਵੀ ਪੂਜਾ ਸ਼ੁਰੂ ਕਰਾਈ, ਪਤਾ ਲਗਦਾ ਹੈ ਕਿ ਉਸ ਦੇ ਖ਼ਿਆਲ ਅਨੁਸਾਰ ਇਹ ਦੋਵੇਂ ਲੜਾਈਆਂ ੧੭੪੨ ਬਿ. (੧੬੮੫ ਈ.) ਤੋਂ ਪਹਲਾਂ ਹੋ ਚੁਕੀਆਂ ਸਨ। ਇਹ ਖ਼ਿਆਲ ਬਿਲਕੁਲ ਹੀ ਗ਼ਲਤ ਹੈ, ਕਿਉਂਕਿ ਭੰਗਾਣੀ ਦੀ ਲੜਾਈ ਦੀ ਤਾਰੀਖ ਸਪਸ਼ਟ ਸ਼ਬਦਾਂ ਵਿਚ 'ਦਸਮ ਗ੍ਰੰਥ' ਤੇ 'ਸ਼ਹੀਦ ਬਿਲਾਸ' ਵਿਚ ਮਿਲਦੀ ਹੈ ਅਤੇ ਉਹ ਹੈ ਸੰਮਤ ੧੭੪੫ ਬਿ., ੧੮ ਅੱਸੂ, ਅੱਸੂ ਸੁਦੀ ੪ (੧੮ ਸਤੰਬਰ, ੧੬੮੮ ਈ.)। ਨਾਦੌਣ ਦੀ ਲੜਾਈ ਭੰਗਾਣੀ ਦੀ ਜੰਗ ਤੋਂ ਕੁਝ ਚਿਰ ਮਗਰੋਂ ਹੋਈ ਅਤੇ ਸੇਵਾ ਸਿੰਘ ਨੇ ਆਪਣੀ ਪੁਸਤਕ 'ਸ਼ਹੀਦ ਬਿਲਾਸ' ਵਿਚ ਇਸ ਦੀ ਤਾਰੀਖ ੨੨ ਚੇਤ ਸੰਮਤ ੧੭੪੭ ਬਿ. (੨੦ ਮਾਰਚ, ੧੬੯੧ ਈ.) ਦਿੱਤੀ ਹੈ।

੨. ਕੁਇਰ ਸਿੰਘ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨਾਦੌਣ ਦੀ ਜੰਗ ਤੋਂ ਮਗਰੋਂ ਦੇਵੀ ਪੂਜਾ ਸ਼ੁਰੂ ਕਰਾਈ। ਇਸ ਵਿਚ ਉਨ੍ਹਾਂ ਦਾ ਉੱਦੇਸ਼ ਇਹ ਦਸਿਆ ਗਇਆ ਹੈ ਕਿ ਉਹ ਦੇਵੀ ਪਾਸੋਂ ਵਰ ਲੈ ਕੇ ਤੁਰਕਾਂ ਦੇ ਸਤਿਆਨਾਸ ਲਈ ਪੰਥ ਸਾਜਣਾ ਚਾਹੁੰਦੇ ਸਨ। ਕੁਇਰ ਸਿੰਘ ਨੇ ਉਨ੍ਹਾਂ ਜਤਨਾਂ ਦਾ ਚੋਖਾ ਵੇਰਵਾ ਦਿੱਤਾ ਹੈ ਜੋ ਗੁਰੂ ਸਾਹਿਬ ਨੇ ਦੇਵੀ ਨੂੰ ਪ੍ਰਗਟ ਕਰਾਉਣ ਵਾਸਤੇ ਕੀਤੇ। ਅੰਤ ਨੂੰ, ਜਦੋਂ ਇਨ੍ਹਾਂ ਜਤਨਾਂ ਦੇ ਸਿੱਟੇ ਵਜੋਂ ਦੇਵੀ ਪ੍ਰਗਟ ਹੋ ਜਾਂਦੀ ਹੈ, ਤਾਂ ਗੁਰੂ ਸਾਹਿਬ ਉਸ ਤੋਂ ਵਰ ਮੰਗਦੇ ਹਨ। ਕੁਇਰ ਸਿੰਘ ਨੇ ਇਸ ਦਾ ਇਸ ਤਰ੍ਹਾਂ ਜ਼ਿਕਰ ਕੀਤਾ ਹੈ :

13

ਸਵੈਯਾ

"ਬਰੰ ਬ੍ਰੂਹ" ਕਹਜੋ ਦੇਵੀ ਯਾ ਤਬ ਹੀ, ਗੁਰ ਹੋਈ ਗਦਾਗਦ ਵਾਕ ਅਲਾਏ।
"ਦਾਨ ਦਿਜੈ ਜਗ ਮਾਤ ! ਇਹੈ ਜਿਮ ਖ਼ਾਲਸਾ ਪੰਥ ਕਰੋਂ ਸੁਖ ਪਾਏ।
ਨਾਸ ਮਲੇਛ ਕਰੇ ਸਬ ਕੋ, ਹਰਿ ਨਾਮ ਸੁਨੇ ਗੁਰ ਧਜਾਨ ਲਗਾਏ।
ਚਿੜੀਆਂ ਸਮ ਸਿਖ ਬਿਰਾਜਤ ਹੈਂ ਤਦਪੰ ਸਭ ਖਾਨ ਪਠਾਨਨ ਘਾਏ"।
ਤਬ ਦੇਵੀ ਉਚਾਰ ਕਰਜੋ ਅਸ ਹੀ, "ਪ੍ਰਿਥਮੈ ਖਲ ਤੇ ਇਮ ਭਾਵ ਕਰਾਈ।
ਤਿਮ ਹੀ ਤਿਸ ਯਾ ਬਲ ਹੋਇ ਘਨੋ, ਕਛੁ ਨੈਨ ਮੁੰਦੇ ਅਤਿ ਤੇਜ ਧਰਾਹੀ।
ਜੈਸ ਬਿੰਧ ਹਰਿ ਸੰਕਰ ਮੋ ਸੁਤ, ਤੈਸ ਤੁਹੀ ਨਿਰਬਾਨ ਸਦਾ ਹੀ।"
ਯੋ ਕਹਿ ਖੰਡਾ ਦੀਓ ਪਹਿਰਾਇ ਕੈ, ਜਾਹਿ ਸੋ ਸੁੰਭ ਨਿਸੁੰਭ ਹਤਾਹੀ।

[ਅੱਠਵਾਂ ਅਧਿਆਇ, ਪੰਨਾ ੧੦੧-੨]

ਇਸ ਕਿਸਮ ਦਾ ਦੇਵੀ ਪੂਜਾ ਦਾ ਪ੍ਰਸੰਗ ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਦੇ ਕਈ ਗ੍ਰੰਥਾਂ ਵਿਚ ਦਿੱਤਾ ਹੋਇਆ ਹੈ, ਜਿਨ੍ਹਾਂ ਵਿਚੋਂ ਭਾਈ ਸੁਖਾ ਸਿੰਘ ਦਾ 'ਗੁਰਬਿਲਾਸ' ਤੇ ਭਾਈ ਸੰਤੋਖ ਸਿੰਘ ਦਾ 'ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ' ਬਹੁਤ ਪ੍ਰਸਿੱਧ ਹਨ। ਪਰੰਤੂ ਕੁਇਰ ਸਿੰਘ ਤੋਂ ਪਹਲਾਂ ਦਾ ਕੋਈ ਲਿਖਾਰੀ ਇਸ ਦਾ ਜ਼ਿਕਰ ਨਹੀਂ ਕਰਦਾ, ਜਿਸ ਤੋਂ ਇਹ ਭਾਵ ਨਿਕਲਦਾ ਹੈ ਕਿ ਇਸ ਪ੍ਰਸੰਗ ਨੂੰ ਚਲਾਉਣ ਵਿਚ ਪਹਲ ਕਰਨ ਵਾਲਾ ਸ਼ਾਇਦ ਕੁਇਰ ਸਿੰਘ ਹੀ ਸੀ। ਮਗਰੋਂ ਦੇ ਲਿਖਾਰੀ ਇਸ ਦੇ ਚਾਲੂ ਕੀਤੇ ਪ੍ਰਸੰਗ ਨੂੰ ਸੋਧ ਕੇ ਹੋਰ ਤੇ ਨਵੇਂ ਰੂਪ ਦੇਂਦੇ ਗਏ। ਉਦਾਹਰਣ ਦੇ ਤੋਰ ਤੇ, ਇਸ ਨੇ ਦੇਵੀ ਪੂਜਾ ਦਾ ਸਮਾਂ ਤੇ ਸਥਾਨ ਦੋਵੇਂ ਕੁਝ ਅਣਹੋਣੇ ਜੇਹੇ ਦਿੱਤੇ ਹਨ। ਸਮੇਂ ਦਾ ਅਸੀਂ ਪਹਲਾਂ ਜ਼ਿਕਰ ਕਰ ਚੁਕੇ ਹਾਂ। ਸਥਾਨ ਇਸ ਨੇ ਗੰਗਾ ਦਾ ਕਿਨਾਰਾ ਦਿੱਤਾ ਹੈ। ਭਾਈ ਸੁਖਾ ਸਿੰਘ ਤੇ ਕਵੀ ਸੰਤੋਖ ਸਿੰਘ ਨੇ ਸਥਾਨ ਗੰਗਾ ਦੇ ਕੰਢੇ ਤੋਂ ਬਦਲ ਕੇ ਨੈਨਾ ਦੇਵੀ ਪਹਾੜੀ ਦੀ ਸਿਖਰ ਤੇ ਲੈ ਆਂਦਾ ਹੈ। ਇਸੇ ਤਰ੍ਹਾਂ ਸਮਾਂ ਵੀ ਉਨ੍ਹਾਂ ਨੇ ਕਈ ਸਾਲ ਅਗਾਂਹ ਕਰ ਦਿੱਤਾ ਹੈ, ਤਾਂ ਜੋ ਇਸ ਦੇ ਮੰਨੇ ਜਾਣ ਦੀ ਸੰਭਾਵਨਾ ਵਧਾਈ ਜਾ ਸਕੇ।

ੜ. 'ਬਚਿਤ੍ਰ ਨਾਟਕ' ਅਨੁਸਾਰ ਨਾਦੌਣ ਦੀ ਲੜਾਈ ਤੋਂ ਕੁਝ ਵਰ੍ਹੇ ਮਗਰੋਂ ਦਿਲਾਵਰ ਖਾਂ ਦੇ ਹਮਲੇ ਹੋਏ। ਦਿਲਾਵਰ ਖਾਂ ਔਰੰਗਜ਼ੇਬ ਦਾ ਇਕ ਪੰਜ ਹਜ਼ਾਰੀ ਫ਼ੌਜੀ ਸਰਦਾਰ ਸੀ ਜੋ ਪਹਾੜੀ ਰਾਜਿਆਂ ਨੂੰ ਸਰ ਕਰਨ ਆਇਆ ਸੀ। ਉਸ ਨੇ ਪਹਲਾਂ ਆਪਣੇ ਇਕ ਪੁੱਤਰ ਨੂੰ, ਜਿਸ ਨੂੰ ਗੁਰੂ ਸਾਹਿਬ ਨੇ ਆਪਣੀ ਆਤਮ ਕਥਾ ਵਿਚ "ਖਾਨਜ਼ਾਦਾ" ਕਰਕੇ ਲਿਖਿਆ ਹੈ, ਆਨੰਦਪੁਰ ਉਤੇ ਹਮਲਾ ਕਰਨ ਲਈ ਭੇਜਿਆ। ਜਦ ਉਹ ਕਾਮਯਾਬ ਨ ਹੋਇਆ, ਤਾਂ ਉਸ ਨੇ ਆਪਣੇ ਇਕ ਗ਼ੁਲਾਮ, ਹੁਸੈਨ ਖਾਂ ਨੂੰ ਪਹਾੜੀ ਮੁਹਿੰਮ ਉਤੇ ਭੇਜਿਆ। ਉਸ ਦੇ ਯੁੱਧ ਨੂੰ ਹੁਸੈਨੀ ਯੁੱਧ ਕਹਿਆ ਜਾਂਦਾ ਹੈ ਅਤੇ ਇਹ ਯੁੱਧ, ਸੇਵਾ ਸਿੰਘ ਕਰਤਾ 'ਸ਼ਹੀਦ ਬਿਲਾਸ' ਅਨੁਸਾਰ ੨੩ ਫਗਣ, ਸੰਮਤ ੧੭੫੨ ਬਿਕ੍ਰਮੀ (੨੦ ਮਾਰਚ, ਸੰਨ ੧੬੯੬ ਈ.) ਨੂੰ ਹੋਇਆ। ਸ਼ਹਜ਼ਾਦਾ ਮੁਅੱਜ਼ਮ ਦੇ ਸਰਦਾਰ ਮਿਰਜ਼ਾ ਬੇਗ ਅਤੇ ਉਸ ਦੇ ਅਹਦੀਆਂ ਦੇ ਹਮਲੇ ਇਸ ਤੋਂ ਪਿਛੋਂ ਹੋਏ। ਲੜਾਈਆਂ ਦੀ ਇਹ ਤਰਤੀਬ 'ਬਚਿਤ੍ਰ ਨਾਟਕ', 'ਸ਼ਹੀਦ ਬਿਲਾਸ' ਤੇ 'ਸ੍ਰੀ ਗੁਰ ਸੋਭਾ' ਵਿਚ ਕਰੀਬ ਕਰੀਬ ਇਕੋ ਜੇਹੀ ਹੈ। ਆਨੰਦਪੁਰ ਦੀਆਂ ਵਡੀਆਂ ਲੜਾਈਆਂ ਦਾ ਆਰੰਭ ਲਗਪਗ ੧੭੦੦ ਈ. ਤੋਂ ਹੁੰਦਾ ਹੈ ਅਤੇ ਇਹ ਦੌਰ ੧੭੦੫ ਈ. ਤਕ, ਥੋੜ੍ਹੇ ਬਹੁਤ ਵਕਫ਼ਿਆਂ ਨਾਲ ਚਲਦਾ ਰਹਿੰਦਾ ਹੈ। ੧੭੦੫ ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਸਦਾ ਲਈ ਆਨੰਦਪੁਰ ਛੱਡ ਕੇ ਜਾਣਾ ਪੈਂਦਾ ਹੈ।

ਕੁਇਰ ਸਿੰਘ ਨੇ ਇਨ੍ਹਾਂ ਲੜਾਈਆਂ ਦੀ ਤਰਤੀਬ ਵਿਚ ਇਕ ਬਹੁਤ ਵੱਡਾ ਭੁਲੇਖਾ ਖਾਧਾ ਹੈ। ਉਹ ਸੰਮਤ ੧੭੪੬ ਬਿ. (੧੬੮੯ ਈ.) ਵਿਚ ਪੰਥ ਸਾਜਣਾ ਕਰਾ ਦੇਂਦਾ ਹੈ ਅਤੇ ਉਸ ਤੋਂ ਛੇਤੀ ਬਾਦ ਆਨੰਦਪੁਰ ਦੀਆਂ ਲੜਾਈਆਂ ਦਾ ਪਹਲਾ ਦੌਰ ਸ਼ੁਰੂ ਕਰਾ ਦੇਂਦਾ ਹੈ। ਇਨ੍ਹਾਂ ਲੜਾਈਆਂ ਦਾ ਵਰਣਨ ਕਰਦਿਆਂ ਉਹ ਆਨੰਦਪੁਰ ਦੇ ਬਹੁਤ ਸਾਰੇ ਕਿਲ੍ਹਿਆਂ ਦਾ ਨਾਉਂ ਲੈਂਦਾ ਹੈ, ਜਿਵੇਂ ਕਿ ਇਹ ਕਿਲ੍ਹੇ ਉਦੋਂ ਤੀਕ ਬਣ ਕੇ ਵਰਤੋਂ ਵਿਚ ਆਉਣ ਲਗ ਪਏ ਸਨ। ਇਨ੍ਹਾਂ ਲੜਾਈਆਂ ਦੇ ਮੁਕਣ ਤੋਂ ਪਿਛੋਂ ਉਹ ਖ਼ਾਨਜ਼ਾਦਾ, ਹੁਸੈਨ ਖਾਂ, ਅਤੇ ਮਿਰਜ਼ਾ ਬੇਗ ਦੇ ਹਮਲਿਆਂ ਦਾ ਜ਼ਿਕਰ ਕਰਦਾ ਹੈ ਅਤੇ ਫਿਰ ਕੁਝ ਵਰ੍ਹੇ ਮਗਰੋਂ ਆਨੰਦਪੁਰ ਦੀਆਂ ਲੜਾਈਆਂ ਦਾ ਦੂਜਾ ਦੌਰ ਸ਼ੁਰੂ ਕਰਦਾ ਹੈ, ਜ਼ਾਹਿਰ ਹੈ ਕਿ ਕੁਇਰ ਸਿੰਘ ਦਾ ਇਸ ਤਰਤੀਬ ਵਿਚ ਲੜਾਈਆਂ ਦਾ ਸਮਾਚਾਰ ਦੇਣਾ ਇਤਿਹਾਸਕ ਸਚਾਈ ਤੋਂ ਬਹੁਤ ਪਰੇ ਹੈ। ਪਰੰਤੂ, ਇਨ੍ਹਾਂ ਜੰਗਾਂ ਦਾ ਜੋ ਹਾਲ ਉਸ ਨੇ ਬਿਆਨ ਕੀਤਾ ਹੈ, ਉਹ ਬਹੁਤ ਹੱਦ ਤੀਕ ਠੀਕ ਮਾਲੂਮ ਹੁੰਦਾ ਹੈ ਅਤੇ ਇਤਿਹਾਸਕ ਵਾਕਫ਼ੀਅਤ ਦੇ ਪੱਖ ਤੋਂ ਬਹੁਤ ਮਹੱਤ੍ਵਪੂਰਣ ਹੈ। ਜੇ ਇਨ੍ਹਾਂ ਲੜਾਈਆਂ ਦੇ ਦੋਵੇਂ ਦੌਰ ਇਕੱਠੇ ਮਿਰਜ਼ਾ ਬੇਗ ਤੇ ਅਹਦੀਆਂ ਦੇ ਹਮਲਿਆ ਤੋਂ ਪਿਛੋਂ ਦਿੱਤੇ ਜਾਂਦੇ, ਤਾਂ ਉਸ ਦੀ ਰਚਨਾ ਇਤਿਹਾਸਕ ਪੱਖ ਤੋਂ ਹੋਰ ਵੀ ਚੰਗੀ ਤੇ ਭਰੋਸੇਯੋਗ ਬਣ ਜਾਂਦੀ। ਉਸ ਨੂੰ ਤਾਰੀਖਾਂ ਬਾਰੇ ਜੋ ਭੁਲੇਖੇ ਲਗੇ ਹਨ, ਉਨ੍ਹਾਂ ਦਾ ਵਡਾ ਕਾਰਣ ਇਹ ਜਾਪਦਾ ਹੈ ਕਿ ਲਿਖਣ ਵੇਲੇ ਉਸ ਨੂੰ ਘਟਨਾਵਾਂ ਜਾਂ ਮਿਤੀਆਂ ਦੀ ਉਹ ਤਰਤੀਬ ਯਾਦ ਨਹੀਂ ਰਹੀ ਜਿਹੜੀ ਭਾਈ ਮਨੀ ਸਿੰਘ ਨੇ ਉਸ ਨੂੰ ਦਸੀ ਹੋਵੇਗੀ ਅਤੇ ਜੇ ਇਹ ਗੁਰਬਿਲਾਸ ਭਾਈ ਸਾਹਿਬ ਦੀ ਸ਼ਹੀਦੀ (੧੭੩੪ ਈ.) ਤੋਂ ਮਗਰੋਂ ਲਿਖਿਆ ਗਿਆ ਹੋਵੇ, ਜਿਸ ਦੀ ਕਿ ਸਾਨੂੰ ਚੋਖੀ ਸੰਭਾਵਨਾ ਲਗਦੀ ਹੈ ਕਿਉਂ ਜੋ ਇਸ ਗ੍ਰੰਥ ਦੀ ਸਮਾਪਤੀ ੧੭੫੧ ਈ. ਵਿਚ ਹੋਈ, ਤਾਂ ਇਕ ਵਾਰ ਪਏ ਭੁਲੇਖਿਆਂ ਨੂੰ ਸਾਫ਼ ਕਰਨਾ ਵੀ ਉਸ ਲਈ ਅਤਿ ਕਠਿਨ ਸੀ।

੪. ਕਵੀ ਹੋਣ ਦੇ ਨਾਤੇ ਜਾਂ ਇਤਿਹਾਸਕ ਸੂਝ ਦੀ ਕੁਝ ਘਾਟ ਕਰਕੇ ਜਾਂ ਪਤਾ ਨਹੀਂ ਕਿਸੇ ਹੋਰ ਕਾਰਣ, ਕੁਇਰ ਸਿੰਘ ਆਪਣੇ ਲੜਾਈਆਂ ਦੇ ਵਰਣਨ ਵਿਚ ਵੈਰੀ ਦੀ ਫ਼ੌਜ ਬਾਰੇ ਬਹੁਤ ਵਧਾ ਚੜ੍ਹਾ ਕੇ ਅੰਕੜੇ ਦੇਂਦਾ ਹੈ। ਮਿਸਾਲ ਦੇ ਤੌਰ ਤੇ ਆਨੰਦਪੁਰ ਦੀ ਪਹਲੀ ਲੜਾਈ ਦੇ ਸਮੇਂ ਦੁਸ਼ਮਨ ਦੀ ਫ਼ੌਜ ਦੀ ਗਿਣਤੀ ਚਾਲੀ ਲੱਖ ਤੋਂ ਵੱਧ ਦਸਦਾ ਹੈ (ਵੇਖੋ ਦਸਵਾਂ ਅਧਿਆਇ, ਪੰਨਾ ੧੪੫)। ਇਸੇ ਤਰ੍ਹਾਂ ਉਹ ਆਨੰਦਪੁਰ ਦੀ ਦੂਜੀ ਲੜਾਈ ਅਤੇ ਚਮਕੌਰ ਦੀ ਲੜਾਈ ਵੇਲੇ ਵੈਰੀ ਸੈਨਾ ਦੀ ਗਿਣਤੀ ਕਈ ਲੱਖਾਂ ਵਿਚ ਦਸਦਾ ਹੈ। ਦੂਸਰੇ ਪਾਸੇ, ਜਦੋਂ ਉਹ ਸਿੰਘਾਂ ਹੱਥੋਂ ਦੁਸ਼ਮਨ ਦਾ ਜਾਨੀ ਨੁਕਸਾਨ ਬਿਆਨ ਕਰਦਾ ਹੈ, ਉਦੋਂ ਵੀ ਅਤਿਕਥਨੀ ਤੋਂ ਕੰਮ ਲੈਂਦਾ ਹੈ। ਜਦੋਂ ਗੁਰੂ ਸਾਹਿਬ ੧੭੦੫ ਈ. ਵਿਚ ਆਨੰਦਪੁਰ ਛੱਡ ਕੇ ਕਾਲੀ ਬੋਲੀ ਰਾਤ ਦੇ ਅਨ੍ਹੇਰੇ ਵਿਚ ਨਿਕਲ ਤੁਰੇ, ਤਾ ਦੁਸ਼ਮਨ ਨੇ ਆਪਣੇ ਕੀਤੇ ਵਾਹਦਿਆ ਦੇ ਵਿਰੁੱਧ ਗੁਰੂ ਸਾਹਿਬ ਦਾ ਪਿਛਾ ਕੀਤਾ ਅਤੇ ਕੀਰਤਪੁਰ ਦੇ ਨੇੜੇ ਆ ਕੇ ਉਨ੍ਹਾਂ ਤੇ ਹਮਲਾ ਕਰ ਦਿੱਤਾ। ਦੁਸ਼ਮਨ ਦਾ ਮੁਕਾਬਲਾ ਕਰਨ ਵਾਸਤੇ ਉਦੈ ਸਿੰਘ ਨੂੰ ਨਿਯਤ ਕਰਕੇ ਗੁਰੂ ਸਾਹਿਬ ਤੇ ਉਨ੍ਹਾਂ ਦੇ ਹੋਰ ਸਾਥੀ ਅਗਾਂਹ ਨਿਕਲ ਗਏ। ਇਸ ਵੇਲੇ ਉਦੈ ਸਿੰਘ ਦੇ ਕੋਲ ਕੇਵਲ ੫੦ ਸਿੰਘ ਸਨ, ਪਰ ਕੁਇਰ ਸਿੰਘ ਅਨੁਸਾਰ ਇਨ੍ਹਾਂ ਪੰਜਾਹਵਾਂ ਨੇ ਹੀ ਦੁਸ਼ਮਨ ਦੇ ਕਈ ਹਜ਼ਾਰ ਸੈਨਿਕ ਮਾਰ ਦਿੱਤੇ। ਇਸੇ ਤਰ੍ਹਾਂ ਚਮਕੌਰ ਦੇ ਸਥਾਨ ਤੇ ਵੈਰੀ ਦੀ ਫ਼ੌਜ ਦਸ ਲੱਖ ਦੇ ਕਰੀਬ ਸੀ ਅਤੇ ਸਿੰਘਾਂ ਦੀ ਗਿਣਤੀ ਕੇਵਲ ੪੦, ਪਰ ਇਨ੍ਹਾਂ ਚਾਲ੍ਹੀਆਂ ਨੇ ਹੀ ਦੁਸ਼ਮਨ ਦੇ ਲੱਖਾਂ ਆਦਮੀ ਬਰਬਾਦ ਕਰ ਦਿੱਤੇ। ਇਕੱਲੇ ਅਜੀਤ ਸਿੰਘ ਤੇ ਜੁਝਾਰ ਸਿੰਘ ਨੇ ਦੋ ਦੋ ਲੱਖ ਦਾ ਨੁਕਸਾਨ ਕੀਤਾ। ਇਹ ਸਾਰੇ ਅੰਕੜੇ ਇਤਿਹਾਸਕ ਪੱਖ ਤੋਂ ਠੀਕ ਨਹੀਂ ਲਗਦੇ।

15

੫. ਇਸੇ ਤਰ੍ਹਾਂ ਦਾ ਇਕ ਹੋਰ ਇਤਿਹਾਸਕ ਅਨਰਥ ਵੀਹਵੇਂ ਅਧਿਆਇ ਵਿਚ ਮਿਲਦਾ ਹੈ। ਕੁਇਰ ਸਿੰਘ ਨੇ ਲਿਖਿਆ ਹੈ ਕਿ ਆਗਰੇ ਤੋਂ ਗੁਰੂ ਸਾਹਿਬ ਬਹਾਦਰ ਸ਼ਾਹ ਨਾਲ ਰਾਜਸਥਾਨ ਗਏ ਤੇ ਉਥੇ ਕਿੰਨਾ ਚਿਰ ਕਈ ਥਾਵਾਂ ਤੇ ਘੁੰਮਦੇ ਰਹੇ। ਫਿਰ ਇਥੋਂ ਉਹ ਪਟਨਾ, ਕਾਸ਼ੀ ਤੇ ਅਜੁਧਿਆ ਦੀ ਯਾਤਰਾ ਤੇ ਗਏ ਅਤੇ ਕਈ ਸਾਲ ਇਨ੍ਹਾਂ ਥਾਵਾਂ ਤੇ ਬਿਤਾਏ। ਉਥੋਂ ਉਹ ਬੁਰਹਾਨਪੁਰ ਗਏ ਅਤੇ ਕੁਝ ਸਮਾਂ ਪਿਛੋਂ ਬੁਰਹਾਨਪੁਰ ਤੋਂ ਨੰਦੇੜ ਪਹੁੰਚੇ। ਕਵੀ ਦਾ ਇਹ ਕਥਨ ਕਿ ਗੁਰੂ ਗੋਬਿੰਦ ਸਿੰਘ ਜੀ ਰਾਜਸਥਾਨ ਤੋਂ ਸਿੱਧੇ ਬੁਰਹਾਨਪੁਰ ਨਹੀਂ ਗਏ, ਸਗੋਂ ਪਟਨਾ, ਕਾਸ਼ੀ ਤੇ ਅਜੁਧਿਆ ਦੀ ਕਈ ਸਾਲ ਲੰਮੀ ਯਾਤਰਾ ਤੋਂ ਪਿਛੋਂ ਉਥੇ ਪੁੱਜੇ, ਬਿਲਕੁਲ ਹੀ ਗ਼ਲਤ ਹੈ, ਕਿਉਂਕਿ ਉਨ੍ਹਾਂ ਨੇ ਆਪਣਾ ਸਾਰਾ ਸਫ਼ਰ ਬਹਾਦੁਰ ਸ਼ਾਹ ਦੇ ਨਾਲ ਕੀਤਾ ਅਤੇ ਬਹਾਦੁਰ ਸ਼ਾਹ ਦੇ ਸਾਰੇ ਸਫ਼ਰ ਦੀਆਂ ਤਾਰੀਖ਼ਾਂ ਮਿਲਦੀਆਂ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਆਗਰੇ ਤੋਂ ਨੰਦੇੜ ਤੀਕ ਕੇਵਲ ਲਗ ਪਗ ਇਕ ਸਾਲ ਲੱਗਾ।

ਉਕਤ ਚਰਚਾ, ਸਾਰੀ ਦੀ ਸਾਰੀ, ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ। ਪਰੰਤੂ, ਕੁਇਰ ਸਿੰਘ ਦੇ ਗੁਰਬਿਲਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਛੁਟ ਕੁਝ ਹੋਰ ਵਿਸ਼ਿਆਂ ਤੇ ਵੀ ਥੋੜ੍ਹੀ ਬਹੁਤ ਸੂਚਨਾ ਮਿਲਦੀ ਹੈ। ਨੌਵੇਂ ਗੁਰੂ, ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹੀਦੀ ਦਾ ਚੋਖਾ ਵੇਰਵਾ ਇਸ ਵਿਚ ਦਿੱਤਾ ਹੋਇਆ ਹੈ, ਭਾਵੇਂ ਇਸ ਵੇਰਵੇ ਦੀ ਮਹੱਤਾ ਇਸ ਕਰਕੇ ਕੁਝ ਘਟ ਜਾਂਦੀ ਹੈ ਕਿ ਇਸ ਵਿਚ ਔਰੰਗਜ਼ੇਬ ਤੇ ਗੁਰੂ ਸਾਹਿਬ ਵਿਚਕਾਰ ਦਿੱਲੀ ਵਿਖੇ ਇਕ ਲੰਮੀ ਚੌੜੀ ਗੋਸ਼ਟੀ ਹੋਈ ਦਰਸਾਈ ਹੈ। ਇਹ ਇਕ ਇਤਿਹਾਸਕ ਸਚਾਈ ਹੈ ਕਿ ਨਵੰਬਰ ੧੬੭੫ ਈ. ਨੂੰ, ਜਦੋਂ ਗੁਰੂ ਸਾਹਿਬ ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ ਗਿਆ, ਔਰੰਗਜ਼ੇਬ ਦਿੱਲੀ ਵਿਚ ਮੌਜੂਦ ਨਹੀਂ ਸੀ। ਇਸ ਲਈ ਬਾਦਸ਼ਾਹ ਤੇ ਗੁਰੂ ਸਾਹਿਬ ਵਿਚਕਾਰ ਇਸ ਮੌਕੇ ਤੇ ਕਿਸੇ ਮੁਲਾਕਾਤ ਜਾਂ ਗੋਸ਼ਟੀ ਦਾ ਹੋਣਾ ਅਸਲੀਅਤ ਤੋਂ ਦੂਰ ਹੈ। ਫਿਰ ਵੀ, ਕੁਇਰ ਸਿੰਘ ਦੇ ਦਿੱਤੇ ਵੇਰਵੇ ਵਿਚੋਂ ਗੁਰੂ ਤੇਗ ਬਹਾਦੁਰ ਸਾਹਿਬ ਦੀ ਸ਼ਹੀਦੀ ਦੀ ਨੌਈਅਤ ਜਾਂ ਖ਼ਾਸੀਅਤ ਦਾ ਕੁਝ ਗਿਆਨ ਜ਼ਰੂਰ ਪ੍ਰਾਪਤ ਹੋ ਜਾਂਦਾ ਹੈ। ਇਕ ਹੋਰ ਵਿਸ਼ਾ ਜਿਸ ਉਤੇ ਇਹ ਗੁਰਬਿਲਾਸ ਚਾਨਣਾ ਪਾਉਂਦਾ ਹੈ, ਭਾਈ ਮਨੀ ਸਿੰਘ ਦੀ ਸ਼ਹੀਦੀ ਹੈ। ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ, ਕੁਇਰ ਸਿੰਘ ਭਾਈ ਮਨੀ ਸਿੰਘ ਦਾ ਨਿਕਟਵਰਤੀ ਸਿੱਖ ਸੀ। ਇਸ ਨੇ ਭਾਈ ਸਾਹਿਬ ਦੀ ਸੰਨ ੧੭੩੪ ਈ. ਵਿਚ ਹੋਈ ਸ਼ਹੀਦੀ ਦੇ ਸਾਕੇ ਨੂੰ ਅੱਖੀਂ ਵੇਖਿਆ ਜਾਪਦਾ ਹੈ, ਕਿਉਂਕਿ ਉਸ ਦੇ ਇਸ ਸੰਬੰਧੀ ਬਿਆਨ ਵਿਚੋਂ ਇਸ ਚੀਜ਼ ਦੇ ਪੱਕੇ ਸੰਕੇਤ ਮਿਲਦੇ ਹਨ। ਉਹ ਇਕ ਥਾਂ ਤੇ ਲਾਹੌਰ ਸਰਕਾਰ ਵਲੋਂ ਸਿੰਘਾਂ ਨੂੰ ਦਿੱਤੇ ਲਾਲਚਾਂ ਤੇ ਭੁਲੇਵਿਆਂ ਬਾਰੇ ਲਿਖਦਾ ਹੈ :

ਤਬ ਹੀ ਖਾਨ ਬਹਾਦੁਰ ਆਯੋ। ਪੁਨਿ ਕਾਜੀ ਕੋ ਸੰਗ ਲਿਯਾਯੋ।
ਤੁਮ ਤੇ ਬਾਤ ਦੀਨ ਕੋ ਆਵਨ। ਪੂਰਬ ਜੋ ਕਹੀ ਪ੍ਰਗਟ ਸੁਹਾਵਨ।
ਜੇ ਕਰ ਦੀਨ ਹਮਾਰਾ ਗਹੋ। ਤਬ ਜੀਵਤ ਹੀ ਜਗ ਤੁਮ ਰਹੋ।
ਜਾ ਕੀ ਦੁਖਤਰ ਖੂਬ ਜੋ ਸੂਰਤ। ਦੇਹ ਬਿਵਾਹ ਤੁਮੈ ਕਰ ਮੂਰਤ।
ਸੁਨ ਕਰ ਸਿੰਘ ਸੁ ਧ੍ਰਿਗ ਅਲਾਏ। ਪੁਨਿ ਕਾਜੀ ਸੁਨਿ ਕੋਪ ਹੀ ਆਏ।
ਇਨ ਕੋ ਬ੍ਰਿਧ ਸਿੰਘ [ਮਨੀ ਸਿੰਘ] ਸਮਝਾਯੋ। ਤਬ ਸਿੰਘਨ ਸਭ ਹੀ ਮਰਵਾਯੋ।

[ਅਧਿਆਇ ੨੧, ਪੰਨਾ ੨੭੪]

ਭਾਈ ਮਨੀ ਸਿੰਘ ਦੇ ਨਾਲ ਕਈ ਹੋਰ ਸਿੰਘ ਵੀ ਫੜੇ ਹੋਏ ਸਨ, ਉਨਾਂ ਦੀ ਬਾਬਤ ਉਹ

16

ਇਉਂ ਲਿਖਦਾ ਹੈ :

ਸ੍ਰੀ ਗੁਰਬਖ਼ਸ਼ ਸਿੰਘ ਇਕ ਜਾਨੀ। ਦੂਤੀ ਸੰਤ ਸਿੰਘ ਅਗਮ ਵਖਾਨੀ।
ਅਮਰ ਸਿੰਘ ਜਾ ਮੈ ਸੁ ਅਪਾਰਾ। ਉਦੈ ਸਿੰਘ ਹੈ ਜਾਸ ਮਝਾਰਾ।
ਗੁਰਮੁਖਿ ਸਿੰਘ ਮਾਹੇ ਅਤਿ ਬੀਰਾ। ਰਣ ਸਿੰਘ ਏਕ ਅਗਮ ਮਤਿ ਧੀਰਾ।
ਸੰਗਤ ਸਿੰਘ ਨਾਮ ਹੈ ਜਾਕੋ। ਏ ਜੂਝੇ ਹੈ ਬੀਰ ਸੁ ਬਾਂਕੋ।
ਔਰ ਸਿੰਘ ਹੈਂ ਬਡੇ ਬਡੇਰੇ। ਪਰੇ ਨਿਖਾਸਤ ਬੀਚ ਸੁ ਹੇਰੇ।

[ਅਧਿਆਇ ੨੧, ਪੰਨਾ ੨੭੪]

ਇਨ੍ਹਾਂ ਸਿੰਘਾਂ ਨੇ ਜਦੋਂ ਕਾਜ਼ੀ ਤੇ ਖ਼ਾਨਬਹਾਦੁਰ ਦੇ ਚੁਭਵੇਂ ਬਚਨ ਸੁਣੇ, ਤਾਂ ਉਨ੍ਹਾਂ ਨੂੰ ਗੁੱਸਾ ਆ ਗਇਆ, ਪਰ ਭਾਈ ਮਨੀ ਸਿੰਘ ਨੇ ਇਨ੍ਹਾਂ ਦੇ ਗੁੱਸੇ ਨੂੰ ਸ਼ਾਂਤ ਕਰ ਦਿੱਤਾ। ਇਨ੍ਹਾਂ ਦੀ ਮੌਤ ਬਾਰੇ ਕੁਇਰ ਸਿੰਘ ਲਿਖਦਾ ਹੈ :

ਕੇਈਅਕ ਸੂਲੀ ਕਰਅਨ ਦਏ। ਕਈ ਚਰਖੜੀ ਬੀਚ ਸੁ ਭਏ।
ਤਬ ਹੀ ਸਿੰਘ ਅਕਾਲ ਜਪਾਏ। ਮਾਨੋ ਬੀਜ ਆਪ ਭੁਇ ਪਾਏ।

[ਅਧਿਆਇ ੨੧, ਪੰਨਾ ੨੭੪]

ਅੰਤ ਵਿਚ ਉਹ ਭਾਈ ਸਾਹਿਬ ਦੀ ਸ਼ਹੀਦੀ ਦਾ ਨਕਸ਼ਾ ਖਿਚਦਾ ਹੈ;

ਮਨੀ ਸਿੰਘ ਕੋ ਬਚਨ ਅਲਾਏ। "ਇਨ ਕੋ ਮਾਰੋ, ਸਭੀ ਗਵਾਏ।"
ਜਬੀ ਸੀਸ ਸਮਸੇਰ ਦਿਖਾਯੋ। ਮਨੀ ਸਿੰਘ ਤਬ ਬਚਨ ਅਲਾਯੋ।
"ਇਸ ਕਰ ਗੁਰੁ ਖਾਲਸ ਨਹਿ ਗਾਈ। ਜਸੋਂ ਕਰ ਤੁਮ ਮਾਰਤ ਹੋ ਆਈ।
...... ...... ......
ਨਹਿ ਕਾਜੀ ਨੇ ਖਾਨ ਬਖਾਨਾ। "ਕਰੋ ਟੂਕ ਇਨ ਕੋ ਅਬ ਜਾਨਾ"।
ਤਬ ਹੀ ਤੇਸਾ ਲੈ ਕਰ ਆਏ। ਜੁਗਲ ਅੰਗ ਜਬ ਕਰੇ ਜੁਦਾਏ।
ਏਕ ਰੋਮ ਨਹਿ ਕਟੇ ਸੁ ਤਾਨੀ। ਮਨੀ ਸਿੰਘ ਤਬ ਬਦਨ ਬਖਾਨੀ।
"ਮੂਰਖ ! ਬੰਦ ਇਉਂ ਹੀ ਨਹੀ ਕਹੀਐ। ਚਿਹਨ ਸੁ ਅੰਗੁਰੀ ਕਰ ਕਰ ਲਹੀਐ।
...... ...... ......
ਤਬ ਹੀ ਤੁਰਕ ਬਹੁਤ ਡਰ ਗਏ। ਕਾਜੀ ਕੋਪ ਸੋ ਬਦਨ ਅਲਏ।
ਭਿੰਨ ਭਿੰਨ ਜਬ ਅੰਗ ਬਢਾਏ। ਤਬ ਹੀ ਬਿਨਸੈ ਆਪ ਸੁਭਾਏ।

[ਅਧਿਆਇ ੨੧, ਪੰਨਾ ੨੭੪-੭੫]

ਇਸ ਤੋਂ ਪਿਛੋਂ ਭਾਈ ਸਾਹਿਬ ਦੀ ਸ਼ਹੀਦੀ ਦਾ ਸੰਮਤ ਕਵੀ ਨੇ ਇਨ੍ਹਾਂ ਸ਼ਬਦਾਂ ਵਿਚ ਦਿੱਤਾ ਹੈ:

ਸੰਮਤ ਸਤ੍ਹ ਸਹਸ ਇਕਾਵਨ। ਮਾਸ ਅਖਾੜ ਸੁਕਲ ਬਰ ਪਾਵਨ।
ਦਹੇ ਬੀਚ ਤੁਰਕਨ ਕੋ ਮੇਲਾ। ਤਬ ਹੀ ਮ੍ਰਿਤ ਗੁਰੂ ਸੰਗ ਚੇਲਾ।
ਪੰਚਮਿ ਥਿਤ ਭੋਮ ਅਤਿ ਵਾਰੀ। ਲਵਪੁਰ ਮਾਹਿ ਦੇਹਿ ਬਿਨਸਾਰੀ।
ਜਾਹਿ ਨਿਖਾਸਤ ਖਾਨ ਸੁ ਕਹੀਐ। ਸੌਦਾਗਰ ਕੋ ਥਾਨ ਸੁ ਲਹੀਐ।
ਸੀਸ ਦੇਇ ਸਿੰਘਨ ਲੀਅ ਥਾਨਾ। ਬਲੀ ਸ਼ਹੀਦ ਭਏ ਤਿਹ ਮਾਨਾ।
ਸਰਬ ਸਥਾਨ ਸਿੰਘ ਕਾ ਕਹੀਐ। ਜੋਇ ਨਿਖਾਸਤ ਖਾਨਾ ਕਹੀਐ।

[ਅਧਿਆਇ ੨੧, ਪੰਨਾ ੨੭੫-੭੬]

17

ਭਾਈ ਮਨੀ ਸਿੰਘ ਅਤੇ ਉਨਾਂ ਦੇ ਬਹਾਦੁਰ ਸਾਥੀਆਂ ਦੀ ਸ਼ਹੀਦੀ ਬਾਰੇ ਕੁਇਰ ਸਿੰਘ ਦੀ ਲਿਖਤ ਅਦੁੱਤੀ ਹੈ, ਕਿਉਂਕਿ ਇਸ ਵਿਚ ਅੱਖੀਂ ਡਿਠਾ ਹਾਲ ਦਿੱਤਾ ਗਇਆ ਹੈ।

ਇਤਿਹਾਸ ਵਿਚ ਹਰ ਨਵੀਂ ਪੀੜ੍ਹੀ ਨਵੇਂ ਅਰਥ ਢੂੰਡਦੀ ਤੇ ਲਭਦੀ ਹੈ। ਸਮਾਂ ਬਦਲਦਾ ਰਹੰਦਾ ਹੈ ਅਤੇ ਉਸ ਨਾਲ ਵਾਤਾਵਰਣ, ਸਮੱਸਿਆਵਾਂ, ਭਾਵਨਾਵਾਂ ਤੇ ਦ੍ਰਿਸ਼ਟੀਕੋਣਾਂ ਵਿਚ ਸੁਤਹ ਸਿਧ ਪਰਿਵਰਤਨ ਆਉਂਦੇ ਰਹੰਦੇ ਹਨ। ਇਸ ਦਾ ਇਕ ਨਤੀਜਾ ਇਹ ਨਿਕਲਦਾ ਹੈ ਕਿ ਭੂਤ ਕਾਲ ਦੀਆਂ ਘਟਨਾਵਾਂ ਹਰ ਨਵੀਂ ਪੀੜ੍ਹੀ ਦੇ ਲੋਕਾਂ ਲਈ ਨਵੇਂ ਰੂਪ ਵਿਚ ਰੂਪਮਾਨ ਹੁੰਦੀਆਂ ਹਨ। ਇਹ ਗੱਲ ਕਵੀ ਕੁਇਰ ਸਿੰਘ ਉੱਤੇ ਪੂਰੀ ਤਰ੍ਹਾਂ ਘਟਦੀ ਹੈ। ਗੁਰੂ ਜੀ ਸੰਨ ੧੭੦੮ ਈ. ਵਿਚ ਜੋਤੀ ਜੋਤ ਸਮਾਏ ਸਨ। ਉਸ ਤੋਂ ਪਿਛੋਂ ਸਿੱਖਾਂ ਦੇ ਹਾਲਾਤ ਵਿਚ ਇਕ ਮਹਾਨ ਇਨਕਲਾਬ ਆ ਚੁਕਾ ਸੀ। ਗੁਰੂ ਸਾਹਿਬ ਦੇ ਦੇਹਾਂਤ ਦੇ ਦੋ ਸਾਲਾਂ ਦੇ ਅੰਦਰ ਅੰਦਰ ਬੰਦਾ ਸਿੰਘ ਬਹਾਦੁਰ ਨੇ ਪੂਰਬੀ ਪੰਜਾਬ ਵਿਚੋਂ ਮੁਗ਼ਲ ਸਾਮਰਾਜ ਨੂੰ ਖ਼ਤਮ ਕਰ ਕੇ ਇਕ ਆਜ਼ਾਦ ਖ਼ਾਲਸਾ ਰਾਜ ਸਥਾਪਿਤ ਕਰ ਲਇਆ ਸੀ। ਭਾਵੇਂ ਇਹ ਰਾਜ ਬੰਦਾ ਬਹਾਦੁਰ ਦੀ ਦਿੱਲੀ ਵਿਖੇ ੧੭੧੬ ਈ. ਵਿਚ ਮੁਗ਼ਲ ਬਾਦਸ਼ਾਹ ਫ਼ਰੁੱਖ਼ਸੀਅਰ ਦੇ ਹੁਕਮ ਨਾਲ ਹੋਈ ਮੌਤ ਦੁਆਰਾ ਖ਼ਤਮ ਹੋ ਗਇਆ, ਪਰ ਇਸ ਥੋੜ-ਚਿਰੇ ਰਾਜਨੀਤਿਕ ਤਜਰਬੇ ਦਾ ਪ੍ਰਭਾਵ ਲਗ ਪਗ ਸਦਾ ਲਈ ਸਿੱਖਾਂ ਦੇ ਦਿਲਾਂ ਉਤੇ ਅੰਕਿਤ ਹੋ ਗਇਆ। ਕੁਝ ਵਰ੍ਹਿਆਂ ਦੀ ਓਪਰੀ ਸ਼ਾਂਤੀ ਮਗਰੋਂ ਫਿਰ ਮੁਗ਼ਲਾਂ ਤੇ ਸਿਖਾਂ ਵਿਚ ਖੁਲ੍ਹਮਖੁਲ੍ਹੀ ਟੱਕਰ ਸ਼ੁਰੂ ਹੋਈ। ਹਕੂਮਤ ਨੇ ਹਰ ਢੰਗ ਨਾਲ, ਜਾਗੀਰਾਂ ਜਾਂ ਇਨਾਮਾਂ ਦਾ ਲਾਲਚ ਦੇ ਕੇ, ਸਖ਼ਤੀ ਨਾਲ ਦਬਾ ਕੇ, ਗਸ਼ਤੀ ਫ਼ੌਜ ਦੁਆਰਾ ਗ੍ਰਿਫ਼ਤਾਰੀਆਂ ਕਰ ਕੇ, ਜਾਂ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇ ਕੇ, ਬਾਗ਼ੀਆਂ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ। ਹਕੂਮਤ ਦੇ ਚੈਲੰਜ ਨੂੰ ਆਪਣੀ ਜ਼ਿੰਦਗੀ-ਮੌਤ ਦਾ ਸਵਾਲ ਬਣਾ ਕੇ ਸਿੱਖਾਂ ਨੇ ਆਪਣੇ ਆਪ ਨੂੰ ਪਹਲਾਂ ਛੋਟੇ ਛੋਟੇ ਗੁਰੀਲਾ ਦਸਤਿਆਂ ਵਿਚ, ਫਿਰ ਬੁੱਢਾ ਦਲ ਤੇ ਤਰੁਣਾ ਦਲ ਦੇ ਵਡੇ ਵਡੇ ਜਥਿਆਂ ਵਿਚ ਤੇ ਅੰਤ ਨੂੰ ਇਕ ਸੰਯੁਕਤ ਸ਼ਕਤੀਸ਼ਾਲੀ ਜਥੇਬੰਦੀ 'ਖਾਲਸਾ ਦਲ' ਵਿਚ ਸੰਗਠਿਤ ਕਰ ਲਿਆ। ਨਾਦਿਰਸ਼ਾਹ ਦੇ ੧੭੩੯ ਈ. ਦੇ ਹਮਲੇ, ਨਵਾਬ ਜ਼ਕਰੀਆ ਖਾਂ, ਸੂਬੇਦਾਰ ਲਾਹੌਰ, ਦੀ ਮੌਤ ਤੇ ਉਸ ਤੋਂ ਪਿਛੋਂ ਉਸ ਦੇ ਲੜਕਿਆਂ ਵਿਚਕਾਰ ਖ਼ਾਨਾਜੰਗੀ ਅਤੇ ਅਹਮਦ ਸ਼ਾਹ ਅਬਦਾਲੀ ਦੇ ੧੭੪੮ ਈ. ਤੇ ਉਸ ਤੋਂ ਮਗਰੋਂ ਦੇ ਹਮਲਿਆਂ ਨੇ ਪੰਜਾਬ ਤੇ ਦਿੱਲੀ ਦੀਆਂ ਸਰਕਾਰਾਂ ਦੀ ਤਾਕਤ ਨੂੰ ਕਰਾਰੀਆਂ ਸੱਟਾਂ ਮਾਰ ਕੇ ਹਾਲਾਤ ਨੂੰ ਸਿੱਖਾਂ ਲਈ ਬੜਾ ਸੁਖਾਵਾਂ ਬਣਾ ਦਿੱਤਾ ਜਿਸ ਨਾਲ ਉਨ੍ਹਾਂ ਦੀ ਕਾਮਯਾਬੀ ਦੀਆਂ ਸੰਭਾਵਨਾਵਾਂ ਬਹੁਤ ਵਧ ਗਈਆਂ। ਜਿਸ ਸਮੇਂ ਕੁਇਰ ਸਿੰਘ ਆਪਣਾ ਗੁਰਬਿਲਾਸ ਲਿਖ ਰਹਿਆ ਸੀ, ਉਸ ਵੇਲੇ ਸਿੱਖਾਂ ਤੇ ਮੁਗ਼ਲ ਸਰਕਾਰ ਅਰਥਾਤ 'ਤੁਰਕਾਂ' ਦੀ ਪਰਸਪਰ ਟੱਕਰ ਬੜੇ ਜ਼ੋਰਾਂ ਤੇ ਸੀ। ਇਹ ਤੁਰਕ ਹੀ ਖ਼ਾਲਸੇ ਲਈ ਮਲੇਛ, ਜ਼ਾਲਿਮ ਤੇ ਪਾਪੀ ਸਨ ਅਤੇ ਇਨ੍ਹਾਂ ਦੇ ਵਿਰੁੱਧ ਲੜਾਈ ਆਜ਼ਾਦੀ ਦੇ ਸੰਗ੍ਰਾਮ ਦੇ ਤੁੱਲ ਸੀ। ਸਿੱਖ ਇਸ ਸੁਤੰਤਰਤਾ ਸੰਗ੍ਰਾਮ ਵਿਚ ਸਿਰ ਤੋਂ ਪੈਰਾਂ ਤੀਕ ਖੁਭੇ ਹੋਏ ਸਨ।

ਕੁਦਰਤੀ ਤੌਰ ਤੇ ਅਜੇਹੇ ਹਾਲਾਤ ਦਾ ਕੁਇਰ ਸਿੰਘ ਦੇ ਚਿੰਤਨ ਉਤੇ ਡੂੰਘਾ ਅਸਰ ਹੋਇਆ। ਇਸ ਲਈ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਨਾਂ ਧਾਰਮਿਕ ਜਾਂ ਸਮਾਜਕ ਨੇਤਾ ਦੇ ਰੂਪ ਵਿਚ ਪੇਸ਼ ਨਹੀਂ ਕੀਤਾ ਜਿੱਨਾ ਕਿ 'ਤੁਰਕਾਂ' (ਮੁਗ਼ਲਾਂ) ਦੇ ਵਿਰੁੱਧ ਸੁਤੰਤਰਤਾ ਸੰਗ੍ਰਾਮ ਦੇ ਨੇਤਾ ਅਤੇ ਖ਼ਾਲਸਾ ਰਾਜ ਦੀ ਸਥਾਪਨਾ ਤੇ ਮੁਹਰੀ ਆਗੂ ਦੇ ਰੂਪ ਵਿਚ ਪੇਸ਼ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' ਵਿਚ ਇਕ ਥਾਂ ਤੇ ਆਪਣੇ ਮਿਸ਼ਨ ਬਾਰੇ ਇਉਂ ਫ਼ਰਮਾਇਆ ਹੈ :

ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸਟ ਦੋਖੀਅਨਿ ਪਕਰਿ ਪਛਾਰੋ।
ਯਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨ।

ਜਿਨ੍ਹਾਂ ਦੁਸ਼ਟਾਂ ਦਾ ਨਾਸ ਕਰਨ ਉਤੇ ਗੁਰੂ ਸਾਹਿਬ ਨੇ ਬਾਰ ਬਾਰ ਜ਼ੋਰ ਦਿੱਤਾ ਹੈ, ਆਇਆ ਉਹ 'ਤੁਰਕ' (ਮੁਗ਼ਲ) ਸਨ ਜਾਂ ਪਹਾੜੀ ਰਾਜੇ, ਜਾਂ ਕੋਈ ਹੋਰ, ਇਸ ਗੱਲ ਦਾ ਸਪਸ਼ਟ ਸ਼ਬਦਾਂ ਵਿਚ ਉਨ੍ਹਾਂ ਨੇ ਨਿਰਣਾ ਨਹੀਂ ਕੀਤਾ। ਇਹ ਠੀਕ ਹੈ ਕਿ ਜੇ ਉਨ੍ਹਾਂ ਦੀਆਂ ਸਭ ਲਿਖਤਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ ਤੇ ਘੋਖਿਆ ਜਾਏ, ਤਾਂ ਸਾਨੂੰ ਕਈ ਅਜੇਹੇ ਸੰਕੇਤ ਮਿਲ ਜਾਣਗੇ ਜਿਨ੍ਹਾਂ ਤੋਂ ਪਤਾ ਲਗੇਗਾ ਕਿ ਦੁਸ਼ਟਾਂ ਤੋਂ ਉਨ੍ਹਾਂ ਦੀ ਮੁਰਾਦ ਅਸਲ ਵਿਚ 'ਤੁਰਕ' ਜਾਂ ਮੁਗ਼ਲ ਹੀ ਸੀ। ਪਰੰਤੂ, ਫਿਰ ਵੀ ਇਹ ਗੱਲ ਪੂਰਣ ਭਰੋਸੇ ਨਾਲ ਨਹੀਂ ਕਹੀ ਜਾ ਸਕਦੀ। ਸੈਨਾਪਤਿ, ਕਰਤਾ 'ਸ੍ਰੀ ਗੁਰਸੋਭਾ' ਨੇ ਵੀ, ਜੋ ਗੁਰੂ ਸਾਹਿਬ ਦੇ ਦਰਬਾਰੀ ਕਵੀਆਂ ਵਿਚੋਂ ਸੀ, ਇਸ ਮਾਮਲੇ ਸੰਬੰਧੀ ਕੋਈ ਸਪਸ਼ਟ ਵਿਆਖਿਆ ਨਹੀਂ ਕੀਤੀ ਅਤੇ ਲਗ ਪਗ ਗੁਰੂ ਸਾਹਿਬ ਦੇ ਸ਼ਬਦ ਹੀ ਦੁਹਰਾਏ ਹਨ :

ਸਵੈਯਾ

ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਭਯੋ ਤਾਰਨ ਤਰਣੰ।
ਤ੍ਰਈ ਲੋਕ ਬਿਖੈ ਜੈਕਾਰ ਭਯੋ ਪ੍ਰਗਟਿਉ ਗੁਰੂ ਆਦਿ ਕ੍ਰਿਆ ਕਰਣੰ।
ਦੁਸਟ ਬਿਡਾਰਣ ਸੰਤ ਉਬਾਰਣ ਸਭ ਜਗ ਤਾਵਨ ਭਵ ਹਰਣੰ।
ਜੈ ਜੈ ਜੈ ਦੇਵ ਕਰੈ ਸਭ ਹੀ ਤਿਹ ਆਨ ਪਰੇ ਗੁਰ ਕੀ ਸਰਣੰ।

[ਪ੍ਰਿਥਮ ਧਿਆਉ, ਛੰਦ ੧੭]

ਪਰੰਤੂ, ਗੁਰਬਿਲਾਸ ਪਾਤਸ਼ਾਹੀ ੧੦ ਦੇ ਲੇਖਕ ਕਵੀ ਕੁਇਰ ਸਿੰਘ ਨੇ ਇਸ ਮਾਮਲੇ ਸੰਬੰਧੀ ਕੋਈ ਭੁਲੇਖਾ ਨਹੀਂ ਰਹਣ ਦਿੱਤਾ। ਉਸ ਨੇ ਬਿਲਕੁਲ ਸਾਫ਼ ਸਾਫ਼ ਕਹ ਦਿੱਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਮ੍ਹਣੇ ਜੋ ਦੁਸ਼ਟ ਸਨ, ਉਹ ਮੁਗ਼ਲ ਹੀ ਸਨ।

ਆਪਣੀ ਰਚਨਾ ਦੇ ਪੰਜਵੇਂ ਅਧਿਆਇ ਦੀ ਪਹਲੀ ਚੌਪਈ ਵਿਚ ਉਹ ਗੁਰੂ ਜੀ ਦੇ ਇਕ ਕਥਨ ਦਾ ਹਵਾਲਾ ਦੇ ਕੇ ਇਉਂ ਲਿਖਦਾ ਹੈ :

ਸ੍ਰੀ ਗੁਰ ਕਹੈ, "ਬਡੋ ਮਹਾਕਾਲਾ। ਜਾ ਤੇ ਭਜੇ ਮਹੱਤੁਤ ਬਿਸਾਲਾ।
ਕਈ ਹਰੀ ਬਿਧ ਜਾਨੇ ਜਾਏ। ਤਾ ਨੇ ਮੋਹ ਐਸੇ ਬਚ ਠਾਏ।
ਧਰੋ ਅੱਸਿ ਤੁਮ ਗ੍ਰੀਵਾ ਅੰਤਰ। ਮਾਰੋ ਤੁਰਕ ਮਲੇਛ ਨਿਰੰਤਰ।"

ਪੰਜਵੇਂ ਅਧਿਆਇ ਦੇ ਪੰਨਾ ੪੯ ਦੀ ਪਹਲੀ ਚੌਪਈ ਵਿਚ ਗੁਰੂ ਸਾਹਿਬ ਦੇ ਜੀਵਨ ਮਿਸ਼ਨ ਬਾਬਤ ਕਵੀ ਨੇ ਲਿਖਿਆ ਹੈ :

ਚਵਗਤਨ ਕੇ ਨਾਸਨ ਹੇਤਾ। ਧਰ ਅਵਤਾਰ ਗੁਰੂ ਸੁਖ ਕੇਤਾ।

ਪੰਜਵੇਂ ਅਧਿਆਇ ਦੇ ਪੰਨਾ ੬੧ ਤੇ ਅੰਤਲੇ ਸਵੈਯੇ ਵਿਚ ਉਹ ਲਿਖਦਾ ਹੈ :

ਸ੍ਰੀ ਗੁਰ ਦੇਵ ਪਠਾ ਹਮ ਕੋ, ਧਰ ਜੁੱਧ ਕਰੈਂ ਸਭ ਤੁਰਕ ਬਿਦਾਰੈ।

ਛੇਵੇਂ ਅਧਿਆਇ ਦੇ ਪੰਨਾ ੭੯-੮੦ ਤੇ ਪਹਲੇ ਸਵੈਯੇ ਵਿਚ ਭੰਗਾਣੀ ਦੀ ਜਿੱਤ ਦੇ ਤੁਰਤ ਪਿਛੋਂ ਗੁਰੂ ਜੀ ਦਾ ਇਹ ਕਥਨ ਦਿੱਤਾ ਗਇਆ ਹੈ :

ਜਿਮੀਦਾਰ ਬਨੋ ਕਿਹ ਕਾਰਨ ਤੇ, ਸਭ ਰਾਜ ਲਿਜੈ ਸਦ ਲੋਕ ਰਹਾਈ।
ਅਰਬ ਹੀ ਖਰਬ ਜੋ ਰਾਜ ਧਨਾ ਧਨ, ਨਾਮ ਮੈ ਮਗਨ ਰਹੇ ਨਿਜ ਠਾਹੀ।
ਦੇਸ ਦੇਸ ਕੇ ਦਰਸ ਕਰੈ ਹਮ ਹੀ ਧਰ, ਭੂਮਿ ਕੋ ਰਾਜ ਨਹੀ ਮਨ ਚਾਹੀ।
ਯਾ ਬਿਧਿ ਏਕ ਕਹੈਂ ਗੁਰ ਜੀ ਅਬ, ਤੂਰਕਨ ਨਾਸ ਕਰੈਂ ਪ੍ਰਭ ਯਾਹੀ।

ਨੌਵੇਂ ਅਧਿਆਇ ਦੇ ਪੰਨਾ ੧੧੧ ਤੇ ਸਿੱਖੀ ਰਹਤ ਦਾ ਵੇਰਵਾ ਦੇਂਦਿਆਂ 'ਤੁਰਕਾਂ' ਦਾ ਨਾਸ ਕਰਨਾ ਖ਼ਾਲਸੇ ਦੇ ਮੁਢਲੇ ਫ਼ਰਜ਼ਾਂ ਵਿਚ ਸ਼ਾਮਿਲ ਕੀਤਾ ਗਇਆ ਹੈ :

ਸਦਾ ਦੇਗ ਤੇਗੰ ਤੁਮੈ ਜੀਤ ਹੋਈ। ਸਫਾ ਮਾਰ ਯਮਨੀ ਕਰੋ ਦੂਰ ਸੋਈ।
...... ...... ......
ਸਦਾ ਤੇਰਕੰ ਮਾਰਨੰ, ਸੰਤ ਸੰਗੰ। ਕਰੈ ਨਾਰਿ ਸੰਗੰ ਨ ਕਛੁ ਹੀਨ ਰੰਗੰ।

ਸੋਲ੍ਹਵੇਂ ਅਧਿਆਇ ਦੇ ਪੰਨਾ ੧੯੩ ਤੇ ਪਹਲੀ ਚੌਪਈ ਵਿਚ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਾਹਿਬਜ਼ਾਦਿਆਂ ਨੂੰ ਜੰਗ ਵਿਚ ਘੱਲਣ ਵੇਲੇ ਇਉਂ ਸੰਬੋਧਨ ਕਰਦੇ ਦਸੇ ਗਏ ਹਨ :

"ਹੇ ਸੁਤ ! ਤੁਮ ਹਮ ਕੋ ਹੋ ਪਜਾਰੇ। ਤੁਰਕ ਨਾਸ ਹਿਤ ਤੁਮ ਤਨ ਧਾਰੇ।
ਜੇ ਅਪਨੇ ਸਿਰ ਰਨ ਮੈਂ ਲਾਗੇ। ਤਾ ਕਰ ਨਾਸ ਮਲੇਛ ਸੁਭਾਗੇ।
ਤਾ ਤੇ ਯਾ ਸਮ ਸਮਾ ਨ ਕੋਈ। ਤੁਮ ਦੋਨਹੁ ਸੰਗਰ ਭਲ ਜੋਈ"।

ਸੋਲ੍ਹਵੇਂ ਅਧਿਆਇ ਦੇ ਪੰਨਾ ੧੯੯ ਤੇ ਗੁਰੂ ਜੀ ਖ਼ਾਲਸੇ ਨੂੰ ਇਉਂ ਸੰਬੋਧਨ ਕਰਦੇ ਦਰਸਾਏ ਹਨ :

ਯਾ ਬਿਧਿ ਕਹੈਂ ਖਾਲਸੇ ਤਾਈਂ। "ਹਨ ਹੈਂ ਤੁਰਕ ਸੋ ਰਚੈਂ ਉਪਾਈ"।

ਕੁਇਰ ਸਿੰਘ ਬਿਆਨ ਕਰਦਾ ਹੈ ਕਿ ਜਦੋਂ ਗੁਰੂ ਸਾਹਿਬ ਸਾਬੋ ਕੀ ਤਲਵੰਡੀ ਤੋਂ ਦੱਖਣ ਵਲ ਨੂੰ ਰਵਾਨਾ ਹੋਣ ਲਗੇ, ਤਾਂ ਉਨ੍ਹਾਂ ਦੀ ਚੜ੍ਹਤ ਤੇ ਦ੍ਰਿੜ੍ਹਤਾ ਨੂੰ ਵੇਖ ਕੇ ਦੇਵਤਿਆਂ ਦੇ ਮਨ ਵੀ ਪੰਘਰ ਗਏ ਅਤੇ ਉਨ੍ਹਾਂ ਨੇ ਆ ਕੇ ਗੁਰੂ ਜੀ ਨੂੰ ਪੂਰਣ ਸਹਾਇਤਾ ਦਾ ਬਚਨ ਦੇਂਦਿਆਂ ਇਹ ਕਹਿਆ :

"ਹਮ ਕੋ ਅਬ ਆਯਸ ਨਿਜ ਕਰੀਐ। ਐਸਾ ਕਠਿਨ ਬ੍ਰਤ ਨਹਿ ਧਰੀਐ।
ਤੁਰਕ ਮਲੇਛ ਹੋਇਗੇ ਛਾਰੀ। ਅਬ ਆਈ ਹਰਿਜਨ ਕੀ ਬਾਰੀ।
ਨਿਜ ਚਲੀਐ ਅਪਨੇ ਵਹੁ ਧਾਮਾ। ਹਮ ਕਰ ਹੈਂ ਤੁਮਰੇ ਸਭ ਕਾਮਾ।
ਗੋਵਿੰਦ ਨਗਰੀ ਆਪ ਸਿਧਰੀਐ। ਬਾਬਰ ਗ੍ਰਿਹ ਨਾਰਦ ਜਾ ਰਰੀਐ।"

[ਅਧਿਆਇ ੧੮, ਪੰਨਾ ੨੧੬]

ਜੋ ਚਿੱਤਰ ਇਸ ਲੇਖਕ ਨੇ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਸਾਜੇ ਖ਼ਾਲਸੇ ਦਾ ਪੇਸ਼ ਕੀਤਾ ਹੈ, ਉਸ ਵਿਚ 'ਤੁਰਕਾਂ' ਦੇ ਨਾਸ ਤੋਂ ਬਾਅਦ ਅਗਲਾ ਕਦਮ ਖ਼ਾਲਸਾ ਰਾਜ ਦੀ ਸਥਾਪਨਾ ਹੈ। ਇਸ ਬਾਰੇ ਇਸ ਪੁਸਤਕ ਵਿਚ ਕਈ ਥਾਵਾਂ ਤੇ ਜ਼ਿਕਰ ਆਇਆ ਹੈ। ਹੇਠ ਲਿਖੇ ਵਾਕ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਨਿਕਲੇ ਦਰਸਾਏ ਗਏ ਹਨ :

ਜਬੈ ਖਾਲਸਾ ਧਰ ਮੈਂ ਹੋਈ। ਪ੍ਰਿਥਮੈ ਦੁਖ ਪੇਖੇਗਾ ਸੋਈ।
ਪੁਨਿ ਜਬ ਰਾਜ ਦਿੱਲੀ ਮੈ ਕਰ ਹੀ। ਪਾਵੈ ਸੁਖ ਸੋ ਅਕਾਲ ਉਚਰ ਹੀ।

[ਅਧਿਆਇ ੬, ਪੰਨਾ ੭੭]

ਖਾਲਸੇ ਬੀਚ ਆਪ ਮੈਂ ਰਹੋਂ। ਤੁਰਕਨ ਕੋ ਨਿਸਦਿਨ ਮੈਂ ਦਹੋਂ।

[ਅਧਿਆਇ ੨੦, ਪੰਨਾ ੨੫੨]

ਤਾ ਕੋ ਆਗਮ ਸਭ ਨਜਰਾਵਾ। ਹੋਇ ਖਾਲਸਾ ਰਾਜ ਸੁਹਾਵਾ।

[ਅਧਿਆਇ ੯, ਪੰਨਾ ੧੧੯]

ਹਮ ਤੁਮ (ਨਬੀ ਖ਼ਾਂ, ਗ਼ਨੀ ਖ਼ਾਂ) ਕੋ ਦੇ ਵਸਤੁ (ਹੁਕਮਨਾਮਾ) ਅਪਾਰਾ।
ਤੁਮ ਜਾਨੈ ਨੁਹੀਂ ਮਨ ਨਿਰਧਾਰਾ।
ਜਬ ਹੀ ਰਾਜ ਖ਼ਾਲਸ ਕਾ ਹੋਈ।
ਤਬ ਮਾਲੂਮ ਏਹ ਵਸਤ ਸੋ ਸੋਈ।

[ਅਧਿਆਇ ੧੯, ਪੰਨਾ ੧੯੮]

੩

ਮੁਖ ਤੌਰ ਤੇ, ਸਾਡਾ ਮਨੋਰਥ ਇਥੇ ਕੁਇਰ ਸਿੰਘ ਦੇ 'ਗੁਰਬਿਲਾਸ ਪਾਤਸ਼ਾਹੀ ੧੦' ਨੂੰ ਇਤਿਹਾਸਕ ਪੱਖ ਤੋਂ ਜਾਚਣਾ ਹੈ। ਇਸ ਦੀ ਸਾਹਿਤਕ ਪੜਤਾਲ ਸਾਹਿਤ ਦੇ ਆਲੋਚਕਾਂ ਦਾ ਕੰਮ ਹੈ ਅਤੇ ਇਕ ਇਤਿਹਾਸ ਦਾ ਵਿਦਿਆਰਥੀ ਇਸ ਨਾਲ ਪੂਰਾ ਇਨਸਾਫ ਨਹੀਂ ਕਰ ਸਕਦਾ। ਪਰ ਇਸ ਮਹੱਤਵਪੂਰਨ ਵਿਸ਼ੇ ਤੇ ਕੁਝ ਨ ਕਹਣਾ ਵੀ ਠੀਕ ਨਹੀਂ ਹੋਵੇਗਾ। ਇਸ ਲਈ, ਅਸੀਂ ਇਸ ਸੰਬੰਧੀ ਕੁਝ ਮੋਟੀਆਂ ਮੋਟੀਆਂ ਗੱਲਾਂ ਦੇ ਰਹੇ ਹਾਂ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਪੁਸਤਕ ਦਾ ਲੇਖਕ ਕਿਸੇ ਦੁਨੀਆਵੀ ਅਭਿਮਾਨ ਜਾਂ ਲੋਕ-ਦਿਖਾਵੇ ਤੋਂ ਰਹਿਤ ਤੇ ਨਿਰਮਾਣ ਭਾਵ ਵਿਚ ਰਹਣ ਵਾਲਾ ਵਿਅਕਤੀ ਸੀ। ਇਸੇ ਕਰਕੇ ਉਸ ਨੇ "ਭਨਤਿ ਮੋਰ ਹੈ ਅਤਿ ਹਿ ਭਦੇਸਾ" ਲਿਖ ਕੇ ਆਪਣੀ ਭਣਿਤ (ਕਵਿਤਾ) ਨੂੰ ਇੰਨੀ ਚੰਗੀ ਨਹੀਂ, ਸਗੋਂ "ਅਤਿਹਿ ਭਦੇਸਾ" ਕਹ ਕੇ ਭੱਦੀ ਤੇ ਬੇਤੁਕੀ ਮਨਿਆ ਹੈ। ਪਰ ਇਸ ਕਥਨ ਦੇ ਬਾਵਜੂਦ ਵੀ ਇਸ ਦੀ ਕਵਿਤਾ ਬੜੀ ਸੁਆਦਲੀ ਤੇ ਮਨ-ਮੋਹਣੀ ਹੈ। ਜਿਥੇ ਬ੍ਰਜ ਭਾਸ਼ਾ ਜਾਂ ਹਿੰਦੀ ਦੇ ਕਬਿਤ, ਸਵੈਯੇ, ਆਦਿ ਛੰਦ ਇਸ ਦੀਆਂ ਅਲੰਕਾਰਕ ਖ਼ੂਬੀਆਂ ਦਰਸਾਉਂਦੇ ਹਨ, ਉਥੇ ਪੰਜਾਬੀ ਦਾ ਸਿਰਖੰਡੀ ਛੰਦ ਵੀ ਦਸਮ ਗ੍ਰੰਥ ਦੀ "ਚੰਡੀ ਦੀ ਵਾਰ" ਦਾ ਰਸ ਦੇਂਦਾ ਹੈ।

ਇਸ ਗੁਰ ਬਿਲਾਸ ਵਿਚ ਛੰਦਾਬੰਦੀ ਦੇ ਦ੍ਰਿਸ਼ਟੀਕੋਣ ਤੋਂ ਕਵੀ ਕੁਇਰ ਸਿੰਘ ਨੇ ਕੁਲ ੨੯ ਛੰਦ ਵਰਤੇ ਹਨ, ਜਿਨ੍ਹਾਂ ਦੇ ਨਾਂ, ਅਖਰ ਕ੍ਰਮ ਅਨੁਸਾਰ, ਅਚਕੜਾ, ਅੜਿਲ, ਸਲੋਕ, ਸਵੈਯਾ, ਸਿਰਖੰਡੀ, ਸੋਰਠਾ, ਸ਼ੰਕਰ, ਸੰਗੀਤ ਚਾਚਰੀ, ਕਬਿੱਤ, ਕਲਸ, ਗੀਆ, ਚੌਪਈ, ਚੌਪਈਆ, ਛਪੈ ਛੰਦ, ਝੂਲਣਾ, ਤਾਰਿਕਾ, ਤੋਮਰ, ਤ੍ਰਿਭੰਗੀ, ਦੋਹਰਾ, ਨਗਜ, ਪਾਧੜੀ, ਬਿਜੈ, ਬੇਲੀ ਬਿੰਦ੍ਰਮ, ਭੁਜੰਗ, ਭੁਜੰਗ ਪ੍ਰਯਾਤ, ਮਧੁਭਾਰ ਅਤੇ ਰਸਾਵਲ ਹਨ। ਇਹ ਸਾਰੇ ਹੀ ਛੰਦ ਅੱਜ ਤੋਂ ਢਾਈ ਤਿੰਨ ਸੌ ਸਾਲ ਪਹਲਾਂ ਸਾਡੇ ਪਿੰਗਲ ਗ੍ਰੰਥਾਂ ਵਿਚ ਆਮ ਪਾਏ ਜਾਂਦੇ ਸਨ। ਇਸ ਪੁਸਤਕ ਦੇ ਕੁਲ ਛੰਦਾਂ ਦੀ ਗਿਣਤੀ ੨੯੩੮ ਹੈ।

ਬੋਲੀ ਦੇ ਲਿਹਾਜ ਤੋਂ ਸਾਰਾ ਹੀ ਗੁਰਬਿਲਾਸ ਇਕ ਪ੍ਰਕਾਰ ਦੀ ਮਿਲਗੋਭਾ ਰਚਨਾ ਹੈ। ਕਵੀ ਨੇ ਇਸ ਵਿਚ ਭਾਵੇਂ ਬ੍ਰਜ ਭਾਸ਼ਾ ਨੂੰ ਮੁਖ ਦਰਜਾ ਦਿੱਤਾ ਹੈ, ਪਰ ਬ੍ਰਜ ਭਾਸ਼ਾ ਦੀ ਥਾਵੇਂ ਉਸ ਨੇ ਕਈ ਥਾਂ ਤੇ ਸ਼ੁੱਧ ਪੰਜਾਬੀ ਛੰਦ ਵੀ ਲਿਖੇ ਹਨ, ਜਿਵੇਂ ਕਿ ਇਸ ਦੇ ਕੁਲ ੨੯੩੮ ਛੰਦਾਂ ਵਿਚੋਂ ੩੭ ਛੰਦ ਠੇਠ ਪੰਜਾਬੀ ਵਿਚ ਹਨ। ਇਨ੍ਹਾਂ ਵਿਚੋਂ ੩੫ ਸਿਰਖੰਡੀ ਅਤੇ ਦੋ ਝੂਲਣੇ ਹਨ। ਇਨ੍ਹਾਂ ਦੇ ਕੁਝ ਨਮੂਨੇ, ਪ੍ਰਮਾਣ ਵਜੋਂ ਅੱਗੇ ਦਿੱਤੇ ਜਾਂਦੇ ਹਨ।

21

ਗੱਜੀ ਤੋਪ ਅਪਾਰੇ, ਮਾਰੂ ਬੱਜਿਆ।
ਧੂਅਰ ਭਯੋ ਗੁਬਾਰੇ, ਕਿਲਕਨ ਕਾਲੀਆਂ।
ਨਜਰ ਨ ਆਵਨ ਪਜਾਰੇ, ਵੈਰੀ ਆਪਣੇ।
ਚਲਦੇ ਸੱਦ ਗੁਬਾਰੇ, ਚਿਲਕਨ ਸੂਰਮੇ।

[ਅਧਿਆਇ ੧੦, ਪੰਨਾ ੧੨੯]

ਆਯੋ ਸਿੰਘ ਜੁਝਾਰੀ; ਖੰਡਾ ਧੂਹ ਕੇ।
ਈਸਰ ਕੋ ਅਵਤਾਰੀ, ਡਿੱਠਾ ਭ੍ਰਾਤ ਕੋ।
ਵਾਹਿਗੁਰੂ ਮੁਖ ਆਖੇ, ਲਾਇ ਸੁ ਧਯਾਨ ਨੂੰ।
ਚਲਯੋ ਯਾਨ ਮੰਝਾਰੀ, ਨਾਲੇ ਦੇਵਤਾ।

[ਅਧਿਆਇ ੧੬, ਪੰਨਾ ੧੮੪]

ਇਸ ਪੁਸਤਕ ਦੇ ਕਰਤਾ ਨੇ ਕਿਤੇ ਕਿਤੇ ਪੰਜਾਬੀ ਵਾਰਤਕ ਵਿਚ ਵਿਆਖਿਆ ਕਰਕੇ ਉਸ ਸਮੇਂ ਦੀ ਪੰਜਾਬੀ ਵਾਰਤਕ ਦਾ ਨਮੂਨਾ ਪੇਸ਼ ਕੀਤਾ ਹੈ। ਇਸ ਨਮੂਨੇ ਦੀ ਇਕ ਵੰਨਗੀ ਹੇਠਾਂ ਦਿੱਤੀ ਜਾਂਦੀ ਹੈ :

"ਛੜ੍ਹੀ ਬਿਪ੍ਰ ਸਭ ਅਕਾਲ ਕੇ ਕੀਤੇ ਹੋਏ ਹੈਨ। ਤਾਂ ਤੇ ਹੰਕ੍ਰਿਤ ਤਜਾਗੋ, ਸਰਬਤ ਜੀਅ ਵਿਚ ਅਕਾਲ ਹੈ। ਅਕਾਲ ਕੇ ਭਾਣੇ ਵਿਚ ਤੁਸਾਡੀ ਸੰਭਾਲ ਨਹੀਂ ਰਹੀ। ਇਸ ਪ੍ਰਕਾਰ ਸਮਾ ਤੇ ਨੇਤ ਵਿਚਾਰ ਕੇ ਸਾਹਬ ਕੇ ਵੇਖਣੇ ਨਾਲ ਪੰਡਿਤ ਕਾ ਮਨ ਦੂਊ ਗਯਾ। ਤਬ ਫੇਰ ਬਾਬੇ ਬਠੇ ਨੂੰ ਤੇ ਦਤਾ ਨੰਦ ਨੂੰ ਤੇ ਹੋਰਨਾ ਬਾਹਮਨਾਂ ਨੂੰ ਵਿਦਾ ਦਿੱਤੀ। ਇਕ ਸੌ ਅਠ ਹੁਕਮਨਾਵਾ ਬਖਸਿਆ ਦਤਾ ਨੰਦ ਤੇ ਬਾਬੇ ਬਠੇ ਦੀ ਰਾਹੀ। ਤਾਂ ਖ਼ਾਲਸੇ ਨੂੰ ਹੁਕਮ ਲਿਖਿਆ, "ਜੋ ਬਾਬੇ ਦੀ ਸੇਵਾ ਕਰੇਗਾ ਸੋ ਮੇਰੇ ਉਤੋਂ ਕਰਜ ਦਾ ਬੀਸਕ ਲਾਹੇਗਾ"

[ਅਧਿਆਇ ੯, ਪੰਨਾ ੧੧੭]

ਇਸ ਰਚਨਾ ਦੀ ਬੋਲੀ ਦੋ ਸੌ ਸਾਲ ਤੋਂ ਵੱਧ ਪੁਰਾਣੀ ਹੈ ਅਤੇ ਜਿਵੇਂ ਕਿ ਪਹਲਾਂ ਦਸਿਆ ਗਇਆ ਹੈ, ਬ੍ਰਜ ਭਾਸ਼ਾ ਦੀ ਪ੍ਰਧਾਨਤਾ ਕਰਕੇ ਚੋਖੀ ਕਠਿਨ ਹੈ। ਪਰੰਤੂ ਉਸ ਦੀ ਸ਼ੈਲੀ, ਆਮ ਤੋਰ ਤੇ ਵਿਸ਼ੇ ਦੇ ਬਹੁਤ ਅਨੁਕੂਲ ਹੁੰਦੀ ਹੈ। ਖਾਸ ਕਰਕੇ, ਲੜਾਈਆਂ ਦੇ ਵਰਣਨ ਵਿਚ ਕਵੀ ਬਹੁਤ ਹੀ ਸਫਲ ਰਹਿਆ ਹੈ। ਫ਼ੌਜਾਂ ਦੀ ਚੜ੍ਹਤ, ਲੜਾਈ ਵਿਚ ਸੂਰਮਿਆਂ ਦੇ ਇਕ ਦੂਸਰੇ ਪਰ ਵਾਰ ਅਤੇ ਕਟਾ-ਵੱਢ ਅਤੇ ਰਣਭੂਮੀ ਦੇ ਅਜੇਹੇ ਚਿੱਤਰ ਖਿੱਚੇ ਗਏ ਹਨ ਜਿਨ੍ਹਾਂ ਤੋਂ ਲੜਾਈ ਦਾ ਪੂਰਾ ਨਕਸ਼ਾ ਪਾਠਕ ਦੇ ਸਾਮ੍ਹਣੇ ਆ ਜਾਂਦਾ ਹੈ।

੪

ਬੜੀ ਹੈਰਾਨੀ ਦੀ ਗੱਲ ਹੈ ਕਿ ਅਜੇਹਾ ਮਹੱਤਵਪੂਰਣ ਗ੍ਰੰਥ ਇੱਨਾ ਚਿਰ ਵਿਦਵਾਨਾਂ ਦੀਆਂ ਅੱਖਾਂ ਤੋਂ ਓਹਲੇ ਪਿਆ ਰਹਿਆ ਅਤੇ ਕਿਸੇ ਸਾਹਿਤਕਾਰ ਜਾਂ ਇਤਿਹਾਸਕਾਰ ਨੇ ਇਸ ਤੋਂ ਕੋਈ ਲਾਭ ਉਠਾਉਣ ਦਾ ਜਤਨ ਨਹੀਂ ਕੀਤਾ। ਵਿਦਵਾਨਾਂ ਦੀ ਇਸ ਪ੍ਰਤਿ ਬੇਰੁਖੀ, ਜਾਂ ਅਣਗਹਲੀ, ਜਾਂ ਅਗਿਆਨ ਦਾ ਅਸਲ ਕਾਰਣ ਕੀ ਸੀ, ਇਸ ਦਾ ਇਸ ਵੇਲੇ ਸਹੀ ਉੱਤਰ ਲਭਣਾ ਬਹੁਤ ਔਖਾ ਹੈ। ਹੋ ਸਕਦਾ ਹੈ ਕਿ ਇਸ ਦੀਆਂ ਹੱਥ-ਲਿਖਤ ਕਾਪੀਆਂ ਥੋੜੀਆਂ ਹੋਣ ਕਰਕੇ ਇਸ ਦਾ ਬਹੁਤ ਸਾਰੇ ਵਿਦਵਾਨਾਂ ਨੂੰ ਪਤਾ ਹੀ ਨ ਲਗਾ ਹੋਵੇ। ਇਸ ਲਈ ਇਹ ਬੜੇ ਸ਼ੁਕਰ ਦੀ ਗੱਲ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਰਦਾਰ ਕਿਰਪਾਲ ਸਿੰਘ ਨਾਰੰਗ ਜੀ ਦੀ ਉਦਾਰਤਾ ਤੇ

ਦਿਲਚਸਪੀ ਕਾਰਣ ਇਹ ਗ੍ਰੰਥ ਪਹਿਲੀ ਵਾਰ ਛਪ ਕੇ ਪਾਠਕਾਂ ਸਾਹਮਣੇ ਆ ਰਹਿਆ ਹੈ। ਇਸ ਦੇ ਛਪਣ ਨਾਲ ਜੋ ਲਾਭ ਸਾਹਿਤ ਤੇ ਇਤਿਹਾਸ ਦੇ ਖੇਤਰਾਂ ਵਿਚ ਖੋਜ ਕਰਨ ਵਾਲਿਆਂ ਨੂੰ ਪੁਜੇਗਾ, ਉਸ ਲਈ ਪੰਜਾਬੀ ਯੂਨੀਵਰਸਿਟੀ ਤੇ ਉਸ ਦੇ ਸੂਝਵਾਨ ਵਾਈਸ ਚਾਂਸਲਰ ਦਾ ਸ਼ੁਕਰੀਆ ਅਦਾ ਕਰਨਾ ਜ਼ਰੂਰੀ ਹੈ। ਡਾਕਟਰ ਭਾਈ ਵੀਰ ਸਿੰਘ ਨੇ ਜਿਨ੍ਹਾਂ ਨੂੰ ਸਾਹਿਤ ਤੇ ਇਤਿਹਾਸ ਦੋਨਾਂ ਨਾਲ ਦਿਲੀ ਪ੍ਰੇਮ ਸੀ, ਸਨ ੧੯੪੦ਵਿਚ ਇਸ ਗੁਰਬਿਲਾਸ ਨੂੰ "ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ" (ਕ੍ਰਿਤ ਭਾਈ ਸੰਤੋਖ ਸਿੰਘ) ਵਾਂਗੂ ਹੀ ਟੀਕਾ-ਟਿਪਣੀਆਂ ਸਹਿਤ ਤਿਆਰ ਕੀਤਾ ਸੀ, ਪਰ ਉਹ ਕਿਸੇ ਕਾਰਣ ਛਪ ਨ ਸਕਿਆ। ਜੇ ਪੰਜਾਬੀ ਯੂਨੀਵਰਸਿਟੀ ਇਸ ਕੰਮ ਨੂੰ ਹੱਥ ਨ ਪਾਉਂਦੀ, ਤਾਂ ਪਤਾ ਨਹੀਂ ਹੋਰ ਕਿੰਨਾ ਚਿਰ ਅਜੇ ਇਸ ਪੁਸਤਕ ਦੀ ਹੱਥ-ਲਿਖਤ ਨੇ ਅਣਛਪੀ ਅਵਸਥਾ ਵਿਚ ਰਹਣਾ ਸੀ।

ਇਸ ਪੁਸਤਕ ਦੇ ਸੰਪਾਦਨ ਵਿਚ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਨੇ, ਜੋ ਪਹਲਾਂ ਪੰਜਾਬੀ ਯੂਨੀਵਰਸਿਟੀ ਦੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਵਿਚ ਮੁਲਾਜ਼ਮ ਸਨ ਅਤੇ ਹੁਣ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦੇ ਪ੍ਰਬੰਧ ਵਿਚ ਰੀਸਰਚ ਸਕਾਲਰ ਦੇ ਤੌਰ ਤੇ ਕੰਮ ਕਰ ਰਹੇ ਹਨ। ਬੜੀ ਲਗਨ ਤੇ ਮਿਹਨਤ ਨਾਲ ਕੰਮ ਕੀਤਾ। ਉਨ੍ਹਾਂ ਨੇ ਇਸ ਹੱਥ-ਲਿਖਤ ਦੇ ਚਾਰ ਵਖ ਵਖ ਥਾਵਾਂ ਤੇ ਪਏ ਨੁਸ਼ਖਿਆਂ ਦਾ ਟਾਕਰਾ ਕਰ ਕੇ ਪਾਠਾਂਤਰ ਲਭੇ ਅਤੇ ਉਨ੍ਹਾਂ ਨੂੰ ਫੁਟ-ਨੋਟਾਂ ਦੇ ਰੂਪ ਵਿਚ ਲੋੜੀਂਦੀਆਂ ਥਾਵਾਂ ਤੇ ਦਿੱਤਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੇ ਕਠਿਨ ਸ਼ਬਦਾਂ ਦੇ ਅਰਥ ਤੇ ਟੂਕਾਂ-ਟ੍ਰਿਪਣੀਆ ਦੇ ਕੇ ਪਾਠਕ ਦਾ ਕੰਮ ਆਸਾਨ ਬਣਾਉਣ ਦਾ ਸ਼ਲਾਘਾਯੋਗ ਜਤਨ ਕੀਤਾ ਹੈ। ਇਸੇ ਉੱਦੇਸ਼ ਨਾਲ, ਪੁਸਤਕ ਦੇ ਅੰਤ ਵਿਚ ਨਾਵਾਂ-ਥਾਵਾਂ ਦੀ ਇਕ ਸੂਚੀ ਦੇ ਦਿੱਤੀ ਗਈ ਹੈ ਜਿਸ ਵਿਚ ਇਸ ਪੁਸਤਕ ਦੇ ਅੰਦਰ ਆਉਣ ਵਾਲੇ ਪ੍ਰਸਿੱਧ ਨਾਂ ਤੇ ਥਾਂ ਸ਼ਾਮਿਲ ਹਨ। ਇਸ ਔਖੇ ਕੰਮ ਨੂੰ ਸਫਲਤਾਪੂਰਵਕ ਸਿਰੇ ਚੜ੍ਹਾਉਣ ਲਈ ਮੈਂ ਅਸ਼ੋਕ ਜੀ ਦਾ ਦਿਲੋਂ ਧੰਨਵਾਦੀ ਹਾਂ।

ਪੁਸਤਕ ਦੀ ਛਪਵਾਈ ਯੂਨੀਵਰਸਿਟੀ ਦੇ ਅਨੁਵਾਦ ਵਿਭਾਗ ਨੇ ਕਰਵਾਈ ਹੈ ਤੇ ਇਸ ਦੇ ਪਰੂਫ਼ ਪੜ੍ਹਨ ਅਤੇ ਸੰਸ਼ੋਧਨ ਦਾ ਕੰਮ ਹਰਮਿੰਦਰ ਸਿੰਘ ਕੋਹਲੀ ਨੇ, ਜੋ ਉਦੋਂ ਅਨੁਵਾਦ ਵਿਭਾਗ ਵਿਚ ਸਹਾਇਕ ਐਡੀਟਰ ਸਨ, ਕੀਤਾ ਹੈ। ਮੈਂ ਡਾਕਟਰ ਪਿਆਰ ਸਿੰਘ, ਅਧਿਅਕ੍ਸ਼ ਅਨੁਵਾਦ ਵਿਭਾਗ, ਅਤੇ ਸ. ਹਰਮਿੰਦਰ ਸਿੰਘ ਕੋਹਲੀ, ਦੋਹਾਂ ਦਾ ਧੰਨਵਾਦੀ ਹਾਂ। ਜਿਸ ਮਿਹਨਤ ਤੇ ਦਿਲਚਸਪੀ ਨਾਲ ਵਿਭਾਗ ਨੇ ਇਸ ਪੁਸਤਕ ਨੂੰ ਛਪਾਵਾਇਆ ਹੈ, ਉਹ ਸੱਚਮੁਚ ਹੀ ਤਾਰੀਫ ਦੇ ਕਾਬਿਲ ਹੈ। ਅਸੀਂ ਖ਼ਾਲਸਾ ਕਾਲਿਜ ਸਿੱਖ ਇਤਿਹਾਸ ਵਿਭਾਗ, ਅੰਮ੍ਰਿਤਸਰ, ਸਿਖ ਰੈਫਰੈਂਸ ਲਾਇਬ੍ਰੇਰੀ, ਹਰਿਮੰਦਰ ਸਾਹਿਬ, ਅੰਮ੍ਰਿਤਸਰ ਅਤੇ ਮੋਤੀ ਬਾਗ਼ ਪੈਲਸ ਲਾਇਬ੍ਰੇਰੀ, ਪਟਿਆਲਾ, ਦੇ ਮੁਖ ਅਧਿਕਾਰੀਆਂ ਦੇ ਵੀ ਰਿਣੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੇ ਪਾਠ ਦੇ ਸੰਸ਼ੋਧਨ, ਸੰਵਾਰਨ ਤੇ ਸੰਪਾਦਨ ਵਿਚ ਖੁਲ੍ਹੇ ਦਿਲ ਨਾਲ ਸਹਾਇਤਾ ਕੀਤੀ ਹੈ।

ਸੰਭਵ ਹੈ ਕਿ ਸਾਡੇ ਯਤਨਾਂ ਦੇ ਬਾਵਜੂਦ ਇਸ ਗ੍ਰੰਥ ਵਿਚ ਕੁਝ ਉਕਾਈਆਂ ਰਹਿ ਗਈਆਂ ਹੋਣ। ਉਨ੍ਹਾਂ ਉਕਾਈਆਂ ਲਈ ਅਸੀਂ ਆਪਣੇ ਵਿਦਵਾਨ ਪਾਠਕਾਂ ਤੋਂ ਖਿਮਾ ਮੰਗਦੇ ਹਾਂ ਅਤੇ ਆਸ ਕਰਦੇ ਹਾਂ ਕਿ ਉਹ ਇਨ੍ਹਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਇਸ ਪੁਸਤਕ ਨੂੰ ੧੯ਵੀਂ ਸਦੀ ਦੀ ਇਕ ਯੁਗ-ਪ੍ਰਤੀਕ ਰਚਨਾ ਜਾਣਦੇ ਹੋਏ ਗੰਭੀਰਤਾ ਸਹਿਤ ਪੜ੍ਹਨ ਤੇ ਵਿਚਾਰਨ ਦੀ ਖੇਚਲ ਕਰਨਗੇ।

੧੫ ਦਸੰਬਰ, ੧੯੬੮ ਫ਼ੌਜਾ ਸਿੰਘ

23

ੴ ਸ੍ਰੀ ਵਾਹਗੁਰੂ ਜੀ ਕੀ ਫਤਹ ।[1]

**ਅਥ ਸ੍ਰੀ ਗੁਰ ਬਿਲਾਸ ਲਿਖਯਤੇ ।[2]**

ਪਹਲਾ ਅਧਿਆਇ

## ਮੁਢਲੀ ਕਥਾ

**ਚੌਪਈ।** ਬਿਨਵੋ ਆਦਿ ਪੁਰਖ ਕਰਤਾਰਾ। ਜਿਨ ਯਹਿ ਕੀਨੋ ਸਕਲ ਪਸਾਰਾ।
ਅੱਚੁਤ ਏਕ ਅਨਿਕ ਘਟ ਬਾਸੀ। ਅਲਖ ਪੁਰਖ ਕੋ ਲਖੈ ਸੁ ਤਾਸੀ ॥ [੧॥]
ਗਗਨ ਭੂਮਿ ਜਲ ਤੱਤ ਪ੍ਰਕਾਸੈ। ਸਗਲ ਸ੍ਰਿਸਟਿ ਮਹਿ ਕੀਨ ਨਿਵਾਸੈ।
ਲੋਗਨ ਕੋ ਇਹ ਬਿਧਿ ਭਰਮੈ ਕੈ। ਨਿਰਖਤ ਆਪਿ ਨਿਆਰੋ ਹ੍ਵੈ ਕੈ ॥ [੨॥]
ਦਾਨਵ ਦੇਵ ਫਨਿੰਦ ਬਨਾਈ। ਕਿੰਨਰ ਜੱਛ ਰਚੇ ਅਧਿਕਾਈ।
ਬਡੇ ਬਡੇ ਮੋਨੀ ਬ੍ਰਤ ਧਾਰੀ। ਕਈ ਕਲਪ[3] ਜਿਨ ਜਪਤ ਗੁਜਾਰੀ[4] ॥ [੩॥]
ਲੋਮਸ[5] ਤੇ ਤਪ ਬਲ ਅਧਿਕਾਈ। ਸਹਸ ਬਦਨ ਸਹਸਾਨਨ[6] ਗਾਈ।
ਚਤੁਰਾਨਨ[7] ਮੁਖ ਚਾਰ ਸੁ ਕਰੇ। ਪੂਤ ਪਾਂਚ ਖਟ ਤਿਹ ਸਿਸ ਧਰੇ[8] ॥ [੪॥]
ਤਦਪਿ[9] ਅੰਤ ਕਛੂ ਨਹੀ ਪਾਯੋ। ਸਭ ਮਿਲ ਨੇਤੈ ਨੇਤ ਬਤਾਯੋ।
ਕੋਟਿ ਜਤਨ ਕਰਮੈ ਨਹੀ ਆਵੈ। ਚਾਰੋ ਬੇਦ ਸਾਧ ਮੁਨਿ ਗਾਵੈ ॥ [੫॥]
ਗੁਰਮੁਖਿ ਹ੍ਵੈ ਧਜਾਏ ਜੇ ਕੋਈ। ਸ੍ਰੀ ਹਰਿ ਜੂ ਕੋ ਪਾਵੈ ਸੋਈ।
ਧੰਨ ਧੰਨ ਸਤਿਗੁਰ ਕਰਤਾਰਾ। ਕੀਨ ਜਵਨ ਯਹਿ ਪੰਥ ਸੁਧਾਰਾ ॥ [੬॥]
ਸ੍ਰੀ ਅਸਿਧੁਜ[10] ਕਹੁ ਪ੍ਰਗਟ ਦਿਖਾਯੋ। ਗੁਰਮੁਖਿ ਗਾਡੀ ਰਾਹਿ ਚਲਾਯੋ।
ਅਸ ਸਤਿਗੁਰ ਕੀ ਭੇਟ ਸੁ ਭਾਈ। ਕਵਨ ਬਸਤੁ ਧਰੀਐ ਕਹੁ ਜਾਈ ॥ [੭॥]

---

1. 'ਫਤੇ ਹੈ' (ਖ਼ਾ. ਕਾ. ਅ. ੬੦੫)। 2. ਕਵੀ ਸੁੱਖਾ ਸਿੰਘ ਨੇ ਗੁਰ ਬਿਲਾਸ ਪਾਤਸ਼ਾਹੀ ੧੦ ਦੇ ਮੁਢ ਵਿਚ, ਜੋ ਇਸ ਗੁਰ ਬਿਲਾਸ ਤੋਂ ਪਿੱਛੋਂ ਸੰਮਤ ੧੮੫੪ ਬਿ. ਦੀ ਰਚਨਾ ਹੈ, ਮੰਗਲਾਚਰਣ ਦੀਆਂ ਇਹ ਤੁਕਾਂ ਛੰਦ-ਅੰਕ ੧ ਤੋਂ ੯ ਤਕ ਲਗਪਗ ਇਸੇ ਤਰ੍ਹਾਂ ਥੋੜੇ ਥੋੜੇ ਸ਼ਬਦਾਂ ਦੇ ਫਰਕ ਨਾਲ ਦਿੱਤੀਆਂ ਹਨ, ਪਰ ਹਵਾਲਾ ਕਿਤੇ ਨਹੀਂ ਦਿੱਤਾ ਕਿ ਉਸ ਨੇ ਇਹ ਤੁਕਾਂ ਕਿੱਥੋਂ ਲਈਆਂ ਹਨ। 3. ਬ੍ਰਹਮਾ ਜੀ ਦਾ ਇਕ ਦਿਨ, ਜੋ ੪੩੨੦੦੦੦੦੦੦ ਵਰ੍ਹੇ ਦਾ ਮੰਨਿਆ ਜਾਂਦਾ ਹੈ। ਬ੍ਰਹਮਾ ਦੇ ਇਕ ਮਹੀਨੇ ਵਿਚ ੩੦ ਕਲਪ ਹੁੰਦੇ ਹਨ ਤੇ ੧੦੦੦ ਕਲਪ ਉਸ ਦੀ ਆਯੂ ਦਾ ਅਨੁਮਾਨ ਹੈ। 4. ਪਾਠਾਂਤਰ-ਗੁਦਾਰੀ (ਖ਼ਾ. ਕਾ. ਅ. ੬੦੫)। 5. ਲੋਮਸ਼, ਇਕ ਪ੍ਰਸਿੱਧ ਰਿਸ਼ੀ। 6. ਇਕ ਹਜ਼ਾਰ (ਸਹੰਸ੍ਰ) ਮੂੰਹ (ਆਨਨ) ਵਾਲਾ, ਸ਼ੇਸ਼ ਨਾਗ। 7. ਚਾਰ ਮੂੰਹਾਂ (ਆਨਨ) ਵਾਲਾ, ਬ੍ਰਹਮ। 8. ਪੁਤ ਪਾਂਚ (ਪੰਜ ਮੂੰਹਾਂ ਵਾਲਾ)=ਸ਼ਿਵ ਤੇ ਖਟ (ਆਨਨ) ਛੇ ਮੂੰਹਾਂ ਵਾਲਾ ਸ੍ਵਾਮਿਕਾਰਤਿਕੇਯ (ਸ਼ਿਵ ਪੁਤ੍ਰ ਅਥਵਾ ਸ਼ਿਸ਼ੁ=ਬੱਚਾ)। 9. ਤਾਂ ਵੀ। 10. ਅਕਾਲ ਪੁਰਖ।

ਤਨ ਮਨ ਧਨ ਨਿਧਿ ਇਨ ਸਬ ਵਾਰੀ। ਮਨ ਮਨਸਾ ਦੈ ਪਗ ਪਰ ਵਾਰੀ।
ਨਿਜ ਉਰ ਮੈ ਅੰਬੁਜ[1] ਧਰ ਪਾਦਾ[2] । ਆਦਿ ਅਨੀਲ ਅਭੇਦ ਅਨਾਦਾ ॥ [੮॥]
ਕਹਨ ਕਥਨ ਲਿਖਨੈ ਨਹੀ ਆਵੈ। ਅਗਮ ਅਗੋਚਰ ਪਰੈ ਸਮਾਵੈ।
ਸੰਤਨ ਕੇ ਉਰ ਮੈ ਤਿਹ ਥਾਨਾ। ਨਿਸ ਦਿਨ ਕਰ ਹੀ ਤਾ ਅਸਥਾਨਾ ॥ [੯॥]
ਕਲਪ ਤਰੋਵਰ[3] ਸ੍ਰੀ ਗੁਰੁ ਚਰਨਾ। ਤਿਨ ਕਾ ਆਹਿ ਮੋਰ[4] ਉਰ ਪਰਨਾ।
ਜੋ ਮਨਸਾ ਧਰਹੋ ਉਰ ਮਾਹੀ। ਕਰ ਹੈ ਪੂਰਨ ਜਹਾਂ ਤਹਾਂ ਹੀ ॥ [੧੦॥]
ਸਗਲ ਸਿਧਿ ਗੁਰੂ ਮੈ ਸੁਨ ਭਾਈ। ਜਾਨਤ ਜਾ ਕਹੁ ਆਪ ਦਿਖਾਈ।
ਪਾਰਸ ਇਵ ਜਬ ਉਰ ਛੁਇ ਜਾਏ। ਕੰਚਨ ਕਰਤ ਮਨੂਰਹਿ ਭਾਏ ॥ [੧੧॥]
ਗੁਰਮੁਖਿ ਸੰਧਿ[5] ਮਿਲੈ ਜੋ ਪਜਾਰੇ। ਤਬ ਜਾਨੈ ਯਹ ਭੇਦ ਸੁ ਸਾਰੇ।
ਨਿਰਖੈ ਗੁਰ ਕੇ ਅਮਿਤ[6] ਖਜਾਨੈ। ਸਭ ਨਿਧਿ ਪੂਰਨ ਅਮਿਤ ਅਨਾਮੈ[7] ॥ [੧੨॥]
ਸੱਚਖੰਡ ਸੰਗਤ ਮੈ ਜਾਵੈ। ਤੋ ਲਖ ਨੇਤੈ ਨੇਤ ਬਤਾਵੈ।
ਨਾਮ ਦਾਨ ਸੰਗ ਕਰੈ ਜੁ ਪ੍ਰੀਤਾ। ਪਾਵੈ ਪ੍ਰਬਲ ਅਧਿਕ ਸੁਖ ਨੀਤਾ ॥ [੧੩॥]
ਆਦਿ ਸਕਤਿ ਮਾਤਾ ਸੁਖਦਾਨੀ। ਜਾ ਤੈ ਪੰਥ ਭਯੋ ਬਲ ਧਾਨੀ[8]।
ਤਾਹਿ ਨਮੋ ਨਮ ਬਾਰੰਬਾਰੀ। ਕਰੈ ਸਹਾਇ ਧਰੈ ਬੁਧਿ ਭਾਰੀ ॥੧੪॥

**ਸੋਰਠਾ।** ਸ੍ਰੀ ਗੁਰ ਬਾਕ ਅਖੰਡ, ਕਯੋਹੂੰ ਡੋਲਤ ਨਾ ਭਯੋ।
ਜਾਂ ਤੈ ਬਪੁ[9] ਸਹਿ ਡੰਡ, ਤਨ ਖੰਡਨ ਬੰਦ ਬੰਦ ਕੀਓ ॥੧੫॥

**ਸਵੈਯਾ।** ਗ੍ਰੰਥ ਜੀ ਬਾਕ ਕੀਏ ਭਿੰਨ ਭਿੰਨ[10] ਸੁ, ਤਾ ਕਰ ਦੂਖ ਲਗਯੋ ਤਨ ਮਾਂਹੀ।
ਅਡੋਲ ਸਿਖੀ ਹਿਤ ਦੂਖ ਸਹੈ, ਤਾ ਯੁਤ ਸਿੰਘ ਮਨੀ ਸੁਖ ਪਾਂਹੀ।
ਤਾ ਕਰ ਸਿੰਘ ਦੁਈ ਦੁਤਿ ਧਾਰਤ, ਸੋਯ ਗਹੈ ਜਬ ਤੁਰਕਨ ਚਾਹੀ।
ਦੀਨ ਮੈ ਲਯਾਵਨ ਤਾਹਿ ਲਗੇ, ਅਤਿ ਲੋਭ ਸੋ ਰਾਜ ਦਿਖਾਵਤ ਤਾਂਹੀ ॥੧੬॥
ਜੋ ਤਿਨ ਚਾਹ ਸੁਰਾਜ ਲਖੀ, ਅਤਿ ਹੀ ਮਨ ਮੈ ਚਿਤ ਸਿੰਘ ਡਰਾਨੇ।
ਵਿਦਜਾਰਥੀ ਜਾਨ ਤਿਨੈ ਨਿਜ ਕੋ, ਤਿਨ ਕੋ ਤਬ ਗੈਨ[11] ਮੈ ਯਾਨ[12] ਲਖਾਨੇ।
ਤੋ ਤਿਹ ਪੇਖ ਸੁ ਆਨ ਭਨੇ, ਕਸ[13] ਥਾਨ ਅਏ ਤਬ ਐਸ ਅਲਾਨੇ।
ਸਿੰਘ ਮਨੀ ਤਬ ਭਾਖਤ ਭੇ, ਜਿਨ ਧਰਮ ਰਖਯੋ ਤਿਨ ਕੋ ਪ੍ਰਗਟਾਨੇ ॥੧੭॥
ਮੋ ਪਕਰੋ ਤਨ ਬੰਦ ਜੁਦਾ ਕਰ, ਨਾਹਿ ਸੁ ਪ੍ਰੇਯ[14] ਪੁਨਿ ਧਰਮ ਪਿਆਰੀ।

---

1. ਅੰਬੁ (ਪਾਣੀ) ਤੋਂ ਪੈਦਾ ਹੋਇਆ ਕਮਲ। 2. ਪੈਰ ਜੋ ਕਮਲ ਵਰਗੇ ਕੋਮਲ ਹਨ। 3. ਸੁਰਗ-ਲੋਕ ਦਾ ਇਕ ਬ੍ਰਿਛ (ਕਲਪਤਰੁ) ਜਿਸ ਤੋਂ ਮਨ ਇੱਛਿਤ ਫਲ ਪ੍ਰਾਪਤ ਹੁੰਦੇ ਮੰਨੇ ਜਾਂਦੇ ਹਨ। 4. ਮੇਰੇ। 5. ਮਿਲਾਪ, ਸੰਗਤ : 'ਸੰਤ' ਪਾਠਾਂਤਰ ਵੀ ਹੈ (ਸਿ. ਰੈ. ਲਾ. ਅ. ੧੧੯੮)। 6. ਮਿਣਤੀ ਤੋਂ ਰਹਿਤ, ਬੇਅੰਤ। 7. ਅਨਾਮਯ, ਰੋਗ ਰਹਿਤ (ਅਰੋਗ)। 8. ਬਲ ਵਾਲਾ, ਜ਼ੋਰਾਵਰ। 9. ਸਰੀਰ, ਜਿਸਮ। 10. ਗੁਰਦੁਆਰਾ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਰਹ ਕੇ ਭਾਈ ਮਨੀ ਸਿੰਘ ਨੇ ਸੰਮਤ ੧੭੭੮ ਬਿ: ਦੇ ਨੇੜੇ ਤੇੜੇ ਇਕ ਬੀੜ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਦੀ ਆਪਣੇ ਹੱਥੀਂ ਤਿਆਰ ਕੀਤੀ, ਜਿਸ ਵਿਚ ਹਰੇਕ ਗੁਰੂ ਦੀ ਬਾਣੀ ਰਾਗਾਂ ਵਿਚੋਂ ਚੁਣ ਕੇ ਕ੍ਰਮ ਅਨੁਸਾਰ ਇਕ ਥਾਵੇਂ ਕੀਤੀ ਅਤੇ ਇਸੇ ਤਰ੍ਹਾਂ ਭਗਤਾਂ ਦੀ ਬਾਣੀ ਨੂੰ ਵੀ ਕ੍ਰਮਵਾਰ ਕਰ ਕੇ ਲਿਖਿਆ। ਇਹ ਬੀੜ ਦੇਖ ਕੇ ਗੁਰੂ-ਪੰਥ ਨੇ ਭਾਈ ਹੋਰਾਂ ਦੇ ਅੰਗ ਅੰਗ ਕੱਟੇ ਜਾਣ ਦਾ ਸਰਾਪ ਦਿੱਤਾ। ਏਥੇ ਕਵੀ ਵੱਲੋਂ ਇਸੇ ਇਤਿਹਾਸਿਕ ਘਟਨਾ ਵਲ ਇਸ਼ਾਰਾ ਹੈ। 11. ਗਗਨ, ਆਸਮਾਨ। 12. ਵਿਮਾਨ। 13. ਕਿਸ। 14. ਪ੍ਰਿਯ।

ਤਾਵਤ ਸੁਧ ਭਯੋ ਮਨ ਤਾ ਕਰ, ਹੋਤ ਅਡੋਲ ਸਮਾ ਬਪੁ ਕਾਰੀ।
ਬੂਝਤ ਭੇ ਕਸ ਧਾਨ ਪਠੇ, ਤਬ ਭਾਖਤ ਭੇ ਕਥ ਸੁੰਦਰ ਸਾਰੀ।
ਨਿਜ ਧਰਮ ਧਰੈ ਸੁਰ[1] ਬੰਦਤ ਸੱਕ੍ਰ[2], ਤਿਨੇ ਹਿਤ ਪੂਜਤ ਧਾਨ ਪ੍ਰਕਾਰੀ ॥੧੮॥

ਗੀਆ ਛੰਦ। ਜਬ ਨਵਮ ਗੁਰ ਬੰਦ ਮੈ ਅਏ, ਤਬ ਦੇਤ ਸਾਸਨ[3] ਤੁਰਕ ਜੀ।
ਜਿਮ ਦੇਤ ਸਾਸਨ ਬਲ ਘਟੈ, ਤਿਨ ਹੋਤ ਮਨ ਅਤਿ ਧਰਕ ਜੀ।
ਸ੍ਰੀ ਗੁਰ ਹਜ਼ੂਰ ਸੋ ਦੇਵ ਆਵਤ, ਕਰਤ ਬਿਨਤੀ ਰੁਚ ਧਰੈ।
"ਤੁਮ ਬੈਨ ਤੇ ਯਾ ਨਾਸ ਭਵ[4] ਕਸ[5] ਦੂਖ ਧਾਰਤ ਤਪ ਕਰੈ।"
ਤਬ ਗੁਰ ਕਹੈ, "ਨਿਜ ਧਰਮ ਹਿਤ, ਤੁਮ ਦ੍ਰਿੜ ਕਰੋ ਵਿਸਵਾਸ ਕੋ।
ਯਾ ਹੇਤ ਮੋ ਸਿਖ ਤਪ ਕਰੈ, ਨਹਿ ਚਹਿਤ ਰਾਜ ਬਿਲਾਸ ਕੋ" ॥੧੯॥

ਦੋਹਰਾ। ਸੁਨਤ ਬੈਨ ਉਤਿ ਭਨਤ ਭੇ[6], ਸਿੰਘ ਬਖਸ ਗੁਰ ਏਕ।
ਸੰਤ ਸਿੰਘ ਦੁਤਿ ਜਾਨੀਐ, ਨੌ ਤਨ[7] ਜਾਹਿ ਬਿਬੇਕ[8] ॥੨੦॥

ਚੌਪਈ। ਹੇ ਗੁਰ ! ਮੈ ਗੁਰ ਸਮ ਸੁਖਕਾਰੀ। ਕਹੋ ਗਾਥ ਗੁਰ ਕੀ ਅਤਿ ਪਜਾਰੀ।
ਕਿਮ ਸੋ ਬੰਦੀ ਮੈ ਗੁਰੂ ਆਏ। ਕਾ ਵਿਧ ਕਰਮ ਕਰੇ ਸੁਖ ਪਾਏ ॥ [੨੧॥]
ਸੁਨਤ ਜਾਹਿ ਅਘ ਬ੍ਰਿੰਦ ਨਸਾਹੀ। ਕਰੋ ਮਯਾ ਦਤ ਦਾਨਹ ਮਾਹੀ।
ਸੁਨਤ ਬੈਨ ਤਬ ਮੁਦਿਤ ਬਖਾਨੈ। ਧੰਨ ਧੰਨ ਜਿਹ ਗੁਰ ਹਿਤ ਠਾਨੈ ॥ [੨੨॥]
ਤਨ ਨਾਸੀ ਹੈ ਬਿਧ[9] ਸੁਰ[10] ਤਾਂਈ। ਕੇਵਲ ਧਰਮ ਰਹੈ ਜਗ ਮਾਂਹੀ।
ਧਰਮ ਹੇਤ ਗੁਰ ਨਾਨਕ ਰੂਪਾ। ਭਯੋ ਨਿਰਾਮੈ ਬ੍ਰਹਮ ਅਨੂਪਾ ॥ [੨੩॥]
ਤਾਂਤੇ ਸ੍ਰੀ ਗੁਰੁ ਅੰਗਦ ਜਾਨਾ। ਤ੍ਰਿਤੀ ਚੌਥ ਜੋ ਗੁਰ ਸੁਖ ਠਾਨਾ।
ਬੇਦ ਰੂਪ ਸਮ ਵਿਸਨੁ ਅਨੂਪਾ। ਧਰਜੋ ਗ੍ਰੰਥ ਬਪੁ ਪੋਤ[11] ਸਰੂਪਾ ॥ [੨੪॥]
ਗੁਰ ਅਰਜਨ ਜਗ ਧਰਮ ਧਰਾਯੋ। ਪੁਨਿ ਹਰਿ ਗੋਬਿੰਦ ਤੁਰਕਨ ਕੋ ਘਾਯੋ।
ਗੁਰ ਹਰਿ ਰਾਇ ਕਰੈ ਕਲਜਾਨਾ। ਧਰਾ ਧਰਮ ਜਗ ਨਾਮ ਵਿਤਾਨਾ ॥ [੨੫॥]
ਗੁਰ ਹਰਿ ਕ੍ਰਿਸਨ ਕੀਏ ਪੁਨਿ ਕਾਮਾ। ਪਰ ਹਿਤ ਭਏ ਗੁਰੂ ਏ ਜਾਨਾ।
ਜੈਸ ਮੇਘ ਪਰ ਹਿਤੀ ਸੁਧਾਰੈ। ਤੈਸੇ ਬ੍ਰਹਮ ਗੁਰੂ ਬਪੁ ਕਾਰੋ ॥ [੨੬॥]
ਸ੍ਰੀ ਗੁਰ ਦੇਵ ਭਏ ਬਡਿਭਾਗੀ। ਤੇਗ ਬਹਾਦਰ ਪਰ ਹਿਤ ਪਾਗੀ[12]।
ਤਾ ਕੀ ਗਾਥ ਅਲੌਕਿਕ ਜਾਨੀ। ਆਏ ਜਬ ਧਰ ਮੈ ਸੁਖਦਾਨੀ ॥ [੨੭॥]
ਦੋ ਤਰਕਸ[13] ਭਰ ਆਨੇ ਭਾਰੀ। ਕਰਾਮਾਤ ਕੋ ਜੋ ਬਲਕਾਰੀ।
ਰਿਧਿ ਸਿਧਿ ਚੇਟਕ ਔਰ ਸਬਾਏ। ਏਕ ਤੀਰ ਨਹਿ ਸਿਧਿ ਗਵਾਏ ॥ [੨੮॥]
ਧਾਰ ਸੁ ਧਰਮ ਸਹੇ ਤਨ ਖੇਦਾ। ਸੀਸ ਦੀਓ ਪਰ ਦੀਨ ਨ ਭੇਦਾ[14]।
ਤਾ ਕੀ ਕਥਾ ਅਨੰਤ ਪ੍ਰਕਾਰੀ। ਥਕਤ ਸਾਰਦਾ[15] ਮੋਮਤਿ ਬਾਰੀ[16] ॥ [੨੯॥]

---

1. ਦੇਵਤੇ। 2. ਸ਼ਕ੍ਰ (ਇੰਦ੍ਰ) ਸੁਰਗ-ਲੋਕ ਦਾ ਰਾਜਾ। 3. ਕਸ਼ਟ, ਦੁੱਖ। 4. ਸੰਸਾਰ, ਦੁਨੀਆ। 5. ਕਿਸ ਵਾਸਤੇ, ਕਿਉਂ। 6. ਕਹਣ ਲਗੇ। 7. ਨਵਤਨ, ਨੂਤਨ, ਨਵਾਂ ਨੁੱਕਾ। 8. ਵਿਚਾਰ। 9. ਬ੍ਰਹਮਾ। 10. ਦੇਵਤਾ। 11. ਜਹਾਜ਼। 12. ਪਰਉਪਕਾਰ ਵਿਚ ਪੁਗੇ (ਰੱਤੇ) ਹੋਏ। 13. ਤੀਰਾਂ ਦੇ ਭੱਥੇ। 14. "*ਧਰਮ ਹੇਤ ਸਾਕਾ ਜਿਨਿ ਕੀਆ। ਸੀਸੁ ਦੀਆ ਪਰੁ ਸਿਰਰੁ ਨ ਦੀਆ।*" (ਬਚਿਤ੍ਰ ਨਾਟਕ ਪਾਤਸ਼ਾਹੀ ੧੦)। 15. ਸ਼ਾਰਦਾ, ਸਰਸੁਤੀ ਦੇਵੀ। 16. ਮੇਰੀ ਮਤਿ (ਬੁੱਧ) ਬਾਰੀ (ਬਾਲਕਾਂ ਵਰਗੀ) ਹੈ।

ਭਨਤ[1] ਮੋਰ[2] ਹੈ ਅਤੈ ਭਦੇਸਾ[3]। ਚਾਹਤ ਯਾ ਸੰਤ ਸੁਖ ਲੇਸਾ ॥੨੧॥ [੩੦॥]

ਦੋਹਰਾ। ਮਨਿ ਗਿਰਿ[4] ਤੇ ਕਨ[5] ਬਰਨ ਹੋ, ਬੂੰਦ ਸਿੰਧੁ ਤੇ ਜਾਨ।
1. ਉਸ ਬਹਾਨੇ। 2. ਖ਼ਜ਼ਾਨਾ। 3. ਗਜੇਂਦ੍ਰ, ਹਾਥੀ। 4. ਦੇਵਤਿਆਂ ਦੇ ਰਾਜੇ ਇੰਦ੍ਰ ਦਾ ਹਾਥੀ। 5. ਸ਼੍ਵੇਤ, ਸਫ਼ੇਦ, ਚਿੱਟਾ। 6. ਜੋ ਸ਼੍ਵੇਤ (ਸਫ਼ੇਦ) ਨਾ ਹੋਵੇ। 7. ਚਪਲ। 8. ਕਰਿ (ਹਾਥੀ) ਬਰ (ਸ਼੍ਰੇਸ਼ਟ)। 9. ਟਿੱਕਾ, ਤਿਲਕ। 10. ਉਪਮਾ ਤੋਂ ਰਹਿਤ। 11. ਚਾਰ (ਸੁੰਦਰ)। 12. ਜੜਿਤ, ਜੜਾਊ। 13. ਪਹਾੜ ਦਾ ਸੀਤਲ (ਠੰਢਾ) ਬਾਰਿ (ਪਾਣੀ)। 14. ਉੱਚਾ। 15. ਬਾਰਿਧਿ ਖੀਰ, ਦੁੱਧ ਦਾ ਸਾਗਰ (ਸਮੁੰਦ੍ਰ)। 16. ਹਾਥੀ। 17. ਜਵਨ, ਜਿਸ, ਜਿਹੜੇ। 18. ਕਰਿ (ਹਾਥੀ)। 19. ਕਿਸ ਤਰ੍ਹਾਂ। 20. ਕੋਲ, ਨਿਕਟ। 21. ਆਇਆ। 22. ਕਰਿ, ਹੱਥ ਵਿਚ। 23. ਚਾਰੇ ਪਾਸੇ। 24. ਹਾਥੀ। 25. ਕਿਸ ਤਰ੍ਹਾਂ। 26. ਆਇਆ। 27. ਵਿਸ਼ਿਖ, ਤੀਰ, ਬਾਣ। 28. ਹਾਥੀ। 29. ਗਵਾਹ। 30. ਪਹਾੜ। 31. ਧਰਤੀ ਉੱਤੇ। 32. ਸੁੰਡ। 33. ਅੱਗੇ, ਉੱਪਰ। 34. ਤੀਰ। 35. ਪੈਰਾਂ। 36. ਅੱਖਾਂ ਤੋਂ ਪਰੇ। 37. ਤੀਰ। 38. ਭੱਥਾ, ਤਰਕਸ਼। 39. ਹਾਥੀ। 40. ਹੇਠਾਂ, ਤਲੇ।

ਸ੍ਰੀ ਮੁਖ ਤਾ ਕੋ ਭਾਖ ਸੁਨਾਯੋ। "ਸਾਮ ਸੈਨ ਸੁਤ[1] ਭੂਪ ਚਢਾਯੋ।
ਦੱਖਨ ਦੇਸ ਬਸਤ ਸੁਭ ਜਹਾਂ। ਮਾਨ ਸਿੰਘ ਰਾਜਾ[2] ਹੈ ਤਹਾਂ ॥ [੭੧॥]
ਸੁਰਪਤਿ[3] ਸਮ ਗੁਰ ਸੇਵਕ ਭਾਰੀ। ਤਾ ਗੁਰ ਤੀਰ ਪਠਾ ਰੁਚਿ ਧਾਰੀ।"
ਔਰ ਬਸਨ[4] ਮਨਿ ਗਨ ਦੀਏ ਤਹ। ਦਿਖਰਾਏ ਰਾਜਾ ਕੋ ਗੁਰ ਵਹਿ ॥ [੭੨॥]
ਇਖੁਧੀ[5] ਆਯੁਧ[6] ਮਨਿ ਗਨ ਚਾਪਾ[7]। ਦੇਖ ਭੂਪ ਮਨ ਚੌਪ ਸੁ ਆਪਾ।
ਸ੍ਰੀ ਗੁਰ ਤਾਹਿ ਸਪਰਧਾ[8] ਧਾਰੈ। ਕਾ ਵਿਧਿ[9] ਰਾਜਾ ਗੈਰਤ ਸਾਰੈ ॥ [੭੩॥]
ਗੁਰ ਨਿਦੇਸ਼[10] ਲੈ ਰਾਜਾ ਗਯੋ। ਇਤ ਪ੍ਰਭ ਮਨ ਅਖੇਟ ਮੈ ਦਯੋ।
ਸੁੰਦਰ ਧੀਰ ਬੀਰ ਸੰਗ ਲੀਨੇ। ਮੀਰ ਸਿਕਾਰ ਹੇਤ ਮਨ ਦੀਨੇ ॥ [੭੪॥]
ਬਾਜ ਸੀਚਾਨੇ[11] ਧੂਤੀ ਲੀਨੇ[12]। ਲਗਰ ਚਰਗ[13] ਕਹ ਜਾਤ ਨ ਬੀਨੇ[14]।
ਯਾ ਬਿਧਿ ਔਰ ਅਨੇਕ ਪ੍ਰਕਾਰੀ। ਕਰੀ ਸਮ੍ਰਿੱਧਿ[15] ਸੰਗ ਸੁਖ ਭਾਰੀ ॥ [੭੫॥]
ਬਾਰ ਨਿੰਦ੍ਰ[16] ਪੈ ਚਢ ਗੁਰ ਜਾਵੈ। ਜਨੁ[17] ਉੱਦਜਾਚਲ[18] ਪੈ ਰਵਿ ਭਾਵੈ।
ਜਿਹ ਦਿਸ ਸੁਨਜੋ ਸੁ ਅਧਿਕ ਸਿਕਾਰਾ। ਤਵਨ ਓਰ[19] ਪ੍ਰਭ ਕੀਹ ਸਵਾਰਾ ॥੩੨॥ [੭੬॥]

ਸਵੈਯਾ। ਕਾਨਨ[20] ਮਾਹਿ ਪ੍ਰਵੇਸ ਕੀਓ ਜਹਿ, ਸਿੰਘ ਸਸੇ[21] ਕਛ ਅੰਤ ਨ ਪਾਰੀ।
ਤਬ ਸ੍ਰੀ ਗੁਰੂ ਬਾਜਿ[22] ਆਰੂਢ[23] ਭਏ, ਅਤਿ ਸੁੰਦਰ ਕ੍ਰਾਂਤ[24] ਲਸੇ ਤਨ ਭਾਰੀ।
ਜੀਨ ਜਿਗਾ ਕਲਗੀ ਅਤਿ ਰਾਜਤ, ਬਾਰਿਜ[25] ਅੰਗ ਉਤੰਗ[26] ਅਸਾਰੀ।
ਰੋਝ 'ਰੁ ਰੀਛ ਝੰਖਾਰ ਅਪਾਰ ਸੁ, ਅਰਨੇ[27] ਅਰੁ ਗੈਂਡੇ ਕੋ ਅੰਤੁ ਨ ਪਾਰੀ ॥੩੩॥ [੭੭॥]
ਕੰਚਨ[28] ਔ ਮੁਕਟੰ[29] ਪਨਿ ਜੇਵਰ[30], ਮਾਰੁਤ[31] ਜਜੋਂ ਤਬ ਬਾਜਿ[32] ਦੌੜਾਹੀ।
ਦੀਨ ਦਯਾਲ ਕਰੈ ਕਰੁਨਾ ਨਿਧਿ ਤਾਰਨ ਲੋਕਨ ਕੋ ਹਿਤ ਜਾਹੀ।
ਆਯਸ ਸੈਨ ਦਈ ਸੁ ਸਿਕਾਰਹਿ[33], ਮਾਰਤ ਰੋਝ 'ਰੁ ਰੀਛ ਸਸਾਹੀ[34]।
ਜੋ ਨਭ[35] ਮੈ ਧਰ[36] ਮੈ ਲਖ ਪਾਵਤ, ਬਾਜ ਸੁ ਕੂਕਰ ਤੇ ਹਨਵਾਹੀ[37] ॥੩੪॥ [੭੮॥]
ਤੀਤਰ ਔਰ ਬਟੇਰੇ ਘਨੇ, ਤਹਿ ਮਾਰ ਫਿਰੈ ਅਤਿ ਹੀ ਸੁਖ ਪਾਯੋ।
ਤੀਰ ਸਤਦ੍ਰਵ[38] ਆਨ ਖਰੇ ਜਿਹ ਰਾਜਤ[39] ਪੰਕਿਤ[40] ਨੀਰਜ[41] ਭਾਯੋ[42]।
ਸੰਗ ਲਏ ਬਰ ਸੂਰ ਅਪਾਰ, ਕਰੇ ਸੁਖ ਤਾ ਮਨ ਭੋਜਨ ਖਾਯੋ।
ਨਾਗ[43] ਬਿਦਾਵਤ ਭੇ ਅਸ ਭਾਂਤਨ[44], ਆਵਨ ਧਾਮ ਚਹਜੋ ਪ੍ਰਭੁ ਭਾਯੋ ॥੩੫॥ [੭੯॥]

---

1. ਸਾਮ ਸੈਨ ਸੁਤ ਦੀ ਥਾਵੇਂ ਇੱਥੇ ਕਈ ਲੇਖਕਾਂ ਨੇ ਆਸਾਮ ਦੇਸ਼ ਦਾ ਰਾਜਾ ਰਤਨ ਰਾਇ ਲਿਖਿਆ ਹੈ। (ਦੇਖੋ, ਗੁਰੂ ਸ਼ਬਦ ਰਤਨਕਾਰ ਮਹਾਨ ਕੋਸ਼ ਪੰਨਾ ੧੯੬੦, ਪੰਨਾ ੫੯੫)। 2. ਇੱਥੇ ਆਸਾਮ ਦੇਸ਼ ਦੀ ਥਾਂ ਦੱਖਣ ਦੇਸ਼ ਤੇ ਰਾਜਾ ਮਾਨ ਸਿੰਘ ਦਾ ਵਰਣਨ ਅਪ੍ਰਸਗਿਕ ਤੇ ਸਮੇਂ ਤੋਂ ਬਾਹਰਲੀ ਗੱਲ ਹੈ। 3. ਇੰਦ੍ਰ। 4. ਵਸਤ੍ਰ। 5. ਤਰਕਸ਼, ਭੱਥਾ। 6. ਸ਼ਸਤ੍ਰ। 7. ਧਨੁਖ, ਕਮਾਨ। 8. ਈਰਖਾ। 9. ਕਿਸ ਤਰੀਕੇ ਨਾਲ। 10. ਆਗਿਆ, ਹੁਕਮ। 11. ਇਕ ਸ਼ਿਕਾਰੀ ਪੰਛੀ। 12. ਤੂਤੀ। 13. ਬਾਜ਼ ਦੀ ਕਿਸਮ ਦਾ ਇਕ ਸ਼ਿਕਾਰੀ ਪੰਛੀ। 14. ਕੁਹੀ ਆਦਿ ਪੰਛੀ ਬੀਨੇ (ਚੁਣੇ)। 15. ਸੰਪੱਤੀ, ਧਨ ਪਦਾਰਥ। 16. ਹਾਥੀਆਂ ਦਾ ਰਾਜਾ। 17. ਜਾਣੋ। 18. ਇਕ ਪਰਵਤ, ਜਿਥੋਂ ਸੂਰਜ ਚੜ੍ਹਦਾ ਹੈ। 19. ਉਸ ਤਰਫ਼। 20. ਵਣ, ਜੰਗਲ। 21. ਸ਼ੇਰ ਤੇ ਸਹੇ। 22. ਘੋੜੇ। 23. ਚੜ੍ਹੇ। 24. ਚਮਕ-ਦਮਕ। 25. ਕਮਲ। 26. ਉੱਚੀ। 27. ਜੰਗਲੀ ਝੋਟਾ। 28. ਸੋਨਾ। 29. ਤਾਜ, ਸਿਰ ਦਾ ਭੂਸ਼ਣ। 30. ਗਹਣਾ। 31. ਹਵਾ, ਪੌਣ। 32. ਘੋੜਾ। 33. ਸ਼ਿਕਾਰ ਦੀ। 34. ਸਹੇ। 35. ਆਕਾਸ਼। 36. ਧਰਤੀ। 37. ਮਰਵਾ ਦੇਂਦੇ। 38. ਦਰਿਆ ਸਤਲੁਜ ਦੇ ਤੀਰ (ਕਿਨਾਰੇ)। 39. ਸੋਹੰਦੇ ਹਨ। 40. ਚਿੱਕੜ ਭਰੇ। 41. ਨੀਰ (ਪਾਣੀ) ਤੋਂ ਉਪਜੇ ਕਮਲ। 42. ਤਰ੍ਹਾਂ, ਵਾਂਗ। 43. ਅਠਵਾਰ। 44. ਇਸ ਤਰ੍ਹਾਂ।

ਛੰਦ। ਕਰੇ ਚਰਿਤ ਭਾਰੇ। ਮਹਾਰਾਜ ਧਾਰੇ।
ਤਬੈ ਨਾਗ ਅਤੂ। ਲਖੈ ਮਾਨ ਮੰਤੂ ॥ [੮੦॥]
ਨਿਜੰ ਧਾਮ ਆਏ। ਮਨੰ ਸੂਖ ਪਾਏ।
ਸੁਨੋ ਰੈਨ ਸੋਏ। ਸਭੇ ਦੂਖ ਖੋਏ ॥ [੮੧॥]
ਮਨੀ ਸਿੰਘ ਗਾਹੀ। ਕਥਾ ਔਰ ਚਾਹੀ।
ਜਬੇ ਭੀਮ ਚੰਦੰ। ਗਯੋ ਧਾਮ ਨੰਦੰ[1] ॥ [੮੨॥]
ਬੁਲਯੋ ਕੋਟਵਾਰੰ[2]। ਕਹੀ ਬਾਤ ਸਾਰੰ।
"ਸੋਈ ਕਾਮ ਕੀਜੈ। ਗਜੰ[3] ਜੇਮ[4] ਲੀਜੈ ॥ [੮੩॥]
ਗੁਰੂ ਪਾਸ ਦੇਖਾ। ਮਹਾਂ ਸੋਭ ਲੇਖਾ।
ਕਰੈ ਕੌਨ ਪੇਚੰ। ਲਹੈ ਤਾਹਿ ਐਚੰ[5] ॥ [੮੪॥]
ਨਵੀਨੰ ਪ੍ਰਕਾਰੰ। ਮਹਾਂ ਸੋਭ ਧਾਰੰ।"
ਅਯੋ ਤੋ ਵਜੀਰੰ ਸੁਨੋ ਬੈਨ ਪੀਰੰ ॥ [੮੫॥]
ਕਹਾ ਭੂਪ ਸੰਗੰ। ਸੁਨੋ ਗਾਥ ਅੰਗੰ।
"ਗੁਰੂ ਪੂਜ ਚਾਹੋ। ਨ ਐਸੀ ਨਿਬਾਹੋ ॥ [੮੬॥]
ਜਿਨੈ ਪੂਜ ਕੀਨੀ। ਤਿਨੈ ਸੋਭ ਲੀਨੀ।
ਜਿਨੈ ਧਾਮ ਮਾਯਾ। ਤਿਹੂੰ ਲੋਕ ਛਾਯਾ ॥ [੮੭॥]
ਕਹਾ ਸੋ ਵਿਚਾਰਾ। ਕਰੀ[6] ਜੋ ਦਿਖਾਰਾ[7]।
ਮਹਾਰਾਜ ਐਸੇ। ਲਖੇ ਵਿਸਨੁ ਜੈਸੇ ॥੩੬ [੮੮॥]

ਦੋਹਰਾ। ਖੀਰ ਸਿੰਧ ਸਤਿਗੁਰ ਅਮਲ, ਲਾਲ ਰਤਨ ਕਰ ਪੂਰ।
ਮਰ ਜੀਅਰਾ[8] ਮਨ ਕੀਜੀਏ, ਲਹੋ ਰਤਨ ਯੋ ਰੂਰ[9] ॥੩੭ [੮੯॥]
ਬਿਨ ਸੇਵਾ ਸ੍ਰੀ ਗੁਰੂ ਕੀ, ਕੋਟਿ ਜਤਨ ਦੁਖ ਹੋਤ।
ਮਹਾਂ ਭਾਗ ਤੇਰੇ ਭਏ, ਨਿਕਟ ਤੋਰ[10] ਗੁਰ ਪੋਤ[11] ॥੩੮ [੯੦॥]

ਚੌਪਈ। ਯਾ ਸਹਾਇ ਚਾਹੋ ਮਨ ਮਾਹੀ। ਕੋਟਿ ਅਰਿਨਿ[12] ਕੇ ਨਾਮ ਕਰਾਹੀ।
ਯਾਹਿ ਛਾਇ ਕਰ ਬੈਰਨ ਨਾਸਾ। ਕਰ ਹੈ ਤੈ ਕੋ ਸੂਰ[13] ਪ੍ਰਕਾਸਾ ॥ [੯੧॥]
ਦੇਸ ਦੇਸ ਕੀ ਸੰਗਤਿ ਆਵੈ। ਮਨ ਵਾਂਛਤ[14] ਯਾ ਤੈ ਬਰ ਪਾਵੈ।
ਤੁਮ ਹੂ ਤਿਸ ਦਿਨ ਕਰੋ ਦੀਦਾਰਾ। ਕਹਾਂ ਬਾਤ ਯਹਿ ਕਰੀ ਬਿਚਾਰਾ ॥ [੯੨॥]
ਇਹ ਬਿਧਿ ਅਧਿਕ ਰਾਵ ਸਮਝਾਯੋ। ਤਦਪਿ[15] ਚੀਤ ਏਕ ਨਹਿ ਲਜਾਯੋ।
ਬੋਲਤ ਬੈਨ ਭਯੋ ਤਿਹ ਸਗਾ। "ਸੋ ਤੁਮ ਆਏ ਸੁਨਹੁ ਪ੍ਰਸੰਗਾ ॥ [੯੩॥]
ਕਵਨ ਕਾਜ ਸੇਵੋਂ ਮੈ ਜਾਈ। ਮੈ ਤਾ ਕੀ ਕਛੁ ਪਾਹੁਲ ਖਾਈ[16]।
ਮੈ ਨਿਜ ਭੀਮ ਚੰਦ ਬਰ ਰਾਜਾ। ਰਾਜਪੂਤ ਸਭ ਕੋ ਸਿਰਤਾਜਾ ॥ [੯੪॥]

---

1. ਆਪਣੇ ਪੁਤ੍ਰ ਦੇ ਘਰ ਗਇਆ। 2. ਉਸ ਨੇ ਆਪਣਾ ਕੋਤਵਾਲ ਬੁਲਾਇਆ। 3. ਹਾਥੀ (ਪ੍ਰਸ਼ਾਦੀ)। 4. ਜਿਸ ਤਰ੍ਹਾਂ, ਜਿਵੇਂ। 5. ਖਿੱਚ ਅਥਵਾ ਖੋਹ ਲਈਏ। 6. ਕਰਿ (ਹਾਥੀ)। 7. ਦਿਖਾਇਆ। 8. ਮਰਜੀਉੜਾ। 9. ਸੁੰਦਰ। 10. ਤੇਰੇ। 11. ਗੁਰੂ ਰੂਪ ਜਹਾਜ। 12. ਦੁਸ਼ਮਣ। 13. ਸੂਰਜ। 14. ਇੱਛਿਤ, 15. ਤਾਂ ਭੀ। 16. ਪਾਹੁਲ ਖਾਧੀ, ਅਰਥਾਤ ਅੰਮ੍ਰਿਤ ਛਕਿਆ।

ਏਕੈ ਸਹੀ ਦੇਵ ਹਮ ਮਾਨੈ। ਮਾਨਸ ਕੋ ਨਰ ਕਰ ਪਹਿਚਾਨੈ।
ਨੀਚ ਲੋਕ ਕਹਿ ਨੀਹਲ[1] ਵਾਸੀ। ਤਾਕਹੁ ਕਹਤ ਆਦਿ ਅਬਿਨਾਸੀ[2]।
ਮੋ ਕੋ ਭਲੀ ਬਾਤ ਯਹਿ ਨਾਹੀ। ਤਾ ਕੇ ਪਰੋਂ ਚਰਨ ਕਹਿ ਜਾਹੀ ॥੩੯॥ [੯੫॥]

**ਦੋਹਰਾ।** ਜੇ ਅਬ ਸਿੱਖ ਤਾ ਕੋ ਬਨੋ, ਨਿੰਦਹਿ ਮੋਹ ਭੁਪਾਲ[3]।
ਖਤ੍ਰੀ ਕੋ ਸੇਵਕ ਭਯੋ, ਗੈ[4] ਹਿਤ ਭੀਮ ਨ੍ਰਿਪਾਲ[5] ॥੪੦ [੯੬॥]
ਸੋ ਪਚਾਸ ਰਾਜਾ ਨਹੀ, ਤਾ ਸੇਵਕ ਪਰਮਾਨ।
ਰਾਜਪੂਤ ਨਿੰਦਾ ਕਰੈਂ, ਧਰ ਕਲੰਕ ਸਿਰ ਤਾਨ ॥੪੧ [੯੭॥]

**ਚੌਪਈ।** ਅਪਨੇ ਰਾਜ ਜੋਰ ਗਜ ਲੈਹੋਂ। ਨਾਤਰ[6] ਖੇਦ ਦੇਸ ਤੇ ਦੈਹੋਂ।
ਯਹਿ ਕਲੰਕ ਨਿਜ ਕੁਲਹ ਲਗਾਊਂ। ਤੋ ਕਹ ਤੁਮਰੇ ਬਚਨ ਕਮਾਊਂ ॥ [੯੮॥]
ਆਗੇ ਹਜਰਤ ਸੋ ਇਮ ਭਈ। ਪੁਨਿ ਹਮ ਸੋ ਜੇ ਇਹ ਬਿਧਿ ਠਈ।
ਦੇਖਾਂ ਕਹਾਂ ਭਾਜ ਕਰ ਜੈਹੈ। ਕੋਟਿ ਉਪਾਓ ਕਰੀ[7] ਮੁਹ ਦੈ ਹੈ ॥ [੯੯॥]
ਤੈਂ ਅਬ ਸਹੀ ਬਾਤ ਯਹਿ ਕੀਜੈ। ਗੁਰੂ ਪਾਸ ਭੈ ਰੰਚ ਨ ਕੀਜੈ।
ਏ ਬਤੀਆਂ[8] ਤਾ ਕੋ ਕਹੁ ਜਾਈ। ਅਭਿਬੰਦਨ[9] ਹਮਰਾ ਸੋ ਗਲਾਈ[10] ॥ [੧੦੦॥]
ਸਿਰੀ ਨਗਰ ਰਾਜਾ ਕੋ ਲੋਗਾ। ਐਹੈਂ ਹਮਰੇ ਲਗਨ ਸੰਜੋਗਾ[11]।
ਤਾ ਕੇ ਦਿਖਰਾਵਨ ਕੇ ਕਾਜਾ। ਹਾਥੀ ਦੇਹੁ ਗਰੀਬ ਨਿਵਾਜਾ ॥ [੧੦੧॥]
ਦੋਇ ਤੀਨ ਦਿਨ ਹਮ ਕੋ ਦੀਜੈ। ਤਾ ਤੇ ਬਹੁਰ ਕ੍ਰਿਪਾ ਕਰ ਲੀਜੈ।"
ਸੁਨਤ ਵਜੀਰ ਰਾਵ ਕੇ ਬੈਨਾ। ਆਯੋ ਸ੍ਰੀ ਸਤਿਗੁਰ ਕੇ ਐਨਾ[12] ॥ [੧੦੨॥]
ਪਰਸੇ ਚਰਨ ਗੁਰੂ ਕੇ ਆਈ। ਅੰਬੁਜ[13] ਅਰੁਨ[14] ਬਿਮਲ[15] ਅਧਿਕਾਈ ॥੪੨ [੧੦੩॥]

**ਦੋਹਰਾ।** ਹਾਥ ਜੋੜ ਸਿਰ ਨਜਾਇ ਕੈ ਦਯਾ ਸਿੰਧ ਪਗ ਤੀਰ।
ਨਿਜ ਨਾਯਕ[16] ਕੀ ਬੇਨਤੀ, ਬਰਨਤ ਭਯੋ ਵਜੀਰ ॥੪੩ [੧੦੪॥]
ਸਿਰੀ ਨਗਰ ਕੋ ਰਾਵ ਜੋ, ਸੁਮਤਿ ਸੁਘਰ ਅਭਿਰਾਮ।
ਤਵਨ[17] ਸੁਤਾ[18] ਯਹਿ ਭੂਪ ਕੋ, ਆਹੀ ਇਨ ਕੇ ਧਾਮ[19] ॥੪੪ [੧੦੫॥]
ਤਾ ਕੇ ਲਾਗੀ ਲੋਗ ਪ੍ਰਭ, ਆਏ ਨ੍ਰਿਪ ਕੇ ਐਨ।
ਤਾ ਦਿਖਰਾਵਨ ਹੇਤ ਗਜ, ਦੀਜੈ ਪ੍ਰਭੁ ਸੁਖਦੈਨ ॥੪੫ [੧੦੬॥]

**ਸਵੈਯਾ।** ਦਿਨ ਕੋਜ[20] ਰਖੈਂ ਪ੍ਰਭ ਤਾ ਪੁਰ ਮੈ, ਪੁਨਿ ਆਨ ਹੈਂ ਤੋ ਪਗ ਤੀਰ ਸੁਆਮੀ।
ਯਾ ਬਿਧਿ ਭੂਪ ਕਰੀ ਬਿਨਤੀ, ਨਿਜ ਪਾਸ ਕਹੀ ਪ੍ਰਭ ਤੂੰ ਮਨ ਜਾਨੀ।
ਸੁਨ ਕੈ ਤਿਹ ਬੈਨ ਦਯਾ ਨਿਧਿ ਸਾਹਿਬ, ਮੋਨ ਧਰੀ ਹਰਿ ਅੰਤਰਜਾਮੀ।
ਆਪ ਹੀ ਖੇਲ ਕਰੇ ਜਗ ਨਾਯਕ[21] ਘਾਯਕ[22] ਸਤ੍ਰਨ ਕੇ ਸੁਖ ਗਾਮੀ ॥੪੬ [੧੦੭॥]

---

1. ਪਹਾੜ ਦੀ ਤਰਾਈ। 2. ਇਹ ਦੋਵੇਂ ਤੁਕਾਂ ਮੂਲ ਪਾਠ ਸਿੱਖ ਰੈਫ਼ੈਂਸ ਲਾਇਬ੍ਰੇਰੀ ਦੀ ਹੱਥ-ਲਿਖਤ ਨੰ: ੧੧੯੮ ਵਿਚ ਨਹੀਂ ਹਨ ਤੇ ਕੁਝ ਹੋਰ ਵੀ ਮਾਮੂਲੀ ਮਤ-ਭੇਦ ਹਨ। 3. ਭੂਪਤਿ, ਰਾਜੇ। 4. ਗਯ, ਗਜ, ਹਾਥੀ। 5. ਪ੍ਰਜਾ ਦਾ ਪਾਲਕ, ਰਾਜਾ। 6. ਨਹੀਂ ਤਾਂ। 7. ਹਾਥੀ। 8. ਗੱਲਾਂ। 9. ਅਦਬ ਅਦਾਬ, ਨਮ੍ਰਤਾ ਭਾਵ। 10. ਕਹਕੇ। 11. ਸਾਕ (ਰਿਸ਼ਤੇਦਾਰੀ) ਦੇ ਸੰਬੰਧ ਕਰਕੇ। 12. ਅਯਨ, ਘਰ। 13. ਅੰਬੁ (ਪਾਣੀ) ਤੋਂ ਪੈਦਾ ਹੋਇਆ। 14. ਲਾਲ। 15. ਨਿਰਮਲ। 16. ਸੁਾਮੀ, ਮਾਲਿਕ। 17. ਉਸ ਦੀ। 18. ਪੁਤ੍ਰੀ, ਰਾਜਕੁਮਾਰੀ। 19. ਘਰ। 20. ਕੁਝ ਦਿਨ। 21. ਜਗਤ ਦੇ ਸੁਾਮੀ। 22. ਨਸ਼ਟ ਕਰਨਹਾਰ।

**ਭੁਜੰਗ ਛੰਦ।** ਸੁਨੈ ਬੈਨ ਤਾ ਕੇ ਮਹਾਰਾਜ ਬੋਲੇ। ਕਤੇ[1] ਝੂਠ ਕੇ ਭਾਖੇ ਵਜੀਰੇ ਅਮੋਲੇ।
ਤੁਮੈ ਮੋਰ ਦਾਸੰ ਅਨਨੰ[2] ਪ੍ਰਕਾਰੰ। ਤੁਮੈ ਭਾਖਬੇ ਜੋਗ ਨਾ ਐਸ ਧਾਰੰ ॥ [੧੦੮॥]
ਭਈ ਰੈਨ ਬਾਤੰ ਕਰੀ ਤੋ ਨ੍ਰਿਪਾਲੰ। ਸੁਈ ਭਾਖੀਏ ਯਾਇ ਬੇਗੰ ਉਤਾਲੰ।
ਤੁਮੈ ਬੈਨ ਪਜਾਰੇ ਕਹੈ ਭੂਪ ਸੰਗੇ। ਤਿਸੈ ਮੂੜ ਧਾਰੈ ਨ ਚੀਤੇ[3] ਉਮੰਗੇ ॥ [੧੦੯॥]
ਸੁਨੇ ਬੈਨ ਐਸੇ ਵਜੀਰੰ ਮਹਾਨੰ। ਪਰ[4] ਮਾਹਿ ਪਾਦੰ[5] ਸਹੀ ਈਸ[6] ਜਾਨੰ।
ਧਨੰ ਧੰਨ ਸੁਆਮੀ ਮਹਾਰਾਜ ਈਸੰ। ਸਰੰ ਨਾ ਸੁਖਾਰੀ ਕਰੋ ਸੰਤ ਨੀਸੰ।
ਸੁਭੂਤੰ ਭਵਿਖੰ ਭਵਾਨੰ[7] ਅਕਾਲੰ। ਲਖੈ ਨਾਹਿ ਤੋ ਕੋ ਹਮੰ ਜੰਤ ਜਾਲੰ[8] ॥੪੭॥ [੧੧੦॥]

**ਦੋਹਰਾ।** ਏ ਜੜ ਲੂਕ[9] ਘਨੇ ਕਰਤ, ਹਮ ਸੇਵਕ ਤੁਵ ਸ੍ਵਾਮ।
ਤਾ ਤੇ ਡਰਦੇ ਕਰਤ ਹੈਂ, ਝੂਠ ਬਾਤ ਕ੍ਰਿਤ ਕਾਮ ॥੪੮ [੧੧੧॥]
ਹਮ ਤੁਮਰੇ ਸੇਵਕ ਸਦਾ, ਯਾ ਮੈ ਰਤੀ ਨ ਭੇਦ।
ਸੁਨ ਮੁਸਕਾਨੇ ਆਪ ਜੀ, ਬੋਲਤ ਭਏ ਅਖੇਦ ॥੪੯ [੧੧੨॥]

**ਚੋਪਈ।** ਤੋ ਪਰ ਹਮਰੀ ਖਸੀ ਪਿਆਰੇ। ਤੂੰ ਜਾ ਨ੍ਰਿਪ ਸੋ ਐਸ ਉਚਾਰੇ।
ਕਰੀ[10] ਨਾਥ[11] ਕੇ ਹੈ ਦਰਬਾਰੀ। ਸਹੀ ਹਮਾਰੇ ਹੈ ਘਰ ਬਾਰੀ ॥ [੧੧੩॥]
ਇਕ ਹੈ ਔਰ ਬਾਤ ਮੈ ਜਾਨੀ। ਹਮ ਤੇ ਤਜੀ ਨ ਜਾਤੀ ਜਾਨੀ।
ਜਾ ਸਿਖ ਕਰੀ[12] ਪਠਾ[13] ਹਮ ਪਾਸਾ। ਤਾ ਨੇ ਕਰੀ ਯਹੀ ਅਰਦਾਸਾ ॥ [੧੧੪॥]
ਬੀਚ ਅੰਬਾਰੀ ਲਿਖਸੁ ਪਠਾਯੋ। ਹੇ ਪ੍ਰਭ ! ਤੁਮ ਗੈ ਤੀਰ ਰਖਾਯੋ।
ਅਨਤ ਧਾਮ[14] ਨਾ ਪਠ[15] ਹਰਿ ਸਾਖੀ। ਔਰ ਵਸਤ ਸਭ ਲੀਜੈ ਭਾਖੀ ॥ [੧੧੫॥]
ਨ੍ਰਿਪ ਸੋ ਖੁਸੀ ਗੁਰੁ ਕੀ ਮਾਨੋ। ਭਾਵਨ ਮਾਤ੍ਰ[16] ਭੇਦ ਨ ਜਾਨੋ।
ਏਕ ਨ ਦੇਵੇ ਗਜ ਹਮ ਜਾਨਾ। ਔਰ ਬਸਤ ਕੋ ਧਰੈ ਨਿਸਾਨਾ ॥ [੧੧੬॥]
ਏ ਸੁਨ ਵਿਦਾ ਭਯੋ ਤਾਆਯੋ। ਲਖ ਵਜੀਰ ਰਾਜਾ ਸੋ ਅਲਾਯੋ[17]।
ਕਾ ਬਿਧਿ ਗੁਰ ਸੋ ਬਾਤ ਬਖਾਨੀ। ਤਬ ਵਜੀਰ ਬੋਲਾ ਸੁਖ ਮਾਨੀ ॥ [੧੧੭॥]
"ਪੂਰਬ ਤੋ ਸੰਗ ਮੈ ਨ੍ਰਿਪ ਕਹਾ। ਅੰਤਰਜਾਮੀ ਸ੍ਰੀ ਗੁਰ ਲਹਾ।
ਪੁਨਿ ਜਬ ਮੈ ਗੁਰੁ ਤੀਰ ਸੁ ਗਯੋ। ਅਭਿਬੰਦਨ ਕਰ ਭਾਖਤ ਭਯੋ ॥ [੧੧੮॥]
ਭੂਪ[18] ਪਠਾ[19] ਤੁਮ ਢਿਗ ਸੁਖਦਾਨੀ। ਗਜਪਤਿ[20] ਕਛੁ ਦਿਨ ਦੀਜੈ ਜਾਨੀ।
ਤਾ ਦਿਖਰਾਇ ਕਛੁ ਦਿਨ ਰਾਖੈਂ। ਪੁਨਿ ਪਠਾਇ ਦੇਵੈਂ ਅਸ ਭਾਖੈਂ ॥ [੧੧੯॥]
ਤੁਮ ਅਰੁ ਰਾਜਾ ਮੈ ਹਿਤ ਭਾਰੀ। ਦੀਜੈ ਨਾਥ ਲੋਕ ਸੁਖਕਾਰੀ।
ਸਭ ਜਗ ਜਾਨੈ ਤੁਮ ਹਿਤ ਸਾਰੈ"। ਤਬ ਸ੍ਰੀ ਗੁਰੁ ਬੋਲੈ ਬਚ ਭਾਰੈ ॥ [੧੨੦॥]
ਰਾਜਾ ਹਮ ਪੈ ਜੋ ਕਿਛੁ ਚਾਹੀ ਦੇਤ ਬੇਰ[21] ਨਹਿ ਨੈਕ[22] ਲਗਾਹੀ।
ਪੰਰਤੂ ਜਾਹਿ ਗਜ ਏਹਿ ਚਢਾਯੋ। ਤਾ ਸੰਗ ਬੋਲ ਭਯੋ ਅਸ ਭਾਯੋ ॥ [੧੨੧॥]

---

1. ਕਿਸ ਵਾਸਤੇ। 2. ਅਦਤੀ। 3. ਚਿਤਾਰੇ, ਚੇਤੇ। 4. ਪਾਇਆ। 5. ਪੈਰੀਂ, ਚਰਨੀਂ। 6. ਈਸ਼੍ਵਰ, ਰੱਬ। 7. ਭੂਤ (ਲੰਘ ਚੁਕਾ ਸਮਾਂ), ਭਵਿੱਖ (ਆਉਣ ਵਾਲਾ ਸਮਾਂ) ਤੇ ਭਵਾਨ (ਵਰਤਮਾਨ ਕਾਲ)। 8. ਅਸੀਂ ਘਟੀਆ ਤੇ ਨਿਕ੍ਰਿਸ਼ਟ ਜੀਵ। 9. ਲੁਕਾਉ। 10. ਹਾਥੀ। 11. ਸ੍ਵਾਮੀ। 12. ਹਾਥੀ। 13. ਭੇਜਿਆ। 14. ਅਨਤ (ਕਿਸੇ ਹੋਰ) ਧਾਮ (ਘਰ)। 15. ਭੇਜੋ। 16. ਦਿੱਲੀ ਇੱਛਾ ਮਾਤ੍ਰ। 17. ਬੋਲਿਆ। 18. ਰਾਜਾ। 19. ਭੇਜਿਆ। 20. ਪ੍ਰਸਾਦੀ ਹਾਥੀ। 21. ਦੇਰ। 22. ਥੋੜੀ ਜੇਹੀ।

ਅਨਤ[1] ਧਾਮ ਗਜ ਜਾਹਿਨ ਸੁਾਮੀ। ਏ ਬਰ ਦੀਜੈ ਅੰਤਰਜਾਮੀ।
ਤੁਮ ਨ੍ਰਿਪ ਮੈ ਇਹ ਬਾਤ ਜਨਾਯੋ[2]। ਗਜ ਬਿਨ ਜੋ ਚਾਹੋ ਸੋ ਪਾਯੋ ॥ [੧੨੨॥]
ਤਾ ਸਿੱਖ ਬਚਨ ਬ੍ਰਿਥਾ ਨਹਿ ਕਰਨਾ। ਪ੍ਰਨ ਹੈ ਐਸ ਕਹਯੋ ਹੈ ਕਰਨਾ।
ਯਾ ਬਿਧਿ ਬਾਤ ਕਹੀ ਜਬ ਸਾਰੀ। ਪੁਨਹਿ ਕਹਯੋ ਨ੍ਰਿਪ ਐਸ ਪੁਕਾਰੀ।
ਜੇ ਮਨ ਚਾਹੋ ਸੋ ਕ੍ਰਿਤ ਕੀਜੈ। ਆਯਸ ਦੇਹਿ ਦਾਸ ਕੋ ਭੀਜੈ ॥੫੦ [੧੨੩॥]

ਸੋਰਠਾ। ਸੁਨਤ ਬਚਨ ਯਾ ਭਾਂਤ, ਕੋਪ ਅਧਿਕ ਰਾਜਾ ਭਯੋ।
ਲੈਹੋਂ ਗਜ ਤਿਹ ਸਾਤ, ਨਤੋ[3] ਸਮਰ[4] ਤਾ ਸੰਗ ਕਰੋ ॥੫੧॥ [੧੨੪॥]
ਅਸ ਕਹਿ ਲੀਨ ਬੋਲਾਇ, ਰਜਵਾਰੀ[5] ਅਨ ਗਨ[6] ਚਮੂੰ[7]।
ਕਰੀ ਧੂੰਮ ਬਹੁ ਭਾਇ, ਕਟੋਚ ਆਦਿ ਆਏ ਸੁ ਘਨੇਂ[8] ॥੫੨॥ [੧੨੫॥]

ਸਵੈਯਾ। ਸੂਰਨ ਬੀਰ ਬੁਲਾਇ ਸਬੈ, ਜਨ ਦੇਸਨ ਦੇਸ ਲਿਖੀ ਤਿਨ ਪਾਤੀ।
ਸੁੱਧ ਭਈ ਤਬ ਹੀ ਸਬ ਦੇਸਨ, ਭੀਮ ਸਸੀ[9] ਗੁਰ ਸੰਗਰ ਜਾਤੀ।
ਯਾ ਬਿਧ ਬਾਤ ਲਿਖੀ ਕਾਗਜ਼ੇ ਸਹਿ,ਆਵਤ ਭਯੋ ਨ੍ਰਿਪ ਧਾਮ ਸੁ ਗਾਤੀ।
ਚਾਹਤ ਥੋ ਮਨ ਮੈ ਸੋਈ ਬਾਤ ਕਿਵੈ ਗੁਰ ਸੋ ਇਹ ਬੈਰ ਹੋਇ ਭਾਤੀ ॥੫੩॥ [੧੨੬॥]
ਨਾਹਿ ਮਿਲਾਪ ਗੁਰੂ ਸੰਗ ਯਾ ਭਵ[10], ਨਾਤਰ ਤੋ ਹਮ ਕੋ ਦੁਖ ਹੋਈ।
ਬੈਰ ਸੁਨਾ ਜਬ ਹਰਖ ਭਯੋ ਮਨ, ਆਇ ਕੈ ਭੀਮ ਸੋ ਬਾਤ ਸੰਗੋਈ[11]।
ਹੇ ਨ੍ਰਿਪ ਯਾ ਗੁਰ ਕੋ ਕਢੀਏ ਤਬ ਹੋਵਗੁ ਸੁਖ ਸਬੈ ਸੁਨ ਲੋਈ।
ਨਾਤਰ[12] ਤੋ ਵਧ ਜਾਵਹਿਗੋ, ਪੁਨਿ ਆਪ ਕੋ ਜਤਨ ਗਲੈ ਨਹੀ ਕੋਈ ॥੫੪ [੧੨੭॥]
ਇਕ ਥਾਨ ਦੋਊ ਨ੍ਰਿਪ ਦੁਖ ਲਹੈ, ਜਿਮ ਏਕ ਅਰੰਨ[13] ਮੈ ਦੋ ਸਿੰਘ ਭਾਰੀ।
ਕੇਹਰਿ ਦੋਇ ਬਨੇ ਨਹਿ ਸੋਭਤ, ਐਸ ਹੀ ਭਾਂਤ ਮਿਯਾਨ ਕਟਾਰੀ।
ਤਾਤੇ ਉਪਾਯ ਕਰੋ ਨ੍ਰਿਪ ਜੂਹਮ ਗੋਤ੍ਰ ਏਕ ਤੋ ਤੇ ਇਕ ਸਾਰੀ।
ਤੁਮਰੇ ਸੰਗ ਹੋਇ ਸਹਾਇ ਕਰੈ ਹਮ, ਯਾਹਿ ਉਠਾਇ ਦਿਜੈ ਬਰਕਾਰੀ ॥੫੫ [੧੨੮॥]

ਚੌਪਈ। ਯਾ ਗ੍ਰਿਹ ਆਵੈ ਮਾਯਾ ਸਾਰੀ। ਰਾਜ ਤੇਜ ਧਨ ਆਯੁਧ ਵਾਰੀ।
ਧਨ ਚਾਹੇ ਤੋ ਪਲ ਮੈ ਕਰ ਹੈ। ਰੰਕ ਤੇ ਰਾਜ ਕਰਤ ਧਨ ਸਰ ਹੈ ॥ [੧੨੯॥]
ਯਾ ਬਿਧ ਤਾ ਨੇ ਮੰਤ੍ਰ ਸਿਖਾਯੋ। ਨਿਜ ਹਿਤ ਕਿਓ ਤਿਨੈ ਬਹਿਕਾਇਓ[14]।
ਯਾ ਤੇ ਗੁਰ ਸੋ ਕਰੈ ਬਿਰੋਧਾ। ਹਮ ਹੋ ਸੁਖੀ ਭਰੈ ਦਿਨ ਸੋਧਾ ॥ [੧੩੦॥]
ਯਾ ਤੇ ਝੂਠੇ ਖਤਹਿ ਪਠਾਏ। ਗੁਰੂ ਪਾਸ ਆਪਨ[15] ਚਲਿ ਆਏ।
ਔਰੰਗਜੇਬ ਲਿਖੀ ਹਮ ਪਾਤੀ। ਵਾਹਿ ਗੁਰੂ ਕੀ ਦੇਹੁ ਸੁ ਸਾਤੀ ॥ [੧੩੧॥]
ਤਾਤੇ ਤੁਮ ਅਬ ਕੂਚ ਸੁ ਕੀਜੈ। ਯਾ ਮੈ ਔਰ ਨ ਮਨ ਕੋ ਦੀਜੈ।
ਇਹੁ ਸਲਾਹ ਕਰਕੈ ਸਬ ਆਏ। ਮੂਰਖ ਭੇਦ ਆਪ ਮੈ ਗਾਏ ॥ [੧੩੨॥]
ਗੁਰ ਬਲ ਤੇ ਹਮ ਯਾ ਧਨ ਲੇਹੀ। ਤਾ ਬਿਰੁੱਧ ਕਰ ਬਲਗਤ ਏਈ।
ਪੁਨਿ ਹਮ ਕਰੈਂ ਸੁਖ ਸਨ ਰਾਜਾ। ਕਾ ਵਿਧਿ ਯਾਹਿ ਸਮਰ ਸਭ ਸਾਜਾ ॥ [੧੩੩॥]
ਮੂਰਖ ਭੀਮ ਚੰਦ ਹੈ ਐਸੇ। ਰੇਤ ਚਮਕ ਹੈ ਕਿਰਨ ਬਲ ਤੈਸੇ।

---

1. ਹੋਰ, ਦੂਜੇ। 2. ਇਹ ਗੱਲ ਦੱਸੋ। 3. ਨਹੀਂ ਤਾਂ। 4. ਜੰਗ, ਯੁੱਧ। 5. ਰਜਵਾੜਿਆਂ (ਪਹਾੜੀ ਰਾਜਿਆਂ) ਦੀ। 6. ਅਣਗਿਣਤ। 7. ਫ਼ੌਜ। 8. ਬਹੁਤੇ। 9. ਰਾਜਾ ਭੀਮ ਚੰਦ। 10. ਗੁਰੂ ਜੀ ਨਾਲ ਯੁੱਧ ਕਰਨ ਲੱਗਾ ਹੈ। 11. ਉਸ ਨੇ ਗੱਲ ਕਹੀ। 12. ਨਹੀਂ ਤਾਂ। 13. ਆਰਣਜ (ਜੰਗਲ) 14. ਭੜਕਾਇਆ। 15. ਖ਼ੁਦ।

ਰਵਿ ਬਲ ਜਾਨਤ ਨਾ ਮਤਿ ਹੀਨੀ। ਇਤੈ ਗੁਰੂ ਯਾ ਬਿਧਿ ਕ੍ਰਿਤ ਕੀਨੀ ॥ [੧੩੪॥]
ਸਮਰ[1] ਸਾਮਗ੍ਰੀ ਸੈਨਾ ਦਈ। ਆਯੁਧ ਪਟੂ[2] ਪੁਨਿ ਵਿਦਜਾ ਜਈ।
ਸੂਰਬੀਰ ਮਨ ਮੋਦ ਭਨਾਈ। ਸਮਰ ਧਰਮ ਸੇ ਕਾਰਜ ਨਾਹੀ ॥ [੧੩੫॥]
ਸੁਨ ਸੁਨ ਬਿਗਸੈ ਪ੍ਰਭ, ਜਗ ਜਾਨੀ। ਇਤੈ ਮਸੰਦ ਮਹਾ ਅਗਜਾਨੀ।
ਬੇਗ ਜਾਇ ਮਾਤਾ ਸਨ[3] ਕਹਈ। ਤੁਮ ਨਾਹੀ ਅਤਿ ਭੋਲਾ ਅਹਈ[4]।
ਲੂਟ ਮਾਰ ਸੋ ਯਾ ਕੀ ਪ੍ਰੀਤਾ। ਨਿਸਦਿਨ ਦਰਬ ਗਵਾਵੈ ਨੀਤਾ ॥੫੬ [੧੩੬॥]

**ਦੋਹਰਾ।** ਸਮਰ ਸੰਗ ਰਾਜਨ ਕੈ ਇਨੈ ਨ ਨਿਰਖੇ ਨੈਨ।
ਤਾ ਤੇ ਨਿਸ ਦਿਨ ਕਰਤ ਹੈ, ਮਤ ਵਾਰਨ[5] ਜਜੋਂ ਬੈਨ ॥੫੭ [੧੩੭॥]
ਤੁਮ ਮਾਤਾ ! ਸਮਝਾਈਏ, ਆਪਨੇ ਕੁਲ ਕੀ ਰੀਤ।
ਹਮ ਜਗ ਪੂਜਕ ਜਾਨੀਐ, ਸਮਰ[6] ਜੋਗ ਨਹਿ ਚੀਤ ॥੫੮ [੧੩੮॥]

**ਸਵੈਯਾ।** ਜਿਵ ਪੂਰਬ ਤਰਕਨ ਸੌ ਭਈ ਬਾਤ, ਤਿਵੈ ਇਵ[7] ਰਾਜਨ ਸਾਥ ਮਚਾਈ।
ਯੌਂ ਮਿਲ ਬਾਤ ਮਸੰਦ ਬਨਾਵਤ, ਮਾਤ ਡਰਾਵਤ ਹੈਂ ਅਤਿ ਭਾਈ।
ਯਾ ਬਿਧਿ ਬਾਤ ਭਈ ਇਤ ਤੇ ਉਤ, ਨਾਹ ! ਨੀ[8] ਦੇਸ ਕੋ ਜੋ ਅਤਿ ਰਾਈ[9]।
ਲਿਖ ਸੁ ਭੇਦ ਸਭੋ ਇਨ ਕੋ, ਤਿਨ ਆਪ ਗੁਰੂ ਢਿਗ ਪਾਤੀ ਪਠਾਈ ॥੫੯ [੧੩੯॥]
ਤਾਵਤ[10] ਦੂਤ[11] ਅਯੋ ਗੁਰ ਤੀਰ ਸੁ, ਮੋਦ ਪੁਰੀ[12] ਲਖ ਕੈ ਸੁਖ ਪਾਯੋ।
ਪਾਤੀ ਦਈ ਗੁਰ ਦਰਸਨ ਕੈ, ਧੰਨ ਭਾਗ ਲਖੈ ਮਨ ਮੈ ਬਿਗਸਾਯੋ[13]।
ਪਤ੍ਰਿਕਾ ਛੋਰਿ[14] ਬਚਾਵਾਤ ਭੇ[15] ਗੁਰ, ਐਸ ਲਿਖਯੋ ਸਭ ਨੋ ਸੁਨ ਪਾਯੋ।
ਕੈਸੇ ਕਹੌਂ ਗੁਰ ਜੀ ਤਜੈ ਥਾਨ, ਰਹੋ ਸੁਖ ਸੋ ਤੁਮ ਆਨੰਦ ਪਾਯੋ ॥੬੦॥ [੧੪੦॥]

**ਦੋਹਰਾ।** ਪਰੰ-ਤਜਿ[16] ਕਿਤੈ ਪਧਾਰੀ ਏ, ਤੌ ਆਵਹੁ ਹਮ ਦੇਸ।
ਹਮ ਤੁਮ ਅੰਘਰਿ[17] ਦਾਸ ਹੈਂ, ਕਰ ਪਾਵਨ[18] ਮੁਰ ਬੇਸ ॥੬੧ [੧੪੧॥]
ਸਾਰ ਮੋਰ ਯਾ ਦੇਸ ਹੈ, ਨਦੀ ਤੀਰ ਸਭ ਰੰਗ।
ਮਨਜ ਪ੍ਰਤ੍ਰਿਕਾ[19] ਨਦੀ ਸਮ, ਸੁੰਦਰ ਜਹਾਂ ਤਰੰਗ[20] ॥੬੨ [੧੪੨॥]
ਏ ਜੜ੍ਹ ਤੁਮ ਸੋ ਰਾਰ ਚਹਿ ਹੋਇ ਖੁਆਰ ਸਦ ਸੁਆਮਿ।
ਯਾ ਦਿਨ ਕੋ ਪੁਛਤਾਹਿ ਹੈਂ, ਬੀਤ ਕਾਲ ਮਤ ਬਾਮ[21] ॥੬੩ [੧੪੩॥]

**ਚੌਪਈ।** ਯੌਂ ਬਤੀਜਾਂ ਤਾ ਸਭਾ ਸੁਨਾਈ[22]। ਸੁਨਤ ਮਸੰਦ ਗਏ ਤਾ ਠਾਈ[23]।
ਮਾਤਾ ਜੀ ਕੇ ਤੀਰ ਉਚਾਰੀ। ਤਵਨ[24] ਰਾਵ ਕੀ ਗਾਥਾ ਸਾਰੀ ॥ [੧੪੪॥]
ਧਰ ਪਰਕਾਸ[25] ਨਾਹਨੀ ਰਾਜਾ। ਇਨ ਰਾਜਨ ਸੋ ਤਾਹਿ ਅਕਾਜਾ।
ਤਾ ਯਹਿ ਭੇਦ ਸੁਭੋ ਸੁਨ ਪਾਯੋ। ਦਯਾ ਸਿੰਧੁ[26] ਕੀ ਕੁਮਕ[27] ਤਕਾਯੋ ॥ [੧੪੫॥]

---

1. ਜੰਗ, ਯੁੱਧ। 2. ਆਯੁਧ (ਹਥਿਆਰਾਂ) ਦੇ ਚਲਾਉਣ ਵਿਚ ਜੋ ਪਟ (ਚਤੁਰ) ਹੋਵੇ। 3. ਨੂੰ। 4. ਹੋ। 5. ਮਤਵਾਲੇ, ਪਾਗਲ। 6. ਜੰਗ, ਯੁੱਧ। 7. ਅਬ, ਹੁਣ। 8. ਨਾਹਨ ਰਿਆਸਤ। 9. ਰਾਜਾ। 10. ਇਤਨੇ ਚਿਰ ਵਿਚ। 11. ਹਰਕਾਰਾ, ਚਿੱਠੀ ਰਸਾਂ। 12. ਸ੍ਰੀ ਆਨੰਦ ਪੁਰ। 13. ਵਿਕਸਿਆ, ਪ੍ਰਸੰਨ ਹੋਇਆ। 14. ਮੁਢ ਤੋਂ। 15. ਪੜ੍ਹਵਾਈ। 16. ਪਰੰਤਪ, ਦੁਸ਼ਮਨ ਨੂੰ ਤਪਾਉਣ ਵਾਲਾ। 17. ਚਰਣਾਂ ਦੇ ਤਲਵੇ। 18. ਪਵਿਤ੍ਰ। 19. ਘੱਗਰ। 20. ਲਹਰਾਂ। 21. ਉਲਟੀ ਮਤਿ। 22. ਬਾਤਾਂ, ਗੱਲਾਂ। 23. ਉਸ ਥਾਵੇਂ। 24. ਉਸ। 25. ਪ੍ਰਿਥਵੀ ਪ੍ਰਕਾਸ਼। 26. ਭਾਵ ਗੁਰੂ ਦਸ਼ਮੇਸ਼। 27. ਮਦਦ, ਸਹਾਇਤਾ।

ਤਾਤੈ ਪਾਤੀ ਭਵਨ ਪਠਾਈ। ਬੋਲੈ ਅਪਨੇ ਤਟ ਗੁਰ ਰਾਈ।
"ਅਬ ਮਾਤਾ ਜੀ ਯਾ ਬਿਧਿ ਕੀਜੈ। ਜਾਤੈ ਵਾ ਮਾਰਗ ਪਗ ਦੀਜੈ ॥ [੧੪੬॥]
ਪਜਾਨ[1] ਕਰਨ ਕੀ ਬਾਤ ਪਕਾਈ। ਨਿਸ ਕੋ ਗ੍ਰਿਹ ਆਏ ਜਗ ਸਾਂਈ।
ਸਰਬ ਪ੍ਰਵਾਰ ਏਕਠਾ ਹੋਈ। ਤਵਨ ਰਾਵ[2] ਕੀ ਉਸਤਤਿ ਗੋਈ[3] ॥ [੧੪੭॥]
ਸੁੰਦਰ ਦੇਸ ਨਦੀ ਕਹਿ ਦੀਨੀ। ਭਵਨ ਚਤੁਦਸ[4] ਮੈ ਨਹਿ ਚੀਨੀ[5]।
ਸੂਰ ਸਿਕਾਰ ਅਧਿਕ ਤਹਿ ਗੈਂਡਾ। ਭਾਲਕ[6] ਸਿੰਘ ਬਿਆਘਰ[7] ਐਂਡ[8] ॥[੧੪੮॥]
ਮ੍ਰਿਗੀ ਮ੍ਰਿਗਾ[9] ਪਸੁ ਅੰਤ ਨ ਪਾਰੀ। ਯਾ ਬਿਧਿ ਅਨਿਕ ਬਾਤ ਭਨ[10] ਸਾਰੀ।
ਕਿਮ ਹੀ ਯਾ ਤੇ ਕੂਚ ਕਰਾਹੀ। ਏਕ ਓਰ[11] ਸਬ ਲੋਕ ਲਖਾਹੀ ॥ [੧੪੯॥]
ਸਾਹਨ ਸਾਹ ਗੁਰੂ ਸ੍ਰਮ[12] ਚਹਈ। ਸਮਰ[13] ਬਿਨਾ ਨਹਿ ਬਾਤ ਸੁ ਕਹਈ।
ਸਭ ਜਗ ਕੋਟ ਭਾਂਤਿ ਕਹਿ ਬਾਤਾ। ਕਰੁਨਾਕਰ[14] ਪ੍ਰਭ ਸਮਰ ਲਖਾਤਾ[15] ॥੬੪ [੧੫੦॥]

**ਰਸਾਵਲ ਛੰਦ।** ਤਬੈ ਮਾਤ ਆਈ। ਰਹੀ ਪਾਦ[16] ਸਾਈ[17]।
ਕੀਓ ਸਨਮਾਨੰ। ਕਹੈ ਬੈਨ ਭਾਨੰ[18] ॥ [੧੫੧॥]
"ਮਹਾਂ ਸੂਰਬੀਰਾ। ਤੁਹੀ ਸਤ੍ਰ ਚੀਰਾ[19]।
ਮੁਝੈ ਏਕ ਬਾਤੰ। ਦਿਜੈ ਜਾਨ ਮਾਤੰ ॥ [੧੫੨॥]
ਅਬੈ ਇਯਾਇ ਜੈਯੈ[20]। ਪੂਨੰ ਜੁੱਧ ਕੈਯੈ[21]।
ਜਬੈ ਰਾਮ ਹੋਏ। ਪੁਨੰ ਕਾਂਨ[22] ਸੋਏ ॥ [੧੫੩॥]
ਤਿਨੈ ਤਾਤ ਮਾਤੰ। ਕਰੈ ਬੈਨ ਸਾਤੰ[23]।
ਤੁਮੈ ਮੋਹ ਬਾਨੀ। ਮਨੋ ਅਰਜ ਠਾਨੀ ॥ [੧੫੪॥]
ਸੁਨੀ ਦੀਨ ਬਾਨੀ। ਦਯਾ ਨਾਥ ਠਾਨੀ।
ਮੁਖੰ ਬੈਨ ਉਚਾਰੈ। "ਅਹੋ, ਮਾਤ! ਧਾਰੈ"[24] ॥੬੫ [੧੫੫॥]

**ਦੋਹਰਾ।** ਅਨਿਕ ਸਮਰ ਯਾ ਜਗਤ ਮੈ, ਹਮ ਕਹੁ ਬਨ ਹੈ ਆਨ।
ਤਾ ਕੋ ਤ੍ਰਾਸ[25] ਸੁ ਮਾਨ ਕੈ, ਜੈ ਹੈ[26] ਕਿਤ ਕਿਤ[27] ਥਾਨ ॥੬੬॥ [੧੫੬॥]

**ਸਵੈਯਾ।** ਸ੍ਰੀ ਗੁਰ[28] ਦੇਵ ਪਠਾ[29] ਹਮ ਕੋ, ਧਰ ਜੁੱਧ ਕਰੈਂ ਸਭ ਤੁਰਕ ਬਿਦਾਰੈ[30]।
ਅਬ ਮਾਤ ਜੀ ! ਬਾਤ ਮਨੀ ਤੁਮਰੀ, ਪੁਨਿ ਸੋਇ ਕਰੈ ਹਰਿ ਨੇਤ ਸਮਾਰੈ।
ਯੋ ਧਨ ਧੰਨ ਕਹੈਂ ਸਬ ਹੀ, ਸਬ ਪ੍ਰਾਤ ਕਰੈ ਪ੍ਰਭ ਕੂਚ ਨਗਾਰੈ।
ਦੀਨ ਦਯਾਲ ਸੇ ਮਾਤ ਕਹੇ ਤਬ, "ਜੋ ਤੁਮ ਹੋ ਬਡ ਬੈਸ ਪ੍ਰਕਾਰੈ ॥੬੭ [੧੫੭॥]
ਜਬ ਹੋਇ ਬਡੇ ਬਲ ਪੋਰਖ[31] ਮੈ ਤਬ ਹੀ ਕਰਨੀ ਦਿਨ ਰੈਨ ਲੜਾਈ।
ਪੁਨਿ ਕੂਚ ਕਰੋ ਪ੍ਰਭ ਜੀ ਇਤ ਤੇ, ਇਹ ਭਾਂਤਿ ਸੋ ਰੈਨ ਮੈ ਬਾਤ ਪਕਾਈ।

---

1. ਕੂਚ। 2. ਰਾਜਾ। 3. ਸਿਫਤ ਕਹੀ। 4. ਚੋਦਾਂ ਲੋਕਾਂ ਵਿਚ। 5. ਜਾਣੀ। 6. ਰਿੱਛ। 7. ਬਾਘ। 8. ਐਂਠਿਆ (ਆਕੜਿਆ) ਹੋਇਆ। 9. ਹਰਨ 10. ਕਹ। 11. ਤਰਫ਼, ਵਲ। 12. ਯਤਨ, ਕੋਸ਼ਿਸ਼। 13. ਜੰਗ। 14. ਕਰੁਣਾ (ਕ੍ਰਿਪਾ) ਦੇ ਆਕਾਰ (ਖਜ਼ਾਨੇ) ਅਥਵਾ ਭੰਡਾਰ। 15. ਲਖਾਉਂਦੇ ਜਣਾਉਂਦੇ ਅਥਵਾ ਦੇਖਦੇ। 16. ਪੈਰ। 17. ਸ਼ਾਈ, ਯਤਨ ਕਰਨ ਵਾਲਾ। 18. ਭਾਉਂਦੇ। 19. ਸ਼ਤ੍ਰੂ (ਦੁਸ਼ਮਨ) ਨੂੰ ਚੀਰਨ ਵਾਲੇ। 20. ਹੁਣ ਏਧਰ ਜਾਓ। 21. ਫੇਰ ਯੁੱਧ ਕਰੋ। 22. ਕ੍ਰਿਸ਼ਨ। 23. ਸਤਿ ਬਚਨ। 24. ਧਾਰਨ ਕਰ ਲਏ, ਮੰਨ ਲਏ। 25. ਡਰ। 26. ਜਾਵਾਂਗੇ। 27. ਕਿਹੜੇ ਕਿਹੜੇ (ਥਾਂ)। 28. ਅਕਾਲ ਪੁਰਖ ਨੇ। 29. ਭੇਜਿਆ ਹੈ। 30. ਮਰਾਂਗੇ। 31. ਪੁਰੁਖਤ੍ਵ।

ਸੋਇ ਰਹੈ ਸੁਖ ਸੋ ਤਬ ਹੀ, ਪੁਨਿ ਰੈਨ ਬਿਤੀ ਦਿਨ ਰਾਜ ਧਰਾਈ[1] ।"
ਸਾਹਿਬ ਦੀਨ ਦਯਾਲ ਜਗੇ ਪੁਨਿ, ਸੇਵਕ ਬੋਲ ਕੈ ਯੌਂ ਫੁਰਮਾਈ ॥੬੮॥ [੧੫੮॥]

**ਚੋਪਈ।** ਕੂਚ ਕਰਜੋ ਭਲ ਸਜ ਬਨਾਈ। ਗਜ[2] ਬਾਜਿਨਿ[3] ਪਰ ਪਾਖਰ[4] ਪਾਈ।
ਤੋਪ ਖਾਨ ਕੀ ਧੁਨਿ ਭਲ ਕੀਜੈ। ਜੰਬੂਰਨ ਕੇ ਸਬਦ ਪਸੀਜੈ[5] ॥ [੧੫੯॥]
ਤਬੈ ਕਾਲਿਕਾ ਦੇਵੀ ਤੋਪਾ। ਤਾ ਕੀ ਕਰੀ ਬਡੀ ਤਿਨ ਓਪਾ[6]।
ਸੁਤਰ ਨਾਲ[7] ਘੁਰ ਨਾਲ[8] ਅਪਾਰੀ। ਗਰਜਤ ਦੇਵੀ ਮਾਤ ਸੁਧਾਰੀ ॥ [੧੬੦॥]
ਧੂਮ[9] ਗੈਨ[10] ਮੈ ਤਾਕੋ ਛਾਯੋ। ਜਬਰ ਜੰਗ[11] ਹਥ ਨਾਲ[12] ਸੁਹਾਯੋ।
ਤਾਹਿ ਨ ਸੁਨੀਏ ਬਾਤ ਸੁ ਕਾਨੀ। ਖਲ ਦਲ ਮਨ ਧਰ ਕਹਿ ਇਹੁ ਜਾਨੀ ॥ [੧੬੧॥]
ਤੁਪ ਖਾਨਾ ਕਹਿ ਧਰ ਨਭ ਪੂਰੀ। ਦੇਸ ਚਾਲ ਖਲ ਚਿੱਤ ਕਰੂਰੀ।
ਸਹਰ ਪਾਵਟਾ ਕੀ ਮਨ ਆਸਾ। ਕਰਤ ਕੂਚ ਸਾਹਿਬ ਸੁਖ ਰਾਸਾ[13] ॥ [੧੬੨॥]
ਸਾਰ ਮੋਰ[14] ਜਿਹ ਦੇਸ ਬਿਰਾਜਤ। ਯਮੁਨਾ ਨਦੀ ਬਿਮਲ ਤਹਿ ਛਾਜਤ[15]।
ਉਤਰੇ ਆਨ ਦਯਾ ਨਿਧਿ ਤਹਾਂ। ਰਾਜ ਘਾਟ ਬਰ ਡੇਰਾ ਜਹਾਂ ॥ [੧੬੩॥]
ਤਾਹੀ ਨ੍ਰਿਪ ਆਗੇ ਕਰ ਆਯੋ। ਅਨਕ ਭੇਦ ਅਜ ਅਸਮਨ ਲਾਯੋ।
ਬੰਦਨ ਕਰੀ ਸਤੁਤਿ ਕਰ ਭਾਰੀ। ਯਹਿ ਜਸ ਤੁਮੈ ਰਾਜ ਸੁਖਕਾਰੀ ॥ [੧੬੪॥]
ਚੰਦਰੀ ਪਤਿ[16] ਮੂੜ੍ਹ ਮਹਾਨਾ। ਤੁਮ ਸੋ ਚਹੀ ਰਾਰ ਮਨ ਮਾਨਾ।
ਝੂਠੇ ਖਤ ਤੁਮ ਪਾਸ ਪਠਾਏ। ਨਾਹਕ ਤੁਮ ਕੋ ਅਤਿ ਡਰ ਪਾਏ ॥ [੧੬੫॥]
ਤੁਮ ਸੋ ਸਿੰਘ ਅਧਿਕ ਬਲਰਾਈ। ਦੇਸ ਹਮਾਰਾ ਪਾਵਨ ਭਾਈ।
ਕਰ ਸਤੁਤਿ ਮਨ ਮੈ ਸਿਖ ਭਯੋ। ਤਨ ਮਨ ਧਨ ਵਾਰਨ[17] ਗੁਰ ਕਯੋ[18] ॥੬੯॥ [੧੬੬॥]

**ਝੂਲਨਾ।** ਸੁਨ ਨਾਮ ਗੁਰੂ ਕੋ ਸਭੀ ਭੂਪ ਆਵੈ, ਅਤਿ ਦੇਸ ਹੀ ਦੇਸ ਤੇ ਹੇਤ ਧਾਰੇ।
ਬਹੁ ਖੀਰ[19] ਅਰੁ ਮਨੀ ਗਨ[20] ਚੀਰ[21] ਆਨੇ, ਅਤਿ ਖਜੋਮ ਕੇ ਬਜੂਹ[22] ਪੁਨਿ ਬਾਜਿ[23] ਭਾਰੇ।
ਧਨੰ ਭੂਮਿਕਾ ਪਾਵਨੰ[24] ਆਜ ਹੋਈ, ਅਸ[25] ਭਾਖਕੇ ਗੀਤ ਗੁਨ ਹੇਤ ਗਾਵੈਂ।
ਫਤੇ ਸਾਹ ਤੇ ਆਦਿ ਲੈ ਸੂਰ ਸਾਰੇ, ਪਠ[26] ਅਜ ਸੁਤ[27] ਭੇਟ ਦੈ ਪ੍ਰੇਮ ਭਾਵੈਂ ॥ [੧੬੭॥]
ਯਾ ਭਾਂਤਿ ਸੋ ਪਾਂਵਟਾ ਨਗਰ ਬਸਜੋ, ਅਤਿ ਦੁਰਗ ਬਨਾਇ ਕੈ ਭੀਰ ਭਾਰੀ।
ਤਹਿ ਸੰਗਤੀ ਆਵਤੀ ਅੰਤ ਨਾਹੀ, ਯਹਿ ਪੰਚਮੋ ਧਯਾਇ ਸਰ ਸੁੱਧ ਸਾਰੀ।
ਹੋਤ ਹੈ ਕਾਮਨਾ ਪੂਰ ਬਿਧਿ ਸਾਥ ਹੀ, ਤੀਨ ਪ੍ਰਕਾਰ ਕੀ ਸਿੱਖ ਧਾਰੀ।
ਨੰਦਨੀ ਸੂਰ ਸੁਭ ਸਰਿਤ[28] ਪਾਵਨ ਤਹਾਂ, ਕਰਤ ਇਸਨਾਨ ਕਲਖੰ ਬਿਦਾਰੀ ॥੭੦ [੧੬੮॥]
ਇਤਿ ਸ੍ਰੀ ਗੁਰ ਬਿਲਾਸ ਬਰਨਨੰ ਗੁਰ ਪ੍ਰਵੇਸ਼ ਪਾਂਵਟਾ ਨਗਰ ਨਾਮ ਪੰਚਮੋ ਧਜਾਇ ॥੫॥

---

1. ਰਾਤ ਬੀਤੀ (ਲੰਘੀ) ਤੇ ਸੂਰਜ ਚੜ੍ਹਿਆ। 2. ਹਾਥੀ। 3. ਘੋੜੇ। 4. ਹਾਥੀ-ਘੋੜਿਆਂ ਦਾ ਜ਼ੰਜੀਰਦਾਰ ਝੁਲ, ਜੋ ਲੋਹੇ ਦਾ ਹੁੰਦਾ ਹੈ। 5. ਰੀਝਦੇ, ਪ੍ਰਸੰਨ ਹੁੰਦੇ। 6. ਉਪਮਾ, ਉਸਤਤੀ। 7. ਊਠ ਉੱਪਰ ਰੱਖ ਕੇ ਚਲਾਉਣ ਵਾਲੀ ਤੋਪ, ਜੰਬੂਰ। 8. ਘੁੜ ਨਾਲ, ਘੋੜੇ ਨਾਲ ਖਿੱਚ ਕੇ ਲੈ ਜਾਣ ਵਾਲੀ ਤੋਪ। 9. ਧੂੰਆਂ। 10. ਗਗਨ, ਆਕਾਸ਼। 11. ਜੰਜੈਲ, ਜਬੂਰ, ਲੰਮੀ ਬੰਦੂਕ। 12. ਅਜੇਹੀ ਬੰਦੂਕ ਜੋ ਹੱਥ ਨਾਲ ਹੀ, ਬਿਨਾ ਕਿਸੇ ਹੋਰ ਸਹਾਰੇ ਦੇ ਚਲਾਈ ਜਾ ਸਕੇ। 13. ਸੁੱਖ ਦੀ ਰਾਸਿ (ਪੂੰਜੀ) ਅਥਵਾ ਖ਼ਜ਼ਾਨਾ। 14. ਯਮੁਨਾ ਤੇ ਸਤਲੁਜ ਦੇ ਵਿਚਕਾਰਲਾ ਪਹਾੜੀ ਇਲਾਕਾ, ਨਾਹਨ ਰਿਆਸਤ ਦਾ ਇਲਾਕਾ। 15. ਸ਼ੋਭਨੀਕ ਹੈ। 16. ਰਾਜਾ ਭੀਮ ਚੰਦ ਬਿਲਾਸਪੁਰੀਆ। 17. ਕੁਰਬਾਨ। 18. ਕੀਤਾ। 19. ਦੁੱਧ। 20. ਰਤਨ ਜਵਾਹਰ ਆਦਿ। 21. ਕਪੜੇ। 22. ਤੀਰਾਂ ਦੇ ਭੱਥੇ। 23. ਘੋੜੇ। 24. ਪਵਿਤ੍ਰ। 25. ਇਸ ਤਰ੍ਹਾਂ। 26. ਭੇਜ ਕੇ। 27. ਬੱਕਰੇ। 28. ਸੂਰ (ਸੂਰਜ) ਦੀ ਨੰਦਨੀ (ਪੁਤ੍ਰੀ), ਯਮੁਨਾ (ਜਮਨਾ) ਨਦੀ।

ਛੇਵਾਂ ਅਧਿਆਇ

# ਭੰਗਾਣੀ ਦਾ ਯੁੱਧ

**ਦੋਹਰਾ।** ਅਬ ਖਸਟਮ[1] ਅਧਜਾਇ ਮਹਿ, ਕਹੈਂ ਗਾਥ[2] ਸਸਿ ਭੀਮ[3]।
ਗੁਰ ਢਿਗ[4] ਸਚਿਵ[5] ਪਠਾਇ ਹੈਂ, ਬਜਾਹ ਗਾਥ ਸੁਖ ਸੀਮ[6] ॥੧॥

**ਚੌਪਈ।** ਮਨੀ ਸਿਘ ਭਨ[7] ਗਾਥ ਰਸਾਲਾ[8]। ਸ੍ਰੀ ਗੁਰ ਤਹਿੰ ਕਰ ਚਰਿਤ ਬਿਸਾਲਾ[9]।
ਪ੍ਰਥਮ[10] ਪਹਰ ਸਤਿਗੁਰ ਤਹਿ ਐਸੇ। ਕ੍ਰਿਸਨ ਚਰਿਤ੍ਰ ਗਾਥ[11] ਲਿਖ ਤੈਸੇ ॥ [੨॥]
ਯਾ ਬਿਧਿ ਸੁੰਦਰ ਗਾਥ ਭਨਾਹੀ। ਸਭ ਸਿੱਖਨ ਕਉ ਪਾਵਨ[12] ਚਾਹੀ।
ਪੁਨਿ ਤਾਤੇ ਗੁਰ ਬਾਹਰ ਆਵੈਂ। ਭੋਜਨ ਕਰੈਂ ਦਿਵਾਨ ਲਗਾਵੈਂ ॥ [੩॥]
ਪੁਨਿ ਬੀਰਨ ਸੰਗ ਲੈ ਕ੍ਰਿਪਾਲਾ। ਖੇਲ ਅਖੇਟ[13] ਕਰੈਂ ਹਤ ਭਾਲਾ[14]।
ਸੇਰ ਬਰਾਹ[15] ਰੋਝ ਗਨ ਮਾਰੈਂ। ਸੂਕਰ ਗੈਂਡੇ[16] ਸਸੇ[17] ਅਪਾਰੈਂ[18] ॥ [੪॥]
ਤਾ ਕਾਨਨ[19] ਮੈ ਪ੍ਰਭੁ ਨਿਤ ਵਾਸੀ। ਪਸੁ ਖਗ[20] ਮਾਰਤ ਕਰਤ ਬਿਲਾਸੀ।
ਤੇਗ ਕਟਾਰ ਤੁਪਕ ਸੌ ਮਾਰੈਂ। ਅਨਿਕ ਤਮਾਚੇ ਖੰਜਰ ਝਾਰੈਂ ॥ [੫॥]
ਮੱਤ ਮਤੰਗ[21] ਡੋਲਤੇ ਹੇਰੈਂ। ਭਲੀ ਭਾਂਤਿ ਤਾਹੂੰ ਕੋ ਘੇਰੈਂ।
ਦੇ ਸਾਂਗਨ[22] ਬੀਰਨ ਕਰ[23] ਤਾਹੀ। ਕੁੰਭਿਨ[24] ਸਾਥ ਲੜਾਵਤ ਤਾਹੀ ॥ [੬॥]
ਚੀਕਤ ਕਰੀ[25] ਅੱਗ੍ਰ[26] ਬਹੁ ਜਾਹੀ। ਪਾਛੈ ਸੂਰਬੀਰ ਬਰ ਆਈ।
ਕਾਨਨ ਘੋਰ ਸੁ ਅਧਿਕ ਬਿਰਾਜੈ। ਜੀਵ ਚਰਾਚਰ ਪੂਰ ਸੁ ਰਾਜੈ ॥ [੭॥]
ਸਰਿਤਾ ਨਿਕਟ ਰਵਿਜ ਭਗ[27] ਸੋਹਤ। ਸਜਾਮ ਨੀਰ ਸੁੰਦਰ ਮਨ ਮੋਹਤ।
ਕੌਤਕ ਕੋਟ ਕਰੈਂ ਗੁਰ ਜੈਸੇ। ਕਹੇ ਸਿ ਭਿੰਨ ਭਿੰਨ ਕਵਿ ਕੈਸੇ ॥ [੮॥]
ਸਰਬ ਦੇਸ ਕੀ ਸੰਗਤਿ ਆਵੈ। ਦਰਸਨ ਦਯਾ ਸਿੰਧੁ ਕੋ ਪਾਵੈ।
ਅਧਮ[28] ਅਨਿਕ ਜੋ ਦਰਸ ਕਰਾਹੀ। ਜਨਮ ਮਰਨ ਗਤਿ ਮੋਖ ਧਰਾਹੀ ॥ [੯॥]
ਜਿਨ ਮੇਰੋ ਸਤਿਗੁਰੁ ਕਰਤਾਰਾ। ਏਕ ਬਾਰ ਭਰ ਨੈਨ ਨਿਹਾਰਾ।

---

1. ਛੇਵੇਂ। 2. ਕਥਾ, ਕਹਾਣੀ। 3. ਰਾਜਾ ਭੀਮ ਚੰਦ, ਬਿਲਾਸਪੁਰ ਦੀ। 4. ਕੋਲ, ਨਿਕਟ, ਨਜ਼ਦੀਕ। 5. ਮੰਤ੍ਰੀ, ਵਜ਼ੀਰ। 6. ਸੀਮਾ, ਹੱਦ। 7. ਕਹੰਦਾ, ਕਥਨ ਕਰਦਾ। 8. ਰਸੀਲੀ, ਸੁਆਦਲੀ। 9. ਵਿਸ਼ਾਲ ਵੱਡੀ, ਭਾਰੀ। 10. ਪਹਲੇ। 11. ਕ੍ਰਿਸ਼ਨਾਵਤਾਰ ਦੀ ਕਥਾ ਜੋ ਦਸਮ ਗ੍ਰੰਥ ਦੀ ਚੌਵੀਆਂ ਅਵਤਾਰਾਂ ਦੀ ਕਥਾ ਵਿਚ ਸ਼ਾਮਿਲ ਹੈ। 12. ਪਵਿਤ੍ਰ। 13. ਸ਼ਿਕਾਰ। 14. ਭਾਲੇ ਅਥਵਾ ਸ਼ਸਤ੍ਰ ਚਲਾਉਂਦੇ ਸਨ। 15. ਸੂਰ। 16. ਭਾਰੀ ਗੈਂਡੇ। 17. ਸਹੇ। 18. ਪਾਰ ਤੋਂ ਰਹਿਤ, ਬੇਅੰਤ। 19. ਜੰਗਲ, ਵਣ। 20. ਪੰਛੀ। 21. ਮਦ ਮਸਤ ਹਾਥੀ। 22. ਲੰਮੇ ਛੜ ਵਾਲੀਆਂ ਬਰਛੀਆਂ। 23. ਹੱਥਾਂ। 24. ਹਾਥੀਆਂ। 25. ਹਾਥੀ। 26. ਅੱਗੇ। 27. ਰਵਿਜ ਭਗਾ, ਰਵਿ (ਸੂਰਜ) ਦੀ ਭੈਣ ਯਮੁਨਾ ਨਦੀ। 28. ਨੀਵਾਂ।

ਤਾਕੀ ਵਾਂਛਾ ਪੂਰਨ ਭਈ। ਈਤ ਊਤ ਕੀ ਚਿੰਤਾ ਗਈ।
ਬਹੁਤ ਬਰਸ ਕੇਤਕ ਦਿਨ ਮਾਸਾ। ਸ੍ਰੀ ਸਤਿਗੁਰੂ ਤਹਿ ਕਰੇ ਬਿਲਾਸਾ ॥੨॥ [੧੦॥]

ਦੋਹਰਾ। ਬਹੁਰਿ ਗਾਥ ਜਾ ਵਿਧਿ ਭਈ। ਸੁਨੋ ਸੰਤ ਦੈ ਕਾਨ।
ਇਤ ਬਾਈ ਧਾਰਾ ਨ੍ਰਿਪਤਿ[1], ਮਨ ਬਜਾਹ ਸੁਖ ਠਾਨ ॥੩॥ [੧੧॥]
ਭੀਮ ਚੰਦ ਸੁਤ[2] ਬਜਾਹ ਹਿਤੁ, ਕਰ ਬਰਾਤ ਸੁਖ ਸੰਗ।
ਤਾ ਮਾਰਗ[3] ਆਵਤ ਭਯੋ, ਜਹਾਂ ਗੁਰੂ ਬਡ ਰੰਗ ॥੪॥ [੧੨॥]

ਸਵੈਯਾ। ਪਾਂਚ ਹੀ ਕੋਸ ਤੇ ਭੇਵ[4] ਲਖਾ ਸ਼ਬ, ਯਾ[5] ਗੁਰ ਥਾਨ ਨੀਸਾਨ ਲਸਾਹੀ।
ਸੈਨ[6] ਸਬੈ ਠਟਕੀ[7] ਮਨ ਮੈ, ਕਸ[8] ਜਾਵਹਿ ਯਾ ਮਗ[9] ਸੋਚ ਧਰਾਹੀ।
ਸੋ ਗੁਰ ਹੈ ਅਤਿ ਕੋਪ ਭਰੇ ਮਨ, ਜੁੱਧ ਕਰੈ ਮਤਿ ਰੋਸ ਬਢਾਹੀ।
ਜੈਸ ਅਜਾ ਗਨ[10] ਕਾਂਪਤ ਹੈਂ[11] ਸਿੰਘ[12] ਤੈਸੇ ਹੀਏ ਅਤਿ ਹੋਤ ਡਰਾਹੀ ॥੫॥ [੧੩॥]

ਸਕਰ ਛੰਦ। ਔਰ ਮਾਰਗ ਨਾਹਿ ਨੈੜੈ, ਕਾਹਿ ਮਗ ਹਮ ਜਾਹਿ।
ਯਾ ਮਾਰਗੇ ਹਮ ਮਾਰ ਹੈ, ਪੁਨਿ ਕਾਲ ਸਮਰਸੁ ਨਾਹਿ।
ਤਬ ਭੀਮ ਚੰਦ ਬੁਲਾਇ ਮੰਤ੍ਰੀ, ਕਹੀ ਗਾਥ ਅਪਾਰ।
"ਹਮ ਕਹੇ ਲੋਗਨ ਕੈ ਲਗੇਂ, ਤਬ ਕੀਨ ਗੁਰ ਸੋ ਰਾਰ[13]।"
ਤਬ ਭਨ ਸਚਿਵ, "ਸੁਨ, ਰਾਵ ਜੂ! ਹਮ ਕੋ ਲਹਾ ਸੁਖ ਜਾਨ।
ਗੁਰ ਬਸਤ ਥੈ ਹਮ ਦੇਸ ਮੈ, ਤਬ ਹੋਤ ਲਾਭ ਮਹਾਨ।
ਕੇਤੇ ਸਹੰਸ੍ਰ[14] ਮਸੂਲ ਆਵਤ, ਸੰਗਤੀ ਗੁਰ ਕੇਰ[15]।
ਨਾਨਾ ਪ੍ਰਕਾਰ ਪਦਾਰਥੰ, ਮਮ ਸਦਨ[16] ਆਵਤ ਢੇਰ।
ਜਹ ਭੀਰ ਬਨਤੀ ਥੀ ਹਮੈ, ਤਹਿ ਕਰ ਸਹਾਯਤ ਸੰਗ[17]।
ਪੁਨਿ ਟਕੇ ਰਾਜੇ ਦੇਤ ਥੇ, ਤਿਹ ਜੋਰ ਸੇ ਬਹੁ ਰੰਗ।
ਹਮ ਸਦਾ ਨਿਰਭੈ ਬਸਤ ਥੇ ਅਬ ਰਹਤ ਸਦ[18] ਭੈ ਜਾਨ।
ਯਾ ਭਾਂਤਿ ਬਾਤ ਵਜੀਰ ਭਨਪੁਨਿ, ਬੋਲਿਯੋ ਨ੍ਰਿਪ ਤਾਨ।
ਛਲ ਸੰਗ ਬਾਨੀ ਕਹਤ ਭਏ, ਜਾਹਿ ਸਚਿਵ ਸੁ ਤਾਂਨ।
ਗੁਰ ਪਾਸ ਬੇਨਤਿ ਠਾਨੀਐ, ਹਮ ਚੂਕ[19] ਖਿਮਵਹੁ[20] ਜਾਨ[21] ॥੬ [੧੪॥]

ਗੀਆ ਛੰਦ। ਹਮਰੇ ਬੜੇ ਤੁਮਰੇ ਸਦਾ ਯਾ ਬਸਦ ਥੇ ਮਹਾਰਾਜ ਜੀ।
ਕਹਜੋ ਮਾਨ ਲੋਕਨ ਕੇ ਹਮੈ, ਅਸ ਭਈ ਬਾਤ ਸਮਾਜ ਜੀ।
ਬਜਾਹ ਕਰ ਆਵੈ ਜਬ ਤਬ ਨਾਲ ਤੁਮ ਲੈ ਜਾਯ ਹੈਂ।
ਅਬ ਰਹੈ ਠਟਕ[22] ਸੰਕੋਚ ਕੈ ਮਤ ਕਾਜ ਬਿਗਰ ਸੁ ਜਾਯ ਹੈਂ ॥੭॥ [੧੫॥]

---

1. ਪਹਾੜੀ ਇਲਾਕੇ ਦੀਆਂ ੨੨ ਧਾਰਾਂ ਦੇ ਰਾਜੇ। 2. ਪੁਤ੍ਰ। 3. ਰਸਤੇ। 4. ਭੇਦ। 5. ਏਥੇ। 6. ਫ਼ੌਜ। 7. ਸਹਮੀ। 8. ਕਿਸ ਤਰ੍ਹਾਂ। 9. ਮਾਰਗ, ਰਸਤੇ। 10. ਬਕਰੀਆਂ। 11. ਕੰਬਦੀਆਂ ਹਨ। 12. ਸ਼ੇਰ ਤੋਂ। 13. ਲੜਾਈ, ਝਗੜਾ। 14. ਹਜ਼ਾਰਾਂ (ਰੁਪਏ) 15. ਗੁਰੂ ਦੀਆਂ ਸੰਗਤਾਂ ਕੇਰ (ਦਾ)। 16. ਘਰ ਵਿਚ। 17. ਪਾਠਾਂਤਰ—ਕਰ ਸਹਾਯ ਘਨੇਰਾ (ਹੱਥ-ਲਿਖਤ ਨੰ. ੭੧. ਮੋ. ਬਾ.), ਬਹੁਤੀ ਸਹਾਇਤਾ, ਮਦਦ। 18. ਸਦਾ, ਹਮੇਸ਼ਾ। 19. ਭੁੱਲ। 20. ਖਿਮਾ ਕਰੋ। 21. ਹੱਥ-ਲਿਖਤ ਨੰ. ੭੧ (ਮੋ. ਬਾ.) ਦੇ ਅਨੁਸਾਰ ਇਸ ਤੋਂ ਅੱਗੇ ਇਹ ਵਾਧੂ ਤੁਕ ਹੈ, "ਉਸਤਤਿ ਬਖਾਨੇ ਕਪਟ ਸੋ ਤੁਮ ਹੋਹੁ ਕ੍ਰਿਪਾ ਨਿਧਾਨਾ।" 22. ਸਹਮ।

**ਦੋਹਰਾ।** ਸੈਨਾ ਬਡੀ ਅਪਾਰ ਹੈ, ਰਜਪੂਤਨ ਕੀ ਸੰਗ।
ਖੇਚਲ ਮਤ ਕਛੁ ਹੋਯ ਹੈ, ਯਾ[1] ਗੁਰ। ਦੇਸ ਸੁ ਰੰਗ[2] ॥੮ [੧੬॥]
ਮਾਰਗ ਜਾਹੀ[3] ਤੁਮ ਕਹੋ ਜਾਵੈਂ ਹਮ ਨਿਰਖੇਦ[4]।
ਯਾ ਬਿਧਿ ਮਿੱਥਜਾ[5] ਸਾਚ ਭਨ, ਪਠਜੋ ਸਚਿਵ ਅਸ ਭੇਦ ॥੯॥ [੧੭॥]

**ਚੌਪਈ।** ਸ੍ਰੀ ਗੁਰ ਤੀਰ ਸਚਿਵ ਸੋ ਆਯੋ। ਕੋਟਿ ਸੂਰ ਸਸਿ ਤੇਜ ਲਖਾਯੋ।
ਪਦ ਪੰਕਜ[6] ਬੰਦਨ[7] ਤਿਹ ਧਾਰੀ। ਸ੍ਰੀ ਗੁਰ ਬਿਹਸਿ[8] ਸੁ ਐਸ ਉਚਾਰੀ ॥ [੧੮॥]
"ਕਿਮ ਆਯੋ ਨ੍ਰਿਪਸਚਿਵ ਸੁਜਾਨਾ?" ਪੁਨਿ ਬੋਲਾਵੈ ਬੰਦਨ ਠਾਨਾ।
"ਆਪ ਕਨੇ[9] ਨ੍ਰਿਪ ਹਮੈ ਪਠਾਏ। ਅਨਿਕ ਭਾਂਤਿ ਅਭਿਬੰਦਨ[10] ਗਾਏ ॥ [੧੯॥]
ਸੁਤ ਬਿਯਾਹ ਹਿਤ ਸਾਜ ਬਰਾਤਾ। ਅਨਿਕ ਭੂਪ ਸੰਗ ਲੈ ਬਿੱਖਜਾਤਾ।
ਸ੍ਰੀ ਨਗਰ ਮੈ ਬਯਾਹਨ ਆਏ। ਪਾਂਚ ਕੋਸ ਪਰ ਹੈਂ ਠਹਿਰਾਏ ॥ [੨੦॥]
ਬਾਤ ਆਪ ਕੀ ਜਬ ਸੁਨ ਪਾਈ। ਠਠਕ[11] ਰਹੇ ਸਭ ਹੀ ਭਟ ਰਾਈ[12]।
ਮੁਹਿ ਬੁਲਾਇ ਤੁਮ ਤੀਰ ਪਠਾਵਾ। ਕਰੀ ਬੇਨਤੀ, ਤੁਮ ਜਸ ਗਾਵਾ ॥ [੨੧॥]
ਤੂ ਗੁਰ ਰਾਮ ਕਿਸਨ ਅਵਤਾਰੀ। ਹਮ ਜੜ੍ਹ ਸਕੈਂ ਨ ਭੇਦ ਵਿਚਾਰੀ।
ਪਾਂਡਵ ਕੀ ਰਖਯਾ ਤੁਮ ਕਰੀ। ਕੈਰਵ ਕਰੇ ਮਾਰ ਕੇ ਛਰੀ ॥ [੨੨॥]
ਬਿੱਪ ਸੁਦਾਮਾ ਦਾਰਿਦ[13] ਟਾਰਾ। ਕਰੀ[14] ਨਾਕੂ[15] ਤੇ ਆਪ ਉਬਾਰਾ[16]।
ਕੰਸ, ਕੇਸਿ, ਸਿਸੁਪਾਲ ਬਿਦਾਰੇ[17]। ਸੰਤਨ ਕੇ ਤੁਮ ਕਾਜ ਸਵਾਰੇ ॥ [੨੩॥]
ਹਮਰੇ ਭਈ ਭੂਲ ਜਗ ਨਾਥਾ। ਕਰੋ ਖਿਮਾ ਪ੍ਰਭੁ ਨਾਥ ਅਨਾਥਾ।
ਹਮ ਰਾਜਨ ਕੇ ਕਹੇ ਕਹਾਏ। ਨਾ ਹਕ ਤੁਮਰੇ ਕੂਚ ਕਰਾਏ ॥ [੨੪॥]
ਅਬ ਚਲੀਏ ਤਵਨੈ[18] ਸੁਭ ਠਾਮਾ। ਆਨੰਦ ਪੁਰੀ ਬਿਮਲ ਅਸਥਾਨਾ।
ਜਾ[19] ਬਿਧਿ ਤੁਮਰੇ ਬਡੇ ਸਹਾਈ। ਤੈਸ[20] ਸਹਾਇ ਕਰੋ ਸੁਖਦਾਈ ॥ [੨੫॥]
ਅਚੁੱਤ ਅਲਖ ਅਨਾਥ ਕਹੂ ਲੈ ਹੈ। ਇਤ ਤੇ ਐ ਕੇ ਸੰਗ ਲਿਜੈ ਹੈ।
ਜਾ ਵਿਧਿ ਕਰਾ ਨ੍ਰਿਪਤਿ ਤਸ ਭਾਖਾ। ਮੋ ਪ੍ਰਭੁ ਦਾਸ ਸੁਨੋ ਮੁਹ ਰਾਖਾ ॥ [੨੬॥]
ਪੁਨਿ ਪਾਛੇ ਯਾ ਬਾਤ ਬਖਾਨੀ। ਬਿਗਾੜ ਹੋਇ ਮਤਿ ਦੇਸ ਪਛਾਨੀ।
ਤਾ ਤੈ ਆਯਸ[21] ਤੁਮ ਜਬ ਪਾਵੈਂ। ਰਾਜ ਘਾਟ ਹ੍ਵੈ ਪਾਰ ਸਿਧਾਵੈਂ ॥੧੦॥ [੨੭॥]

**ਦੋਹਰਾ।** ਸਭ ਰਾਜਨ ਕੀ ਬੇਨਤੀ, ਸੁਨੀ ਗਰੀਬ ਨਿਵਾਜ।
ਸਰਬ ਭੇਦ ਤਬ ਚੀਨ ਕੈ[22], ਬੋਲੇ ਜਗ ਸਿਰਤਾਜ ॥੧੧॥ [੨੮॥]
ਸ੍ਰੀ ਮੁਖ ਘਨ[23] ਜਜੇ ਗਜਰ ਕੈ, ਕਹਜੇ ਸਚਿਵ ਕੈ ਸੰਗ।
"ਤੁਮਰੋ ਨ੍ਰਿਪ ਕੋ ਛਲ ਲਖਜੇ, ਭਈ ਤਾਹਿ ਮਤਿ ਭੰਗ" ॥੧੨॥ [੨੯॥]

**ਸਵੈਯਾ।** "ਹਮ ਤੋ ਦਿਨ ਰੈਨ ਸੁ ਕਾਨ ਕਥਾ ਭਨ[24], ਸਿੱਖ ਘਨੇ ਕਛੁ ਅੰਤ ਨ ਪਾਰੀ।

---

1. ਇਹ। 2. ਚੰਗੇ ਰੰਗ-ਢੰਗ ਦਾ, ਸੋਹਣਾ ਸਰ ਸਬਜ਼। 3. ਜਿਸ। 4. ਖੇਦ (ਦੁਖ) ਤੋਂ ਰਹਿਤ। 5. ਝੂਠ। 6. ਚਰਣ ਕਮਲ। 7. ਨਮਸਕਾਰ। 8. ਹਸ ਕੇ। 9. ਤਰਫ਼, ਵਲ। 10. ਅਦਬ ਅਦਾਬ, ਨਮਸਕਾਰ। 11. ਝਿਜਕ, ਰੁਕ। 12. ਭੱਟ (ਸੂਰਮੇ ਯੋਧੇ) ਰਾਇ (ਰਾਜੇ)। 13. ਸ੍ਰੀ ਕ੍ਰਿਸ਼ਨ ਜੀ ਨੇ ਭਗਤ ਸੁਦਾਮੇ ਦਾ ਦਰਿਦ੍ਰ ਕਟ ਦਿੱਤਾ ਸੀ। 14. ਕਰਿ, ਹਾਥੀ। 15. ਨਾਕੂ, ਮਗਰਮੱਛ। 16. ਬਚਾਇਆ। 17. ਮਾਰੇ, ਪਛਾੜੇ। 18. ਉਸੇ ਹੀ। 19. ਜਿਸ। 20. ਉਸੇ ਤਰ੍ਹਾਂ। 21. ਆਗਿਆ, ਹੁਕਮ। 22. ਜਾਣ ਕੇ। 23. ਬੱਦਲ। 24. ਕ੍ਰਿਸ਼ਨਾਵਤਾਰ ਦੀ ਕਥਾ ਕਹੰਦੇ (ਲਿਖਦੇ) ਹਾਂ।

ਸੇਰਨ ਸੰਗ ਸਿਕਾਰ ਕਰੇਂ ਨਿਤ, ਮਾਰਤ ਬੈਰਨ ਕੋ ਪ੍ਰਨ ਧਾਰੀ।
ਲੂਟ ਸੋ ਕੂਟ ਲਹੈਂ ਤੁਮ ਕੋ, ਅਤਿ ਹੀ ਅਤਿ ਸੰਗਰ[1] ਕੇ ਬਲ ਭਾਰੀ।
ਮੱਤ ਮਤੰਗਨ[2] ਸੋ ਕੁਸਤੀ ਕਰ, ਤੈਸ[3] ਕਰੈ ਤੁਮ ਸੋ ਸੁਨਿ ਸਾਰੀ ॥੧੩॥ [੩੦॥]
ਜਾਇ ਕਹੋ ਤਿਨ ਸੋ ਤੁਮ ਹੂੰ, ਬਲ ਹੋਇ ਭੁਜਾ[4] ਤਬ ਯਾ ਮਗ ਅਈਯੈ[5]।
ਨਾ ਤਰ[6] ਮੂੜ੍ਹ ਲੁਟੈ ਤੁਮ ਕੋ ਹਮ, ਗੀਦੀ[7] ਤੁਮੈ ਸਠ[8] ਦੂਖ ਧਰਈਯੇ।
ਤੁਮਰੇ ਬਲ ਜਾਵਹਿਗੇ ਪੁਰ ਆਨੰਦ, ਕੌਨ ਤੁਮੈ ਕਹੋ ਬਾਤ ਸੁਨਈਯੈ[9]?
ਆਵਹਿਗੇ ਜਯ[10] ਬੰਬ[11] ਬਜਾਇ ਕੈ," ਯੌ ਸੁਨ ਜਾਤ ਭਯੋ ਨ੍ਰਿਪ ਪਈਯੈ ॥੧੪ [੩੧॥]

**ਦੋਹਰਾ।** ਯੌ ਸੁਨਿ ਕੈ ਬਤੀਆਂ ਗਯੋ ਨ੍ਰਿਪ ਪੈ ਸਚਿਵ ਸੁਜਾਨ।
ਕਹੀ ਬਾਤ ਸਭ ਛੋਰਿ ਕੈ, ਲੂਟ ਮਾਰ ਕੀ ਤਾਨ ॥੧੫॥ [੩੨॥]
ਸੁਨ ਨ੍ਰਿਪ ਯਾ ਬਿਧਿ ਬਾਤ ਕੋ, ਚਿੰਤਾਤੁਰ[12] ਦੁਖ ਮਾਹਿ।
ਪੂਛਤ ਮੰਤ੍ਰੀ ਕੋ ਤਬੈ, "ਕਿਤੀ[13] ਸੈਨ ਗੁਰ ਪਾਹਿ[14]" ॥੧੬॥ [੩੩॥]

**ਚੌਪਈ।** ਮੰਤ੍ਰੀ ਕਹੈ ਰਾਵ[15] ਕੈ ਸੰਗਾ। ਅਬ ਤੇ ਚਮੂੰ[16] ਬਡੀ ਤਿਨ ਸੰਗਾ।
ਕਿਤਕ[17] ਸਹੰਸ੍ਰ ਪਠਾਨ ਅਮੀਰਾ। ਕੇਤੇ ਸੂਰ[18] ਬਲੀ ਅਤਿ ਧੀਰਾ[19] ॥ [੩੪॥]
ਸਿਖ ਸੰਤ ਕੋ ਅੰਤ ਨ ਪਾਰੀ। ਸਸਤ੍ਰ ਅਸਤ੍ਰ ਧਰ ਬਡੇ ਜੁਝਾਰੀ।
ਆਨੰਦ ਪੁਰ ਤੇ ਸੌ ਗੁਨ ਕਹੀਏ। ਪਾਂਵਟਾ ਨਗਰ ਬਸੇ ਧਰ ਛਹੀਏ[20] ॥ [੩੫॥]
ਦੁਰਗ[21] ਸਿਰੋਮਨਿ ਕਿਲਾ ਬਨਾਯੋ। ਅਪ੍ਰਮਾਨ[22] ਜਸ ਜਗ ਤਿਹ ਛਾਯੋ।
ਜਹਾਂ ਤਹਾਂ ਦਿਖੀਅਤ ਅਨੁਰਾਗਾ[23]। ਸੰਗਤਿ ਦੇਸ ਦੇਸ ਕੀ ਛਾਜਾ[24] ॥ [੩੬॥]
ਮੇਘ[25] ਅਡੰਬਰ ਤੰਬੂ ਰਾਜੈ। ਪੰਚ ਮੁਖੀ[26] ਤਹਿ ਸਸਤ੍ਰ ਸੁ ਛਾਜੈ।
ਗਜ ਮਨਿ ਮੁਕਤਾ[27] ਝਾਲਰ ਸੋਹੀ। ਸਸਤ੍ਰ ਥਾਨ ਕਛੁ ਅੰਤ ਨ ਕੋਈ ॥ [੩੭॥]
ਮਨ ਬਾਂਛਤ ਫਲ ਦੇਤ ਸੁਧਾਰੀ। ਤਾ ਕੀ ਵਿਭੋ[28] ਅਨੰਤ[29] ਨਿਹਾਰੀ[30]।
ਅਹੋ[31] ਸਚਿਵ! ਦਿਨ ਅਲਪ[32] ਰਹੇ ਹੈਂ। ਕਾ ਵਿਧਿ ਕਾਜ ਕੋਰ[33] ਹਮ ਪੈ ਹੈਂ? ॥ [੩੮॥]
ਪੁਨਿ ਮੰਤ੍ਰੀ ਨ੍ਰਿਪ ਸੌਂ ਭਨ ਬਾਨੀ। "ਏ ਕਾਰਜ ਕੀਜੈ ਸੁਖ ਮਾਨੀ।
ਰਾਜ ਕੁਮਾਰ ਸੰਗ ਮੈ ਲੈ ਕਰ। ਜਾਵੇਂ ਯਾ ਮਾਰਗ ਮਨ ਰੁਚਿ ਧਰ ॥ [੩੯॥]
ਦੂਸਰ ਮਾਰਗ ਸੈਨਾ ਜਾਈ।" ਸੁਨਿ ਬੋਲਾ ਭੂਪਤਿ ਭੈ ਪਾਈ।
ਮਤ ਬਾਲਕ ਸੋ ਕਰੈ ਖੁਆਰੀ। ਯਾ ਤੇ ਤ੍ਰਾਸ[34] ਹੋਇ ਮਨ ਭਾਰੀ ॥ [੪੦॥]

---

1. ਯੁੱਧ, ਜੰਗ। 2. ਮਸਤੇ ਹੋਏ ਹਾਥੀ। 3. ਉਸੇ ਤਰ੍ਹਾਂ। 4. ਬਾਹਵਾਂ। 5. ਤਾਂ ਇਸ ਮਗ (ਰਸਤੇ) ਆਓ। 6. ਨਹੀਂ ਤਾਂ। 7. ਕਾਇਰ, ਡਰਾਕਲ। 8. ਮੂਰਖ। 9. ਤੁਸੀਂ ਕੌਣ ਹੋ, ਜ਼ਰਾ ਗੱਲ ਦੱਸੋ। 10. ਫ਼ਤਹ। 11. ਧੌਂਸਾ, ਨਗਾਰਾ। 12. ਚਿੰਤਾ ਕਰ ਕੇ ਆਤੁਰ (ਦੁਖੀ)। 13. ਕਿਤਨੀ (ਗਿਣਤੀ ਵਿਚ)। 14. ਪਾਸ, ਕੋਲ। 15. ਰਾਜਾ 16. ਸੈਨਾਂ, ਫ਼ੌਜ। 17. ਕਿਤਨੇ ਹੀ। 18. ਸੂਰਬੀਰ, ਯੋਧੇ। 19. ਧੀਰਜ, (ਠਰ੍ਹਮੇ) ਵਾਲੇ। 20. ਛਾਂ ਕਰ ਕੇ, ਸਹਾਰੇ ਜਾਂ ਆਸਰੇ ਕਰਕੇ। 21. ਵੱਡਾ ਕਿਲਾ। 22. ਪ੍ਰਮਾਣ ਤੋਂ ਰਹਿਤ, ਬੇਅੰਤ। 23. ਪ੍ਰੇਮ ਭਾਵ। 24. ਸ਼ੁਭਾਇਮਾਨ। 25. ਬੱਦਲ। 26. ਜਿਨ੍ਹਾਂ ਦਾ ਮੂੰਹ ਪੰਚ (ਵਿਸਤਾਰ) ਵਾਲਾ ਹੈ, ਅਜੇਹੇ ਸ਼ਸਤ੍ਰ। 27. ਮਣੀਆਂ ਤੇ ਮੋਤੀਆਂ ਦੀ। 28. ਵਿਭਤਿ, ਧਨ ਸੰਪਦਾ।29. ਅੰਤ ਤੋਂ ਰਹਿਤ। 30. ਦੇਖੀ। 31. ਹੇ। 32. ਥੋੜੇ। 33. ਕਿਨਾਰਾ, ਸਿਰਾ। 34. ਡਰ।

ਸੁਮਤਿ[1] ਕਹੈ "ਸੁਨੀਏ ਬਰ[2] ਰਾਜਾ। ਸਤਿਗੁਰ ਕਰੈ ਨ ਝੂਠ ਅਕਾਜਾ।
ਤੁਮ ਬਚ[3] ਸਿਮਰ ਇਤੀ ਰਿਸ ਕਰੀ। ਨਹਿ ਉਨ ਕੋ ਪਰਵਾਹ ਸੁ ਪਰੀ।
ਤਬ ਸੈਨਾ ਉਤ ਓਰ[4] ਪਠਾਈ[5]। ਖਰਾਬ ਹੋਇ ਕੇਤਕ ਦਿਨ ਆਈ" ॥੧੭॥ [੪੧॥]

ਦੋਹਰਾ। ਇਤ[6] ਵਜੀਰ ਆਵਤ ਭਜੇ, ਨ੍ਰਿਪ ਸੁਤ[7] ਲੈ ਕੈ ਸੰਗ।
ਸਤਗੁਰ ਸੰਨਮੁਖ ਜਾਤ ਭਯੋ, ਮਗ[8] ਮੈ ਮਿਲੈ ਨਿਹੰਗ[9] ॥੧੮ [੪੨॥]

ਸਵੈਯਾ। ਗਹਿ ਲੀਨ[10] ਵਜੀਰ ਤਬੈ ਤਿਨ ਹੀ, ਸੁਮਤੰ ਪੁਨਿ ਰਾਜ ਕੁਮਾਰ[11] ਅਪਾਰੀ।
ਤੀਰ ਹਜੂਰ[12] ਦਿਖਾਵਤ ਭੇ, ਗੁਰ ਮੇਘ ਧੁਨੀ ਕਰ[13] ਬੈਨ ਉਚਾਰੀ।
"ਕਯੋ ਰਾਜ ਕੁਮਾਰ! ਅਯੋ ਇਹ ਠਾਂ[14], ਤੁਮ ਪਾਯਨ ਡਾਰ ਜੰਜੀਰ ਸੁਧਾਰੀ[15]?
ਲੇਵਹਿਗੇ ਤੁਮ ਤੇ ਸਗਰੋ ਧਨ[16], ਯੋ ਸੁਨਿ ਪਾਦ ਪਰੋ ਨ੍ਰਿਪ ਬਾਰੀ[17]" ॥੧੯॥ [੪੩॥]

ਤ੍ਰਿਭੰਗੀ। ਤਬ ਬੋਲਾ ਬਾਨੀ, ਨ੍ਰਿਪ ਸੁਤ ਮਾਨੀ[18], "ਹੇ ਪ੍ਰਭੂ! ਸਾਨੀ[19] ਤੋਹ ਲਖੈ।
ਜਿਨ[20] ਅਹੰ ਮਮ ਡਾਰਾ, ਬ੍ਰਹਮ ਨਿਹਾਰਾ, ਭਵੀ[21] ਮੰਝਾਰਾ ਤੋਹ ਰਖੈ।
ਮਨ ਇੰਦ੍ਰੀ ਜੀਤਾ, ਵਿਖੈ ਵਿਰੀਤਾ[22], ਸਦ ਹਰਿ ਚੀਤਾ ਤੋਹ ਮਯਾ[23]।
ਤੇ ਤੁਮ ਕਉ ਜਾਨੇ, ਸਾਚ ਪਛਾਨੇ, ਤੁਰੀ[24] ਸਥਾਨੇ ਚੀਤ ਦਯਾ॥ [੪੪॥]
ਹਮ ਪੰਕ ਨਗਾਰੀ[25], ਵਿਖਿਅਨਧਾਰੀ, ਕਿਮ ਗਤਿ ਥਾਰੀ[26] ਜਾਨ ਸਕੈ।
ਤਨ ਮਨ ਧਨ ਤੋਰਾ, ਸਭ ਬਲ ਜੋਰਾ, ਕਛੂ ਨ ਮੋਰਾ[27] ਜਾਹਿ ਤਕੈ।"
ਸੁਨੀ ਦੀਨ ਦਯਾਲਾ, ਭੇ ਕਿਰਪਾਲਾ, ਸੋ ਨ੍ਰਿਪ ਬਾਲਾ ਕਰੰ ਧਰਾ[28]।
ਕੰਕਨ[29] ਤਿਹ ਦੀਨੇ, ਮਨੀਅਨ ਬੀਨੇ[30] ਸਾਜ ਨਵੀਨੇ ਮੋਦ ਭਰਾ ॥੨੦॥ [੪੫॥]

ਦੋਹਰਾ। [ਕਛੁ ਮੁਸਕਾਇ ਤਿਸੈ ਕਹੀ, "ਤਵ ਭਵ ਅਧਮ ਪ੍ਰਮਾਨ।
ਹਾਥ ਲਗਤ ਤਿਹ ਤੇਗ ਸੋ, ਕਟਤ ਸੀਸ ਰੁਚਿ ਮਾਨ॥ [੨੧॥]
ਤੋ ਸੋ ਬੈਰ ਨ ਕਛੁ ਹਮ, ਸਿਰੀ ਨਗਰਜਾ ਕੰਤ[31]।
ਸੋ ਹਮਰੇ ਸਿਖ ਜਾਨੀਏ, ਤੋਹਿ ਸਸੁਰ[32] ਜੋ ਸੰਤ" ॥੨੨॥ [੪੬॥]

ਚੋਪਈ। ਬਾਜਿ[33] ਦੀਨ ਤਿਹ ਤੇ ਅਤਿਭਾਰੀ। ਕੰਕਨ ਪਟ ਦੀਨੇ ਅਧਿਕਾਰੀ।
ਕੁੰਡਲ ਦੀਏ ਸਾਜ ਸਨ ਭਾਰੇ। ਸੰਗ ਦੀਓ ਪੁਨਿ ਬਿੱਪ੍ਰ ਹਕਾਰੇ॥ [੪੭॥]
ਕ੍ਰਿਪਾ ਰਾਮ ਜਿਹ ਨਾਮ ਵਖਾਨੇ। ਦੋ ਸਿਖ ਤਾ ਸੰਗ ਪਠੇ ਸੁਜਾਨੇ[34]।
ਦੋ ਬਾਜੀ[35] ਪੰਚ ਸਤ ਸੁਦਾਮਾ[36]। ਹੇਤ ਨਿਉਦਰੇ ਪਠ ਮੁਖ ਧਾਮਾ॥ [੪੮॥]

---

1. ਬੁੱਧੀਮਾਨ ਰਾਜ ਕੁਮਾਰ। 2. ਸ਼੍ਰੇਸ਼ਟ, ਭਲਾ 3. ਬਚਨ। 4. ਉਸ ਪਾਸੇ। 5. ਭੇਜੀ। 6. ਇਧਰ। 7. ਰਾਜਕੁਮਾਰ। 8. ਮਾਰਗ, ਰਸਤਾ। 9. ਅਕਾਲੀ, ਬਹਾਦੁਰ ਸਿੱਖ। 10. ਪਕੜ ਲਇਆ। 11. ਫੇਰ ਰਾਜਕੁਮਾਰ ਸੁਮਤਿ (ਨੂੰ ਵੀ ਗ੍ਰਿਫ਼ਤਾਰ ਕੀਤਾ)। 12. ਗੁਰੂ ਸਾਹਿਬ ਦੇ ਕੋਲ। 13. ਮੇਘ (ਬੱਦਲ) ਵਾਂਗ ਧੁਨੀ ਕਰ (ਗੱਜ ਕੇ)। 14. ਏਥੇ ਕਿਉਂ ਆਏ? 15. ਤੁਹਾਡੇ ਪੈਰਾਂ ਵਿਚ ਜੰਜੀਰ ਪਾਈ ਹੋਈ ਹੈ। 16. ਸਭ ਧਨ ਦੌਲਤ। 17. ਰਾਜੇ ਦਾ ਬਾਲ (ਪੁਤ੍ਰ)। 18. ਅਭਿਮਾਨੀ। 19. ਦੂਜਾ, ਮੁਕਾਬਲੇ ਦਾ। 20. ਹੰਕਾਰ। 21. ਸੰਸਾਰ। 22. ਵਿਰਤ, ਵਿਰਕਤ, ਤਿਆਗੀ। 23. ਤੇਰੀ ਕ੍ਰਿਪਾ ਨਾਲ। 24. ਤੁਰੀਆਵਸਥਾ। 25. ਪੰਕ (ਚਿਕੱੜ) ਵਿਚ ਫਾਥੇ ਹੋਏ। 26. ਤੁਹਾਡੀ। 27. ਮੇਰਾ। 28. ਨ੍ਰਿਪ-ਬਾਲ (ਰਾਜਕੁਮਾਰ) ਦੇ ਸਿਰ ਉੱਤੇ ਗੁਰੂ ਜੀ ਨੇ ਹੱਥ ਧਰਿਆ। 29. ਕੰਗਣ। 30. ਮਣੀ, ਰਤਨ ਆਦਿ ਜੜਿਤ। 31. ਸ੍ਰੀ ਨਗਰ ਦੇ ਰਾਜੇ ਦੀ ਜਾ (ਜਾਈ ਅਥਵਾ ਧੀ) ਦੇ ਕੰਤ (ਪਤੀ)। 32. ਸਹੁਰਾ। 33. ਘੋੜਾ। 34. ਸੁਜਾਨ, ਅਕਲਮੰਦ। 35. ਦੋ ਘੋੜੇ। 36. ਪੰਜ ਸੌ (ਸ਼ਤ) ਰੁਪਏ (ਦਾਮ)।

ਸਿਰੀ ਨਗਰ ਨ੍ਰਿਪ ਸਿੱਖ ਲਖਾਵਾ। ਤਾਹਿ ਨਿਓਦਰਾ ਹੇਤ ਪਠਾਵਾ।
ਯਾ ਬਿਧਿ ਬੇਗ[1] ਗਯੋ ਨ੍ਰਿਪ ਬਾਰੀ[2]। ਕੀਨ ਬਿਯਾਹ ਸਮੈ ਅਨੁਸਾਰੀ ॥ [੪੯॥]
ਤਾ ਪਿਤ ਸੈਨਾ ਯੁਤ ਪਛ[3] ਆਯੋ। ਖੁਆਰ ਹੋਇ ਕੇ ਅਤਿ ਦੁਖ ਪਾਯੋ।
ਲਖਾ ਬਿਯਾਹ ਨ ਆਗੇ ਭਯੋ। ਕਰਤ ਸੋਚ ਮਨ ਮੈ ਅਗਨਯੋ[4] ॥ [੫੦॥]
ਸੁਤ ਬਿਯਾਹ ਨਾ ਨੈਨ ਲਖਾਰੀ[5]। ਏਕੋ ਸੁਤ ਭਯੋ ਕੁਲਹਿ ਮੰਝਾਰੀ।
ਗੁਰ ਦ੍ਰੋਹੀ ਕੈਸੇ ਸੁਖੁ ਪਾਵੈ। ਦੁਰ ਬੁਧ ਜਯੋ ਮਰ ਹੀ ਪਛਤਾਵੈ ॥ [੫੧॥]
ਕੁੜਮਨ ਸੋ ਨਹਿ ਪ੍ਰੀਤਿ ਵਧਾਵੈ। ਸਮਧੀ[6] ਸੋ ਨਹਿ ਬੈਨ ਸੁਨਾਵੈ।
"ਤੁਮ ਗੁਰ ਸਿੱਖ ਮੋਰ ਅਰਿ[7] ਭਏ। ਜਾ ਕਰ ਮੈ ਐਸੇ ਦੁਖ ਲਏ ॥ [੫੨॥]
ਮੋਰ ਸਾਕ ਤਬ ਹੀ ਤੁਮ ਸੰਗਾ। ਗੁਰੂ ਨਿਕਾਲੋ ਯਾ ਤੇ ਰੰਗਾ।
ਤਬ ਹੋ ਤੁਮ ਗ੍ਰਿਹ ਭੋਜਨ ਪਾਊਂ। ਗੁਰ ਸਨ ਸਮਰ[8] ਕਰੋ, ਸੁਖ ਪਾਊਂ ॥ [੫੩॥]
ਪੁਰ ਮੈ ਬਿਪ੍ਰ ਸੰਗ ਸਿੱਖ ਜੋਈ। ਤਾ ਕੋ ਲੂਟਹਿ ਪ੍ਰਾਤਹਿ ਹੋਈ।"
ਏ ਗਾਥਾ ਲਖ ਸੰਤ ਵਜੀਰਾ। ਦਈ ਸੁੱਧ ਤਿਨ ਕਉ ਸੁਠ[9] ਧੀਰਾ ॥ [੫੪॥]
ਤੇ ਸੁਨ ਰੈਨ ਜਾਮ[10] ਲਖ ਲੀਨਾ। ਦੋ ਅਸ[11] ਕੌਤਕ ਲਏ ਸੁ ਚੀਨਾ[12]।
ਦੋ ਜੋੜੀ ਕੰਕਨ ਮਨਿ ਸੰਗਾ। ਲੀਨ ਉਤਾਰ ਮਨੇ ਸੁਖ ਰੰਗਾ ॥ [੫੫॥]
ਪੌਰਦਾਰ[13] ਚੌਕੀ ਥੇ ਜੋਈ। ਦੋ ਭਈਏ ਪੂਰਬ ਕੇ ਸੋਈ।
ਤਾ ਕਹੁ ਮਾਰ ਸੀਘ੍ਰ ਹੀ ਗਏ। ਇਤੇ[14] ਕਰੰ ਵਹਿ ਫਾਟਤ ਰਹੇ[15]।
ਪ੍ਰਾਤ[16] ਸੈਨ ਚਤੁਰੰਗ[17] ਚੜਾਈ। ਸੂਰਬੀਰ ਰਾਜੇ ਅਧਿਕਾਈ[18]।
ਸਭ ਮਿਲ ਕ੍ਰਿਪਾ ਸਿੰਧੁ[19] ਪੈ ਆਏ। ਦੁੰਦਭਿ ਭੇਰਿ ਮ੍ਰਿਦੰਗ ਬਜਾਏ ॥੨੩॥ [੫੬॥]

ਦੋਹਰਾ। ਗੁਆਲੇਰੀਏ ਜਸਵਾਰੀਏ, ਪੁਨਹਿ ਕਟੋਚ ਮਹਾਨ।
ਡਢਵਾਲੀਏ ਜਸਰੋਟੀਏ, ਪੁਨਹਿ ਭੁਟੰਤਿ ਮਹਾਨ ॥੨੪॥ [੫੭॥]
ਕੁੱਲੂ ਚੰਬਾ ਦੇਸ ਕੇ, ਜੰਮੂ ਕੇ ਨ੍ਰਿਪ ਔਰ।
ਪੁਨਹਿ ਸੁਕੇਤ ਮੰਡੀਨ[20] ਕੇ ਆਵਤ ਘਨ[21] ਸਮ ਦੌਰ[22] ॥੨੫॥ [੫੮॥]

ਕਬਿੱਤੁ। ਪਰਬਤੇਸ[23] ਭਾਰੀ ਭਾਰੀ ਦੁੰਦਭੀ ਬਜਾਹਿ ਕਾਰੀ, ਸਾਵਨ ਘਟਾ ਸਮਾਨ ਆਏ ਗਜ ਜਾਨੀਐ।
ਪੰਚ ਸਸਤ੍ਰ[24] ਧਾਰ ਸੂਰਬੀਰ ਬਲ ਪਾਰ ਨਹਿ, ਰੰਗਨ ਕੇ ਰੂਪ ਮਨੋ ਲਿਖੈ ਚਿਤ੍ਰ ਧਾਨੀਐ।
ਇਤੈ ਮਹਾਰਾਜ ਸੁਨ ਹਰਖ ਮਹਾਨ ਧਾਰ, ਕਿਧੌਂ ਸਿੰਘ ਦੇਖ ਅਜਾ ਬਜੂਹ[25] ਸੁਖ ਮਾਨੀਐ।

---

1. ਜਲਦੀ। 2. ਰਾਜਕੁਮਾਰ। 3. ਪਿੱਛੋਂ। 4. ਕ੍ਰੋਧ ਨਾਲ ਅੱਗ ਵਾਂਗ ਲਾਲ ਹੋ ਗਇਆ। 5. ਅੱਖੀਂ ਨ ਦੇਖਿਆ। 6. ਕੁੜਮ। 7. ਮੇਰੇ ਦੁਸ਼ਮਨ। 8. ਜੰਗ। 9. ਸੁਠੁ, ਸੁੰਦਰ। 10. ਪਹਰ। 11. ਅਜੇਹੇ। 12. ਜਾਣ। 13. ਚੋਬਦਾਰ। 14. ਇਧਰ। 15. ਹੱਥ ਮਲਦੇ ਰਹ ਗਏ। 16. ਸਵੇਰੇ। 17. ਚਤੁਰੰਗਿਣੀ ਫ਼ੌਜ, ਜਿਸ ਵਿਚ ਰਥ, ਹਾਥੀ ਘੋੜੇ ਤੇ ਪੈਦਲ ਸ਼ਾਮਿਲ ਹੁੰਦੇ ਸਨ। 18. ਬਹੁਤੇ। 19. ਕ੍ਰਿਪਾ-ਸਾਗਰ (ਸ੍ਰੀ ਦਸ਼ਮੇਸ਼)। 20. ਸੁਕੇਤ ਮੰਡੀ ਵਾਲੇ। 21. ਬੱਦਲ। 22. ਦੌੜ ਕੇ। 23. ਪਰਬਤ (ਪਹਾੜ) ਦੇ ਈਸ਼ (ਰਾਜੇ)। 24. ਪੰਜ ਸ਼ਸਤ੍ਰ, ਜੋ ਪੰਜ ਪਿਆਰੇ ਪਹਨਦੇ ਸਨ, ਇਹ ਹਨ—(੧) ਕ੍ਰਿਪਾਨ, (੨) ਧਨੁਖ, (੩) ਬੰਦੂਕ, (੪) ਕਟਾਰ ਅਤੇ (੫) ਚਕ੍ਰ। ਕਈਆਂ ਨੇ ਏਥੇ ਚਕ੍ਰ ਦੀ ਥਾਵੇਂ ਬਰਛਾ ਜਾ ਨੇਜਾ ਪੰਜਵਾਂ ਹਥਿਆਰ ਮੰਨਿਆ ਹੈ (ਦੇਖੋ, *ਕਵੀ ਸੈਨਾਪਤਿ ਕ੍ਰਿਤ ਗੁਰੂ ਸੋਭਾ ਗ੍ਰੰਥ* ਅਤੇ ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ *ਗੁਰੁਸ਼ਬਦ ਰਤਨਾਕਰ, ਮਹਾਨ ਕੋਸ਼*, ੧੯੬੦ ਈ.)। 25. ਬਕਰੀਆਂ ਦਾ ਇਜੜ।

ਕਰਜੇ ਹੈ ਟੰਕਾਰ ਤਬ ਨਿਕਟ ਬੁਲਾਇ ਬੀਰ, ਦੀਏ ਸਾਜ ਬਰ ਆਯੁਧ[1] ਪ੍ਰਮਾਨੀਐ ॥੨੬॥ [੫੯॥]

**ਤੋਮਰ ਛੰਦ।** ਪ੍ਰਭ ਸਸਤ੍ਰ ਅਸਤ੍ਰ ਅਪਾਰ। ਦਏ ਵੰਡ ਬੀਰ ਅਪਾਰ।
ਅਤਿ ਸੋਭ ਸੋ ਚਿਲਕਾਹਿ। ਜਨੁ ਰਵੀ[2] ਕੇ ਗਨ ਆਹਿ ॥੨੭॥ [੬੦॥]

**ਭੁਜੰਗ ਪ੍ਰਯਾਤ ਛੰਦ।** ਧਰੇ ਸਸਤ੍ਰ ਪਾਨੰ[3] ਸੁ ਤੀਰੰ ਤੁਫੰਗ। ਕਰੰ ਸਾਂਗ ਭਾਰੀ ਸੁ ਤੇਗਾਨ ਰੰਗੰ।
ਤਮਾਚੇ[4] ਵਾ ਖੰਜਰ ਸੁ ਬੁਗਦਾਨ[5] ਲੀਨੇ। ਮਹਾਂ ਸੂਰਬੀਰੰ ਸਰੋ ਹੀ[6] ਧਰੀਨੇ ॥ [੬੧॥]
ਪਟਾ[7] ਸਸਤ੍ਰ ਧਾਰੇ ਗਲੋਲਾਨ[8] ਜੇਈ। ਮਹਾ ਕਾਲ ਕੀ ਜ੍ਵਾਲ ਧਾਰੇ ਸੁ ਏਈ।
ਕਰੇ ਗਰਜ ਭਾਰੀ ਸੁਨੇ ਕਾਤਰਾਹੀ[9]। ਫਟੇ ਤਾਹਿ ਛਾਤੀ ਮਹਾਂ ਦੂਖ ਪਾਹੀ ॥ [੬੨॥]
ਸੁ ਪਾਂਚੰ ਸਹੰਸ੍ਰੰ[10] ਪਠਾਨੰ ਅਪਾਰੀ। ਕਰੈਂ ਚਾਕਰੀ ਆਪ ਕੀ ਮੂੜ ਭਾਰੀ।
ਡਰੇ ਦੇਖ ਸੈਨਾ ਕੀਓ ਮੰਤ੍ਰ ਭਾਜੈਂ। ਲਰੈ ਕੌਨ ਯਾ ਸੋ ਸਮੰ ਜਲਧਿ[11] ਸਾਜੈ ॥ [੬੩॥]
ਮਰੈ ਕੌਨ ਜਾਈ ਬਿਨਾ ਮੌਤ ਆਈ। ਭਜੈ ਯਾਹਿ ਤੇ ਨੀਤ ਐਸੀ ਪਕਾਈ।
ਮਹਾ ਮੇਘ[12] ਸੇ ਸੈਨ ਰਾਜਾਨ ਕੇਰੀ[13]। ਰਚੀ ਏਕ ਬਾਨੀ ਗੁਰੂ ਪਾਸ ਟੇਰੀ।
ਲਿਖੀ ਪਤ੍ਰਿਕਾ ਝੂਠ ਬਾਨੀ ਮਿਲਾਈ। ਸੁ ਪਾਸੰ ਹਮਾਰੇ ਇਹੇ ਨਾਥ ਆਈ ॥੨੮॥ [੬੪॥]

**ਦੋਹਰਾ।** ਮੀਤ ਪਠਾਨ ਸੁ ਸਾਕ ਹਮ, ਕਰੈ ਤਿਨੈ ਉਪਕਾਰ।
ਤਾ ਸੁਤ ਬਜਾਹੁ ਰਚਾਇਜੇ, ਬੁਲਜੇ ਹਮੈ ਅਤਿ ਭਾਰ ॥੨੯॥ [੬੫॥]
ਜਲਦਿ ਜਾਇ ਕੈ ਤਹਾਂ ਪੁਨਿ, ਹੋਇ ਅਰਿਨ[14] ਪੁਨਿ ਆਯ।
ਪੁਨਿ ਚਾਕਰੀ ਲਿਖਾਇ ਹੈ, ਖ਼ੁਸ਼ੀ ਕਰੋ ਗੁਰ[15] ਭਾਯ[16] ॥੩੦॥ [੬੬॥]

**ਸਵੈਯਾ।** ਕੰਦਜ[17] ਜਜੋਂ ਧੁਨਿ ਕੈ ਪ੍ਰਭੁ ਬੋਲਤ, "ਕਾਲ[18] ਲਖੇ[19] ਅਬ ਸੰਗਰ[20] ਕੇਰਾ[21]।
ਜਾਵਨ ਕਾਲ ਨਹੀ ਸੁਨੀਐ, ਅਬ ਬੀਰ ਨਿਕਾਹ ਸੋ ਐ ਪੁਨਿ ਫੇਰਾ।
ਯਾਹਿ ਨਿਕਾਹ ਲਿਜੈ ਪੜ ਕੈ ਪੁਨਿ, ਵਾਹਿ ਨਿਕਾਹ ਪੜੈ ਸੁਖ ਕੇਰਾ।
ਤੁਮਰੋ ਹਮਰੋ ਗ੍ਰਿਹ ਏਕ ਲਖੋ, ਹਮਰੀ ਜਯ ਸਾਥ ਤੁਮੈ ਜਸ ਟੇਰਾ ॥੩੧॥ [੬੭॥]
ਖਲ[22] ਰਾਜਨ ਸੈਨ ਬਿਦਾਰਨ[23] ਕੋ, ਹਮ ਦੇਵਤ ਥੇ ਤੁਮ ਕੋ ਧਨ ਭਾਰੀ।"
ਯੌਂ ਸੁਨ ਬੈਨ ਕਹੈਂ ਸਠ ਸੋ, "ਮੁਖ ਕਾਰਾ ਕਰੋ ਹਮਰੋ ਕੁਲ ਭਾਰੀ।
ਸਊਅਨ ਸੋ ਕਿਮ ਸੋ ਰਹਿ ਆਯ, ਨ ਜਾਵਹਿਗੇ ਹਮ ਤੇ ਬਲਕਾਰੀ।"
ਸ੍ਰੀ ਮੁਖ ਬੋਲਤ ਭੇ ਹਰਿ[24] ਜਜੋਂ, "ਤੁਮ ਖਾਤ ਇਸੀ ਬਿਧਿ ਦੌਲਤ ਸਾਰੀ ॥੩੨॥ [੬੮॥]
ਕਾਤਰਤਾ[25] ਤਜ ਬੀਰ ਬਨੋ ਤੁਮ, ਧਾਰ ਕੈ ਪੌਰਖ[26] ਜਾਤ ਸੰਭਾਰੋ।
ਜੋ ਲਖਿ[27] ਸੈਨ ਘਨੀ[28] ਡਰ ਹੋ ਮਨ, ਬੈਨ ਹਮੈ ਚਿਤ ਦੈ ਸੁਨ ਧਾਰੋ।
ਸ੍ਰੀ ਪ੍ਰਭ ਸੈਨ[29] ਕਰੈ ਅਗਨੀ[30] ਹਮ, ਮਾਰਹਿ ਤਾਹਿ ਨ ਸੰਭ੍ਰਮ[31] ਧਾਰੀ।

---

1. ਸ਼ਸਤ੍ਰ। 2. ਰਵਿ, ਸੂਰਜ। 3. ਪਾਨ (ਹੱਥ) ਵਿਚ। 4. ਤਮੰਚੇ। 5. ਗਦਾ। 6. ਤਲਵਾਰ। 7. ਪਟਹ, ਇਕ ਪ੍ਰਕਾਰ ਦੀ ਖੜਗ। 8. ਮੋਲੀ ਜਾਂ ਗੁਲੇਲਾ। 9. ਕਾਤਰ, ਕਾਇਰ। 10. ਪੰਜ ਸੌ। 11. ਸਮੁੰਦ੍ਰ ਸਮਾਨ। 12. ਵੱਡੇ ਭਾਰੀ ਬੱਦਲ। 13. ਦੀ। 14. ਰਿਣ (ਕਰਜ਼ੇ) ਤੋਂ ਰਹਿਤ ਹੋ ਕੇ। 15. ਪਾਠਾਂਤਰ—ਯਾ। 16. ਪ੍ਰਸੰਨ ਹੋ ਕੇ। 17. ਕੰ (ਜਲ) ਤੋਂ ਪੈਦਾ ਹੋਇਆ ਬੱਦਲ। 18. ਸਮਾਂ। 19. ਦੇਖੋ। 20. ਜੰਗ। 21. ਦਾ। 22. ਮੂਰਖ, ਵਿਰੋਧੀ। 23. ਮਾਰਨ। 24. ਸ਼ੇਰ। 25. ਕਾਇਰਤਾ, ਡਰਪੋਕਪੁਣਾ। 26. ਮਰਦਊਪੁਣਾ। 27. ਦੇਖ ਕੇ। 28. ਬਹੁਤੀ। 29. ਇਸ਼ਾਰਾ, ਸੈਨਤ। 30. ਗਿਣਤੀ ਤੋਂ ਬਾਹਰ, ਬਹੁਤੇ। 31. ਸ਼ੱਕ, ਸੰਦੇਹ।

ਜੀਵਨ ਮਰਨ ਹੈ ਈਸਰ ਕੇ ਕਰ, ਤਾਹਿ ਬਿਜੈ[1] ਕਰ ਮਾਰ ਸੁਧਾਰੀ ।।੩੩।। [੬੯।।]
ਨਮਕ ਹਲਾਲ ਕਰੋ ਜਸ ਲੈ ਕਰਿ, ਸ੍ਵਾਮਿ ਤਜੈ ਰਨ ਕਾਲ[2] ਮੈ ਜੇਈ ।
ਜੀਵਤ ਨਿੰਦ ਸਮਾ ਮਰਨਾ ਤਿਨ, ਮ੍ਰਿਤ ਭਏ ਤਿਹ ਸ੍ਵਾਨਨ[3] ਲੇਹੀ ।
ਮਾਸ ਭੁਗੈ[4] ਨਹਿ ਤਾ ਕਰ ਗੀਧ[5] ਸੁ, ਹਰਾਮ ਕੇ ਖੋਰ[6] ਲਖੈ ਤਿਹ ਲੇਹੀ ।
ਜੇ ਤੁਮਰੋ ਮਨ ਰੋਜ[7] ਬਧਾਵਨ, ਤੌ ਤੁਮ ਪਾਂਚ ਦਮੰ[8] ਨਿਤ ਲੇਹੀ" ।।੩੪।। [੭੦।।]

ਚੌਪਈ। ਤਾਂਹਿ ਕਹਜੋ, "ਹਮ ਰਹੈਂ ਨ ਯਾਹੀ ।" "ਅਰਧ ਅਸਰਫੀ" ਸ੍ਰੀ ਗੁਰ ਗਾਈ ।
ਪੁਨਿ ਗੁਰ ਕਹੈ, "ਮੁਹਰ ਨਿਤ ਲੀਜੈ । ਕਬਜ ਲਿਖਾਇ ਪਾਨ ਕਰ ਕੀਜੈ" ।। [੭੧।।]
ਸੁਨ ਪਠਾਨ ਬੋਲੇ ਤੇ ਐਸੇ । ਅੰਤ ਕਾਲ ਨਰ ਲੂਕਤ ਜੈਸੇ ।
"ਕਹਾ ਭਯੋ ਜੇ ਦੌਲਤ ਆਵੈ । ਸਗਿਆਨ ਸੌਂ ਤੂਟਾ ਨਹੀ ਜਾਵੈ ।। [੭੨।।]
ਤਿਨ ਸੰਗ ਬਨੀ ਜੇ ਨਿਸਦਿਨ ਰਹ ਹੈ । ਦੌਲਤ ਘਨੀ ਆਇ ਫਿਰ ਜੈਹੈ ।"
ਤਬ ਸਿੱਖ ਸਤਿਗੁਰ ਤੀਰ ਉਚਾਰੈ । "ਕਾਯਰ[9] ਜਾਵੈ ਤ੍ਰਸਤ[10] ਬਿਚਾਰੈ ।। [੭੩।।]
ਸ੍ਰੀ ਗੁਰ ਯਾ ਪੀਛਾ ਜਿਨ ਕਰੀਯੈ । ਜਾਹੁ ਮਲੇਛਹੁ ਪ੍ਰਗਟ ਉਚਰੀਯੈ ।
ਸ੍ਰੀ ਮਹਾਂਕਾਲ ਕਰੈ ਜੈ[11] ਥਾਰੀ[12] । ਫੀਟੀ ਯਾ ਕੀ ਕੋਰਿ[13] ਨਿਹਾਰੀ[14]" ।। [੭੪।।]
ਤਬ ਗੁਰ ਲਖੀ ਸਾਚ ਮੰਦ ਕੋਰਾ । ਕਹੈ ਬੈਨ ਤਿਨ ਸੋ ਸੁ ਕਠੋਰਾ ।
"ਜਾਵਹੁ ਗੀਦੀ ਮੂੜ ਮਹਾਨਾ । ਕਹਾ ਕਾਲ ਤੇ ਕਰੋ ਪਯਾਨਾ[15] ।। [੭੫।।]
ਮਤ ਯਾ ਠੌਰ[16] ਦੁੰਦਭੀ[17] ਕੀਜੈ" । ਸੁਨਹਿ ਸਿੱਖ ਤਬ ਹੀ ਪੁਨਿ ਲੀਜੈ ।
ਤਾਹਿ ਤੁਫੰਗਨ[18] ਕੁੰਦੇ ਲੀਨੇ । ਗਜ ਖੋਹੇ ਸਿਖਨ ਤਨ ਚੀਨੇ ।। [੭੬।।]
ਬਾਜਿ[19] ਉਤਰ ਕਰ ਯਾ ਮਗ ਮਾਹੀ । ਦੁੰਦਭਿ ਸਭੈ ਉਲਟ ਕਰਵਾਹੀ ।
ਭੇ ਅਪਸਗਨ ਤਾਹਿ ਕਹੁ ਐਸੇ । ਮਰਨ ਕਾਲ ਕੇ ਭੀਰਤ[20] ਜੈਸੇ ।। [੭੭।।]
ਚਲੇ ਜਾਤ ਮਨ ਕਰੈਂ ਬਿਚਾਰਾ । ਮੁਹਰ ਮੁਹਰ ਦੇ ਰਹਜੋ ਸਵਾਰਾ ।
ਭੀਖਨ ਖਾਨ ਕਹੀ, "ਖਨਜਾਦੋ![21] ਏਕ ਅਸਰਫੀ ਕਵਨ ਸੰਬਾਦੋ[22] ।
ਰਾਜਨ ਸੋ ਮਿਲ ਕੈ ਗੁਰੁ ਮਾਰੈਂ । ਧਨ ਸਬ ਲੂਟਹਿ ਕੋਸ[23] ਅਪਾਰੈਂ ।।੩੫।। [੭੮।।]

ਦੋਹਰਾ। ਯਾ ਗੁਰ ਪੈ ਦੌਲਤ ਘਨੀ, ਸਿੰਧ ਬਿੰਧ[24] ਕੀ ਜਾਨ ।
ਲੂਟਹਿ ਕੋਸ ਸੁ ਸਭੈ ਤੁਮ, ਜੋ ਦੇਖੇ ਅਸਥਾਨ ।।੩੬।। [੭੯।।]
ਲੂਟ ਮਾਫ ਕਰਵਾਇ ਨਿਜ, ਭੀਮ ਚੰਦ ਕੇ ਪਾਹਿ[25] ।
ਮੁਕਤਾ[26] ਲਾਲ ਘਨੇ[27] ਰਤਨ, ਲੂਟ ਲੇਹਿ ਸੁਖ ਪਾਹਿ[28]" ।।੩੭।। [੮੦।।]

ਚੌਪਈ। ਯੌਂ ਕਹਿ ਤਵਨ[29] ਠਵਰ[30] ਮੈ ਆਏ । ਮਗ ਮੈ ਤਾ ਅਪਸਗਨ ਲਖਾਏ ।
ਸੀਸ ਕਾਕ[31] ਗੀਧਨ ਫਿਰਹੈਂ ਤਹਿੰ । ਮੁਖ ਆਭਾ[32] ਨਾਸੈ ਰੋਦਤ ਜਹਿੰ ।। [੮੧।।]

---

1. ਵਿਜਯ, ਜਿੱਤ । 2. ਜੰਗ ਦੇ ਮੌਕੇ ਤੇ । 3. ਕੁੱਤੇ । 4. ਭੋਗੇ, ਖਾਵੇ । 5. ਗਿੱਧ । 6. ਫੋਗ, ਸਾਰਹੀਨ । 7. ਰੋਜ਼ੀ, ਨੌਕਰੀ । 8. ਪੰਜ ਦਮੜੇ । 9. ਡਰਾਕਲ, ਕਾਇਰ । 10. ਡਰਦੇ ਮਾਰੇ । 11. ਫ਼ਤਹ, ਜਿੱਤ । 12. ਤੁਹਾਡੀ । 13. ਕਤਾਰ, ਪੰਕਤੀ । 14. ਦੇਖੀ । 15. ਦੌੜਨਾ. ਚਲੇ ਜਾਣਾ । 16. ਇਸ ਥਾਵੇਂ । 17. ਧੌਂਸਾ, ਨਗਾਰਾ । 18. ਬੰਦੂਕ । 19. ਘੋੜੇ । 20. ਅੰਦਰ । 21. ਖ਼ਾਨਾਂ (ਪਠਾਣਾ) ਦੇ ਪੁਤੇ । 22. ਕੀ ਚੀਜ਼ ਹੈ । 23. ਖ਼ਜ਼ਾਨਾ । 24. ਵਿੰਧਜਾਚਲ (ਮੱਧ ਭਾਰਤ) । 25. ਪਾਸੋਂ, ਕੋਲੋਂ । 26. ਮੋਤੀ । 27. ਬਹੁਤੇ । 28. ਸੁੱਖ ਪ੍ਰਾਪਤ ਕਰਕੇ । 29. ਉਸ । 30. ਠੌਰ, ਜਗ੍ਹਾ । 31. ਕਾਂ । 32. ਸ਼ੋਭਾ ।

ਦਿਸਾ ਲਖੈ ਤਮਾ[1] ਯੁਤ ਨਭ ਲਾਲਾ। ਆਏ ਜਹਾਂ ਨ੍ਰਿਪਤਿ ਦਲ ਸਾਲਾ।
ਤੇ ਲਖ ਮੋਦ ਭਏ ਮਨ ਮਾਹੀ। ਆਦਰ ਕਰੈਂ ਏਕਠੇ ਜਾਹੀ ॥ [੮੨॥]
ਸਰਬ ਭੇਦ ਸਤਿਗੁਰ ਕਾ ਲੇਹੀ। ਜਨੁ[2] ਜੰਬੁਕ[3] ਕੇਹਰਿ[4] ਕੁਤ ਕੇਹੀ[5]।
ਤੇ ਕਹੈ ਗੁਰ ਪੈ ਕੋਸ ਅਪਾਰਾ। ਅਰਬ ਖਰਬ ਸੰਪਤਿ[6] ਨਹਿ ਪਾਰਾ ॥ [੮੩॥]
ਔਰੰਗ ਸ਼ਾਹ ਕੇ ਗ੍ਰਿਹ ਸੋ ਨਾਹੀ। ਜੈਸ ਦਿਸਾਵਰ[7] ਯਾ ਪ੍ਰਭੁ ਪਾਹੀ।
ਲਾਲ ਜਵਾਹਰ ਮਾਨਕ ਮੁਕਤਾ। ਸਸਤ੍ਰ ਅਸਤ੍ਰ ਧਰ ਅੰਤ ਨ ਜੁਗਤਾ ॥ [੮੪॥]
ਰਾਜੇ ਬੂਝੀ ਭੀਖਨ ਖਾਨਾ। "ਕੇਤੀ ਸੈਨ ਗੁਰੂ ਕੀ ਨਿਦਾਨਾ?"
ਭੀਖਨ ਖਾਨ ਭਨ ਸਾਹਿਬ ਕਾ ਨਾਉਂ। "ਰੈਯਤ ਲੋਕ ਮਿਲੇ ਇਕ ਠਾਉਂ।
ਜਾਟ ਗਵਾਰ[8] ਸੁ ਤੇਲੀ ਨਾਹੀ। ਭਾਟੀ ਲਬਾਨੇ ਚਮਰਾਈ[9] ॥ [੮੫॥]
ਬਨੀਏ ਰੋਰੇ[10] ਭਾਟ ਮਹਾਨਾ। ਸੂਦ੍ਰ ਛੀਪੇ[11] ਜਾਟ ਤ੍ਰਿਖਾਨਾ।
ਬਾਰਾ ਜਾਤ[12] ਸਿਨਾਤ[13] ਮਿਲਾਵੈਂ। ਇਨ ਕਹੁ ਤੀਰ ਕਮਾਨ ਸਿਖਾਵੈਂ ॥ [੮੬॥]
ਔਰ ਕਲਾਲ ਸੁਨਾਰੇ ਜੇਹੀ। ਪਕੜ ਨ ਜਾਨੈ ਬਰਛਾ ਤੇਹੀ।
ਤੀਰ ਤੁਫੰਗ ਕੋ ਨਾਹਿ ਚਲਾਵੈ। ਜਾਤ ਅਰਾਈ ਖੋਸੀ[14] ਚਾਵੈ[15] ॥ [੮੭॥]
ਆਪ ਬਲੀ ਇਕ ਜੈਸਾ ਕਹੀਐ। ਮਾਮੂ[16] ਬਲੀ ਏਕ ਤਿਹ ਲਹੀਐ।
ਕੋਯਕ[17] ਬਹਨ[18] ਪੂਤ[19] ਤਿਨ ਕੇਰੇ। ਔਰ ਸੈਨ ਸਭ ਖਾਵਨ ਚੇਰੇ[20]।
ਪੁਨਿ ਦਸ ਬੀਸ ਸੁਭਟ[21] ਹੈਂ ਜਾਨੋ। ਔਰ ਨ ਗਨਤੀ ਤਾ ਕੀ ਮਾਨੋ ॥੩੮॥ [੮੮॥]

**ਦੋਹਰਾ।** ਪੁਨਿ ਦਸ ਬੀਸ ਸੋ ਸੂਰ ਹੈਂ, ਕਾਂ ਕੀ ਗਿਨਤੀ ਮਾਂਹਿ।"
ਏ ਗਨਤੀ ਤਾ ਸੈਨ ਕੀ, ਕਹੀ ਭੂਪ ਕੇ ਪਾਹਿ ॥੩੯॥ [੮੯॥]
ਲੂਟ ਮਾਫ ਕਰਵਾਇ ਨਿਜ, ਭੀਖਨ ਖਾਨ ਪਠਾਨ।
ਭਏ ਤੁਰਕ ਏਕਤ੍ਰ ਲਖ, ਕਹੈ ਭੂਪ ਯੋ ਜਾਨ ॥੪੦॥ [੯੦॥]

**ਸਵੈਯਾ।** "ਸੈਨ ਪਠਾਨ ਕੀ ਤਾ ਮਹਿ ਥੀ ਬਡ, ਸੋ ਹਮਰੇ ਨਿਕਟੀ ਚਲਿ ਆਈ।
ਲੂਟ ਸੁ ਕੂਟ ਲਹੈਂ ਸਗਰੇ ਧਨ, ਮਾਰ ਨੀਸਾਨ ਜਸੰ ਨਿਜ ਗਾਈ।"
ਯਾ ਬਿਧਿ ਰੈਨ ਬਿਤੀ ਦਿਨ ਭਯੋ, ਤਬ ਕਾਂਨ ਤ੍ਰੀਤਾਤ ਸਿੰਘਾਸਨ ਆਈ।
ਗੁਰ ਤੀਰ ਕਹੀ ਤਬ ਬਾਤ ਕਿਸੈ, ਜੋ ਰੈਨ ਉਦਾਸੀ ਨਸੇ ਲਖ ਪਾਈ ॥੪੧॥ [੯੧॥]
ਪਾਂਚ ਹੀ ਸਹੰਸ ਉਦਾਸੀ[22] ਨਸੇ, ਸੁਨ ਸ੍ਰੀ ਮੁਖ ਪੂਛਤ, "ਕੋ ਰਹਜੋ ਜਾਈ?"
ਸਿੱਖ ਕਹੈਂ ਤਬ ਸ੍ਰੀ ਗੁਰੁ ਤੀਰ, "ਰਹਜੋ ਸੁ ਕ੍ਰਿਪਾਲ ਮਹੰਤ ਇਕਾ ਹੀ।"
ਤੋ ਗੁਰੁ ਐਸ ਕਹੈਂ ਮੁਸਕਾਇ ਕੈ, "ਜੋ ਸਿਰ ਕਾਯਮ ਰਾਜਤ ਆਹੀ।
ਜਾਹਿ ਮਹੰਤ ਬਿਰਾਜਤ ਹੈ, ਤਹਿ ਚੇਲਨ ਕੀ ਪਰਵਾਹਿ ਸੁ ਨਾਹੀ" ॥੪੨॥ [੯੨॥]

---

1. ਅਨ੍ਹੇਰਾ। 2. ਜਾਣੇ, ਮਾਨੋ। 3. ਗਿੱਦੜ। 4. ਸ਼ੇਰ। 5. ਕੁਤਕੁਤਾ ਰਹਿਆ ਹੋਵੇ। 6. ਧਨ-ਦੌਲਤ। 7. ਹੋਰ ਦੇਸ਼ਾਂ ਦੀ। 8. ਮੂਰਖ। 9. ਚਮਾਰ। 10. ਅਰੋੜੇ। 11. ਛੀਂਬੇ। 12. ਬ੍ਰਾਹਮਣ, ਖਤ੍ਰੀ, ਜੱਟ, ਬਾਣੀਏ, ਨਾਈ, ਛੀਂਬੇ ਆਦਿ। 13. ਛੋਟੀਆਂ ਜਾਤਾਂ, ਜਿਵੇਂ ਨਾਈਆਂ, ਛੀਂਬਿਆਂ, ਆਦਿ ਗੋਤਾ ਦੀਆਂ ਸ਼ਾਖਾਂ, ਉਪ-ਸ਼ਾਖਾਂ ਆਦਿ। 14. ਖੋਸਲੇ। 15. ਚਾਵਲੇ। 16. ਮਾਮਾ ਕ੍ਰਿਪਾਲ ਚੰਦ। 17. ਕਈ ਕੁ। 18. ਬੀਬੀ ਵੀਰੋ ਸ੍ਰੀ ਦਸ਼ਮੇਸ਼ ਜੀ ਦੀ ਭੈਣ ਨਹੀਂ ਸਗੋਂ ਪਿਤਾ ਗੁਰੁ ਤੇਗ਼ ਬਹਾਦੁਰ ਜੀ ਦੀ ਭੈਣ ਹੋਣ ਕਰਕੇ, ਭੂਆ ਸੀ। 19. ਬੀਬੀ ਵੀਰੋ ਦੇ ਪੁਤ੍ਰ ਸੰਗੋ ਸ਼ਾਹ, ਜੀਤ ਮਲ ਆਦਿ। 20. ਚੇਲੇ, ਖਾਣ-ਪੀਣ ਵਾਲੇ। 21. ਸੂਰਮੇ। 22. ਲਿੰਗੋਟੀ।

ਭੁਜੰਗ। "ਬੁਲਾਵੋ, ਕ੍ਰਿਪਾਲੰ" ਕਹੀ ਆਪ ਬਾਨੀ। "ਤੁਮੈ ਯਾਹਿ ਕਰ ਹੈ ਗੁਰ" ਸੋ ਬਖਾਨੀ।
ਗਏ ਤਾਹਿ ਦਾਸੰ ਜਹਾਂ ਧਜਾਂਨ ਲਾਏ। ਜਟਾ ਲਾਂਬੀਅੰ ਲੰਬ ਦਾੜ੍ਹਾ ਸੁਹਾਏ ॥[੯੩॥]
ਕੁਪੀਨੰ ਬਿਰਾਜੈ ਸੁ ਸੋਭਾਨ ਧਾਰੈ। ਸਮੰ ਖੀਰ ਸਿੰਧੰ[1] ਸੁ ਭਸੰਮੰ ਪ੍ਰਕਾਰੈ।
ਜਿਮੰ ਸੰਕਰ[2] ਤੈਸ ਰੂਪੰ ਲਖਾਹੀ। ਜਨੰ ਗੋਰਖੰ[3] ਧਜਾਨ ਅਕਾਲ ਮਾਹੀ ॥[੯੪॥]
ਕਰੰ[4] ਮੈ ਮ੍ਰਿੜਾਲੰ[5] ਸੁ ਕੁਤਕਾਨ[6] ਧਾਰੈ। ਉਲੁੱਕਾ[7] ਲਖਾਵੈ ਚੁਏ ਅਗਨਿ ਭਾਰੈ[8]।
ਮਹਾਂਕਾਲ ਕੋ ਦਾਸ ਰੂਪੰ ਭਯਾਨੰ[9]। ਜਿਸੇ ਪੇਖ ਸਤ੍ਰੰ[10] ਮਰੇ ਆਪ ਥਾਨੰ ॥[੯੫॥]
ਗੁਰੂ ਆਯਸੰ ਜਾਨ ਆਯੋ ਦੌੜਾਹੀ। ਖੜਾਵਾਂ ਧਰੀ ਪਾਦ ਲੰਬੇ ਭਨਾਹੀ[11]।
ਸਮੰ ਤਾਮ੍ਰ[12] ਕੇ ਸੀਸ ਨੈਨੰ ਬਿਸਾਲੰ। ਉਸੇ ਮੋਦ ਪੇਖੰ ਕਹੈ ਗੁਰੁ ਦਯਾਲੰ ॥[੯੬॥]
"ਕਹਾਂ ਚੇਲਕਾ ਆਪ ਜੀ ਕੇ ਸਿਧਾਰੇ?" ਤਬੈ ਆਵਧੂਤੰ[13] ਸੁ ਬੈਨੰ ਉਚਾਰੇ।
"ਗੁਰੂ ਚੇਲਕਾ[14] ਪਾਦ ਤੋਰੈ ਸਰਨੰ[15]। ਮਹਾਂਰਾਜ ਤੂੰ ਹੈਂ, ਤੁਮੈ ਦਾਸ ਧੰਨੰ ॥[੯੭॥]
ਤੁਮੈ ਦਾਸ ਜਾਨੇ ਕਈ ਸੰਤ ਜੇਹੀ। ਤੁਮੈ ਕੋਰ[16] ਤੇ ਮੋਹ ਗਜਾਨੰ ਜਨੇਹੀ।
ਸਬੈ ਕਿੰਨਰੰ ਯੱਖ ਸੰਭੂ ਬਿਧਾਦੰ[17]। ਸਸੰ[18] ਤਾਰਿਕਾ[19] ਸੂਰ[20] ਜੋਤ ਸਰਾਦੰ[21] ॥[੯੮॥]
ਕਈ ਕੋਟ ਸੰਭੰ ਬਿਧੰ ਈਸ ਧਾਰੇ। ਸਬੈ ਤੋਰ ਸਰਨੰ ਸਦਾ ਮੈ ਨਿਹਾਰੇ।
ਇਨੰ ਪਾਦ ਮੈ ਵਾਰੀਐ ਤੀਨ ਲੋਕੰ। ਤਜੈ ਪਾਦ ਯਾ ਕੇ ਭੁਗੇ ਨਰਕ ਲੋਕੰ ॥[੯੯॥]
ਜਬੈ ਚੀਤ ਹੋਵੈ ਅਨੰਨੰ[22] ਪ੍ਰਕਾਰੰ। ਲਖੈ ਤੋ ਸਰੂਪੰ ਤਬੈ ਸੁਖ ਧਾਰੰ।
ਮਨੰ ਰਾਗ ਦੋਖੰ ਤਜੈ ਰਾਗ ਜੀਨੰ[23]। ਬਿਬੇਕੰ[24] ਸਮੰ ਦਾਮ[25] ਉਪਰਾਮ[26] ਚੀਨੰ ॥[੧੦੦॥]
ਤਿਤਿਖਜਾ[27] ਸੁ ਹੇਤੰ ਸਮਾਧਾਨ[28] ਧਾਰੇ। ਮਮੋਖੰ[29] ਮਹਾਂ ਵਾਕ ਸ੍ਵਨੰ[30] ਪ੍ਰਕਾਰੇ।
ਥਰੈ ਮਨਨੰ[31] ਆਦਿ ਨਿਧਿਆਸ[32] ਤਾਹੀ। ਸਮਾਧੰ ਖਟੰ[33] ਜਾਨ ਨਿਰਬਾਨ[34] ਚਾਹੀ।
ਤਬੈ ਏਕ ਰੂਪੰ ਅਨੇਕੰ ਲਖਾਵੈ। ਹਸੇ ਬਾਕ ਭਾਖੈ, ਪੁਨੰ ਈਸ ਭਾਵੈ ॥੪੩॥ [੧੦੧॥]

ਸਵੈਯਾ। ਦੂਤਨ ਕੇ ਦਲ ਆਏ ਘਨੇ, ਅਬ ਕੌਨ ਸੋ ਚਰਿਤ ਕਰੈ ਹਰਿ ਜਾਨੀ।
ਸ੍ਰੀ ਅਸਿਕੇਤ[35] ਕੋ ਚਰਿਤ ਸੁਨਾਵਹੁ, ਕਾਹੂ ਕੀ ਜੀਤ ਕਰੈ ਬਲ ਧਾਨੀ।
ਯੌ ਸੁਨ ਪਾਵਨ ਸੰਤ ਭਨੇ, ਗੁਰ ਤੂੰ ਪ੍ਰਭੁ ਈਸ ਲਖੇ ਨਿਰਬਾਨੀ।

---

1. ਖੀਰ, (ਦੁੱਧ ਦੇ) ਸਮੁੰਦ੍ਰ ਵਾਂਗ। 2. ਸ਼ਿਵ ਜੀ। 3. ਜੋਗੀ ਗੋਰਖ ਨਾਥ ਦਾ। 4. ਹੱਥ। 5. ਕਮਲ ਦੀ ਨਾਲ। 6. ਸੋਟਾ, ਡੰਡਾ। 7. ਮੁਰਿਆੜ, ਚੁਆਤੀ ਜਾਂ ਚੋਈਅੜਾ। 8. ਜਾਣੋ ਉਸ ਵਿਚੋਂ ਅੱਗ ਨਿਕਲਦੀ ਹੈ। 9. ਭਿਆਨਕ, ਖੌਫ਼ਨਾਕ। 10. ਸ਼ਤ੍ਰੂ, ਦੁਸ਼ਮਨ 11. ਖੜਾਵਾਂ ਲਾਹ ਧਰੀਆਂ ਤੇ ਪੈਰਾਂ ਨਾਲ ਲੰਬੀਆਂ ਡਿੰਘਾਂ (ਉਲਾਂਘਾਂ) ਭਰਦਾ ਆਇਆ। 12. ਤਾਂਬੇ ਵਾਂਗ ਲਾਲ। 13. ਅਵਧੂਤ, ਸਾਧੂ। 14. ਚੇਲੇ। 15. ਤੁਹਾਡੀ ਚਰਣ-ਸਰਣ ਵਿਚ ਹਨ। 16. ਕ੍ਰਿਪਾ-ਦ੍ਰਿਸ਼ਟੀ। 17. ਵਿਧਾਤਾ, ਬ੍ਰਹਮਾ ਆਦਿ। 18. ਸ਼ਸ਼ਿ, ਚੰਦ੍ਰ। 19. ਤਾਰੇ। 20. ਸੂਰਜ। 21. ਸੁਰ (ਦੇਵਤੇ) ਆਦਿ। 22. ਅਨਨਜ, ਇਕ ਰਬ ਦਾ ਉਪਾਸਕ ਜੋ ਇਕ ਤੋਂ ਬਿਨਾ ਦੂਜੇ ਨੂੰ ਨ ਮੰਨੇ। 23. ਜਿਤਨੇ ਵੀ ਰਾਗ ਦੋਖ ਦੇ ਭਾਵ ਹਨ ਉਨ੍ਹਾਂ ਨੂੰ ਮਨ ਤੋਂ ਤਿਆਗੇ। 24. ਵਿਚਾਰ। 25. ਸਮ, ਦਮ ਆਦਿ ਖਟ ਸੰਪਦਾ। 26. ਉਦਾਸੀਨ। 27. ਸਰਦੀ ਗਰਮੀ ਝੱਲਣ ਦੀ ਤਾਕਤ। 28. ਸ਼ੰਕਾ ਦਾ ਪੂਰਾ ਪੂਰਾ ਉੱਤਰ। 29. ਮੁਮੁਖ਼ੂ, ਮੁਕਤੀ ਦਾ ਚਾਹਵਾਨ। 30. ਕੰਨ। 31. ਸ਼ੰਕਾ ਰਹਿਤ ਹੋ ਕੇ ਕਿਸੇ ਸਿੱਧਾਂਤ ਨੂੰ ਮਨਨ ਚਿੰਤਨ ਕਰਨਾ। 32. ਨਿਦਿਧਜਾਸਨ, ਵਾਰ ਵਾਰ ਚਿੱਤਵ੍ਰਿਤੀ ਨੂੰ ਧਿਆਨ ਵਿਚ ਲਾਉਣਾ। 33. ਛੇ ਪ੍ਰਕਾਰ ਦੀ। 34. ਦੁੱਖਾਂ ਤੋਂ ਛੁਟਕਾਰਾ, ਮੋਖ ਪਦਵੀ। 35. ਖੜਗਧਾਰੀ (ਅਕਾਲਪੁਰਖ)।

ਕਾਮ 'ਰੁ ਕੋਪ ਸੁ ਲੋਭ ਖੰਡੇ, ਤੁਮ ਖਾਲਸ੍ਰਿਜੰ[1] ਹਤਨਾ ਤੁਮ ਮਾਨੀ ॥੪੪॥ [੧੦੨॥]
ਹੇ ਧਨੁਰੰਧਰ ਖੰਡਤ ਹੈ ਖਲ ਰਾਵਨ ਕੁੰਭ ਰੁਕਾਨ ਪ੍ਰਕਾਰੀ।
ਸੁੰਭ ਨਿਸੁੰਭ ਜਰਾ ਸਿੰਧ ਕੰਸਹਿ ਦੁਰਜੋਧਨ ਤੇ ਸਿਸਪਾਲ ਹਿਭਾਰੀ।
ਐਸ ਹਤੇ ਤੁਮ ਹੀ ਪ੍ਰਭੁ ਖਜਾਲ ਤੇ, ਧਜਾਨ ਲਗਾਵਤ ਤੇ ਸੁਰ ਸਾਰੀ।
ਬਰੁਨ ਬਿਰੰਚਿ[2] ਨਿਸੇਸ ਦਿਨੇਸਹਿ, ਜੋਤ ਧਰੀ ਤੁਮ ਹੀ ਸੁਖਕਾਰੀ ॥੪੫॥ [੧੦੩॥]

**ਸੰਕਰ ਛੰਦ।** ਏਕੋ ਨ ਗਨਤੀ ਮਾਹਿ ਹੈਂ, ਤੁਮ ਏਕ ਦਾਸ ਪ੍ਰਹਾਰ।
ਜਿਮ ਕੋਟਿ ਜੰਬੁਕ[3] ਨਾਸ ਕੇ, ਇਕ ਕੇਹਰੀ[4] ਬਲ ਪਾਰ ॥ [੧੦੪॥]
ਯੌ ਸੁਨੇ ਬੈਨ ਸੁ ਤਾਹਿ ਗੁਰ, ਮਨਮੋਦ ਭਾ ਸੁਖ ਕੀਨ।
ਪੁਨਿ ਸਿੱਖ ਏ ਗੁਰ ਤੀਰ ਭਾਖੀ ਬਾਨੀਯਾਂ ਸੁਖ ਲੀਨ ॥ [੧੦੫॥]
ਨ੍ਰਿਪਹਿ ਕੂਚ ਕਰਵਾਇਯੋ ਹਮ ਸੋਧ[5] ਤੁਮ ਸੋ ਕੀਨ।
ਤੁਮ ਲਖੋ ਸਾਰੀ ਬਾਤ ਕੋ ਜੋ ਰੁਚੇ ਕੀਜੈ ਚੀਨ[6] ॥ [੧੦੬॥]
ਸੁਨ ਬੈਨ ਭਾਖੈ ਆਪ ਜੂ ਤੁਮ ਸਜੋ ਕਵਚ ਨਿਖੰਗ।
ਮਨ ਹੋ ਸੁਚੇਤ ਬਿਰਾਜੀਏ ਧਰ ਮੋਦ ਕੋ ਸਰਬੰਗ।
ਸੁਨ ਕੇ ਨਿਦੇਸ[7] ਭਏ ਅਸੇ[8] ਜਨ, ਸਸੇ ਤੇ ਸਿੰਘ ਜੋਯ।
ਗੁਰ ਮਯਾ ਤੇ ਸਬ ਸੂਰ ਬਰ[9], ਕਰ ਲਗ ਸੁਧਨ[10] ਕਰ ਹੋਯ ॥ [੧੦੭॥]
ਪਾਇ ਕੈ ਗੁਰ ਆਯਸੰ[11] ਤਬ ਬਜੀ ਭੇਰਿ[12] ਅਪਾਰ।
ਸਰਨਾਯ[13] ਗੋ ਮੁਖ[14] ਝਾਲਰੰ[15] ਮਿਰਦੰਗ[16] ਨਾਦ ਅਪਾਰ ॥ [੧੦੮॥]
ਮੁਚੰਗ[17] ਔਰ ਉਪੰਗ[18] ਤੇ ਬਰ ਪੰਚ ਤੂਰ[19] ਬਖਾਨ।
ਜਨ ਪਾਂਡੁ ਪੁਤ੍ਨ ਕੈਰਵਨ ਸਭ ਖੇਤ੍ ਕੁਰ ਅਸਥਾਨ ॥ [੧੦੯॥]
ਨਫੀਰ[20] ਕੀ ਧੁਨਿ ਹੈ ਘਨੀ ਨਭ ਧਰ[21] ਪਰਜੋ ਇਕ ਤਾਹ।
ਕਹੂੰ ਤਾਲ ਘੰਟਨ ਕੀ ਧੁਨੀ, ਕਹਿ ਜਾਤ ਸੰਖਨ ਤਾਹਿ ॥ [੧੧੦॥]
ਗੁਰ ਬਹਿਨ[23] ਥੀ ਇਕ ਜਾਤ ਤੈ ਸੁਤ ਤਾਹਿ ਕੇ ਗੁਰ ਤੀਰ।
ਅਤਿ ਸੂਰ ਜੋਧੇ ਜਾਨੀਐ ਗੁਰ ਮਯਾ ਪੁਰ ਅਤਿ ਧੀਰ ॥ [੧੧੧॥]
ਪ੍ਰਥਮੈ ਸੁ ਸੁੰਦਰ ਸੋਭ ਧਰ ਗਾਜਜੋ ਬਡੋ ਬਰਬੰਡ।
ਮਾਮਾ ਗੁਰੂ ਕੇ ਜਾਨੀਐ ਸੰਗ੍ਰਾਮ ਸਾਹ[23] ਅਖੰਡ ॥ [੧੧੨॥]
ਜਿਹ ਨਾਮ ਸੰਗੋ ਰਾਮ ਹੈ, ਕਹੀ ਸਿੰਘ ਸੰਗਰ ਭਾਖ।
ਅਸ ਸੂਰ ਜਾ ਕੇ ਨਾਮ ਹੈ, ਸੁਖ ਹੋਵਤੇ ਬਹੁ ਲਾਖ ॥ [੧੧੩॥]
ਸ੍ਰੀ ਸਰਬ ਉਪਮਾ ਜੋਗ ਹੈ, ਅਤਿ ਸੋਭ ਜਾ ਕੀ ਜਾਨ।

---

1. ਪਾਲ ਸ੍ਰਿਜੰ (ਮੋ. ਬਾ. ੭੧)। 2. ਬ੍ਰਹਮਾ। 3. ਗਿੱਦੜ। 4. ਸ਼ੇਰ, ਸਿੰਘ। 5. ਪਾਠਾਂਤਰ—ਮੋਹ (ਖਾ. ਕਾ. ਅ. ੬੦੫)। 6. ਜਾਣ ਕੇ। 7. ਹੁਕਮ, ਆਦੇਸ਼। 8. ਅਜੇਹੇ। 9. ਸ਼੍ਰੇਸ਼ਟ ਸੂਰਮੇ। 10. ਚੰਗੇ ਧਨੁਖ। 11. ਆਗਿਆ। 12. ਜੰਗੀ ਧੌਂਸਾ। 13. ਸ਼ਹਨਾਈ। 14. ਰਣ ਸਿੰਗਾ। 15. ਵਿਜ-ਯ-ਘੰਟਾ। 16. ਢੋਲ ਦੀ ਕਿਸਮ ਦਾ ਇਕ ਬਾਜਾ। 17. ਵੱਡੀ ਡੱਫ਼। 18. ਨਸਤਰੰਗ ਨਾਮੀ ਬਾਜਾ। 19. ਤੁਰਮ। 20. ਨਫ਼ੀਰੀ, ਤੁਰ੍ਹੀ। 21. ਨਭ (ਆਕਾਸ਼) ਤੇ ਧਰ (ਧਰਤੀ)। 22. ਬੀਬੀ ਵੀਰੋ ਗੁਰੂ ਦਸ਼ਮੇਸ਼ ਜੀ ਦੀ ਭੈਣ ਨਹੀਂ, ਸਗੋਂ ਭੂਆ ਸੀ। 23. ਸੰਗ੍ਰਾਮ (ਸੰਗੋ) ਸ਼ਾਹ ਬੀਬੀ ਵੀਰੋ ਦਾ ਪੁਤ, ਹੋਣ ਕਰਕੇ ਗੁਰੂ ਜੀ ਦਾ ਮਾਮਾ ਨਹੀਂ, ਫੁਫੇਰਾ ਭਾਈ ਸੀ।

ਪੁਨਿ ਕ੍ਰਿਪਾ ਰਾਮਾ[1] ਸੁ ਮਾਤੁਲੰ[2], ਜਿਹ ਪਾਦ ਪੱਬ[3] ਬਖਾਨ ॥ [੧੧੪॥]
ਨਹਿ ਟਰਤ ਧਰ ਤੇ ਠੈਕ ਹੂੰ ਤਿਹ ਨਾਮ ਸੁਨੀਏ ਸੰਤ।
ਹਠਿ ਜੀਤ ਮੱਲ ਬਖਾਨੀਐ, ਗਾਜੀ[4] ਗੁਲਾਬ ਲਖੰਤ ॥ [੧੧੫॥]
ਰਨ ਰੰਗ ਸੋਭਤ ਤਾਮ੍ਰ[5] ਜਜੈਂ, ਪੁਨਿ ਹਰੀ ਚੰਦ ਬਖਾਨ।
ਪੁਨਿ ਰਾਮ ਗੰਗਾ[6] ਜਾਨੀਐ, ਪੁਨਿ ਲਾਲ ਚੰਦ ਪ੍ਰਧਾਨ ॥ [੧੧੬॥]
ਜਿਨ ਤੋੜ ਗਰਬ ਸਿੰਘਾਨ ਕੋ, ਅਤਿ ਲਾਲ ਹੈ ਬਪੁ[7] ਤਾਹਿ।
ਪੁਨਿ ਦਾਸ ਦੋਇ ਪਹਾੜੀਏ, ਗੁਰ ਮਜਾ ਜਾ ਪਰ ਆਹਿ ॥ [੧੧੭॥]
ਤਾ ਨਾਮ ਮਾਹਰੂ[8] ਏਕ ਹੈ, ਪੁਨਿ ਕਾਹਰੂ[9] ਹੈ ਦੂਜ।
ਜਿਨ ਮਾਰਨੇ ਹੈਂ ਖਾਨ ਬਡਿ ਅਤਿ, ਜਗਤ ਕੇ ਤੇ ਪੂਜ ॥ [੧੧੮॥]
ਪੁਨਿ ਦਯਾ ਰਾਮ ਸੁ ਵਿਪ[10] ਹੈ, ਸਮ ਦ੍ਰੋਣ ਕੇ[11] ਗੁਰ ਪਾਹਿ।
ਪੁਨਿ ਆਏ ਕ੍ਰਿਪਾਲ ਮਹੰਤ ਜੂ ਧਰਿ ਕੁੱਤਕੋ[12] ਕਰ ਮਾਹਿ ॥੪੬॥ [੧੧੯॥]

**ਦੋਹਰਾ।** ਯਾ ਬਿਧਿ ਆਈ ਸੈਨ ਇਤ, ਗੁਰ ਕੀ ਅਗਮ ਅਪਾਰ।
ਉਤ ਆਏ ਸਭ ਖਾਨ ਰਨ, ਮਰਨ ਹੇਤ ਸੁਨ ਸਾਰ ॥੪੭॥ [੧੨੦॥]

**ਚੌਪਈ।** ਪੁਨਿ ਪਹਾੜ ਕੇ ਰਾਜੇ ਆਏ। ਫਤੈ ਸਾਹ ਸ੍ਰੀ ਨਗ੍ਰ ਨਿਪਾਏ[13]।
ਹਰੀ ਚੰਦ ਪੁਨਿ ਰਾਜ ਸੁ ਚੰਦੰ। ਕੁਲੂ ਪਤਿ ਆਏ ਕਾਲ ਪ੍ਰਚੰਡੰ ॥ [੧੨੧॥]
ਰਾਮ ਸਿੰਘ ਮੀਆਂ ਜੰਮੂ ਪਤਿ। ਸਾਹਿਬ ਚੰਦ ਆਯੋ ਮਧੁਕਰ ਅਤਿ।
ਪੁਨਿ ਜਸਵਾਰ ਡਢਵਾਰ ਪਛਾਨੋ। ਕਟੋਚਨ ਆਦਿ ਕਾਂਗੜੇ ਮਾਨੋ ॥ [੧੨੨॥]
ਬਾਈ ਧਾਂਰ ਨ੍ਰਿਪਤਿ ਤਹਿ ਆਏ। ਪੂਰਬ ਖਾਨ ਨਿਜਾਬਤ ਆਏ।
ਪੁਨਿ ਹਯਾਤ ਖਾਨ ਸੋ ਆਯੋ। ਜਹਿ ਧਨ ਗੁਰ ਕੋ ਅਤਿ ਲਖ ਪਾਯੋ ॥ [੧੨੩॥]
ਸ੍ਰੀ ਕ੍ਰਿਪਾਲ ਤਾਂ ਕੁੱਤਕ ਮਾਰੀ। ਚਲੀ ਮਿੰਝ ਤਾ ਸੀਸ ਮੰਝਾਰੀ।
ਜਸ ਸ੍ਰੀ ਕਾਨ ਫੋੜਿ ਮਟਿ ਮਾਖਨ। ਤਾਵਤ ਮਟਿ ਸ੍ਰਵਿਯੋ ਤਾ ਆਖਨ ॥ [੧੨੪॥]
ਪੁਨਿ ਨੰਦੰ ਚੰਦੰ ਦੋ ਭ੍ਰਾਤਾ[14]। ਸੋਢੀ ਬੰਸ ਤਾਸ ਲਖ ਤਾਤਾ।
ਤੇਗੁ ਤੁਟੀ ਅਸ ਖਾਨ ਸੁ ਮਾਰੇ। ਪੁਨਿ ਜਮ ਦਾੜ ਸੋ ਕਈ ਕਟ ਡਾਰੇ ॥ [੧੨੫॥]
ਤਹਿ ਮਾਤਲ ਕ੍ਰਿਪਾਲ ਸੁ ਕੋਪਾ। ਛੋਭ ਪੂਰ ਖਤ੍ਰੀ ਪਦ ਰੋਪਾ।
ਸਹੇ ਦੇਹ ਮੈ ਬਾਨ ਅਪਾਰਾ। ਖਾਨ ਪਲਾਨ ਗਿਰਾਏ ਸਾਰਾ ॥ [੧੨੬॥]
ਬਡੇ ਖਾਨ ਤਾ ਕੇ ਅਸ ਮਾਰੇ। ਜੈਸ ਮੂੰਗਲੀ ਤੂਤ ਬਿਦਾਰੇ।
ਸਾਹਿਬ ਚੰਦ ਖਤ੍ਰੀ ਗੁਰ ਓਰਾ। ਮਾਰੇ ਖੂੰਨੀ ਖਾਨ ਸੁ ਤੋਰਾ ॥ [੧੨੭॥]

---

1. ਸਹੀ ਨਾਮ ਕ੍ਰਿਪਾਲ ਚੰਦ। 2. ਮਾਤੁਲ, ਮਾਮਾ। 3. ਪਰਬਤ ਪਹਾੜ ਵਰਗੇ। 4. ਧਰਮਬੀਰ। 5. ਤਾਂਬਾ। 6. ਗੰਗਾ ਰਾਮ। 7. ਸਰੀਰ, ਜਿਸਮ। 8. ਮਾਹਰੂ ਅਥਵਾ ਮਾਹਰੀ ਚੰਦ ਬੀਬੀ ਵੀਰੋ (ਗੁਰੂ ਜੀ ਦੀ ਭੂਆ) ਦਾ ਪੁਤ੍ਰ ਸੀ, ਪਹਾੜੀਆ ਦਾਸ ਨਹੀਂ ਸੀ। 9. ਏਥੇ ਕਾਹਰੂ ਨਾਮ ਵੀ ਕਲਪਿਤ ਹੈ। ਕਾਹਰੂ ਦਾ ਅਰਥ ਹੈ ਕਹਰ ਢਾਹੁਣ ਵਾਲਾ, ਡਾਢਾ ਕ੍ਰੋਧੀ, ਜਿਵੇਂ ਗੁਰੂ ਦਸ਼ਮੇਸ਼ ਜੀ ਦਾ ਕਥਨ ਹੈ : "ਕ੍ਰਪਿਯੋ ਮਾਹਰੂ ਕਾਹਰੂ ਰੂਪ ਧਾਰੇ।" (*ਬਚਿਤ੍ਰ ਨਾਟਕ ਪਾਤਸ਼ਾਹੀ* ੧੦)। 10. ਵਿਪ੍ਰ, ਬ੍ਰਾਹਮਣ। 11. ਪਾਂਡਵਾਂ ਦਾ ਗੁਰੂ ਦ੍ਰੋਣਾਚਾਰਯ। 12. ਡੰਡਾ। 13. ਨਿਪਜਾਏ, ਪੈਦਾ ਕੀਤੇ। 14. ਸਹੀ ਨਾਮ ਨੰਦ ਚੰਦ (ਦੀਵਾਨ), ਏਥੇ ਨੰਦ ਤੇ ਚੰਦ ਦੋ ਵੱਖੋ ਵੱਖ ਲਿਖਣੇ ਕਵੀ ਦੀ ਗ਼ਲਤੀ ਹੈ।

ਬਚੇ ਪ੍ਰਾਨ ਲੈ ਭਾਜਤ ਐਸੇ। ਜਰੀ ਲੰਕ ਲਖ ਦਨੁਜ[1] ਸੁ ਤੈਸੇ।
ਸ੍ਰੀ ਸੰਗ੍ਰਾਮ[2] ਤਹਾਂ ਮਦ ਭਾਰੀ। ਗਜ ਜਿਮ ਖਾਨਨ ਸੈਨ ਲਤਾਰੀ ॥ [੧੨੮॥]
ਕੰਜ ਬਜੂਹ[3] ਗਜ ਜੈਸ ਲਤਾਰੈ। ਮਾਰੇ ਖਾਨ ਨਿਕਾਹ ਕਰ ਸਾਰੇ।
ਐਠੀ[4] ਨ੍ਰਿਪ ਤਾ ਲਖ ਕੈ ਭਾਜੈ। ਮ੍ਰਿਗੀ ਝੁੰਡ[5] ਲਖਿ ਕੇਹਰਿ[6] ਲਾਜੈ ॥੪੮॥ [੧੨੯॥]

**ਦੋਹਰਾ।** ਹਰੀ ਚੰਦ ਪੁਨਿ ਕੋਪਿਯੋ, ਪੁਨਹਿ ਜੀਤ ਮੱਲਾਨ[7]।
ਜੈਸ ਭਾਂਤਿ ਤਿਨ ਜੁਧ ਕਿਯੋ, ਜੋ ਕਬਿ ਕਰਤ ਬਖਾਨ ॥੪੯॥ [੧੩੦॥]
ਬਿਸਿਖ[8] ਬਾਨ ਬਰਛਾ ਤਬਰ[9], ਸੈਫ[10] ਤੇਗ ਜਮ ਧਾਰ[11]।
ਬਰਖਤ ਭੇ ਦੂਹੂੰ ਓਰ[12] ਤੇ, ਸਾਵਨ ਘਨ ਅਨੁਹਾਰ[13] ॥੫੦॥ [੧੩੧॥]
ਰੁੰਡ ਮੁੰਡ ਖੰਡ ਖੰਡ ਭਏ, ਤਾ ਖਾਨਨ ਕੇ ਤਾਹਿ।
ਗੁਪਤ ਮਾਰ ਯਾ ਬਿਧਿ ਪਰੀ, ਟੂਕ ਟੂਕ ਸਮ ਵਾਹਿ ॥੫੧॥ [੧੩੨॥]
ਦੁਰਗ[14] ਸਿਰੋਮਣਿ ਕੇ ਬਿਖੈ, ਕਰ ਕਾਯਮ ਬਰ ਬੀਰ।
ਬਹੁਰ ਪ੍ਰਭੂ ਤਿਹਠਾਂ ਚਲੇ ਘੁਰਤ ਦੁੰਦ[15] ਰਨਧੀਰ ॥੫੨॥ [੧੩੩॥]

**ਪਾਧੜੀ ਛੰਦ।** ਤਹ ਹੜ ਹੜਾਇ ਹੱਸੀ ਸੁ ਦੇਵਿ[16]। ਕਾਲੀ ਮਹਾਲ ਰੂਪੰ ਅਭੇਵਿ।
ਖੁਲੇ ਸੁ ਕੇਸ ਮੁਖ ਭ੍ਰਮਤ[17] ਜ੍ਵਾਲ[18]। ਨੈਨੰ ਕਰਾਲ[19] ਰੂਪੰ ਬਿਸਾਲ।
ਖਾਵੰਤ ਮਾਸ ਲੋਹੂ ਪਿਵੰਤ। ਭੈਰੋਂ ਭਕਾਰ[20] ਸੋਭਾ ਲਸੰਤ।
ਹੱਸੇ ਮਸਾਨ[21] ਘਾਯੰ ਲਸਾਂਹ[22]। ਹਰੀ ਚੰਦ ਮਾਰ ਸੇਲੰ[23] ਤਿਨਾਹ।
ਖਾਨੰ ਸੁ ਬਾਜਿ ਤੇ ਗੇਰਿ ਦੀਨ[24]। ਮੁਸਕਾਯ ਪਜਾਨ[25] ਤਾ ਗੈਨ[26] ਕੀਨ ॥੫੩॥ [੧੩੪॥]

**ਸਿਰ ਖਿੰਡੀ ਛੰਦ।** ਬੱਜੇ ਨਾਦ ਅਪਾਰੇ, ਧਗਾਂ[27] ਘੁਰਕੀਆਂ[28]। ਉਠੀ ਝਾੜ ਅਪਾਰੇ, ਕੜਕ ਮਹਾਨੀਆਂ।
ਨਿਕਸੀ ਅੱਗ ਅਪਾਰੀ, ਜਲਤੀ ਸੈਨ ਜਜੋਂ। ਲੱਗੀ ਬੱਸ ਅਪਾਰੀ, ਤੜਕੇ ਬਾਂਸ ਤ੍ਰਿਣ।
ਭੇਰਿ ਭੁਕਾਰੀ ਹੋਈਆਂ ਧੁੰਕ ਨਗਾਰੀਆਂ। ਬੰਕੇ ਬੰਕ ਨਗਾਰੇ, ਖਾਨ ਸੁ ਏਕਠੇ।
ਚੋਦਿਸ ਬੀਰ ਸੰਘਾਰੇ, ਅੰਤ ਨ ਆਂਵਦਾ। ਡਕੀ ਡਾਕਣੀ ਭਾਰੀ, ਚੀਕੀ ਚਾਂਵਡੀ[29]।
ਭੌਦੇ ਕਾਕ ਅਪਾਰੀ, ਜੰਬੁਕ[30] ਮਾਸ ਮੈ। ਗੀਧਾਂ ਖਾ ਤ੍ਰਿਪਤਾਰੀ[31] ਕਾਲੀ ਆਈਆਂ।
ਨਾਰਦ ਆਯੋ ਭਾਰੀ, ਨੱਚੀ ਦੇਵੀਆਂ। ਕਹਾਂ ਲਗੇ ਸੁਨਾਊ ਜੁੱਧ ਜੋ ਹੋਇਆ।
ਭੱਜੇ ਸੂਰ ਅਪਾਰੀ, ਭਾਜੜ ਪੈ ਗਈ। ਭਜਦੇ ਜਾਂਦੇ ਮਾਰੇ, ਪਿਛਾਂ ਨ ਝਾਕਦੇ।
ਕੇਸ ਅੜੇ ਤਿਨ ਭਾਰੀ, ਕਹਦੇ ਰੱਖੀਐ। ਭੱਜੈ ਸੂਰ ਅਪਾਰੀ ਖਾਨ ਪਠਾਣ ਜੋ।
ਪਾਯੋ ਫਲ ਤਿਨ ਭਾਰੀ, ਨੱਸੇ ਗੁਰੂ ਥੋਂ। ਲੂਟ ਖਜਾਨਾ ਚਾਹੇ, ਮਾਰੇ ਤੜਫਦੇ।

---

1. ਦੈਂਤ। 2. ਸੰਗ੍ਰਾਮ ਸ਼ਾਹ। 3. ਕਮਲਾਂ ਦਾ ਸਮੂਹ। 4. ਹੰਕਾਰੇ ਹੋਏ। 5. ਮ੍ਰਿਗਾਵਲੀ, ਮ੍ਰਿਗਾਂ ਦੀ ਡਾਰ। 6. ਕੇਸਰੀ ਸਿੰਘ। 7. ਜੀਤ ਮੱਲ। 8. ਤੀਰ। 9. ਕੁਹਾੜਾ, ਸਫ਼ਾ ਜੰਗ। 10. ਇਕ ਕਿਸਮ ਦੀ ਤਲਵਾਰ। 11. ਜਮਦਾੜ੍ਹ। 12. ਪਾਸਾ। 13. ਤੁਲ, ਸਮਾਨ, ਵਾਂਗੂ। 14. ਕਿਲਾ। 15. ਧੌਂਸੇ ਵਜਦੇ ਹੋਏ। 16. ਜੰਗ ਦੀ ਦੇਵੀ (ਕਾਲੀ) 17. ਉੱਛਲਦੀ ਹੋਈ। 18. ਅੱਗ। 19. ਭਿਆਨਕ। 20. ਭਬਕ ਮਾਰਦਾ। 21. ਭੂਤ, ਪ੍ਰੇਤ। 22. ਘਾਉ (ਜ਼ਖ਼ਮ) ਲਗਦੇ (ਸ਼ੋਭਦੇ) ਹਨ। 23. ਸੇਲਾ ਨੇਜ਼ਾ। 24. ਗੇਰ ਦਿੱਤਾ। 25. ਗਮਨ, ਚਲਾਣ। 26. ਗਗਨ, ਆਕਾਸ਼ ਵਲ। 27. ਧੌਂਸੇ। 28. ਵੱਜੀਆਂ। 29. ਡਾਕਣੀ (ਮੁਰਦਿਆਂ ਦਾ ਮਾਸ ਖਾਣ ਵਾਲੀ) ਦੇਵੀ ਡਕਾਰੀ (ਦਹਾੜਨ ਲੱਗੀ) ਤੇ ਚਾਮੁੰਡਾ ਦੇਵੀ ਚੀਕੀ (ਕਿਲਕਾਰਨ ਲੱਗੀ) 30. ਗਿੱਦੜ। 31. ਰੱਜੀਆਂ।

ਦੀਨੀ ਦੇਹਿ ਤਿਨਾਹੀ, ਗਏ ਬਿਜਾਹ ਨੂੰ। ਕੜਕੇ ਫੇਰ ਕਮਾਣੀ ਧੀਰੀ ਧੱਕਿਆਂ ॥੫੪॥
[੧੩੫॥]

**ਨਿਰਾਜ ਛੰਦ।** ਭਜੰਤ ਸੂਰਬੀਰਨੰ ਕਟੋਚ ਆਦਿ ਜੇ ਮਨੰ। ਟਪਾਇ ਬਾਜਿ[1] ਭਾਜੀਅੰ, ਭੁਪਾਲ ਪਬ[2] ਕੇ ਤਨੰ।
ਚਲੰਤ ਐਸ ਭਾਜਕੈ ਸੁ ਜੈਸ ਪੌਨ ਕੇ ਦਲੰ। ਨ ਤੀਰ ਏਕ ਮਾਰ ਹੈ, ਸੁ ਸੈਨ ਕਾਤਰੀ[3] ਚਲੰ।
ਭਜੰਤ ਸੈਨ ਮਧੁਕਰੀ, ਚੰਦੇਲ ਰਾਜ ਤੰ ਤਨੰ[4]। ਗਹੰਤ ਸੇਲ ਚੰਦ ਹਰੀ ਮਡੰਤ ਧਰਮ ਸ੍ਵਮਿਨੰ[5]।
ਗਿਰੰਤ ਟੂਕ ਹ੍ਵੈ ਦ੍ਵੈ, ਨ ਪੈਗ[6] ਏਕ ਸੋ ਭਜੰ। ਤਬੈ ਤ ਆਨ ਹੂਰਨੰ[7] ਬਰੰਤ ਸਾਜ ਕੋ ਸਜੰ।
॥੫੫॥ [੧੩੬॥]

**ਛੰਦੁ।** ਨਿਜਾਬੰਤ ਆਯੋ। ਬਡੋ ਜੁੱਧ ਚਾਯੋ। ਘਨੇ ਸਸਤ੍ਰ ਲੈਕੇ। ਬਿਨਾ ਸਸਤ੍ਰ ਤੈ ਕੇ।
ਸੰਗੋ ਰਾਮ ਭਾਰੀ। ਗਿਰਜੇ ਭੂ ਮੰਝਾਰੀ। ਤਬੈ ਊਠ ਕੈ ਕੇ। ਧਰਾ ਅਸਤ੍ਰ ਚੈ ਕੇ।
ਨਿਜਾਬੰ ਕੇ ਸੀਸੰ। ਲਗਾਯੋ ਸੁ ਈਸੰ[8]। ਤਿਸੇ ਮਾਰ ਡਾਰਜੋ। ਸੁ ਸਤੰ ਸੰਘਾਰਜੋ।
ਪੁਨੰ ਆਪ ਸੋਈ। ਗਯੋ ਸੁਰਗ ਲੋਈ। ਹਾ ਹਾ ਕਾਰ ਭਾਰੀ। ਭਯੋ ਸੇਨ ਹਮਾਰੀ।
ਭਜੀ ਸੈਨ ਐਸੇ। ਨ੍ਰਿਪੰ ਹੀਨ ਜੈਸੇ। ਸੰਗੋ ਰਾਮ ਦੇਹੰ। ਜੁਝੇ ਸੂਰ ਜੇਹੰ।
ਸਬੈ ਸਤ੍ਰ ਕਾਂਪੇ। ਮਹਾਂ ਸੂਰ ਥਾਪੇ ॥੫੬॥ [੧੩੭॥]

**ਦੋਹਰਾ।** ਸ੍ਰੀ ਗੁਰ ਤਬਹਿ ਨਿਹਾਰਿਯੋ, ਭਾਜੀ ਸੈਨ ਅਪਾਰ।
ਕੀਨੋ ਚਾਪ[9] ਤਬ, ਜਾਂ ਸੁਨ ਸਤ੍ਰ ਸੰਘਾਰ ॥੫੭॥ [੧੩੮॥]

**ਸਵੈਯਾ।** ਸ੍ਰੀ ਗੁਰ ਆਪ[10] ਚੜੇ ਤਬ ਸੰਗਰ[11], ਕਾਂਪਤ ਭੀ ਧਰਨੀ[12] ਤਬ ਸਾਰੀ।
ਕਾ ਪਰ ਬਾਨ ਪ੍ਰਹਾਰਹਿਗੇ, ਤਬ ਨਾਚਤ ਭੂਤ ਮਹਾਂ ਸੁਖ ਸਾਰੀ।
ਗਾਥ ਬਿਚਾਰਤ ਭੇ ਅਗਲੀ ਗੁਰ, ਸਾਚ ਕੀਓ ਬਚਨਾ ਹਮ ਪਾਰੀ।
ਯੋ ਸੁਨ ਸਿੱਖ ਬੁਝੈ ਮਨੀ ਸਿੰਘ ਤੇ, "ਕੌਨ ਸੁ ਬੈਨ ਕੀਓ ਗੁਰ ਭਾਰੀ" ॥੫੮॥ [੧੩੯॥]
ਸ੍ਰੀ ਮਨੀ ਸਿੰਘ ਬਖਾਨਤ ਹੈ, ਸੁਨ ਗਾਥ ਅਪਾਰ ਮਹਾਂ ਸੁਖਦਾਨੀ।
ਸੋਯ ਰਹੇ ਨਿਸ ਮੈ ਗੁਰ ਜੀ, ਜਬ ਸੰਗ ਪਠਾਨਨ ਬੈਨ ਬਖਾਨੀ।
ਜਾਨਤ ਭੇ ਨਿਜ ਮੈ ਸਭ ਗਾਥ, ਤਬੈ ਕਛੁ ਨੈਨ ਲਗੈ ਹਰਿ ਧਜਾਨੀ।
ਤਾਵਤ ਕਾਲ ਸਭੈ ਧਰ ਕੇ ਨਭ ਕੇ ਗੁਰ ਆਨ ਮਿਲੈ ਹਿਤ ਸਾਨੀ ॥੫੯॥ [੧੪੦॥]

**ਚੌਪਈ।** ਸੀਸ ਨਿਵਾਇ ਸਤੁਤਿ ਕਰ ਭਾਰੀ। ਕੌਨ ਕੌਨ ਤਿਨ ਕਹੌ ਉਚਾਰੀ।
ਸੁਰ ਨਰ ਮੁਨਿ ਕਲਿ ਜੁਗ ਤਹ ਆਯੋ। ਧਰ ਗਾਯਾ[13] ਪੁਨਿ ਬਸਤ ਲਖਾਯੋ ॥ [੧੪੧॥]
ਰਹੈ ਤੁਮੈ ਅਬ ਕੀਰਤਿ ਹੋਈ। ਅਰ ਪੰਥ ਧਰ ਰਹੈ ਨ ਕੋਈ।
ਗੀਧ ਜੰਬੁਕਾ[14] ਬੇਨਤਿ ਕੀਨੀ। "ਭੂਖੇ ਮਰਤ ਤ੍ਰਿਪਤਿ ਹਰਿ ਕੀਨੀ ॥ [੧੪੨॥]
ਰਾਮ ਚੰਦ ਤਬ ਹਮੈ ਰਜਾਯੋ। ਸ੍ਰੀ ਕ੍ਰਿਸਨ ਤਬ ਸੁਖ ਦਿਖਲਾਯੋ।

---

1. ਘੋੜੇ। 2. ਪੱਬ (ਪਹਾੜ) ਦੇ ਭੂਪਾਲ (ਰਾਜੇ)। 3. ਕਾਇਰ ਹੋ ਕੇ। 4. ਤੰ (ਉਸ ਦੇ) ਤਨੰ (ਸਰੀਰ ਨੂੰ)। 5. ਸ੍ਵਾਮੀ ਦੇ ਧਰਮ ਨੂੰ ਮੰਡਦੇ (ਪਾਲਦੇ ਹਨ)। 6. ਕਦਮ, ਪੈਰ। 7. ਹੂਰਾਂ ਪਰੀਆਂ, ਅਪਸਰਾਂ। 8. ਇਸ ਤਰ੍ਹਾਂ। 9. ਧਨੁਖ, ਕਮਾਨ। 10. 'ਪ੍ਰਭ' (ਖ਼ਾ.ਕਾ. ਅ. ੬੦੫)। 11. ਜੰਗ ਲਈ। 12. 'ਅਤਿ' (ਖ਼ਾ. ਕਾ. ਅ. ੬੦੫)। 13. ਗੋਅਧਰ, ਗੌ (ਪ੍ਰਿਥਵੀ) ਦੇ ਧਾਰਨ ਕਰਨ ਵਾਲੇ। 14. ਗਿੱਦੜਾਂ।

ਜਰਾ ਸਿੰਧ ਕੀ ਖੂਹਨਿ ਮਾਰੀ। ਕੈਰਵ ਮਾਰ, ਚਮੂੰ[1] ਪੁਨਿ ਸਾਰੀ ॥ [੧੪੩॥]
ਤਬ ਕੈ ਭੂਖੇ ਤੁਮ ਸੁਖ ਦੀਜੈ।" ਗੁਰੂ ਕਹਾ, "ਸੰਸਾ ਨਹੀ ਕੀਜੈ।
ਕਾਲ ਪ੍ਰਾਤ ਤੇ ਨਿਤ ਜੁਧ ਹੋਈ[2]। ਕਈ ਬਰਸ ਲੋ ਪੰਥ ਕਰੇਈ[3]" ॥ [੧੪੪॥]
ਪੇਨਨ[4] ਕਹਾ, "ਸੋਗ ਨਹਿ ਕੀਜੈ। ਪੰਥ ਖਾਲਸਾ ਕਰ ਸੁਖ ਲੀਜੈ।
ਤੁਮੈ ਰਖ ਸਬ ਤੁਰਕਨ ਮਾਰੈ। ਔਰ ਚਰਾਚਰ[5] ਜੀਵ ਸੰਘਾਰੈ" ॥ [੧੪੫॥]
ਪੁਨਿ ਸੂਰ[6] ਕੋ ਤਬ ਐਸੇ ਕਹਾ। "ਪੰਥ ਖਾਲਸਾ ਕਰਿ ਸੁਖ ਲਹਾ।
ਕੜਾਹ ਪ੍ਰਸਾਦਿ ਕਰੈ ਤੁਮ ਸੇਈ। ਤੁਮਹਿ ਸੁਗੰਧ ਸਦਾ ਨਿਤ ਲੇਹੀ ॥ [੧੪੬॥]
ਨਾਮ ਜਪੈ ਸਬ ਮੁਨਿ ਸੁਖ ਪਾਵੈ। ਪੁਨਿ ਆਵੈ ਗੁਰ ਮੁਸਕ ਲਖਾਵੈ।
ਹਮੈ ਲੋਗ ਬਿਪ ਖਾਵਤ ਨਾਹੀ। ਤੁਰਕ ਖਾਤ ਸਦ ਨੀਚ ਲਖਾਹੀ ॥ [੧੪੭॥]
ਕਲਜਾਨ ਕਰੋ ਹਮਰਾ ਮੁਖ ਲਾਜ"। ਤੌ ਗੁਰ ਕਹੈ ਬੈਨ ਸਤ ਭਾਜ[7]।
"ਮੋ ਸਿੱਖ ਨਾਮ ਭਜੈ ਤਜ ਭਰਮਾ। ਕਰਤ ਭੋਜ ਹਰਿ ਸਤਿ ਕੋ ਮਰਮਾ ॥ [੧੪੮॥]
ਰੂਪੇ[8] ਸਮ ਰੂਪਾ[9] ਲੈ ਖਾਹੀ। ਗਾਜਰ ਰੂਪੇ ਭੋਜ ਲਖਾਹੀ।
ਜਬੈ ਖਾਲਸਾ ਧਰ ਮੈ ਹੋਈ। ਪ੍ਰਿਥਮੈ ਦੁਖ ਪੇਖੇਗਾ ਸੋਈ ॥ [੧੪੯॥]
ਪੁਨਿ ਜਬ ਰਾਜ ਦਿੱਲੀ ਮੈ ਕਰ ਹੀ। ਪਾਵੈ ਸੁਖ ਸੋ ਅਕਾਲ ਉਚਰ ਹੀ।
ਵਾਹਿਗੁਰੂ ਕੀ ਫਤੇ ਬੁਲਾਵੈ। ਸਸਤ੍ਰ ਅਸਤ੍ਰ ਪੂਜੈ ਸੁਖ ਪਾਵੈ ॥ [੧੫੦॥]
ਜਪੁ ਰਹਿਰਾਸ ਕੀਰਤਨ ਗਾਵੈ। ਨਾਮ ਜਪੈ ਮਨ ਤਨ ਸੁਖ ਪਾਵੈ।
ਸੰਸਾ ਹਤ ਜਾਵੇ ਨਿਜ ਐਨਾ। ਤੁਮ ਕੋ ਸੁਖ ਹੋਵੈ ਨਿਤ ਚੈਨਾ" ॥ [੧੫੧॥]
ਕਲਿਜੁਗ ਸੋ ਅਸ ਬੈਨ ਸੁਨਾਏ। "ਤੁਮ ਹੋ ਹਮਰੇ ਸਿੱਖ ਮਨ ਭਾਏ।
ਪੰਥ ਸਹਾਯ ਕਰੋ ਤੁਮ ਐਸੇ। ਮਨਮਤਿ ਕਰੇ ਦੂਖ ਦੇਹਿ ਤੈਸੇ ॥ [੧੫੨॥]
ਜੋਯ ਯਾਲਸਾ ਹੰ[10] ਮਨ ਧਾਰੈ। ਕਰੇ ਵਿਕਰਮ[11] ਤਾਹਿ ਤੁਮ ਮਾਰੈ।"
ਤਾਹਿ ਕਹਜੋ, "ਜਸ, ਆਯਸ[12] ਹੋਈ।" ਬਿਦਾ ਭਏ ਤਬ ਹੀ ਸਭ ਲੋਈ ॥ [੧੫੩॥]
ਯਾ ਬਿਧਿ ਲਖਿ ਗੀਧਨ[13] ਕੀ ਬਾਨੀ। ਆਜ ਤ੍ਰਿਪਤ ਹੋਵੈ ਮਨ ਸਾਨੀ।
ਧਨੁਖ ਬਾਨ ਲੈ ਥਾਨ ਭੰਗਾਣੀ। ਕਰਤ ਜੁੱਧ ਸਤਿਗੁਰ ਸੁਖਦਾਣੀ ॥ [੧੫੪॥]
ਏਕ ਬਾਨ ਯੁਤ ਖਜਾਲ ਚਲਾਯੋ। ਜਨੁਕ[14] ਸਤ੍ਰੂ ਕੋ ਨਾਗ ਡਸਾਯੋ।
ਗਿਰਜੋ ਤਬੇ ਭੀਖਨੰ ਖਾਨਾ। ਖਾਨਨ ਪਤਿ[15] ਜੋਧਾ ਬਲਵਾਨ।
ਭਜਤ ਬਾਜਿ[16] ਮਾਰਜੋ ਹਨ ਬਾਨਾ। ਹਰੀ ਚੰਦ ਜਾਗੇ ਗਹਿ ਬਾਨਾ ॥੬੦॥ [੧੫੫॥]
ਜਾ ਕੋ ਮਾਰਤ ਬਾਨ ਵਹਿ, ਤੇਈ ਜਾਤ ਸੁਰ ਲੋਕ।
ਸੋਢਿ ਬੰਸ ਕੇ ਤਿਲਕ ਵਹੁ, ਚਪੂੰ ਦੇਤ ਦੁਖ ਸੋਕ ॥੬੧॥ [੧੫੬॥]
ਜਬੈ ਸੁਾਮਿ ਕੋ ਧਰਮ ਧਰ, ਕਰਤ ਸਮਰ[17] ਅਤਜੰਤ।
ਡਕਤ ਡਾਕਿਣੀ ਤਾ ਸਮੈ, ਫਿਰਤ ਬੈਤਾਲ[18] ਅਨੰਤ ॥੬੨॥ [੧੫੭॥]

---

1. ਫ਼ੌਜ। 2. ਪਾਠਾਂਤਰ 'ਹੈ ਹੈ'। 3. ਪਾਠਾਂਤਰ—'ਕਰੈ ਹੈ'। 4. ਗਊਆਂ ਨੂੰ। 5. ਚੇਤਨ ਅਤੇ ਜੜ੍ਹ ਜੀਵ। 6. ਦੇਵ (ਰਾਜ) ਇੰਦ੍ਰ। 7. ਸਦਭਾਵ (ਨੇਕ ਖ਼ਿਆਲ) ਨਾਲ। 8. ਚਾਂਦੀ। 9. ਗੰਢਾ। 10. ਅਹੰ ਭਾਵ, ਹੰਕਾਰ। 11. ਕੁਕਰਮ। 12. ਜਿਵੇਂ ਹੁਕਮ ਜਾਂ ਆਗਿਆ। 13. ਗਿੱਧਾਂ। 14. ਜਾਣੋ, ਮਾਨੋ। 15. ਪਠਾਣਾਂ ਦਾ ਪਤਿ (ਸਰਦਾਰ)। 16. ਘੋੜਾ। 17. ਜੰਗ। 18. ਪ੍ਰੇਤ-ਜੋਨੀ, ਭੂਤਾਂ ਦੀ ਇਕ ਜਾਤੀ।

ਸੰਗੀਤ ਚਾਚਰੀ ਛੰਦ। ਚਾਗੜਦੰ[1] ਚੀਕੇ, ਗਾਗੜਦੰ ਗੀਧੰ।
ਭਾਗੜਦੰ ਭੂਤੰ, ਬਾਗੜਦੰ ਬੀਰੰ ॥ [੧੫੮॥]
ਜਾਗੜਦੰ ਜਾਗੇ, ਹਾਗੜਦੰ ਹਰੀਚੰਦੰ।
ਰਾਗੜਦੰ ਰਾਜਾ, ਗਾਗੜਦੰ ਗਿਰਿੰਦੰ[2] ॥ [੧੫੯॥]
ਤਾਗੜਦੰ ਤੀਰੰ, ਮਾਗੜਦੰ ਮਾਰਾ।
ਬਾਗੜਦੰ ਬਾਜੀ, ਤਾਸ[3] ਬਿਦਾਰਾ ॥ [੧੬੦॥]
ਦਾਗੜਦੰ ਦੂਜੋ, ਗੁਰੂ ਪੈ ਡਾਰਾ।
ਛਾਗੜਦੰ ਛੂਹਿਓ, ਗੁਰੂ ਕਾਨ ਮੰਝਾਰਾ ॥ [੧੬੧॥]
ਰਾਗੜਦੰ ਰਾਖਾ, ਦਾਗੜਦੰ ਦੇਵੰ।
ਤਾਗੜਦੰ ਤੀਸਰ ਮਾਰਜੋ ਏਵੰ[4] ॥ [੧੬੨॥]
ਪਾਗੜਦੰ ਪੇਟੀ ਓਰ[5] ਪ੍ਰਹਾਰਾ।
ਭਾਗੜਦੰ ਭੇਦਾ[6] ਚਿਲਕਾਨ[7] ਮੰਝਾਰਾ ॥੬੩॥ [੧੬੩॥]

ਦੋਹਰਾ। ਦੁਆਰਪਾਲ ਕੋ ਭੇਦ ਕੇ, ਕਛੁਕ ਮਾਸ ਕੋ ਛੇਦ।
ਘਾਉ ਕਛੂ ਗੁਰੂ ਨਾ ਭਯੋ, ਪ੍ਰਭੂ ਰਹੇ ਨਿਰਖੇਦ ॥੬੪॥ [੧੬੪॥]

ਰਸਾਵਲ ਛੰਦ ਪ੍ਰਮਾਨ ਬਚਿਤ੍ਰ ਨਾਟਕ :
"ਜਬੈ ਬਾਣ ਲਾਗਜੋ। ਤਬੈ ਰੋਸ ਜਾਗਜੋ। ਕਰੰ ਲੈ ਕਮਾਣੰ। ਹਨੰ ਬਾਣ ਤਾਣੰ।
ਸਬੈ ਬੀਰ ਧਾਏ। ਸਰੋਘੰ[8] ਚਲਾਏ। ਤਬੈ ਤਾਕਿ ਬਾਣੰ। ਹਨਜੋ ਏਕ ਜੁ ਆਣੰ।
ਹਰੀ ਚੰਦ ਮਾਰੇ। ਸੁਜੋਧਾ ਲਤਾਰੇ। ਸੁਕਾਰੋੜ ਰਾਯੰ। ਵਹੈ ਕਾਲ ਘਾਯੰ[9]।
ਰਣ ਤਿਆਗਿ ਭਾਗੇ। ਸਬੈ ਤ੍ਰਾਸ[10] ਪਾਗੇ[11]" ॥੬੫॥ [੧੬੫॥]

ਦੋਹਰਾ। ਪਰਮ ਜੁੱਧ ਤਾਂ[12] ਠੌਰ ਭਜੋ, ਕਟ ਝਟ ਪਈ ਅਪਾਰ।
ਏਕ ਬਾਨ ਸਤਿਗੁਰੂ ਕੋ, ਹੋਤ ਸਹੰਸ੍ਰ[13] ਪ੍ਰਕਾਰ ॥੬੬॥ [੧੬੬॥]

ਸਵੈਯਾ। ਭਾਗਤ ਬੀਰ ਦਸੋ ਦਿਸ ਕੋ, ਅਰੁ ਆਪ ਪਰੰ[14] ਸਮਝੈਂ ਕਛੁ ਨਾਹੀ।
ਗੀਧ ਬੈਤਾਲ ਦਸੋ ਦਿਸ ਨਾਚਤ, ਕਾਤਰ[15] ਭਾਗਤ ਘਾਸ ਗਹਾਹੀ[16]।
ਕੇਤਕ ਕੋਸ ਲੌ ਮਾਸ ਭਯੋ ਤਹ, ਰੁਧਿਰ[17] ਨਦੀ ਚਲਤੀ ਬਰ ਆਹੀ।
ਅੰਗੁਰੀ ਸਫਰੀ[18] ਸਮ ਰਾਜਤ ਹੈ, ਪੁਨਿ ਬਾਹਿ ਸੁ ਮਕਰ[19] ਲਖੈ ਤਹਿ ਵਾਹੀ ॥੬੭॥ [੧੬੭॥]
ਸੀਸ ਬਿਰਾਸਤ ਨਕ੍ਰ[20] ਸਮੰ ਤਹਿ, ਢਾਲ ਸੁ ਕੂਰਮ[21] ਕੀ ਛਬਿ ਪਾਈ।
ਚਕ੍ਰ ਮਨੋ ਰਥ ਚਕ੍ਰ[22] ਭਏ, ਤਹਿ ਹਾਡ ਕੋ ਚੂਰ ਸੋ ਹੋਤ ਸਮਾਹੀ।
ਪਾਗ ਸੁ ਫੂਲਨ ਕੀ ਸਮ ਹੈ ਤਹਿ, ਜਾਪ ਅਕਾਲ ਭਯੋ ਅਸ ਭਾਈ।

---

ਬੈਠੇ ਆਪ ਸਿੰਘਾਸਨ ਆਈ। ਸਾਂਗਿ[12] ਕਲਾਵਤ[13] ਲਏ ਬੁਲਾਈ ॥੫੮॥ [੧੨੪॥]

ਦੋਹਰਾ। "ਮਸੰਦਨ ਸਾਂਗ ਲਿਆਈਏ", ਕਹਾ ਨਟਨ, "ਬਿਨ ਬੇਰ।"
ਸ੍ਰੀ ਮੁਖ ਤੇ ਸੁਨ ਕਰਤ ਭੇ, ਇਕ ਮਸੰਦ ਇਕ ਚੇਰ[14] ॥੫੯॥ [੧੨੫॥]

ਸਵੈਯਾ। ਬਾਜਿ[15] ਪੈ ਏਕ ਮਸੰਦ ਬਿਰਾਜਤ, ਸੰਗ ਲਈ ਗਨਿਕਾ ਰੁਚਿ ਧਾਰੀ।
ਸਿੱਖ ਕੇ ਧਾਮ ਗਯੋ ਤਬ ਹੀ, ਜਿਨ ਨਾਹਿ ਧਨੰ, ਅਧਨੀ[16] ਦੁਖਕਾਰੀ।
ਸਕਤਿ ਜਥਾ ਤਸ[17] ਭੋਜਨ ਕੀਨ, ਲਖੈ ਤਬ ਨਾਕ ਚੜ੍ਹਾਵਤ ਸਾਰੀ।

---

1. ਕੁੜੀਆਂ, ਲੜਕੀਆਂ। 2. ਜਿਸ ਤਰ੍ਹਾਂ। 3. ਥੋੜੇ। 4. ਖੜਗ (ਤਲਵਾਰ)। 5. ਰਣ ਸਿੰਗਾ। 6. ਤੁਰਮ, ਤੁਰਹੀ। 7. ਆਨੰਦ-ਮੰਗਲ। 8. ਪਹਿਲਾਂ, ਪ੍ਰਥਮ। 9. ਕੰਬਲ। 10. ਆਪਣਾ ਆਪ ਲੁਕਾ ਕੇ। 11. ਅਦਿਤਿ (ਮਾਂ) ਤੇ ਰਿਸ਼ੀ ਕਸ਼ਜਪ (ਪਿਤਾ) ਦਾ ਪੁਤ੍ਰ ਸੂਰਜ। 12. ਸਾਂਗ ਲਾਉਣ ਵਾਲੇ ਨਟ ਜਾਂ ਮੀਰਾਸੀ। 13. ਗਵੈਯੇ। 14. ਗਨਿਕਾ, ਵੇਸਵਾ। 15. ਘੋੜਾ। 16. ਨਿਰਧਨ। 17. ਉਹੋ ਜੇਹਾ।

ਫੁਰਕੇ[1] ਤਬ ਦਾਲ ਵਹਾਇ ਦਈ, ਪੁਨਿ ਮਾਰ ਦਈ ਅਗਨੀ ਕਰ ਭਾਰੀ ॥੬੦॥ [੧੨੬॥]
ਕਰਜ ਕਢਾਇ ਤਿਨੈ ਤਬ ਹੀ, ਅਤਿ ਲੀਨ ਸਰਾਬ ਕਬਾਬ ਮੰਗਾਈ।
ਦਾਮ ਅਨਜੋ[2] ਸਿਖ ਦੇਵਨ ਕੇ ਹਿਤ, ਤੇ ਤਿਨ ਦੀ ਗਨਿਕਾ ਕੋ ਚਲਾਈ।
ਬਾਰ ਹੀ ਬਾਰ ਕਹੈ ਮੁਖ ਤੇ ਧ੍ਰਿਗ; "ਰੇ ਸਠ[3], ਤੋ ਗ੍ਰਿਹ ਸ੍ਰੀ ਗੁਰ ਆਈ।
ਪਤਿਤ ਦਈ ਨਹਿ ਭੇਟ ਹਮੇ, ਤੁਮ ਪਾਟ ਪਟੰਬਰ ਨਾ ਰੁਚਿ ਲਾਈ" ॥੬੧॥ [੧੨੭॥]
ਅਤਿ ਸਾਸਨ[4] ਤਾਹਿ ਕਰੀ ਬਹੁਤੀ ਤਿਹ ਨਾਰਿ ਸਮੇਤ ਸੁਭਾਤ[5] ਰੁਵਾਏ।
ਵੇ ਕਹੈ, "ਹੇ ਗੁਰ, ਲੀਜੀਏ ਜੀ ਪੁਨਿ, ਹੋਇ ਘਨਾ ਤੁਮ ਦੇਵਹਿ ਚਾਏ।"
ਤਾਹਿ ਮਸਦ ਕਹੈ, "ਸੁਨ ਰੇ ਸਠ! ਮੈ ਗੁਰ ਦੇਤ ਹੌ ਦਾਨ ਸਬਾਏ।
ਨਾਰਿ ਧਨੰ ਗ੍ਰਿਹ ਔ ਸੁਤ ਦੀ ਤੁਮ, ਚਾਹਤਿ ਬੇਚਨ ਜੇ ਧਰ ਭਾਏ ॥੬੨॥ [੧੨੮॥]
ਵੇ ਸਿਖ ਕੋ ਦੁਖ ਦੇ ਜਰ[6] ਲੀਨ, ਸੁਨੇ ਗੁਰ ਨੈਨ ਜਲੰ ਭਰ ਆਏ।
ਅਤਿ ਨੱਟ ਭਨੇ, "ਹਮ ਅਲਪ ਕਰਜੋ, ਪ੍ਰਭੁ ਤ੍ਰਾਸ ਇਨੇ ਅਤਿ ਦੇਤ ਦੁਖਾਏ।
ਸੋ ਗੁਨ ਯਾਹ ਤੇ ਦੇਵਤ ਹੈਂ ਦੁਖ", ਯੌਂ ਸੁਨ ਸ੍ਰੀ ਗੁਰ ਬੈਨ ਅਲਾਏ।
"ਮੋ[7] ਅਰੁ ਸੰਗਤਿ ਤੇ ਨਹਿ ਤ੍ਰਾਸਤ[8], ਤਾਕਰ ਨਾਸ ਇਨੈ ਭਯੋ ਭਾਏ ॥੬੩॥ [੧੨੯॥]

**ਦੋਹਰਾ।** ਕਰੌਂ ਤਾੜਨਾ ਅਧਿਕ ਇਨ, ਭਲੀ ਨ ਯਾ ਤੈ ਔਰ।
ਏਕ ਮਸੰਦਹਿ ਨਾ ਤਜੋ, ਗਹੌ[9] ਸਭਨ ਕੋ ਠੌਰ" ॥੬੪॥ [੧੩੦॥]

**ਚੌਪਈ।** ਏ ਗਾਥਾ ਸੁਨ ਸਿਖ ਜੁਗ ਬੋਲੇ। ਮਨੀ ਸਿੰਘ ਪੈ ਬੈਨ ਅਮੋਲੇ।
"ਕਾ[10] ਵਿਧਿ ਗੁਰ ਗਏ ਨਿਸ[11] ਗ੍ਰਿਹ ਮਾਹੀਂ? ਕਾ ਵਿਧਿ ਸਾਂਗ ਕਰਾਯੋ ਤਾਹੀਂ? ॥ [੧੩੧॥]
ਕੌਨ ਕੋਪ ਤਾ ਪਰ ਗੁਰ ਕੀਨਾ? ਤਾ ਮਨ ਮਲਿਨ ਭਯੋ ਕਿਮ ਚੀਨਾ[12]?
ਕਹੋ ਗਾਥ ਹਮ ਕੋ ਵਿਸਥਾਰੀ। ਸੁਧਾ[13] ਪਿਵਾਵਹੁ ਮੋਹ ਪ੍ਰਕਾਰੀ" ॥ [੧੩੨॥]
ਸੁਨ ਏ ਬੈਨ ਮਨੀ ਸਿੰਘ ਕਹਿਈ। ਪੂਰਬ ਗਾਥ ਅੰਮ੍ਰਿਤੀ ਚਹਿਈ।
ਜਬ ਗੁਰ ਜੀ ਨੇ ਬਰ ਅਸ[14] ਪਾਯੋ। ਬੇ ਮੁਖ ਮਨ ਤਬ ਰਤੀ ਨ ਭਾਯੋ ॥ [੧੩੩॥]
ਚੌਕ ਰਹੇ ਤਬ ਹੀ ਸੁ ਮਸੰਦਾ। ਧਨ ਦੇਵਹਿ ਨਹਿ ਹਰੇ ਨਿਸੰਗਾ।
ਇਕ ਦਿਨ ਬਾਤ ਕਹੀ ਗੁਰ ਐਸੀ। "ਕੇਤਾ ਧਨ ਹੈ ਗ੍ਰਿਹ ਗਿਨ ਤੈਸੀ?" ॥ [੧੩੪॥]
ਤਬੈ ਲਖਾਏ ਤੋ ਧਨ ਲਾਗਾ। ਦੇਵੀ ਪੂਜਾ ਮੈ ਅਨੁਰਾਗਾ।
ਦਸ ਹਜਾਰ ਰਿਤੁਜ[15] ਬਲ ਧਾਮਾ। ਦਸ ਹਜਾਰ ਪੁਨਿ ਔਰ ਲਲਾਮਾ[16] ॥ [੧੩੫॥]
ਯਾ ਬਿਧਿ ਬੇਦ[17] ਬਰਖ ਮੈ ਲਾਗਾ। ਤੀਨ ਕਰੋੜ ਦਾਮ ਬਡ ਭਾਗਾ।
ਏਕ ਕਰੋੜਹਿ ਤੇ ਕਛੁ ਊਨਾ[18]। ਔਰ ਲਗੋ ਧਨ ਹਿਤ ਪਰ ਸੂਨਾ ॥ [੧੩੬॥]
ਕਛੁ ਮਾਗੇ ਧਨ ਜਾਨ ਮਸੰਦਾ। ਤਬ ਗੁਰ ਕਹੈ ਬੈਨ ਦਿਨ ਚੰਦਾ।
"ਹਮਰੇ ਧਨ ਬਹੁਤੋ ਹੈ ਲਾਗਾ। ਅਹੋ ਰਾਮ ਦਾਸ ਰਸ ਪਾਗਾ ॥ [੧੩੭॥]
ਗਰੀਬੂ ਜੋ ਪੁਨਿ ਸਾਹਿਬ ਚੰਦਾ। ਸਬੈ ਮਸੰਦਨ ਕੇ ਜੋ ਨੰਦਾ[19]।

---

1. ਫੁਲਕੇ। 2. ਲਿਆਂਦਾ। 3. ਮੂਰਖ। 4. ਤਾੜਨਾ। 5. ਚੰਗੀ ਤਰ੍ਹਾਂ। 6. ਸੋਨਾ, ਅਰਥਾਤ ਧਨ-ਦੌਲਤ। 7. ਮੈਥੋਂ। 8. ਭੈਭੀਤ, ਡਰਦੇ। 9. ਪਕੜਾਂ। 10. ਕਿਸ। 11. ਰਾਤ। 12. ਜਾਣਿਆ। 13. ਅੰਮ੍ਰਿਤ। 14. ਅਜੇਹਾ। 15. ਰਿਤ੍ਵਿਜ, ਜੱਗ ਕਰਨ ਵਾਲੇ (ਬ੍ਰਾਹਮਣ)। 16. ਸਜਾਵਟ। 17. ਚਾਰ ਅਰਥਾਤ ਦੇਵੀ ਪੂਜਾ ਚਾਰ ਵਰ੍ਹੇ (ਸੰਮਤ ੧੭੪੨ ਤੋਂ ਲੈ ਕੇ ੧੭੪੬ ਬਿ.) ਤਕ ਹੋਈ। 18. ਨਜੂਨ, ਘੱਟ। 19. ਪੁਤ੍ਰ।

ਤੁਮਰੇ ਤੀਰ[1] ਹਮਾਰਾ ਧਨ ਅਤਿ। ਹਰਿ ਗੁਬਿੰਦ ਜੀ ਤੇ ਲੈ ਕਰਿ ਮਤਿ ॥ [੧੩੮॥]
ਲੇਖਾ ਲੀਆ ਨ ਅਬ ਲੌ ਜਾਨਾ। ਜਬ ਕਾ ਭਯੋ ਇਜਾਰਾ ਮਾਨਾ।
ਕਛੁ ਧਨ ਦੀਜੈ ਹਮਰੇ ਤਾਈ। ਪੁਨਿ ਪੂਰਬ ਜਯੋਂ ਵਰਤੋ ਜਾਈ" ॥ [੧੩੯॥]
ਤਿਨੈ ਕਹਯੋ, "ਧਨ ਹਮ ਕਬ ਲਾਵੈਂ? ਲੰਗਰ ਨੀਤ ਚਲੇ, ਵਰਤਾਵੈਂ।
ਤੁਮ ਤੇ ਸੁਧ ਨ ਖਰਚ ਕੀ ਜਾਨੋ। ਰਾਜਨੀਤਿ ਨਹਿ ਰੰਚਨ ਠਾਨੋ ॥ [੧੪੦॥]
ਬਡ ਸ੍ਰਮ[2] ਲਿਆਵੈ ਧਨਹਿ ਉਪਾਈ। ਪੁਨਿ ਲੰਗਰ ਟੋਰੇਂ ਤੁਮ ਆਈ।
ਹਮਰੇ ਗ੍ਰਿਹ ਗ੍ਰਿਹ[3] ਲੰਗਰ ਹੋਈ। ਪੁਨਿ ਤੁਮ ਕਹਿਤ ਇਜਾਰਾ ਸੋਈ ॥ [੧੪੧॥]
ਸੋ ਹਮ ਭਰ ਹੀ ਖਰਚ ਕਰਾਂਹੀ। ਤੁਮਰਾ ਹਮ ਪੈ ਵਧਤਾ ਨਾਹੀ।"
ਏਕ ਮਸੰਦ ਕਹੈਂ ਤਬ ਐਸੇ। "ਸੀਖੇ ਲੇਖਾ ਕਰਨ ਜੁ ਵੈਸੇ ॥ [੧੪੨॥]
ਪੁਨਿ ਹਮ ਸੋ ਕਛੁ ਬੈਨ ਬਖਾਨੋ। ਹਤੋ ਹਮਾਰਾ ਗ੍ਰਿਹ ਤੁਮ ਮਾਨੋ।
ਲੇਖਾ ਸਿਖ ਕਰਿ ਲੇਖਾ ਕਈਐ। ਬਾਲਕ ਜਯੋਂ ਨਹਿ ਰਾਰ ਮਚੈਯੈ ॥ [੧੪੩॥]
ਪੜ੍ਹ ਜਾਣੋ ਨਹੀ ਬਾਦ ਗਵਾਵੋ। ਹਮ ਲੇਖਾ ਕਰ ਸੁਖ ਨਹਿ ਪਾਵੋ।"
ਯੌ ਕਹਿ ਰੂਠ ਰਹੈ ਗ੍ਰਿਹ ਮਾਹੀ। ਪਾਛੇ ਗੁਰ ਜੀ ਤਾਹਿ ਬੁਲਾਹੀ ॥ [੧੪੪॥]
ਆਵੈ ਨਾਹਿ ਗੁਰੂ ਤਬ ਕੀਨਾ। ਲੇਖਨਿ ਬੁਧਕਾ[4] ਮਾਂਗੁਤ ਚੀਨਾ।
ਸਿੱਖਨ ਕਹਾ, "ਦਯਾ ਨਿਧਿ ਸੁਾਮੀ। ਕਾਂ, ਤੇ ਮਾਂਗਤ ਲੇਖਨਿ ਕਾਮੀ?"॥ [੧੪੫॥]
ਤਬ ਗੁਰ ਕਹੈਂ, "ਮਸੰਦ ਸਰੀਕਾ। ਭਾਖਤ ਹੈਂ ਵਿੱਦਯਾ ਅਸਲੀਕਾ।"
ਤਬ ਗੁਰ ਕਹੈਂ, "ਤਿਨੈਂ ਮੁਖ ਕਾਰਾ[5]। ਤੁਮ ਸਰੀਕ ਭਾਖਤ ਨਿਜ ਸਾਰਾ।
ਤੁਮ ਵਿੱਦਯਾ ਨਿਧਿ ਦੀਨ ਦਯਾਲਾ! ਲਿਖਯੋ ਬਿਸਨ ਚਰਿਤ[6] ਸੁਖ ਸਾਲਾ" ॥੬੫॥ [੧੪੬॥]

ਦੋਹਰਾ। ਚੌਸਠ ਵਿੱਦਯਾ[7] ਤੋਰਕੀ[8], ਪੁਨਹ ਆਰਬੀ[9] ਮਾਨ।
ਭਾਖਾ ਆਦਿ ਸਹੰਸਕ੍ਰਿਤ[10], ਪਹਲਵਿ[11] ਪਸਤਵਿ[12] ਜਾਨ ॥੬੬॥ [੧੪੭॥]
ਪਾਰਸੀ[13] ਆਦਿ ਜਬਾਨ ਸਭ, ਮੰਤ੍ਰ ਜੰਤ੍ਰ ਸਭ ਜਾਨ।
ਪੇਖਾ ਹਮ ਤੁਮ ਰਟੇ ਸਭ, ਅਬ ਨਿਦਾਨ ਕਤ[14] ਮਾਨ ॥੬੭॥ [੧੪੮॥]

ਸਵੈਯਾ। ਯੌਂ ਕਹਿ ਲੇਖਨ ਤੋੜ ਦਈ ਪੁਨਿ ਧਾਰਤ ਸੋਭ ਗੁਰੂ ਗੁਨ ਗਾਹੀ।
ਧੰਨ ਹੈ ਸਿੱਖ ਗੁਰੂ ਤਬ ਭਾਖਤ ਫੇਰ ਕਹਯੋ ਨਿਜ ਆਨਨ ਮਾਹੀ।
ਜਾਹਿ ਮਸੰਦਨ ਬੇਗ ਬੁਲਾਵਹੁ, ਆਵਤ ਨਾਹਿ ਜਬੈ ਸਿਖ ਜਾਹੀ।
ਰੂਠ ਕਠੋਰ ਕਹੈ ਬਚਨਾ ਨਿਜ ਬਾਲਕ ਰਾਜ ਦਯੋ ਫਲ ਪਾਹੀ ॥੬੮॥ [੧੪੯॥]
ਹਮ ਹੀ ਇਨ ਕੀ ਪ੍ਰਭੁਤਾ ਕਰਵਾਵਤ, ਦੇਸਨ ਦੇਸ ਕੇ ਸਿੱਖ ਬਨਾਏ।
ਬਿੱਲੀ ਤੇ ਸਿੰਘ ਕੀ ਬਾਤ ਭਈ, ਵਹਿ ਰਾਜ ਦਯੋ ਹਮਰੇ ਸਿਰ ਆਏ।
ਸਿਖ ਆਨ ਕਹੈ ਗੁਰ ਪੈ ਤਬ ਬਾਤਨ ਆਵਤ ਹੈ ਅਤਿ ਜੋੜ ਲਗਾਏ।

---

1. ਕੋਲ, ਪਾਸ। 2. ਪਰਿਸ਼੍ਰਮ (ਮਿਹਨਤ) ਨਾਲ। 3. ਘਰ ਘਰ। 4. ਲੇਖਣੀ (ਕਲਮ) ਤੇ ਦਵਾਤ। 5. ਮੂੰਹ ਕਾਲਾ। 6. ਕ੍ਰਿਸ਼ਨ ਚਰਿਤ੍ਰ ਅਰਥਾਤ ਕ੍ਰਿਸ਼ਨਾਵਤਾਰ ਦੀ ਕਥਾ। 7. ਚਹੁੰਠ ਕਲਾਂ-ਨਾਚ, ਵਾਦ, ਵਸਤ੍ਰ ਗਹਣੇ ਸਜਾਉਣੇ, ਰੰਗਸਾਜ਼ੀ, ਆਦਿ ੬੪ ਪ੍ਰਕਾਰ ਦੇ ਹੁਨਰ। 8. ਤੁਰਕੀ (ਤੁਰਕਿਸਤਾਨ ਦੀ) ਬੋਲੀ। 9. ਅਰਬੀ ਜ਼ਬਾਨ। 10. ਸੰਸਕ੍ਰਿਤ ਬੋਲੀ। 11. ਪਹਲਵੀ (ਈਰਾਨ ਦੀ ਪੁਰਾਣੀ) ਜ਼ਬਾਨ। 12. ਪਸ਼ਤੋ, ਪਠਾਣਾ ਦੀ ਬੋਲੀ। 13. ਫ਼ਾਰਸੀ। 14. ਕਿਉਂ, ਕਿਵੇਂ।

ਗੁਰ ਤਾ ਬਿਨ ਖਾਤ ਨਹੀ ਅਸਨੰ[1], ਕਹੈਂ ਪਜਾਲੇ ਨਿਵਾਲੇ[2] ਕੇ ਯਾਰ ਨ ਆਏ ॥੬੯॥ [੧੫੦॥]
ਦਿਨ ਰੈਨ ਬਿਤੀ ਗੁਰ ਕੋ ਅਸ ਹੀ, ਗੁਰ ਖਾਤ ਨ ਪੀਵਤ ਨੈਕੁ[3] ਹੂੰ ਭਾਈ।
ਵੈ ਗ੍ਰਿਹ ਮਾਂਹਿ ਨਚਾਵਤ ਹੈਂ ਅਤਿ ਵਾਰ ਮੁਖੀ[4] ਮਨ ਮੋਦ ਬਢਾਈ।
ਏ ਗੁਰ ਬਾਲਕ ਯਾ ਡਰ ਹੈ, ਹਮ ਐਸ ਹੀ ਭਾਂਤਿ ਕਹੈਂ ਸਿਖ ਆਈ।
ਸਾਤ ਹੀ ਦਜੋਸ[5] ਬਿਤੇ ਗੁਰ ਕੋ, ਨਹਿ ਰੀਝ ਕੈ ਭੋਜਨ ਤਾ ਬਿਨ ਖਾਈ ॥੭੦॥ [੧੫੧॥]
ਸਿੱਖ ਕਹੈਂ, "ਮਹਾਰਾਜ! ਤੁਮੈਂ ਬਿਧ, ਕੋ ਲਿਖਨੇ ਹਿਤ ਲੇਖ ਸਿਖਾਯੋ।
ਵੈ ਸਠ[6] ਲੰਗਰ ਤੋਰਤ ਨਾ, ਤਿਨ ਧਾਮਨ[7] ਵਾਰ ਮੁਖੀ ਛਬਿ ਪਾਯੋ।
ਤਾ ਬਿਨ ਭੋਜਨ ਖਾਤ ਨ ਜੀ ਤੁਮ, ਵੈ ਤੋ ਕਰੈਂ ਮਨ ਆਨੰਦ ਭਾਯੋ।"
ਯੌਂ ਸੁਨਿ ਕੈ ਗੁਰ ਰੈਨ ਭਏ, ਤਿਹ ਧਾਮ ਬਿਖੈ ਕਰ ਰੂਪ ਬਨਾਯੋ ॥੭੧॥ [੧੫੨॥]
ਕਾਹੂ ਕੇ ਧਾਮ ਨਚੇ ਗਨਿਕਾ, ਕਿਨ ਹੀ ਗੁਰ ਨਿੰਦ ਕੀ ਗਾਥ ਚਲਾਈ।
ਕਈ ਮਸੰਦ ਸੁਨੇ ਨ ਕਹਜੋ ਗੁਰ, ਖਜਾਲਨ ਕੇ ਮਦਰਾ ਰਸ[8] ਭਾਈ।
ਐਸੇ ਲਖੀ ਤਬ ਸ੍ਰੀ ਗੁਰ ਜੀ ਮਨ, ਸਾਸਨ[9] ਤਾਹਿ ਕੋ ਕੀਨ ਉਪਾਈ।
ਪ੍ਰਾਤ ਲਖੇ ਤਬ ਸਾਂਗ ਤਿਨੈ ਕਰ, ਯਾ ਬਿਧਿ ਸਿੱਖਨ ਕੋ ਸੁ ਬੁਲਾਈ ॥੭੨॥ [੧੫੩॥]

**ਭੁਜੰਗ ਛੰਦ।** ਤਬੈ ਸਾਂਗ ਰੂਪੰ ਲਖੇ ਕਰਮ ਤਾਕੇ। ਕਹਾ ਸ੍ਰੀ ਗੁਰੂ ਐਸ, "ਪਾਪੀ ਨ ਝਾਕੈ[10]।
ਗਜੰ ਤੀਰ ਖੂਨੀ ਨਹੀ ਤ੍ਰਾਸ ਜਾਨੋ। ਕਰੈ ਸੰਗ ਯਾ ਕੇ ਲਹੈ ਨਰਕ ਮਾਨੋ" ॥ [੧੫੪॥]
ਮਸੰਦੰ ਲਖੇ ਪਾਪ ਭਾਗੇ[11] ਅਪਾਰੰ। ਗਹੋ ਜਾਇ ਕੈ ਯਾਹਿ ਮਾਰੋ ਸੁਧਾਰੰ।
ਕਰੇ ਪਾਪ ਖੂਨੀ, ਗਹੋ ਤਾਹਿ ਜਾਨੈ। ਚਲੇ ਦੌਰ ਕੇ ਸਿਖ ਲਜਾਏ ਤਿਸਾਨੇ[12] ॥ [੧੫੫॥]
ਜਿਮੰ ਨਾਗ[13] ਮਾਰੇ ਸੁਤੰ ਪ੍ਰੀਖਤਾ[14] ਹੀ। ਤਿਸੀ ਭਾਤਿ ਜਾਰੇ[15] ਘਨੇ ਤੇਲ ਮਾਹੀ।
ਜਿਮੰ ਸੰਗ ਲੋਹਾ ਪਰੰ ਤ੍ਰੀਜ ਭੋਗੰ। ਹਨੇ ਛੇਦ ਤੀਰੰ, ਕਹੈ ਅਗਨਿ ਜੋਗੰ ॥ [੧੫੬॥]
ਗਜੰ ਖੂਨ ਪਾਦੰ[16] ਕਿਨੈ ਮਾਰ ਡਾਰਾ[17]। ਕਿਤੇ ਲੋਹ ਤਾਂ ਪੈ ਭਲੀ ਭਾਂਤਿ ਜਾਰਾ।
ਕਿਤੇ ਸੂਲੀ ਵਾਂਪੇ ਸਰੰ ਡੋਬ ਦੀਨੇ। ਭਲੀ ਭਾਂਤਿ ਜਾਰੇ ਘਨੇ ਦੂਸਟ ਚੀਨੇ ॥ [੧੫੭॥]
ਕਿਤੇ ਜਾਰ ਦੀਨੰ ਸਮੰ ਈਧਨਾ[18] ਹੀ। ਭਜੇ ਜਾਤ ਭਾਰੇ, ਗਹੈ ਸਿਖ ਲਿਆਹੀ।
ਤ੍ਰਿਆ ਰੂਪ ਧਾਰੇ ਤਿਨੇ ਆਨ ਡਾਰੇ। ਪੁਨੰ ਬਾਲ ਬ੍ਰਿਧ ਜੁਵਾ ਨਿਰਖ ਸਾਰੇ ॥ [੧੫੮॥]
ਤਜਾ ਬਖ਼ਤ ਮਲੰ, ਤਕਾ ਤਾਹਿ ਥਾਨੰ। ਜਹਾਂ ਰਾਮ ਦਾਸੰ ਉਦਾਸੀ ਬਖਾਨੰ।
ਤਿਸੈ ਯੌਂ ਕਹਾ, "ਜਾਹਿ ਮਾਤਾਨ ਤੀਰੰ[19]। ਤਹਾਂ ਰਾਖ ਹੈਂ ਔਰ ਥਾਨੰ ਨ ਬੀਰੰ" ॥ [੧੫੯॥]
ਤਹਾ ਆਨ ਕੈ ਸੀਸ ਗੁੰਦਾਅ ਭਾਰੀ। ਨਕੰ ਨੱਥ ਡਾਰੀ, ਪਟੰ[20] ਨਾਰਿ ਧਾਰੀ।
ਕਿਤੇ ਸਹਸ ਜਾਰੇ, ਕਈ ਬਾਲ ਗਰਭੰ। ਤਬੈ ਭਾਖਿਯੋ ਆਪ ਬੱਚਾ ਸੁ ਅਰਭੰ[21] ॥੭੩॥ [੧੬੦॥]

**ਚੌਪਈ।** ਸਿਖਨ ਕਹਾ, "ਕਿਸੈ ਗ੍ਰਿਹ ਨਾਹੀ।" ਗੁਰ ਕਹੈ, "ਕਹੀ ਹੋ ਕੈ ਗ੍ਰਿਹ ਮਾਹੀ।"

---

1. ਭੋਜਨ, ਪ੍ਰਸ਼ਾਦ। 2. ਅਖਾਣ—"ਹਮ ਪਿਆਲਾ ਵ ਹਮ ਨਿਵਾਲਾ" ਅਰਥਾਤ ਖਾਣ ਪੀਣ ਦੀ ਸਾਂਝ। 3. ਕੁਝ ਵੀ, ਥੋੜਾ ਜੇਹਾ ਵੀ। 4. ਵੇਸਵਾ। 5. ਦਿਨ। 6. ਉਹ ਮੂਰਖ। 7. ਆਪਣੇ ਘਰਾਂ ਵਿਚ। 8. ਮਦ ਮਸਤੀ ਵਿਚ। 9. ਤਾੜਨਾ, ਦੰਡ। 10. ਝਕਦੇ, ਝਿਜਕਦੇ। 11. ਪਾਪ-ਭਾਗੀ। ਏਥੇ ਭਾਗੇ (ਭਾਗੀ) ਦੀ ਥਾਂ 'ਲਾਗੇ' ਪਾਠ ਵੀ ਹੈ (ਖ਼ਾ. ਕਾ. ਅ. ੬੦੫)। 12. ਉਨ੍ਹਾਂ ਨੂੰ। 13. ਸੱਪ। 14. ਰਾਜਾ ਪਰੀਛਿਤ ਦੇ ਪੁਤ੍ਰ ਜਨਮੇਜਯ ਨੇ। 15. ਜਾਲੇ, ਸਾੜੇ, ਫੂਕੇ। 16. ਖੂਨੀ ਹਾਥੀ ਦੇ ਪੈਰਾਂ ਹੇਠ। 17. ਸੁੱਟਿਆ। 18. ਇੰਨ੍ਹਣ। 19. ਮਾਈਆਂ ਦੇ ਕੋਲ। 20. ਵਸਤ੍ਰ। 21. ਮੂਰਖ।

ਪੁਨਿ ਕਹਜੋ, "ਹਮ ਗ੍ਰਿਹ ਮਾਤਾ ਤੀਰਾ। ਜਾਵਹੁ ਬੇਗ ਨਾਰਿ ਬਪੁ ਕੀਰਾ[1] ॥ [੧੬੧॥]
ਤਬ ਸਿਖ ਲਜਾਏ ਤਾ ਗ੍ਰਿਹ ਜਾਨੇ। ਮਾਤਾ ਆਨ ਪਰੀ ਪਦ ਮਾਨੇ।
"ਹੇ ਗੁਰ! ਸਰਨਾਗਤ ਨਹਿ ਮਾਰੇ। ਰਾਮ ਚੰਦ ਕਿਸਨਾਦਿਕ ਸਾਰੇ" ॥ [੧੬੨॥]
ਗੁਰ ਕਹੈਂ, "ਮਾਰ ਮਸੰਦਨ ਕੀਨੀ। ਨਰ ਕੋ ਮੋਹ ਬਚਾਏ ਚੀਨੀ[2]।
ਯਾਹਿ ਪਾਪ ਤੇ ਜੂਨ ਚੌਰਾਸੀ। ਤੇ ਗ੍ਰਿਹ ਤਾਹਿ ਬਚਾਯੋ ਫਾਸੀ" ॥ [੧੬੩॥]
ਤਬ ਸੋ ਬਖਤ ਮਲ ਥੋ ਬਾਲਾ। ਲਖ ਗੁਰ ਉਸਤਤਿ ਕੀਨ ਬਿਸਾਲਾ[3]।
"ਸਰਨ ਸਰਨ ਮੈ, ਕਰੁਨਾ ਧਾਰੋ। ਦੀਨ ਦਯਾਲਾ ਮੋਹਿ ਉਬਾਰੋ[4] ॥ [੧੬੪॥]
ਤੁਵ ਪਦ ਸਰਨ, ਸਰਨ ਮੈ ਜਾਨੀ।" ਸੁਨ ਸ੍ਰੀ ਗੁਰ ਅਤਿ ਮਯਾ[5] ਸੁ ਠਾਨੀ।
"ਤੁਮੈ ਸੁਹਾਗਨ ਸਦ[6] ਮੈ ਕੀਨਾ।" ਯੌਂ ਕਹਿ ਆਰਸ[7] ਦਈ ਸੁ ਚੀਨਾ ॥ [੧੬੫॥]
ਨਾਰਿ ਰੂਪ ਤਾ ਕ ਸਦ ਹੋਈ। ਨਾਰੀ ਨਰ ਵਾ ਹੋਵੇ ਕੋਈ।
ਤਾਹਿ ਬਖਸਿਯੋ ਔਰ ਜਲਾਏ। ਕਟ ਕਟ ਝਰਤ, ਜਰਤ ਲਖ ਪਾਏ।
ਜਿਮ ਜਿਮ ਜਰਤ ਗੁਰੂ ਸੁਖ ਪਾਏ। ਐਸੇ ਬੈਨ ਸੁ ਮੁਖੇ ਅਲਾਏ ॥੭੪॥ [੧੬੬॥]

ਗੁਰੂ ਪ੍ਰਮਾਨ। ਦਰ ਲਏ ਲੇਖਾ ਪੀੜ ਛੁਟੈ, ਨਾਨਕਾ ਜਿਉਂ ਤੇਲ ॥੭੫॥ [੧੬੭॥]

ਝੂਲਨਾ। ਤਬੈ ਆਯੋ ਹੈ ਮੇਲ ਵੈਸਾਖ ਭਾਰੀ, ਨਰ ਨਾਰਿ ਆਏ ਅਤਿ ਹੇਤ ਸਾਰੇ।
ਸਭ ਸੁਨਜੋ ਹੈ ਕਾਲਿਕਾ ਪ੍ਰਗਟ ਹੋਈ, ਯਹਿ ਬਾਤ ਸੁਨ ਆਵਤੇ ਹੇਤ ਧਾਰੇ।
ਗੁਰ ਮਯਾ ਤੇ ਗਾਥ ਯਹਿ ਪੂਰ ਹੋਈ, ਜੋ ਸੁਨੇ ਤਿਹ ਰਿੱਧਿ[8] ਸਿੱਧਿ[9] ਧਾਮ ਜਾਨੀ।
ਸਭ ਦੁਸਟ ਨਾਸੇ, ਬਸੂ[10] ਧਜਾਇ ਮਾਹੀ, ਗੁਰ ਮਯਾ[11] ਤੇ ਬਾਤ ਯਹਿ ਪ੍ਰਗਟ ਮਾਨੀ ॥੭੬॥ [੧੬੮॥]

ਇਤਿ ਸ੍ਰੀ ਗੁਰ ਬਿਲਾਸ ਸੁਖਦਾਈ। ਆਠੋ ਧਜਾਇ ਪੂਰਨੰ ਭਾਈ ॥੮॥

---

1. ਇਸਤ੍ਰੀ ਦੇ ਸਰੀਰ ਅਥਵਾ ਭੇਸ ਵਿਚ। 2. ਤੁੱਛ, ਨੀਚ, ਕੀੜਾ। 3. ਵਿਸ਼ਾਲ, ਵਿਸਤਾਰ ਸਹਿਤ। 4. ਰਖਿਆ (ਮੁਕਤ) ਕਰੋ। 5. ਕ੍ਰਿਪਾ। 6. ਸਦਾ, ਸਦੈਵ, ਹਮੇਸ਼ਾ। 7. ਇਰਸ, ਵਿਰਸਾ। 8. ਧਨ, ਸੰਪਤੀ। 9. ਅੱਠ ਸ਼ਕਤੀਆਂ ਅਥਵਾ ਸਿਧੀਆਂ : ਅਣਿਮਾ (ਬਹੁਤ ਛੋਟਾ ਹੋਣਾ), ਮਹਿਮਾ (ਵੱਡਾ ਹੋ ਜਾਣਾ), ਗਰਿਮਾ (ਭਾਰੀ ਹੋਣਾ), ਲਘਿਮਾ (ਹੋਲਾ ਹੋਣਾ), ਪ੍ਰਾਪਤਿ (ਮਨ ਇੱਛਿਤ ਫਲ ਮਿਲਣਾ), ਪ੍ਰਾਕਾਮਜ (ਸਭ ਦੇ ਮਨ ਦੀ ਜਾਣ ਲੈਣੀ), ਈਸ਼ਿਤਾ (ਆਪਣੇ ਪਿੱਛੇ ਸਭ ਨੂੰ ਲਾਉਣਾ) ਤੇ ਵਸ਼ਿਤਾ (ਸਭ ਨੂੰ ਆਪਣੇ ਅਧੀਨ ਕਰਨਾ)। 10. ਵਸੂ, ਅੱਠ ਜਾਂ ਅਠਵਾਂ। 11. ਕ੍ਰਿਪਾ।

ਨੌਵਾਂ ਅਧਿਆਇ

# ਖ਼ਾਲਸਾ ਪੰਥ ਦੀ ਰਚਨਾ

ਦੋਹਰਾ। ਯਾ ਬਿਧਿ ਪੰਥ ਬਨਾਇ ਹੈਂ, ਕਹੈਂ ਨੌਮ[1] ਕੇ ਮਾਹਿ।
ਜਾ ਲਖ ਸਤ੍ਰਨ[2] ਨਾਸ ਹੋਇ, ਸੰਤ ਮਨੇ ਸੁਖ ਪਾਹਿ ॥੧॥
ਚੌਪਈ। ਬੀਤੀ ਨਿਸਾ ਭੋਰ[3] ਪ੍ਰਗਟਾਯੋ। ਸ੍ਰੀ ਦਿਨ ਮਣਿ[4] ਚਲ ਤਖਤ ਸੁਹਾਯੋ।
ਪਰਮ ਜੋਤਿ ਸਾਹਿਬ ਸੁਖਦਾਈ। ਬੈਠੇ ਸ੍ਰੀ ਕੇਸਗੜ੍ਹ ਆਈ ॥ [੨॥]
ਅਧਿਕ ਓਪ ਤਾ ਥਾਨ ਲਸਾਵੈ। ਕੋਟਿ ਬਦਨ ਕਰ ਅੰਤ ਨ ਪਾਵੈ।
ਆਦਿ ਖਾਲਸਾ ਵਾਸੀ ਜੋਈ। ਅੱਚੁਤ ਵਾਕ ਗੁਰੂ ਕਾ ਸੋਈ ॥ [੩॥]
ਊਚੇ ਪੱਬ[5] ਸੁ ਅਧਿਕ ਬਿਰਾਜੈ। ਤਾ ਪਰ ਸਿੰਘਾਸਨ ਗੁਰ ਛਾਜੈ[6]।
ਸਹਸ ਨਾਰ ਸਰਿਤਾ[7] ਤਟ ਬਹੈ। ਸੁਰ ਨਰ ਜਾਸ ਦਰਸ ਕੋ ਚਹੈ ॥ [੪॥]
ਸਾਤ ਧੁਜਾ[8] ਤਿਹ ਅਦਭੁਤ ਭਾਰੀ। ਸਭ ਸਿਰ ਕੇਸ ਕੋਟ[9] ਅਵਤਾਰੀ।
ਆਦਿ ਰੂਪ ਖਾਲਸੇ ਵਾਸੀ। ਰਿੱਧਿ ਸਿੱਧਿ ਜਿਹ ਕੋਟਿਕ[10] ਦਾਸੀ ॥ [੫॥]
ਅਜ ਗੈਬੀ ਜਹ ਘੁਰਤ ਨਗਾਰੇ। ਕੋਟਿ ਕਵੀ ਕਹਿ ਸਕਤ ਉਚਾਰੇ।
ਬੈਠੇ ਆਨ ਤਹੀ ਮਹਾਰਾਜਾ। ਅਚੁੱਤ ਅਲਖ ਧਰਨਿ ਸਿਰ ਤਾਜਾ ॥ [੬॥]
ਸੰਗਤਿ ਕੇ ਸੋਧਨ ਮੈ ਆਯੋ। ਅਦਭੁਤ ਤਹਾਂ ਚਰਿਤ੍ਰ ਬਨਾਯੋ।
ਤੰਬੂ ਚਾਰ ਸੁ ਅਧਿਕ ਮੰਗਾਏ। ਭਿੰਨ ਭਿੰਨ ਕਰਤ ਹਾਂ ਲਟਾਏ।
ਪਾਂਚ ਅਜਾ ਸੁਤ[11] ਗੁਪਤ ਮੰਗਾਈ। ਤਾ ਮੈ ਦੀਨ ਨਿਸਾ[12] ਬੰਧਵਾਈ ॥੨॥ [੭॥]
ਦੋਹਰਾ। ਰੈਨ ਪਯਾਨ [13] ਸੁ ਦਿਨ ਚੜ੍ਹਜੇ, ਜਗੇ ਸਕਲ ਨਰ ਨਾਰਿ।
ਵੈਸਾਖੀ ਕੇ ਦਰਸ ਪਰ, ਸੰਗਤਿ ਮਿਲੀ ਅਪਾਰ ॥੩॥ [੮॥]
ਚੌਪਈ। ਅਛਲ[14] ਪੁਰਖ ਕੌਤੁਕ ਯਹਿ ਕੀਨਾ। ਜਹਿ ਤਹਿ ਬੋਲ ਸੰਗ ਸਭ ਲੀਨਾ।
ਮਿਲੇ ਆਨ ਜਬ ਅਧਿਕ ਅਪਾਰਾ। ਦਿਪਤ ਜੋਤਿ ਕਹਿ ਬਦਨ ਸੁਧਾਰਾ ॥ [੯॥]
"ਸਨਮੁਖ ਪੂਰਾ ਸਿਖ ਹੈ ਕੋਈ। ਸੀਸ ਭੇਟ ਗੁਰ ਦੇਵੇ ਜੋਈ।"

---

1. ਨੌਵੇਂ ਅਧਿਆਇ ਵਿਚ। 2. ਸ਼ਤ੍ਰੂਆਂ (ਵੈਰੀਆਂ) ਦਾ। 3. ਸਵੇਰਾ, ਪ੍ਰਭਾਤ। 4. ਸੂਰਜ, 5. ਪਰਬਤ। 6. ਸੋਂਹਦਾ ਹੈ। 7. ਸਹਸ (ਸੌ) ਨਾਰ (ਨਾਲੇ) ਅਥਵਾ ਪ੍ਰਵਾਹ ਵਾਲੀ ਸਰਿਤਾ (ਨਦੀ) ਸਤਲੁਜ। 8. ਸ੍ਰੀ ਆਨੰਦਪੁਰ ਦੇ ਸੱਤ ਗੁਰਦੁਆਰਿਆਂ ਦੇ ਨਿਸ਼ਾਨ (ਝੰਡੇ)। ਉਹ ਸੱਤ ਗੁਰਦੁਆਰੇ ਇਹ ਹਨ : ਅਕਾਲ ਬੁੰਗਾ, ਆਨੰਦਗੜ੍ਹ ਕਿਲਾ, ਸੀਸ ਗੰਜ, ਤਖ਼ਤ ਕੇਸ ਗੜ੍ਹ ਸਾਹਿਬ, ਗੁਰੂ ਕੇ ਮਹਲ, ਆਦਿ ਸਿੰਘਾਸਨ ਦਮਦਮਾ ਸਾਹਿਬ, ਮੰਜੀ ਸਾਹਿਬ ਅਤੇ ਭੋਰਾ ਸਾਹਿਬ (ਦੇਖੋ *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*)। 9. ਸ੍ਰੀ ਕੇਸ ਗੜ੍ਹ। 10. ਕਰੋੜਾਂ ਹੀ। 11. ਬਕਰੇ। 12. ਰਾਤ ਸਮੇਂ। 13. ਰਾਤ ਬੀਤਣ ਤੇ। 14. ਛਲ ਰਹਿਤ।

ਯੌਂ ਸੁਨ ਹੁਕਮ ਅਧਿਕ ਬਹੁ ਭਾਰਾ। ਭਯੋ ਬਿਸਮ[1] ਯਹਿ ਸਕਲ ਸੰਸਾਰਾ ॥ [੧੦॥]
ਤੀਨ ਬੇਰ ਸ੍ਰੀ ਮੁਖ ਜਬ ਕਹਜੋ। ਪਾਨਿ[2] ਜੋੜ ਸੇਵਕ ਇਕ ਅਯੋ।
ਗਹਿ ਤਾਕੀ ਭੁਜ[3] ਖੜਗ ਨਿਕਾਰਜੋ। ਤੇਜ ਅਧਿਕ ਇਹ ਬਿਧਿ ਤਨ ਧਾਰਜੋ ॥ [੧੧॥]
ਝਟਕਾ ਕਰਜ ਅਜਾ ਸੁਤ ਜਾਈ। ਰੁਧਿਰ ਪ੍ਰਵਾਹ ਚਲਜੋ ਤਬ ਧਾਈ।
ਸ੍ਰੋਣਤ[4] ਪ੍ਰਲਤ[5] ਖੜਗ ਲੈ ਹਾਥਾ। ਪੁਨਿ ਬਾਹਰ ਆਯੋ ਜਗ ਨਾਥਾ ॥ [੧੨॥]
ਮਾਂਗਜੋ ਅਵਰ ਸੀਸ ਇਕ ਆਈ। ਯੌ ਲਖਿ ਬਿਸ ਮੈ ਭਈ ਲੁਕਾਈ।
ਤੀਨ ਬੇਰ ਸਤਿਗੁਰ ਜਬ ਗਾਯੋ। ਸੇਵਕ ਨਿਸਰ ਏਕ ਤਬ ਆਯੋ ॥ [੧੩॥]
ਤਾ ਕੀ ਭੁਜਾ ਪਕਰ ਗੁਰ ਦੇਵਾ। ਲੈ ਗਜੋ ਤੰਬੂ ਅਹਿ ਅਭੇਵਾ।
ਝਟਕਾ ਕਰਜੋ ਤੈਸ ਬਿਧਿ ਜਾਈ। ਰੁਧਿਰ ਪ੍ਰਵਾਹ ਚਲਜੋ ਤਬ ਧਾਈ ॥ [੧੪॥]
ਪਾਂਚ ਅੰਗ੍ਰ ਕਰ ਸੀਸੁ ਸੁ ਕਾਟਾ। ਰੁੰਡ ਮੁੰਡ ਨੀਮੰ ਕਰ ਬਾਟਾ।
ਪਾਂਚ ਸਿੰਘ ਸਤਿਗੁਰ ਇਮ ਲਜਾਏ। ਹਾ ਹਾ ਕਾਰ ਸਕਲ ਪੁਰ ਛਾਏ ॥ [੧੫॥]
ਊਚ ਨੀਚ ਸਬ ਹੀ ਨਰ ਨਾਰੀ। ਨਿੰਦਾ ਪ੍ਰਭੁ ਕੀ ਕਰੇਂ ਸੁ ਭਾਰੀ।
"ਇਨ ਕੋ ਕਹਾਂ ਸਿਰਰ ਹੋ ਗਯੋ। ਅਜਾ ਸੁਆਨ[6] ਜਿਮ ਸਿੱਖਨ ਘਯੋ[7]" ॥ [੧੬॥]
ਜਹਾਂ ਤਹਾਂ ਇਹ ਬਾਤ ਭਨੀਜੈ। ਅਪਜਸ ਬਿਨਾ ਨ ਔਰ ਲਖੀਜੈ।
ਸਭ ਹੀ ਮਿਲ ਕੈ ਐਸ ਬਖਾਨੈ। ਸੂਖਮ ਸਾਂਗ ਨ ਪ੍ਰਭੁ ਕੋ ਜਾਨੈ ॥ [੧੭॥]
ਕਾਲੀ ਆਗਮ ਬਡ ਬਲ ਭਾਰੀ। ਇਨ ਪੈ ਗਯੋ ਨ ਪ੍ਰਗਟ ਸਹਾਰੀ।
ਉਲਟੀ ਪਰੀ ਯਾ ਪਰ ਸੁ ਭਵਾਨੀ। ਤਾ ਤੇ ਇਨ ਕੀ ਮਤਿ ਬਵਰਾਨੀ[8] ॥ [੧੮॥]
ਪ੍ਰਥਮ ਮਸੰਦ ਸਕਲ ਦਿਖ ਜਾਰੇ। ਬਹੁਰ ਅਜਾ[9] ਜਿਮ ਸਿੱਖ ਸੰਘਾਰੇ।
ਰੂਪ ਅਨੂਪ ਗੁਰੂ ਅਵਤਾਰੀ। ਕੋ ਪਟਤਰ[10] ਯਹਿ ਕਰੈ ਸੁ ਧਾਰੀ ॥ [੧੯॥]
ਜੋ ਯਹਿ ਦੇਵਿਨ ਪੂਜਤ ਭਾਈ। ਰਾਜ ਕਰਤ ਜਗ ਮੈ ਅਧਿਕਾਈ।
ਰਿੱਧਿ ਸਿੱਧਿ ਲਖ ਅਨਿਕ ਪ੍ਰਕਾਰਾ। ਜਰ ਨਹੀਂ ਸਕਜੋ ਸੁ ਪ੍ਰਗਟ ਉਚਾਰਾ ॥ [੨੦॥]
ਬ੍ਰਹਮਾ ਬਿਸਨ ਦੇਵ ਗਣ[11] ਸਾਰੇ। ਅੱਗ੍ਰ[12] ਕਾਲਿਕਾ ਕੌਣ ਵਿਚਾਰੇ।
ਕਹਾ ਭਯੋ ਭਈ ਪ੍ਰਗਟ ਭਵਾਨੀ। ਕਰ ਮੈ ਦੀਨ ਕਲਿਤ[13] ਕਿਰਪਾਨੀ ॥ [੨੧॥]
ਤਦਜਪਿ[14] ਤੇਜ ਨ ਸਕੈ ਸਹਾਰੀ। ਯਾ ਬਿਧਿ ਸਕਲ ਕਹਿਤ ਨਰ ਨਾਰੀ।
ਨਾਥ ਚਰਿਤ੍ਰ ਨਾਥ ਬਰ ਜਾਨੈ। ਔਰ ਜੀਵ ਕਾ ਭੇਦ ਪਛਾਨੈ ॥੪॥ [੨੨॥]

**ਦੋਹਰਾ।** ਉਤੈ ਲੋਕ ਯੌਂ ਭਾਖਈ, ਇਤ ਪ੍ਰਭੁ ਯਾ ਬਿਧਿ ਠਾਨ।
ਨਿਕਸੇ ਤੰਬੂ ਤਾਹਿ ਤੇ, ਸੰਗ ਸਿੱਖ ਸੁਠ[15] ਠਾਨ ॥੫॥ [੨੩॥]

**ਸਵੈਯਾ।** ਤਾ ਕਰ ਸੋਕਰ[16] ਧਾਰ ਆਏ, ਪੁਨਿ ਬੈਠ ਸਿੰਘਾਸਨ ਕੌਤੁਕ ਕੇਰੇ।
ਧੰਨ ਧੰਨ ਕਹੈਂ ਨਰ ਨਾਰਿ ਤਬੈ, ਪੁਨਿ ਭੂਖਨ ਅਨਿਕ ਦਏ ਤਿਹ ਕੇਰੇ।
ਕੋਰ ਮਯਾ[17] ਕਰ ਆਪ ਸਮਾਨ, ਕਰੇ ਤਬ ਹੀ ਅਤਿ ਸੁੰਦਰ ਚੇਰੇ।

---

1. ਅਸਚਰਜ। 2. ਹੱਥ। 3. ਬਾਂਹ 4. ਲਹੂ। 5. ਪ੍ਰਲੁਤ, ਲਿਬੜੀ ਅਥਵਾ ਭਿਜੀ ਹੋਈ। 6. ਅਜਾ, ਬਕਰਾ (ਬਕਰੀ) ਦਾ ਸੂਨ (ਪੁਤ੍ਰ)। 7. ਵੱਢਿਆ, ਕਤਲ ਕੀਤਾ। 8. ਪਾਗਲ ਹੋ ਗਈ। 9. ਬਕਰੀ। 10. ਉਪਮਾ, ਤੁਲਨਾ, ਬਰਾਬਰੀ। 11. ਦੇਵਤੇ। 12. ਅੱਗੇ ਸਾਮ੍ਹਣੇ। 13. ਸ਼ਿੰਗਾਰੀ ਹੋਈ, ਸੁਸੱਜਿਤ। 14. ਤਾਂ ਵੀ। 15.ਉੱਤਮ, ਸ਼੍ਰੇਸ਼ਟ। 16. ਉਨ੍ਹਾਂ (ਪੰਜਾਂ ਪਿਆਰਿਆਂ) ਦੇ ਹੱਥਾਂ ਵਿਚ ਹੱਥ ਪਾ ਕੇ। 17. ਮਯਾ (ਕ੍ਰਿਪਾ) ਕੋਰ (ਕਟਾਖਸ਼)।

ਸਰਿਤਾ ਜਲ ਲੀਨ ਅਛੂਤ ਮੰਗਾਇ ਕੈ, ਪਾਤ੍ਰ ਲੋਹ ਮੈ ਤਾ ਪ੍ਰਭ ਬੇਰੇ।
ਪੜ੍ਹਤੇ ਸੁ ਉਦਾਸ ਹੈ ਮੰਤ੍ਰਨ ਕੋ, ਪ੍ਰਭ ਠਾਢੇ ਹੈਂ ਆਪ ਭਏ ਸੋ ਸਵੇਰੇ ॥੬॥ [੨੪॥]
ਅਸ ਕੌਤੁਕ ਵੇਖ ਸੁ ਸਾਹਿਬ ਕੋ, ਬਿਪ ਰਾਮ ਕ੍ਰਿਪਾ[1] ਬਿਧਿ ਯਾ ਲਖ ਪਾਈ।
ਮਾਤਾ ਕੇ ਤੀਰ ਗਏ ਤਬ ਧਾਇ ਕੇ, ਛੋਰ ਕਥਾ ਨਖਸਿੱਖ[2] ਸੁਨਾਈ।
ਖਾਲਸਾ ਪਥ ਕੋ ਆਦਿ 'ਰੁ ਅੰਤ ਕੋ, ਯਾ ਬਿਧਿ ਕੋ ਸੁਨ ਮਾਤ ਸੁ ਆਈ।
ਤਾ ਸਮੈ ਆਨ ਪਤਾਸੇ ਡਰੈ,[3] ਗਨ[4] ਪੇਖ ਸੁ ਮਹਲ ਕੋ ਬਾਤ ਅਲਾਈ।
ਤਾਤ 'ਰੁ ਮਾਤ ਕੀ ਅੰਸ ਭਈ ਅਬ, ਯਾ ਕਰ ਹੇਤ ਭਵੈ ਨਿਜ ਮਾਈ ॥੭॥ [੨੫॥]
ਪ੍ਰੇਮ ਪਤਾਸੇ ਡਰੇ ਅਬ ਮਾਤ ਨੇ, ਯੌ ਅਤਿ ਸੰਗਤ ਮੋਦ ਧਰਾਈ।
ਧੰਨ ਹੀ ਧੰਨ ਕਹੈਂ ਸਭ ਹੀ ਜਨ ਮਾਤਾ ਕੀਓ ਉਪਕਾਰ ਗਨਾਈ।
ਜਲ ਥਲ ਮੈ ਜੋਤਿ ਬਿਰਾਜਤ ਮਾਤ ਕੀ, ਯਾਹਿ ਕਥਾ ਸੁਨ ਕੇ ਚਿਤ ਚਾਈ।
ਪੂਰਣ ਮੈ ਕਹਾ ਊਣ ਨ ਤਾ ਯੌਂ ਅਸ ਖੇਲ ਕੀਓ ਹਰਿਰਾਈ ॥੮॥ [੨੬॥]

ਦੋਹਰਾ। ਅੰਮ੍ਰਿਤ ਗੁਰੂ ਤਿਯਾਰ ਕਰ, ਕੈ ਅਰਦਾਸ ਕੀ ਰੀਤ।
ਠਾਢੇ ਕਰਮ ਛਕਾਇ ਕੈ, ਸਨਮੁਖ ਪੰਚ ਸੁ ਨੀਤ ॥੯॥ [੨੭॥]

ਚੌਪਈ। ਪਾਨ ਜੋੜ ਤਿਨ ਅਮੀ[5] ਪਿਵਾਵੈ। ਬੋਲ ਵਾਹਗੁਰੂ ਮੁਖੋਂ ਕਹਾਵੈ।
ਪੰਚਨ ਕੋ ਐਸੇ ਤਬ ਦਯੋ। ਨਾਮ ਨਗਰ ਤਿਨ ਪੂਛਨ ਕਯੋ ॥ [੨੮॥]
ਪ੍ਰਥ ਮੈ ਸੋ ਕਹ ਨਾਮ ਕੀ ਵਾਸੀ। ਸੁਨ ਤਿਨ ਕਹਯੋ ਸੰਗ ਅਬਿਨਾਸੀ।
ਵਾਸੀ ਮੋਰ ਲਹੌਰ ਦਯਾਲਾ। ਨਾਮ ਦਯਾ ਸਿੰਘ ਦਾਸ ਕ੍ਰਿਪਾਲਾ ॥ [੨੯॥]
ਪੂਰਬ ਜਨਮ ਲਊ ਥਾ ਜੋਈ। ਜਾਤ ਸੋਫਤੀ ਖਤ੍ਰੀ ਸੋਈ।
ਨਿਹਚਲ ਸਿੰਘ[6] ਦੂਤੀ ਬਰ ਗਾਯੋ। ਵਾਸੀ ਦੁਆਰਾਵਤੀ[7] ਜਨਾਯੋ ॥ [੩੦॥]
ਪੂਰਬ ਨਾਮ ਦੇਵ ਅਵਤਾਰਾ। ਜਾਤ ਸੁ ਛੀਪੇ ਕੀ ਅਬ ਸਾਰਾ।
ਸਾਹਬ ਸਿੰਘ ਸੁ ਤ੍ਰਿਤੀ ਜੁ ਕਹੀਯੇ। ਬਿਦਰ ਸਹਿਰ ਤਾ ਥਾਨ ਸੁ ਲਹੀਏ ॥ [੩੧॥]
ਪੂਰਬ ਸੈਨ ਨਾਈ ਥਾ ਸੰਤ। ਅਬ ਭੀ ਨਾਹੀ ਜਾਤ ਲਖੰਤ।
ਚਤੁਰਥ ਧਰਮ ਸਿੰਘ ਅਬਿਨਾਸੀ। ਹਸਤਨ ਪੁਰੀ ਜਵਨ[8] ਕੀ ਵਾਸੀ ॥ [੩੨॥]
ਪੂਰਬ ਜਨਮ ਭਗਤ ਔ ਧੰਨਾ। ਜਾਤ ਜਾਟ ਕੀ ਅਬ ਸੋ ਵੰਨਾ।
ਹਿੰਮਤ ਸਿੰਘ ਹਠੀਲਾ ਗਾਯੋ। ਵਾਸੀ ਜਗੰਨਾਥ ਕੀ ਗਾਯੋ ॥ [੩੩॥]
ਪੂਰਬ ਜਨਮ ਬਧਕ[9] ਔਤਾਰਾ। ਜਾਤ ਝੀਵਰੀ[10] ਕੀ ਸੁਖ ਸਾਰਾ।
ਅੰਗ ਸੰਗ ਸਤਜੁਗ ਕੇ ਸੰਗੀ। ਪੰਚਨ ਮੇਲਤ ਜੋ ਗੁਰ-ਅੰਗੀ ॥ [੩੪॥]
ਕੋਨਾ[11] ਮੋਨਾ ਕੰਨਜਾ ਪਾਪੀ[12]। ਮੀਣਾ[13] ਔਰ ਮਸੰਦ ਸੁ ਥਾਪੀ।

---

1. ਕ੍ਰਿਪਾ ਰਾਮ ਪੁਰੋਹਿਤ। 2. ਆਦਿ ਤੋਂ ਅੰਤ ਤਕ। 3. ਪਾਏ। 4. ਗਣ, ਲੋਕ-ਸਮੁਦਾਇ। 5. ਅੰਮ੍ਰਿਤ। 6. ਅਰਥਾਤ-ਮੁਹਕਮ ਸਿੰਘ। 7. ਦੁਆਰਕਾ (ਕਾਠੀਆਵਾੜ)। 8. ਜਿਸ। 9. ਸ਼ਿਕਾਰੀ। 10. ਪ੍ਰਸਿੱਧ ਵਿਦ੍ਵਾਨ ਗਿਆਨੀ ਠਾਕੁਰ ਸਿੰਘ ਦੇ ਕਥਨ ਅਨੁਸਾਰ ਪੰਜ ਪਿਆਰਿਆਂ ਵਿਚੋਂ ਭਾਈ ਦਯਾ ਸਿੰਘ ਜੀ ਪਿੰਡ ਡੱਲਾ, ਭਾਈ ਧਰਮ ਸਿੰਘ ਜੀ ਪਿੰਡ ਜਟਵਾੜਾ (ਜ਼ਿਲਾ ਸਹਾਰਨਪੁਰ), ਭਾਈ ਹਿੰਮਤ ਸਿੰਘ ਜੀ ਪਿੰਡ ਸੰਗਤਪੁਰਾ (ਪਟਿਆਲਾ), ਭਾਈ ਮੁਹਕਮ ਸਿੰਘ ਜੀ ਬੁੜੀਆ (ਅੰਬਾਲਾ) ਤੇ ਭਾਈ ਸਾਹਿਬ ਸਿੰਘ ਜੀ ਪਿੰਡ ਨੰਗਲ ਸ਼ਹੀਦਾਂ (ਜ਼ਿਲਾ ਹੁਸ਼ਿਆਰਪੁਰ) ਦੇ ਵਸਨੀਕ ਸਨ (ਦੇਖੋ 'ਗੁਰਦ੍ਵਾਰੇ ਦਰਸ਼ਨ')। 11. ਬੋਦੀ ਹੀਨ, ਜਿਸ ਦੀ ਚੋਟੀ ਕਟੀ ਹੋਈ ਹੋਵੇ। 12. ਕੁੜੀ ਮਾਰ। 13. ਪ੍ਰਿਥੀ ਚੰਦ ਦੇ ਖ਼ਾਨਦਾਨ ਨਾਲ ਸੰਬੰਧ ਰਖਣ ਵਾਲਾ।

ਕੋਨਾ ਕਹੈ ਜੋ ਬੋਦੀ ਹੀਨਾ। ਤਜੋ ਤੁਰਕ ਸੰਗਤਿ ਮਤਿ ਚੀਨਾ ॥ [੩੫॥]
ਮੋਨਾ ਕਹੈ ਸੋ ਕੁਠਾ ਖਾਵੈ। ਸੀਸ ਉਸਤਰਾ ਜੋਇ ਫਿਰਾਵੈ।
ਏ ਹੈ ਦੀਨ ਪਿਕੰਬਰ ਕੇਰਾ। ਸਮਾ ਤੁਰਕ ਮੋਨਾ ਹੈ ਟੇਰਾ ॥ [੩੬॥]
ਕੰਨਜਾ ਹਤਾ[1] ਪੁਨਿ ਬੇਚੇ ਜੋਈ। ਕੁੰਭੀ ਪਰੈ ਮਾਸ ਗਤ ਤੇਈ।
ਮੀਣੇ ਗੁਰ ਦੋਖੀ ਮਧ ਚੂਰੀ। ਗੁਰੂ ਖਵਾਵਤ ਚਾਹ ਕਰੂਰੀ ॥ [੩੭॥]
ਮਸੰਦ ਗੁਰੂ ਸਮਤਾ ਮਨ ਧਾਰੈ। ਅਦਬ ਗ੍ਰੰਥ ਨਹਿ ਆਪ ਪੂਜਾਰੈ।
ਮੋਰ ਬਚਨ ਸੋ ਕਰੋ ਪਿਆਰਾ। ਸਰਬ ਕਾਲ[2] ਹੋਇ ਰੱਛ ਤੁਹਾਰਾ ॥ [੩੮॥]
ਝੂਠੇ ਸਰਬ ਉਪਾਵ ਤਿਆਗੋ। ਸ੍ਰੀ ਅਸਿਧੁਜ ਕੀ ਚਰਨੀ ਲਾਗੋ।
ਪੋਥੀ ਗ੍ਰੰਥ ਪੜ੍ਹੇ ਸਦ ਨੀਤਾ। ਜਪ ਰਹਰਾਸ ਕੀਰਤਨ ਚੀਤਾ ॥੧੦॥ [੩੯॥]

**ਦੋਹਰਾ।** ਸਸਤ੍ਰ ਮੇਲ ਗੁਰ ਸਬਦ ਸੋ, ਕਛ ਕੇਸਨ ਸਦ ਪ੍ਰੇਮ।
ਕਰਦ ਰਾਖਨੀ ਪੰਚ ਏ, ਤਜੇ ਨ ਕਬ ਹੀ ਨੇਮ[3] ॥੧੧॥ [੪੦॥]

**ਭੁਜੰਗ ਛੰਦ।** ਸਦਾ ਤੋਰਕੰ[4] ਮਾਰਨੰ, ਸੰਤ ਸੰਗੰ। ਕਰੈ ਨਾਰਿ ਸੰਗੰ ਨ ਕਛੁ ਹੀਨ ਰੰਗ।
ਕੰਘਾਯੰ ਕਰੈ ਦੋਇ ਵਾਰੰ ਸੁਧਾਰੰ। ਸਦਾਵੰਤ ਸੁਧੰ ਕਰੋ ਨਾਨ ਪਜਾਰੰ ॥ [੪੧॥]
ਦੁਈ ਵਖਤ ਨਾਨੰ ਸੁਮੰ ਦੇਸ਼ ਕਾਲ। ਦਿਨੰ ਆਠ ਮੈ ਸੈਨ[5] ਨਾਰੀ ਬਿਸਾਲੰ।
ਇਕੰ ਬਾਰ ਭੋਜੰ ਨਵੀਨੰ ਪਟਾਹੀ[6] ਦਿਨੰ ਆਠਵੈ ਨੀਤ ਕੇਸੰ ਸੁਚਾਹੀ ॥ [੪੨॥]
ਜੂਆ ਵੇਸਵਾ ਕਾਮਨਾ ਲੋਭ ਤਜਾਗੈ। ਮਲੇਛਾਨ ਰੂਪੰ ਤਜੇ ਸੂਖ ਪਾਗੈ।
ਗੁਰੂ ਮੰਤ੍ਰ ਹੀਨੰ ਤਜੋ ਤਾਹਿ ਸੰਗੰ। ਕਹੈ ਗ੍ਰੰਥ ਜੀ ਬੈਨ ਐਸੇ ਅਭੰਗੰ ॥ [੪੩॥]
"ਗੁਰ ਮੰਤ੍ਰ ਹੀਣਸਟ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ" ॥
[੩੩ ॥ ਸਲੋਕ ਸਹਸਕ੍ਰਿਤੀ ਮਹਲਾ ੫]
ਦਿਜੈ ਦਾਨ ਭੂਖੈ, ਲਹੋ ਜਾਇ ਪਜਾਰੇ। ਦਿਵਾਨੰ ਲਗਾਵੈ, ਸੁਨੇ ਸਬਦ ਸਾਰੇ।
ਗੁਰੂ ਗ੍ਰੰਥ ਜਾਨੋ ਸਦਾ ਅੰਗ ਸੰਗੰ। ਸੁਨੋ ਗਾਥ ਪੂਰਾਨ ਕੀ ਚੀਤ ਰੰਗੰ ॥ [੪੪॥]
ਜਹਾਂ ਧਰਮਸਾਲਾ[7] ਤਹਾਂ ਨੀਤ ਜੈਯੈ। ਗੁਰੂ ਦਰਸ ਕੀਜੈ ਮਹਾਂ ਸੂਖ ਪੈਯੈ।
ਜਪੋ ਵਾਹਗੁਰੂ ਜਾਪ ਚੀਤੰ ਸਦਾ ਹੀ। ਸਦਾ ਨਾਮ ਲੀਜੈ ਗੁਰੂ ਗੀਤ ਗਾਹੀ ॥ [੪੫॥]
ਬਿਨਾ ਵਾਹਗੁਰੂ ਨਾਹ ਮੁਖ ਭੋਜ ਧਾਰੈ। ਧਰਾ ਚੰਡਿਕਾ ਗੋਦ ਮੈ ਤੇਹ ਪਜਾਰੇ।
ਸਦਾ ਦੇਗ ਤੇਗੰ ਤੁਮੈ ਜੀਤ ਹੋਈ। ਸਫਾ ਮਾਰ ਯਮਨੀ[8] ਕਰੋ ਦੂਰ ਸੋਈ ॥੧੨॥ [੪੬॥]

**ਸਵੈਯਾ।** ਬਾਜ ਉਡਾਇ ਸਦਾ ਕਰ ਰਾਜ, ਨਹੀ ਮਨ ਚੰਚਲ ਝੂਠ ਲਖਾਹੀ।
ਯਾ ਬਿਧਿ ਰਹਿਤ ਕਰੀ ਅਗਨੀ[9] ਗੁਰ ਬੈਨ ਧਰੈ ਸਦ ਸੂਖ ਸੋ ਪਾਈ।
ਸਿਖ ਸੋ ਭ੍ਰਾਤ ਸਮਾ[10] ਲਖੀਏ ਮਨ, ਆਪ ਤੇ ਬ੍ਰਿਧ ਕੀ ਪੂਜ ਕਰਾਹੀ।

---

1. ਮਾਰ ਕੇ। 2. ਹਮੇਸ਼ਾ, ਸਦੈਵ। 3. ਰਹਤਨਾਮਿਆਂ ਦੇ ਅਨੁਸਾਰ ਸਿੱਖਾਂ ਲਈ ਇਹ ਪੰਜ ਰਹਤਾਂ ਜ਼ਰੂਰੀ ਹਨ : (੧) ਸ਼ਸਤਾਂ ਨਾਲ ਪ੍ਰੇਮ (੨) ਗੁਰਬਾਣੀ ਦਾ ਨੇਮ ਸਹਿਤ ਪਾਠ (੩) ਕਛਹਰਾ, ਪਾਉਣਾ (੪) ਕੇਸਾਂ ਦੀ ਰਹਤ, ਅਤੇ (੫) ਕ੍ਰਿਪਾਨ ਧਾਰਨ ਕਰਨੀ। 4. ਤੁਰਕ, ਮੁਗ਼ਲ। 5. ਸੇਜਾ। 6. ਨਵੇਂ (ਉੱਜਲ) ਕਪੜੇ। 7. ਧਰਮ ਦੀ ਸ਼ਾਲਾ, ਗੁਰਦੁਆਰਾ। 8. ਯਵਨਾਂ (ਮਲੇਛਾਂ, ਤੁਰਕਾਂ, ਭਾਵ—ਮੁਗ਼ਲਾਂ) ਦੀ। 9. ਅਗ੍ਰਣੀ, ਪ੍ਰਮੁੱਖ, ਪ੍ਰਧਾਨ। 10. ਇਕ ਸਮਾਨ, ਬਰਾਬਰ।

ਆਪ ਸਮਾ ਕਰੀਏ ਹਿਤ ਕਾਰਨ, ਨੀਵ ਲਖੇ ਕਾਰੁਨੰ ਮਯ[1] ਆਹੀ।
ਤੁਰਕ ਮਲੇਛ ਕੁਸੰਗੀ ਉਪੇਖਜ[2] ਸੁ, ਯਾ ਬਿਧਿ ਬਾਤ ਕਹੀ ਗੁਰ ਚਾਹੀ ॥੧੩॥ [੪੭॥]
ਸੁਭ ਗਾਵਤ ਕੀਰਤਿ ਸ੍ਰੀ ਗੁਰ ਕੀ, ਪਦਵੀ ਅਸ[3] ਦੀ ਗੁਰ ਪੰਥ ਸੁਧਾਰੀ।
ਚਾਰ ਪਦਾਰਥ ਮੋਖ ਦਈ ਪੁਨਿ, ਸੰਗਤਿ ਮਾਹਿ ਨਿਵਾਸਹਿ ਧਾਰੀ।
ਚਾਰ ਪਦਾਰਥ ਦੇਤ ਨ ਬਾਰ[4], ਕੋਈ ਲਹਤੇ ਇਕ ਜਤਨ ਪ੍ਰਕਾਰੀ।
ਕੋਟਿ ਹੀ ਜਤਨ ਸੋ ਖੋਸ ਲਈ ਬਲ, ਸੋ ਬਲ ਤੇ ਦਈ ਸ਼ਕ੍ਰਹਿ[5] ਭਾਰੀ ॥੧੪॥ [੪੮॥]
ਭੋਜ ਦਿਲੀਪ ਮਹਾਬਲ[6] ਤੇ ਅਰੁ ਰਾਵਨ ਆਦਿ ਮਹਾਂ ਦੁਖ ਪਾਈ।
ਪੰਡਿਜ[7] ਸੋ ਲੈ ਦੀਨ ਜੁਈ ਹਰਿ[8], ਸੋ ਗੁਰ ਯਾਹਿ ਦਈ ਕਰੁਨਾਈ।
ਔਰ ਅਨੇਕ ਨ੍ਰਿਪੋਤੱਮ ਜੋ, ਰੁਚਿ ਰਾਖਤ ਭੇ ਨਿਤ ਹੀ ਅਧਿਕਾਈ।
ਸ੍ਰੀ ਗੁਰ ਦਜਾਲ ਦਈ ਧਰ ਸੋ ਬਡ, ਜਤਨ ਪਿਕੰਬਰ ਲੀ ਸਿਵਤਾਈ[9] ॥੧੫॥ [੪੯॥]

ਚੌਪਈ। ਤੀਨ ਲੋਕ ਜੋ ਰਾਜ ਦਿਵਾਯੋ। ਮੋਖ ਬੈਨ ਕਰ ਸਿਰ ਤਲ ਨ੍ਯਾਯੋ।
ਯਾ ਤੇ ਮੋਹ ਅਲਪ ਕਛੁ ਦੀਨਾ। ਭੋਗ ਮੋਖ ਦੇ ਰੰਚਕ ਚੀਨਾ ॥ [੫੦॥]
ਸੁਰਗ ਬੈਕੁੰਠ ਜਾਹਿ ਪਦ ਮਾਹੀ। ਸੁਰ ਨਰ ਮੁਨਿ ਜਨ ਧੂਰ ਵਛਾਹੀ।
ਸਰਬ ਸਕਤਿ ਨਿਜ ਕੀ ਮੈ ਦੀਨੀ। ਤੁਮ ਥੀ ਭੇਟ ਸੀਸ ਮੋ ਕੀਨੀ ॥ [੫੧॥]
ਜਬ ਦੇਵੀ ਕੇ ਪਰਗਟ ਬਾਰੀ। ਬਿਪ੍ਰ ਚਲਾਇ ਸਿੱਖਨ ਸਿਸ ਵਾਰੀ।
ਤਾ ਕਰ ਸਰਬਸ ਸਿੱਖਨ ਦੀਨਾ। ਚਾਰ ਪਦਾਰਥ ਕੋ ਭਨ ਬੀਨਾ ॥ [੫੨॥]
ਉਤਰ ਸਿੰਘਾਸਨ ਜੁਗ ਕਰ ਜੋਰੀ। ਅੰਮ੍ਰਿਤ ਲੇਤ ਆਪ ਸੁਖ ਗੋਰੀ।
ਸ੍ਰੀ ਆਨਨ[10] ਤੇ ਬੈਨ ਉਚਾਰੇ। "ਸੁਨੋ, ਖਾਲਸਾ ਜੂ ! ਮਨ ਧਾਰੇ ॥ [੫੩॥]
ਤੁਮ ਹੋ ਮੋ ਕੋ ਪਰਮ ਪਿਆਰੇ। ਜਬ ਮੈ ਸੀਸ ਮੰਗੇ ਥੇ ਥਾਰੇ[11]।
ਤੁਮਰੇ ਸਾਥ ਪੂਰਬ ਕੀ ਬਾਨੀ। ਸੋ ਮੈ ਢੂੰਡਤ ਭਜੇ ਛਲ ਠਾਨੀ ॥ [੫੪॥]
ਤਬ ਹੰਕ੍ਰਿਤ[12] ਮਨ ਬਿਪਨ ਕੀਨਾ। ਧਰ ਕੋ ਰਾਜ ਹਮੈ ਗੁਰ ਦੀਨਾ।
ਹਮ ਸਮ ਕੋ ਜਗ ਮਹਿ ਨਹਿ ਰਾਜਾ। ਬਾਹਜਾ[13] ਰਜਪੂਤਨ ਏ ਸਾਜਾ ॥ [੫੫॥]
ਬੈਸ ਸੂਦ੍ਰ ਏ ਜਾਟ ਅਪਾਰਾ। ਤਾਕੋ ਪੰਥ ਮਾਹ ਮੈ ਧਾਰਾ।
ਸਭ ਜਗ ਰਾਜ ਤੋਹਿ ਕੋ ਦੀਨਾ। ਪੁਨਿ ਬਿਧਿ ਸੋ ਤੁਮ ਕੋ ਗੁਰ ਕੀਨਾ ॥ [੫੬॥]
ਜਾ ਵਿਧਿ ਅੰਮ੍ਰਿਤ ਤੁਮ ਗੁਰ ਪਾਯੋ। ਤੈਸੇ ਮੋਹਿ ਮਿਲਾਯੋ ਭਾਯੋ।
ਓਤ ਪੋਤ ਗੁਰ ਸਿਖ ਜਗ ਜਾਨੋ। ਜੈਸ ਨੇਮ ਗੁਰ ਸੰਗ ਸੋ ਮਾਨੋ ॥ [੫੭॥]
ਸਿਖ ਗੁਰ ਕੋ ਤਨ ਸੀਸ ਮਿਲਾਯੋ। ਓਤ ਪੋਤ[14] ਗੁਰ ਸਿਖ ਯਾ ਭਾਯੋ।"
ਸੁਨ ਏ ਬੈਨ ਸਿੱਖ ਤਬ ਬੋਲੈ। ਸੁੰਦਰ ਪੂਰਨ ਬੈਨ ਅਮੋਲੈ ॥੧੬॥ [੫੮॥]

---

1. ਕਰੁਨਾਮਯ, ਕ੍ਰਿਪਾ ਭਾਵ ਰਖਣ ਵਾਲਾ, ਕ੍ਰਿਪਾਲੂ। ਏਥੇ 'ਬਰਨੰ ਮਯ' ਪਾਠ ਵੀ ਹੈ (ਦੇਖੋ ਖ਼ਾਲਸਾ ਕਾਲਿਜ, ਅੰਮ੍ਰਿਤਸਰ, ਨੰ. ੬੦੫)। 2. ਤਿਆਗ ਕੇ, ਛੱਡ ਕੇ। 3. ਇਸੇ ਪ੍ਰਕਾਰ, ਅਜੇਹੀ। 4. ਦੇਰ, ਢਿੱਲ। 5. ਸ਼ਕ੍ਰ, ਦੇਵਤਿਆਂ ਦਾ ਰਾਜਾ ਇੰਦ੍ਰ। 6. ਵੱਡੀ ਤਾਕਤ ਵਾਲੇ। ਏਥੇ 'ਮਹਾਨਲ' ਪਾਠ ਵੀ ਹੈ (ਖ਼ਾ. ਕਾ. ਅ. ੬੦੫ ਅਤੇ ਮੋ. ਬਾ. ੭੧)। 7. ਰਾਜਾ ਪਾਂਡੂ ਦੇ ਪੁਤ੍ਰ ਯੁਧਿਸ਼ਟ੍ਰ, ਭੀਮ, ਅਰਜੁਨ ਆਦਿ। 8. ਸ੍ਰੀ ਕ੍ਰਿਸ਼ਨ ਜੀ ਨੇ। 9. ਸ਼ਿਵ (ਕਲਿਆਣ ਰੂਪ) ਪਦਵੀ। 10. ਸ੍ਰੀ ਮੁਖ। 11. ਤੁਮਰੇ, ਤੁਹਾਡੇ। 12. ਹੰਕਾਰ। 13. ਬਾਹੂ (ਬਾਹਾਂ) ਤੋਂ ਪੈਦਾ ਹੋਏ ਕ੍ਸ਼ਤ੍ਰੀ। 14. ਓਤਪ੍ਰੋਤ, ਤਾਣਾ-ਪੇਟਾ (ਪਰਸਪਰ ਮਿਲਿਆ ਹੋਇਆ)।

**ਗੀਆ ਛੰਦ।** "ਆਦਿ ਅਚੁੱਤ ਅਲਖ ਸ੍ਵਾਮੀ, ਤੀਨ ਲੋਕ ਤੁਮੈ ਧਰੈ।
ਰਾਜ ਰਾਜਨ, ਈਸ ਈਸਨ[1] ਸਕ੍ਰ ਸੂਰਜ ਵਪੁ ਧਰੈ।
ਤੁਮ ਚਰਨ ਤੇ ਹਮ ਰਾਜ ਪਾਯੋ, ਜਾਤ ਨੀਚ ਨਹੀ ਧਰੀ" ॥ [੫੯॥]
ਕਸ ਤੋਹ ਕੋ ਸਿਖ ਧਾਰੀਐ, ਅਤਿ ਹੋਤ ਬਿਸਮ ਅਨੰਤਨੰ।
ਸੁਨ ਕਹੈ ਸ੍ਰੀ ਮੁਖ ਐਸ ਕੈ, "ਤੁਮ ਸੁਨੋ ਗਾਥ ਬਿਅੰਤਨੰ।
ਰਾਮ ਕ੍ਰਿਸਨ ਹਰੀ ਸਭੈ ਅਰੁ ਗੁਰ ਧਰਾ ਤਿਨ ਪ੍ਰੇਮ ਸੇ।
ਪੁਨਿ ਅਗਨ ਅਲਖ ਅਪਾਰ, ਜੋ ਧਰ ਦੇਹ ਆਵਤ ਨੇਮ ਸੋ ॥ [੬੦॥]
ਧਰ ਭਾਰ ਸਾਰ ਨਿਵਾਰਹੀ, ਤਿਨ ਗੁਰ ਧਰਾ ਸੰਸਾ ਨਹੀ।
ਸਿਖ ਹੋਨ ਕਠਿਨ ਪਛਾਨੀਐ, ਗੁਰ ਰੂਪ ਸਿਖ ਸੰਸਾ ਨਹੀ।
ਸ੍ਰੀ ਕਾਲ ਪੁਰਖ ਨਿਦੇਸ[2] ਧਰ, ਆਯੋ ਅਮੈ ਤੁਰਕਨ ਹਰੈ।
ਧਰ ਦੁਖੀ ਲਖ ਤਾ ਭੇਜਿਓ, ਤਿਨ ਵਾਕ ਮੈ ਸਿਰ ਤੇ ਧਰੈ ॥ [੬੧॥]
ਤੁਮ ਤਜੋ ਸੰਸਾ ਆਦਿ ਹੀ, ਇਹ ਬਾਤ ਕਰਨੀ ਹੈ ਸਦਾ।
ਇਹ ਪੰਥ ਹੋ ਤੇ ਆਇ ਹੈ ਯਾ ਭਾਂਤਿ ਹੀ ਧਾਰੋ ਮੁਦਾ।"
ਯੋ ਬੈਨ ਸੁਨ ਬਿਪ ਜਰਤ ਭੇ, ਤਿਨ ਕੀ ਸੁਧਾ[3] ਸੁ ਤਿਯਾਰਨੰ।
ਗੁਰ ਖਰੇ[4] ਤਾ ਕੇ ਅਗ੍ਰ ਹੀ, ਜਿਹ ਜਪਤ ਬਿਧਿ ਸੁਰ ਸਾਰਨੰ ॥੧੭॥ [੬੨॥]

**ਸਵੈਯਾ।** ਕਿੰਨਰ ਯੱਖ ਭੁਜੰਗ[5] ਧਰਾਧਰ[6], ਚਾਹਤ ਹੈਂ ਸੁਰ ਦੇਵ ਅਪਾਰੀ।
ਧੇਨ ਸਸੀ ਮਨਿ ਪਾਰਸ ਜੋ ਸੁਰ ਜਾਨ ਤਰੰ ਰਿਧਿ ਸਿਧਿ ਪ੍ਰਕਾਰੀ।
ਕੋਟਿ ਹੀ ਅੰਡ ਬ੍ਰਹਮੰਡ ਜਿਸੈ ਚਖ, ਹੋਵਤ ਨਾਸ ਸ੍ਰਿਜਾ[7] ਪੁਨਿ ਧਾਰੀ।
ਸੋ ਗੁਰ ਪੂਰਨ ਅੰਮ੍ਰਿਤ ਮਾਂਗਤ, ਦੀਨ ਦਯਾਨਿਧਿ ਜੋ ਅਵਤਾਰੀ ॥੧੮॥ [੬੩॥]
ਸਭ ਤਜਾਗ ਜਨੇਵਨ ਤੋੜ ਦਏ, ਤਸ ਭਾਤ ਪੀਏ ਸੁਖ ਸੇ ਰਸ ਕਾਰੀ।
ਵੈਸ ਹੀ ਰਹਤ ਸੁ ਸਿੱਖ ਬਤਾਵਤ, ਵਾਸੀ ਗੁਰੂ ਪਟਨਾ ਪੁਰ ਸਾਰੀ।
ਨਾਮ ਕਹਜੋ ਗੁਰ ਗੋਬਿੰਦ ਸਿੰਘ, ਸ੍ਰੀ ਦਾਸ ਅਕਾਲ ਕੋ ਹੈ ਰਸ ਕਾਰੀ।
ਪੰਚਨ ਮੇਲ[8] ਤਜੋ ਗਹਨੰ ਦਿਖ ਚੋਕ ਰਹੀ ਦਿਜ ਜਾਤ ਅਪਾਰੀ ॥੧੯॥ [੬੪॥]
ਰਹਤ ਗੁਰੰ ਅਸ ਭਾਖਤ ਭੇ, ਸਿਖ ਸੰਗ "ਰਹੋ ਅਸਿਪਾਨ ਸ ਧਾਰੀ।
ਜੋ ਕਹੂੰ ਭੀੜ ਪੜੇ ਗੁਰ ਸਿਖ ਕੋ, ਤਹਿ ਹੋਹੁ ਸਹਾਇ ਜਿਨੈ ਮਨਸਾਰੀ"।
ਨਾਮ 'ਰੁ ਦਾਨ ਦਿਜੈ ਨਿਜ ਸਿੱਖਨ, ਕੈ ਅਰਦਾਸ ਕੜਾਹ ਅਪਾਰੀ।
ਸੰਗਤ ਆਨ ਇਕਤ੍ਰ ਭਈ ਤਵ, ਨਾਗ[9] ਵਿਸਾਖਿ ਕੋ ਪ੍ਰਥਮ ਪ੍ਰਕਾਰੀ ॥੨੦॥ [੬੫॥]
ਦਿੱਜਨ ਆਪ ਬੁਲਾਵਤ ਭੇ ਗੁਰ, ਨਾਹਿ ਅਏ ਲਖ ਕੋਟ ਅਪਾਰੀ।
ਨਿੰਦ ਕਰੈਂ ਅਸ ਭਾਂਤਿ ਕਹੈਂ, "ਹਮ ਤੇ ਬਿਨ ਬਜਾਹਨ ਕਾਜ ਸੁਧਾਰੀ।

---

1. ਈਸ਼ੁਰਾਂ ਦਾ ਈਸ਼ੁਰ। 2. ਆਦੇਸ਼। 3. ਅੰਮ੍ਰਿਤ। 4. ਖੜੇ। 5. ਨਾਗ, ਸੱਪ। 6. ਪਹਾੜ, ਬ੍ਰਿਛ ਆਦਿ ਜਿਨ੍ਹਾਂ ਨੂੰ ਧਰਾ (ਧਰਤੀ) ਨੇ ਧਾਰਣ ਕੀਤਾ ਹੈ। 7. ਸਿਰਜੀ ਹੋਈ ਸ੍ਰਿਸ਼ਟੀ। 8. ਰਹਤਨਾਮਿਆਂ ਦੇ ਅਨੁਸਾਰ ਮੀਣੇ, ਮਸੰਦ, ਧੀਰ ਮੱਲੀਏ, ਰਾਮਰਈਏ ਤੇ ਸਿਰਗੁੰਮ (ਜੋ ਸਿੱਖ ਹੋ ਕੇ ਮੋਨੇ ਹੋ ਗਏ ਹੋਣ) ਅਰਥਾਤ ਇਨ੍ਹਾਂ ਪੰਜਾਂ ਦਾ ਮੇਲ ਸਿੱਖਾਂ ਲਈ ਵਰਜਿਤ ਹੈ। 9. ਇਕ, ਪਹਲੀ (੧ ਵੈਸਾਖ)।

ਕੇਸ ਪ੍ਰਸਾਦਿ ਵਰਤਾਵਹਿਗੇ, ਹਮਰੇ ਬਿਨ ਆਪਨ ਵੈ ਅਸਿ[1] ਧਾਰੀ।
ਹਮ ਕੋ ਚਹੀਏ ਪਟ[2] ਭੂਖਨ ਦੇਵਨ, ਆਦਰ ਜੋ ਪਦ ਬਿੱਪ੍ਰ ਭਾਰੀ" ॥੨੧॥ [੬੬॥]
ਜੋ ਦਿਜ ਤਾਹਿ ਸਿਰੋਮਣ ਥੇ, ਮਨ ਚੌਕ ਰਹਜੋ ਦਿਜ ਕੀ ਪ੍ਰਭੁਤਾਈ।
ਸਿਖਨ ਦੀਨ ਪ੍ਰਭੂ ਕਿਹ ਕਾਰਨ, ਸੋਭ ਲਹੈ ਨਹਿ ਪੰਥ ਬਨਾਈ।
ਆਵਤ ਨਾਹਿ ਬੁਲਾਇ ਰਹੇ, ਤਿਨ ਐਸ ਕਹਜੋ, "ਛਕੋ ਅੰਮ੍ਰਿਤ ਭਾਈ।
ਪੋਤ[3] ਨਵੈ ਪਰ ਆਨ ਚੜ੍ਹੋ", ਸੁਨ ਬਿਪ੍ਰ ਸਭੈ ਮਨ ਕੋਪ[4] ਬਢਾਈ ॥੨੨॥ [੬੭॥]

ਦੋਹਰਾ। ਮਧ ਮਾਸ[5] ਜੋ ਤਾਹ ਮੈ, ਥਿਤ ਅਸਟਮੀ ਜਾਨ।
ਪ੍ਰਤਖ ਦੇਵੀ ਕਾ ਭਯੋ, ਪੂਜਸ ਪੂੰਨਮ ਮਾਨ ॥੨੩॥ [੬੮॥]

ਚੌਪਈ। ਬਿੱਪ੍ਰਨ ਕੇ ਜੋ ਘਰ ਸਮੁਦਾਈ[6]। ਤਾਕੋ ਪੂਜਤ ਭੇ ਜਗ ਰਾਈ[7]।
ਸਤ[8] ਏਕ ਅਠ[9] ਊਪਰ ਜਾਨਾ। ਹੁਕਮਿ ਨਾਮ ਦਿੱਜਨ ਸੁਖ ਠਾਨਾ ॥ [੬੯॥]
ਮੁਖੀ ਬਿਪ੍ਰ ਤਹ ਰਖੇ ਅਪਾਰਾ। ਦਸਮੀ ਬਿਜੈ[10] ਪੂਜ ਸੁਖ ਢਾਰਾ।
ਕੁਆਰ ਮਾਸ[11] ਕੇ ਪੂਜ ਨੁਰਾਤੇ। ਭਈ ਪ੍ਰਸੰਨ ਦੇਵੀ ਏ ਨਾਤੇ ॥ [੭੦॥]
ਪੂਛ ਸੁ ਪੰਡਿਤ ਤੇ ਜਗ ਰਾਈ। ਆਵਤ ਬੀਚ ਅਨੰਦਪੁਰ ਧਾਈ।
ਕਾਤਕ ਬੀਚ ਮਸੰਦ ਸੁ ਮਾਰੇ। ਫਾਗਨ ਬੀਚ ਸਿੱਖ ਸਭ ਤਾਰੇ ॥ [੭੧॥]
ਪਾਹੁਲ ਦੀ ਗੁਰ ਅਸਿ ਕੋ ਧਾਰੀ। ਦਰਸ ਵਿਸਾਖੀ ਸੰਗਤਿ ਸਾਰੀ।
ਵੈਸਾਖੀ ਕੋ ਸੰਗਮ ਭਾਰਾ। ਮੁਖੀ ਬਿਪਨ ਕੋ ਦੀਨ ਭੰਡਾਰਾ ॥ [੭੨॥]
ਦੀਨ ਵਡਾਈ ਪੰਡਿਤ ਮਾਨੋ। ਪਹਲੇ ਪਹੁਲ ਸਿਘਨ ਕੀ ਠਾਨੋ।
ਯੱਗ ਮਾਹਿ ਏਹ ਟਹਲ ਕਰਾਈ। ਪੁਨਿ ਬਿਪ੍ਰਨ ਕੇ ਮਤ ਸਰ[12] ਆਈ ॥ [੭੩॥]
ਏ ਸੁਨ ਬਿਪ੍ਰ ਮੂਲ ਨਹੀ ਆਏ। ਹੰਕ੍ਰਿਤ ਕਰੀ ਵਿਘਨ ਜਗ ਪਾਏ।
ਤਾ ਮੈ ਬਠਾ ਬਿਪ੍ਰ ਪ੍ਰਧਾਨਾ। ਤਾ ਕੋ ਫੋੜ ਕੀਓ ਸੁਖ ਮਾਨਾ ॥ [੭੪॥]
ਜਾ ਨੇ ਦੇਵੀ ਦਰਸ ਦਿਖਾਵਾ। ਸੋ ਪੰਡਿਤ ਹੰਕ੍ਰਿਤ ਨਹੀ ਆਵਾ।
ਤਾ ਕੋ ਪੰਛੀ ਦੀਨ ਸੋ ਸ੍ਰਾਪਾ। ਕਾਸਮੀਰ ਪੰਡਿਤ ਸਿੰਘ ਥਾਪਾ ॥ [੭੫॥]
ਪ੍ਰਾਕ੍ਰਿਤੀ ਨਾਮ ਪੁਰਾਣ ਜੋ ਕਹੀਐ। ਤਾ ਕੋ ਮਤਿ ਜੋ ਸਾਰ ਬਤੈਐ।
ਸੋ ਸਭ ਮਤਿ ਅਨੁਸਾਰ ਸੋ ਭਏ। ਬੱਠਾ ਬਿਪ੍ਰ ਸਾਥ ਨਿਜ ਕਯੇ ॥ [੭੬॥]
ਬੱਠੇ ਊਪਰ ਖੁਸੀ ਸੁ ਕੀਨੀ। ਤਾਕੀ ਸਭਾ ਖਵਾਇਸੁ[13] ਦੀਨੀ।
ਪਾਂਚ ਸਿੰਘ ਕੋ ਟਹਲ ਬਤਾਈ। ਖੁਸੀ ਲਵੇ ਸੰਗਤ ਕੀ ਭਾਈ ॥ [੭੭॥]
ਦਯਾ ਸਿਘ ਪਰੋਸਨ ਲਾਗਾ। ਧਰਮ ਸਿੰਘ ਕਰੀ ਅਤਿ ਅਨੁਰਾਗਾ।
ਹਿੰਮਤ ਸਿੰਘ ਜਲ ਲੈਨ ਸਿਧਾਏ। ਸਾਹਿਬ ਸਿੰਘ ਪੂਜ ਬਿਪ ਪਾਏ ॥ [੭੮॥]

---

1. ਖੜਗ, ਕ੍ਰਿਪਾਨ, ਤਲਵਾਰ। 2. ਵਸਤ੍ਰ। 3. ਜਹਾਜ। 4. ਕ੍ਰੋਧ। 5. ਮਧੁ (ਚੇਤ) ਦਾ ਮਾਸ (ਮਹੀਨਾ)। 6. ਸਮੁਦਾਇ ਅਰਥਾਤ-ਸ਼ਾਰੇ। 7. ਜਗਤ ਦੇ ਰਾਜੇ ਸ੍ਰੀ ਦਸ਼ਮੇਸ਼ ਜੀ। 8. ਸ਼ਤ (ਸੌ)। 9. ਸ੍ਰੀ ਦਸ਼ਮੇਸ਼ ਵਲੋਂ ਬਾਬੇ ਬੱਠੇ ਨੂੰ ਇਕ ਸੌ ਅੱਠ (੧੦੮) ਹੁਕਮਨਾਮੇ ਪ੍ਰਦਾਨ ਕਰਨ ਦਾ ਜ਼ਿਕਰ ਇਕ ਹੁਕਮਨਾਮੇ ਵਿਚ ਵੀ ਆਉਂਦਾ ਹੈ। ਇਨ੍ਹਾਂ ੧੦੮ ਹੁਕਮਨਾਮਿਆਂ ਵਿਚੋਂ ੪ ਤਾਂਬੇ ਉੱਤੇ, ੧ ਰੁਪੈ (ਚਾਂਦੀ) ਉੱਤੇ ੧ ਸੋਨੇ ਉੱਤੇ, ੧ ਲੋਹੇ ਉੱਤੇ ਉਕਰੇ ਅਤੇ ੧੦੧ ਕਾਗਜ਼ ਉਪਰ ਲਿਖੇ ਹੋਏ ਸਨ। 10. ਮਹੀਨਾ ਅੱਸੂ ਦੀ ਵਿਜਯ ਦਸਵੀਂ। 11. ਅੱਸੂ ਦਾ ਮਹੀਨਾ। 12. ਈਰਖਾ। 13. ਖ਼ਾਸ ਨੌਕਰ (ਸੇਵਾਦਾਰ)।

ਮੁਹਕਮ ਸਿੰਘ ਜੋ ਅਪਰ ਅਪਾਰਾ। ਦੇਹਿ ਵਰਤਾਇ ਭਾਇ ਅਸ ਧਾਰਾ।
ਬਾਬਾ ਬੱਠਾ ਸ਼ਬਦ ਅਲਾਇ। ਸੰਗਤ ਕੋ ਦੀਅਸ[1] ਵਰਤਾਇ ॥ [੭੯॥]
ਕਸਮੀਰੀ ਸਿੰਘ ਬਨੇ ਅਨੂਪਾ। ਜਾਤਿ ਬਿੱਪ੍ਰ ਕੀ ਜਾਨੋ ਰੂਪਾ।
ਕ੍ਰਿਪਾ ਸਿੰਘ ਇਕ ਕਹੀਅਤ ਸੋਈ। ਰਾਮ ਸਿੰਘ ਅਤਿ ਹੀ ਮਤਿ ਜੋਈ ॥ [੮੦॥]
ਗੁਰ ਮੁਖ ਸਿੰਘ ਤ੍ਰਿਤੀ ਅਨੁਰਾਗਾ[2]। ਸਨਮੁਖ ਸਿੰਘ ਚੋਥੇ ਬਡ ਭਾਗਾ।
ਸ੍ਰੀ ਗੁਰ ਕ੍ਰਿਪਾ ਆਪ ਜਬ ਧਾਰੀ। ਦਯਾ ਸਿੰਘ ਪੰਚਮ ਸੁਖਕਾਰੀ ॥ [੮੧॥]
ਪੰਚ ਬਿਪ੍ਰ ਸਿੰਘ ਬਨੇ ਅਨੂਪਾ। ਸਾਂਗੋ ਪਾਂਗ[3] ਸੁ ਸਤ ਸਰੂਪਾ।
ਬਾਬਾ ਬੱਠਾ ਜਾਤਿ ਕੋ ਭਾਈ। ਬਨਜੋ ਸਿੰਘ ਅਦਭੁਤ ਸੋ ਆਈ ॥ [੮੨॥]
ਤੀਨ ਸਿੰਘ ਭਏ ਭਾਟੀਏ ਜਾਨੋ। ਪਾਂਚ ਖਤ੍ਰੀ ਸਿੰਘ ਪਛਾਨੋ।
ਚਤੁਰ[4] ਸਿੰਘ ਅਰੋੜੇ ਭਾਈ। ਤੀਨ ਲਬਾਨੇ ਬਨੇ ਸੁਖਦਾਈ ॥ [੮੩॥]
ਜਾਤਿ ਝੀਵਰੰ ਕੀ ਸੁਖਕਾਰਾ। ਜੁਗਲ[5] ਸੁ ਭਏ ਤਾਹਿ ਹੰਕਾਰਾ।
ਏਕ ਬਚਿਤ੍ਰ ਸਿੰਘ ਜਗ ਨਾਮ। ਉਦੇ ਸਿੰਘ ਦੁਤੀ ਅਤਿ ਅਭਿਰਾਮ[6] ॥ [੮੪॥]
ਇਕ ਬਿਰਾਦਰ[7] ਔਰ ਬਿਚਾਰਾ। ਇਨ ਕੀ ਕਠਿਨ ਰਹਿਤ ਤਪ ਸਾਰਾ।
ਪੰਞੀ ਮੁਕਤੇ ਭਏ ਅਨੂਪਾ। ਨਾ ਅਤ ਬਜਾਹੇ, ਰੋਮ ਨ ਲੂਕਾ ॥ [੮੫॥]
ਆਪਨ ਹਾਥ ਮੈ ਆਪ ਹੀ ਖਾਨਾ। ਬੀਚ ਬੈਰਾਗ ਰਹੈ ਅਵਿਸਾਨਾ[8]।
ਖਾਸ ਪਲੰਘ ਕੀ ਚੌਕੀ ਮਾਹੀ। ਕਾਮ ਦਾਮ ਕੀ ਵਾਸਨ ਨਾਹੀ।
ਐਸੇ ਕਠਿਨ ਜੀਅ ਤਪੁ ਧਾਰੀ। ਮੁਕਤੇ ਜੀਵ ਜਗਤ ਮੈ ਭਾਰੀ[9] ॥੨੪॥ [੮੬॥]

**ਦੋਹਰਾ।** ਸਤ੍ਰਹਿ ਸੈ ਛਿਤਾਲੀਏ, ਕਾਤਕ ਦਸਮੀ ਮਾਨ।
ਬੱਠੇ ਕੋ ਅਸ ਦੀ ਵਿਦਾ, ਸਤਿਗੁਰ ਪੁਰਖ ਸੁਜਾਨ ॥੨੫॥ [੮੭॥]

**ਚੌਪਈ।** ਸੁਨਤ ਕਥਾ ਸਿਖ ਮੁਦਿਤ ਅਲਾਈ[10]। ਜੁਗਲ ਸਿੰਘ ਤਬ ਇਹ ਬਿਧਿ ਗਾਈ।
ਰੂਠ ਰਹੈ ਜੋ ਬਿਪ ਅਨਕਾਮਾ[11]। ਤਾਕੋ ਸਮਾਚਾਰ ਨਹਿ ਜਾਨਾ ॥ [੮੮॥]
ਤਬ ਹੀ ਭਨਤ[12] ਮਨੀ ਸਿੰਘ ਬਾਨੀ। ਮਿਸ੍ਰਨ ਕੀ ਅਬ ਸੁਨੋ ਕਹਾਨੀ।
ਜਬ ਹੀ ਰੂਠ ਰਹੇ, ਨਹੀ ਆਏ। ਬਠੇ ਦੀਨ ਸੁ ਆਪ ਬਿਠਾਏ ॥ [੮੯॥]
ਬੱਠੇ ਪਰ ਭਈ ਖੁਸੀ ਅਪਾਰਾ। ਬਾਬਾ ਬੱਠਾ ਨਾਮ ਉਚਾਰਾ।
ਹਮਰੋ ਦੀਨ ਪ੍ਰਸਾਦਿ ਵਰਤਾਈ। ਤੋੜ ਤਾੜ ਦਿਜ ਲਏ ਮਿਲਾਈ ॥ [੯੦॥]
ਤਿਨ ਕੋ ਕਥਾ ਸੁਨਾਇ ਅਪਾਰਾ। ਰਾਜ ਖਾਲਸਾ ਅਪਰ ਅਪਾਰਾ।
ਜੇ ਤੁਮ ਅਬ ਹੀ ਵਿਘਨ ਲਖਾਏ। ਪੰਥ ਬੀਚ ਆਦਰ ਨਹੀ ਪਾਏ ॥ [੯੧॥]
ਅਬ ਏ ਰਾਜ ਕਰੇਗੇ ਸੋਈ। ਲਿਖੀ ਪੁਰਾਣ ਪ੍ਰਾਕ੍ਰਿਤੀ ਹੋਈ।
ਲਿਖਿਆ ਸਾਚ, ਝੂਠ ਨਹੀ ਰਾਈ। ਪ੍ਰਗਟ ਪਤ੍ਰਿਕਾ ਤਾਹਿ ਬਚਾਈ[13] ॥ [੯੨॥]

---

1. ਉਸ ਨੇ ਦਿੱਤਾ। 2. ਪ੍ਰੇਮੀ। 3. ਸਹਿਤ ਅੰਗ ਅਤੇ ਉਪ-ਅੰਗਾਂ ਦੇ, ਅਰਥਾਤ ਸਮੁੱਚੇ ਰੂਪ ਵਿਚ। 4. ਚਾਰ। 5. ਦੋ। 6. ਮਨੋਹਰ, ਸੁੰਦਰ। 7. ਭਾਈ। 8. ਔਸਾਨ (ਹੋਸ਼) ਵਿਚ। 9. ਪਾਠਾਂਤਰ-ਮੁਕਤੇ ਜੀਵੈ ਜਗ ਮੈਂ ਭਾਰੀ (ਖ਼ਾ. ਕਾ. ਅ. ੬੦੫)। 10. ਏਥੇ 'ਮੁਦ ਅਤਿ ਲਾਈ' ਪਾਠ ਵੀ ਹੈ (ਖ਼ਾ. ਕਾ. ਅ. ੬੦੫)। 11. ਬਿਨਾ ਕੰਮ, ਨਿਕੰਮੇ, ਫ਼ਜ਼ੂਲ। 12. ਕਹਣ ਲਗੇ। 13. ਪੜ੍ਹਵਾਈ।

ਵੇਖ ਪੁਰਾਣ ਕੋ ਬਚ ਅਸ ਕਾਰਣ। ਪੰਡਿਤ ਕੀਨੋ ਕ੍ਰੋਧ ਨਿਵਾਰਣ।
ਬਾਬੇ ਕੇ ਕਪਾਟ ਖੁਲ੍ਹ ਗਏ। ਰਸਨਾ ਬੈਠ ਗੁਰੂ ਬਚ ਕਏ ॥ [੯੩॥]
ਤਾ ਕੋ ਆਗਮ ਸਭ ਨਜਰਾਵਾ[1]। ਹੋਇ ਖਾਲਸਾ ਰਾਜ ਸੁਹਾਵਾ।
ਤਾ ਕੋ ਬਚ ਮਾਨਤ ਜੋ ਭਏ। ਬੀਚ ਪ੍ਰਸਾਦਿ ਵਹੁ ਖਾਵਤ ਭਏ[2] ॥ [੯੪॥]
ਸਭ ਹੀ ਆਪ ਹੀ ਆਪ ਸੁ ਆਏ। ਦਖ ਨਾ ਕੋ ਗੁਰ ਲੋਭ ਦਿਖਾਏ।
ਏਕ ਬਿੱਪ ਨਹਿ ਤਾ ਮੈ ਆਵਾ। ਜਾ ਕੋ ਦੇਵੀ ਦਰਸ ਦਿਖਾਵਾ।
"ਮੋਨੇ ਦੇਵੀ ਪੂਜ[3] ਕਰਾਵਾ। ਮੋ ਕੋ ਗੁਰ ਅਬ ਨਾਹਿ ਬੁਲਾਵਾ" ॥੨੬॥ [੯੫॥]

**ਸਵੈਯਾ।** ਜੋ ਦਿਜ ਤਹਿ ਸਿਰੋਮਨਿ ਥੋ, ਮਨ ਚੋਕ ਰਹਜੋ ਦਿਜ ਕੀ ਪ੍ਰਭੁਤਾਈ।
ਸਿਖਨ ਦੀਨ ਗੁਰੂ ਕਿਹ ਕਾਰਨ, ਸੋਭ ਲਹੈ ਨਹਿ ਪੰਥ ਬਨਾਈ।
ਆਵਤ ਨਾਹਿ ਬੁਲਾਇ ਰਹੇ, ਤਿਨ ਐਸ ਕਹਜੋ, "ਛਕੋ ਅੰਮ੍ਰਿਤ ਭਾਈ।
ਪੋਤ ਨਵੈ ਪਰ ਆਨ ਚੜ੍ਹੋ", ਸੁਨ ਬਿਪ੍ਰ ਸਭੈ ਮਨ ਕੋਪ ਬਢਾਈ[4] ॥੨੭॥ [੯੬॥]
ਤਾਵਤ ਕਾਲ[5] ਭਏ ਸਿਖ ਕੇਤਕ[6], ਬਿਪ੍ਰ ਬੁਲਾਇ ਰਹੈ ਕਹਿ ਐਸੇ।
"ਰਾਜ 'ਰੁ ਭਾਗ ਗੁਰੂ ਪਦ ਦੇਵਤ, ਤਾਹਿ ਕਹਜੋ ਤੁਮਰੇ ਕਰ ਕੈਸੇ?
ਹਮਰੇ ਬਿਨ ਨਾ ਪ੍ਰਸਾਦਿ ਬਟੈ, ਤੁਮਰੇ ਕਰ ਕੋਸ ਅਹੈ ਬਿਧਿ ਤੈਸੇ?"
ਸਿਖ ਆਨ ਕਹੈ ਸਬ ਬਾਤ ਸੁਨੀ ਪੁਨਿ, ਸ੍ਰੀ ਗੁਰ ਬਾਕ ਕੀਓ ਤਬ ਐਸੇ ॥੨੮॥ [੯੭॥]
ਧਾਰ ਕੇ ਧਜਾਨ ਅਕਾਲ ਕੋ ਸ੍ਰੀ ਪ੍ਰਭੁ ਜਾਪ[7] ਪੜਜੋ ਪੁਨਿ ਆਨੰਦ[8] ਬਾਨੀ।
ਭੇਟ ਸੁ ਕਰਦ ਦਈ ਤਬ ਭੀਤਰ, ਆਪ ਪ੍ਰਸਾਦਿ ਬਟਜੋ ਸੁਖ ਮਾਨੀ।
ਯੋ ਅਤਿ ਬਿੱਪ੍ਰ ਸਿਹਾਇ[9] ਭਯੋ, ਮੁਹਿ ਮਾਨ ਭਯੋ ਨਹਿ ਪੰਥਹਿ ਮਾਨੀ।
ਆਇ ਗਯੋ ਤਬ ਕੋਪ ਭਰਜੋ ਮੁਖ, ਬਾਹਜ[10] ਪੂਜ ਭਏ ਮਮ[11] ਜਾਨੀ ॥੨੯॥ [੯੮॥]
ਬਾਹਜ ਹੋ ਭਲ ਪੂਜ ਕਰੀ ਦਿਜ, ਬਿਪਨ ਮਾਨ ਹਤਜੋ ਅਸਿ ਪਾਨੀ।
ਯਾ ਕਰ ਦੇਵੀ ਕੋ ਦਰਸ ਲਹਜੋ ਤੁਮ ਆਦਿ ਜੁਗਾਦਿ ਬਿਖੈ ਜਗ ਜਾਨੀ।
ਜਨਮੰ ਮਰਨੰ ਪੁਨਿ ਬਜਾਹਨ ਮੋ, ਬਿਨ ਬਿੱਪ੍ਰਨ ਪੂਜ ਕਰੋ ਜਗ ਭਾਨੀ।
ਬਿਪ੍ਰ ਸੁ ਖਾਲਸਾ ਤਾਹਿ ਛਕੇ, ਤਿਹ ਪੇਖ ਗੁਰੂ ਕਹਿ ਕੀ ਅਸ ਬਾਨੀ ॥੩੦॥ [੯੯॥]

**ਸ੍ਰੀ ਮੁਖ ਵਾਕ ਪਾਤਿਸਾਹੀ ੧੦ ॥ ਸਵੈਯਾ।**
ਸੇਵ ਕਰੀ ਇਨ ਹੀ ਕੀ[12] ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ।
ਦਾਨ ਦਯੋ ਇਨ ਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲੈ ਇਨ ਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ।
ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਬ ਹੀ ਇਨ ਹੀ ਕੋ ॥੩੧॥ [੧੦੦॥]

**ਦੋਹਰਾ।** ਚਟ ਪਟਾਇ ਚਿਤ ਮੈ ਜਰਜੋ, ਤ੍ਰਿਣ ਜਜੋਂ ਕ੍ਰੁੱਧਿਤ ਹੋਇ।

---

1. ਨਜ਼ਰ ਵਿਚ ਆਇਆ। 2. 'ਗਏ' (ਮੋ. ਬਾ. ੭੧)। 3. 'ਦਰਸ', (ਮੋ. ਬਾ. ੭੧)। 4. ਇਹ ਸਵੈਯਾ ਇਸੇ ਅਧਿਆਇ ਦੇ ਸਫ਼ਾ ੧੩੩ ਤੇ ਪਹਲਾਂ ਅਤੇ ਫੇਰ ਏਥੇ ਦੂਜੀ ਵੇਰ ਆਇਆ ਹੈ, ਅਤੇ ਸਾਰੀਆਂ ਹੀ ਪੁਰਾਤਨ ਪ੍ਰਤੀਆਂ ਵਿਚ ਇਸ ਦਾ ਪਾਠ ਠੀਕ ਇਸੇ ਤਰ੍ਹਾਂ ਹੈ। 5. ਉਸ ਸਮੇਂ। 6. ਕਿਤਨੀ ਹੀ। 7. ਜਾਪੁ, ਸ੍ਰੀ ਮੁਖ ਵਾਕ ਪਾਤਸ਼ਾਹੀ ੧੦, *ਦਸਮ ਗ੍ਰੰਥ* ਦੀ ਮੁਢਲੀ ਬਾਣੀ। 8. ਰਾਗੁ ਰਾਮਕਲੀ ਮਹਲਾ ੩ ਅਨੰਦੁ। 9. ਸੰਕੁਚਣਾ, ਝਿਜਕਣਾ। 10. ਬਾਹਾਂ ਤੋਂ ਪੈਦਾ ਹੋਏ ਕ੍ਸ਼ਤ੍ਰੀ। 11. ਮੈਂ। 12. ਅਰਥਾਤ ਖ਼ਾਲਸੇ ਦੀ, ਸਿੱਖਾਂ ਦੀ।

ਖੋਜ ਰੋਜ ਕੇ ਹੇਤ ਲਗ, ਦਯੋ ਮਿਸ੍ਰ ਜੂ ਰੋਇ ॥੩੨॥ [੧੦੧॥]

**ਯਾ ਬਿਧਿ ਤੀਨ ਸਵੈਯੇ ਗੁਰੂ ਜੀ ਕਹੇ। ਸਵੈਯਾ।**

ਜੋ ਕੁਛੁ ਲੇਖ ਲਿਖਯੋ ਬਿਧਨਾ[1], ਸੋਈ ਪਾਈਅਤ ਮਿਸ੍ਰ ਜੂ! ਸੋਕ ਨਿਵਾਰੋ।
ਮੇਰੋ ਕਛੂ ਅਪਰਾਧ ਨਹੀ, ਗਯੋ ਯਾਦ ਤੇ ਭੂਲ ਨ ਕੋਪ ਚਿਤਾਰੋ।
ਬਾਗੋ[2] ਨਿਹਾਲੀ[3] ਪਠੈ ਦੈ ਹੋ ਆਜ, ਭਲੇ ਤੁਮ ਕੋ ਨਿਹਚੈ ਜੀਅ ਧਾਰੋ।
ਛਤ੍ਰੀ ਸਬੈ ਕ੍ਰਿਤ[4] ਬਿੱਪਨ ਕੇ, ਇਨਹੂ ਪੈ ਕਟਾਛ ਕ੍ਰਿਪਾ ਕੈ ਨਿਹਾਰੋ[5] ॥ [੧੦੨॥]

**ਅਰਥ ਇਹ ਹੈ** : ਛਤ੍ਰੀ ਬਿੱਪ੍ਰ ਸਬ ਅਕਾਲ ਕੇ ਕੀਤੇ ਹੋਏ ਹੈਨ। ਤਾਤੇ ਹੰਕ੍ਰਿਤ ਤਜਾਗੋ, ਸਰਬਤ ਜੀਅ ਵਿਚ ਅਕਾਲ ਹੈ। ਅਕਾਲ ਕੇ ਭਾਣੇ ਵਿਚ ਤੁਸਾਡੀ ਸੰਭਾਲ ਨਹੀ ਰਹੀ। ਇਸ ਪ੍ਰਕਾਰ ਸਮਾ ਤੇ ਨੇਤ ਵਿਚਾਰ ਕੇ ਸਾਹਬ ਕੇ ਵੇਖਣੇ ਨਾਲ ਪੰਡਿਤ ਕਾ ਮਨ ਦ੍ਰਉ ਗਯਾ[6]। ਤਬ ਫੇਰ ਬਾਬੇ ਬੱਠੇ ਨੂ ਤੇ ਦਤਾਨੰਦ ਨੂ ਤੇ ਹੋਰਨਾ ਬਾਹਮਨਾ ਨੂ ਵਿਦਾ ਦਿੱਤੀ। ਇਕ ਸੌ ਅਠ ਹੁਕਮ ਨਾਵਾ[7] ਬਖਸਿਆ ਦੱਤਾਨੰਦ ਤੇ ਬਾਬੇ ਬੱਠੇ ਦੀ ਰਾਹੀ। ਤਾਂ ਖਾਲਸੇ ਨੂ ਹੁਕਮ ਲਿਖਿਆ, "ਜੋ ਬਾਬੇ ਦੀ ਸੇਵਾ ਕਰੇਗਾ ਸੋ ਮੇਰੇ ਉੱਤੋਂ ਕਰਜ ਦਾ ਬੀਸਕ[8] ਲਾਹੇਗਾ" ॥੩੩॥ [੧੦੩॥]

**ਚੌਪਈ।** ਸਤ੍ਰਹ ਸਹਸ ਛਿਤਾਲੀ[9] ਮਾਨੋ। ਲਿਖਿਆ ਕਾਤਕ ਸੁਦੀ ਪਛਾਨੋ।
ਦਸਮੀ ਪੂਜ ਭਲੀ ਬਿਧਿ ਕਾਜਾ। ਬਿਦਾ ਕੀਨ ਬਿੱਪ੍ਰਨ ਮਹਾਰਾਜਾ ॥ [੧੦੪॥]
ਜੋ ਕੋਈ ਲੋਕ ਮੂੜ ਤਾ ਥਾਨੈ। ਅਰਲ ਬਰਲ[10] ਮੁਖ ਬੈਨ ਬਖਾਨੈ।
ਚਾਰ ਬਰਨ ਇਕਜਾ[11] ਇਨ ਕੀਨੇ। ਕਰਦ ਫੇਰ ਅੰਮ੍ਰਿਤ ਕਹੁ ਦੀਨੇ ॥ [੧੦੫॥]
ਆਦਿ ਗੁਰੁਨ ਕੀ ਰੀਤਿ ਸੁ ਟਾਰੀ। ਔਰ ਹੀ ਰੀਤਿ ਜਗਤ ਵਿਸਥਾਰੀ।
ਸੂਦ੍ਰ ਵੈਸ ਖੱਤ੍ਰੀ ਦਿਜ ਜਾਨੋ। ਭੋਜਨ ਕਰੈਂ ਏਕ ਥਿਤ[12] ਮਾਨੋ ॥ [੧੦੬॥]
ਆਗੈ ਅਸਿਧੁਜ[13] ਸੁਨਾ ਨ ਪਾਯੋ। ਪੋਥੀ ਪੰਡਿਤ ਗੁਨੀ ਨ ਗਾਯੋ।
ਹਿੰਦੂ ਤੁਰਕ ਸਕਲ ਮਤਿ ਤਜਾਗੇ। ਏਕ ਖਾਲਸਾ ਰਸ ਅਨੁਰਾਗੇ ॥ [੧੦੭॥]
ਰਾਮ ਕ੍ਰਿਸਨ ਸਭ ਤੇ ਸੁਨ ਪਾਯੋ। ਖਾਲਸ ਅਕਾਲ ਨਵੋ ਮਨ ਲਾਯੋ।
ਨਿਹਚਾ ਗਤਿ ਗੁਰ ਨਿੰਦ ਬਕਾਂਹੀ। ਬੇ ਮੁਖ ਜਾਤ ਅਭਿਮਾਨ ਧਰਾਂਹੀ ॥ [੧੦੮॥]
ਯਾ ਬਿਧਿ ਦੇਸ ਦੇਸ ਭਏ ਸਿੱਖਾ। ਸ੍ਰੀ ਗੁਰ ਹੁਕਮੁਚਹੂੰ ਦਿਸ ਲਿਖਾ।
ਜੋ ਜੋ ਮੰਨੇ ਕਾ ਸਿਖ ਭਯੋ। ਸੋ ਸੋ ਰਾਜ ਪਾਇ ਤਰ ਗਯੋ ॥ [੧੦੯॥]
ਤਬ ਸਤਿਗੁਰ ਇਕ ਭਾਣਾ ਕੀਨਾ। ਪਰਬਤ ਪਤਿ ਮਨ ਫੋੜ ਸੁ ਦੀਨਾ।
ਊਪਰ ਤੇ ਸਭ ਬੋਲ ਪਠਾਏ। ਹੁਕਮ ਨਾਮ ਦੇਖਤ ਤਹਿ ਆਏ ॥ [੧੧੦॥]
ਤਬ ਸਭ ਕੋ ਇਹ ਭਾਂਤਿ ਉਚਾਰੋ। "ਤੁਮ ਖਾਲਸ ਕੀ ਰਹਤ ਸੁਧਾਰੋ[14]।
ਤੁਰਕਨ ਕੋ ਭਰੋ ਹਾਲਾ ਮਾਨੋ। ਲੇਵ ਤੁਰਕ ਕੋ ਅਬ ਪਹਿਚਾਨੋ ॥ [੧੧੧॥]

---

1. ਵਿਧਾਤਾ ਨੇ, ਰੱਬ ਨੇ। 2. ਵਸਤ੍ਰ, ਪੁਸ਼ਾਕ। 3. ਦੁਲਾਈ, ਤੋਸ਼ਕ। 4. ਫਲ, ਨਤੀਜਾ। 5. ਪਰ ਇਨ੍ਹਾਂ ਸਿੱਖਾਂ ਉੱਤੇ ਕ੍ਰਿਪਾ ਦ੍ਰਿਸ਼ਟੀ ਰਖੋ। 6. ਦ੍ਰਵ ਗਇਆ, ਨਰਮ ਹੋ ਗਇਆ। 7. ਇਕ ਸੌ ਅੱਠ (੧੦੮) ਹੁਕਮਨਾਮੇ। 8. ਵੀਹਵਾਂ ਹਿੱਸਾ। ਦਸਵੰਧ ਦੀ ਤਰ੍ਹਾਂ ਸਿੱਖ ਬਹੁਤੇ ਆਪਣੀ ਕਮਾਈ 'ਚੋਂ ਵੀਹਵਾਂ ਹਿੱਸਾ ਜਾਂ ਚਾਲੀਹਵਾਂ ਹਿੱਸਾ ਵੀ ਗੁਰੂ-ਅਰਪਣ ਕਰਦੇ ਸਨ। 9. ਸੰਮਤ ੧੭੪੬ ਬਿ.। 10. ਬਕਵਾਸ। 11. ਇਕ ਥਾਵੇਂ। 12. ਇਕ ਥਾਵੇਂ ਸਥਿਤ ਹੋ ਕੇ। 13. ਅਸਿਕੇਤੁ, ਅਕਾਲ ਪੁਰਖ। 14. ਖ਼ਾਲਸੇ ਬਣ ਜਾਓ।

ਖੰਡੇ ਜੀ ਕੀ ਸਰਨੀ ਆਵੈ। ਯਮਨੀ ਸਭਾ[1] ਸੁ ਮਾਰ ਗਵਾਵੈ।
ਮੈ ਤੁਮ ਕੋ ਇਕ ਥਾਨ ਵਿਚਾਰਾ। ਮਤਿ ਤੁਮ ਦੇਉ ਉਲ੍ਹਾਮਾ ਭਾਰਾ ॥ [੧੧੨॥]
ਤਾ ਕਾਰਨ ਮੈ ਤੁਝੈ ਅਲਾਇਆ। ਤੁਝ ਕੋ ਖਾਲਸ ਚਰਨੀ ਲਾਇਆ।"
ਇਹੁ ਸੁਨ ਕੈ ਰਜਪੂਤਨ ਜਾਨੀ। "ਹਮ ਪਾਹੁਲ ਕੀ ਸੂਖ ਨ ਸਾਨੀ ॥ [੧੧੩॥]
ਗਿਰਿ ਰਾਜੇ ਹਮ ਅਤਿ ਅਭਿਮਾਨੀ। ਕੁਲਾ ਕਰਮ ਕਿਮ ਤਜੈ ਜਹਾਨੀ।
ਚਾਰ ਬਰਨ ਤੁਮ ਇਕ ਜਾ ਕੀਨੇ। ਅੰਮ੍ਰਿਤ ਨਿਜ ਉਪਦੇਸ ਸੁ ਦੀਨੇ ॥ [੧੧੪॥]
ਹਮਰੀ ਜਾਤਿ ਅਧਿਕ ਜਗ ਮਾਹੀ। ਕਿਮ ਹਮ ਚਾਰ ਬਰਨ ਸੰਗ ਖਾਹੀ?
ਤੁਮਰੇ ਜੀਵਤ ਪੰਥ ਸੁ ਜਾਨੋ। ਨਾਹਤ[2] ਚਿੜੀਅਨ ਬਾਜ ਪ੍ਰਮਾਨੋ ॥ [੧੧੫॥]
ਤੁਮਰੇ ਪੰਥ ਰਾਜ ਕਿਮ ਦੈ ਹੈਂ। ਅਜਾ ਗਨੰ[3] ਕੋ ਮਾਰ ਸੋ ਲੈ ਹੈਂ।
ਕੋ ਕਿਰਸਾਨੀ ਕਰਤ ਮਹਾਨਾ। ਕੋ ਬਾਪਾਰੀ ਅਧਿਕ ਸੁਜਾਨਾ ॥ [੧੧੬॥]
ਨੀਚ ਜਾਤ ਕਹਿ ਨੀਹਲ[4] ਵਾਸੀ। ਹਮਰੋ ਰਾਜ ਖੋਹ ਜਗ ਹਾਸੀ।
ਇਹ ਤੇ ਬਡ ਅਸਚਰਜ ਭੀ ਬਾਤਾ। ਦੁਆਦਸ ਜਾਤ[5] ਸਨਾਤ[6] ਕਾ ਨਾਤਾ ॥ [੧੧੭॥]
ਹਰਜਤ ਸੀਸ ਨਜਾਇ ਭੂਅ[7] ਕਾਰਨ। ਔਰਨ ਕੋ ਢਿਗ ਅਹੈ ਅਵਾਰਨ[8]।
ਚਿੜੀਆ ਸਮ ਜਾਨੋ ਮਹਾਰਾਜਾ। ਹਮ ਹੈਂ ਰਾਜਪੂਤ ਥਿਰ ਬਾਜਾ" ॥ [੧੧੮॥]
ਯੌ ਸੁਨ ਨਾਥ ਕੋਪ ਅਧਿਕਾਈ। "ਬਹੁਤ ਭਲੀ ਗਿਰਪਤਿ! ਤੁਮ ਗਾਈ।
ਤੁਮ ਕੋ ਦੇਹਿ ਰਾਜ ਜਗ ਜਾਨਾ। ਕਿਆ ਜਗ ਪ੍ਰਗਟ ਕਹੈਂ ਨਿਦਾਨਾ ॥ [੧੧੯॥]
ਹਮ ਕੋ ਰਾਜ ਅਗ੍ਰ ਥਾ ਜੋਈ। ਤੋ ਗੁਰ ਭੁਜਾ ਸਮਰਪੀ ਸੋਈ।
ਚਿੜੀਅਨ ਪਰ ਅਬ ਖੁਸੀ ਹਮਾਰੀ। ਮਾਰੇ ਬਾਜ ਸੁ ਅਪਰ ਮੰਝਾਰੀ ॥ [੧੨੦॥]
ਮੈ ਅਸਿਪਾਨਜ ਤਦ ਸੁ ਕਹਾਊਂ। ਚਿੜੀਅਨ ਪੈ ਜੋ ਬਾਜ ਤੁੜਾਊਂ।
ਪ੍ਰਿਤ ਉਪਕਾਰ ਹੋਤ ਜਗ ਮਾਹੀ। ਜੋ ਤੁਮ ਮੁਝ ਅਬ ਬਚਨ ਕਮਾਹੀ ॥ [੧੨੧॥]
ਕਿਰਸਾਨੀ ਜਗ ਮੈ ਭਏ ਰਾਜਾ। ਗਿਰ ਤਬ ਬਚੈਂ ਜੇ ਹੋਇ ਹੈਂ ਨਾਜਾ।
ਤੁਮ ਕੋ ਦੇਹਿ ਡੰਡ ਅਧਿਕਾਈ। ਨਿਜਦ[9] ਸੁ ਪਹਿਲੇ ਤੁਮ ਪਰ ਆਈ[10] ॥ [੧੨੨॥]
ਫੇਰ ਖੁਆਰ ਹੋਇ ਜਗ ਸਾਰੇ। ਆਵੈ ਫੇਰਿ ਖਾਲਸੇ ਦੁਆਰੇ।
ਹੋਇ ਨਿਰਮਾਨ ਖਾਲਸਾ ਸੇਈ। ਤਬ ਅਪਨਾ ਕਾਰਜ ਗਹਿ ਲੇਈ।
ਖੁਆਰ ਹੋਇ ਕੇ ਪੰਥ ਸੇਵਾਹੀ। ਯਾਕੀ[11] ਰਹੈ ਨ ਜਗ ਕੇ ਮਾਹੀ" ॥੩੪॥ [੧੨੩॥]

ਦੋਹਰਾ। ਸ੍ਰੀ ਮੁਖ ਤੇ ਸੁਨਿ ਨਗਪਤੀ[12] ਕਹੈਂ, "ਸੁਨੋ, ਪ੍ਰਭੁ ਦੇਵ !
ਕਠਿਨ ਰਹਿਤ ਏ ਜਾਨੀਏ, ਬੇਦ ਬਰਨ ਮਿਲ ਜੇਵ ॥੩੫॥ [੧੨੪॥]

ਸਵੈਯਾ। ਹੋ ਰਜਪੂਤ ਕਰੈਂ ਜਟ ਸੋ ਮਿਲ ਭੋਜਨ, ਔਰ ਸੁ ਨਾਈ ਕੇ ਸੰਗ ਮਿਲਾਹੀ।
ਧ੍ਰਿੰਗ ਭਨੇ ਹਮ ਕੋ ਇਸ ਲੋਕ ਮੈ, ਓਕ[13] ਮੈ ਥਾਂਉ ਕਬੀ ਨਹਿ ਪਾਹੀ।

---

1. ਯਵਨਾਂ (ਤੁਰਕਾਂ ਅਥਵਾ ਮੁਗ਼ਲਾਂ) ਦੀ ਸਭਾ ਅਰਥਾਤ-ਮੁਗ਼ਲਈ ਹਕੂਮਤ ਦਾ ਤਖ਼ਤਾ ਉਲਟਾ ਦਿਓ। 2. ਨਹੀਂ ਤਾਂ। 3. ਅਜਾਗਨ=ਬਕਰੀਆਂ। 4. ਪਹਾੜ ਦੀ ਤਰਾਈ। 5. ਕ੍ਸ਼ਤ੍ਰੀਆਂ ਦੀਆਂ ੧੨ ਪ੍ਰਸਿੱਧ ਜਾਤਾਂ ਜਿਨ੍ਹਾਂ ਵਿਚ ਕੋਹਲੀ, ਮਲਹੋਤ੍ਰੇ, ਖੁਖਰਾਇਣ ਆਦਿ ਸ਼ਾਮਿਲ ਹਨ। 6. ਸੱਤ ਨੀਵੀਆਂ ਜਾਤਾਂ—ਚੂੜ੍ਹੇ, ਚਮਾਰ, ਡੂਮ, ਛਜਘਾੜੇ ਆਦਿ। 7. ਭੂਮਿ, ਧਰਤੀ। 8. ਦੇਰ ਜਾਂ ਰੋਕ। 9. ਨਿਕਟ, ਨੇੜੇ। 10. ਆਕੀ। 11. ਪਾਠਾਂਤਰ-ਕੋ ਨਾਹੀ (ਮੋ. ਬਾ. ੭੧ ਅਤੇ ਖਾ. ਕਾ. ਆ. ੬੦੫)। 12. ਨਗ ਅਰਥਾਤ-ਅਚਲ (ਪਹਾੜ) ਦੇ ਪਤਿ (ਰਾਜੇ)। 13. ਪਾਠਾਂਤਰ—ਲੋਕ (ਪ੍ਰਲੋਕ) (ਖ਼ਾ. ਕਾ. ਅ. ੬੦੫)।

ਹਜਰਤ ਸੋ ਪੁਨਿ ਬਾਤ ਰਹੈ ਨਹਿ", ਤੌ ਗੁਰ ਬੈਨ ਸੁ ਐਸੇ ਅਲਾਹੀ।
"ਜਾਉ ਰੇ ਸੀਸ ਨਿਵਾਉ ਰੇ ਤੁਰਕਨ, ਤੋ ਅਬ ਕਰਮ ਕਰੈ ਦੁਖ ਪਾਹੀ" ॥੩੬॥ [੧੨੫॥]
ਤੋ ਨ੍ਰਿਪ ਐਸੇ ਕਹੈਂ, "ਬਿਨ ਔਰੰਗ, ਹੈਂ ਚਿੜੀਆਂ ਸਭ ਹੀ ਜਗ ਜਾਨੈ।
ਪੰਥ ਕੋ ਰਾਜ ਦਿਹੈਂ ਕਿਸ ਹੀ ਬਿਧਿ, ਸਿੰਘ ਅਜਾ ਤੇ ਮਰੈ ਨਹਿ ਮਾਨੈ।
ਔਰੰਗ ਕੋ ਹਮਰੋ ਨਹੀਂ ਭੇਦ ਸੁ, ਬਾਜ[1] ਹਮੈ ਮਨ ਹੰਕ੍ਰਿਤ[2] ਠਾਨੈ।"
ਯੌ ਸੁਨ ਕੇ ਰਜਪੂਤਨ ਬੈਨ ਸਿਰੀ ਗੁਰੂ ਬੀਚ ਦੀਵਾਨੇ ਬਖਾਨੈ ॥੩੭॥ [੧੨੬॥]

ਦੋਹਰਾ। "ਮੈ ਅਸਿਪਾਨਿਜ[3] ਤਬ ਲਖੋ, ਕਰੋ ਐਸ ਯੋ ਕਾਮ।
ਚਿੜੀਅਨ ਬਾਜ ਤੁਰਾਯ ਹੋ, ਸਸੇ[4] ਕਰੌਂ ਸਿੰਘ ਸਾਮ[5] ॥੩੮॥ [੧੨੭॥]
ਬਾਜ ਚਿੜੀ ਕਹੁ ਮਾਰ ਹੈ, ਏ ਪ੍ਰਭੁਤਾ ਕਛੁ ਨਾਹ।
ਤਾਤੈ ਕਾਲ ਕੀਓ ਇਹੈ, ਬਾਜ ਹਨੈ ਚਿੜੀਆਹ[6] ॥੩੯॥ [੧੨੮॥]

ਸਵੈਯਾ। ਰਾਜਨ ਕੋ ਪ੍ਰਭੁ ਦੇਵਤ ਰਾਜ ਤੋ, ਸੋਭ ਨਹੀ ਜਗ ਮੈ ਇਹ ਸਾਰੀ।
ਯਾ ਕਰ ਰਾਜ ਦਯੋ ਪ੍ਰਭੁ ਜਾਟਨ ਤਾਹ ਬੁਰਜੋ ਸਿਰ ਛਤ੍ਰ ਬਸਾਰੀ[7]।
ਬਾਹਜ[8] ਬਿੱਪ੍ਰ ਸਭੈ ਤਿਨ ਸੇਵਕ, ਕੀਨ ਮਯਾ[9] ਅਸ ਸ੍ਰੀ ਗੁਰ ਭਾਰੀ।
ਬਿਦਿਆ ਗਯਾਨ ਸੁ ਚਾਰ ਪਦਾਰਥ[10], ਆਪੇ ਹੀ ਆਇ ਹੈਂ ਪੰਥ ਮੰਝਾਰੀ ॥੪੦॥ [੧੨੯॥]
ਮੁਹ ਦਰਸਨ ਪੰਥ ਬਿਖੈ ਕਰ ਹੈ, ਗੁਰ ਖਾਲਸਾ ਜਾਨ ਲਿਜੈ ਮਨ ਮਾਹੀ।
ਜੀਤ ਅਕਾਲ ਜਪੈ ਹਿਤ ਸਸਤ੍ਰਨ, ਤੁਰਕਨ ਨਾਸ ਚਹੈ ਸੁਖ ਪਾਹੀ।
ਚਾਰ ਹੀ ਬਰਨ[11] ਸੁ ਆਸ਼੍ਰਮ ਚਾਰ[12] ਕੇ, ਸੰਤ ਅਨੰਤ[13] ਸੁ ਮੱਧ ਰਹਾਹੀ।
ਜੋ ਸਭ ਹੀ ਜਗ ਸੇਵਕ ਯਾਹਿ ਕੋ, ਵਿਪ੍ਰ ਸਭੈ ਵਿਦਿਯਾ ਇਨ ਪਾਹੀ[14] ॥੪੧॥ [੧੩੦॥]
ਬਾਜਿ[15] ਗਇੰਦ[16] ਗਦਾ ਸਸਿ[17] ਅੰਮ੍ਰਿਤ, ਧੇਨ[18] ਧਨੰਤਰ ਸਾਰੰਗ[19] ਯਾਹੀ।
ਸੰਗ ਤ੍ਰਿਸੂਲ ਸਰਾਸਨ[20] ਤੀਰ ਕੀ, ਐਹੈ ਵਿਦਯਾ ਇਨ ਕੈ ਕਰ[21] ਮਾਹੀ।
ਅਹੈ ਮਮ ਪਥ ਸਮੁੰਦ੍ਰ ਸਮਾਨ, ਜੋ ਜਾਪ ਅਕਾਲ ਕੇ ਸੰਗ ਰਹਾਹੀ।
ਸ੍ਰੀ ਗੁਰ ਆਪ ਸਮਾਨ ਕਰਯੋ, ਯਹ ਪੰਥ ਅਨੂਪ ਲਖੈ ਆਪ[22] ਜਾਹੀ ॥੪੨॥ [੧੩੧॥]
ਖਾਲਸੇ ਸੇਵ ਕਰੋ ਸਭ ਹੀ ਰੁਚਿ, ਤਾਤ[23] 'ਰੁ ਮਾਤ ਗੁਰੂ ਸਭ ਏਹੀ।"
ਕੀਨ ਸਤੁਤਿ ਬਡੀ ਗੁਰ ਜੀ, ਤਬ ਕੇਤਕ ਸਿੰਘ ਭਏ ਰੁਚਿ ਜੇਹੀ।
ਰਾਜਨ ਬੰਸ ਕੇ ਮਾਨ ਜਰੈ, ਮਨੋ ਭਾਗ ਹਤੇ ਤਿਨ ਕੇ ਵਿਨ ਸੇਈ।
ਜਾ ਕਰ ਪੁੰਨ ਉਦੈ ਜਗ ਹੋਵਤ, ਤੇ ਗੁਰ ਸੀਖ ਧਰੇ ਰੁਚਿ ਤੇਈ ॥੪੩॥ [੧੩੨॥]
ਕੋਟਿ ਹੀ ਕਲਪਤਰੰ[24] ਸਮ ਪੂਰਨ, ਤਾਂ ਗੁਰ ਕੀ ਨਹਿ ਆਇਸ ਮਾਨੀ।
ਰਾਜਨ ਕੋ ਮਨ ਗਰਬ ਭਰਾ, ਲਖ ਸਿੱਖਨ ਤਾਹਿ ਉਠਾਵਨ ਠਾਨੀ।

---

1. ਕੋਈ, ਕੁਝ ਲੋਕ। 2. ਅਭਿਮਾਨੀ, ਹੰਕਾਰੀ। 3. ਖੜਕਧਾਰੀ। 4. ਸਹੇ। 5. ਸ਼ੇਰ ਦੀ ਸਮਤਾ (ਬਰਾਬਰੀ) ਕਰਨ ਵਾਲੇ। 6. ਚਿੜੀਆਂ ਬਾਜ ਨੂੰ ਮਾਰਨ। 7. ਬਸ਼ਾਰਤ, ਖ਼ੁਸ਼ਖ਼ਬਰੀ। 8. ਕਸ਼ਤ੍ਰੀ। 9. ਕ੍ਰਿਪਾ। 10. ਧਰਮ, ਅਰਥ, ਕਾਮ ਤੇ ਮੋਖ। 11. ਚਾਰ ਵਰਣ : ਬ੍ਰਾਹਮਣ, ਕਸ਼ਤ੍ਰੀ, ਵੈਸ਼ ਤੇ ਸ਼ੂਦ੍ਰ। 12. ਚਾਰ ਆਸ਼੍ਰਮ : ਬ੍ਰਹਮਚਰਯ, ਗ੍ਰਿਹਸਥ, ਵਾਨਪ੍ਰਸਥ ਅਤੇ ਸੰਨਿਆਸ। 13. ਅੰਤ ਤੋਂ ਰਹਿਤ। 14. ਪਾਸ, ਕੋਲ। 15. ਘੋੜਾ। 16. ਹਾਥੀ। 17. ਚੰਦ੍ਰਮਾ। 18. ਗਊ (ਕਪਿਲਾ)। 19. ਵਿਸ਼ਨੂੰ ਦਾ ਧਨੁਖ। 20. ਤੀਰ ਫੈਂਕਣ ਵਾਲੀ (ਕਮਾਣ)। 21. ਹੱਥ। 22. ਪਾਪ। 23. ਪਿਤਾ। 24. ਕਲਪਤਰੁ, ਕਲਪ ਬ੍ਰਿਛ।

ਰਾਜ ਲਹੈ ਤੁਮਰੋ ਸਭ ਹੀ ਇਹੁ, ਪੰਥ ਅਕਾਲ ਕੋ ਸ੍ਰੀ ਗੁਰ ਸਾਨੀ[1]।
ਸਿੱਖਨ ਤਾਹਿ ਉਠਾਇ ਦੀਓ, ਗੁਰ ਐਸ ਕਹਯੋ ਇਹ ਨਾਹਿ ਹਿਤਾਨੀ[2] ॥੪੪॥ [੧੩੩॥]

ਦੋਹਰਾ। ਮੂਰਖ ਰਾਜੇ ਉਠ ਗਏ, ਤਾ ਧੁਨਿ ਕਰਤ ਅਪਾਰ।
ਇਤ ਸਿੱਖਨ ਦੁਤਿ ਯੌ ਭਈ, ਹਨੁਵਤ ਜਿਮ ਨਹਿ ਪਾਰ ॥੪੫॥ [੧੩੪॥]
ਜੋ ਜੀਅ ਹੁਤੇ ਭੁਲਾਵਨੇ, ਐਸੇ ਦਏ ਭੁਲਾਇ।
ਬਾਹ ਪਕੜ ਤਿਨ ਸੰਗ ਲੀਆ। ਜਾ ਪਰ ਮਯਾ ਲਖਾਇ ॥੪੬॥ [੧੩੫॥]
ਆਦਿ ਅਨਾਦਿ ਅਨੰਤ ਗੁਰ, ਕੂਟਿ ਅੰਡ ਬ੍ਰਹਮੰਡ।
ਜਾਹਿ ਰੋਮ ਮੈ ਰਾਜ ਹੀ, ਤਾ ਕਰ ਪੰਥ ਅਖੰਡ ॥੪੭॥ [੧੩੬॥]

ਚੌਪਈ। ਜਿਮ ਰਘੁਪਤਿ ਕਪਿ[3] ਭਾਲੂ[4] ਅਨੇਕਾ। ਕੀਤੇ ਸੂਰ ਤੇ ਬਡੇ ਸੁ ਟੇਕਾ।
ਦਾਨਵ[5] ਨਾਸ ਕਪਿਨ ਤੇ ਕੀਨਾ। ਤਿਮ ਗੁਰ ਰਾਜ ਜਾਟ ਕੋ ਦੀਨਾ ॥ [੧੩੭॥]
ਕਲਿ ਮੈ ਯਾ ਸਮ ਦਿਜ ਗਨ[6] ਨਾਹੀ। ਬਾਹਜ ਬਿੱਪ੍[7] ਨ ਯਾ ਸਮ ਆਹੀ।
ਨ੍ਰਿਪ, ਮਲੇਛ ਕੇ ਮਾਰਨ ਹੋਤਾ। ਤਾ ਕਰ ਮਨ ਭਰਮਾਯੋ ਕੇਤਾ ॥ [੧੩੮॥]
ਨਿਮਨ ਥਾਨ ਜਲ ਰਹਤ ਸਦਾ ਹੀ। ਟਿਬੈ ਊਚ ਨ ਰੇਤ ਰਹਾਈ।
ਯਾ ਬਿਧਿ ਈਸ ਮਹਾ ਭਗਤੰ ਕਰ। ਲਗਨ ਸਗਨ ਸਭ ਹਨੈ ਅਨਿਤ[8] ਧਰ ॥ [੧੩੯॥]
ਏਕੋ ਆਸ ਅਕਾਲ ਧਰਾਈ। ਅਤ੍ਰ ਪਤ੍ਰ[9] ਜਾਟਨ ਪਰਦਾਈ।
ਕੀਟ[10] ਤੇ ਭਏ ਮਿਰਿੰਦ[11] ਸਮਾਨਾ। ਜਾ ਕੋ ਲਖ[12] ਸੁਰ ਦਨ[13] ਭੈ ਮਾਨਾ ॥ [੧੪੦॥]
ਹਠੀ ਤਪੀ ਸਤ ਤਪ ਗੁਨ ਨਾਗਰ[14]। ਭਈ ਕ੍ਰਿਪਾ ਸਤਿਗੁਰੂ ਰਤਨਾਗਰ[15]।
ਤੀਨ ਲੋਕ ਸਭ ਕੰਪਤ ਭਏ। ਮਾਨੋ ਰਾਜ ਅਬੈ ਇਨ[16] ਲਏ ॥੪੮॥ [੧੪੧॥]

ਝੂਲਨਾ। ਯਾਂ ਭਾਤਿ ਹੀ ਪੰਥ ਪ੍ਰਗਟਾਇ ਕੀਨੋ, ਸਭੀ ਤੇਜ ਧਰਿਜੇ ਯਹੀ ਪੰਥ ਮਾਹੀ।
ਸਮ[17] ਚੰਡਿਕਾ ਪਾਨ[18] ਮੈ ਖੰਡ ਧਾਰੀ, ਅਤਿ ਰੂਪ ਮੈ ਬੀਰ ਜੇਈ ਰਹਤ ਮਾਹੀ।
ਜਿਨੈ ਰਹਤ ਧਾਰੀ ਤਿਨੈ ਸੰਗ ਆਪੰ, ਦੂਤੀ ਨਾਮ ਹੀ ਮਾਤ੍ਰ ਭਏ ਪੰਥ ਮਾਹੀ।
ਸਭ ਹੋਇਗੋ ਰਾਜ ਇਨ ਸਿੰਧ[19] ਲੌ ਜੀ, ਸਭ ਕੰਪ ਭੇ ਬੀਰ ਨਰ ਦੇਵ ਚਾਹੀ।
ਯਾ ਭਾਂਤਿ ਕੀਨੋ ਪੰਥ ਭਾਰੋ, ਤਿਨ ਸੰਗ ਸਦ ਭੀਰ ਮੈ ਆਪ ਸੰਗੀ।
ਇਹ ਪਾਵਨੰ ਧਜਾਇ ਕੀ ਗਾਥ ਪਜਾਰੀ, ਜਿਹ ਮਾਹਿ ਹੈ ਪੰਥ ਕੀ ਗਾਥ[20] ਚੰਗੀ ॥੪੯॥ [੧੪੨॥]
ਇਤਿ ਸ੍ਰੀ ਗੁਰ ਬਿਲਾਸ ਬਰ ਗ੍ਰਿੰਥ। ਨਵਮ[21] ਧਜਾਇ ਸੁਭ ਬਰਨਤ ਪਥਾ ॥੯॥

---

1. ਦੂਜਾ (ਮੁਕਾਬਲੇ ਦਾ)। 2. ਹਿਤ ਵਾਲੀ ਗੱਲ। 3. ਬਾਂਦਰ। 4. ਰਿੱਛ। 5. ਰਾਖਸ਼, ਦੈਂਤ। 6. ਦ੍ਵਿਜ ਲੋਕ (ਬ੍ਰਾਹਮਣ, ਕ੍ਸ਼ਤ੍ਰੀ ਤੇ ਵੈਸ਼)। 7. ਕ੍ਸ਼ਤ੍ਰੀ ਤੇ ਬ੍ਰਾਹਮਣ। 8. ਹੋਰ ਥਾਵੇਂ। 9. ਆਤਪਤ੍ਰ ਧੁੱਪ ਤੋਂ ਬਚਾਉਣ ਵਾਲਾ ਛਤ੍ਰ। 10. ਕੀੜੇ। 11. ਮ੍ਰਿਗਾਧਿਪਤੀ ਸ਼ੇਰ, ਸਿੰਘ। 12. ਦੇਖ ਕੇ। 13. ਸੁਰ (ਦੇਵਤੇ) ਤੇ ਦਨ (ਦਾਨਵਾਂ) ਨੇ। 14. ਚਤੁਰ, ਸਿਆਣਾ। 15. ਰਤਨਾਕਰ, ਰਤਨਾਂ ਦਾ ਘਰ (ਸਮੁੰਦ)। 16. ਪਾਠਾਂਤਰ—ਇਨੈ ਅਬ (ਖ਼ਾ. ਕਾ. ਅ. ੬੦੫)। 17. ਸਮਾਨ। 18. ਪਾਣਿ, ਹੱਥ। 19. ਸਮੁੰਦ੍ਰ। 20. ਪਾਠਾਂਤਰ—ਬਾਤ (ਮੋ. ਬਾ. ੭੧)। 21. ਪਾਠਾਂਤਰ—ਨੌਮ (ਮੋ. ਬਾ. ੭੧)।

ਦਸਵਾਂ ਅਧਿਆਇ

# ਸਿੱਖ ਸੰਗਤਾਂ ਨੂੰ ਸੱਦਾ ਅਤੇ ਪਹਾੜੀ ਰਾਜਿਆਂ ਦੀ ਬੇਮੁਖਤਾ

ਦੋਹਰਾ। ਸ੍ਰੀ ਪ੍ਰਭੂ ਕੇ ਮਨ ਧ੍ਯਾਨ ਧਰ, ਕਹੈਂ ਜੁਧ ਕੀ ਗਾਤ।
ਦਸਮ ਧ੍ਯਾਇ ਸੁਭ ਪਾਵਨੰ[1], ਸ੍ਰੀ ਪਤਿ[2] ਜਸ ਗੁਨ ਸਾਥ ॥੧॥
ਸਵੈਯਾ। ਜੋਯ ਕਥਾ ਪੜ੍ਹ ਹੈ ਯਹਿ ਨੋ ਤਨ[3], ਰਿੱਧਿ ਅਰੁ ਸਿੱਧਿ ਲਹੈ ਸੁਖ ਪਾਹੀ।
ਜਨਮ ਸੁ ਪਾਵਨ ਭਾਵਨ ਹੈ, ਯਹ ਪੰਥ ਸੋ ਹੇਤ ਕਥਾ ਗੁਨ ਗਾਹੀ।
ਭੇਦ ਲਹਯੋ ਤਿਨ ਹੀ ਹਰਿ ਕੋ, ਅਰੁ ਮੇਲ ਵਿਸਾਖਿ ਸਮਾਪਤਿ ਆਹੀ।
ਹੋਇ ਬਿਦਾ ਸਭ ਧਾਮ ਗਏ, ਗੁਰ ਦੀ ਸਿਰਪਾਉ ਸਭੈ ਮਨ ਚਾਹੀ ॥੨॥
ਸੰਕਰ ਛੰਦ। ਸਭ ਗਏ ਨਿਜ ਨਿਜ ਠਾਮ, ਕੀਨਾ ਗੁਰੂ ਜੋ ਅਸ ਕਾਮ।
ਲਿਖ ਪਤ੍ਰਿਕਾ ਪਠ ਦੇਤ ਭੇ[4], ਸਭ ਦੇਸ ਦੇਸਨ ਠਾਮ[5]।
ਕਾਬਲ ਕੰਧਾਰ ਹਰਾਯਤੰ[6], ਐਰਾਨ[7] ਗਜਨੀ ਜਾਨ।
ਬੁਖਾਰਾ ਪਿਸੋਰ ਪਛਾਨੀਐ, ਕਸਮੀਰ ਔ ਅਤਿ ਗ੍ਰਾਮ[8] ॥ [੩॥]
ਡੇਰਾ ਦੁਤੰ[9] ਮੁਲਤਾਨ ਔ ਪੁਨਿ ਦੇਸ ਪਸਚਮ ਜੋਇ।
ਸਿਕਾਰਪੁਰ ਤੇ ਆਦਿ ਲੈ, ਪੁਨਿ ਸਿੰਧ ਤਟ ਪੁਰ[10] ਸੋਯ।
ਪੁਨਿ ਬੀਜ ਆਹ ਪੰਜਾਬ ਕੇ ਜੋ ਬਰਖ ਆਵੈਂ ਨੀਤ।
ਪੁਨਿ ਝੰਗ ਆਹ ਸਿਆਲ ਜੋ ਤਿਹ ਰਹੈ ਸਿਖ ਸੁ ਨੀਤ ॥ [੪॥]
ਪੰਚ ਨਦ ਆਦਿ ਤੁਲੰਭ ਜੋ, ਅਰ ਜੇਲਮ ਨਦੀ ਪੁਨਿ ਚੇਰ।
ਔ ਮੁਸੰਦ ਸੁ ਏਕ ਹੈਂ ਪੁਨਿ ਏਕ ਸਿੱਖਨ ਹੇਰ।
ਭਾਈ ਸੁ ਬੰਨੋ ਆਦਿ ਲੈ ਅਤਿ ਸੁਸਾ ਸੋਮ[11] ਸੁ ਤੀਰ।
ਸੋਮ ਜੁ ਸੁ ਤਾਹਿ ਬਖਾਨੀਏ, ਅਤਿ ਸਿੱਖ ਗੁਰ ਕੋ ਧੀਰ ॥ [੫॥]
ਗਿਰਦੇ ਜੁ ਤਾ ਕੇ ਰਹਤ ਹੈਂ, ਸੁਭ ਗ੍ਰਾਮ ਸਿਖਨ ਵਾਸ।
ਭਾਈ ਕੋ ਆਗਜਾ ਏ ਭਈ, ਸਭ ਲਜਾਈਏ ਪੁਰ ਬਾਸ।
ਔਰ ਸਿੱਖ ਸਭ ਹੀ ਜੋ ਭਾਈ ਖਾਰੇ[12] ਨਗਰ ਕੇ ਮਾਹਿ[13]।

1. ਪਵਿਤ੍ਰ। 2. ਵਿਸ਼ਨੂ ਰੂਪ ਸ੍ਰੀ ਦਸ਼ਮੇਸ਼ ਜੀ। 3. ਨਵੀਂ ਤਾਜ਼ੀ। 4. ਭੇਜ ਦਿਤੀਆਂ। 5. ਸਥਾਨ। 6. ਹਿਰਾਤ, ਅਫ਼ਗ਼ਾਨਿਸਤਾਨ ਦਾ ਇਕ ਪ੍ਰਸਿੱਧ ਨਗਰ। 7. ਈਰਾਨ। 8. ਵਡਗਾਮ (ਕਸ਼ਮੀਰ ਦਾ ਇਕ ਪ੍ਰਸਿੱਧ ਸਥਾਨ)। 9. ਦੋਵੇਂ ਡੇਹਰੇ : ਡੇਰਾ ਗ਼ਾਜ਼ੀ ਖ਼ਾਨ ਅਤੇ ਡੇਰਾ ਇਸਮਾਈਲ ਖ਼ਾਨ। 10. ਸਿੰਧ ਦਰਿਆ ਦੇ ਕਿਨਾਰੇ ਜੋ ਪੁਰ (ਨਗਰ) ਹਨ। 11. ਸੋਮਸਰੁ, ਪ੍ਰਭਾਸ ਤੀਰਥ। 12. ਜ਼ਿਲਾ ਗੁਜਰਾਤ (ਪਾਕਿਸਤਾਨ) ਦਾ ਇਕ ਪਿੰਡ। 13. ਪਾਠਾਂਤਰ—ਔਰ ਸਿਖ ਸਭ ਹੀ ਜੋਈ ਭਾਈ ਕੇ ਖਾਰੇ ਮਾਹਿ (ਮੋ. ਬਾ. ੭੧)।

ਗ੍ਰਾਮ ਜੋ ਸਭ ਭਿਨ ਕਰ ਕਰ ਲਿਖਜੇ ਹੇਮ ਸੁ ਤਾਹਿ ॥ [੬॥]
ਔਰ ਤਿਨ ਕੇ ਸੰਗ ਜੋ ਅਤਿ ਜਨਮ ਰੋੜੇ[1] ਜਾਨ।
ਤਿਨ ਕੋ ਸੁ ਹੁਕਮ ਬਨਾਇ ਕੈ, ਦੇਹੁ ਦਰਸ ਹਿਤ ਧਰ ਮਾਨ।
ਔਰ ਤਿਨ ਕੇ ਸੰਗ ਨਾਨਾ[2], ਸਿੱਖ ਅਧਿਕ ਸੁ ਬੀਰ।
ਨਹਿ ਵਿਸਾਹੁ ਮਸੰਦ ਕੋ, ਤੁਮ ਜਾਨੀਏ ਅਤਿ ਧੀਰ ॥ [੭॥]
ਬਧਿ ਹੇ ਬੁਧਵੰਤ ਨਾਮੁ ਸੁ ਲਿਖਜੋ ਤਾਹਿ ਬਨਾਇ।
ਗ੍ਰਾਮ ਗ੍ਰਾਮਨ ਕੇ ਭਈ, ਤਹਿ ਪਠੇ[3] ਸਿਖ ਲਖਾਇ।
ਇਕ ਨਾਹਿ ਹੁਕਮ ਸੁ ਮਾਨਿਯੋ ਰਹੈ ਦਖਨੰ ਕੇ ਗ੍ਰਾਮ।
ਖੁਸੀ ਤੁਰਕਨ ਕੋ ਭਈ, ਭਾਈ ਜਤਾਯੋ ਨਾਮ ॥ [੮॥]
ਇਹ ਭਾਂਤ ਸਿੱਖ ਅਨੇਕ ਆਏ। ਸੰਗਤੀ ਅਤਿ ਤਾਹਿ।
ਗੁਜਰਾਤ ਔਰ ਵਜੀਰਵਾਦੰ, ਗੁਰੂ ਕੋਠੇ[4] ਮਾਹਿ।
ਨਹੀ ਗਾਥ ਬਰਨੀ ਜਾਤ ਹੈ ਜੋ ਲਵ ਪੁਰੀ[5] ਕੇ ਆਹਿ।
ਉਹ ਥਾਉ ਨਾਹੀ ਸੋਭ ਹੈ ਜੋ ਸਿਖ ਅਯੋ ਜਗ ਜਾਹਿ ॥ [੯॥]
ਕਲਾਲ ਔ ਸਿਖ ਭਾਟੀਏ, ਰਾਵੀ ਜੰਮੂ ਕੇ ਦੇਸ।
ਪਸਰੂਰ ਸੰਗਤਿ ਦੀਨ ਕੇ ਸਭ ਅਏ ਸਿਖਨ ਵੇਸ।
ਮਾਝਾ ਜੋ ਦੇਸ ਤੇ ਆਦਿ ਲੈ, ਪੁਨਿ ਬੀਚ ਦੁਆਬਨ ਮਾਹ।
ਸਤ ਦ੍ਰੂ[6] ਤੀਰ ਬਿਪਾਸ ਕੇ, ਪੁਨਿ ਬੀਚ ਰੋਹ[7] ਕੇ ਆਹ ॥ [੧੦॥]
ਪੁਨਿ ਪਰਬਤੀ[8] ਕੇ ਦੇਸ ਕੇ, ਪੁਨਿ ਭਗਤੂਅਨ[9] ਕੇ ਹੇਰ।
ਭਰਥ ਗੜ੍ਹ, ਜੈ ਪੁਰ ਬੰਕਾ[10], ਪੁਨਿ ਔਰ ਦੇਸਨ ਜੇਰ।
ਸਰਬ ਦੱਖਨ ਮਾਹਿ ਜੇ ਪਠ ਮੇਵੜੇ ਪਰਬੀਨ।
ਕਾਂਸੀ ਪੁਰੀ ਪਟਨੇਸ[11] ਜੋ ਲਖਨਊ ਆਦਿ ਸੁ ਚੀਨ[12] ॥ [੧੧॥]
ਕੋਸਲ ਪੁਰੀ ਪ੍ਰਾਗ ਮੈ ਨਹਿ ਬਰਨ ਸਕਹੋ ਜਾਨ।
ਰਾਮਪੁਰ ਤੇ ਆਦਿ ਢਾਕਾ, ਹੈ ਬੰਗਾਲਾ ਥਾਨ।
ਅਤਿ ਦੇਸ ਜੋ ਸਰਬਤ ਹੈਂ, ਪੁਨਿ ਸਿਖ ਮੈਣੀ[13] ਆਹਿ।
ਪਟਨ[14] ਕੋ ਇਕ ਅਯੋ ਸਿਖ, ਜੋ ਅਹੈ ਨੀਰ ਪਿਵਾਇ ॥ [੧੨॥]
ਪੁਨਿ ਔਰ ਜੋ ਪੁਰ ਆਮਦੰ[15], ਤਿਹ ਅਏ ਸਿਖ ਅਬੀਨ।
ਤਿਹਿ ਬੀਚ ਔਰ ਅਨੇਕ ਆਏ, ਔ ਲਬਾਨੇ ਦੀਨ।
ਚੋਦਿਸਾ ਸੰਗਤਿ ਗੁਰੂ ਕੀ, ਕੋ ਨਾਹਿ ਸਕਤਿਹ ਨਾਮ।

---

1. ਪਾਠਾਂਤਰ—ਕੁਲ ਅਰੋੜੇ (ਮੇ. ਬਾ. ੭੧)। 2. ਅਨੇਕ। 3. ਭੇਜੇ। 4. ਵਜ਼ੀਰਾਬਾਦ (ਪਾਕਿਸਤਾਨ) ਦਾ ਇਕ ਸਥਾਨ, ਜਿਥੇ ਸ੍ਰੀ ਗੁਰੂ ਗੋਬਿੰਦ ਜੀ (ਪਾਤਸ਼ਾਹੀ ੬) ਦਾ ਗੁਰਦੁਆਰਾ ਹੈ। 5. ਸ੍ਰੀ ਰਾਮ ਚੰਦ੍ਰ ਜੀ ਦੇ ਪੁਤ੍ਰ ਲਵ ਦਾ ਨਗਰ ਲਵਪੁਰ (ਲਾਹੌਰ)। 6. ਸਤਲੁਜ। 7. ਰੋਹੀ (ਜੰਗਲ) ਦਾ ਇਲਾਕਾ, ਮਾਲਵਾ। 8. ਪਹਾੜੀ। 9. ਭਾਈ ਭਗਤੂ ਦੇ ਖ਼ਾਨਦਾਨ ਨਾਲ ਸੰਬੰਧ ਰਖਣ ਵਾਲੇ। 10. ਬੀਕਾਨੇਰ। 11. ਪਟਨਾ (ਬਿਹਾਰ)। 12. ਜਾਣ। 13. ਮੈਣੀ ਸੰਗਤਿ, ਪਟਨਾ ਨਿਵਾਸੀ ਫ਼ਤਹ ਚੰਦ ਮੈਣੀ ਖਤ੍ਰੀ ਦੇ ਨਾਂ ਤੇ ਕਾਇਮ ਹੋਈ ਸੰਗਤਿ। ਇਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਸਿੱਖ ਸੀ। ਮੈਣੀ ਸੰਗਤਿ ਦਾ ਦੂਜਾ ਨਾਮ 'ਛੋਟੀ ਸੰਗਤਿ' ਵੀ ਹੈ। 14. ਪਟਨਾ, ਭਾਵ ਪੂਰਬ ਦੇਸ਼। 15. ਆਇਆ।

ਦੂਨੀ ਚੰਦ ਸੋਹਿਤ ਔਰ ਸੁ ਰਾਮ ਕੁਯਰ ਪਛਾਨ ॥੩॥ [੧੩॥]

**ਭੁਜੰਗ ਛੰਦ।** ਲਿਖਯੋ, ਆ ਚੜ੍ਹੋ ਯਾਹਿ ਪੋਤੰ[1] ਨਵੀਨੰ। ਗੁਰੂ ਖਾਲਸਾ ਪੰਥ ਯਾਸੋ ਨ ਚੀਨੰ

ਚਲੇ ਨੇਬ ਸਾਰੇ ਮਸੰਦੰ ਗਨਾ[2] ਹੀ। ਚਹੂੰ ਓਰ[3] ਦੇਸੰ ਗੁਰੂ ਗੀਤ ਗਾਈ॥ [੧੪॥]

ਭਈ ਯਾ ਬਿਧਾਨੰ[4] ਸੁ ਗ੍ਰੀਖਮ[5] ਅੰਤੰ। ਅਈ ਪਾਵਸੰ[6] ਰੂਪ ਸੋਭਾ ਲਸੰਤੰ।

ਦੂਨੀ ਚੰਦ ਸੰਗੰ ਸੁ ਮਾਝਾ ਅਲਾਏ[7]। ਖੰਡੇ ਪਾਹਲੰ ਲੀ ਗੁਰਬਖਸ ਸਿੰਘ ਧਾਏ॥ [੧੫॥]

ਸੁ ਬੇੜਾ ਮਲਾਹੰ ਗੁਰੂ ਯੌ ਉਚਾਰਾ। ਬਡੋ ਸਿੰਘ ਅਤੀਤ ਗੁਰ ਢਿਗ ਉਦਾਰਾ।

ਕਰੈ ਦਰਸ ਆਪੰ ਗੁਰੂ ਰੂਪ ਜੋਈ। ਭਈ ਯੌ ਖੁਸੀ ਯਾਹਿ ਐਸੀ ਨ ਹੋਈ॥ [੧੬॥]

ਅਈ ਪਾਵਸੰ ਰੁਤ ਸੋਭਾ ਲਸੰਤੰ। ਘਟਾਯੰ ਛਟਾਯੰ[8] ਨਹੀ ਜਾਨ ਅੰਤੰ।

ਅਈ ਸੀਤ ਰੁਤੰ[9] ਮਹਾ ਸੋ ਛਬਾਹੀ[10]। ਅਈ ਦੀਪ ਮਾਲਾ ਬਿਜੈ ਉਲੰਘ ਤਾਹੀ[11]॥ [੧੭॥]

ਅਈ ਸੰਗਤਾਂ ਦੂਰ ਦੂਰੰ ਸੁਧਾਰੰ। ਮਹਾ ਸੋਭ ਧਾਰੇ ਅਨੰਤੰ ਪ੍ਰਕਾਰੰ।

ਕਈ ਭੇਟ ਆਵੈ ਸੋ ਕੋਟਾਨ[12] ਦਾਨੰ। ਪਟੰ[13] ਭੂਖਨੰ ਬਾਜ ਰਾਜੰ[14] ਸੁਥਾਨੰ।

ਮਨੀ ਹੀਰ ਚੀਰੰ[15] ਅਨੰਤੰ ਅਪਾਰੰ। ਸਭੈ ਰਿੱਧ ਸਿਧੰ ਗੁਰੂ ਕੇ ਭੰਡਾਰੰ॥੪॥ [੧੮॥]

**ਸਵੈਯਾ।** ਨਾਦ ਮ੍ਰਿਦੰਗ ਉਪੰਗ ਬਜਾਵਤ, ਕੀਰਤਿ ਗਾਥ[16] ਨਿਸਾ ਅਹਿ[17] ਗਾਵੈ।

ਆਨ ਕੈ ਸੰਗਤਿ ਦਰਸ ਕਰੈਂ ਗੁਨ, ਆਨੰਦ ਸਹਿਤ[18] ਸਭੈ ਜਨ ਭਾਵੈ।

ਚੌਦਿਸ ਤੀਰ ਕੇ ਗ੍ਰਾਮ ਅਏ ਸਭ, ਅੰਤ ਨ ਆਵਤ ਜੋ ਗਨ[19] ਜਾਵੈ।

ਘਾਸ ਤ੍ਰਿਨਾ[20] ਕਛੁ ਪਾਯਤ ਦਾਰੁ[21] ਨਾ, ਆਨ ਕੈ ਸਿੱਖ ਗੁਰੂ ਕੋ ਸੁਨਾਵੈ ॥੫॥ [੧੯॥]

ਹੈ[22] ਗੈ[23] ਪੱਛ ਪਸੂ ਦੁਖ ਪਾਵਤ, ਪੰਥ ਅਰਦਾਸ ਕਰੀ ਗੁਰ ਪਾਹੀ।

ਸ੍ਰੀ ਗੁਰ ਆਪ ਬਖਾਨਤ ਭੇ, ਤਬ ਮੋਦ ਬਢਾਇ ਕਹਯੋ ਮੁਖ ਮਾਹੀ।

"ਦੇਸ ਪਹਾੜ ਕੀ ਲੀਜੈ ਕਹੀ[24] ਕਰ, ਰਾਜਨ ਗ੍ਰਾਮ ਲਖੋ ਜਿਤਨਾਹੀ।

ਰੰਚਕ ਤ੍ਰਾਸ ਕਰੋ ਨ ਮਨੰਤਰ[25], ਮਾਰ ਕੈ ਲੂਟ ਸੁ ਧੂਮ ਮਚਾਹੀ" ॥੬॥ [੨੦॥]

**ਦੋਹਰਾ।** ਯੌ ਸੁਨ ਸਿੱਖ ਚੜ੍ਹੇ ਤਬੈ, ਦੇਸ ਦੇਸ ਕਰਿ ਲੂਟ।

ਰਾਜਨ ਪੁਰ ਹਲ ਚਾਲ ਭੀ[26], ਦੂਖ ਜਗਤ ਸਭ ਕੂਟ ॥੭॥ [੨੧॥]

### [ਪਹਾੜੀਆਂ ਦੀ ਔਰੰਗਜ਼ੇਬ ਪਾਸ ਸ਼ਿਕਾਇਤ]

**ਚੌਪਈ।** ਹਤੇ ਕ੍ਰਿਸਾਨ ਜਾਤ ਨ੍ਰਿਪ ਪਾਹੀ। ਤਿਨ ਦੀ ਸੈਨਾ ਅਧਿਕ ਲਿਆਹੀ।

ਸਿੰਘਨ ਪਰ ਬਲ ਤਾਹ[27] ਨ ਹੋਈ। ਪੁਨਿ ਭਾਖੈਂ ਹਜਰਤ[28] ਪੈ ਰੋਈ॥ [੨੨॥]

ਜਾਇ ਅਉਰੰਗ ਸਾਹ ਕੀ ਸੈਨਾ। ਲੈ ਆਵੈ ਮਾਰੈ ਇਨ ਚੈਨਾ।

---

1. ਜਹਾਜ। 2. ਮਸੰਦ ਗਣ, ਮਸੰਦਾਂ ਦੇ ਸਮੂਹ। 3. ਚਾਰੇ ਪਾਸੇ। 4. ਇਸ ਬਿਧਿ (ਤਰੀਕੇ) ਨਾਲ। 5. ਜੇਠ-ਹਾੜ੍ਹ ਦੀ ਰੁਤ। 6. ਬਰਖਾ (ਬਰਸਾਤ) ਦੀ ਰੁਤ। 7. ਕਹੇ, ਬੋਲੇ। 8. ਬੱਦਲਾਂ ਦੀਆਂ ਘਟਾਵਾਂ ਦੀ ਸ਼ੋਭਾ। 9. ਸਰਦ ਰੁਤ। 10. ਛੱਬ ਵਾਲੀ। 11. ਅੱਸੂ ਦੀ ਵਿਜਯ ਦਸਵੀਂ (ਦਸਹਿਰਾ) ਲੰਘ ਕੇ। 12. ਕਰੋੜਾਂ ਹੀ। 13. ਰੇਸ਼ਮੀ ਵਸਤ੍ਰ। 14. ਬਾਜਿਰਾਜ, ਘੋੜੇ। 15. ਵਸਤ੍ਰ 16. ਪਾਠਾਂਤਰ—ਨਾਥ (ਮੋ. ਬਾ. ੭੧)। 17. ਅਹਿਨਿਸ, ਦਿਨ ਰਾਤ। 18. ਪਾਠਾਂਤਰ—ਅਨੰਦ ਸਹਿਰ (ਮੋ. ਬਾ. ੭੧)। 19. ਗਿਣਿਆ। 20. ਘਾਹ-ਪੱਠਾ। 21. ਲਕੜ। 22. ਘੋੜੇ। 23. ਗਜ, ਹਾਥੀ। 24. ਪੁਰਾਤਨ ਸਮੇਂ ਵਿਚ ਮਾਲ ਵਿਭਾਗ ਦੇ ਕਰਮਚਾਰੀ ਕਿਸੇ ਖੇਤ ਦੀ ਉਪਜ ਦਾ ਹਿਸਾਬ ਲਗਾ ਕੇ ਕਹੀ ਨਾਲ ਵੱਟਾਂ ਪਵਾ ਦਿੰਦੇ ਸਨ, ਉਸ ਦਾ ਨਾਮ 'ਕਹੀ ਕਰਨਾ' ਪ੍ਰਚਲਿਤ ਸੀ। 25. ਮਨਅੰਤਰ ਮਨ ਵਿਚ। 26. ਰਾਜਿਆਂ ਅਤੇ ਨਗਰਾਂ ਵਿਚ ਹਲਚਲ ਮਚ ਗਈ। 27. ਉਨ੍ਹਾਂ ਦਾ। 28. ਬਾਦਸ਼ਾਹ।

ਕਈ ਭੇਟ ਲੈ ਦਿੱਲੀ ਆਏ। ਔਰੰਗ ਸਾਹਤੀਰ ਘਿਘਿਆਏ ॥[੨੩॥]
ਕਾਜੀ ਮੁਫਤੀ ਕੋ ਲੈ ਸੰਗਾ। ਬੇਨਤਿ ਕਰੀ ਬਹੁਤ ਦੁਖ ਰੰਗਾ।
"ਹਜਰਤ ਨਜਾਇ ਹਮਾਰੋ ਕੀਜੈ। ਕਾਹਿ ਤੁਮਹਿ ਦੁਖਾਯੋ ਖੀਜੈ ॥[੨੪॥]
ਸਾਹਿ ਸਲਾਮਿਤ ਰਹੋ ਸਦਾਈ। ਹਜਰਤ!" ਭੀਮੇ ਚੰਦ ਸੁਨਾਈ।
ਤਬ ਕਾਜੀ ਨੇ ਬੈਨ ਬਖਾਨਾ। "ਸੁਨੋ ਸਾਹ ਹਜਰਤ ਸੁਲਤਾਨਾ ॥[੨੫॥]
ਰੈਯਤ ਸਾਹ ਕਦੀਮ ਪਛਾਨੋ। ਰਾਜਨ ਸਰਬ ਸਿਰੋਮਣਿ ਜਾਨੋ।
ਭੀਮ ਚੰਦ ਜਾਨੋ ਹੈ ਸੋਈ। ਸਭ ਰਾਜਨ ਕੋ ਰਾਜਾ ਜੋਈ" ॥[੨੬॥]
ਸੁਨਤੇ ਸਾਹ ਸਭਾ ਮਧ ਕਹਾ। "ਏ ਫਰਿਆਦੀ ਕਾ ਪਰ ਅਹਾ[1]?"
ਹਾਥ ਜੋੜ ਰਾਜਾ ਤਬ ਗਾਏ। "ਹਜਰਤ! ਸੁਨੀਏ ਦੂਖ ਸਬਾਏ ॥[੨੭॥]
ਨਾਨਕ ਕੀ ਗੱਦੀ ਬਰ ਜੋਈ। ਸੁਨੀ ਹੋਤ ਹਜਰਤ! ਤੁਮ ਸੋਈ।
ਸੋਢੀ ਰਾਮ ਦਾਸ ਕੋ ਨਾਤੀ[2]। ਗੋਬਿੰਦ ਸਿੰਘ ਨਾਮ ਸੁਖ ਕ੍ਰਾਂਤੀ[3] ॥[੨੮॥]
ਪੂਰਬ ਤੇ ਪ੍ਰਥਮੈ ਵਹੁ ਆਯੋ। ਹਮਰੇ ਦੇਸਨ ਮਹਿ ਠਹਿਰਾਯੋ।
ਸ੍ਰੀ ਨਾਨਕ ਕਾ ਧਾਮ ਪਛਾਨਾ। ਤਾਂ ਸੋ ਕਛੂ ਨ ਬੈਨ ਬਖਾਨਾ ॥[੨੯॥]
ਫੈਲ ਗਯੋ ਅਬ ਹੀ ਲਖ ਪਾਯੋ[4] ਯਾ ਤੇ ਮਾਰ ਸੁ ਦੂਰ ਉਠਾਯੋ।
ਸਾਰਮੋਰ[5] ਮੈ ਬਸਤ ਤਹਾਂ ਹੀ। ਤਹਾਂ ਠੌਰ ਅਤਿ ਰਾਰ[6] ਬਢਾਈ ॥[੩੦॥]
ਹਮ ਰਾਵਨ ਸੋ ਅਤਿ ਕਰ ਕੋਪਾ। ਮਾਰ ਦਏ ਤਿਹ ਠਾਂ ਅਤਿ ਰੋਪਾ।
ਪੁਨਿ ਆਯੋ ਹੈ ਤਾ ਪੁਰ ਦੇਸਾ। ਕਾਲੂਰਹਿ[7] ਕੋ ਦੇਸ ਸੁ ਵੇਸਾ ॥[੩੧॥]
ਆਨੰਦ ਪੁਰ ਇਕ ਨਗਰ ਬਸਾਯੋ। ਪੂਜ ਕਾਲਿਕਾ ਦਰਸਨ ਪਾਯੋ।
ਤਾ ਨੇ ਬਰ ਪੁਨਿ ਖੰਡਾ ਕੀਨਾ, ਯਾ ਕਰ ਸੋ ਅਬ ਅਤਿ ਬਲ ਚੀਨਾ ॥[੩੨॥]
ਕਰਾਮਾਤ ਸੁਨਿ ਨ੍ਰਿਪਤਿ ਪ੍ਰਧਾਨਾ। ਪੁਨਿ ਤਿਨ ਅਪਨਾ ਪੰਥ ਚਲਾਨਾ।
ਹਿਦੂ ਤੁਰਕਨ ਕੋ ਮਤਿ ਡਾਰੀ। ਔਰੈ ਰੀਤਿ ਜਗਤ ਬਿਸਥਾਰੀ॥[੩੩॥]
ਚਾਰ ਬਰਨ ਇਕ ਬਰਨ ਪ੍ਰਕਾਰਾ। ਨਾਮ ਖਾਲਸਾ ਪੰਥ ਸੁਧਾਰਾ।
ਸੁਧਾ ਦੇਨ ਹਿਤ ਹਮੈ ਬੁਲਾਯੋ। ਹੋਹੁ ਖਾਲਸਾ ਯੋ ਫੁਰਮਾਯੋ ॥[੩੪॥]
ਰਾਜ ਜੋਗ ਤੁਮ ਕੋ ਮੈ ਦੀਨਾ। ਅਤ੍ਰ ਪਤ੍ਰ ਤੁਮਰੇ ਸਿਰ ਕੀਨਾ।
ਰਹਤ ਧਰੋ ਹਮਰੀ ਮਨ ਧਾਰੀ। ਬਦਾਸਾਹ ਸੰਗ ਸਮਰ[8] ਚਿਤਾਰੀ ॥[੩੫॥]
ਖੜਗ[9] ਕੇਤੁ ਮੋ ਹੋਤ ਸਹਾਈ। ਮੈ ਤੁਰਕਨ ਕੀ ਸਭਾ ਗਵਾਈ।
ਤੁਮ ਸੁ ਬਿਗਰਤ ਹਮ ਪਹਿਚਾਨੀ। ਤਾਕੀ ਬਾਤ ਧਰੀ ਨਹਿ ਕਾਨੀ[10]।
ਤਾ ਕਰ ਦੇਸ ਲੂਟ ਹਮ ਲੀਨੋ। ਹਮ ਆਏ ਤੁਮ ਪੈ ਲਖ ਚੀਨੋ ॥੮॥ [੩੬॥]

**ਗੀਆ ਛੰਦ।** ਸਾਧਜੇ ਨ ਜਾਵੈ ਹਮਨ ਤੇ, ਬਾਦਸਾਹ! ਸਕਤਿ ਨਾ ਹੈ ਤਹੀ।
ਅਬ ਕਰੋ ਕਾਮ ਹਮਾਰ ਜੂ, ਤੁਮ ਲੇਤ ਦਾਮਨ[11] ਕੋ ਸਹੀ।

---

1. ਇਹ ਕਿਸ ਅੱਗੇ ਫ਼ਰਿਆਦੀ ਹੋ ਕੇ ਆਏ ਹਨ। 2. ਪੋਤ੍ਰਾ। 3. ਤੇਜ ਪ੍ਰਤਾਪ ਵਾਲਾ। 4. ਜਾਣਿਆ, ਪਤਾ ਲੱਗਾ। 5. ਨਾਹਨ ਰਿਆਸਤ ਦਾ ਇਲਾਕਾ, ਜੋ ਅੰਬਾਲੇ ਤੋਂ ਚੜ੍ਹਦੇ ਵਲ ਜਮਨਾ ਤੇ ਸਤਲੁਜ ਦੇ ਵਿਚਕਾਰ ਹੈ। 6. ਝਗੜਾ, ਦੰਗਾ-ਫ਼ਿਸਾਦ। 7. ਬਿਲਾਸਪੁਰ ਰਿਆਸਤ ਦਾ ਇਲਾਕਾ। 8. ਜੰਗ, ਯੁੱਧ। 9. ਖੜਗਧਾਰੀ (ਅਕਾਲ ਪੁਰਖ)। 10. ਕੰਨਾਂ ਵਿਚ। 11. ਹਾਲਾ, ਮੁਆਮਲਾ, ਰਾਜ-ਕਰ।

ਅਤਿ ਦਾਮ ਹਮ ਤੁਮਰੇ ਭਰੇ, ਪੁਰ ਆਨੰਦੰ ਲੈ ਦੀਜੀਐ।
ਨਾਤਰ[1] ਨ ਜਾਨੋ ਸਾਹ ਜੀ, ਅਬ ਬਿਦਾ ਦਸ ਤੈਂ[2] ਦੀਜੀਐ॥ [੩੭॥]
ਤਾ ਕੀ ਸੁਰੈਯਤ ਹੋ ਰਹੈਂ, ਸਬ ਆਨ ਤੁਮਰੀ ਹਮ ਮਨੇ।"
ਸੁਨ ਸਾਹ ਕੋਪਾ ਬੈਨ ਭਨ, ਚਹੂੰ ਓਰ ਪੇਖੇ ਰਿਸ[3] ਘਨੇ।
ਕੋ ਹੈ ਹਮਾਰੇ ਤੀਰਨੰ, ਤਹਿ ਖਾਨ ਥੇ ਪੁਨਿ ਮੀਰਨੰ।
ਉਮਰਾਓ ਸੈਯਦ ਥੇ ਦੁਰਾਨੀ ਪੁਨਹਿ ਹਬਸੀ ਭੀਰਨੰ[4] ॥ [੩੮॥]
ਖਟਕ ਐ ਪੁਨਿ ਜਈ ਈਸਬ[5], ਔਰ ਜਾਤਾ ਦੁਸਤਰੰ[6]।
ਸਬ ਪਾਨ[7] ਜੋੜੇ ਖੜੇ ਥੇ, ਤਹਿ ਮਾਹਿ ਥੇ ਇਕ ਅਸਤਰੰ[8]।
ਸੂਬਾ ਲਹੌਰੇ ਕੋ ਬਡੋ, ਤਿਨ ਜੋੜ ਕਰ ਸਿਜਦਾ ਕੀਯੋ[9]।
ਧਰ ਪਾਨ ਬੀੜਾ ਬਾਕ ਤਿਨ ਐਸੇ ਕਹਜੋ, ਜਨੁ ਮਦ[10] ਪੀਯੋ ॥੯॥ [੩੯॥]

ਸਵੈਯਾ। "ਯਾ ਕਰ ਮਾਰਨ ਹੈ ਸੁਗਮੰ[11], ਅਰੁ ਹਜਰਤ ਕੋ ਇਕ ਬਾਲਹਿ[12] ਪਾਊ।
ਜੇ ਕਹੋ ਬਾਂਧ ਲਿਆਵਹੁੰ ਤਾ ਕਹੁ, ਜੇ ਕਹੋਂ ਮਾਰ ਕੇ ਧੂਰ ਮਿਲਾਊ।
ਗੈਨ[13], ਪਤਾਰ[14] ਸਥਾਰ ਕਰੋ ਗਿਰਿ[15], ਯਾ ਕਰ ਕੇਤਕ ਹੈ ਬਲ ਜਾਊਂ।
ਜੇ ਕਹੋ ਬੋਰ[16] ਦਿਜੈ ਸਰਿਤਾ[17] ਮਧ ਨੈਕ[18] ਹੂੰ ਜੇ ਕਰ ਆਯਸ ਪਾਊਂ[19]" ॥੧੦॥ [੪੦॥]

[ਮੁਗ਼ਲੇਈ ਫ਼ੌਜ ਦੀ ਆਨੰਦ ਪੁਰ ਉੱਤੇ ਚੜ੍ਹਾਈ, ਜੰਗ ਤੇ ਹਾਰ]

ਛਪੈ। ਤਬੈ ਸਾਹ ਔਰੰਗ ਦੀਨ ਸੈਨਾ ਤਿਹ ਅਨਗਨ।
ਦਸ ਲਖ ਸੈਨ ਸੁ ਨਿਜਦ[20] ਅੱਤਿ, ਤਿਹ ਦੀਨ ਸੋ ਹੈ ਘਨ[21]।
ਔਰ ਪਹਾੜੀ ਸੈਨ, ਨਾਹਿ ਜਾਵਤ ਹੈ ਗਨੀਅਤ।
ਪੂਰਬ ਉੱਤਰ ਪਸਚਮੀ, ਦੀਨ ਸੈਨਾ ਸੁ ਬਨੀਯਤ[22]।
ਚਲਿਯੋ ਸੋ ਸੂਬ ਲਹੌਰ ਕੋ ਨਹਿ ਛੋਰਨ[23] ਕੋ ਵਾਰ ਕਛ।
ਹਿੰਦੁਸਤਾਨ ਜਹਾਨ ਸਬ ਮਿਲਜੋ ਅਨੰਤ ਸੁਧਾਰ ਲਛ ॥੧੧॥ [੪੧॥]

ਸਵੈਯਾ। ਕੋਪ ਮਲੇਛ ਚੜ੍ਹੇ ਅਗਨੇ[24] ਜਿਮ, ਨੀਰਦ[25] ਕੀ ਧੁਨਿ ਢੋਲ ਵਜਾਹੀ।
ਮਾਰਗ ਮੈ ਸਰ ਕੂਪ ਨਦੀ ਰਦ[26] ਸੂਕਤ ਜਾਤ ਭਏ ਅਗਨਾਈ[27]।
ਕਾਂਪਤ ਭੂਪ ਭਈ ਸਗਰੀ, ਨਵਕਾ[28] ਜਨੁ[29] ਡੋਲ ਚੜੈ ਗਜ ਪਾਹੀ[30]।
ਸੂਰਜ ਗੈਨ[31] ਨਹੀਂ ਦ੍ਰਿਸਟਾਵਤ, ਕਾ ਪਰ ਸਾਹ ਔਰੰਗ ਕੂਕਾਹੀ ॥੧੨॥ [੪੨॥]
ਕੌਨ ਸੋ ਬੀਰ ਉਦਜੋ ਜਗ ਮੈ, ਜਿਨ ਔਰੰਗ ਸਾਹ ਸੌਂ ਧੂਮ ਮਚਾਈ।

---

1. ਨਹੀਂ ਤਾਂ। 2. ਆਪਣੇ ਹਥੀਂ। 3. ਕ੍ਰੋਧ ਨਾਲ। 4. ਹਬਸ਼ੀਆਂ ਦੀ ਭੀੜ। 5. ਖਟਕ ਤੇ ਈਸਬ ਜਈ ਜਾਤੀ ਦੇ ਪਠਾਣ। 6. ਭਾਵ-ਹੋਰ ਕਰੜੀਆਂ ਜਾਤੀਆਂ ਦੇ ਲੋਕ। 7. ਹੱਥ। 8. ਅਸਤਰਾਖਾਨੀ ਪਠਾਣ। 9. ਸਿਜਦਾ ਕੀਤਾ, ਨਮਸਕਾਰ ਕੀਤੀ। 10. ਸ਼ਰਾਬ। 11. ਇਸ ਦਾ ਮਾਰਨਾ ਸੌਖਾ (ਸੁਖਾਲਾ) ਹੈ। 12. ਤੇਜ ਪ੍ਰਤਾਪ। 13. ਗਗਨ, ਆਕਾਸ਼। 14. ਪਾਤਾਲ। 15. ਪਹਾੜ। 16. ਡੋਬ। 17. ਨਦੀ। 18. ਥੋੜੀ ਜੇਹੀ। 19. ਆਗਿਆ। 20. ਨਿਕਟ (ਨੇੜੇ) ਰਹਣ ਵਾਲੀ। 21. ਪਾਠਾਂਤਰ—ਨ ਜਾਵਤ ਹੈ ਗਨੀ, (ਖ਼ਾ ਕਾ. ਆ. ੬੦੫)। 22. ਪਾਠਾਂਤਰ—'ਪੂਰਬ ਉਤਰ ਪਸਚਮ ਦੇਸ ਦਾਹਨੀ ਘਨੀ ਅਤਿ'। (ਮੋ. ਬਾ. ੭੧); ਟੀਨੀ ਸੈਨ ਜੁ ਅਨਗਨੀ। (ਖ਼ਾ ਕਾ. ਆ. ੬੦੫)। 23. ਪਾਠਾਂਤਰ—ਛੋਰਨ (ਮੋ.ਬਾ. ੭੧)। 24. ਅਣ-ਗਿਣਤ। 25. ਬੱਦਲ। 26. ਸ਼੍ਰੇਣੀ, ਕਤਾਰ। 27. ਅਣ-ਗਿਣਤ। 28. ਨੌਕਾ, ਬੇੜੀ। 29. ਜਾਣੋ। 30. ਗਜ (ਹਾਥੀ) ਦੇ ਪਾਹੀ (ਪੈਰ ਧਰਨ ਨਾਲ) ਡੋਲ ਜਾਂਦੀ ਹੈ। 31. ਗਗਨ (ਆਕਾਸ਼) ਵਿਚ।

ਜਾਹਿ ਰਕਾਬ ਕੇ ਸੰਗ ਰਹੈਂ ਭਟ, ਚਾਲਿਸ ਲਾਖ ਅਨੰਤ ਬਲਾਈ।
ਜੋਇ ਨਿਵਾਜ ਸਦਾ ਪੜ੍ਹਤੋ, ਪੁਨਿ ਜਾਇ ਮਕੈ ਇਕ ਪਲ ਨ ਬਿਤਾਈ।
ਯਾ ਬਿਧਿ ਸੋ ਚਲਿਯੋ ਦਲ ਆਵਤ, ਕੇਤਕ ਦਯੋਸ[1] ਮੈ ਬਾਵਨੀ[2] ਆਈ ॥੧੩॥ [੪੩॥]

ਦੋਹਰਾ। ਸਹਰ ਸਿਰੰਦਹਿ ਕੇ ਬਿਖੈ, ਉਤਰੇ ਦਲ ਤੁਰਕਾਨ।
ਯੋ ਸੁਨ ਭੇਵ ਤਿਨੈ ਤਬੈ, ਸੰਗਤਿ ਚਿਤਾ ਠਾਨ ॥੧੪॥ [੪੪॥]

ਚੌਪਈ। ਪੁਰ ਸੰਗਤਿ ਮਿਲ ਕਰਤ ਬਿਚਾਰਾ। ਗੁਪਤ ਬਾਤ ਕਛੁ ਲਿਖੀਏ ਧਾਰਾ।
ਇਤ ਤੇ ਭੇਦ ਲੋਕ ਨਹਿ ਪਾਵੈ। ਓਤੈ ਸੁਚੇਤ ਪ੍ਰਭ ਹੋਇ ਜਾਵੈ ॥ [੪੫॥]
ਯਾ ਬਿਧਿ ਸੋ ਤਿਨ ਬਾਤ ਬਨਾਈ। ਗੁਪਤ ਬਾਤ ਲਿਖ ਇਤੈ ਪਠਾਈ।
"ਦੱਖਨ ਦੇਸ ਪ੍ਰਭੂ ! ਇਕ ਨਾਯਕ[3]। ਸਕਲ ਦੇਸ ਹੈ ਜਾ ਕੋ ਪਾਯਕ[4] ॥ [੪੬॥]
ਮਨਜ ਪਰਸਤਵ[5] ਤਾਕੀ ਨਗਰੀ। ਦੇਸ ਦੇਸ ਕੇ ਬੀਚ ਉਜਗਰੀ।
ਹਰਖਵਾਨ ਵਹਿ ਤੁਮ ਪਰ ਭਯੋ। ਟਾਂਡਾ[6] ਅਧਿਕ ਜੋੜ ਤਿਨ ਕਯੋ ॥ [੪੭॥]
ਏਕ ਗੁਲਾਮ ਸੰਗ ਦੇ ਭਾਰੋ। ਆਯੋ ਅਧਿਕ ਓਪ ਬਲ[7] ਧਾਰੋ।
ਸੌਦਾ ਸਾਰ ਆਪ ਸੰਗ ਕੈ ਹੈ। ਤੁਮ ਕੋ ਦੈ ਆਪ ਨ ਸੁਖ ਪੈ ਹੈ ॥ [੪੮॥]
ਤੁਮ ਯਾ ਕੋ ਆਦਰ ਸਭ ਕਰੀਐ। ਲੋਹਾ[8] ਅਧਿਕ ਭੇਟ ਇਹ ਧਰੀਐ।
ਟਾਂਡਾ ਹੈ ਪ੍ਰਭੁ ! ਯਾ ਸੰਗ ਭਾਰੋ। ਤੁਮ ਆਪਨੋ ਨਿਜ ਬਿਰਦ ਸੰਭਾਰੋ ॥੧੫॥ [੪੯॥]

ਦੋਹਰਾ। ਪਵਨ ਤਾਤ ਸਸਿ ਰਾਵ[9] ਜੋ, ਜਾਹਰ ਸਕਲ ਜਹਾਨ।
ਆਪ ਤੇਜ ਲਖ ਦੂਖਿਤ ਹ੍ਵੈ, ਲਜਾਯੋ ਇਨੈ ਪਛਾਨ" ॥੧੬॥ [੫੦॥]

ਚੌਪਈ। ਯਾ ਬਿਧਿ ਸੰਗਤਿ ਲਿਖੀ ਬਨਾਈ। ਪੁਨਿ ਉਗਰਾਹੀ ਨਿਜ ਕਰਵਾਈ।
ਪਾਂਚ ਸਹੰਸ੍ਰ[10] ਜੋਰ ਤਿਨ ਦਾਂਮਾ। ਤਾ ਦਾਰੂ ਸਿੱਕਾ ਅਤਿ ਕਾਮਾ ॥ [੫੧॥]
ਨਾਮ ਲੋਨ ਕਾ ਲੀਨਾ ਭਾਰੀ। ਪੰਚ ਸੌ ਧੇਨ ਜਲ ਦੇ ਸੁਧਾਰੀ।
ਨਾਂਮ ਖੇਪ[11] ਕਾ ਧਰ ਲੰਘਵਾਏ। ਸਿਰੀ ਨਗਰ ਕੋ ਪਠਨ ਕਹਵਾਏ ॥ [੫੨॥]
ਮੁਹਰ ਛਾਪ ਕਰਵਾਇ ਲਬਾਨਾ। ਲੈ ਆਯੋ ਗੁਰ ਤੀਰ ਸੁਜਾਨਾ।
ਪੁਨਹਿ ਦੂਤ ਯਾ ਭਾਂਤ ਪਠਾਏ। ਲੂਟਕਾਰ ਗੁਰ ਕੈ ਅਸ ਕਾਏ ॥ [੫੩॥]
ਸੋ ਪਾਤੀ ਲੈ ਦੂਤ ਸੋ ਆਯੋ। ਆਪ ਜਹਾਂ ਦੀਵਾਨ ਲਗਾਯੋ।
ਖੋਲ ਪਤ੍ਰਿਕਾ ਸਤਿਗੁਰ ਸੁਨੀ। ਬਿਗਸਤ[12] ਬਾਤ ਸਭਨ ਪੈ ਭਨੀ ॥ [੫੪॥]
ਭੀਮ ਚੰਦ ਰਾਜਾ ਗਿਰਿ ਜਾਈ[13]। ਫਿਰਿਆਦ ਸਾਹ ਪੈ ਅਤਿ ਕਰਿ ਗਾਈ।
ਸੈਨ ਲਿਆਯੋ ਤੁਰਕਨ ਭਾਰੀ। ਤੁਮਹਿ ਸੋ ਡਰ ਜਿਨ ਕਰੋ ਸੁਧਾਰੀ ॥ [੫੫॥]
ਸਾਮੁਹਿ ਜੁੱਧ ਕਰੋ ਮਨ ਲਾਈ। ਜੀਤ ਹੋਇ ਤੁਮਰੀ ਅਧਿਕਾਈ।
ਆਯੁਧ ਤੀਰ ਤੁਫੰਗਨ ਚਾਂਪਾ। ਜਬਰ ਜੰਗ[14] ਹਥ ਨਾਲ[15] ਸੁ ਥਾਪਾ ॥ [੫੬॥]

---

1. ਦਿਨ। 2. ਸਰਹਿੰਦ ਬਾਵਨੀ ਜਿਸ ਵਿਚ ੫੨ ਇਲਾਕੇ ਸ਼ਾਮਿਲ ਸਨ। 3. ਵਣਜਾਰਿਆਂ ਦਾ ਸਰਦਾਰ (ਆਗੂ)। 4. ਪੈਦਲ, ਸਿਪਾਹੀ। 5. ਭਾਵ-ਦਿੱਲੀ। 6. ਵਪਾਰ ਦਾ ਸਾਮਾਨ। 7. ਭਾਵ-ਦਲ ਬਲ। 8. ਭਾਵ-ਸ਼ਸਤ੍ਰ-ਅਸਤ੍ਰ। 9. ਰਾਜਾ ਭੀਮ ਚੰਦ। 10. ਪੰਜ ਹਜ਼ਾਰ। 11. ਵਣਜ-ਵਪਾਰ ਦੀਆਂ ਚੀਜ਼ਾਂ। 12. ਵਿਕਸ ਕੇ, ਪ੍ਰਸੰਨ ਹੋ ਕੇ। 13. ਪਹਾੜੀ ਰਾਜਾ। 14. ਜੰਜੈਲ, ਲੰਮੀ ਬੰਦਕ। 15. ਜੋ ਬੰਦਕ ਕਿਸੇ ਸਹਾਰੇ ਤੋਂ ਬਿਨਾ ਹੱਥਾਂ ਨਾਲ ਹੀ ਚਲਾਈ ਜਾ ਸਕੇ।

ਪੁਨਹਿ ਲੂਟ ਸੋ ਕਰ ਅਤਿ ਲੀਨੋ। ਜੈਸੇ ਸੰਗਤਿ ਹੀ ਲਿਖ ਦੀਨੋ।
ਖੁਸੀ ਕਰੈ ਸਿੱਖਨ ਅਧਿਕਾਈ। ਜਹਿ ਤਹਿ ਦ੍ਰਿੜ ਮੋਰਚ ਕੀਏ ਰਾਈ ॥[੫੭॥]
ਪੁਨਿ ਕਹਿ ਗੁਰੂ ਬੈਨ ਸੁਖਕਾਰੀ। "ਤੁਮ ਅਸਵਾਰ ਤੀਨ ਸਤ ਭਾਰੀ।
ਗੋਪ ਹੋਇ ਮਗ ਕੰਦਰ[1] ਮਾਹੀ। ਜਾਹਿ ਓਰ[2] ਵੈ ਤੁਰਕਨ ਆਈ ॥ [੫੮॥]
ਜਬ ਹੀ ਸਭੈ ਲੰਘ ਕੇ ਆਵੈਂ। ਆਛੈ ਤੁਮ ਪਰਨੋ ਝਟ ਧਾਵੈਂ।
ਇਤ ਹਮ ਸਮਰ ਕਰੈਂ ਬਲ ਸੰਗਾ। ਉਤ ਹੱਲਾ ਤੁਮ ਕਰੋ ਨਿਸੰਗਾ।"
ਯਾ ਬਿਧਿ ਖਬਰ ਸਭਨ ਸੁਨ ਪਾਈ। ਪ੍ਰਾਤ ਮਲੇਛਨ ਸੌਂ ਸੁਨ ਪਾਈ ॥੧੭॥ [੫੯॥]

ਸਵੈਯਾ। ਰਾਤ ਬੀਤੀ ਜਬ ਪ੍ਰਾਤ[3] ਭਈ, ਤਬ ਸ੍ਰੀ ਅਰੁਨੇਸ[4] ਚੜ੍ਹਿਓ ਸੁਖਦਾਈ।
ਹੋਇ ਸੁਚੇਤ ਸਿਰੋਮਣਿ ਸਾਹਿਬ, ਬੈਠਤ ਭੇ ਪੁਰ ਆਨੰਦ ਠਾਈ।
ਰੂਪ ਅਨੂਪ ਸੁ ਥਾਨ ਬਿਲੋਕ ਕੈ, ਯੌਂ ਉਪਮਾ ਕਵਿ ਕੇ ਮਨ ਆਈ।
ਮਾਨੋ ਦਿਨੇਸ[5] ਉਦਜਾਚਲ[6] ਊਪਰ, ਰਾਜਤ[7] ਹੈ ਮਨਮੋਦ[8] ਬਢਾਈ ॥੧੮॥ [੬੦॥]

ਚੌਪਈ। ਊਪਰ ਦਿਪਤ[9] ਗਿਰੇਵਰ[10] ਭਾਰੀ। ਤਲੈ[11] ਬਾਗ ਸੁੰਦਰ ਛਬਿ ਧਾਰੀ।
ਰੂਖ[12] ਲਤਾ[13] ਨਾਨਾ ਤਰ ਕੰਜਾ[14]। ਭ੍ਰਮਰ[15] ਗੁੰਜਾਰਤ ਅਤਿ ਧੁਨਿ ਮੰਜਾ[16] ॥ [੬੧॥]
ਕੋਕਲ[17] ਕੀਰ[18] ਕਪੋਤ[19] ਰਟਾਹੀ। ਜਨੁ ਤਾਲਨ ਦਿਜ ਸ੍ਰੁਤੀ[20] ਭਨਾਹੀ।
ਤੀਰ ਨਦੀ ਲਲਿਤੰਗਤਿ ਵਾਰੀ[21]। ਜਨੁ ਸ੍ਰੀ ਜਾਨਵਿ[22] ਹੈ ਸੁਖਕਾਰੀ ॥ [੬੨॥]
ਰੋਮ ਰੋਮ ਰਸਨਾ ਜੇ ਗਈਐ। ਤਦਜਪਿ ਯਾ ਕਰ ਅੰਤ ਨ ਲਹੀਐ।
ਐਸੇ ਸ੍ਰੀ ਆਨੰਦ ਪੁਰ ਮਾਂਹੀ। ਬੈਠੇ ਆਨ ਪ੍ਰਭੂ ਬਰ ਆਹੀ ॥ [੬੩॥]
ਇਤ ਰਾਜਨ ਕੋ ਘਨ ਦਲ ਆਯੋ। ਉਤੇ ਮਲੇਛ ਅਏ ਅਗਨਾਯੋ[23]।
ਜਨ ਪੁਰ ਅਹੈ ਬਰੇਤੀ ਮਾਹੀ। ਨਿਧਿ ਕੇ ਨੀਰ ਸਮਾ[24] ਦਲ ਆਹੀ ॥ [੬੪॥]
ਤਹ ਅਸ ਜੁੱਧ ਹੋਇਗੋ ਭਾਰੀ। ਕਾਲ ਚੀਲ ਆਏ ਸੁਖਕਾਰੀ।
ਹੋਵੈ ਗੋ ਅਸ ਜੁੱਧ ਅਪਾਰਾ। ਚੌਸਠ ਜੋਗਨਿ ਹਰਖ ਪ੍ਰਚਾਰਾ ॥੧੯॥ [੬੫॥]

ਸਵੈਯਾ। ਰਾਜਨ ਕੋ ਅਰੁ ਦੂਤਨ ਕੋ, ਅਤਿ ਘੋਰ ਸੋ ਪੁੰਗੁ[25] ਬਡੋ ਦਲ ਆਯੋ।
ਸਿੰਧ ਜਰ[26], ਕਾਲ ਨੇਮਿ[27] ਕਿਧੌਂ, ਘਨ ਸਜਾਮ[28] ਕੇ ਊਪਰ ਕੋਪ ਬਢਾਯੋ।
ਆਨ ਘਮੰਡ ਸੁ ਚੰਡ ਪਰਜੇ, ਤਹ ਬਾਰਿਧਿ[29] ਜਜੋ ਜਗ ਅੰਤ ਕਵਾਯੋ[30]।
ਅਉਰ ਕਿਧੌਂ[31] ਦਲ ਹੈ ਮ੍ਰਿਗਾਵਲਿ[32] ਸੇਰ ਕਿਧੌਂ ਸੁਪਤੋ ਜਗਵਾਯੋ ॥੨੦॥ [੬੬॥]
ਸਾਹਨ ਸਾਹ ਗੁਰੂ ਸਿਰ ਤਾਜ ਪੈ, ਆਏ ਹੈਂ ਗੂਜਰ ਰੰਘੜ ਖਾਨਾ।
ਸੈਯਦ ਜਾਤ ਪਠਾਨਨ ਕੇ ਸੁਤ, ਔ ਰਜਪੂਤਨ ਕੀਨ ਉਠਾਨਾ।

---

1. ਪਹਾੜ ਦੀਆਂ ਕੰਦਰਾਂ ਦੇ ਮਗ (ਰਸਤੇ)। 2. ਜਿਸ ਓਰ (ਪਾਸੇ)। 3. ਸਵੇਰ। 4. ਸੂਰਜ। 5. ਦਿਨ ਦਾ ਈਸ਼੍ਵਰ (ਸੂਰਜ)। 6. ਉਹ ਅਚਲ (ਪਰਬਤ) ਜਿਥੋਂ ਸੂਰਜ ਉਦੈ ਹੁੰਦਾ (ਚੜ੍ਹਦਾ) ਹੈ। 7. ਸੋਹੰਦਾ। 8. ਆਨੰਦ। 9. ਸੁਭਾਇਮਾਨ। 10. ਗਿਰਿਵਰ, ਪਹਾੜ। 11. ਨੀਚੇ, ਹੇਠਾਂ। 12. ਰੁੱਖ, ਬ੍ਰਿਛ। 13. ਵੇਲਾਂ। 14. ਕਮਲ। 15. ਭੌਰੇ। 16. ਮਿੱਠੀ, ਮਨੋਹਰ। 17. ਕੋਇਲ। 18. ਤੋਤੇ। 19. ਕਬੂਤਰ। 20. ਵੇਦ-ਮੰਤ੍ਰ। 21. ਲਲਿਤ (ਸੋਹਣੀ ਲਚਕਦਾਰ) ਗਤਿ (ਚਾਲ) ਵਾਲੀ। 22. ਗੰਗਾ। 23. ਅਣਗਿਣਤ। 24. ਨਿਧਿ (ਸਮੁੰਦ) ਦੇ ਨੀਰ (ਪਾਣੀ) ਸਮਾਨ। 25. ਸਾਂਡ (ਢੱਟੇ) ਅਰਥਾਤ-ਸਾਨਾਂ ਵਾਂਗ। 26. ਮਗਧ ਦਾ ਰਾਜਾ ਜਰਾ ਸੰਧ, ਜੋ ਕ੍ਰਿਸ਼ਨ ਜੀ ਦੇ ਯਤਨ ਨਾਲ ਪਾਂਡਵ ਭੀਮ ਸੈਨ ਦੇ ਹੱਥੋਂ ਮਾਰਿਆ ਗਇਆ ਸੀ। 27. ਇਕ ਪ੍ਰਸਿੱਧ ਦੈਂਤ। 28. ਸ੍ਰੀ ਕ੍ਰਿਸ਼ਨ। 29. ਸਮੁੰਦ੍ਰ। 30. ਜਗ ਦਾ ਅੰਤ ਕਰਨ ਲਈ ਜਮ-ਰੂਪ। 31. ਉਸ ਸਮੇਂ। 32. ਮ੍ਰਿਗਾਂ ਦੀ ਡਾਰ।

ਸੇਖ ਦੁਰਾਨੀ ਅਗਨੇ[1] ਤਹਿ ਆਵਤ[2], ਤਾ ਲਖ ਸ੍ਰੀ ਗੁਰ ਆਗਮ ਜਾਨਾ।
ਕੀਨ ਨਿਦੇਸ[3] ਤਬੈ ਨਿਜ ਪੰਥਹਿ, ਮਾਰ ਡਰੋ[4] ਇਕ ਕੋ ਸਵਧਾਨਾ[5] ॥੨੧॥ [੬੭॥]
ਜੀਵਨ ਦਾਨ ਦਯੋ ਤੁਮ ਕੋ ਇਨ, ਨਾਸ ਕਿਯੋ ਪ੍ਰਭ ਕਾਲ ਸੁਧਾਰੀ।
ਭੈ ਗਤ ਹ੍ਵੈ[6] ਬਿਬਿਧਾਯੁਧ ਲੈ[7], ਤੁਮ ਸਮਰ ਕਰੋ ਜਸ[8] ਰੀਤਿ ਨ੍ਰਿਪਾਰੀ[9]।
ਮਾਨ ਕੇ ਆਯਸ ਸ੍ਰੀ ਗੁਰ ਕੀ, ਸਭ ਜਾਵਤ ਖਾਲਸਾ ਸਿੰਘ ਪ੍ਰਕਾਰੀ।
ਰੇ ਚਿਓ[10] ਅਬ ਜਾਹਿ ਨ ਜੀਵਤ, ਯੋ ਕਹਿ ਕੇ ਧੁਨਿ ਕੀ ਘਨਕਾਰੀ[11] ॥੨੨॥ [੬੮॥]
ਯਾ ਬਿਧਿ ਆਨ ਪਰਜੇ ਜਬ ਖਾਲਸ, ਹੋਤ ਭਈ ਤਬ ਲੱਥ ਅਪਾਰੀ।
ਉਤ ਹੀ ਸਭ ਖੋਹ ਤੇ ਬੀਰ ਅਏ, ਕਰਤੇ ਧੁਨਿ ਮਾਰਤ ਹੈਂ ਅਸਿ ਝਾਰੀ।
ਲੋਥਨ ਊਪਰ ਲੋਥ ਪਰੀ ਤਬ, ਭਾਜਤ ਭੇ ਸਸਿ[12] ਸਿੰਘ ਪ੍ਰਕਾਰੀ।
ਇਤ ਤੇ ਉਤ ਸੰਗਰ ਹੋਤ ਭਯੋ, ਜਨ ਰੈਨ ਭਈ ਲਖੀਏ ਨਾ ਸੁਧਾਰੀ ॥੨੩॥ [੬੯॥]

**ਬੇਲੀ ਬਿੰਦ੍ਰਮ ਛੰਦ।** ਕਹ ਕਹਸ[13] ਕੂਕਤ ਕੰਕਯੰ[14]। ਲਹਿ ਲਹਿ ਸੁ ਸਾਂਗਨ ਸੰਕਯੰ।
ਠਟ ਖਟਕ ਸੈਨ ਮਲੇਛਨੀ। ਜਨ ਜਮਕ ਧਾਮ ਗਈ ਘਨੀ ॥ [੭੦॥]
ਗੁਰ ਗੁਰਤ ਜਾਪ ਉਚਾਰ ਹੀ। ਅਲ ਅਲੀ ਭਾਖਤ ਸਾਰ ਹੀ।
ਘੁਰ ਘੁਰਤ ਢੋਲ ਮ੍ਰਿਦੰਗਨੰ। ਰਨ ਰਟਤ ਦੁੰਦਭਿ[15] ਅਗਨੰ ॥ [੭੧॥]
ਕਰ ਕਰਤ ਖੰਡਨ ਖੰਡਨੰ। ਧਰ ਧਰਤ ਮੰਡਨ ਮੰਡਨੰ।
ਤੜ ਤੜਤ ਤੁਪਕ ਬੋਲ ਹੀ। ਝੜ ਝੜਤ ਸੂਰ ਕਲੋਲ ਹੀ।
ਅਤ ਅਤਹਿ ਸੈਨ ਸੁ ਆਵਹੀ। ਘਨ ਘਨਹਿ ਸਮਤਾ ਧਾਵਹੀ ॥੨੪॥ [੭੨॥]

**ਦੋਹਰਾ।** ਘਨੀ ਸੈਨ ਤਾ ਪੇਖ ਕੈ, ਸਤਿਗੁਰ ਲਈ ਬੁਲਾਇ।
ਅਪਨੀ ਅਪਨੀ ਸੈਨ ਤਬ ਦੀਨੇ ਸਿੰਘ ਬੈਠਾਇ ॥੨੫॥ [੭੩॥]

**ਚੌਪਈ।** ਇਤੈ[16] ਮੋਰਚੈ ਸਿੰਘ ਬੈਠਾਏ। ਉਤ[17] ਘਨ[18] ਜਜੌਂ ਅਰਿ[19] ਕੇ ਦਲ ਆਏ।
ਬਾਜਤ ਸੁਤਰੀ ਬੰਬ ਨਗਾਰਾ। ਜੰਗ ਮੁਚੰਗ ਮ੍ਰਿਦੰਗ ਅਪਾਰਾ ॥ [੭੪॥]
ਪੂਰਬ ਜੀਤ ਭਈ ਗਰ ਕੇਰੀ। ਰੂਮ ਸਜਾਮ ਲੋ ਸੁਨੀ ਸੁ ਟੇਰੀ।
ਜੈ ਜੈ ਭਈ ਸੁਨੀ ਏ ਬਾਤਾ। ਉਦੈ ਅਸਤ ਲੋ ਭੀ ਬਿੱਖਜਾਤਾ ॥ [੭੫॥]
ਪ੍ਰਥਮ ਜੀਤ ਲਖ ਤੀਰ ਪਠਾਨਾ। ਆਯੋ ਤੀਰ ਪੁਰੀ ਭੈ ਮਾਨਾ।
ਸ੍ਰੀ ਗੁਰ ਇਤੇ ਬਿਰਾਜਈ, ਕਰਤ ਜਾਪ ਅਬਿਨਾਸ ॥੧੪॥ [੪੪॥]
ਸ੍ਰੀ ਗੁਰ ਸਤ੍ਰਨ ਨਾਸ ਇਮ, ਜਿਮ ਤਮ[9] ਨਾਸਤ ਭਾਨ[10]।
ਰਵਿ[11] ਲਖ ਸਭੈ ਪਲਾਤ[12] ਹੈ, ਉਡਗਨ[13] ਬਜੂਹ[14] ਸਮਾਨ ॥੧੫॥ [੪੫॥]
ਇਤਿ ਸ੍ਰੀ ਗੁਰਬਿਲਾਸ ਪ੍ਰਮਾਨ। ਦੁਆਦਸ ਧਿਜਾਇ ਕਹਜੋ ਸੁਜਾਨ ॥੧੨॥

---

1. ਮਾਰੀ। 2. ਡਰ, ਭੈ। 3. ਪਿੰਡ ਬਰਵਾ ਤਹਸੀਲ ਊਨਾ, ਜ਼ਿਲਾ ਹੁਸ਼ਿਆਰਪੁਰ ਵਿਚ ਹੈ। 4. ਨਿਕਟ, ਨੇੜੇ। 5. ਜਾਣਿਆ। 6. ਇਹ ਦੋਵੇਂ ਤੁਕਾਂ ਮੋਤੀ ਬਾਗ਼, ਪਟਿਆਲਾ ਨੰ. ੭੧ ਦੇ ਅਨੁਸਾਰ ਹਨ। 7. ਬੱਦਲ। 8. ਪਹਾੜੀ ਰਾਜਿਆਂ ਦੇ ਸਿਰ ਉੱਤੇ ਵਰਸਿਆ। 9. ਅਨ੍ਹੇਰਾ। 10. ਭਾਨੁ, ਸੂਰਜ। 11. ਸੂਰਜ। 12. ਨੱਸ ਜਾਂਦਾ। 13. ਤਾਰੇ। 14. ਸਮੁਦਾਇ।

## ਤੇਰ੍ਹਵਾਂ ਅਧਿਆਇ

# ਸ਼ਾਹਜ਼ਾਦਾ ਮੁਅੱਜ਼ਮ ਦੀ ਆਮਦ

---

ਦੋਹਰਾ। ਤ੍ਰਿਯੋਦਸ[1] ਧਜਾਇ ਬਖਾਨ ਹੋ, ਗੁਰ ਲੀਲਾ[2] ਸੁਖਕਾਰ[3]।
ਬੇ ਮੁਖ ਜਨ ਦੁਖ ਪਾਇ ਹੈ, ਪੇਖ ਅਹਦਿਯਨ[4] ਸਾਰ ॥੧॥
ਸਵੈਯਾ। ਮੋਦ ਪੁਰੀ ਅਤਿ ਰਾਜਤ ਹੈਂ, ਅਸ ਜੈਸ ਹਰੀ ਨਗਰੀ ਹਰਿ ਆਈ[5]।
ਸੁੰਦਰ ਪੱਬ[6] ਕੇ ਊਪਰ ਰਾਜਤ, ਧਾਮ ਸ੍ਰੀ ਚੰਡਿਹਿ ਕੋ ਸੁਖਦਾਈ।
ਊਨਵ[7] ਮੇਘ ਲਸੇ ਅਤਿ ਸੁੰਦਰ, ਹੈ ਇਤ ਤੀਰ ਨਦੀ ਜਲਵਾਈ।
ਬਾਗਨ ਮੈ ਤਹ ਰਾਜਤ ਹੈਂ, ਅਤਿ ਕੋਕਿਲ ਕੀਰ ਕਪੋਤ[8] ਰਟਾਈ ॥੨॥
ਨਾਨ੍ਹੀ ਸੀ ਬੂੰਦ ਪਰੈ ਬਰਖਾ ਰਿਤੁ, ਸਾਵਨ ਭਾਦਵ ਐਸ ਬਿਤਾਏ।
ਮਾਸ ਕੁਆਰ ਅਯੋ ਜਬ ਹੀ, ਲਖ ਸ੍ਰੀ ਗੁਰ ਬੈਨ ਸੁ ਐਸੇ ਅਲਾਏ।
ਮਾੜਵੜੀਨ[9] ਬੁਲਾਇ ਕੈ ਆਇ ਸੁ, ਪੂਜਤ ਸਸਤ੍ਰ ਬਿਜੈ[10] ਸੁਖ ਪਾਏ।
ਪੂਜਨ ਸਸਤ੍ਰ ਕਰੈਂ ਮਨ ਮੈ, ਰੁਚ ਤੋ ਸਿਖ ਜਾਵਤ ਪ੍ਰੇਮ ਵਧਾਏ ॥੩॥
ਭੁਜੰਗ ਛੰਦ। ਸਬੈ ਸਿੱਖ ਧਾਏ ਬੁਲਾਏ ਅਪਾਰੰ। ਦਏ ਸਸਤ੍ਰ ਅਸਤ੍ਰੰ ਜਿਨੇ ਨਾਮ ਭਾਰੰ।
ਸਿਕਲੀਗਰੰ ਤਾਹਿ ਅੰਤੰ ਨ ਪਾਰੰ। ਕਹੋ ਥੋਰ ਜੈਸੇ ਮਤੀ ਅਨੁਸਾਰੰ ॥ [੪॥]
ਸੋ ਤੋਪੰ ਵਾ ਤੁਪਕੰ[11] ਜਮੂਰੰ[12] ਅਪਾਰੰ। ਸੁ ਸਾਂਗੰ[13] ਵਾ ਸੈਫੰ[14] ਹਜਾਰੰ ਸੁਧਾਰੰ।
ਸੁ ਖੰਡੰ ਬਿਹੰਡੰ[15] ਸੁ ਤੀਰੰ ਵਾ ਸੇਲੰ[16]। ਸੁ ਧੋਪੰ[17] ਵਾ ਖੰਜਰ ਜੁ ਬੁਗਦੰ ਅਕੇਲੰ ॥ [੫॥]
ਕਟਾਰੰ ਤਾਮਚੰ ਪਟੰ[18] ਆਦਿ ਭਾਰੇ। ਵਾ ਸੈਥੀ[19] ਅਨੰਤੰ ਜੰਜੀਰੰ ਸੁਧਾਰੇ।
ਧਰੇ ਆਯੁਧੰ ਹਾਥ ਮਾਂਜੇ ਅਪਾਰੰ। ਕਿਤੈ ਕਾਲ ਬੀਤੈ ਇਤੈ ਮਾਰਵਾਰੰ ॥ [੬॥]
ਕਹਜੋ ਐਸ ਭਾਂਤੰ ਅਸੀ ਸੰ ਸੁਧਾਰੰ। ਨਹੀ ਪਾਦ ਦੀਜੈ ਇਸੈ ਊਪਰਵਾਰੰ।
ਕਹੈ ਬੈਨ ਜਾਤੈ ਭਏ ਅਗ੍ਰਥਾਨੰ। ਪੁਨੰ ਦਾਸ ਭੇਜਾ ਕਹੈ ਸ੍ਰੀ ਮੁਖਾਨੰ ॥ [੭॥]
ਲਖੋ ਕੈਸ ਭਾਂਤੰ ਕਰੈਂ ਕਾਮ ਸੋਈ। ਤਬੈ ਸਿੱਖ ਆਯੋ ਲਖੈ ਐਸ ਜੋਈ।
ਧਰੇ ਸੀਸ ਬੈਠੇ ਸੁ ਖੰਡਾ ਬਿਰਾਜੈ। ਨਹੀ ਕਾਮ ਕਰਈ ਤਬੈ ਆਨ ਸਾਜੈ ॥੪॥ [੮॥]

---

1. ਤੇਰ੍ਹਵਾਂ। 2. ਚਰਿਤ। 3. ਸੁਖਦਾਇਕ। 4. ਅਹੁਦੇਦਾਰ (੨੫ ਸਵਾਰਾਂ ਦੇ)। 5. ਹਰਿ (ਵਿਸ਼ਨੂ) ਦੀ ਨਗਰੀ ਬੈਕੁੰਠ ਵਾਂਗ ਸਰਸਬਜ਼। 6. ਪਰਬਤ। 7. ਉਮੰਡੇ ਹੋਏ। 8. ਕੋਇਲ, ਤੋਤੇ ਅਤੇ ਕਬੂਤਰ। 9. 'ਮਾਰਵੜੀਨ' (ਮੋ. ਬਾ. ੭੧)। 10. ਫ਼ਤਹ। 11. ਤੋਪੜਾ। 12. ਜੰਬੂਰਚਾ। 13. ਇਕ ਪ੍ਰਕਾਰ ਦੀ ਬਰਛੀ (੧੦ ਫੁਟ ਲੰਮੀ ਛੜਦਾਰ)। 14. ਤਲਵਾਰ। 15. ਚੰਗੀ ਤਰ੍ਹਾਂ ਕਟਣਾ। 16. ਸੇਲਾ, ਨੇਜ਼ਾ। 17. ਬਿਨਾ ਖ਼ਮ ਸਿੱਧੀ ਪਤਲੀ ਤਲਵਾਰ। 18. ਢਾਲ। 19. ਬਰਛੀ।

**ਚੌਪਈ।** ਆਇ ਦਾਸ ਗੁਰ ਸੋ ਕਹਿ ਬੈਨਾ। ਬੈਠੇ ਬਿਨ ਕਾਰਜ ਸੁਖ ਦੈਨਾ।
ਪੁਨਿ ਪਠਿਯੋ[1], "ਕਿਮ ਬੈਠੇ ਬੂਝੇ?" ਪੁਨਿ ਸਿਖ ਸੁਨ ਕਹੇ, "ਬੈਨ ਤੋ ਸੂਝੇ" ॥ [੯॥]
"ਹੇ ਗੁਰ ਜੀ", ਵਹਿ ਭਾਖਤ ਬਾਨੀ। "ਗੁਰ ਕੇ ਬਾਕਨ ਖੰਡਨ ਠਾਨੀ।"
ਗੁਰੂ ਕਹ ਥਾ, "ਸਿਰ ਪਰ ਧਾਰੋ। ਭੂਲ ਨ ਦੀਜੈ ਪਾਦ ਵਿਚਾਰੋ" ॥ [੧੦॥]
ਤਾ ਕਰ ਬੈਠੇ ਹੈਂ ਸੁਨ ਬਾਨੀ। ਸ੍ਰੀ ਮੁਖ ਬਿਗਸਤ ਐਸ ਬਖਾਨੀ।
"ਤੁਮ ਹੋ ਸੇਵਕ ਸ੍ਰੀ ਅਸ[2] ਕੇਰੇ[3]। ਖਿਮਾ ਕਰੋ ਤੁਮ ਕਰੋ ਸਵੇਰੇ ॥ [੧੧॥]
ਜੋ ਤੁਮ ਸੇਵਾ ਸਸਤ੍ਰਨ ਕੈ ਹੈਂ। ਰਿੱਧਿ ਸਿੱਧਿ ਮਨ ਭਾਵਨ ਲੈ ਹੈਂ।
ਤੁਮਰੇ ਧਾਮ ਸਦਾ ਹੋਇ ਖਾਹੀ। ਤੁਮ ਸੋਚਨ ਸਜੋਂ ਨਹਿ ਚਿਤ ਲਾਈ" ॥ [੧੨॥]
ਯੋਂ ਕਹਿ ਕੈ ਸਬ ਧਾਮ ਸਿਧਾਏ। ਕੇਤਕ ਦਿਵਸ ਪੁਨਜੋਂ ਫਿਰ ਆਏ।
"ਆਜ ਨੁਰਾਤਾ ਆਦਿ[4] ਨਿਹਾਰੋ। ਪੂਜ ਕਰੋ ਸਬ ਸਸਤ੍ਰ ਨਿਕਾਰੋ" ॥ [੧੩॥]
ਸੁਨ ਕਰ ਬਚਨ ਖਾਲਸਾ ਧਾਯੋ। ਪੂਜਨ ਕੀ ਸਭ ਸੋਜ[5] ਲਿਆਯੋ।
ਪਹਿਰ ਰਾਤ ਲੇ ਤੇ ਸਭ ਜਾਗੇ। ਪੂਜ ਕਾਲਿਕਾ ਕੀ ਮਧ ਲਾਗੇ ॥ [੧੪॥]
ਸਭ ਜਨ ਸ੍ਰੀ ਕੇਸ ਗੜ੍ਹ ਆਵੈ। ਧੂਪ ਦੀਪ ਨੈਬੇਦ[6] ਕਰਾਵੈ।
ਪਾਛੈ ਅੱਛਤ[7] ਪੁਸਪ[8] ਮੰਗਾਵੈ। ਕਰ ਚਰਨਾਮ੍ਰਿਤ ਚਮਰ ਝੁਲਾਵੈ ॥ [੧੫॥]
ਦੇਵਿ ਚਰਿਤ੍ਰ[9] ਸ੍ਰੀ ਮੁਖ ਗਾਵੈ। ਉਸਤਤਿ ਕਰੈ ਮੋਦ ਮਨ ਭਾਵੈ।
ਨਵਿਨ ਨੁਰਾਤਨ[10] ਪੂਜਨ ਧਾਰੀ। ਪੁਨਹਿ ਦਸਹਿਰਾ ਆਯੋ ਭਾਰੀ ॥ [੧੬॥]
ਅਧਿਕ ਆਰਭ ਤਾਹਿ ਦਿਨ ਕੀਨੋ। ਭਿੰਨ ਭਿੰਨ ਸੋ ਜਨ ਜੁਤ ਲੀਨੋ।
ਸਭ ਸਿਲ ਖਾਨ[11] ਛੋਰ[12] ਮੰਗਾਯੋ। ਉੱਚ ਤਖਤ ਕੁਰਸੀਨ ਧਰਾਯੋ।
ਗਿਰਦੇ ਚਮਰ ਧੂਪ ਨਰ ਕਰਹੀ। ਜੈ ਜਗ ਮਾਤ ਕਾਲਿ ਮੁਖ ਰਰਈ[13] ॥੫॥ [੧੭॥]

**ਅੜਿਲੁ।** ਰਾਮਾਯਨ[14] ਕਲ[15] ਪਾਠ ਸਭਨ ਮੁਖ ਗਾਇਯੋ।
ਅਜਾ ਸੂਨ[16] ਜਮ ਬਾਹਨ[17] ਭੇਟ ਚੜ੍ਹਾਇਯੋ।
ਦੁੰਦਭਿ[18] ਔਰ ਨੀਸਾਨ ਸੁ ਪੂਜ ਕਰਾਯ ਕੈ।
ਹੋ ਬਹੁਰ ਭੋਜ ਤਬ ਸਭ ਕਉ ਦੀ ਵਰਤਾਯ ਕੈ ॥੬॥ [੧੮॥]

**ਸਵੈਯਾ।** ਯੋਂ ਕਰ ਪੂਜ ਬਿਜੈ ਦਸਮੀ, ਤਬ ਬੀਰਨ ਕੋ ਬਿਧਿ ਯਾ ਫੁਰਮਾਈ।
ਮਤ ਮਤੰਗਨ[19] ਸੁ ਬਾਜਿਨ[20] ਪੈ, ਨਿਜ ਡਾਰਹੁ ਜੀਨ ਹਮੇਲਨ ਭਾਈ।
ਯੋ ਸੁ ਉਚਾਰ ਮਹਲਾ ਚੜੇ ਤਬ, ਦੇਖਨ ਕੋ ਸਭ ਸੰਗਤ ਆਈ।
ਦੁੰਦਭਿ ਨਾਦ ਨੀਸਾਨ ਬਜਾਇ ਕੇ, ਪੈ ਨਿਰਖੈ ਬਿਨਤਾ ਸੁਤ[21] ਜਾਈ ॥੭॥ [੧੯॥]
ਖੇਲ ਅਖੇਟ ਸੁ ਭਾਂਤਿ ਮਹੱਲਹਿ, ਪੈ ਕਰੁਨਾ ਨਿਧਿ[22] ਡੇਰਨ ਆਏ।

---

1. ਭੇਜਿਆ। 2. ਅਕਾਲ ਪੁਰਖ। 3. ਦੇ। 4. ਪਹਲਾ ਨੁਰਾਤਾ। 5. ਸਾਮਗ੍ਰੀ, ਸਾਮਾਨ। 6. ਦੇਵੀ ਜਾਂ ਦੇਵਤੇ ਨੂੰ ਚੜ੍ਹਾਇਆ ਭੋਜਨ। 7. ਸਾਬਤ ਚਾਵਲ, ਜੋ ਦੇਵਤੇ ਨੂੰ ਚੜ੍ਹਾਏ ਜਾਂਦੇ ਹਨ। 8. ਫੁੱਲ। 9. ਦੇਵੀ (ਚੰਡੀ) ਦੀ ਉਸਤਤਿ। 10. ਅੱਸੂ ਮਹੀਨੇ ਦੇ ਨੌ ਨੁਰਾਤੇ। 11. ਸਿਲਹ ਖ਼ਾਨਾ, ਭਾਵ-ਸ਼ਸਤ੍ਰ ਅਸਤ੍ਰ। 12. ਪੂਰਾ, ਸਾਰਾ। 13. ਬੋਲਦੇ। 14. ਪਾਠਾਂਤਰ—'ਰਾਮਾਯਾਨ' (ਖ਼ਾ. ਕਾ. ਅ. ੬੦੫)। 15. ਸੁੰਦਰ, ਮਨੋਹਰ। 16. ਅਜਾ (ਬਕਰੀ) ਦਾ ਸੂਨ (ਪੁਤ੍ਰ) = ਬਕਰਾ। 17. ਧਰਮ ਰਾਜ ਦੀ ਸਵਾਰੀ, ਝੋਟਾ। 18. ਧੌਂਸੇ, ਨਗਾਰੇ। 19. ਮਦ ਮਤੇ ਹਾਥੀ। 20. ਘੋੜੇ। 21. ਗਰੁੜ ਜੋ ਵਿਨਤਾ ਦਾ ਪੁਤ੍ਰ ਮੰਨਿਆ ਜਾਂਦਾ ਹੈ। 22. ਕ੍ਰਿਪਾ ਨਿਧਾਨ ਸਤਿਗੁਰੂ ਜੀ।

ਰੈਨ ਬਿਤੀ ਤਬ ਆਨੰਦ ਸੋ, ਸਭ ਹੀ ਮਿਲ ਕੈ ਤਬ ਮੰਗਲ ਗਾਏ।
ਭੋਰ[1] ਪ੍ਰਕਾਸ ਦਿਨੀਸ[2] ਭਯੋ, ਤਬ ਬੈਠ ਸਭੇ[3] ਸੁ ਦਿਵਾਨ ਲਗਾਏ।
ਤੌਨ ਹੀ ਕਾਲ ਸੋ ਦੂਤ ਅਏ, ਤਿਨ ਯਾ ਬਿਧਿ ਸਾਥ ਸਨੇਹ ਸੁਨਾਏ ॥੮॥ [੨੦॥]

**ਚੌਪਈ।** "ਅਉਰੰਗ ਸਾਹ ਪੂਤ ਇਤ ਆਯੋ। ਦੱਖਨ ਪੂਰਬ ਸੈਨ ਮਿਲਾਯੋ।
ਅਤ ਪਾਰ ਜਾ ਕੋ ਨਹੀ ਪਾਯੋ। ਤੁਮ ਪਰ ਸਾਹ ਅਉਰੰਗ ਪਠਾਯੋ ॥ [੨੧॥]
ਜੋ ਬਲ ਹੈ ਪ੍ਰਭੁ ਜੀ ! ਕੀਜੈ ਤਬ। ਨਤੋ ਸਿਧਾਰੋ ਅਨਤ ਠੌਰ ਅਬ।"
ਸਭ ਦਿਵਾਨ ਮੈ ਐਸੇ ਸੁਨੀ। ਕੁਮਲਾਨੇ ਆਨਨ[4] ਸਭ ਗੁਨੀ ॥ [੨੨॥]
ਸਾਤ ਸੁਧ[5] ਤਾ ਕੋ ਭੂਲ ਗਈ। ਤਵਨ ਸਮੈ ਰਾਜੈ ਨਿਜਦਈ[6]।
ਜਿਹ ਬਿਸਵਾਸੁ ਦੀਓ ਸੋ ਬਾਚੇ। ਤਵਨ ਸਮੈ ਭਰਮੈ ਮਤ ਕਾਚੇ ॥ [੨੩॥]
ਜਾ ਜਾ ਦੁਰਿਤ[7] ਗਿਰਿਨ[8] ਕੀ ਖੋਰੀ[9]। ਬਹੁਤ ਲੋਕ ਤਜ ਨਿਜ ਪੁਰ ਛੋਰੀ।
ਇਕ ਮਾਤਾ ਕੇ ਤੀਰ ਸਿਧਾਹੀ। ਸਹਿਜਾਦੇ ਕੋ ਤ੍ਰਾਸ ਦਿਖਾਹੀ ॥ [੨੪॥]
ਬਹੁ ਬਿਧਿ ਕੈ ਵਹਿ ਬਾਤ ਬਨਾਵੈਂ। ਕਾਲ ਕਰਮ ਕੋ ਮਰਮ ਨ ਪਾਵੈਂ।
ਪਰਮ ਜੋਤਿ ਸਾਹਿਬ ਅਵਤਾਰੀ। ਸਰਬ ਕਲਾ ਕਰ ਮੈ ਜਿਨ ਧਾਰੀ ॥ [੨੫॥]
ਇਤ ਸਿੱਖਨ ਕੌ ਯੋ ਭਰਮਾਯੋ। ਉਨ ਕੋ ਉਤੈ ਸੁ ਯੋ ਫੁਰਮਾਯੋ।
ਜਬੈ ਬਾਵਨੀ[10] ਮੈ ਵਹਿ ਆਇਸ। ਬੁੱਧਿਵੰਤ ਤਾ ਕੋ ਸਮੁਝਾਇਸ ॥ [੨੬॥]
"ਸੁਨ, ਹਜਰਤ! ਇਹ ਬਾਤ ਹਮਾਰੀ। ਗੁਰੂ ਸਾਥ ਤੁਮ ਰਾਖ ਸਵਾਰੀ।
ਤੈ ਪੂਛੀ ਅਬ ਬਰਨੈ ਗਾਥਾ। ਤੌ ਹਜਰਤ ਖਾਨਹਿ ਛਲ ਸਾਥਾ ॥ [੨੭॥]
ਇਹ ਜਗ ਧੂਅਰੋ ਧੌਲ[11] ਭਨੀਜੈ। ਕੋ ਨ ਮੂਆ, ਅਰ ਕੋ ਨ ਮਰੀਜੈ?
ਜਬ ਹਜਰਤ ਨਿਜ ਭਿਸਤ[12] ਸਿਧੈ ਹੈ। ਆਜਮ[13] ਰਾਜ ਤੋਹ ਕਿਮ ਦੈ ਹੈ? ॥ [੨੮॥]
ਦੱਖਨ ਦੇਸ ਜੇਰ[14] ਜਿਨ ਕੀਨਾ। ਔਰ ਜਗਤ ਸਬ ਬਸਤ ਅਧੀਨਾ।
ਖੁਸੀ ਸਾਹ ਤਵ ਪੀਰ ਸਹਾਈ। ਤਾ ਤੇ ਤੋ ਤੇ ਭਯੋ ਅਧਿਕਾਈ ॥ [੨੯॥]
ਤਾ ਤੇ ਤੂ ਅਸ[15] ਬਾਤ ਬਨਾਵੈ। ਇਨ ਕੋ ਅਪਨੀ ਕੁਮਕ[16] ਤਕਾਵੈ[17]।
ਜੋ ਤੁਮਰੇ ਸਿਰ ਯਾ ਕਰ ਧਰ ਹੈ। ਤਾ ਤੇ ਛੀਨ ਤਖਤ ਤੁਮ ਕਰ ਹੈ ॥ [੩੦॥]
ਜਜੋਂ ਦੱਖਣ ਉਨ ਅਪਨੋ ਕੀਨਾ। ਤਜੋਂ ਤੂੰ ਇਨ ਸੰਗ ਰਾਖ ਪ੍ਰਬੀਨਾ।
ਔ ਜੋ ਨਹੀ ਜੁਧ ਹੀ ਕੈ ਹੈਂ। ਤਾ ਤੇ ਕਦੇ ਜੀਤ ਨਹੀ ਪੈ ਹੈਂ ॥ [੩੧॥]
ਇਤ ਉਤ ਦੋ ਹੀ ਤਰਫ ਤੇ ਜੈ ਹੈਂ। ਤੂੰ ਕਰ ਮੈ ਉਤ ਤੇ ਕਰ ਐ ਹੈਂ।"
ਸਾਹਜ[18] ਸਿੱਖਨ ਯੌਂ ਫੁਰਮਾਯੋ। ਸਮਝਾਵਤ ਇਨ ਉਤੈ ਫਿਰਾਯੋ ॥੯॥ [੩੨॥]

---

1. ਸਵੇਰੇ। 2. ਦਿਨ ਦਾ ਈਸ਼ੁਰ, ਸੂਰਜ। 3. ਬੈਠਤ ਭੇ' (ਮੋ. ਬਾ. ੭੧)। 4. ਮੂੰਹ। 5. ਸੱਤ ਸੁੱਧਾਂ ਇਹ ਹਨ—'ਧੀਰਜ, ਬੁੱਧਿ, ਬਿਬੇਕ, ਬਲ, ਗਤਿ, ਮਿਤਿ, ਔਸਰ ਬਾਤ।
ਸਿੰਘਨ ਡਰ ਤੁਰਕਾਨ ਦੀ, ਭੂਲ ਗਈ ਸੁਧ ਸਾਤ ॥ (*ਪੰਥ ਪ੍ਰਕਾਸ਼*)
6. ਨਜ਼ਦੀਕ, ਨੇੜੇ। 7. ਲੁਕੇ। 8. ਪਹਾੜਾਂ। 9. ਖੱਡਾਂ ਵਿਚ। 10. ਬਵੰਜਾ, ਤਅੱਲੁਕਿਆਂ ਦਾ ਇਲਾਕਾ ਸਰਹਿੰਦ। 11. ਧੂੰਏਂ ਦਾ ਧੌਲਰ। 12. ਸੁਰਗ। 13. ਔਰੰਗਜ਼ੇਬ ਦਾ ਪੁਤ੍ਰ ਆਜ਼ਮ ਸ਼ਾਹ ਜੋ ਸ਼ਾਹ ਮੁਅੱਜ਼ਮ ਬਹਾਦੁਰ ਸ਼ਾਹ ਦਾ ਛੋਟਾ ਭਾਈ ਸੀ। 14. ਅਧੀਨ। 15. 'ਅਬ' (ਮੋ. ਬਾ. ੭੧)। 16. ਮਦਦ, ਸਹਾਇਤਾ। 17. 'ਕਰਾਵੈ' (ਮੋ. ਬਾ. ੭੧)। 18. ਸ਼ਾਹਜ਼ਾਦਾ।

ਸਵੈਯਾ। ਬਾਤ ਕਰੀ ਮਨ ਮੈ ਤਿਨ ਹੀ, ਅਸ ਪ੍ਰੇਮ ਭਯੋ ਗੁਰ ਕੇ ਪਦ ਮਾਹੀ।
ਕਾਲ ਹੀ ਕਰਮ ਯੋ ਬਾਤ ਭਈ, ਯਹਿ ਤਾਂਹਿ ਦਯੋ ਇਤ ਤੇ ਦਿਸ ਵਾਹੀ।
ਗੁਰ ਸੋ ਤਿਨ ਭੇਟ ਪਠੀ ਲਿਖਤੀ, ਪੁਨਿ ਸਹਿਰ ਲਹੌਰ ਗਯੋ ਵਹਿ ਧਾਈ।
ਪੁਨਿ ਹਜਰਤ ਕੋਪ ਕੀਓ ਮਨ ਮੈ, ਤਬ ਚਾਰ ਹੀ ਅਹਦੀਆ ਤਾਹਿ ਪਠਾਈ ॥੧੦॥ [੩੩॥]
ਤਿਨ ਮੈ ਇਕ ਅਹਦੀਆ ਆਇ ਗਯੋ, ਤਿਨ ਕਾਮ ਕੀਓ ਅਸ ਹੀ ਜੁਨਸਾਨੇ।
ਜੋਯ ਨਸੇ ਗੁਰ ਪਾਵਨ ਤੇ, ਤਜ ਮੋਦ ਪੁਰੀ ਗਿਰਿ ਖੋਹੁ ਲੁਕਾਨੇ।
ਜਾਹਿ ਗਹਜੋ ਤਿਹ ਨੇ ਅਤਿ ਤਾ ਕਰ, ਨਾਮ ਜੁ ਮਿਰਜਾ ਹੀ ਬੇਗ ਬਖਾਨੇ।
ਨਾਰਿਨ ਸੋ ਤਿਨ ਬੰਧ ਲੀਯੋ, ਪੁਨਿ ਕੇਤੇ ਦਿਲੀ ਪਠਏ ਦੁਖ ਸਾਨੇ ॥੧੧॥ [੩੪॥]

ਭੁਜੰਗ ਛੰਦ। ਇਤੇ ਨਾਹਿ ਆਯੋ ਗੁਰੂ ਤੇਜ ਜਾਨਜੋ। ਗਹਜੋ ਬੇਮੁਖੰ ਸੀਸ ਮੂੰਡੇ ਪਛਾਨਜੋ।
ਤਿਨੇ ਧਾਮ ਗੇਰੇ ਪੂਛੇ ਨਾਮ ਵਾਸੀ। ਦਏ ਸੂਲੀਅੰ ਕੇਤਏ ਤਾਹਿ ਵਾਸੀ ॥ [੩੫॥]
ਦਿਵਾਨ[1] ਚਿਨਾਏ ਗਧੇ ਰੋਹ[2] ਕੀਨੇ। ਕਰੈ ਸੀਸ ਹੀਨੇ ਲਖੇ ਨਿੰਦ ਚੀਨੇ।
ਚੜਾਏ ਤਿਸੇ ਤੋਬਰੇ ਪ੍ਰੀਖ[3] ਕੇਰੇ। ਲਘੰ[4] ਸੰਗ ਮੂੰਡੇ ਸਿਰੰ ਤਾਹਿ ਘੇਰੇ ॥ [੩੬॥]
ਕਰੇ ਆਸਕਾਰੇ[5] ਖਰਾਰੂਢ[6] ਕੀਨੇ। ਪਛੇ ਲੋਕ ਤਾਨੇ ਫਿਰੈ ਕੌਤ ਚੀਨੇ।
ਜਨੰ ਸੋ ਮਸੰਦੰ ਧਰੇ ਸੰਗ ਹੇਰੇ[7]। ਫਿਰੇ ਧਾਮ ਹੀ ਧਾਮ ਪੂਜਾ ਚਹੇਰੇ ॥ [੩੭॥]
ਕਰੈਂ ਤਾਹਿ ਲੋਕੰ ਧਿਕਾਰੰ ਮਹਾਨੰ। ਰਹੈ ਰੈਨ ਸਾਰੀ ਪਰੇ ਦ੍ਵਾਰ ਮਾਨੰ।
ਨਿਜੰ ਪ੍ਰਾਨ ਹੇਤੰ ਨਸੇ ਨਿੰਦ ਕੀਨੰ। ਸੋਈ ਅਗ੍ਰ ਹੀ ਗ੍ਰਾਸ ਲੇਵੇ ਸੁ ਬੀਨੰ ॥ [੩੮॥]
ਪੁਨੰ ਮਾਂਗਤੇ ਟੂਕ ਟੂਕੰ ਮਰਾਹੀ। ਭਏ ਕੁਸਟੀਆ ਸੰਗ ਕੀਰੇ[8] ਲਸਾਹੀ।
ਤਿਸੇ ਲੋਕ ਪਰਲੋਕ ਨਾਸੰ ਲਖਾਏ। ਸਭੈ ਸੰਤ ਜਾਨੇ ਗੁਰੂ ਗਾਥ ਗਾਏ ॥ [੩੯॥]
ਨਹੀ ਵਾਰ ਪਾਰੰ ਕਹੌਂ ਤਾਹਿ ਗਾਥਾ। ਗੁਰੂ ਬੇਮੁਖੰ ਤਾਹਿ ਯਮਕਾਲ ਸਾਥਾ।
ਜਿਨੈ ਨਾਥ ਸੰਗੀ ਤਿਸੈ ਰਖ ਕੈ ਹੈ। ਜਿਮੰ ਦੰਤ ਰਸਨਾ ਤਿਮੈ ਸੂਖ ਦੈ ਹੈ ॥ [੪੦॥]
ਸਾਹਜਾਦਾ ਭਯੋ ਸਿੱਖ ਗੁਰ ਕੋ ਅਪਾਰੰ। ਤਿਨੈ ਬੇਮੁਖੀ ਅਹਿਦੀਆ ਲੀਨ ਸਾਰੰ।
ਗੁਰੂ ਹੈ ਸਹਾਈ ਸਦਾ ਸੰਤ ਕੇਰੋ। ਮਨੰ ਬਾਕ ਕੈ ਜਾਨ ਮੈ ਦਾਸ ਤੇਰੋ ॥੧੨॥ [੪੧॥]
ਇਤਿ ਸ੍ਰੀ ਗੁਰ ਬਿਲਾਸ ਸੁਖਦਾਈ। ਤ੍ਰੋਦਸ ਧਜਾਇ ਗਾਥ ਮਨ ਲਾਈ ॥੧੩॥

---

1. ਕੰਧਾਂ ਵਿਚ। 2. ਗਧਿਆਂ ਉੱਤੇ ਚਾੜ੍ਹ ਦਿੱਤੇ। 3. ਕਈਆਂ ਦੇ ਮੂੰਹਾਂ ਉੱਤੇ ਪੁਰੀਖ (ਗੰਦਗੀ) ਦੇ ਤੋਬਰੇ ਚੜ੍ਹਾਏ। 4. ਲਘੁ ਸ਼ੰਕਾ, ਪੇਸ਼ਾਬ। 5. ਆਸ਼ਕਾਰ, ਜ਼ਾਹਿਰ, ਪ੍ਰਗਟ। 6. ਖਰਾਂ (ਗਧਿਆਂ) ਉੱਤੇ ਆਰੂਢ (ਸਵਾਰ) ਕੀਤੇ। 7. ਦੇਖੇ। 8. ਕੀੜੇ।

# ਸ਼ਾਹੀ ਫ਼ੌਜਾਂ ਦੀ ਚੜ੍ਹਾਈ ਤੇ ਜੰਗ

**ਸਵੈਯਾ।** ਕੇਤਕ ਸਾਲ ਬਿਤਯੋ ਇਹ ਭਾਂਤਨ, ਯੌ ਪ੍ਰਭੁ ਜੂ ਜਗ ਮੈ ਜਸ ਛਾਯੋ।
ਸੰਤਨ ਸੰਤ ਸਰੂਪ ਲਖਯੋ ਅਰ, ਸਤ੍ਰੁਨ ਕਾਲ ਪ੍ਰਤੱਛ ਜਨਾਯੋ।
ਚੌਦਸ ਧਜਾਇ ਮੈ ਜੁੱਧ ਕਹੈਂ ਅਸ, ਖਾਲਸੇ ਬ੍ਰਹਮ ਲਖਾ ਗੁਰ ਭਾਯੋ।
ਯਾ ਬਿਧਿ ਕਾਲ ਲਖਯੋ ਮਹਾਕਾਲ ਸੁ, ਤੀਨ ਹੀ ਲੋਕਨ ਮੈ ਜਸੁ ਛਾਯੋ ॥੧॥
ਰਾਜਨ ਰਾਜ ਸੁ ਬੀਰਨ ਬੀਰ ਸੁ, ਸਾਹਨ ਸਾਹ ਤ੍ਰੀਅਂ ਹਰਿ[1] ਜਾਨਾ।
ਦੀਨਨ ਦੀਨ ਦਯਾਲ ਲਖਯੋ, ਸਭ ਦੇਸ ਬਿਦੇਸਨ ਸ੍ਰੀ ਰਵਿ[2] ਜਾਨਾ।
ਰਾਜ 'ਰੁ ਜੋਗ ਸਬੈ ਸਿਧ ਜਾ ਮਹਿ, ਸੋਹਤ ਆਪ ਸਿੰਘਾਸਨ ਥਾਨਾ।
ਬੇਮੁਖ ਸੁਧ ਸੁ ਨਾਹਿ ਕਛੂ, ਜਿਮ ਜਾਨ ਉਲੂ ਰਵਿ ਚਖਨ[3] ਭਾਨਾ ॥੨॥
ਜਾ ਕਰ ਸਿੰਘ ਲੁਟੈਂ ਸਭ ਦੇਸਨ, ਛੀਰ[4] ਅਜਾ ਸੁਤ[5] ਭੇਟ ਲਿਆਵੈਂ।
ਜੋ ਨਰ ਗਰਬ[6] ਕਰੈ ਮਨ ਮੈ, ਤਿਹ ਲੂਟ ਹੀ ਕੂਟ ਕੈ ਮਾਰ ਗਿਰਾਵੈਂ।
ਕੇਤਕ ਕਾਲ ਬਿਤਯੋ ਇਹ ਭਾਂਤਿਨ, ਰਾਵ ਪਹਾਰ[7] ਜਰੈਂ ਦੁਖ ਪਾਵੈਂ।
ਭਾਖਤ ਹੈਂ, "ਗੁਰ ਯੌ ਬਢਤੋ ਜਿਮ ਏਕਮ ਚੰਦ ਯੌਂ ਪੂਨਮ[8] ਗਾਵੈਂ ॥੩॥
ਬੀਰ ਮਰੇ ਸਭ ਸੈਨ ਮਰੀ ਪੁਨਿ, ਦੇਹੁ ਨਹੀ ਬਸਨੋ ਹਮ ਤਾਈ।
ਜੇ ਕਰ ਜਾਇ ਕੇ ਜੁਧ ਕਰੈਂ, ਹਮ ਤੌ ਇਨ ਮਾਰ ਕਰੈਂ ਬਲ ਜਾਈ।
ਜੇ ਕਰ ਬੈਠ ਰਹੈਂ ਘਰ ਮੈਂ ਹਮ, ਛੀਨਤ ਹੈ ਹਮਰੀ ਠਕੁਰਾਈ।
ਜੇ ਕਰ ਜਾਇ ਮਿਲੈਂ ਗੁਰ ਕੋ ਤਬ ਲਾਜ ਰਹੈ ਨਹੀ", ਯੌਂ ਮੁਖ ਗਾਈ ॥੪॥
**ਸੰਕਰ ਛੰਦ।** "ਤਾ ਤੈ ਸੁ ਚਲੈ ਦਿਲੀਸ ਪੈ[9], ਕਹਿ ਬਾਤ ਸਾਰੀ ਐਨ।"
ਯੌਂ ਕਰ ਮਤੋ ਜਾਵਤ ਭਏ, ਕਿਨ ਪਠੇ[10] ਸਚਿਵ[11] ਸੁ ਚੈਨ।
ਯਾ ਭਾਂਤਿ ਆਏ ਸਚਿਵ ਪੈ, ਅਤਿ ਦੁਖਤ ਯੌਂ ਬਿਲਪਾਹਿ[12]।
ਜਿਮ ਕੋ ਫਰਿਆਦੀ ਹੋਤ ਹੈ, ਮਤ ਨੀਚ ਪੂਰਨ ਆਹਿ ॥ [੫॥]
ਤਿਹ ਪੇਖ[13] ਗਤਿ ਬਿਸਮਾਇਯੋ[14], ਅਉਰੰਗ ਸ਼ਾਹ ਮਲੀਨ।
ਭਾਖਤ ਤਿਨੈ ਭਜੋ ਧੀਰ ਸੌਂ, ਕਰ ਧੀਰਜੰ ਤਿਨ ਦੀਨ।

1. ਤ੍ਰਿਯਾਂ (ਇਸਤ੍ਰੀਆਂ) ਨੇ ਹਰਿ (ਕ੍ਰਿਸ਼ਨ ਜਾਂ ਕਾਮਦੇਵ ਦਾ ਰੂਪ)। 2. ਸੂਰਜ। 3. ਅੱਖਾਂ। 4. ਦੁੱਧ। 5. ਬੱਕਰੇ। 6. ਹੰਕਾਰ। 7. ਪਹਾੜ ਦੇ ਰਾਵ (ਰਾਜੇ)। 8. ਪੂੰਨਿਆ (ਪੂਰਨਮਾਸੀ) ਦਾ। 9. ਦਿੱਲੀ ਦੇ ਸ਼ਾਹ (ਔਰੰਗਜ਼ੇਬ) ਪਾਸ। 10. ਭੇਜੇ। 11. ਮੰਤ੍ਰੀ। 12. ਰੋਂਦੇ ਹੋਏ। 13. ਦੇਖ। 14. ਹੈਰਾਨ ਹੋਇਆ।

"ਤੁਮ ਜੋੜ ਸੈਨ ਪਹਾੜ ਕੀ, ਨਿਜ ਕਰੋ ਸੰਗਰ[1] ਜਾਇ।
ਮੈਂ ਭੀ ਪਠੌਂਗੋ[2] ਸੈਨ ਕੋ, ਮੁਹ ਚਿੰਤ ਨੀਦ ਨ ਆਹਿ" ॥ [੬॥]
ਲਿਖ ਪਤ੍ਰਿਕਾ ਤਿਨ ਹਾਥ ਦੀਇਹੁ, ਲੇਹੁ ਸੂਬੇ ਸੰਗ।
ਮੈ ਮਾਰ ਹੋ ਤਾ ਕੋ ਅਬੈ, ਮੁਹ ਸੂਝ ਨਾ ਕਛੁ ਰੰਗ।
ਸਭ ਗਿਰਿਪਤੀ[3] ਆਏ ਤਬੈ, ਨਿਜ ਧਾਮ ਧਾਮਨ ਮਾਹਿ।
ਦੇਸ ਦੇਸਨ ਪਤ੍ਰਿਕਾ ਪਠ, ਜੁਰਤ ਹੈਂ ਘਨ ਤਾਹਿ ॥੫॥ [੭॥]

**ਭੁਜੰਗ ਛੰਦ।** ਗਵਾਲੇਰ[4] ਆਦੰ ਜਸੰਵਾਲ[5] ਧਾਏ। ਕਟੋਚੰ[6] ਜੰਮੂ ਆਦਿ ਕੂੱਲੂ ਸਬਾਏ।
ਭੁਟੰਤੰ ਚੰਦੇਰੀ ਪਤੰ[7], ਚਾਂਦ ਕੋਟੰ। ਸੁ ਕੈਂਠਲ[8] ਸੁਕੇਤੰ ਮੰਡੀ ਆਦਿ ਓਟੰ ॥ [੮॥]
ਸਿਰੀ ਕੋਟ ਆਦੰ ਬਿਸਹਰੀ[9] ਪ੍ਰਕਾਰੰ। ਸਿਰੰਦੰ ਲਹੋਰੰ ਸੁਦੇਸੰ ਅਪਾਰੰ।
ਨਦੋਨੰ ਸੁ ਕਾਂਗੜ ਪਤੀ ਆਦਿ ਭਾਰੇ। ਬਜਾਵੰਤ ਬਾਜੇ ਅਨੰਤੰ ਪ੍ਰਕਾਰੇ ॥ [੯॥]
ਮਹਾਂ ਕੋਪ ਕੈ ਧਾਰ ਬਾਈ ਅਪਾਰੰ। ਇਤੇ ਸ੍ਰੀ ਗੁਰੂ ਕਾਜ ਮੇਲਾ ਸੁਧਾਰੰ।
ਸਭੈ ਸੰਗਤੀ ਦੀਨ ਸਿਰਪਾਵ ਭਾਰੇ। ਸੁ ਪਾਗੰ ਬੰਧਾਏ ਬਿਦਾ ਕੀਨ ਸਾਰੇ ॥ [੧੦॥]
ਸੁਨੀ ਬਾਤ ਤਾਕੀ ਰਖੇ ਸੂਰ ਕੇਤੇ। ਮਹਾਂ ਧੀਰ ਬੀਰੰ ਕਿਤੇ ਦਾਮ ਦੈ ਕੈ।
ਕੇਤੇ ਰਹੇ ਭਾਵਨੀ ਧਾਰ ਪਜਾਰੇ। ਕਿਤੇ ਸੀਸ ਭੇਟੰ ਗੁਰੂ ਪਾਸ ਧਾਰੇ ॥ [੧੧॥]
ਜੁਝੇ ਪਾਦ ਮਾਹੀ ਇਹੀ ਆਸ ਕੀਨੀ। ਇਤੇ ਭੂਪ ਆਏ ਘਨੀ ਸੈਨ ਚੀਨੀ।
ਇਨੰ ਮੋਰਚੰ ਮੈ ਦੀਓ ਗੁਰ ਬੈਠਾਈ। ਉਤੇ ਭੂਪ ਆਏ ਘਨੇ ਦੁਸਟ ਭਾਈ ॥ [੧੨॥]
ਸੁ ਕਾਬਲ ਕੰਧਾਰੰ ਪੁਨਹਿ ਕਾਸਮੀਰੰ। ਸੁਡੇਰਾਨ ਤੁਰਕੰ ਬੁਖਾਰਾਨ ਭੀਰੰ।
ਕਹੂੰ ਦੇਸ ਕੇ ਖਾਨ ਤੁਰਕਾਨ ਆਏ। ਇਹੈ ਆਸ ਕੀਨੀ ਕਰੇ ਘੇਰਿ ਧਾਏ ॥੬॥ [੧੩॥]

**ਰਸਾਲ ਛੰਦ।** ਘਨੇ ਬੀਰ ਧਾਏ। ਘਨੰ ਜੇਮ[10] ਭਾਏ।
ਕਰੈ ਨਾਦ[11] ਭਾਰੰ। ਜਿਮੰ ਮੇਘ ਕਾਰੰ[12]।
ਲਸੈ ਸੈਲ[13] ਭਾਰੀ। ਮਨੋ ਬੀਜ[14] ਧਾਰੀ ॥੭॥ [੧੪॥]

**ਕਬਿੱਤੁ।** ਆਏ ਇਤ ਧੀਰ ਬੀਰ ਚੀਰ ਚੀਰ ਕਰ ਸਬ,
ਮਾਰ ਮਾਰ ਕਹੈਂ ਕਿਤੈ ਸੰਭੁ ਗਨ ਭਾਵਹੀ।
ਘਨੰ ਘੋਰ ਕਰੈਂ ਸਬ ਆਇ ਨਿਜਕਾਇ[15] ਤਬ,
ਗਜੈ ਸਿੰਘ ਭਾਇ ਜਨੁ ਤਪੈ ਸੂਰ ਜਾਵਹੀ।
ਤਿਨੈ ਪੇਖ ਲਰੈਂ ਸਿੰਘ, ਕਰੈਂ ਰੁੰਡ ਮੁੰਡ ਤੁੰਡ,
ਜੈਤ ਜੈਤ[16] ਬੈਨ ਭਨ ਕਾਲ ਨਿਜਕਾਵਹੀ।
ਗਿੰਧ ਬਿੰਧ[17] ਆਇ ਕਹੂੰ ਜੋਗਨੀ ਕਰਾਲ ਜਾਨ,
ਬੀਰ ਸੁ ਬੈਤਾਲ ਭ੍ਰਮੈ ਸ੍ਵਾਨ ਸੁਖ[18] ਪਾਵਹੀ ॥੮॥ [੧੫॥]

**ਨਰਾਜ ਛੰਦ।** ਤਹੰਤ[19] ਪੰਥ ਖਾਲਸਾ, ਕਰੰਤ ਘਾਵ ਪੂਰਨੰ।

---

1. ਲੜਾਈ। 2. ਭੇਜਾਂ ਗਾ। 3. ਪਹਾੜ ਦੇ ਰਾਜੇ। 4. ਗੁਲੇਰੀਏ। 5. ਜੱਸਵਾਂ ਵਾਲੇ। 6. ਕਾਂਗੜੇ ਦੇ ਰਾਜਪੂਤ। 7. ਬਿਲਾਸ ਪੁਰੀਆ ਰਾਜਾ। 8. ਕਰੌਂਥਲ। 9. ਬਸ਼ਹਰ ਵਾਲੇ। 10. ਬੱਦਲਾਂ ਵਾਂਗ। 11. ਗੱਜ। 12. ਕਾਲੇ ਬੱਦਲ ਵਾਂਗ। 13. ਪਹਾੜ। 14. ਵਿਦਯੁਤ (ਬਿਜਲੀ)। 15. ਨੇੜੇ। 16. ਜਯਤੁ ਜਯਤੁ ਅਥਵਾ ਜੈ ਹੋਵੇ, ਜੈ ਹੋਵੇ। 17. ਵਿੰਧਯਾਚਲ ਦੀਆ ਗਿੱਧਾਂ ਵਾਂਗ। 18. 'ਸੁਖ' (ਮੋ. ਬਾ. ੭੧)। 19. ਤਾਂ ਹੰਤ (ਮਾਰਦਾ ਹੈ)।

ਉਡੰਤ ਸੀਸ ਲੈ ਨਭੰ[1], ਭ੍ਰਮੰਤ ਹੈ ਕਰੂਰਨੰ।
ਹਨੂਨਾ[2] ਕਾਲਕਾ ਅਸੀ[3] ਜਿਸੰਤ[4] ਭਾਤ ਰਾਜ ਹੀ।
ਗੁਰੂ ਤ ਪਾਦ ਕੋਰ ਤੈ ਮਹਾ ਬਲੀ ਸੁ ਸਾਜ ਹੀ॥ [੧੬॥]
ਕਰੰਤ ਰੁੰਡ ਮੁੰਡਨੰ, ਤਛੰਤ ਮੁੱਛ ਭਾਰਅੰ।
ਤਥੰਤ ਸੈਨ ਭੂਪਨੰ, ਸੁ ਐਸ ਚੀਤ ਧਾਰਅੰ।
ਕਰੰਤ ਬੈਨ ਤੁਰਕਨੰ, ਨ ਜੀਤ ਯਾਹਿ ਹੋਇ ਹੈ।
ਕਰੰਤ ਘੇਰ ਬੈਠੀਐ, ਅਨੰਤ ਬਰਖ ਜੋਇ ਹੈ ॥੯॥ [੧੭॥]

**ਚੌਪਈ।** ਤਬ ਸੋਈ ਬਾਤ ਤੁਰਕ ਗਨ ਕੀਨੀ। ਘੇਰ ਕੋਟ ਮੁਰਚੇ ਧਰ ਦੀਨੀ।
ਗੁਜਰ ਰੰਘੜ ਅਧਿਕ ਬੁਲਾਏ। ਜਹ ਤਹ ਧਾਰ ਮੋਰਚੇ ਲਾਏ॥ [੧੮॥]
ਬਾਹਰ ਕਟਕ ਰੈਨ ਦਿਨ ਧਾਵੈ। ਅੰਤਰ ਬੀਰ ਬਰਨ ਨਹੀਂ ਪਾਵੈ।
ਯਾ ਬਿਧਿ ਬਾਤ ਅਰਿਨ ਗਨ[5] ਕੀਨੀ। ਜਹ ਤਹ ਰਸਤ ਮਨੈ ਕਰ ਦੀਨੀ॥ [੧੯॥]
ਆਵਨ ਜਾਨ ਨ ਕੋਈ ਪਾਵੈ। ਤਹਾ ਰਸਤ ਕੈਸੇ ਕਰ ਆਵੈ।
ਕਿਤਕ ਕਾਲ ਯਹਿ ਭਾਂਤਿ ਬਿਤਾਯੋ। ਏਕ ਰੁਪਈਏ ਸੇਰ ਬਿਕਾਯੋ॥ [੨੦॥]
ਚਾਰ ਸਿੰਘ ਪਾਨੀ ਕੋ ਜਾਵੈਂ। ਦ੍ਵੈਜੂਝੈਂ ਦ੍ਵੈ ਪਾਨੀ ਲਜਾਵੈਂ।
ਐਸੀ ਭਾਂਤਿ ਖੇਲ ਤਹ ਕਰੀ। ਪ੍ਰਿਥਵੀ ਸਕਲ ਦੇਖ ਕੈ ਡਰੀ॥ [੨੧॥]
ਏਕ ਦਿਵਸ ਸਿੱਖਨ ਗੁਰ ਪਾਸਾ। ਕਰੀ ਜਾਇ ਯਾ ਬਿਧਿ ਅਰਦਾਸਾ।
"ਨਾਰਾ[6] ਨਦੀ ਨਿਕਟ ਕੋ ਨਾਹੀ। ਤਾ ਬਿਨ ਪਜਾਸੇ ਨੀਰ ਮਰਾਹੀ" ॥੧੦॥ [੨੨॥]

**ਦੋਹਰਾ।** ਸੁਨਤ ਬਚਨ ਸਬ ਤਵਨ ਕੇ, ਕ੍ਰਿਪਾ ਸਿੰਧੁ ਗੁਰ ਦੇਵ।
ਪਾਂਚ ਸਿੰਘ ਤਟ ਬੋਲ ਕੈ, ਯੌ ਸਮਝਾਯੋ ਭੇਵ ॥੧੧॥ [੨੩॥]

**ਸਵੈਯਾ।** ਪਾਂਚ ਸੁ ਤੀਰ ਤੁਨੀਰ[7] ਨਿਕਾਰ ਕੇ, ਦੀਨ[8] ਪ੍ਰਭੂ ਤਿਨ ਕੇ ਕਰ ਮਾਹੀ।
"ਜਾਇ ਕਹੋ ਸਤ ਗਾਮਨਿ[9] ਕੋ, ਪੁਨਿ ਦੇ ਇਹਿ ਮਾਤ ਹਮੈ ਸੁ ਇਹਾਹੀ।
ਯੌ ਕਹਿ ਰੇਖ[10] ਨਿਕਾਰ ਚਲੇ, ਪੁਨਿ ਪੈ ਫਿਰਿ ਕੈ ਦਿਖੀਓ ਤਹਿ ਨਾਹੀ।"
ਲੈ ਤਬ ਆਯਸੁ ਯੌ ਗੁਰ ਕੋ, ਚਲ ਪ੍ਰਾਪਤਿ ਭੇ ਬਰਬੀਰ[11] ਤਹਾਹੀ ॥੧੨॥ [੨੪॥]
ਦੇ ਕੇ ਸੰਦੇਸ ਚਲੈ ਗੁਰ ਕੋ ਪੁਨਿ, ਰੇਖ ਬਨਾਇ ਯੌਂ ਭਾਜਤੇ ਆਹੀ।
ਪੁਰ ਆਨੰਦ ਓਰ ਚਲੇ ਸੁਮਤੰ ਪੁਨਿ, ਕੇਤਕ ਦੂਰ ਯੋ ਭਰਮ ਉਠਾਹੀ।
ਪੀਛੇ ਸੇ ਤਾਹਿ ਨਿਹਾਰਤ ਭੇ[12] ਪੁਨਿ, ਪੈ ਫਿਰ ਕੈ ਵਹਿ ਆਵਤ ਨਾਹੀ।
ਦੇਖੇ ਨਿਹਾਰ ਯੌ ਆਵੈ ਚਲਜੇ, ਹੜ੍ਹ ਪੈ ਪੁਨਿ ਆਵਤ ਆਗੇ ਹੂੰ ਜਾਹੀ ॥੧੩॥ [੨੫॥]

**ਚੌਪਈ।** ਚਲ ਤਬ ਬੀਰ[13] ਹਜੂਰ ਸੋ ਆਏ। ਸਰਬ ਭੇਦ ਕਹਿ ਕਰ ਸਮਝਾਏ।
ਸੁਨ ਸ੍ਰੀ ਮੁਖ ਯਾ ਬਿਧਿ ਫੁਰਮਾਵੈ। ਸਮਾ ਪਾਇ ਕਰਿ ਆਪੈ ਆਵੈ॥ [੨੬॥]

---

1. ਆਕਾਸ਼ ਵਿਚ। 2. ਹਨਨ (ਮਾਰਨ) ਵਾਲੀ। 3. ਕਾਲਿਕਾ (ਦੇਵੀ) ਰੂਪ ਅਸੀ (ਤਲਵਾਰ)। 4. ਜਿਸ ਤਰ੍ਹਾਂ। 5. ਦੁਸ਼ਮਨਾਂ ਨੇ। 6. ਨਾਲਾ (ਪਾਣੀ ਦਾ) 7. ਤਰਕਸ਼ (ਭੱਥੇ) ਵਿਚੋਂ। 8. ਦਿੱਤੇ। 9. ਸ਼ਤ (ਸੌ) ਗਾਮਨਿ (ਧਾਰਾਂ ਕਰਕੇ ਗਮਨ ਕਰਨ ਅਥਵਾ ਚਲਣ ਵਾਲੀ) ਸਤਲੁਜ (ਸ਼ਤਦ੍ਰੂ ਜਾਂ ਸ਼ਤਦ੍ਰਵ) ਨਦੀ। 10. ਲਕੀਰ। 11. ਬਰ (ਸ਼੍ਰੇਸ਼ਟ) ਬੀਰ (ਯੋਧੇ)। 12. ਦੇਖਣ ਲੱਗੇ। 13. ਯੋਧੇ।

ਭੂਖ ਪਿਆਸ ਸਹੈਂ ਤਨ ਭਾਰੀ। ਕਮਰ ਬਾਂਧ ਕੈ ਰਹੈਂ ਅਗਾਰੀ[1]।
ਜੋ ਕਿਛੁ ਮਿਲਤ ਹਜੂਰ ਸੋ ਖਾਹੀ। ਅੰਨ ਹਾਥ ਨਹਿ ਲਾਗੈ ਵਾਹੀ[2]॥ [੨੭॥]
ਕਬੀ ਬਿਕਾਵੈ ਦਾਮ ਸੇ ਸੇਰਾ। ਕਬੈ ਮਿਲੈ ਨਹਿ ਪਾਵ ਸੁ ਟੇਰਾ[3]।
ਅੰਨ ਲਭੈ ਨਹਿ ਕਰਤ ਬਿਚਾਰਾ, ਰਾਤੀ ਗ੍ਰਾਮ ਦੌੜ ਇਕ ਮਾਰਾ॥ [੨੮॥]
ਤਾ ਤੈ ਲੂਟ ਅੰਨ ਬਹੁ ਲੀਨੋ। ਪੋਟ ਬਾਂਧ ਕੇ ਤਿਹ ਸਿਰ ਦੀਨੋ।
ਕੇਤੇ ਲਈ ਪੋਟ ਸਿਰ ਜਾਈ। ਕੇਤਕ ਜੁੱਧ ਕਰਤ ਤਹਿ ਠਾਈ॥ [੨੯॥]
ਯਾ ਬਿਧਿ ਰਸਤ ਬਹੁਤ ਲੇ ਆਏ। ਕੇਤਕ ਦਿਵਸ ਯਾ ਭਾਂਤਿ ਬਿਤਾਏ।
ਤਬ ਯਾ ਬਿਧਿ ਕਰ ਹੀ ਗੁਜਰਾਨਾ। ਖਾਤ ਖਰਚ ਭਜੇ ਪੂਰਨ ਜਾਨਾ॥ [੩੦॥]
ਆਧਿ ਰਾਤ ਚਢ ਕੈ ਪੁਨਿ ਧਾਏ। ਤਾਂ ਸਮ ਨਗਰ ਲੂਟ ਲੈ ਆਏ।
ਇਹ ਸੁਧ ਲੈ ਰਾਜਨ ਸਭ ਧਾਏ। ਸਗ ਤੁਰਕ ਲੈ ਅਨਗਨ ਆਏ।
ਮਗ[4] ਘਾਟੀ ਰੋਕੀ ਗਿਰਿ ਖੋਹਾ। ਆਏ ਸਿੰਘ ਲਖੇ ਕਰ ਕੋਹਾ॥੧੪॥ [੩੧॥]

**ਸਿਰਖਿੰਡੀ ਛੰਦ।** ਕੀਨੀ ਮਾਰ ਸੁ ਮਾਰੀ ਉਠੇ ਮੇਘ ਜਜੋਂ। ਸਿੰਘ ਅਏ ਬਲ ਧਾਰੀ ਤੇਗਾਂ ਖਿੱਚੀਆਂ।
ਕੀਤੀ ਵਾਢ ਅਪਾਰੀ ਗੁਸੇ ਹੋਇ ਕੈ। ਮਾਰੇ ਕਈ ਹਜਾਰੀ ਅੰਤੇ ਚੜ੍ਹਿ ਗਏ।
ਜੁਝੇ ਸਿੰਘ ਜੁਝਾਰੀ, ਤੁਰਕਾਂ ਮਾਰ ਕੈ। ਆਏ ਸਿੰਘ ਗੁਰ ਪਾਸ, ਸੁ ਬਾਤ ਸੁਨਾਂਵਦੇ।
ਕਰ ਅਰਦਾਸ ਸੁਨਾਵੈਂ ਇਕ ਅਸ ਭਾਯਕੈਂ[5]। ਰਸਤ ਲੈਨ ਕੋ ਗਏ ਵੈ ਮਾਰ ਸਿੰਘ ਜੀ।
ਸ੍ਰੀ ਮੁਖ ਕਹੇ ਸੁਨਾਈ, ਕਜੋਂ ਗਏ ਹੁਕਮ ਬਿਨ। ਮੁਕਤ ਕੀਓ ਤਿਨ ਤਾਈ, ਚਿੰਤਾ ਨਾ ਕਰੋ।
ਜੋ ਜੁੱਝੇ ਰਨ ਮਾਹੀ, ਤੁਰਕਾਂ ਮਾਰ ਕੈ, ਤਾ ਕੋ ਨਰਕ ਨ ਪਾਹੀ, ਘੱਲਾਂ ਸੁਰਗ ਨੋ।
ਸਿੰਘ ਰਹੈਂ ਗੁਰ ਪਾਹੀਂ[6], ਕਮਰ ਛਕਾਇ ਕੈਂ[7]। ਮਿਲੇ ਹਜੂਰ ਸੋ ਖਾਹੀ, ਮਨ ਸੰਤੋਖ ਕੈ॥੧੫॥ [੩੨॥]

**ਦੋਹਰਾ।** ਨਿਸ ਬਾਸੁਰ[8] ਜਾਗਤ ਸਬੈ, ਫਿਰਤ ਰਹੇ ਚਤੁਰੋਰ[9]।
ਯਾ ਬਿਧਿ ਚੋਕੀ ਦੇਤ ਹੈਂ, ਮਤਿ ਚੜ੍ਹ ਆਵੈਂ ਚੋਰ॥੧੬॥ [੩੩॥]

**ਚੌਪਈ।** ਇਕ ਦਿਨ ਭਗਤ ਸਿੰਘ ਕੀ ਨਾਰੀ। ਸੁਤਾ ਸੰਗ ਲੈ ਨੀਰ ਹਿਤਾਰੀ[10]।
ਮਗ ਮੋ ਜਾਤੀ ਜਲ ਕੇ ਕਾਜਾ। ਆਵਤ ਹੁਤੀ ਭਯੋ ਅਸ ਸਾਜਾ॥ [੩੪॥]
ਤੁਪਕ ਮੋਰਚੇ ਤੇ ਚਿਰਰਾਨੀ। ਸੁਤਾ ਮਰੀ ਲਾਗੀ ਰਿਦ ਬਾਨੀ।
ਤਾ ਕਰ ਰੁਦਨ ਘੋਰ ਤਿਨ ਕੀਨਾ। ਬੂਝਾ ਗੁਰ ਕਜਾ ਸੋਰਸੁ ਚੀਨਾ॥ [੩੫॥]
ਤਬ ਕਿਨ[11] ਕਹਾ ਭਗਤ ਸਿੰਘ ਦਾਸਾ। ਤਾ ਨਾਰੀ ਕੰਨਜਾ ਹਤ ਆਸਾ।
ਗੁਰ ਕਹੈ ਮੇਘ ਸਮੰ ਬਚ ਕੈਸੇ। "ਹੇ ਮਾਈ! ਤਜ ਰੁਦਨ ਸੁ ਐਸੇ॥ [੩੬॥]
ਤੋ ਗ੍ਰਿਹ ਸੁਤ ਦਰਬਾਰੋਂ ਦੈ ਹੈਂ। ਸੁਨਤ ਮੋਦ ਤਬ ਸੋਚ ਤਜੈ ਹੈਂ।"
ਤਾ ਕਰ ਭਯੋ ਤਾਹਿ ਸੁਤ ਭਾਰੀ। ਦਰਬਾਰਾ ਸਿੰਘ ਕੁਲ ਉਜਿਆਰੀ॥ [੩੭॥]
ਯਾ ਬਿਧਿ ਕਠਿਨ ਗੁਰੂ ਅਸ ਧਾਰਾ। ਗਜ ਬਾਜਿਨ[12] ਬੀਰਨ ਬਹੁ ਭਾਰਾ।

---

1. ਅਗਾੜੀ, ਅੱਗੇ। 2. ਉਨ੍ਹਾਂ ਨੂੰ। 3. ਟੇਰ ਲਗਾ ਕੇ, ਹੋਕਾ ਦੇ ਕੇ। 4. ਮਾਰਗ, ਰਸਤਾ। 5. ਇਸ ਭਾਇ ਜਾਂ ਤਰੀਕੇ ਨਾਲ। 6. ਪਾਸ, ਕੋਲ। 7. ਕਮਰ ਕਸ ਕੇ। 8. ਨਿਸ (ਰਾਤ) ਬਾਸਰ (ਦਿਨ)। 9. ਚਹੁੰ ਓਰ ਚਾਰੇ ਪਾਸੇ। 10. ਪਾਣੀ ਲੈਣ ਵਾਸਤੇ। 11. 'ਤਿਨ' (ਮੋ. ਬਾ. ੭੧)। 12. ਗਜ (ਹਾਥੀ) ਬਾਜਿ (ਘੋੜੇ)।

ਹੈ[1] ਵਰ ਸੁੰਦਰ ਅਧਿਕ ਹਜਾਰੇ। ਦਾਨ ਘਾਸ ਬਿਨ ਹੋਤੇ ਮਾਰੇ ॥ [੩੮॥]
ਬੀਰ ਅਮੀਰ ਪਰਮ ਅਵਤਾਰੀ। ਖਾਨ ਪਾਨ ਬਿਨ ਸਭ ਗੇ ਹਾਰੀ।
ਖਾਸ ਤਬੇਲਾ ਸਰਬ ਸੁਕਾਯੋ। ਯੌਂ ਪ੍ਰਭੁ ਜੀ ਕੇ ਮਨ ਮੈ ਆਯੋ ॥੧੭॥ [੩੯॥]

ਦੋਹਰਾ। ਜਬੈ ਤਬੇਲਾ ਦੇਖਨੇ, ਨਿਜ ਕਬ ਕਰੈ ਪਯਾਨ[2]।
ਬਾਜ ਗਾਜ ਅਰ ਟਹਲੀਏ ਸਰਬ ਪੁਕਾਰੇ ਆਨ ॥੧੮॥ [੪੦॥]
ਸੁਨੇ ਨ ਤਿਨ ਕੀ ਬੇਨਤੀ, ਮਯਾ ਸਿੰਧੁ[3] ਗੁਰਦੇਵ।
ਦੇਖ ਤਬੇਲਾ ਮੋਨ ਧਰ, ਅਤਰ ਲਖੇ ਅਭੇਵ ॥੧੯॥ [੪੧॥]

ਸਵੈਯਾ। ਹੋਯ ਉਦਾਸ ਮਹਾ ਮਨ ਮੈ, ਗੁਰ ਬੋਲਤ ਨਾਹਿ ਕਿਸੀ ਸੰਗ ਬਾਨੀ।
ਗਗਨ ਕੇ ਮੰਡਲ[4] ਧਯਾਨ ਲਗਾਵਤ, ਮੋਨ ਕਰੈ ਕਈ ਦਿਵਸ ਪ੍ਰਮਾਨੀ।
ਤੌਨ ਸਮੈ ਗੁਰ ਬਖਸ ਅਯੋ ਸਿੰਘ, ਤਾ ਢਿਗ ਕੀਨ ਪੁਕਾਰ ਮਹਾਨੀ।
ਤਾ ਮਨ ਆਇ ਗਈ ਸੁ ਘ੍ਰਿਣਾ, ਤਬ ਆਸ 'ਰੁ ਅੰਨ ਦਯੋ ਮਨਮਾਨੀ ॥੨੦॥ [੪੨॥]
ਸ੍ਰੀ ਗੁਰ ਯੌ ਸੁਨ ਕੇ ਪ੍ਰਭੁ ਏ ਕਛੁ, ਆਇ ਗਯੇ ਤਬ ਹੀ ਪਲ ਮਾਹੀ।
ਐਸੇ ਕਹਯੋ ਗੁਰ ਜੀ ਤਬ ਹੀ, "ਹਮ ਤੁਰਕਨ ਨਾਸ ਕਰੋ ਜਗ ਮਾਹੀ।"
ਤੌ ਵਹਿ ਬੋਲ ਕਹੈ, "ਸੁਨੀਏ ਪ੍ਰਭੁ, ਤੁਰਕ ਸਿਕਾਰ ਤੁਮਰੇ ਈ ਆਹੀ।"
ਯਾ ਪਰ ਸਾਹਿਬ ਬੋਲਤ ਭੇ, ਤੁਮ ਅੰਸ ਨ ਪੂਜ ਕੀ ਬਿਖ ਏ ਚਾਹੀ ॥੨੧॥ [੪੩॥]

ਦੋਹਰਾ। ਤਾਹਿ ਬੇਨਤੀ ਮਾਨ ਕੇ, ਪੰਚ ਸੇਰ ਦਾਨਾ ਕੀਨ।
ਪਾਵ ਨਾਜ[5] ਬੀਰਾਨ ਕੋ, ਸਿੰਘ ਸ੍ਰਾਪ ਜੁਤ ਲੀਨ ॥੨੨॥ [੪੪॥]

ਚੌਪਈ। ਤਬੈ ਸੰਗ ਦਰਸਨ ਕੋ ਆਯੋ। ਚਾਹਤ ਕਾਲ ਬਿਤਯੋ ਲਖ ਭਾਯੋ।
ਦੂਰ ਦੇਸ ਕੇ ਸਿਖ ਮਨ ਧਾਰੀ। ਆਏ ਦਰਸ ਪਰਸ ਸੁਖ ਕਾਰੀ ॥ [੪੫॥]
ਸੁਨਤ ਘੇਰ ਸਭ ਹੀ ਮੁੜ ਗਏ। ਕੋ ਇਕ ਸਿਖ ਦਰਸਨ ਕੋ ਅਏ।
ਸਿੱਖ ਤਾ ਮੈਂ ਮਤਿ ਰਾਸਾ। ਪਾਰਸ ਪ੍ਰਗਟ ਜਵਨ ਕੇ ਪਾਸਾ ॥ [੪੬॥]
ਸੋ ਸਿਖ ਗੁਰ ਢਿਗ ਆਯੋ ਪਜਾਰਾ। ਸਭ ਤਿਨ ਯਾ ਕੇ ਭੇਵ ਨਿਹਾਰਾ।
ਰਸਤ ਨ ਕਿਸੈ ਪ੍ਰਭੂ ਵਰਤਾਵੈ। ਜੋ ਦਲ ਗਜ ਅਰ ਸਰਬ ਸੋ ਖਾਵੈ ॥ [੪੭॥]
ਯਾ ਬਿਧਿ ਸੋ ਤਿਨ ਬਿਵਤ ਨਿਹਾਰੀ। ਨਿਜ ਮਨ ਮੈ ਅਸ ਬਾਤ ਬਿਚਾਰੀ।
ਧਨ ਨਹੀ ਹੈ ਸਤਿਗੁਰ ਕੇ ਤੀਰਾ। ਤਾ ਤੇ ਦੁਖੀ ਰਹਤ ਬਰ ਬੀਰਾ ॥ [੪੮॥]
ਜੋ ਧਨ ਹੋਵਤ ਖਾਸ ਖਜਾਨੇ। ਕਯੋਂ ਭਟ[6] ਖਾਵਤ ਬ੍ਰਿਛ ਪੁਰਾਨੇ।
ਧ੍ਰਿਗ ਮੋ ਕੋ ਭਾਖਯੋ ਮਨ ਮਾਹੀ। ਜਾ ਕੇ ਗੁਰ ਗ੍ਰਿਹ ਫਾਕੇ ਜਾਂਹੀ ॥ [੪੯॥]
ਧ੍ਰਗ ਵਹੁ ਜਗ ਮੈ ਦਰਬ ਕਹਾਵੈ। ਸਿੱਖ ਸਾਧ ਗੁਰ ਕਾਮ ਨ ਆਵੈ।
ਐਸ ਬਿਚਾਰ ਸਿੱਖ ਮਨ ਮਾਹੀ। ਪਰਉਪਕਾਰ ਗੁਰੂ ਤਨ[7] ਆਹੀ ॥ [੫੦॥]
ਪਾਰਸ ਅਦਭੁਤ ਤੌਨ[8] ਸੁ ਲੀਨੋ। ਆਨ ਮਯਾ ਨਿਧਿ[9] ਅਗਸ੍ਰ[10] ਦੀਨੋ।
ਸਤਿਗੁਰ ਲਯੋ ਹਾਥ ਜਬ ਪਾਰਸ। ਬਹੁਰ ਤਵਨ ਕੀ ਓਰ ਨਿਹਾਰਸ ॥ [੫੧॥]

---

1. ਸੋਹਣੇ ਹਯ (ਘੋੜੇ)। 2. ਪਯਾਨ ਕਰਨਾ, ਜਾਣਾ। 3. ਮਯ (ਕ੍ਰਿਪਾ) ਦੇ ਸਿੰਧੁ (ਸਮੁੰਦ੍ਰ), ਭਾਵ-ਕ੍ਰਿਪਾਲੂ। 4. ਗਗਨ ਮੰਡਲ, ਦਸਮ ਦੁਆਰ। 5. ਇਕ ਪਾਉ ਭਰ ਅਨਾਜ। 6. ਯੋਧੇ, ਸਿਪਾਹੀ। 7. ਨਾਲ, ਸਾਥ, ਸੰਗ। 8. ਉਸ ਨੇ। 9. ਕ੍ਰਿਪਾ ਸਾਗਰ (ਕ੍ਰਿਪਾਲੂ ਸਤਿਗੁਰੂ ਜੀ)। 10. ਅੱਗੇ, ਸਾਮ੍ਹਣੇ।

ਅਧਿਕ ਗੁਮਾਨ ਚੀਤ ਨਿਜ ਜਾਨੀ। ਸ੍ਰੀ ਮਹਾਰਾਜ ਐਸ ਬਿਧ ਠਾਨੀ।
ਕਰ ਮੈ ਤਾ ਕੋ ਲਯੋ ਉਠਾਈ। ਨਦ[1] ਪਰਵਾਹੁ ਸੁ ਦਯੋ ਬਗਾਈ ॥ [੫੨॥]
ਜਜੋਂ ਬਾਰਕ ਬੱਟਾ ਕਰ ਫੈਂਕੇ। ਤਿਮ ਸਤਿਗੁਰ ਡਾਰਾ ਕਰ ਲੈ ਕੇ।
ਯਾ ਬਿਧਿ ਸਿੱਖ ਚਰਿਤ੍ਰ ਨਿਹਾਰੀ। ਬਿਸਮੈ[2] ਭਯੋ ਜੀਅ ਮੈ ਭਾਰੀ।
ਟਕ ਟਕ[3] ਪ੍ਰਭੁ ਕੀ ਓਰ ਨਿਹਾਰੇ। ਮਨ ਮੈ ਗਟੀ[4] ਚਢੈ ਸੁ ਉਤਾਰੇ ॥੨੩॥ [੫੩॥]

ਦੋਹਰਾ। ਨਿਜ ਮੁਖ ਤੇ ਬੋਲੇ ਨਹੀਂ, ਐਸਰ ਲਗੇ ਨ ਹਾਥ।
ਪਾਰਸ ਸੀ ਨਿਧਿ[5] ਮੈ ਦਈ, ਇਨ ਕਾ ਕੀਮਤ ਸਾਥ? ॥੨੪॥ [੫੪॥]

ਸਵੈਯਾ। ਅਤਿ ਸੋਚ ਮਨੰਤੱਰ[6] ਤਾ ਪਿਖਓ ਤਬ, ਬੋਲਤ ਬੈਨ ਭਏ ਜਗ ਸਾਈ।
"ਕਜੋਂ ਤਵ ਸੋਚ ਕੀਓ ਮਨ ਮੇ, ਇਕ ਪਾਥਰੀ ਜਾਨ ਤੇ ਕਜੋਂ ਸਕੁਚਾਈ।
ਯਾਹੀ ਤੇ ਅਧਿਕ ਨਗੀਨ ਮੰਗਾਇ ਕੈ, ਦੇਵਹਿਗੇ ਸੁਨ ਸਿੱਖ ਚਹਾਈ।"
ਕਰ ਜੋੜ ਕਹੈਂ, "ਪ੍ਰਭੁ! ਪਾਥਰ ਨਾ ਇਹੁ, ਪਾਰਸ ਥੋ ਅਤਿ ਹੀ ਸੁਖਦਾਈ ॥੨੫॥ [੫੫॥]
ਚੌਦਹ ਲੋਕ ਮੈ ਯਾ ਸਮ ਨਾਹਿ ਨ, ਤੋਹਿ ਬਿਖਰਚ[7] ਲਖਾ ਮੁਹਿ ਭਾਰੀ।
ਬਾਜਿ ਹੀ ਗਾਜ[8] ਮਰੈ ਲਖ ਕੇ ਮਨ, ਏਹ ਬਿਬੇਕ ਮੁਝੇ ਅਸ ਧਾਰੀ।
ਪਾਰਸ ਪਾਇ ਗੁਰੂ ਸੁਖ ਪਾਵਹਿ, ਜੋਰ ਚਮੂੰ ਕਰ ਨਾਸ ਅਧਾਰੀ।
ਤੁਮ ਡਾਰ ਦਯੋ ਸਰ ਮੈ ਲਖ ਪਾਹਨ[9]", ਯੋ ਸੁਨ ਸ੍ਰੀ ਗੁਰ ਬੋਲਤ ਭਾਰੀ ॥੨੬॥ [੫੬॥]

ਸੰਕਰ ਛੰਦ। "ਤਨ ਸਰਬ ਤੋ ਢੀਲੋ ਕਰਾ, ਇਹ ਬਾਤ ਭਾਖੀ ਆਪ।
ਨਹਿ ਜਾਨਿਯੋ ਇਹੁ ਪਾਰਸੰ, ਅਬ ਸੋਚ ਤਜ ਸੁਖ ਥਾਪ।
ਏਤੋ ਖਜਾਨੇ ਯਾਹਿ ਕੋ ਨਹਿ, ਜਾਨਿਯੋ ਮੂਹ ਜਾਨ।
ਅਬ ਤਨ ਮੁਝੈ ਹੈ ਪਾਰਸੰ, ਲਖ ਸੋਚ ਤਜ ਸੁਖ ਮਾਨ ॥ [੫੭॥]
ਜਾਨ ਦੇਵਹੁ ਗਏ ਕੋ, ਨਹਿ ਸੋਚ ਧਾਰੋ ਨੈਕ[10]।
ਤ੍ਰੈ ਕਾਲ ਮੈ ਯਹਿ ਜਾਨੀਐ, ਤਨ ਮੋਹ ਪਾਰਸ ਏਕ।"
ਸੁਨ ਬੈਨ ਗੁਰ ਕੇ ਕਾਨ ਧਰ, ਸਿਖ ਚਹੈ, "ਦੇਖੋ ਕੈਸ?
ਪਾਰਸ ਸੋ ਕੰਚਨ ਕਰਤ ਹੈ, ਟੂਕ[11] ਲੋਹ[12] ਛੁਹਤ ਸੁ ਐਸ ॥ [੫੮॥]
ਜੇ ਤਨ ਛੁਹੈ ਕਰ ਲੋਹ ਕੰਚਨ, ਜਾਨੀਐ ਤਬ ਏਹੁ।"
ਯਾ ਭਾਂਤਿ ਸਿੱਖ ਸੁ ਮਾਹਿ ਚਿਤਵੈ, ਲਖਾ ਗੁਰ ਚਿਤ ਜੇਹ ॥੨੭॥ [੫੯॥]

ਝੂਲਨਾ। ਤਹਿ ਭਰਮ ਕੇ ਦੂਰ ਉਠਾਇ ਬੇ ਕੋ, ਲਘੀ[13] ਕਰਨ ਕੋ ਜਾਤ ਭੇ ਥਾਨ[14] ਮਾਹੀ।
ਤਹਿ ਸਿੱਖ ਕੋ ਭਾਖਿਯੋ, "ਨੀਰ ਆਨੋ, ਤਿਹ ਲੀਨ ਗੜਵਾ ਕਰੇ ਨੀਰ ਜਾਹੀ।
ਗੁਰੂ ਪਾਨ[15] ਧੋਏ ਲਖੇ ਸਿੱਖ ਕੈਸੇ, ਜਿਹ ਪਰਜੋ ਚੀਤਾ[16] ਤਹਾਂ ਭੂਮਿ[17] ਸਾਰੀ।
ਭਈ ਕੰਚਨੰ ਕੁੰਦਨੰ[18] ਤੌਨ ਥਾਨੰ, ਜਹਾ ਪਰੀ ਹੈ ਛੀਟ ਕਨਕਨੀ[19] ਧਾਰੀ।
ਯਾ ਭਾਂਤਿ ਪੇਖੇ ਧਰਜੋ ਨੀਰ ਗੰਗਾ, ਪੁਨੰ ਬਾਰ ਹੀ ਬਾਰ ਕਰ ਬੰਦਨਾ ਹੀ।

---

1. ਨਦੀ, ਦਰਿਆ। 2. ਵਿਸਮਿਤ, ਹੈਰਾਨ। 3. ਇਕ ਟਕ। 4. ਗਿਣਤੀ, ਸਕੀਮ।, 5. ਤੇਜ-ਨਿਧਿ, ਦਰਿਆ। 6. ਮਨ ਦੇ ਅੰਦਰ। 7. ਖ਼ਰਚ ਤੋਂ ਬਿਨਾਂ, ਧਨ ਤੋਂ ਰਹਿਤ। 8. ਹਾਥੀ। 9. ਪੱਥਰ। 10. ਥੋੜੀ ਜੇਹੀ। 11. ਥੋੜਾ ਜੇਹਾ, ਜਰਾ ਕੁ। 12. ਲੋਹਾ। 13. ਲਘੂ ਸ਼ੰਕਾ, ਪੇਸ਼ਾਬ। 14. ਇਕ ਸਥਾਨ। 15. ਹੱਥ। 16. ਮੂਤ੍ਰ, ਪੇਸ਼ਾਬ। 17. ਧਰਤੀ। 18. ਕੰਚਨ ਕੁੰਦਨ, ਭਾਵ-ਸ਼ੁੱਧ ਸੋਨਾ। 19. ਪੇਸ਼ਾਬ ਦੇ ਜ਼ਰਾ ਜਿਤਨੇ ਛਿੱਟੇ ਵੀ ਜਿੱਥੇ ਪਏ ਸਨ।

ਕਹੀ ਦੀਨ ਬਾਨੀ ਧਕਧਕੀ[1] ਠਾਨੀ, "ਮੈ ਭੇਦ ਨਹਿ ਪਾਇਯੋ ਗੁਰੂ ਵਾਹੀ।
ਖਿਮਾ ਕੀਜੀਏ ਨਾਥ ! ਮੈ ਕਹੀ ਬਾਨੀ ਤੁਮੈ ਸਨਮੁਖੰ ਕੌਨ ਸੁਰਤਰਹਿ[2] ਜਾਨੀ।
ਨਿਧੰ ਪਾਰਸੰ[3] ਧੇਨੁ[4] ਪੁਨਿ ਲਾਲ ਹੀਰੇ, ਮਨੰ ਮੁਕਤ[5] ਸਭ ਤੋਹ ਪਦਰਜੰ[6] ਧਾਨੀ।" ॥੨੮॥ [੬੦॥]

**ਚੌਪਈ।** "ਲੋਹਾ ਜੋ ਪਾਰਸ ਤਨ ਲਾਵੈਂ। ਕੰਚਨ ਹੋਤ ਗੁਨੀਗਨ ਗਾਵੈਂ।
ਤੁਮਰੀ ਕੋਰ[7] ਪ੍ਰਗਟ ਹੈ ਪਾਰਸ। ਮਾਈ ਕੋ ਕਰ ਰੂਪ ਸੁਧਾਰਸ[8] ॥ [੬੧॥]
ਤੁਮ ਜਾ ਕੋ ਇਕ ਦਾ ਛੁਹਿ ਜਾਵੇ। ਲੋਕ ਚਤੁਰਦਸ[9] ਮੈ ਪ੍ਰਗਟਾਵੇ।
ਦੇਵ ਦਨੁਜ[10] ਸੁਰ ਨਰ ਪੁਨਿ ਜੋਈ। ਤਵਨ ਸਮਾਨ ਆਨ ਨਹਿ ਹੋਈ ॥ [੬੨॥]
ਉਪਮਾ ਤੋਰ ਤੁਹੀ ਪ੍ਰਭੁ ਜਾਨੈ। ਔਰ ਜੀਵ ਕੋ ਕਹਾ ਬਖਾਨੈ।"
ਜਬ ਸਤਿਗੁਰ ਐਸੇ ਸੁਨ ਪਾਈ। ਕਰੁਨਾ ਕੇ ਸੰਗ ਤਹਾਂ ਅਲਾਈ ॥ [੬੩॥]
"ਸੁਨ ਸਿਖ ਤੇਰਾ ਭਰਮ ਮਿਟਾਵੈ। ਸੱਤ ਬੈਨ[11] ਧਰ ਪੈਜ ਧਰਾਵੈ।
ਪੂਰਨ ਪੁਰਖਨ ਪੈਜ ਬਢਾਈ। ਜਿਨ ਕੋ ਧਨੀ ਨ ਅਧਿਕ ਲਖਾਈ ॥ [੬੪॥]
ਯੋ ਲਖ ਕੇ ਅਪਨੇ ਮਨ ਮਾਹੀ। ਯਹਿ ਤੋ ਗੁਰੂਅਨ ਗੁਰੂ ਲਖਾਹੀ।
ਕਹਾ ਭਯੋ ਇਨ ਮੈ ਸਿਧ ਨਾਹੀ। ਇਹ ਹਮਰੀ ਕਛੁ ਲੱਛ ਚਹਾਈ ॥ [੬੫॥]
ਸਰਬ ਸਿੱਧ ਕੇ ਕਰਨੇ ਹਾਰੇ। ਰਿੱਧਿ ਸਿੱਧੀ ਜਹਿ ਬਾਰ ਬੁਹਾਰੇ[12]।
ਰਾਜੇ ਤੁਰਕ ਲਰਤ ਜੋ ਜਾਨੋ। ਏਹ ਤੋ ਹਮਰੀ ਖੇਲ ਪਛਾਨੋ ॥ [੬੬॥]
ਬੀਰ ਸੁ ਧੀਰ ਬਾਜਿ ਗਜ ਰਾਜਾ। ਭੂਖੇ ਰਹਤ ਨਹੀ ਧਨ ਕਾਜਾ।
ਕਵਤਕ[13] ਕਰਤ ਗਰੀਬ ਨਿਵਾਜਾ। ਕਛੁ ਚਰਿਤ੍ਰ ਨਿਰਖਨ ਕੈ ਕਾਜਾ ॥ [੬੭॥]
ਵਾ ਕੀ ਬਾਤ ਵਹੀ ਪਰ ਜਾਨੈ। ਅਵਰ ਜੀਵ ਕੋ ਕਹਾ ਬਖਾਨੈ।"
ਇਹ ਬਿਧਿ ਸਿੱਖ ਸਬੈ ਸੁਨ ਪਾਯੋ। ਨਿਜ ਮਨ ਕੋ ਸਭ ਭਰਮ ਮਿਟਾਯੋ ॥ [੬੮॥]
ਚਰਨ ਪਰੋ ਭਲ ਸੀਸ ਨਿਵਾਈ। ਦੀਨ ਬੰਧੁ ਲਖ ਬਿਨਤੀ ਪਾਈ।
"ਪ੍ਰਸਨੋਤਰ ਮੈ ਅਧਿਕ ਨਿਸੰਗਾ। ਕਰੇ ਸੰਕ ਤਜ ਤੁਮਰੇ ਸੰਗਾ ॥ [੬੯॥]
ਖਿਮਾ ਕਰੋ ਸਤਿਗੁਰ ਭਗਵਾਨਾ। ਮੈ ਤੁਮ ਕੋ ਨਰ ਕਰ ਪਹਿਚਾਨਾ।"
ਤਿਨ ਜਬ ਦੀਨ ਬਚਨ ਯੋ ਰਰੈ। ਮਜਾ ਸਿੰਧੁ ਕਰੁਨਾ ਮੈ[14] ਢਰੈ[15] ॥ [੭੦॥]
"ਕਛੁ ਬਰ ਮਾਂਗ" ਸਿਰੀ ਮੁਖ ਭਾਖਾ। ਸੁਨਤ ਬੈਨ ਯਾ ਬਿਧਿ ਤਿਨ ਆਖਾ।
"ਮੋ ਪਰ ਨਾਥ ! ਕ੍ਰਿਪਾ ਯਹਿ ਕੀਜੈ। ਇਹ ਬਰਦਾਨ ਦਾਸ ਕੋ ਦੀਜੈ ॥ [੭੧॥]
ਇਹ ਜੋ ਕਥਾ ਪੜ੍ਹੈ ਸੁਨ ਗਾਵੈ। ਤੋ ਚਰਨਾਂਬੁਜ[16] ਮਾਹਿ ਸਮਾਵੈ।"
ਸਤਿਗੁਰ ਸੋਈ ਬਾਤ ਤਬ ਕੀਨੀ। ਜੋ ਮਨਸਾ ਪੂਰਨ ਤਿਹ ਦੀਨੀ ॥੨੯॥ [੭੨॥]

**ਦੋਹਰਾ।** ਬਹੁਤ ਕਾਲ ਬੀਤਤ ਭਯੋ, ਯੋ ਬਿਧਿ ਤਾ ਪੁਰ ਮਾਹਿ।
ਕਥਾ ਚੌਦਸੈ ਧਜਾਇ ਕੀ, ਬਰਨੀ ਸੁੰਦਰ ਚਾਹਿ ॥੩੦॥ [੭੩॥]
ਇਤਿ ਸ੍ਰੀ ਗੁਰ ਬਿਲਾਸ ਬਰ ਰੰਗ। ਤਾਹਿ ਕਥਾ ਸੁੰਦਰ ਦੁਖ ਭੰਗ ॥੧੪॥

---

1. ਕੰਪ ਕੰਪੀ, ਧੜਕਨ। 2. ਦੇਵਤਿਆਂ ਦਾ ਕਲਪ ਬ੍ਰਿਛ। 3. ਪਾਰਸ ਜੇਹੀਆਂ ਨਿਧਾਂ। 4. ਕਪਿਲਾ ਗਊ। 5. ਮਣੀਆ ਤੇ ਮੋਤੀ। 6. ਪਦ ਰਜ (ਚਰਨਾਂ ਦੀ ਧੂੜ) ਵਿਚ। 7. ਦ੍ਰਿਸ਼ਟੀ। 8. ਅੰਮ੍ਰਿਤ। 9. ਚੌਦਾਂ ਲੋਕ। 10. ਦੇਵ ਤੇ ਦੈਂਤ। 11. 'ਬਚਨ' (ਮੋ. ਬਾ. ੭੧)। 12. ਦੁਆਰ ਉੱਤੇ ਝਾੜੂ ਦੇਂਦੀ ਹੈ। 13. ਕੌਤਕ। 14. ਕਰੁਣਾ ਭਾਵ (ਕ੍ਰਿਪਾ ਭਾਵ) ਵਿਚ। 15. ਢਲੇ, ਆਏ। 16. ਚਰਣ ਕਮਲ।

## ਪੰਦਰ੍ਹਵਾਂ ਅਧਿਆਇ

ਦੋਹਰਾ। ਕਹੈ ਪੰਦ੍ਰਵੈ ਧਜਾਇ ਮਹਿ, ਭਗਤ ਸਿੰਘ ਜੁਤ[1] ਗਾਥ।
ਪੁਨਿ ਸਿੱਖਨ ਕੇ ਸਾਂਗ ਕੀ, ਕਥਾ ਹੋਤ ਸੁਖ ਸਾਥ ॥੧॥

ਚੌਪਈ। ਏਕ ਦਿਵਸ ਸਿਖ ਪੈ ਗੁਰ ਆਯੋ। ਆਨ ਕਰੀ ਚੁਗਲੀ ਅਸ ਭਾਯੋ[2]।
"ਹੇ ਪ੍ਰਭੂ ! ਭਗਤ ਸਿੰਘ ਜੋ ਦਾਸਾ। ਦਾਨਾ ਖਾਤ ਚੁਰਾਇ ਪ੍ਰਗਾਸਾ ॥ [੨॥]
ਵੈ ਤੋ ਬਾਜਿਨ[3] ਕੀ ਲਿਦ ਮਾਹੀ। ਦਾਨੇ ਚੁਗ ਖਾਵਤ ਯੌ ਆਹੀ।"
ਗੁਰ ਢਿਗ ਕਹੈਂ ਚੁਗਲ ਅਸ ਰੀਤੀ। ਵੈ ਖਾਵਤ ਅਤਿ ਸਬਲ ਜੁ ਨੀਤੀ ॥ [੩॥]
ਤਬ ਗੁਰ ਤਾ ਬੁਲਾਇ ਕੀ ਠਾਢਾ। ਸੰਮੁਖ ਤੀਰ ਮਾਰੇ ਤੇ ਗਾਢਾ।
ਤਬ ਤਿਨ ਜਾਮੈ[4] ਤਣੀ ਉਤਾਰੀ। ਨਗਨ ਕਰੀ ਛਾਤੀ ਰੁਚਿ ਧਾਰੀ ॥ [੪॥]
ਗੁਰ ਪੂਛਾ, "ਤਨ ਕਜੋ ਨਗ ਨਾਹੀ?" ਕਹੈ ਬੈਨ ਗੁਰ ਕੋ ਪੁਨਿ ਚਾਹੀ।
"ਤੁਮਰੇ ਬਾਨ ਅਵਰਨ ਬਿਨਾਹੀ। ਸਹਜੈ ਜਾਵੈਂ ਤਨ ਧਨ ਤਾਹੀ" ॥ [੫॥]
ਤਬ ਗੁਰ ਮੁਦਿਤ ਤਾਹਿ ਪਦ ਲਾਯੋ। ਅੰਗ ਮੈ ਲਾਇ ਸਭੇ ਦਰਸਾਯੋ।
ਤਾਵਤ ਕਾਲ[5] ਪਿਸੌਰੀ[6] ਸੰਗਤ। ਏਕ ਬ੍ਰਿਧ ਕੋ ਕਰਤ ਖਤੰਗਤ[7] ॥ [੬॥]
ਕਰ ਬਿਬਾਨ ਸਸਕਾਰ ਪ੍ਰਕਾਰੀ। ਨਿਕਸਨ ਹੇਤ ਕੀਓ ਛਲ ਭਾਰੀ।
ਤੁਰਕਨ ਸੋ ਬਾਹਰ ਮਤਿ[8] ਕੀਨਾ। "ਹਮ ਆਵੈ ਤੁਮ ਹਤੋ ਨ ਚੀਨਾ" ॥ [੭॥]
"ਤਾਹ ਕਹਜੇ ਹਮ ਧਨ ਤੁਮ ਦੈ ਹੈਂ।" "ਤਾਹਿ ਕਹਜੋ ਕਿਵ ਜੀਤ ਰਹੈ ਹੈਂ।"
ਬਿਵਾਨ ਅਗ੍ਰ ਗਾਵੈ ਸਬਦੀਤ[9]। "ਸੇਵਕ ਕੀ ਓੜਕ ਨਿਬਹੀ ਪ੍ਰੀਤ ॥ [੮॥]
ਜੀਵਤ ਸਾਹਿਬ ਸੇਵਜੋ ਅਪਨਾ। ਚਲਤੇ ਰਾਖਜੋ ਚੀਤ।"
ਸੁਨ ਗੁਰ ਸਬਦ ਬਿਗਸ ਅਤਿ ਨੀਤ ॥ [੯॥]
ਕਹਜੋ, "ਕੌਨ ਸੋ ਕੀਨ ਚਲਾਣਾ? ਇਤੇ ਓਰ ਲਜਾਵੇ ਸੁ ਬਖਾਣਾ।
ਮਨ ਮੈ ਕਹਜੋ ਜੇ ਜਾਵਹਿ ਏਈ। ਲੋਕ ਕਹੈਂ ਗੁਰ ਲਖਜੋ[10] ਨ ਤੇਈ ॥ [੧੦॥]
ਯਾ ਕਰ ਗੁਰੁਤਾ ਕਹੁ ਨਿਜ ਟੇਰਾ। ਕਹਜੋ ਸੁਨਾਵਹੁ ਸਬਦ ਸੁ ਚੇਰਾ।
ਪੰਜ ਪੌੜੀਆਂ ਵਾਰ ਸੁਨਾਵਹੁ। ਪੁਨਿ ਇਕ ਸਿਖ ਸੌਂ ਕਹਿ ਗੁਪਤਾਵਹੁ[11] ॥ [੧੧॥]
ਛਪ ਕੇ ਬੀਚ ਅੰਗਾਰਾ ਦੀਜੈ। ਯਾ ਬਿਬਾਨ ਮਾਹੀ ਸੁਖ ਲੀਜੈ।"
ਸੁਨ ਕਰ ਬਚ ਡਾਰਜੋ ਸੁ ਅੰਗਾਰਾ। ਤਬੈ ਬ੍ਰਿਧ ਸਿਖ ਕਾਂਪਜੋ ਭਾਰਾ ॥ [੧੨॥]

---

1. ਯੁਕਤ, ਸਹਿਤ। 2. ਇਸ ਭਾਇ (ਤਰੀਕੇ) ਨਾਲ। 3. ਘੋੜਿਆਂ। 4. ਜਾਮਾ, ਲੰਮਾ ਕੋਟ। 5. ਉਤਨਾ ਚਿਰ। 6. ਪੇਸ਼ਾਵਰ ਦੀ। 7. ਖਤੰਗ (ਤੀਰ) ਨਾਲ ਆਹਤ ਮਾਰਿਆ। 8. ਮਤਾ, ਸਲਾਹ। 9. ਸ਼ਬਦ ਪੜ੍ਹਦੇ। 10. ਜਾਣਿਆ। 11. ਗੁਪਤ ਰਖੋ।

ਥਰ ਥਰਾਇ ਧਰ ਮੈ ਗਿਰ ਪਰਿਜ। ਤਬ ਸਭ ਲਜੈ ਨੀਚ ਮੁਖ ਕਰਿਯੋ।
ਗੁਰ ਕਹਿ, "ਲਾਜ ਨ ਤ੍ਰਾਸ[1] ਬਿਚਾਰੋ। ਹਮ ਨਿਹਚਾ ਰਾਖਾ ਹੈ ਥਾਰੋ[2] ॥ [੧੩॥]
ਜੇ ਕਰ ਤੁਮ ਜਾਤੇ ਯਾ ਥਾਨਾ। ਤਬ ਸੇ ਮੁਖ ਤੁਰਕਨ ਗਨ ਜਾਨਾ।
ਤੇ ਤੁਮ ਕਹਿਤੇ ਗਾਥ ਇਸਾਹੀ। ਤੁਮਰੋ ਗੁਰ ਕਛੁ ਜਾਨਤ ਨਾਹੀ ॥ [੧੪॥]
ਅੰਤਰਜਾਮੀ ਜੇ ਵਹਿ ਹੋਤਾ। ਤੁਮਰੇ ਛਲ ਬਲ ਜਾਨ ਨ ਲੇਤਾ।
ਯਾ ਕਰ ਹਮ ਤੁਮਰਾ ਕ੍ਰਿਤ ਕੀਜੈ। ਤੁਮ ਮਨ ਧਰੋ ਤ੍ਰਾਸ ਨਹੀ ਖੀਜੈ ॥ [੧੫॥]
ਜੇ ਕਰ ਮਨ ਚਾਹੇ ਤੌ ਰਹੀਐ। ਨਾਤਰ ਜਾਹਿ ਜੋਰ ਨਹਿ ਕਹੀਐ।"
ਤਬ ਸੋ ਰਹੇ ਪ੍ਰੀਤਯੁਤ ਹੋਈ। ਸੇਵਕ ਕਰਤ ਕਠਿਨ ਤਪ ਸੋਈ ॥ [੧੬॥]
ਟੂਟਤ ਪਤ੍ਰ ਉਬਾਲ ਸੁ ਖਾਹੀ। ਕਬ ਰੋਰਨ[3] ਕਬ ਸਾਗ ਲੈ ਖਾਹੀ।
ਕਬ ਨਹਿ ਆਵਤ ਹਾਥ ਸੁ ਸੋਈ। ਨਿਰਮਲ ਰਹਿਤ ਅਸਨ[4] ਬਿਨ ਹੋਈ ॥੨॥ [੧੭॥]

**ਸਵੈਯਾ।** ਘੇਰਾ ਪਰਾ ਦੁਖ ਪਾਵਤ ਹੈਂ, ਬਹੁ ਕਾਲ ਬਿਤੈ ਜੁਧ ਰੈਨ ਬਿਤਾਵੈਂ।
ਖਾਨ 'ਰੁ ਪਾਨ ਨਹੀਂ ਕਛੁ ਪਾਵਤ, ਦੂਸਰ ਏ ਲਖ ਤੁਰਕ ਡਰਾਵੈਂ।
ਕਾ ਬਿਧਿ ਧੀਰ ਧਰੈਂ ਸਬ ਬੀਰ ਸੁ, ਹਾਡ ਰਹੇ ਸਬ ਮਾਸ ਸੁਕਾਵੈਂ।
ਪਿੰਜਰ ਸੇ ਤਨ ਹੋਤ ਭਏ, ਜੜ੍ਹ ਘਾਸ ਰਖਾਵਤ ਦਿਵਸ ਬਿਤਾਵੈਂ ॥੩॥ [੧੮॥]
ਪ੍ਰਾਨ ਧਰੈਂ ਅਤਿ ਜ਼ਤਨਨ ਸੋਂ, ਮਿਲ ਆਇ ਹਜੂਰ ਸੋ ਮਾਤ ਲਿਆਹੀ।
ਬੰਦਨ ਕੈ ਪ੍ਰਭੁ ਭਾਖਤ ਹੈਂ, ਪ੍ਰਭੁ ਜੂ! ਕਰੀਐ ਰਖ ਦਾਸਨਿ ਨਾਹੀ।
ਦਾਨ ਦਿਜੈ ਪ੍ਰਭੁ ਜੀ! ਹਮ ਜੀਵਨ, ਨਾਤਰ ਆਇਸ ਦੇਵਹੁ ਜਾਹੀ।
ਸੰਮੁਖ ਹੋ ਕਰ ਜੂੰਝ ਮਰੈ ਰਨ, ਨਾਤਰ ਪਜਾਨ ਕਰੋ ਇਹ ਠਾਹੀ ॥੪॥ [੧੯॥]
"ਜਾ ਕਰ ਪ੍ਰਾਨ ਬਚੈਂ ਇਨ ਕੇ" ਅਸ ਮਾਤ ਕਹੈ "ਸੁਨੀਏ ਬਚ ਭਾਰੇ।
ਜੇ ਕਰ ਪੇਟ ਭਰੋ ਇਨ ਕੋ ਤਬ ਜੁੱਧ ਹੂੰ ਜੈ ਧਰ ਜਾਵਤ ਕਾਰੇ।"
ਭਾਖਤ ਹੈ ਗੁਰ, "ਮਾਤ ਸੁਨੋ ਅਸ ਪੂਜ ਕੋ ਅੰਨ ਨ ਯਾਹਿ ਭੁਗਾਰੇ।
ਮਾਤ ਲਖੈ ਸੁਤ ਕੋ ਬਿਖ ਦੇਤ ਨ ਤਾਕਰ ਹੈ ਬਿਖ ਸੀ ਇਹ ਧਾਰੇ" ॥੫॥ [੨੦॥]
ਯਾ ਬਿਧਿ ਮਾਤ ਕੋ ਬਾਤ ਸੁਨਾਵਤ, ਆਵਤ ਹੈ ਉਤ ਦੂਤ ਅਰਾਹੀ[5]।
"ਸਬ ਲੈ ਧਨ ਧਾਮ ਚਲੋ ਇਹ ਤੈ, ਕਛੁ ਭਾਖਤ ਨਾਹਿ ਹਮੈ ਤੁਮ ਤਾਹੀ।
ਇਹ ਠੋਰ ਤਜੋ ਤੁਮ ਧਰਮ ਲਿਜੈ, ਔਰ ਸੁਗੰਧ ਲਿਜੈ ਰੁਚਿ ਜਾਹੀ।"
ਯਾ ਬਿਧਿ ਬਾਤ ਸੁਨੈ ਤਿਨਕੀ, ਤਬ ਸਿੱਖ ਸੁ ਮਾਤ ਕੋ ਜਾਇ ਸੁਨਾਹੀ ॥੬॥ [੨੧॥]

**ਦੋਹਰਾ।** ਮਾਤਾ ਸਗ ਲਿਆਇ ਕੈ, ਕਰੀ ਸਬਨ ਅਰਦਾਸ।
"ਹੇ ਪ੍ਰਭੁ! ਰਾਖੋ ਹਮਨ ਕੋ, ਪਰੈ ਪ੍ਰਾਨ ਹਮ ਜਾਸ[6]" ॥੭॥ [੨੨॥]

**ਚੌਪਈ।** ਉਤ ਵੈ ਤੁਰਕ ਰਾਵ ਕਹ ਐਸੇ। "ਤੁਮੈ ਬਸਤ ਹਮ ਛੁਹਤ ਨ ਕੈਸੇ।
ਤੁਰਕ ਭੂਪ ਐ ਨੀਤ ਵਿਚਾਰੀ। ਗੋ ਸੂਕਰ[7] ਰਤ ਸਮ ਹਮ ਭਾਰੀ ॥ [੨੩॥]
ਫਕਤ[8] ਭੂਮਿ ਤੁਮ ਤੇ ਹਮ ਚਾਹੀ। ਨਾਥ ਸਮੋਏ ਹਾਥ ਨ ਆਈ।"
ਤਬ ਗੁਰ ਕਹਤ, "ਤੁਮੈ ਨਾਹ ਜਾਨਤ। ਯਾ ਕੇ ਛਲ ਬਲ ਅੰਤ ਨ ਠਾਨਤ ॥ [੨੪॥]

---

1. ਡਰ। 2. ਤੁਹਾਡਾ। 3. ਰੋੜੇ। 4. ਭੋਜਨ। 5. ਅਰਿ (ਦੁਸ਼ਮਨ) ਦੇ ਦੂਤ (ਸਿਪਾਹੀ)। 6. ਜਿਸ ਤੋਂ 7. ਗਊ ਤੇ ਸੂਰ। 8. ਬਸ, ਕੇਵਲ।

ਝੂਠੇ ਬਚਨ ਸਤਿ ਕਰ ਜਾਨਤ। ਅੰਧੇ ਕਾਨੇ ਬਚਨ ਨ ਮਾਨਤ।
'ਹਿੰਦੂ ਅੰਨਾ ਤੁਰਕ ਸੁ ਕਾਨਾ[1]। ਦਗੋ ਕਾਜ ਕਰਤੇ ਛਲ ਨਾਨਾ" ॥ [੨੫॥]
ਪੁਨਿ ਆਯੋ ਕਾਜੀ ਇਕ ਦੂਤਾ। ਤਾ ਕੋ ਗੁਰ ਕਰ ਆਦਰ ਪੂਤਾ।
ਚੂਰਨ ਇੱਖ ਕਰੀ ਖੁਲਵਾਹੀ। ਦੂਧ ਪਾਨ ਸਭ ਰਸ ਖਟ ਭਾਈ ॥ [੨੬॥]
ਨਾਨਾ ਭਾਂਤਿਨ ਸੁਖ ਤਿਨ ਦੇਖਾ। ਅਨ ਧੰਨ ਕੋਸ ਅੰਤ ਨ ਲੇਖਾ।
ਕੋਸ[2] ਖਾਤ ਅੰਨ ਧਨ ਘ੍ਰਿਤ ਕੇਰੇ। ਤਾਹਿ ਦਿਖਾਵਤ ਆਪ ਸੁ ਟੇਰੇ ॥ [੨੭॥]
ਏ ਸਬ ਖਾਇ ਬਹੁਰ ਉਠ ਜੈਹੈਂ। ਯਾ ਤੁਮ ਸੋ ਹਮ ਸੰਗਰ[3] ਕੈ ਹੈਂ।
ਯਾ ਬਿਧਿ ਲਖ ਕੈ ਦੂਤ ਸੋ ਆਵੈਂ। ਜਾਇ ਨ੍ਰਿਪਨ ਸੋ ਬੈਨ ਸੁਨਾਵੈਂ ॥ [੨੮॥]
ਅਨ ਘਾਸ ਘ੍ਰਿਤ ਬਸਨ ਅਪਾਰਾ। ਗੁਰ ਕੋਸਨ ਕੋ ਅੰਤ ਨ ਪਾਰਾ।
ਸੁਨ ਕੈਸੇ ਤਬ ਐਸ ਬਖਾਨੈ। ਚਾਰ ਬਰਸ ਕੋ ਘੇਰਾ ਠਾਨੈ ॥ [੨੯॥]
ਚਾਰ ਬਰਸ ਲੌ[4] ਅਨਗਨ[5] ਕੋਸਾ। ਅਜ ਹੂੰ ਪਰੇ ਅੰਨ ਧਨ[6] ਤੋਸਾ।
ਇਤ ਸਬ ਸਿੰਘ ਐਸ ਉਚਰਾਹੀ। "ਬਡ ਬਿਸ ਮੈ ਹਮ ਬਾਤ ਲਖਾਹੀ[7] ॥ [੩੦॥]
ਹਮੈ ਨ ਦੇਤ ਅੰਨ ਕਿਛ ਖਾਹੀ। ਤੁਰਕਨ ਸੋ ਅਤਿ ਦੇਤ ਭਨਾਹੀ।"
ਮਾਤਾ ਸੰਗ ਲਿਆਇ ਪੁਨਿ ਤੇਹੀ। "ਇਨ ਦੂਤਨ ਕੋ ਖਟਰਸ[8] ਦੇਹੀ" ॥ [੩੧॥]
ਕਹੈਂ ਗੁਰੂ ਜੀ, "ਤੁਰਕ ਉਚਾਰੇਂ। ਗੋ ਸੂਕਰ ਸੌਗੰਧ ਪੁਕਾਰੇਂ।
ਬੇਦ ਪੁਰਾਨ ਬੀਚ ਤੁਮ ਦੇਹੀ। ਚਲੋ ਨ ਜਾਤੇ ਭਰਮ ਕਰੇਹੀ" ॥ [੩੨॥]
ਸ੍ਰੀ ਗੁਰ ਕਹੈ, "ਝੂਠ ਵਹੁ ਕੈ ਹੈਂ। ਤੁਮੇ ਦਿਖਾਹਿ ਕੌਤੁਕੋ ਚਹਿ ਹੈਂ।"
ਤਬ ਕੌਤੁਕ ਹਿਤ ਚਮੜੇ ਲੀਨੇ। ਪਨ੍ਹੀ[9] ਤੋਬਰੇ[10] ਅੰਤ ਨ ਬੀਨੇ ॥ [੩੩॥]
ਕਾਠੀ ਜੀਨ ਮਲੀਨ ਮੰਗਾਈ। ਹਾਡ, ਪੁਰਾਨੇ ਚੀਰ[11], ਅਧਿਕਾਈ।
ਠੀਕਰ ਪਾਹਨ[12] ਬੁਰਦ ਸੋ ਪੋਸਾ[13]। ਊਨ ਕਪਾਸ ਮਲਨ ਭਰ ਕੋਸਾ ॥ [੩੪॥]
ਪਨੀ ਪੁਰਾਨੀ ਕੁਪੀਅਨ[14] ਹੀਨੀ। ਏ ਸਬ ਏਕਠ ਕਰੀ ਸੁ ਚੀਨੀ।
ਭਿੰਨ ਭਿੰਨ ਕਰ ਗੂਨ ਭਰਾਹੀ। ਭਰੈ ਬੈਲ ਸਾ ਦਏ ਚਲਾਈ ॥੮॥ [੩੫॥]

**ਸਵੈਯਾ।** ਲਿਖ ਪਤ੍ਰ ਪਠੇ ਉਨ ਦੂਤਨ ਕੋ, "ਤੁਮ ਬੈਨ ਧਰੇ ਹਮ ਜਾਂਹਿ ਤਜਾਹੀ।
ਪੂਰਬ ਕੋਸ ਖਜਾਨਾ ਚਲੈ", ਸਬ ਸੁਹਰਤ ਭੀ ਗੁਰ ਕੂਚ ਕਰਾਹੀ।
ਯੋ ਸੁਨ ਰਾਵ ਆਨੰਦਤ ਭੇ, ਮਨੋ ਨਿਰਬਲ ਥੇ ਭਏ ਸਬਲ ਸੁਨਾਹੀ।
ਆਧ ਹੀ ਰਾਤ ਪਯਾਨ[15] ਭਯੋ, ਤਬ ਸੀਂਗ ਦੁਈ ਤਿਨ ਬੈਲ ਬੰਧਾਹੀ ॥੯॥ [੩੬॥]
ਦੋ ਦੋ ਸੀਗ ਮਸਾਲ ਜਗੇ, ਤਬ ਯਾ ਬਿਧਿ ਟਾਂਡ ਗੁਰੂ ਕੋ ਸਿਧਾਹੀ।
ਮੋਰਚਾ ਲਾਂਘ ਗਏ ਗੁਰੂ ਕੋ ਜਬ, ਤਾਹਿ ਕੇ ਬੀਚ ਜਬੈ ਪ੍ਰਵਿਸਾਹੀ।
ਪੇਖ ਕੇ ਸਬ ਭਏ ਤਿਹ ਲੋਭ ਮੈ, ਧਰਮ ਦੀਓ ਤਜ ਕੈ ਤਿਨ ਨਾਹੀ।

---

1. ਸਹੀ ਪਾਠ ਇਸ ਤਰ੍ਹਾਂ ਹੈ : "ਹਿੰਦੂ ਅੰਨ੍ਹਾ ਤੁਰਕੂ ਕਾਣਾ। ਦੁਹਾਂ ਤੇ ਗਿਆਨੀ ਸਿਆਣਾ।" (ਰਾਗੁ ਗੋਂਡ ਬਾਣੀ ਨਾਮਦੇਉ ਜੀਉ ਕੀ)। 2. ਖ਼ਜ਼ਾਨਾ। 3. ਲੜਾਈ। 4. ਤਕ। 5. ਅਣਗਿਣਤ। 6. 'ਅਨਿਕ ਬਿਧਿ'। (ਮੋ. ਬਾ. ੭੧)। 7. ਦੇਖ ਕੇ। 8. ਖਟ (ਛੇ) ਰਸ ਇਹ ਹਨ : ਮਿੱਠਾ, ਸਲੂਣਾ, ਚਰਪਰਾ (ਤਿੱਖਾ) ਕਸੈਲਾ, ਖੱਟਾ ਅਤੇ ਕੌੜਾ। 9. ਜੁੱਤੀਆ। 10. ਤੋਬਰੇ, ਥੈਲੇ, 11. ਪੁਰਾਣੇ ਤੇ ਫਟੇ ਹੋਏ ਕਪੜੇ। 12. ਪੱਥਰ। 13. ਬੁਰਦ ਪੋਸ਼, ਸਾਮਾਨ ਬੰਨ੍ਹਣ ਦੀਆਂ ਚਾਦਰਾਂ। 14. ਕੁਪੀਨ, ਲਿੰਗੋਟੀ। 15. ਗਮਨ, ਕੂਚ।

ਜੋ ਗੁਰ ਏਕਠ ਯਾਹਿ ਕਰੀ, ਹਮ ਖੋਸਤ[1] ਸੋ ਬਸ ਲੇਹ ਭਨਾਹੀ ॥੧੦॥ [੩੭॥]

**ਭੁਜੰਗ ਛੰਦ।** ਹਮੇ ਨਾਹਿ ਕੀਨੀ ਸੁਗੰਧੰ ਪ੍ਰਮਾਨੰ। ਲਹੇ ਕੋਸ ਭਾਰੇ ਤਜੇ ਧਰਮ ਜਾਨੰ।

ਹਮੈ ਤੋ ਲਦੇ ਯਾਹਿ ਐਸੇ ਬਖਾਨੀ। ਗਈ ਧਰਮ ਕੀ ਕੀਲ ਐਸੇ ਹਿਤਾਨੀ ॥ [੩੮॥]

ਚਲੈ ਦੌੜ ਕੈ ਤੁਰਕ ਹਿੰਦੂ ਨਿਸੰਕੰ। ਤਜਜੋ ਧਰਮ ਪੀਰਾਨ ਕੋ ਕਰਸ ਭੰਗੰ।

ਪਰੀ ਮਾਰ ਮਾਰੰ ਲੁਟੇ ਬੈਲ ਹੇਤੰ। ਲੜੇ ਆਪ ਮਾਹੀ ਕਰੇ ਸਸਤ੍ਰ ਚੇਤੰ ॥ [੩੯॥]

ਨਿਜੰ ਮਾਰ ਡਾਰੇ ਲਖੈ ਨਾਹਿ ਚੀਤੰ। ਕਹੈਂ ਤਾਤ ਪਾਤੰ ਮਰੈ ਹ੍ਵੈ ਅਭੀਤੰ[2]।

ਲੜੈਂ ਤੁਰਕ ਰਾਜੈ ਕਹੈਂ ਲੂਟ ਲੇਹੀ। ਹਮੇ ਦੇਸ ਕੋ ਲੂਟ ਲੀਨੋ ਇਨੇਹੀ ॥ [੪੦॥]

ਮਲੇਛੰ ਬਖਾਨੈਂ ਜੁਧੰ ਕੀਨ ਮੋਹੀ। ਯਹੀ ਭਾਂਤਿ ਰਾਰੰ ਪਰੀ ਤਿਹ ਲਸੋਹੀ।

ਇਤੈ ਤੋਪ ਮਾਰੈ ਗੁਰੂ ਕੋਟ ਊਪੰ। ਰਲੇ ਅੰਗ ਭੰਗੰ ਭਯੋ ਜੁੱਧ ਮੂਚੰ[3] ॥੧੧॥ [੪੧॥]

**ਦੋਹਰਾ।** ਨਿਹੰਗਨ ਨਾਮ ਬਤਾਵਹੀ, ਮੀਡੀ[4] ਕਰ ਲਘੁ ਅੰਗ।

ਪੂਜ ਕਰੈਂ ਅਤਿ ਤੋਪ ਕੀ, ਚਲੇ ਅਨੰਦ ਪੁਰ ਸਗ ॥੧੨॥ [੪੨॥]

**ਚੋਪਈ।** ਐਸੀ ਤੋਪ ਮਹਾਂ ਅਧਿਕਾਈ। ਆਪ ਸੁ ਸਾਹਿਬ ਜੋ ਢਲਵਾਈ।

ਆਦਿ ਤੋਪ ਛੋਟੀ ਸੀ ਧਰੀ। ਲਾਗਤ ਤਾਹਿ ਜਾਹਿ ਮਨ ਕਰੀ ॥ [੪੩॥]

ਮਾਰੇ ਤੋਪ ਬਖਾਨੇ ਨਾਮ। ਏਹ ਨਿਹੰਗਨ ਕੋ ਅਤਿ ਕਾਮ।

ਬਾਂਧ ਨ ਦੇਵੈਂ ਤੁੰਮਨ[5] ਬੀਰਾ। ਮਾਨੈਂ ਖਾਲਸ ਜੋਇ ਅੰਬੀਰਾ।

ਏਕ ਭਗਤਿ ਤੁਮਰੀ ਯੋ ਕਰੇਈ। ਨਾਮ ਨਿਹੰਗਨ ਜਾਨੋ ਤੇਹੀ ॥੧੩॥ [੪੪॥]

**ਪਾਧੜੀ ਛੰਦ।** ਹਹਕੰਤ[6] ਤਾਹਿ ਬੀਰੰ ਮਹਾਨ। ਲਰਤੇ ਨਿਸੰਗ ਧਨ ਹੇਤ ਜਾਨ।

ਨਹੀ ਮੂੜ੍ਹ ਗਜਾਨ ਮਨ ਮੈ ਧਰੰਤ। ਜਨ ਮ੍ਰਿਤ ਨਾਰ ਨਿਸ ਸੋ ਗਿਰੰਤ ॥ [੪੫॥]

ਕਈ ਉਡਤ ਜਾਹਿ ਸਹਸੰ ਹਜਾਰ। ਜਬ ਪਰਤ ਤੋਪ ਅਨਕੰ ਸੁਧਾਰ।

ਇਮ ਕਰਤ ਆਪ ਮੈ ਮੂੜਰਾਰ। ਜਿਮ ਜਰਤ ਬਾਂਸ ਖਹਿਕੰਤ ਬਾਰ ॥ [੪੬॥]

ਕਈ ਲੁੱਥ[7] ਜੁੱਥ[8] ਧਰ ਪਰੀ ਜਾਨ। ਅਸ ਭਾਂਤ ਚਾਰ ਘਟਿਕਾ[9] ਪ੍ਰਮਾਨ।

ਬਹੀ ਖੰਡ ਧਰ[10] ਤਾ ਮੱਧ ਐਸ। ਕਿਰਸਾਨ ਦਾਤ੍ਰੀ ਖੇਤ੍ਰ ਜੈਸ।

ਅਤਿ ਪਰੀ ਮਾਰ ਤਹਿ ਘੋਰ ਜਾਨ। ਨਿਸ ਕਰਤ ਨਾਚ ਕਾਲੀ ਮਹਾਨ ॥੧੪॥ [੪੭॥]

**ਰਸਾਵਲ ਛੰਦ।** ਪਰੀ ਮਾਰ ਮਾਰੰ। ਉਠੀ ਸਸਤ੍ਰ ਝਾਰੰ। ਲੜੈ ਤੁਰਕ ਹਿੰਦੂ। ਨਹੀ ਤ੍ਰਾਸ ਜਿੰਦੂ।

ਸੁਤੰ ਤਾਤ ਮਾਰੇ। ਜਿਮੰ ਮਤਿ ਵਾਰੇ। ਬਕੇ ਬੈਨ ਭਾਰੇ। ਲਦੇ ਕੋਸ ਸਾਰੇ ॥ [੪੮॥]

ਕਰੈ ਸੋਰ ਸੋਰੰ। ਬਹੇ ਘੋਰ ਘੋਰੰ। ਕਈ ਸੈਨ ਮਾਰੀ। ਨ ਅੰਤੰ ਸੁਮਾਰੀ।

ਗੁਰੂ ਕੈ ਸਹਾਈ। ਸਬੈ ਦੂਤ ਖਾਈ। ਸੁਕਾਲੀ ਮਹਾਨੀ ਕਰੈ ਨਾਸ ਜਾਨੀ।

ਭਲੀ ਭਾਂਤਿ ਰਾਚੇ। ਨਹੀਂ ਤ੍ਰਾਸ ਬਾਚੇ। ਕਈ ਸੈਨ ਭਾਰੀ। ਮਰ ਸੋ ਸਿਧਾਰੀ ॥੧੫॥ [੪੯॥]

**ਦੋਹਰਾ।** ਤਬ ਅਨਗਨ ਧਨ ਬੈਲ ਲੈ, ਚਲੈ ਬੀਰ ਬਲਵੰਤ।

ਜਾਇ ਆਪਨੇ ਧਾਮ ਮੈ, ਕਰਤ ਮੋਦ ਮਨ ਮੰਤ[11] ॥੧੬॥ [੫੦॥]

**ਚੋਪਈ।** ਚਮਰੇ[12] ਹਾਡ ਬੈਲ ਕੀ ਗੋਨਾ। ਲਖੇ ਤਾਹਿ ਹਿਤ ਧਰ ਮਨ ਸੋਨਾ।

---

1. ਖੋਹ ਲੈਂਦੇ ਹਾਂ। 2. ਭੀਤਿ (ਡਰ) ਤੋਂ ਰਹਿਤ, ਨਿਡਰ। 3. ਅਧਿਕ, ਬਹੁਤ ਉੱਚਾ। 4. ਮਰੋੜ ਕੇ। 5. ਗ੍ਰੋਹ, ਝੁੰਡ। 6. ਹਾ-ਹਾ-ਕਾਰ ਕਰਦੇ। 7. ਲੋਥਾਂ। 8. ਇਕੱਠ, ਗ੍ਰੋਹ। 9. ਘੜੀ। 10. ਖੰਡੇ ਦੀ ਧਾਰ ਵਹੀ, ਅਰਥਾਤ ਖੰਡਾ ਖੜਕਿਆ। 11. ਮਨ ਭਾਉਂਦੇ ਆਨੰਦ। 12. ਚਮੜੇ।

ਜਬ ਹੀ ਰਾਤ ਪਰੀ ਚਮੜੇ ਲਖ। ਨਾਹਕ ਮੂੰਡ ਮੂੰਡਾਯੋ ਹਮਿ ਸਖ ॥ [੫੧॥]
ਸਾਕ ਸੈਨ ਸਭ ਨਿਜ ਕਰ ਮਾਰੇ। ਨਾਹਕ ਕੀਨ ਕਰਮ ਹਮ ਭਾਰੇ।
ਧਰਮ ਕੌਲ[1] ਭੂਪਨ ਕੋ ਬੋਰਾ[2]। ਮਰੈ ਲਾਜ ਸੋ ਤੇ ਸਠ[3] ਚੋਰਾ ॥ [੫੨॥]
ਜੇ ਕੋ ਯਾ ਬਿਧਿ ਗੁਰਮਤਿ ਤਜਾਗੇ। ਇਹ ਜਗ ਧ੍ਰਿਗਤਿਹ ਦੋਜਕ ਆਗੇ।
ਯਾ ਬਿਧਿ ਤਿਨੈ ਭਯੋ ਉਪਹਾਸਾ[4]। ਸਾਹਿਬ ਬਿਗਸਜੋ ਪੇਖ ਤਮਾਸਾ ॥੧੭॥ [੫੩॥]

ਸਵੈਯਾ। ਸ੍ਰੀ ਗੁਰ ਸਿਖ ਬੁਲਾਇ ਲਏ, ਕਹਜੋ, "ਯਾਹਿ ਚਰਿਤ੍ਰ ਲਖੋ ਚਖ[5] ਮਾਹੀ।
ਤੁਮ ਤੇ ਕਹਤੇ ਪ੍ਰਭੁ ਧਰਮ ਬਖਾਨਤ, ਇਹ ਪਹਾਰੀਏ ਕਾਤੁਰ[6] ਕਾਹੀ[7]।
ਕਾਚੇ ਪਹਾਰੀਏ ਜਾਨ ਲਖੋ ਮਨ, ਬੈਨ ਕੇ ਸਾਚ ਕਬੈ ਇਹ ਨਾਹੀ।
ਤੁਮ ਜਾਨਤ ਨਾ ਇਨਕੇ ਛਲ ਕੋ, ਦਗੇ ਬਾਜ ਮਹਾਂ ਇਨਸੋ ਧਰ[8] ਨਾਹੀ ॥੧੮॥ [੫੪॥]
ਜੋ ਹਮ ਕੂਚ ਕਰੈਂ ਇਤ ਤੇ, ਉਨ ਤੈ ਸਭ ਸੰਗਤ ਮੈ ਪ੍ਰਵਿਸਾਹੀ।
ਥੋਰਨ ਸੌ ਹਮ ਕੈਸ ਕਰੈਂ ਜੁੱਧ ਨਾਹਕ ਸਿੱਖਨ ਪ੍ਰਾਨ ਗਵਾਹੀ।
ਜੇ ਕਰ ਕੇਤਕ ਭਾਜ ਪਰੈ ਤਬ, ਯਾ ਕਰ ਧੀਰ ਧਰੋ ਮਨ ਮਾਹੀ।
ਸਭ ਕੋ ਮਨ ਸੂਰ ਨ ਜਾਨਤ ਹੈ, ਤੁਮ ਕੌਤੁਕ ਕਾਲ ਲਖੋ ਮਨ ਮਾਹੀ ॥੧੯॥ [੫੫॥]
ਧੀਰਜ ਧਾਰ ਰਹੋ ਮਨ ਮੋ ਤੁਮ, ਇੱਛਤ ਭੋਗ ਧਰੋ ਸੁਖ ਪਾਹੀ।
ਯਾ ਬਿਧਿ ਕੇਤਕ ਕਾਲ ਬਿਤਜੋ, ਅਤਿ ਕਸਟ ਸੋ ਕਾਲ ਬਿਤਾਵਤ ਆਹੀ।
ਰਾਜ ਭਵੈ ਤੁਮਰੋ ਜਗ ਮੈ, ਸਬ ਧੀਰਜ ਧਾਰ ਰਹੋ ਮਨ ਮਾਹੀ।"
ਅਗਨੰਤ[9] ਚਰਿਤ੍ਰ ਕਰੇ ਪ੍ਰਭੁ ਜੂ ਤਬ, ਗਾਥ ਸੁਨੋ ਇਕ ਸਿੱਖ ਸੁਨਾਹੀ ॥੨੦॥ [੫੬॥]

ਚੌਪਈ। "ਹੇ ਪ੍ਰਭੂ! ਸੇਵਾ ਰਾਮ[10] ਸੁ ਸਾਧਾ। ਕਰਤ ਕਰਮ ਐਸੋ ਅਪਰਾਧਾ।
ਜਬ ਹੋਵਤ ਸੰਗਰ ਅਤਿ ਭਾਰੀ। ਹਿੰਦਨ ਤੁਰਕਨ ਨੀਰ[11] ਪਿਆਰੀ ॥ [੫੭॥]
ਅਰਿਗਨ[12] ਕੋ ਜਲ ਹੇਤ ਪਿਆਏ। ਪੁਨਿ ਸਭ ਸਿੰਘਨ ਕੋ ਰੁਚਿ ਭਾਏ।"
ਤਬ ਗੁਰ ਜੀ ਤਾ ਕੋ ਸਦ ਲੀਨਾ। ਕਰ ਜੁੜ[13] ਸੀਸ ਨਿਵਾਇ ਅਸੀਨਾ[14] ॥ [੫੮॥]
ਤਬ ਗੁਰ ਕਹੈਂ, "ਸਿੱਖ ਕਿਛੁ ਭਾਖੈਂ। ਨੀਰ ਅਰਿਨ[15] ਨਿਜ ਦੇਵਤ ਸਾਖੈਂ।
ਤੁਮ ਹੋ ਸੰਤ ਕਨ੍ਹੈਯਾ ਰੂਪਾ। ਜੋ ਗੁਰ ਨੌਮ ਪਾਹਿ ਸੁਖ ਰੂਪਾ ॥ [੫੯॥]
ਕਰੀ ਸੇਵ ਬਹੁ ਚਿਤ ਰੁਚਿ ਲਾਈ। ਹਮਰੇ ਪਾਹਿ ਰਹੈ ਅਧਿਕਾਈ।
ਤੁਮ ਗੁਰਸਿੱਖ ਏਕ ਬ੍ਰਤ ਨਾਰੀ। ਪੂਰਬ ਸੇਵਾ ਕੀਨੀ ਭਾਰੀ ॥ [੬੦॥]
ਓਹ ਰਾਜਨ ਕੋ ਨੀਰ ਪਿਵਾਏ। ਨਾਰੀ ਹਮਰੋ ਆਸ ਲਖਾਏ।
ਜੋ ਪੂਰਬ ਕੀ ਬਾਤ ਹਮਾਰੀ। ਓਹੁ ਨਾਰੀ ਚਿਤਵੈ ਬਹੁ ਕਾਰੀ" ॥ [੬੧॥]
ਸੁਨ ਗੁਰ ਬੈਨ ਕਹੈ ਤਬ ਬਾਨੀ। "ਤੁਮ ਸਬ ਅਸ ਜਗ ਮੈ ਸੁਖਦਾਨੀ।

---

1. ਧਰਮ ਦਾ ਵਚਨ। 2. ਡੋਬਿਆ। 3. ਮੂਰਖ। 4. ਮਖੌਲ। 5. ਅੱਖ। 6. ਕਾਇਰ, ਡਰਾਕਲ। 7. ਕਿਉਂ, ਕਿਸ ਵਾਸਤੇ। 8. ਧਰਮ ਉੱਪਰ। 9. ਅਣਗਿਣਤ। 10. ਭਾਈ ਸੇਵਾ ਰਾਮ ਸਾਧੂ ਨਹੀਂ, ਦਰ ਅਸਲ ਏਥੇ ਭਾਈ ਕਨ੍ਹੈਯਾ ਨਾਂ ਹੀ ਵਧੇਰੇ ਠੀਕ ਹੈ, ਕਿਉਂਕਿ ਇਹ ਸੇਵਾ ਆਨੰਦ ਪੁਰ ਦੇ ਜੰਗ ਸਮੇਂ ਭਾਈ ਕਨ੍ਹੈਯਾ ਜੀ ਨੇ ਹੀ ਕੀਤੀ ਸੀ। ਭਾਈ ਕਨ੍ਹੈਯਾ ਜੀ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸਮੇਂ ਤੋਂ ਗੁਰੂ ਘਰ ਦੇ ਪੁਰਾਣੇ ਸੇਵਕ ਚਲੇ ਆਉਂਦੇ ਸਨ ਤੇ ਭਾਈ ਸੇਵਾ ਰਾਮ ਤਾਂ ਉਨ੍ਹਾਂ ਦੇ ਚੇਲਿਆਂ ਵਿਚੋਂ ਇਕ ਸੀ, ਜਿਸ ਦਾ ਸਮਾਂ ਇਸ ਤੋਂ ਪਿੱਛੋਂ ਦਾ ਹੈ। 11. ਪਾਣੀ। 12. ਦੁਸ਼ਮਨਾਂ। 13. ਹੱਥ ਜੋੜ ਕੇ। 14. ਅਧੀਨ ਹੋਇਆ, ਬੈਠ ਗਇਆ। 15. ਅਰਿ (ਵੈਰੀਆਂ) ਨੂੰ।

ਬਾਜਾ[1] ਰੱਸਰੇ[2] ਅਗ੍ਰ ਪਿਛਾਰੀ । ਬਾਟਤ ਹੈ ਹਮ ਸੇਵਕ ਥਾਰੀ[3] ॥ [੬੨॥]
ਤੁਮ ਯਹਿ ਕੌਤਕ ਕੀਨ ਅਪਾਰਾ । ਸ੍ਰਿਜ ਪਾਲਨ ਤੁਮ ਪਲਨ ਸੰਘਾਰਾ ।
ਰਾਮ ਕਿਸਨ ਬਿਧ[4] ਸੰਭੁ[5] ਸਰੂਪਾ । ਤੇ ਸਮ ਰੂਪ ਅਨੂਪ ਸਰੂਪਾ" ॥ [੬੩॥]
ਯਾ ਬਿਧਿ ਗੁਰ ਸੁਨ ਕਹਜੋ ਨਿਹਾਲਾ । ਤਬ ਤਾ ਕੋ ਭਯੋ ਗਯਾਨ ਬਿਸਾਲਾ[6] ।
ਵੈਰਾਗ ਬਿਬੇਕ ਸਮੰ ਦਮ[7] ਕੀਨੇ । ਉਪਰਤਿ[8] ਤਤਿਖਯਾ[9] ਸਰਧਾ ਚੀਨੇ ॥ [੬੪॥]
ਸਮਾਧਾਨ[10] ਮਮੋਖ[11] ਅਪਾਰਾ । ਮਹਾਂ ਵਾਕ ਸ੍ਰਵਨਨ ਰੁਚਿਧਾਰਾ ।
ਖਟ ਸਮਾਧ[12] ਨਿਧਜਾਸਨ[13] ਆਦਾ । ਸੋ ਸਭ ਫਲਤਾ ਗੁਰ ਪਰਸਾਦਾ ॥ [੬੫॥]
ਤਬ ਲੌ ਲਿਖਾ ਦਿਲੀਸਰ[14] ਆਵਾ । ਭਾਈ ਕੋ ਏ ਬਚਨ ਸੁਨਾਵਾ ।
"ਜਹ ਤੁਮ" ਆਪ ਗੁਰੂ ਫੁਰਮਾਵਾ । "ਤਾਹਿ ਰਹੇ ਹਮ ਖੁਸੀ ਲਖਾਵਾ ॥ [੬੬॥]
ਸਭ ਕੀ ਟਹਲ ਕਿਰਤ ਮੈ ਮਾਨਾ । ਸਭ ਸੰਗਤ ਮੁਹਿ ਦਰਸਨ ਜਾਨਾ ।
ਐਸੇ ਖੁਸੀ ਲਈ ਮਨ ਮਾਨੋ । ਚਲੇ ਤਬੈ ਜਹ ਆਯਸ ਠਾਨੋ ॥ [੬੭॥]
ਜੋ ਹਮ ਤੁਮਰੋ ਬੁਰਾ ਲਖਾਵੈ । ਆਪਨ ਕੀ ਸਾਹਿਬ ਤੇ ਪਾਵੈ ।
ਯਾ ਕੇ ਬੀਚ ਪਛਾਨ ਕੁਰਾਨਾ । ਇਕ ਬਿਰਯਾ ਤੇ ਕਰੋ ਪਯਾਨਾ ॥ [੬੮॥]
ਹਮ ਕੋ ਆਨੰਦ ਰਸ ਨਿਜ ਦੀਜੈ । ਤੁਮ ਕੋ ਮਿਲਤ ਹਮੈ ਸੁਖ ਲੀਜੈ ।
ਤੁਮ ਚਮਕੌਰ ਹਮ ਸਿਰੰਦ ਮਝਾਰਾ । ਹੋਵੈ ਬੀਚ ਮੇਲ ਹਮ ਭਾਰਾ" ॥ [੬੯॥]
ਯਾ ਬਿਧਿ ਨੀਤ ਪਤ੍ਰਿਕਾ ਆਵੈ । ਖਸਟ ਮਾਸ ਯਾ ਬਿਧੀ ਬਿਤਾਵੈ ।
ਨਗਰ ਲੋਕ ਸਭ ਗੁਰ ਢਿਗ ਆਏ । ਕਰ ਅਰਦਾਸ ਸੁ ਬੈਨ ਸੁਨਾਏ ॥ [੭੦॥]
"ਅੰਨ ਬਿਨਾ ਜੀਅ ਜਾਤ ਹਮਾਰਾ । ਅਸਤ ਚਰਮ ਰਹਿ ਗਏ ਸੁਧਾਰਾ ।
ਸਾਂਝ ਰੈਨ ਯਾ ਪ੍ਰਾਤ ਮਰਾਹੀ । ਅੰਨ ਬਿਨਾ ਜੀਵ ਜਾਵਤ ਆਹੀ" ॥ [੭੧॥]
ਯਾ ਬਿਧਿ ਲੋਕ ਸਭਨ ਹਠ ਕੀਨਾ । ਸ੍ਰੀ ਮੁਖ ਤਬ ਐਸੇ ਭਨ ਦੀਨਾ ।
"ਕਛੁਕ ਦਿਵਸ ਯਾ ਭਾਂਤਿ ਬਿਤਾਵਹੁ । ਪੁਨਿ ਮਨ ਚਿੰਦ[15] ਭੋਜਨ ਪਾਵਹੁ" ॥ [੭੨॥]
ਅਬ ਜਾਵੈ ਤਬ ਅਤਿ ਸੰਗ੍ਰਾਮਾ । ਮਾਰੇ ਬਲੀ ਕੇਤੇ ਅਭਿਰਾਮਾ ।
ਸਭ ਸਿਖ ਕਹੈ, "ਬੁਰਾ ਨਹਿ ਹੋਈ । ਤਜੋ ਆਨੰਦਪੁਰ ਅਤਿ ਸੋਈ" ॥ [੭੩॥]
ਸ੍ਰੀ ਮੁਖ ਕਹੈ, "ਸੁਨੋ ਤੁਮ ਭਾਈ । ਬੁਰੋ ਹੋਇ ਤੁਮਰੇ ਸਿਰ ਆਈ ।"
ਯੌ ਕਹਿ ਕੈ ਸਭ ਸੋਹ ਦਿਖਾਈ । "ਹੋਹੁ ਤਿਯਾਰ" ਸੁ ਪੁਨਿ ਫੁਰਮਾਈ ॥ [੭੪॥]
ਨਗ੍ਰ ਭਯੋ ਯਾ ਭਾਂਤਿ ਤਿਯਾਰਾ । ਬੰਧ ਬੋਝ ਲੀਨੇ ਸਭ ਭਾਰਾ ।
ਸਮਾਨ ਕੂਚ ਕਾ ਸਭ ਹੀ ਕੀਨਾ । ਆਪਨ ਬੋਝ ਆਪ ਸਿਰ ਲੀਨਾ ।
ਸਿੰਘਨ ਬਾਂਟ ਖਜਾਨਾ ਦੀਨਾ । ਨਦ ਪ੍ਰਵਾਹ ਤੋਪ ਬਡ ਕੀਨਾ ॥੨੧॥ [੭੫॥]

---

1. ਖਰਪੇ । 2. ਰੱਸੇ । 33. ਤੁਹਾਡੇ । 4. ਵਿਧਾਤਾ, ਬ੍ਰਹਮਾ । 5. ਸ਼ਿਵ । 6. ਬੜਾ ਖੁਲ੍ਹਾ । 7. ਸਮ ਦਮ ਆਦਿ ਖਟ ਸੰਪਦਾ । 8. ਸੰਸਾਰ ਤੋਂ ਉਪਰਾਮਤਾ, ਉਦਾਸੀ । 9. ਖਿਮਾ, ਸਹਨਸ਼ੀਲਤਾ । 10. ਸ਼ੰਕਾ ਦੂਰ ਕਰਨਾ । 11. ਮੁਕਤੀ । 12. ਛੇ ਸਮਾਧੀਆਂ : (੧) ਸਵਿਕਲਪ, (੨) ਸਵਿਕਲਪ ਦ੍ਰਿਜਸ਼ਾਨੁਵਿੱਧ, (੩) ਸਵਿਕਲਪ ਸ਼ਬਦਾਨੁਵਿੱਧ, (੪) ਨਿਰਵਿਕਲਪ, (੫) ਨਿਵਿਕਲਪ ਦ੍ਰਿਸ਼ਜਾਨੁਵਿੱਧ, ਤੇ (੬) ਨਿਰਵਿਕਲਪ ਸ਼ਬਦਾਨੁਵਿੱਧ । 13. ਨਿਦਿਧਾਜਾਸਨ, ਚਿਤਬ੍ਰਿਤੀ ਨੂੰ ਮੁੜ ਮੁੜ ਬ੍ਰਹਮ ਵਿਚ ਜੋੜਨਾ । 14. ਦਿੱਲੀ ਦਾ ਈਸ਼੍ਵਰ (ਪਤੀ) ਔਰੰਗਜ਼ੇਬ । 15. ਮਨ ਇੱਛਤ, ਮਨ ਭਾਉਂਦੇ ।

ਭੁਜੰਗ ਛੰਦ। ਧਰੇ ਪਾਂਚ ਸਸਤ੍ਰੰ[1] ਬਨੇ ਬੀਰ ਬਾਂਕੇ। ਕਨਾਤੰ ਸੁ ਤੰਬੂ ਲਏ ਬੀਨ[2] ਜਾਂ ਕੇ।
ਪਟੰ[3] ਪਾਟਕੰ[4] ਹੀਰ[5] ਚੀਰੰ[6] ਅਪਾਰੰ। ਕਢੇ ਢੇਰ ਭਾਰੇ ਲਖੇ ਆਪ ਨਜਾਰੰ ॥ [੭੬॥]
ਦਈ ਤਾਹਿ ਕੋ ਆਗ ਸ੍ਰੀ ਗੁਰ ਲਵਾਈ। ਪੁਨੰ ਨਗਦ ਦਾਮੰ ਮਨੀ ਮੁਕਤ[7] ਚਾਈ।
ਅਸਰਫੀ ਵਾ ਧਾਰੰ ਡਰੇ ਬੀਚ ਨੀਰੰ। ਸਤਹ ਗਾਮਨੀ[8] ਪੇਖ ਰੂਪੰ ਅਭੀਰੰ[9] ॥ [੭੭॥]
ਕਛੂ ਭੂਮਿ[10] ਮੈ ਗੈਨ[11] ਮੈ ਸੋ ਗਡਾਈ[12]। ਲਿਖੈ ਕਾਗਦੰ ਨਾਮ ਤਾ ਕੋ ਧਰਾਈ।
ਇਤੇ ਦਾਮ ਨੀਰੇ[13] ਇਤੋ ਆਗ ਮਾਹੀ[14]। ਸੁ ਅੰਨੰ ਅਪਾਰੰ ਰਖਜੇ ਆਗ ਮਾਹੀ ॥ [੭੮॥]
ਅਮਾਨੰ[15] ਹਮਾਰੰ ਕਥੈ ਪੰਥ ਲੈ ਹੈਂ। ਲਿਖੈ ਦਫ਼ਤਰੰ ਆਪ ਸੰਭਾਰ ਲੈ ਹੈਂ।
ਸਭੇ ਲੋਗ ਭਾਖੈ ਗੁਰੂ ਬਾਵਰਾਹੀ[16]। ਤਬੈ ਸਿੱਖ ਆਯੋ ਇਕੰ ਦੱਖਨਾਹੀ ॥ [੭੯॥]
ਬਡੋ ਸਾਹ ਸੋ ਜਾਨ ਸਿੰਘੰ ਪਿਆਰੰ। ਗੁਰੂ ਪੰਥ ਮੈ ਮਾਥ ਧਾਰਜੇ ਸੁਧਾਰੰ।
ਰਖੇ ਕੰਕਨੰ ਜੋੜਿਕਾ[17] ਭੇਟ ਕੀਨੀ। ਜੜਾਊ ਸੋ ਹੀਰੰ ਜੁਤੰ ਪੂਰ ਚੀਨੀ ॥ [੮੦॥]
ਪਚੀਸੰ ਹਜਾਰੰ ਕੀ ਜੋੜੀ ਬਖਾਨੋ। ਲਖੇ ਨਾਹਿ ਹੇਮੰ[18] ਮਨੀ ਯੁਕਤਿ ਜਾਨੋ।
ਲਖੇ ਆਪ ਤਾ ਕੋ ਮਨੰਮੋਦ ਧਾਰਾ। ਧਰਜੇ ਹਾਥ ਤਾ ਕੋ ਮਨੰ ਸੂਖ ਧਾਰਾ ॥ [੮੧॥]
ਧਰੇ ਹਾਥ ਮੈ ਏਕ ਪਲਕੰ ਪ੍ਰਯੰਤੰ[19]। ਪੁਨੰ ਡਾਰਿਯੋ ਤਾਹਿ ਸਰਿਤਾ ਬਿਅੰਤੰ।
ਜਬੈ ਡਾਰਿਯੋ ਤਾਹਿ ਨੀਰੰ ਅਪਾਰੰ। ਕਹਜੇ, "ਖੋਜੀਐ ਯਾਹਿ ਸੋਚੰ ਸੁਧਾਰੰ" ॥ [੮੨॥]
ਤਬੈ ਮਾਤ ਸੋਚੰ ਕੀਯੋ ਦੂਖ ਪਾਯੋ। ਕਹਜੇ, "ਐਸ ਕਾ ਤੇ ਤੁਮੈ ਨੀਰ ਭਾਯੋ"।
ਤਬੈ ਤਾਹਿ ਓਰੇ[20] ਲਖੇ ਕੀਨ ਬਾਤੰ। ਲਯੋ ਕੰਕਨੰ ਦੂਸਰੰ ਤਤ ਖਜਾਤੰ ॥ [੮੩॥]
ਭ੍ਰਮਾਯੋ ਚਲਾਯੋ ਸੁ ਨੀਰੰ ਮਝਾਰੰ। ਕਹਜੇ, "ਯਾਹਿ ਠੌਰੰ ਲਖੋ ਜਾਹ ਬਾਰੰ"।
ਪੁਨੰ ਸੋਕ ਭਾਰੋ ਕਰੇ ਸਿੱਖ ਪਜਾਰੇ। ਇਤੇ ਮੋਦ ਪਾਵੈਂ ਗੁਰੂ ਚੀਤ ਧਾਰੇ ॥ [੮੪॥]
ਕਰੈ ਚਾਰ ਐਸੇ ਚਰਿਤ੍ਰੰ ਅਪਾਰੰ। ਲਖੇ ਨੀਚ ਲੋਗੰ ਗੁਰੂ ਨਿੰਦ ਧਾਰੰ।
ਸਭੈ ਸੰਤ ਜਾਨੈ ਕਰੇ ਆਪ ਖੇਲੰ। ਯਹੀ ਭਾਂਤਿ ਭਾਖੈਂ ਕਵੀ ਜਾਨ ਮੇਲੰ ॥੨੨॥ [੮੫॥]

ਦੋਹਰਾ। ਯਾ ਬਿਧਿ ਗਾਥ ਸੁ ਪੰਦ੍ਰਵੀ, ਕਹੀ ਸੁ ਹਿਤ ਚੀਤਾਨ।
ਅਬੇ ਔਰ ਬਰਨਨ ਕਰੈਂ, ਗਾਥ ਸੁ ਅਤਿ ਪ੍ਰਮਾਨ ॥੨੩॥ [੮੬॥]
ਇਤਿ ਸ੍ਰੀ ਗੁਰ ਬਿਲਾਸ ਬਰ ਗ੍ਰੰਥ। ਬਰਨਨ ਕਰੋ ਧਜਾਇ ਸੁਖ ਪੰਥ ॥੧੫॥

1. ਪੰਜ ਹਥਿਆਰ ਇਹ ਹਨ : ਕ੍ਰਿਪਾਨ, ਤੀਰ-ਕਮਾਨ, ਬੰਦੂਕ, ਕਟਾਰ ਅਤੇ ਬਰਛਾ। ਕਈ ਵਾਰ 'ਬਰਛੇ' ਦੀ ਥਾਵੇਂ ਨੇਜਾ ਵੀ ਪੰਜਾਂ ਹਥਿਆਰਾਂ ਵਿਚ ਗਿਣਿਆ ਜਾਂਦਾ ਹੈ। 2. ਚੁਣ। 3. ਵਸਤ੍ਰ। 4. ਪਟਕਾ ਪਰਨਾ। 5. ਹੀਰੇ। 6. ਸਾਫੇ। 7. ਮਾਣਿਕ, ਮੋਤੀ। 8. ਸਤਲੁਜ ਨਦੀ। 9. ਜੋ ਭੀਰੂ (ਡਰਾਕਲ) ਨਹੀਂ, ਨਿਡਰ। 10. ਧਰਤੀ। 11. ਗਗਨ, ਆਕਾਸ਼। 12. ਗੱਡ ਦਿੱਤੀ ਜਾਂ ਫੂਕ ਕੇ ਉਡਾ ਦਿੱਤੀ। 13. ਇਤਨੇ ਰੁਪਏ ਪਾਣੀ ਵਿਚ। 14. ਇਤਨਾ ਮਾਲ ਅੱਗ ਵਿਚ। 15. ਅਮਾਨਤ। 16. ਕਮਲਾ, ਪਾਗਲ। 17. ਸੋਨੇ ਦੇ ਕੰਗਣਾਂ ਦੀ ਜੋੜੀ। 18. ਸੋਨਾ। 19. ਪ੍ਰਯੰਤ, ਤਕ। 20. ਵੱਲ, ਤਰਫ।

### ਸੋਲ੍ਹਵਾਂ ਅਧਿਆਇ

## ਜ਼ਫ਼ਰਨਾਮੇ ਦਾ ਪ੍ਰਸੰਗ

ਦੋਹਰਾ। ਅਬ ਖੋੜਸ[1] ਮੈ ਬਰਨ ਹੈਂ, ਸਿੱਖਨ ਲਖਿ ਅਭਿਮਾਨ।
ਦਯਾ ਸਿੰਘ ਯੁਤ[2] ਜਾਇ ਕੈ, ਲਖੀ[3] ਚੀਤ ਅਭਿਰਾਮ[4] ॥੧॥

ਸਵੈਯਾ। ਸਿੱਖਨ ਕੀਨ ਮਨੇ ਇਹ ਭਾਂਤਨ, ਯਾ ਸਮ ਕਸ਼ਟ ਕੋਈ ਜਗ ਨਾਹੀ।
ਯਾ ਬਿਧਿ ਕੀਨ ਬਰੋ ਤਪ ਸੇਵਨ, ਸ੍ਰੀ ਗੁਰ ਕੋ ਹਮਨੇ ਸੁਖ ਚਾਹੀ।
ਯੋ ਅਭਿਮਾਨ ਲਖਯੋ ਤਿਨ ਕੋ, ਤਬ ਸ੍ਰੀ ਗੁਰ ਜੀ ਤਹਿ ਬੈਨ ਅਲਾਹੀ।
ਏਕ ਸਮੈ ਅਸ ਭਾਖਤ ਭੇ, ਜਬ ਆਪ ਉਠੇ ਦਿਨ ਆਧ[5] ਮਧਾਹੀ[6] ॥੨॥

ਚੌਪਈ। "ਅਹੋ ਧਨ ਸਿੱਖ ਅਹੈ ਪਿਆਰਾ। ਜਾਨੇ[7] ਤਪ ਕੀਨੋ ਅਸ ਭਾਰਾ।
ਤਾ ਕੋ ਚਿਤਵ[8] ਹਮੇ ਬਲ ਜਾਹੀ।" ਯੋ ਸੁਨ ਸਿੱਖ ਭਏ ਬਿਸਮਾਹੀ[9] ॥ [੩॥]
ਕਰ ਜੋੜੇ ਅਸ ਬੇਨਤਿ ਕੀਨੀ। "ਅਹੋ ਕੌਨ ਸਿੱਖ ਜਾ ਮਤਿ ਭੀਨੀ।"
ਸ੍ਰੀ ਗੁਰ ਕਹੈ, "ਮੋਨ ਤੁਮ ਧਾਰੋ। ਵੈ ਸਿਖ ਮੋ ਕੋ ਹੈ ਅਤਿ ਪਜਾਰੋ" ॥ [੪॥]
ਪੁਨਿ ਸਿੱਖਨ ਕੀ ਸੁਨ ਕੇ ਬਾਨੀ। ਕਹਯੋ ਐਸ ਬਿਧਿ ਪ੍ਰਭੁ ਸੁਖ ਧਾਨੀ[10]।
"ਦਯਾ ਸਿੰਘ ! ਸੁਨ ਅਬ ਤਹ ਜਈਐ। ਜਾ ਕਰ ਤਾ ਕੇ ਦਰਸਨ ਪਈਐ ॥ [੫॥]
ਤੁਮੈ ਹੁਕਮ ਹਮਰਾ ਜਾ ਦੀਜੈ। ਜਾ ਕਰ ਕੁਸਲ ਬੂਝ ਕੈ ਲੀਜੈ।
ਏਕ ਪਹਾਰ ਦੂਨ[11] ਜੋ ਅਮੁਕੀ। ਤਾ ਮੈ ਜਾਵਹੁ ਦੂਖ ਨ ਤਮਕੀ ॥ [੬॥]
ਤਾਹ ਦੂਨ ਕੋ ਰਾਜਾ ਕਹੀਐ। ਤਾ ਨਾਰੀ ਅਤਿ ਹੀ ਸੁਖ ਲਹੀਐ।"
ਸੁਨ ਕਰ ਬੈਨ ਗਏ ਤਾ ਪਾਹੀ। ਨਿਰਖ ਦੇਸ ਤਾ ਕੋ ਬਿਸਮਾਹੀ ॥ [੭॥]
ਪੁਨਿ ਹਿਤ ਦੇਖਯੋ ਮਦਰਾ ਪਾਨਾ। ਰਕਤ[12] ਨੈਨ ਨਹਿ ਸੁਧ ਪਗ ਕਾਨਾ।
ਅਤਿ ਮੈਮੰਤ[13] ਭਾਲ ਤਿਹ ਲਾਲਾ। ਜਾਨੁਕ[14] ਮਦਰਾ[15] ਯੁਤੀ ਬਿਸਾਲਾ ॥ [੮॥]
ਕਹੈਂ ਸਿੱਖ ਨਹਿ ਸਿੱਖੀ ਰੀਤਾ। ਗੁਰ ਜੀ ਕਰੀ ਸਤੁਤਿ ਬਿਪਰੀਤਾ[16]।
ਤਿਨ ਨਹਿ ਪੂਛੀ ਕਾਈ ਬਾਤਾ। ਆਵੋ ਬੈਠ ਕਹਯੋ ਨਹਿ ਨਾਤਾ ॥ [੯॥]
ਔਰ ਕੁਸਲ ਨਹਿ ਬੂਝੀ ਗੁਰ ਕੀ। ਸੋ ਸਿੱਖ ਅਤਿ ਮਤਿ ਦੇਖਤ ਜੁਰ ਕੀ।
ਯਾ ਬਿਧਿ ਸੰਧਯਾ ਭਏ ਤਾ ਨਾਰੀ। ਤਾ ਕੀ ਸਿੱਖ ਆਗਮ ਸੁ ਵਿਚਾਰੀ ॥ [੧੦॥]

---

1. ਸੋਲਾਂ, ਸੋਲ੍ਹਵਾਂ। 2. ਸਮੇਤ। 3. ਦੇਖੀ। 4. ਆਨੰਦਮਈ। ਮਨੋਹਰ। 5. ਅੱਧੇ। 6. ਮੱਧ, ਵਿਚਕਾਰ। 7. ਜਿਸ ਨੇ। 8. ਚੇਤੇ ਕਰਕੇ। 9. ਵਿਸਮਯ (ਅਚਰਜ) ਭਾਵ ਵਿਚ। 10. ਸੁੱਖਾਂ ਦਾ ਧਾਰਨ ਕਰਨ ਵਾਲਾ। 11. ਪਰਬਤ ਘਾਟੀ, ਦੋ ਪਹਾੜਾਂ ਦੇ ਵਿਚਕਾਰਲਾ ਮੈਦਾਨ। 12. ਲਾਲ। 13. ਮਦ ਮਸਤ। 14. ਜਾਣੋ, ਮਾਨੋ। 15. ਸ਼ਰਾਬ। 16. ਉਲਟੀ ਉਸਤਤੀ।

ਲੇ ਗਈ ਤਾਹਿ ਠੌਰ ਇਕ ਮਾਹੀ। ਪਾਦ ਪਖਾਰ ਪੂਜ ਅਤਿ ਚਾਹੀ।
ਬਾਰ ਬਾਰ ਗੁਰ ਸਤੁਤਿ ਬਖਾਨੇ। ਖਤ ਰਸ ਬਿੰਜਨ[1] ਤਾ ਢਿਗ ਆਨੇ ॥ [੧੧॥]
ਸਿੱਖਨ ਲਖਜੇ[2] ਐਸ ਤਬ ਨਾਰੀ। ਜਨੁਕ[3] ਚੰਦ੍ਰਮਾ ਚੀਰ ਨਿਕਾਰੀ।
ਪਦਮਨਿ ਸਮ ਅਤਿ ਰੂਪਾ ਧਾਮਾ। ਚੰਬੇਲੀ ਕਰ ਗੰਧ ਲਲਾਮਾ[4] ॥ [੧੨॥]
ਨੈਨ ਨਾਕ ਅਤਿ ਵਾਕ ਕਪੋਲਾ। ਜਾ ਸਮ ਰੰਭਾ ਨਾਹਿ ਅਮੋਲਾ।
ਰੁਨ ਝੁਨ ਨੂਪਰ[5] ਕਰਤ ਸੋ ਆਈ। ਬਸਨਾਭਰਨ[6] ਗਨੇ ਨਹਿ ਜਾਈ ॥ [੧੩॥]
ਯਾ ਬਿਧਿ ਝੂਮਕਤ ਬਸਨ ਅਨੂਪਾ। ਤਾ ਮਧ ਲਸਤ[7] ਬਿੱਜ[8] ਸਮ ਰੂਪਾ।
ਤਾ ਲਖ ਸਿੱਖ ਕਹਤ ਅਸ ਰੀਤਾ। "ਹੇ ਤ੍ਰੀਅ! ਹਮਰੀ ਬਾਤ ਸੁਨੀਤਾ ॥ [੧੪॥]
ਗੁਰ ਤੁਮ ਪਤਿਹਿ ਸਰਾਹਤ ਭਾਰੀ। ਸੋ ਕਾਰਨ ਤੁਮ ਕਹੋ ਪ੍ਰਕਾਰੀ।
ਮਨ ਭਰਮਤ ਹਮਰਾ ਯਹਿ ਜਾਨਾ। ਨਿਰਖ ਕ੍ਰਿਆ ਤੁਮ ਪਤਿ ਸੁਖ ਦਾਨਾ" ॥ [੧੫॥]
ਤਬ ਵਹਿ ਨਾਰੀ ਕਹਤ ਸੁ ਐਸੇ। "ਪੂਛੋ ਨਾਹਿ ਬਾਤ ਅਤਿ ਜੈਸੇ।"
ਪੁਨਿ ਪੁਨਿ ਪੂਛਤ ਭਨ[9] ਤਬ ਨਾਰੀ। "ਸੋਨੋ ਗਾਥ ਯਾ ਕੀ ਸੁਖਕਾਰੀ ॥ [੧੬॥]
ਜਬ ਮੋਸੋ ਯਾ ਭਯੇ ਬਿਯਾਹੂ। ਅਤਿ ਹੀ ਰੂਪ ਲਖਜੇ ਮੁਹ ਨਾਹੂ[10]।
ਅਸਨ ਬਸਨ ਪਟ ਭੂਖਨ ਭਾਰੇ। ਤਾ ਕੇ ਅੰਤ ਨਾਹ ਸੁਖ ਕਾਰੇ ॥ [੧੭॥]
ਰੈਨ ਸਮੈ ਸੰਗਮ[11] ਕੇ ਹੇਤਾ। ਧਰ ਪ੍ਰਜੰਕ[12] ਚਾਹਤ ਮੁਹ ਚੇਤਾ।
ਕਾਮ ਕੇਲ ਹਿਤ ਮੁਹ ਗਹਿ ਲੀਨੋ। ਤਬ ਮੈ ਨੀਚ ਉਚਾਰਨ ਕੀਨੋ ॥ [੧੮॥]
ਤਜੋ ਮੋਹ ਤੁਮ ਗੁਰਹਿ ਦੁਹਾਈ। ਗੁਰ ਵਾਸਤਾ ਮੁਹ ਪਾਯੋ ਭਾਈ।
ਤਬ ਕੋ ਇਨ ਮੁਹ ਸੰਗ ਨ ਕੀਨਾ। ਥਕੀ ਕੋਟ ਕਰ ਭਾਵ ਨਵੀਨਾ ॥ [੧੯॥]
ਪਰ ਨਾਰੀ ਕੋ ਮਾਤ ਪਛਾਨੇ। ਰਹਤ ਸਦਾ ਹਰਿ ਜੂ ਕੇ ਧਜਾਨੇ।
ਪੀ ਮਦਰਾ ਹਰਿ ਮੈ ਮਨ ਧਾਰੇ। ਬ੍ਰਹਮ ਨਿਰਾਮੈ[13] ਸਦਾ ਨਿਹਾਰੇ ॥ [੨੦॥]
ਰਹੇ ਅਖੰਡਾਕਾਰ[14] ਸੁ ਐਸੇ। ਤੁਰੀਅਤੀਤ[15] ਲਖੋ ਗਤਿ ਵੈਸੇ।"
ਯਾ ਬਿਧਿ ਸੁਨਿ ਸਿਖ ਬਿਸਮੈ ਭਏ। ਹਾਥ ਜੋੜ ਤਿਨ ਬੰਦਨ[16] ਠਏ ॥ [੨੧॥]
ਯਾ ਬਿਧਿ ਕਹਤ ਮਨੀ ਸਿੰਘ ਬਾਨੀ ਸੁਨੋ ਔਰ ਗਾਥ ਜਗ ਜਾਨੀ।
ਏਕ ਬੇਰ ਗੁਰ ਆਨੰਦ ਠਾਈ। ਬੈਠੇ ਸਿੱਖ ਏਕ ਅਜੋ ਧਾਈ ॥ [੨੨॥]
ਅਨਕ ਭੇਟ ਆਨੀ ਗੁਰ ਥਾਈ। ਤਾ ਮਨ ਰਹੈ ਬ੍ਰਹਮ ਕੇ ਪਾਹੀ।
ਕਰੇ ਧਿਆਨ ਧਿਯਾਨ ਅਪਾਰਾ। ਤਾ ਕੋ ਗੁਰੂ ਕਹਜੋ ਬਚ ਭਾਰਾ ॥ [੨੩॥]
"ਮਾਂਗ ਕਛੂ", ਸਿੱਖ ਕੋ ਗੁਰ ਕਹਿਯੋ। ਤਬ ਐਸੇ ਸਿਖ ਬੈਨ ਅਲਯੋ।
"ਮੋਰ ਨਾਸ ਕਰੋ ਸੁਖਦਾਈ।" ਪੁਨਿ ਗੁਰ ਕਹਜੇ, "ਮਾਗ ਹੇ ਭਾਈ" ॥ [੨੪॥]
ਤਾਹਿ ਕਹਜੇ, "ਜੜ ਮੋਰੀ ਨਾਸੈ।" ਪੁਨਿ ਗੁਰ ਕਹਜੋ ਤਾਹਿ ਬਚ ਆਸੈ।
ਪੁਨਿ ਸਿਖ ਕਹੈ, "ਮੂਲ ਮਹੁ ਮਾਰੋ।" ਬਿਸਮਤ[17] ਭਏ ਸਿੰਘ ਤਬ ਸਾਰੋ ॥ [੨੫॥]

---

1. ਭੋਜਨ। 2. ਦੇਖਿਆ। ਜਾਣਿਆ। 3. ਜਾਣੋ, ਮਾਨੋ। 4. ਸੁੰਦਰ, ਮਨਮੋਹਣੀ। 5. ਝਾਂਜਰਾਂ, ਪੈਰਾਂ ਦੇ ਗਹਣੇ। 6. ਵਸਤ੍ਰ ਤੇ ਆਭਰਣ (ਗਹਣੇ)। 7. ਸੋਹੰਦਾ, ਸੁਭਾਇਮਾਨ ਹੁੰਦਾ। 8. ਬਿਜਲੀ। 9. ਕਹੇ। 10. ਪਤੀ ਨੇ। 11. ਸਹਵਾਸ, ਭੋਗ। 12. ਮੰਜਾ। 13. ਦੋਖਾਂ ਤੋਂ ਰਹਿਤ। 14. ਅਖੰਡ ਸ਼ਕਲ। 15. ਚੌਥੀ ਭੂਮਿਕਾ, ਗਿਆਨ ਅਵਸਥਾ ਤੋਂ ਪਰੇ। 16. ਨਮਸਕਾਰ। 17. ਅਸਚਰਜ, ਹੈਰਾਨ।

ਤਾ ਮਨ ਲਖ ਕਹਿ, "ਧੰਨ ਸੁ ਜਾਨਾ।" ਤਾਹਿ ਲਗਾਯੋ ਕੰਠ ਪ੍ਰਮਾਨਾ।
ਸੁਨ ਕੈ ਸਿਖ ਕਹੈਂ ਮਨ ਮਾਹੀ। "ਏਤੋ ਸਿਖ ਬਾਵਰ[1] ਬਚ ਆਹੀ" ॥[੨੬॥]
ਜਾ ਕੋ ਗੁਰ ਨੇ ਕੰਠ ਲਗਾਯੋ। ਤਬ ਤਾ ਕੋ ਗੁਰ ਬੈਨ ਅਲਾਯੋ।
"ਹੰਤਾ ਮਮਤਾ ਮੂਲ ਸੁ ਮਾਰਾ। ਮੈ ਮੇਰੋ ਸਭ ਦ੍ਵੈਤ ਸੰਘਾਰਾ॥[੨੭॥]
ਪਾਛੈ ਨਿਜ ਬਪੁ ਬ੍ਰਹਮ ਸੁ ਰਹਜੋ। ਤਾ ਕਰ ਕੰਠ ਲਗਾਯੋ ਚਹਜੋ।"
ਪੁਨਿ ਕਛੁ ਕਾਲ ਅੰਤ ਦਿਨ ਭਏ। ਜਬ ਗੁਰ ਪੁਰ ਤਜ ਇੱਛਾ ਨਏ॥[੨੮॥]
ਤਬ ਹੀ ਸੇਵਾ ਰਾਮ ਬੁਲਾਯੋ। ਬਿਦਾ ਕੀਓ ਗੁਰ ਭਗਤ ਦਸਾਯੋ।
ਭਗਤ ਸਿੰਘ ਕੋ ਖੁਸੀ ਸੁ ਕਰੀ। ਬਿਦਾ ਕੀਨ ਬਹੁਤਨ ਕੋ ਹਰੀ[2] ॥[੨੯॥]
ਬਾਜ ਤੀਤਰੇ ਕੀ ਜੋ ਕਥਾ। ਭਈ ਬੀਚ ਮੈ ਪਾਛੇ ਤਥਾ।
ਜੋ ਉਨ ਭਰਮ ਸਿਖ ਕੋ ਨਾਸਾ। ਪੂਰਬ ਕਹੀ ਗਾਥ ਸੁਖ ਰਾਸਾ॥[੩੦॥]
ਜਾ ਵਿਧਿ ਹੋ ਮਲਾਹ ਸਿਖ ਮਾਰਜੋ। ਵਾ ਕੋ ਬਦਲਾ ਗਾਥ ਪ੍ਰਕਾਰਜੋ।
ਪੁਨਿ ਭਾਈ ਫੇਰੂ ਕੋ ਕਹਾ। "ਤੁਮ ਸਿੰਘ ਬਨੋ ਪਾਹੁਲ[3] ਲੈ ਤਹਾ" ॥[੩੧॥]
ਤਿਨ ਕਹਾ, "ਗੁਰ ਜੀ ਟੋਪੀ ਦੀਨੀ। ਪੂਰਬ ਸਤਵੈ ਗੁਰ ਮੁਹ ਚੀਨੀ।
ਗੁਰਦਿਤਾ ਗਰ ਧੂਏ ਕੀਨੇ। ਚਾਰ ਜਾਨ ਤੇ ਜਗ ਸੁਖ ਬੀਨੇ॥[੩੨॥]
ਅਲਮਸਤ ਸਾਹਬ ਕੋ ਇਕ ਕਰ ਜਾਨਾ। ਗੋਇੰਦ ਰੂਪ ਬਸਤ ਸੁਖ ਨਾਨਾ।
ਫੂਲ ਸਾਹਿਬ ਕੇ ਜੋ ਸੰਗ ਮਾਨੀ। ਬਾਲੂ ਹਸਨਾ ਸਾਥ ਪਛਾਨੀ॥[੩੩॥]
ਭਗਤ ਭਗਵਾਨ ਨਾਮ ਹੈ ਜੋਈ। ਦਰਗਹ ਭਏ ਪ੍ਰਵਾਨ ਸੋ ਸੋਈ[4]।
ਇਨ ਕੋ ਖੁਸੀ ਭਈ ਹੈ ਅਪਾਰਾ। ਦੱਖਨ ਪਰਚਾ ਕੀਨ ਅਸਾਰਾ॥[੩੪॥]
ਬਾਰਸ ਗੋਹਨ ਕਾ ਹੈ ਜੋਈ। ਔਰ ਬਖਸੀਸ ਜੋ ਗੁਰ ਕੀ ਹੋਈ।
ਤਾ ਬਚ ਖੰਡਤ ਹੋ ਤੁਮ ਸ੍ਵਾਮੀ। ਆਦਿ ਅਨਾਦਿ ਅਗਾਧ ਅਕਾਮੀ॥[੩੫॥]
ਅੱਗ੍ਰ[5] ਕੀਤੇ ਮੈ ਪਛੁਤਾਏ। ਅਬ ਇਹੁ ਭਾਵਨ[6] ਉਪਜੀ ਆਏ।
ਹੁਕਮ ਸੁ ਗੁਰ ਕਾ ਅਪਰ ਅਪਾਰਾ। ਬਡਿਅਨ ਤੇ ਨਹਿ ਮੇਟਣਹਾਰਾ॥[੩੬॥]
ਬਾਰਠ[7] ਮੈ ਬਖਸਾਇਓ ਜਾਇ। ਮੂਰਤਿ ਧਰੀ ਪੰਚਮ ਗੁਰ ਜਾਇ।
ਬਡ ਅਤਿ ਰੋਗ ਮਿਟਾਇਓ ਮਾਨਾ। ਤੁਮ ਸਭ ਜਾਨ ਲੇਹੁ ਨਿਹਕਾਮਾ॥[੩੭॥]
ਏਹੁ ਸਭ ਆਪ ਸਿਰੀਚੰਦ ਥਾਪੇ। ਟਾਹਲੀ ਜੀ ਬੈਠੇ ਹੈਂ ਆਪੇ।
ਪੁਨਿ ਨਿਖੇੜ ਗੁਰਦਿੱਤਾ ਬਾਬਾ। ਕੀਨੇ ਭਿੰਨ ਭਿੰਨ ਜਗ ਆਬਾ॥[੩੮॥]
ਪੁਨਿ ਅਬ ਪੱਗ ਦੇਤ ਹੋ ਮੋਹੀ। ਸਭ ਕਛੁ ਤੁਮ ਹੀ ਕਰ ਜਗ ਸੋਹੀ।
ਚਾਹੋ ਸੋਇ ਕਰੋ ਸਖ ਦਾਨੀ। ਟੋਪੀ ਰਖੋ ਸੁਧਾ ਧਰ ਪਾਨੀ" ॥[੩੯॥]
ਸੁਨਿ ਗੁਰ ਬਿਗਸੇ[8] ਸਾਹਿਬ ਭਾਰੀ। ਦਈ ਆਧ ਪਗਤਿਨ ਤਬ ਧਾਰੀ।
ਲੈ ਜਬ ਟੋਪੀ ਵਲੀ ਦੁਆਲੇ। ਪੁਨਿ ਗੁਰ ਕਹਾ, "ਜਾਹੁ ਤੁਮ ਆਲੇ[9] ॥[੪੦॥]
ਮਾਝਾ ਮੈ ਮੀਏ ਅਸਥਾਨਾ। ਲੰਗਰ ਜਾਹਿ ਚਲਾਵੋ ਨਾਨਾ।

---

1. ਪਾਗਲ, ਬਾਵਲਾ। 2. ਗੋਬਿੰਦ ਰੂਪ ਗੁਰੂ ਨੇ। 3. ਖੰਡੇ ਦਾ ਅੰਮ੍ਰਿਤ, ਜਿਸ ਦਾ ਉਸ ਸਮੇਂ ਆਮ ਰਿਵਾਜ ਹੋ ਗਇਆ ਸੀ। 4. 'ਏਈ' (ਮੋ. ਬਾ. ੭੧)। 5. ਪਹਲਾਂ। 6. ਭਾਵਨਾ, ਇੱਛਾ। 7. ਪਿੰਡ ਬਾਰਠ ਜ਼ਿਲਾ ਗੁਰਦਾਸ ਪੁਰ ਵਿਚ ਗੁਰੂ ਨਾਨਕ ਦੇ ਵੱਡੇ ਸਪੁਤ੍ਰ ਬਾਬਾ ਸ੍ਰੀ ਚੰਦ ਜੀ ਦਾ ਨਿਵਾਸ-ਸਥਾਨ। 8. ਪ੍ਰਸੰਨ ਹੋਏ। 9. ਆਲਯ, ਘਰ।

ਚੌਥੀ ਕੂੰਟ ਸੁਧਾਧਰ[1] ਕੇਰੀ। ਦਈ ਤੋਹਿ ਕੋ ਹਰਖ ਬਸੇਰੀ[2]" ॥ [੪੧॥]
ਯਾ ਬਿਧਿ ਗੁਰ ਸਭ ਬਿਦਾ ਕਰਾਏ। ਦੱਖਨ ਦੇਸ ਚਲਨ ਕੋ ਭਾਏ।
ਪਜਾਨ ਕਰਨ ਕਾ ਉੱਦਮ ਕੀਨਾ। ਸਠ ਲਖ ਹੈਂ, ਗੁਰ ਭਾਜਤ ਚੀਨਾ ॥ [੪੨॥]
ਸਭ ਰਾਜੈ ਪਚ ਕਰ ਦੁਖ ਪਾਯੋ। ਦੂਨ ਨ ਦਈ ਗੁਰ ਲਖ ਭਾਯੋ।
ਦੇਸ ਦੇਸ ਕੇ ਦਰਸਨ ਹੇਤਾ। ਚਾਹਤ ਪਜਾਨ ਸੋਢਿ ਕੁਲ ਕੇਤਾ ॥ [੪੩॥]
ਜਬ ਪਜਾਨ ਕਰਤੇ ਗੁਰ ਭਏ। ਗੁਰਬਖਸ ਸਿੰਘ ਪ੍ਰਤਿ ਏ ਬਚ ਠਏ।
ਤਾਹਿ ਕਹਯੋ, "ਤੁਮ ਸੋਚ ਨ ਧਾਰੋ। ਹਮ ਕੁਲ ਪਾਛੈ ਪੰਥ ਨਿਹਾਰੋ ॥ [੪੪॥]
ਤੁਮਰੀ ਕੁਲ ਸੰਗਤ ਸਭ ਜਾਨੋ। ਹਮ ਤੁਮ ਸਦਾ ਏਕ ਸੰਗ ਮਾਨੋ।"
ਪੁਨਿ ਗੁਰ ਸੰਗ ਸਿੱਖ ਚਹਿ ਜਾਵਨ। ਤਾਹਿ ਕਹਜੋ ਸ੍ਰੀ ਗੁਰ ਅਸ ਭਾਵਨ ॥ [੪੫॥]
"ਜਾਹਿ ਨਹੀ ਤੇ ਘਨੇ ਜੋ ਸੰਗਾ। ਮਗ ਮੈ ਹੋਵਤ ਜੁੱਧ ਨਿਸੰਗਾ।"
ਤਾ ਕਰ ਲਏ ਥੋਰ ਹੀ ਸੰਗਾ। ਅਧਿਕ ਰਾਤਿ ਚਲੈ ਅਰਿ ਭੰਗਾ[3] ॥ [੪੬॥]
ਆਦਿ ਵਹੀਰ ਨਿਕਾਰਜੋ ਜਾਈ। ਆਠੋ ਦਿਸ ਗੁਰ ਵਿਦਾ ਕਰਾਈ।
ਪਾਛੇ ਤੇ ਦੂਤਨ ਲਖ ਪਾਯੋ। ਲੈ ਪ੍ਰਤਨਾ[4] ਮਗ[5] ਪਿਛੈ ਸਿਧਾਯੋ ॥ [੪੭॥]
ਕੀਰਤ ਪੁਰ ਤੈ ਲੈ ਜੁਧ ਹੋਈ। ਮਗ ਮੈ ਹੋਤ ਜਾਤ ਹੈ ਸੋਈ।
ਤਾ ਕੋ ਪੇਖ ਗੁਰੂ ਜੀ ਭਾਯੋ। ਊਦੈ ਸਿੰਘ ਕੋ ਨਿਕਟ ਬੁਲਾਯੋ ॥੩॥ [੪੮॥]

ਦੋਹਰਾ। ਸਜਾਹੀ ਟਿੱਬੀ[6] ਆਨ ਕੇ ਖੜੇ ਭਏ ਤਿਹ ਠਾਮ।
ਰਾਜੇ ਅਵਰ ਮਲੇਛ[7] ਸਬ ਨਿਕਟ ਪਹੂਚੇ ਆਨ ॥੪॥ [੪੯॥]
ਊਦੈ ਸਿੰਘ ਲਲਕਾਰ ਕੈ, ਖੁਸੀ ਕਰੀ ਕਰਤਾਰ।
"ਸਫਲ ਜਨਮ ਇਨ ਕਾ ਭਯੋ, ਦੂਤਨ ਕਰੋ ਸੰਘਾਰ" ॥੫॥ [੫੦॥]
ਊਦੈ ਸਿੰਘ ਕੋ ਛੋਡ ਕਰ, ਚਲਿ ਆਏ ਤਿਹ ਠੌਰ।
ਬਾਗ ਦੇਖ ਉਤਰੇ ਤਹਾਂ, ਨਿਕਟ ਗ੍ਰਾਮ ਚਮਕੋਰ ॥੬॥ [੫੧॥]

ਚੌਪਈ। ਖਬਰ ਸੁਨੀ ਜਿਮੀਦਾਰ ਸੁ ਜਾਨੋ। ਮਧ ਚਮਕੋਰ ਬਸਤ ਜਹ ਥਾਨੋ।
ਸੁਨਤ ਬਚਨ ਤਤ[8] ਖਿਨ ਵਹਿ ਆਯੋ। ਦਯਾ ਸਿੰਘ ਤਟ ਐਸ ਜਤਾਯੋ ॥ [੫੨॥]
ਕਰ ਜੋੜੇ ਬਹੁ ਬਿਨਤਿ ਉਚਾਰੀ। ਚਲੋ ਮੱਧਿ ਚਮਕੋਰ ਸੁਧਾਰੀ।
ਤਬ ਸਾਹਿਬ ਅਸਵਾਰ ਸੁ ਭਏ। ਮਨ ਮੈ ਬਾਤ ਲਖਤ ਵਹੁ ਧਏ ॥ [੫੩॥]
ਬਸੇ ਆਨ ਤਾ ਠੌਰ ਸੁਜਾਨਾ। ਤਿਨ ਮੂਰਖ ਜਿਮੀਦਾਰ ਸੁ ਜਾਨਾ।
ਕਰ ਕੈ ਮਤੋ ਲਿਖੀ ਤਿਨ ਪਾਤੀ। ਪਠਈ[9] ਭੀਮਚੰਦ ਪੈ ਤਾਤੀ[10] ॥ [੫੪॥]
ਪੁਨਹ ਸਿਰੰਦ ਪਠਜੋ ਅਸਵਾਰਾ। ਜਹਾ ਫੌਜ ਤੁਰਕਨ ਕੀ ਭਾਰਾ।
ਵੈ ਚਾਹਤ ਥੇ ਮਗ ਅਗ[11] ਜੈਸੇ। ਤਿਨ ਕੀਨਾ ਥਾ ਛਲ ਬਿਧਿ ਤੈਸੇ ॥ [੫੫॥]
ਜੋ ਅਉਰੰਗ ਪਾਤੀ ਥੀ ਭੇਜੀ। ਪੂਰਬ ਕਹੀ ਤਾਹਿ ਅਸ ਤੇਜੀ।

---

1. ਅੰਮ੍ਰਿਤਸਰ। 2. ਵਸਣ ਵਾਸਤੇ। 3. ਅਰਿ (ਦੁਸ਼ਮਨ) ਨੂੰ ਭੰਗ (ਨਸ਼ਟ) ਕਰਨ ਵਾਲੇ। 4. ਫ਼ੌਜ, ਸੈਨਾ। 5. ਮਾਰਗ, ਰਸਤਾ। 6. ਆਨੰਦ ਪੁਰ ਦੇ ਨੇੜੇ ਇਕ ਸਥਾਨ। 7. ਮੁਗ਼ਲ-ਫ਼ੌਜ ਦੇ ਆਦਮੀ। 8. ਉਸੇ। 9. ਭੇਜੀ। 10. ਤਤਕਾਲ। 11. ਅੱਗੇ ਰਸਤੇ ਵਿਚ।

ਗੁਰੂ ਜੂ ! ਤੁਮ ਹਮ ਮੈ ਸੁ ਕੁਰਾਨਾ। ਤੁਮ ਆਵੋ ਚਮਕੌਰ ਪ੍ਰਮਾਨਾ ॥ [੫੬॥]
ਮੈ ਮਿਲ ਹੋਂ ਤੁਮ ਸੋ ਤਹਿ ਆਈ। ਚੂਕ ਖਿਮਾਵੋਂਗੋ ਗੁਰ ਸਾਈਂ।
ਨੌਮ ਗੁਰੂ ਕੀ ਬਾਤ ਜੁ ਹੋਈ। ਸੋ ਅਬ ਖਿਮਾ ਕੀਜੀਐ ਸੋਈ"॥ [੫੭॥]
ਯਾ ਪ੍ਰਕਾਰ ਗੁਰ ਸੋ ਛਲ ਕੀਨਾ। ਚਲਤੀ ਬੇਰ ਗੁਰੂ ਬਚ ਕੀਨਾ।
"ਯਾ ਤੁਰਕਨ ਕੋ ਝੂਠਾ ਕਰ ਕੈ। ਮਾਰਹਿਗੇ ਇਤ ਉਤ ਧਰ ਤਰ ਕੈ" ॥ [੫੮॥]
ਉਤ ਅਉਰੰਗ ਲਿਖਾ ਚਮਕੌਰਾ। "ਜਬ ਗੁਰ ਆਵੈ ਬੰਧਨ ਠੌਰਾ।"
ਤਾ ਕਰ ਜਿਮੀਦਾਰ ਏ ਕੀਨਾ। ਲਿਖਿਯੋ ਜਹਾਂ ਕਟਕ ਅਤਿ ਚੀਨਾ ॥ [੫੯॥]
ਤਹਿ ਦਹਿ ਲਾਖ ਤੁਰਕ ਥੇ ਭਾਰੇ। ਖ਼ੁਆਜ ਮਹੰਮਦ ਆਦਿ ਅਪਾਰੇ।
ਇਤ ਉਨ ਕੋ ਗੁਰ ਅੰਦਰ ਬਾਰਾ[1]। ਪੁਰ ਦੁਆਰਨ ਕੇ ਮਾਰ ਕਿਵਾਰਾ[2] ॥ [੬੦॥]
ਸ੍ਰੀ ਗੁਰ ਕਹਯੋ, "ਕਾਹਿ ਹਿਤ ਮਾਰੇ?" ਕਹਾ, "ਜੀ, ਬੈਰਿਨ ਕੇ ਗਨ ਥਾਰੇ[3]।
ਤਾ ਕਰ ਬਾਤ ਸੁ ਮੈ ਇਹ ਕੀਨੀ।" ਤਬ ਗੁਰ ਸੰਗ ਸਿੰਘ ਕਿਛੁ ਚੀਨੀ ॥ [੬੧॥]
ਚਾਲਿਸ[4] ਸਿੰਘ ਰਹੈ ਅਬ ਆਈ। ਪੰਚ ਭਾਟੀਐ ਥੇ ਸੁਖਦਾਈ।
ਚਾਰ ਸੁ ਸਿਘ ਅਰੋੜੇ ਤਾਹੀ। ਕਛੁ ਖਤ੍ਰੀ ਕਲਾਲ ਸੁ ਵਾਹੀ ॥ [੬੨॥]
ਦੋ ਰੰਘਰੇਟੇ ਥੇ ਤਹਿ ਜਾਨਾ। ਦੋ ਦਿਜ ਸਿੰਘ ਮਹਾ ਪ੍ਰਧਾਨਾ।
ਸੰਗਤ ਸਿੰਘ ਬੰਗੇਸ੍ਰੀ[5] ਏਕਾ। ਚਾਰ ਸਾਹਿਬਜਾਦੇ ਗੁਰ ਟੇਕਾ ॥ [੬੩॥]
ਯਾ ਬਿਧਿ ਚਾਲਿਸ ਅੰਤਰ ਗਏ। ਸੁਨੋ ਚਰਿਤ੍ਰ ਜੋ ਪਾਛੈ ਠਏ।
ਇਤ ਇਨ ਜਾਟ ਲਿਖੀ ਯਾ ਭਾਂਤੀ। "ਗੁਰ ਬੰਧਯੋ ਮੈ ਲੇਹੁ ਪ੍ਰਭਾਤੀ" ॥ [੬੪॥]
ਇਤੇ ਉਦੇ ਸਿੰਘ ਜਹ ਠਹਿਰਾਯੋ। ਤਾ ਕੋ ਸੁਨੋ ਚਰਿਤ੍ਰ ਜੁ ਭਾਯੋ।
ਤਹਾਂ ਲਖਾ ਰਾਜੇ ਤੁਰਕ ਆਏ। ਗਹਿ ਕ੍ਰਿਪਾਨ ਪਰਜੋ ਤਿਨ ਜਾਏ।
ਸੰਗ ਪਚਾਸ ਸਿੰਘ ਥੇ ਭਾਰੇ। ਪਰੇ ਤਾਹਿ ਮੈ ਬਡੇ ਅਖਾਰੇ ॥੭॥ [੬੫॥]

**ਰਸਾਵਲ ਛੰਦ।** ਮਹਾਬੀਰ ਧਾਏ। ਸੁ ਖੰਡਾ ਲਸਾਏ[6]।
ਕਰੀ ਮਾਰ ਮਾਰੰ। ਉਠੀ ਸਸਤ੍ਰ ਝਾਰੰ[7] ॥ [੬੬॥]
ਪਰੰ[8] ਲੁੱਥ[9] ਜੁੱਥੰ[10]। ਜਨੰ ਨਾਗ ਬੁਠੰ[11]।
ਜਿਮੰ ਦੀਹ[12] ਅੱਟੰ। ਇਤੇ ਤੁਰਕ ਧੱਟੰ[13]॥ [੬੭॥]
ਇਸੀ ਭਾਂਤਿ ਮਾਰੇ। ਨਗੰ[14] ਬਿੱਜ[15] ਸਾਰੇ।
ਸਮੰ ਮੇਘ[16] ਗਾਜੈ। ਨਿਧੰ ਨੀਰ[17] ਲਾਜੈ ॥ [੬੮॥]
ਕੜੱਕੇ ਕਮਾਣੰ। ਝੜੱਕੇ ਕ੍ਰਿਪਾਣੰ।
ਹਹਾ ਹੂਹ[18] ਸੇਲੰ[19]। ਜਨੰ ਗੰਗ[20] ਮੇਲੰ ॥ [੬੯॥]
ਕਰੈ ਧਾਨ ਬੁਠੰ[21]। ਤਬੇ ਸ੍ਰੋਨ[22] ਕੁਠੰ[23]।

---

1. ਅੰਦਰ ਗੜ੍ਹੀ ਦੇ ਵਾੜਿਆ। 2. ਕਿਵਾੜ, (ਤਖ਼ਤੇ) ਬੰਦ ਕਰ ਦਿੱਤੇ। 3. ਤੁਹਾਡੇ 4. ਚਾਲੀ। 5. ਬੰਗਿਸ਼, ਅਟਕੋਂ ਪਾਰ ਦਾ ਇਕ ਇਲਾਕਾ। 6. ਲਿਸ਼ਕਾਏ। 7. ਝਾੜ ਦੀ ਸ਼ਕਲ ਵਿਚ ਉਠੇ ਅੱਗ ਦੇ ਚਿੰਗਾੜੇ। 8. ਪਏ। 9. ਲੋਥਾ ਦੇ। 10. ਝੁੰਡ। 11. ਵਰ੍ਹੇ। 12. ਦੀਰਘ। 13. ਡਿਗ ਪਏ। 14. ਪਰਬਤ, ਪਹਾੜ। 15. ਬਿਜਲੀ। 16. ਬੱਦਲ। 17. ਸਮੁੰਦ੍ਰ, ਜਲ-ਨਿਧੀ। 18. ਹਾ ਹਾ ਕਾਰ ਦੀ ਧੁਨੀ। 19. ਨੇਜਾ। 20. ਜਾਣੋ ਗੰਗਾ ਨਾਲ ਜਮੁਨਾ। 21. ਬਾਣਾਂ ਦੀ ਵਰਖਾ। 22. ਲਹੂ। 23. ਕੋਹਿਆਂ ਹੋਇਆਂ ਦਾ।

ਭਏ ਟੂਕ ਟੂਕੰ। ਨਹੀਂ ਹਾਰ ਕੂਕੰ ॥੯॥ [੭੦॥]

**ਚੌਪਈ।** ਯਾ ਬਿਧਿ ਭਯੋ ਘੋਰ ਸੰਗ੍ਰਾਮਾ। ਖਬਰੈਂ ਗਈ ਰੂਮ ਅਰੁ ਸਾਮਾ।
ਕਈ ਸਹੰਸ[1] ਸੂਰਮਾ ਮਾਰੇ। ਉਦੈ ਸਿੰਘ ਜੀ ਅਤਿ ਲਲਕਾਰੇ ॥ [੭੧॥]
ਜਾਮ[2] ਏਕ ਸਮਸੇਰ ਚਲਾਈ। ਘਨੇ ਸਿੰਘ ਮਾਰੇ ਤਾ[3] ਠਾਈ[4]।
ਤਬੈ ਕਹਤ ਭਏ ਸਤਿਗੁਰ ਬੈਨਾ। "ਇਨ ਕੋ ਧਰਮ ਨੇਮ ਨਹਿ ਚੈਨਾ" ॥ [੭੨॥]
ਤਬੈ ਔਰ ਦਲ ਅਤਿ ਗਨ[5] ਆਏ। ਉਦੇ ਸਿੰਘ ਤਬ ਸੁਰਗ ਸਿਧਾਏ।
ਇਤ ਗੁਰ ਜੂ ਬੈਠੇ ਹਰਿ ਸੰਗਾ। ਕਹੈਂ ਨੇਮ ਤੁਰਕਨ ਜੋ ਭੰਗਾ ॥ [੭੩॥]
"ਤੁਮ ਕਹਤੇ ਥੇ ਧਰਮ ਸੁ ਠਾਨੋ। ਦੇਖਾ ਧਰਮ ਇਨੂ ਕਾ ਜਾਨੋ।"
ਯਾ ਬਿਧ ਰੈਨ ਰਹੀ ਜਬ ਜਾਮਾ। ਰਹ੍ਯੋ ਘੋਰ ਜ੍ਯੋਂ ਹੀ ਘਨ ਸ੍ਯਾਮਾ[6] ॥ [੭੪॥]
ਸਮ[7] ਮਖੀਆਂ ਤੁਰਕਨ ਗਨ ਆਏ। ਦਹ[8] ਲਖ ਖਾਨ ਅੰਤ ਨਹੀ ਪਾਏ।
ਰਹਾ ਨ ਰਾਹ ਕੋਈ ਲਖ[9] ਪਾਯੋ। ਘੇਰਾ ਪਰਾ[10] ਬਡਾ ਚਹੁਘਾਏ[11] ॥ [੭੫॥]
ਗੜ੍ਹ ਊਪਰ ਚੜ੍ਹ ਕੈ ਜਗ ਜਾਨੀ। ਨਿਰਖਤ ਸਿੰਘਨ ਕੋ ਕਹੀ ਬਾਨੀ।
"ਯਾ ਕਰ ਹਮ ਆਵਤ ਥੇ ਨਾਹੀ। ਇਨ ਕੀ ਮੰਦ ਦ੍ਰਿਸਟਿ ਅਵਿਗਾਹੀ[12] ॥ [੭੬॥]
ਅਬ ਕਹੋ ਕਰੀਐ ਕਾ ਵਿਧਿ ਭਾਈ? ਕੌਨ ਓਰ[13] ਕੋ ਜਾਹਿ ਪਲਾਈ[14]?
ਮਿਲਤ ਬਚਤ ਨਹਿ, ਕੌਨ ਸੋ ਕੀਜੈ? ਹ੍ਵੈ ਅਤਿ ਬਿਸਮ[15] ਕਾਹਿ ਮਨ ਭੀਜੈ?" ॥ [੭੭॥]
ਕਹੇ ਸਿੱਖ ਤਬ ਐਸ ਪ੍ਰਕਾਰਾ। "ਅਹੋ, ਕਾਲ[16]! ਹਮ[17] ਕਸ ਦੁਖ ਧਾਰਾ।
ਪੰਚ ਬਰਸ ਰਹੇ ਘੇਰਾ ਮਾਹੀ। ਸਦਾ ਜੰਗ ਅਤਿ ਦੁਖ ਨ ਪਾਹੀ ॥ [੭੮॥]
ਪੁਨਿ ਸਦ ਭੂਖ ਤ੍ਰਿਖਾਤੁਰ[18] ਮਰੇ। ਏਕ ਦਿਵਸ ਨਹਿ ਸੁਖ ਹਮ ਧਰੇ।
ਸੁਖ ਪ੍ਰਸਾਦਿ ਨਹਿ ਖਾਇਓ ਕਬ ਹੀ। ਤਾ ਤੇ ਨੀਕਸ[19] ਥੇ ਹਮ ਜਬ ਹੀ ॥ [੭੯॥]
ਧਰਮ ਕੌਲ ਯਾ ਕਾ ਮਨ ਜਾਨਾ। ਮਗ ਮੈ ਦੁਖ ਪਾਏ ਅਤਿ ਨਾਨਾ[20]।
ਕਮਰ ਬੰਧ ਕਰ ਸਸਤ੍ਰ ਧਰਾਏ। ਸੀਸ ਪੋਟ[21] ਪੈਦਲ ਯੁਤ ਭਾਏ ॥ [੮੦॥]
ਪੇਟ ਭੂਖ ਸੌ ਮਰਤ ਦੁਖਾਰੇ। ਅਬ ਆਏ ਯਾ ਠੌਰ ਪ੍ਰਕਾਰੇ।
ਆਵਤ ਹੀ ਘੇਰਾ ਪਰ੍ਯੋ ਭਾਰੀ। ਏ ਮਲੇਛ ਮਾਰਹਿ ਦੁਖਕਾਰੀ ॥ [੮੧॥]
ਧਰਮ ਹੀਨ ਹਮਰਾ ਪੁਨਿ ਕਰ ਹੈ। ਤਾ ਤੇ ਯਾ ਦੁਖ ਤੇ ਜਲ ਮਰ ਹੈ।"
ਸ੍ਰੀ ਗੁਰ ਕਹ੍ਯੋ, "ਜੈਸ ਤੁਮ ਕਰੋ। ਤੈਸੇ ਬਾਤ ਕਰੋ ਜੇ ਚਹੋ ॥ [੮੨॥]
ਜੇ ਕਰ ਧਰਮ ਧਰੋ ਕਰ ਜੰਗਾ। ਪੁਨਿ ਪਾਵੋਗੇ ਰਾਜ ਨਿਸੰਗਾ।
ਰਾਜ ਪਾਇ ਪੁਨਿ ਮੋਖ ਕਰਾਹੀ। ਯਾ ਬਿਧਿ ਪੇਖ ਲਹੋ ਮਨ ਮਾਹੀ ॥ [੮੩॥]
ਨਾਤੁਰ[22] ਤੁਮੈ ਦੇਤ ਜੀਅ ਦਾਨਾ। ਜਿਹ ਚਾਹੋ ਤਿਹ ਕਰੋ ਪਿਯਾਨਾ[23]।
ਤੁਮੈ ਨ ਪੇਖ ਸਕੈ ਕੋਈ ਬੈਰੀ। ਸੋਈ ਕਰੋ ਜੋ ਚਹੋ ਚੰਗੇਰੀ" ॥ [੮੪॥]

---

1. ਸਹੰਸ੍ਰ, ਹਜ਼ਾਰ। 2. ਯਾਮ, ਪਹਰ, ਤਿੰਨ ਘੰਟੇ। 3. ਉਸ। 4. ਥਾਵੇਂ। 5. ਦੁਸ਼ਮਨਾਂ ਦੇ। 6. ਸ਼੍ਯਾਮ (ਕਾਲੇ) ਘਨ (ਬੱਦਲਾਂ) ਵਾਂਗ। 7. ਸਮਾਨ, ਵਾਂਗ। 8. ਦਸ। 9. ਦੇਖ। 10. ਪਇਆ। 11. ਚਾਰੇ ਪਾਸੇ। 12. ਦੇਖੀ; ਵਿਚਾਰੀ। 13. ਤਰਫ਼, ਵੱਲ, ਪਾਸੇ। 14. ਦੌੜ ਨਿਕਲੀਏ। 15. ਹੈਰਾਨੀ। 16. ਅਕਾਲ ਪੁਰਖ, ਵਾਹਿਗੁਰੂ। 17. ਕਿਸ ਤਰ੍ਹਾਂ। 18. ਭੁੱਖ ਤੇ ਤ੍ਰੇਹ ਨਾਲ ਦੁਖੀ। 19. ਨਿਕਲਦੇ। 20. ਅਨੇਕ ਕਿਸਮ ਦੇ। 21. ਗੰਢ, ਗਠੜੀ। 22. ਨਹੀਂ ਤਾਂ। 23. ਜਿਸ ਪਾਸੇ ਚਾਹੋ ਉਸ ਪਾਸੇ ਕੂਚ ਕਰੋ।

ਤਬ ਤਿਨ ਸਿੱਖਨ ਕੋ ਭਏ ਨੈਨਾ[1] ਤੀਨ ਲੋਕ ਪੇਖੇ ਮਨ ਚੈਨਾ।
ਲਖਯੋ ਜੀਵਨਾ ਤੁੱਛ ਸੁ ਆਹੀ। ਪੁਨਿ ਮ੍ਰਿਤ ਭਏ ਹੋਇ ਜਗ ਮਾਹੀ ॥ [੮੫॥]
ਸਿੰਘ ਹੋਇ ਨ੍ਰਿਪ ਸੁਤ ਸੁਖ ਪਾਈ। ਰਾਜ ਭੋਗ ਬਹੁ ਭਾਂਤਿ ਭੁਗਾਈ[2]।
ਰਾਜ ਭੋਗ ਕਰ ਮੋਖ ਸੁ ਪਾਵੈ। ਤਾ ਤੇ ਸਮਰ[3] ਕਰੈ ਮਨ ਭਾਵੈ ॥ [੮੬॥]
ਤਬ ਗੁਰ ਤਾ ਕੋ ਆਯਸ ਦਈ। "ਜਿਮੀਦਾਰ ਬਾਂਧੋ" ਇਹ ਕਹੀ।
ਬਾਂਧ ਲੀਨ ਤਾ ਕੋ ਭਲ ਭਾਂਤਾ। ਤਿਹ ਪਰਵਾਰ ਕਢਯੋ ਸੁਤ ਨਾਤਾ[4] ॥ [੮੭॥]
ਤਿਨ ਬੀਰਨ ਕਹਯੋ ਸ੍ਰੀ ਗੁਰ ਵਾਹੀ। ਹਮੇ ਲਰੇ ਗੁਰ ਧਰਮ ਧਰਾਈ।
ਗੁਰ ਨਿਰਭੈ ਕਰ ਤਾ ਕੋ ਦੀਨਾ। ਠੌਰ ਠੌਰ ਮੂਰਚਾ ਕਰ ਲੀਨਾ ॥ [੮੮॥]
ਤਬੈ ਤਾਹਿ ਸੰਗਰ[5] ਭਯੋ ਭਾਰੀ। ਕੌਨ ਕਹੈ ਸਾਵਨ ਅਨੁਹਾਰੀ[6]।
ਦਹਿ ਲਖ ਮਾਹਿ ਐਸ ਹੈ ਜਾਨੋ। ਜਲ ਮੈ ਜੈਸ ਬਰੇਤੀ ਮਾਨੋ ॥ [੮੯॥]
ਜਿਮ ਹਰਿ[7] ਕੋ ਜਗ ਸਿੰਧਹਿ[8] ਘੇਰਾ। ਤਾ ਵਿਧਿ ਉਮਡੇ ਵਾਮਨ ਚੇਰਾ[9]।
ਜਿਮ ਬਾਸਵ[10] ਲੈ ਮੇਘ ਅਪਾਰਾ। ਘੇਰੇ ਗੋਪ[11] ਬਰਖ ਘਨ ਧਾਰਾ ॥੯॥ [੯੦॥]

**ਸਵੈਯਾ।** ਹੋਇ ਬਿਦਾ ਇਮ ਭਾਖਤ ਹੈਂ ਪ੍ਰਭੁ, ਮੇਲ ਤੁਮੈ ਕਬ ਹੋਇ ਲਖਾਹੀ।
ਦੂਸਰ ਜਨਮ ਮਿਲੈ ਤੁਮ ਕੋ ਪ੍ਰਭੁ, ਦਾਨ ਦਿਜੈ ਨਹਿ ਆਨ ਸੁ ਜਾਹੀ।
ਯੌ ਕਹਿ ਕੇ ਲਹਿ ਕੇ ਚਹਿ ਕੇ ਤਬ, ਆਵਤ ਸਿੰਘਨ ਜਜੌਂ ਭਭਕਾਹੀ।
ਸੀਸ ਅਰਦਾਸ ਕਰਾਵਤ ਹੈਂ, ਗੁਰ ਪਾਹਿ ਖੁਸੀ ਲਹਿ ਯਾਰਨ ਮਾਹੀ ॥੧੦॥ [੯੧॥]

**ਰਸਾਵਲ ਛੰਦ।** ਗਰੰ ਗੀਤ ਗਾਵੈਂ। ਸੁਭਾਨੰ ਬਰਸਾਵੈਂ।
ਕਰੇ ਮਾਰ ਮਾਰੰ। ਨਹੀ ਸੋਕ ਧਾਰੰ ॥ [੯੨॥]
ਇਹੈ ਬਾਤ ਮਾਂਗੇ। ਗੁਰੂ ਪਾਦ ਲਾਗੇ।
ਅਜੰ[12] ਧੰਨ ਭਾਗੰ। ਸਿਸੰ[13] ਜੁੱਧ ਲਾਗੰ ॥ [੯੩॥]
ਗਜੇ ਲੋਹ ਪੂਰੰ। ਕਰੇ ਚੂਰ ਚੂਰੰ।
ਇਕੰ ਬਾਨ ਮਾਰੈਂ। ਸਰੰ[14] ਮਾਰ ਡਾਰੈਂ ॥ [੯੪॥]
ਕਈ ਖੱਗ[15] ਝਾਰੈਂ। ਕਟਾਰਨ ਸੁਧਾਰੈਂ।
ਤ੍ਰਿਸੂਲੰ ਲਗਾਵੈਂ। ਕਈ ਤੁਰਕ ਘਾਵੈਂ ॥ [੯੫॥]
ਸਮੰ ਕਾਲ ਧਾਏ। ਪੰਚੰ ਸਿੰਘ ਆਏ।
ਸਿਰੰ ਭੇਟ ਕੀਨਾ। ਕਰਾ ਜੁੱਧ ਚੀਨਾ ॥ [੯੬॥]
ਲਤਾਰੇ[16] ਮਲੇਛੰ। ਗਜੰ[17] ਜੇਮ[18] ਸੇਛੰ[19]।
ਬਜੈ ਸਾਰ ਸਾਰੰ[20]। ਮਹਾ ਝਾੜ ਝਾਰੰ ॥ [੯੭॥]

---

1. ਅੱਖਾਂ, ਭਾਵ—ਦਿਵਜ ਦ੍ਰਿਸ਼ਟੀ। 2. ਹੱਥ ਲਿਖਤ ਨੰ ੭੧ (ਮੋਤੀ ਬਾਗ਼, ਪਟਿਆਲਾ) ਦੀ ਪ੍ਰਤਿ ਵਿਚੋਂ ਏਥੇ ਇਹ ਇਕ ਤੁਕ ਦਿੱਤੀ ਗਈ ਹੈ। 3. ਯੁੱਧ, ਲੜਾਈ। 4. ਪੁਤ੍ਰ ਅਤੇ ਪੋਤ੍ਰੇ। 5. ਜੰਗ। 6. ਸਾਵਣ ਦੀ ਝੜੀ ਵਾਂਗ 7. ਸ੍ਰੀ ਕ੍ਰਿਸ਼ਨ। 8. ਮਗਧ ਦਾ ਰਾਜਾ ਜਰਾਸੰਧ, ਜੋ ਸ੍ਰੀ ਕ੍ਰਿਸ਼ਨ ਜੀ ਨੇ ਬੜੀ ਸਿਆਣਪ ਨਾਲ ਭੀਮ ਸੈਨ (ਪਾਂਡਵ) ਦੇ ਹੱਥੋਂ ਮਰਵਾ ਦਿੱਤਾ ਸੀ। 9. ਸਰਹਿੰਦ ਬਾਵਨੀ ਦੇ ਚੇਲੇ ਅਥਵਾ ਫ਼ੌਜੀ ਦਲ। 10. ਇੰਦ੍ਰ। 11. ਗੋਪ ਗਵਾਲੇ। 12. ਅੱਜ। 13. ਬੱਚੇ। 14. ਤੀਰ। 15. ਖੜਗ, ਤਲਵਾਰ। 16. ਲਤਾੜੇ। 17. ਹਾਥੀ। 18. ਜਿਵੇਂ। 19. ਸਹਿਤ ਇੱਛਾ ਦੇ। 20. ਲੋਹੇ ਨਾਲ ਲੋਹਾ ਵੱਜਣ ਲੱਗਾ।

ਕਟਾ ਕੱਟ ਬਾਹੰ[1] । ਉਭੇ[2] ਜੀਤ ਚਾਹੰ ।
ਹਨੂ[3] ਜੇਮ ਜਾਨੋ । ਧਹੇ ਸਿੰਘ ਮਾਨੋ ॥੧੧॥ [੯੮॥]

**ਪਾਧੜੀ ਛੰਦ ।** ਤਹਿ ਨਿਕਸ ਸਿੰਘ ਆਵੈ ਸੁ ਏਕ ।
ਜਿਮ ਪਰਤ ਜੰਬੁਕੰ[4] ਸਿੰਘ ਸੇਕ[5] ।
ਤਹਿ ਕਰਤ ਮਾਰ ਸਭ ਸਤ[6] ਪ੍ਰਹਾਰ ।
ਕਰ ਖੰਡ ਖੰਡ ਪੁਨਿ ਭਰਤ ਭਾਰ ॥ [੯੯॥]
ਤਹ ਭਜਤ ਤੁਰਕ ਅਤਿ ਕੀਨ ਸੋਰ ।
ਅਲਿ ਅਲੀ[7] ਭਾਖ ਤੇ ਨਚਤ ਮੋਰ ।
ਜਿਨ ਅੰਕ ਪੰਚ ਸੰਜੰ[8] ਅਨੇਕ ।
ਇਤ ਕਰਤ ਵਾਹਿਗੁਰੂ ਨਾਮ ਚੇਤ ॥ [੧੦੦॥]
ਕਰ ਕਾਲ[9] ਧਜਾਨ ਸਿੰਘ ਤ੍ਰਾਸ[10] ਹੀਨ ।
ਜਨ ਲਖਤ ਰਾਜ ਹਮਰੋ ਸੁ ਚੀਨ[11] ।
ਤਹਿ ਕਰਤ ਨਾਸ ਬੈਰਨ ਪ੍ਰਚੰਡ ।
ਜਿਮ ਕਰਤ ਕਾਲਿਕਾ ਦਨੁਜ[12] ਦੰਡ ॥੧੨॥ [੧੦੧॥]

**ਕਲਸ ।** ਆਏ ਸਿੰਘ ਏਕ ਤਹਿ ਭਾਰੀ । ਜਨੁ[13] ਕਾਲੀ ਆਈ ਬਿਕਰਾਰੀ[14] ।
ਪੰਚ ਸਸਤ੍ਰ ਤਹਿ ਜਾਨ ਨਿਹੰਗੰ । ਜਨੁ ਆਯੋ ਇਕ ਕਾਲ ਭਜੰਗੰ[15] ॥੧੩॥ [੧੦੨॥]

**ਤ੍ਰਿਭੰਗੀ ।** ਕਾਲ ਭੁਜੰਗੰ, ਹਿਤ ਖੰਡ ਖੰਡੰ, ਤੁਰਕਨ ਚੰਡੰ, ਰੋਸ ਭਰੰ ।
ਕਹਾ ਜਾਇ ਮਲੇਛੰ, ਮਾਰ ਨ ਏਛੰ[16], ਦੋਜਕ ਜੇਛੰ[17], ਖੰਡ ਕਰੰ ।
ਇਤ ਓਰ ਸੁ ਆਵੈ, ਸਮ ਸੁ ਅਲਾਵੈ, ਤੋ ਕਹੁ ਖਾਵੈ, ਦਨੁਜ ਸਮੰ ।
ਯਾ ਦੀਨ ਬਿਡਾਰੇ, ਰਾਜ ਸੁਧਾਰੇ, ਹਜਰਤ ਕਾਰੇ, ਸੂਖ ਸਮੰ ॥੧੪॥ [੧੦੩॥]

**ਕਲਸ ।** ਮਾਰ ਸਹੰਸ ਮਰਤ ਹੈ ਸੂਰੰ । ਇਕ ਸੋ ਮਰਤ ਦਸੰ ਸੈ ਨੂਰੰ ।
ਕੀਨੋ ਖੰਡਨ ਤੁਰਕਨ ਤਾਹੀ । ਭਾਯੋ ਗੁਰੂ ਧਜਾਨ ਮਨ ਮਾਹੀ ॥੧੫॥ [੧੦੪॥]

**ਤ੍ਰਿਭੰਗੀ ।** ਮਨ ਮਾਹੀ ਧਜਾਨੰ, ਗੁਰ ਸੁਖ ਜਾਨੰ, ਕਾਲ ਪ੍ਰਮਾਨੰ, ਦੋਰ ਅਯੋ ।
ਮਾਰੇ ਸੁ ਅਨੇਕੰ, ਅਤਿ ਬਲ ਟੇਕੰ, ਬਲ ਭਜੇ ਤੇਕੰ, ਗੁਰੂ ਮਯੋ ।
ਯਾ ਬਿਧਿ ਭਜੇ ਜੁੱਧੰ, ਘੋਰ ਸੁ ਉੱਧੰ[18], ਕਰ ਰਨ ਕ੍ਰੁੱਧੰ, ਬੀਰ ਗਏ ।
ਦੋ ਲਾਖ ਸੁ ਮਾਰਾ, ਯਾ ਬਿਧਿ ਭਾਰਾ, ਤੁਰਕ ਸੰਘਾਰਾ, ਸੋਭ ਠਏ ॥੧੬॥ [੧੦੫॥]

**ਚੌਪਈ ।** ਸਰਬ ਸਿੰਘ ਤਬ ਜੂਝ ਜੋ ਗਏ । ਦੋਇ ਸਿੰਘ ਤਾ ਮੈ ਰਹਿ ਗਏ ।
ਸੰਗਤ ਸਿੰਘ ਨਾਮ ਇਕ ਗਾਏ । ਸੰਤ ਸਿੰਘ ਦੂਜੋ ਹੈ ਭਾਏ ॥ [੧੦੬॥]
ਤਾ ਕੋ ਸਾਹਿਬ ਦ੍ਰਿਸਟਿ ਸੁ ਠਾਨੀ । ਦੋ ਸੁਤ ਦੇਖੇ ਅਤਿ ਰਣ ਮਾਨੀ ।
ਏਕ ਅਜੀਤ ਸਿੰਘ ਬਲਵਾਨਾ । ਜਾਸ ਕੰਨਿਆ ਕੇ ਮਨ ਮਾਨਾ ॥ [੧੦੭॥]

---

1. ਬਾਹੂ, ਭੁਜਾ (ਬਾਂਹ) । 2. ਦੋਵੇਂ । 3. ਹਨੂਮਾਨ ਵਾਂਗ । 4. ਸ਼੍ਰਿਗਾਲ, ਗਿੱਦੜ, 5. ਤਾਉ (ਜੋਸ਼) ਨਾਲ । 6. ਸ਼ਤ, ਸੌ । 7. 'ਯਾ ਅਲੀ, ਯਾ ਅਲੀ' ਮੁਸਲਮਾਨਾਂ ਦਾ ਜੰਗੀ ਨਾਅਰਾ । 8. ਕਵਚ । 9. ਅਕਾਲ ਪੁਰਖ । 10. ਡਰ । 11. ਜਾਣੇ । 12. ਦੈਂਤ । 13. ਜਾਣੋ । 14. ਵਿਕਰਾਲ ਰੂਪ ਧਾਰ ਕੇ । 15. ਭੁਜੰਗ, ਸੱਪ । 16. ਇੱਛਾ; ਚਾਹ । 17. ਜਿਨ੍ਹਾਂ ਨੇ । 18. ਉੱਧਤ, ਅਹੰਕਾਰੀ ।

ਤਾ ਸੁਤ ਸੂਰਾ ਜੋ ਪਰਧਾਨਾ। ਹ੍ਵੈ ਹੈ ਹਠੀ ਸਿੰਘ[1] ਰਨ ਜਾਨਾ।
ਜੁਝਾਰ ਸਿੰਘ ਹੈ ਦੁਤੀਓ ਭਾਈ। ਜਾ ਨੇ ਰਣ ਅਤਿ ਤੇਗ ਵਗਾਈ ॥ [੧੦੮॥]
ਤਬ ਦੋਨੋ ਸਿੰਘ ਬਚਨ ਉਚਾਰੇ। "ਹੇ ਗੁਰੂ! ਕਥਾ ਸੁਨਾਵਹੁ ਤਾਰੇ।
ਕੈਸੇ ਪੂਤ ਹਠੀ ਸਿੰਘ ਭਯੋ। ਤਿਹ ਬਿਵਾਹ ਕੈਸੇ ਨਿਰਬਹਯੋ" ॥ [੧੦੯॥]
ਮਨੀ ਸਿੰਘ ਤਬ ਬਾਤ ਬਖਾਨੀ। ਸੁਨੋ ਸਿੰਘ ਜਿਉ ਸੁਨੀ ਸੁਕਾਨੀ।
ਏਕ ਦੱਖਣੀ ਕੋ ਜੋ ਸਾਹਾ[2]। ਗੁਰ ਕੋ ਸੀਸ ਨਿਵਾਯੋ ਤਾਹਾ ॥ [੧੧੦॥]
ਸਹਿਤ ਕੁਟੰਬ ਅਨੰਦ ਪੁਰ ਆਯੋ। ਤਾਸ ਕੰਨਿਆ ਚੀਤ ਲੁਭਾਯੋ।
ਆਈ ਨਾਵਨ ਨਦੀ ਸੁਜਾਨਾ। ਅਜੀਤ ਸਿੰਘ ਕੋ ਬਦਨ ਪਿਖਾਨਾ[3] ॥ [੧੧੧॥]
ਆਲੀ[4] ਸਾਥ ਬਿਚਾਰੀ ਬਾਤਾ। 'ਮੋ ਪਿਤ ਕਹੋ ਕਰੇ ਯਹਿ ਨਾਤਾ'।
ਤਬ ਆਲੀ ਪਿਤ ਪਾਹਿ ਉਚਾਰੀ। ਚਤੁਰ ਸੁ ਆਲੀ ਕਹਯੋ ਸੁਧਾਰੀ ॥ [੧੧੨॥]
ਤਬ ਗੁਰ ਕੋ ਤਿਹ ਬਚਨ ਸੁਨਾਏ। "ਮੋ ਕੰਨਯਾ ਦਾਸੀ ਸੁਤ ਲਾਏ।"
ਤਬ ਪ੍ਰਸੰਨਤਾ ਸਤਿਗੁਰ ਧਾਰੀ। ਕੀਨੋ ਬਿਵਾਹ ਉਛਾਹ[5] ਅਪਾਰੀ ॥ [੧੧੩॥]
ਸਹਿਤ ਕੁਟੰਬ ਊਹਾ ਹੀ ਰਹਯੋ। ਘੇਰਾ ਬੀਚ ਦੇਹ ਨਿਰਬਹਯੋ।
ਛੂਟਤ ਘੇਰਾ ਦਲ ਭਜ ਛਾਰੀ[6], ਦੱਖਨ ਕੂਚ ਗੁਰੂ ਕੀ ਤਯਾਰੀ ॥ [੧੧੪॥]
ਤਬ ਤਿਨ ਕੋ ਗੁਰ ਐਸ ਉਚਾਰੇ। ਚਲੋ ਅਗ੍ਰ ਹਮ ਆਹ ਸਿਧਾਰੇ।
ਤਬ ਤਿਨ ਕੰਨਯਾ ਬਿਛੁਰਨ ਕਾਲਾ। ਕਹਯੋ ਗੁਰੂ ਤਟ[7] ਬਚਨ ਬਿਹਾਲਾ[8] ॥ [੧੧੫॥]
"ਕਬ ਹੀ ਹੋਇ ਦੀਦਾਰ[9] ਤੁਮਾਰਾ? ਪਰਿਯੋ ਬੀਚ ਬਿਛੋਰਾ ਭਾਰਾ।"
ਤਬ ਸਤਿਗੁਰ ਤਿਨ ਬਚਨ ਉਚਾਰੇ। "ਮੇਲ ਸੰਜੋਗੀ ਹੋਇ ਤੁਮਾਰੇ ॥ [੧੧੬॥]
ਨਹ ਭਰਵਾਸਾ ਤਨ ਕਾ ਹੋਈ। ਤਾ ਤੇ ਵਾਕ ਪ੍ਰਿਆ[10] ਕਿਮ ਜੋਹੀ?
ਤਬ ਤਿਨ ਕੰਨਯਾ ਬਚਨ ਉਚਾਰੇ। "ਮੋਹ ਭਰਵਾਸ ਕੋਨ ਜੀਅ ਧਾਰੇ? ॥ [੧੧੭॥]
ਮੈ ਦਾਸੀ ਤਵ ਚਰਨਨ ਕੇਰੀ। ਪਿਤਾ ਲਾਜ, ਇਤ ਗੁਰ ਬਚ ਫੇਰੀ।
ਪਿਤ ਕੋ ਵਚਨ ਤਜਾਗ ਹਮ ਠਾਨਾ। ਗੁਰ ਕੋ ਨਾਹਿ ਉਲੰਘਨ ਜਾਨਾ ॥ [੧੧੮॥]
ਇਹ ਭਾਵਨ ਹੈ ਜੀਅ ਅਬ ਮੋਰੀ। ਤਵ ਚਰਨਨ ਕੀ ਦ੍ਰਿਸਟਿ ਸੇ ਕੋਰੀ।"
ਤਬ ਸਾਹਿਬ ਯੋ ਬਚਨ ਸੁਨਾਏ। "ਹੋਵਗ ਸੋਈ ਗੁਰੂ ਮਨ ਭਾਏ।"
ਤਬ ਤਿਨ ਹੀ ਅਪਸ਼ਗੁਨ ਲਖਾਯੋ। ਰੋਵਤ ਪਿਯ[11] ਢਿਗ ਬਚਨ ਅਲਾਯੋ ॥੧੭॥ [੧੧੯॥]
**ਝੂਲਨਾ**। "ਤੁਮੇ ਸਾਥ ਯੋ ਸਾਥ ਵਿਚਾਰ ਨਾਹੀ, ਤੁਮੇ ਬਿਨਾ ਹੀ ਔਰ ਨਹੀਂ ਸੰਗ ਮੇਰਾ।

---

1. ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਹਠੀ ਸਿੰਘ ਮਾਤਾ ਸੁੰਦਰੀ ਜੀ ਦੇ ਪਾਲਿਤ ਪੁਤ੍ਰ ਅਜੀਤ ਸਿੰਘ ਦਾ ਬੇਟਾ ਸੀ, ਜੋ ਬੁਰਹਾਨ ਪੁਰ (ਮੱਧ ਭਾਰਤ) ਵਿਚ ਜਾ ਕੇ ਰਹਿਆ ਸੀ। ਇਸ ਦਾ ਸਥਾਨ ਉੱਥੇ ਸਿੰਧੀ ਮਹੱਲੇ ਵਿਚ ਹੈ ਜਿਥੇ ਇਹ ਰਹੰਦਾ ਤੇ ਗੁਰਬਾਣੀ ਵਿਚ 'ਨਾਨਕ' ਨਾਮ ਦੀ ਥਾਵੇਂ ਆਪਣਾ ਨਾਮ ਲਿਖ ਕੇ ਸਿੱਖਾਂ ਨੂੰ ਭ੍ਰਮਾਉਂਦਾ ਰਹੰਦਾ ਸੀ। ਇਸੇ ਕਾਰਣ ਇਸ ਨੂੰ ਮਾਤਾ ਸੁੰਦਰੀ ਜੀ ਨੇ ਤਿਆਗ ਦਿੱਤਾ ਸੀ। ਬੁਰਹਾਨ ਪੁਰ ਵਿਚ ਬਾਬਾ ਹਠੀ ਸਿੰਘ ਦਾ ਦੇਹਰਾ ਮਸ਼ਹੂਰ ਹੈ। (ਦੇਖੋ, *ਗੁਰਸ਼ਬਦ ਰਤਨਕਾਰ ਮਹਾਨ ਕੋਸ਼*, ੧੯੬੦, ਪੰਨਾ ੧੯੩, ਪਰ ਏਥੇ ਉਸ ਦਾ ਇਤਿਹਾਸ ਕੁਝ ਹੋਰਵੇਂ ਦਸ ਕੇ ਉਸ ਨੂੰ ਵੱਡੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਔਰਸ ਪੁਤ੍ਰ ਲਿਖਿਆ ਹੈ। 2. ਸਾਹੂਕਾਰ। 3. ਸਰੀਰ ਦੇਖ ਕੇ। 4. ਸਖੀ, ਸਹੇਲੀ। 5. ਉਤਸਾਹ। 6. ਭਸਮ। 7. ਕੋਲ, ਪਾਸ। 8. ਬੇਹਾਲ (ਦੁਖੀ) ਹੋ ਕੇ। 9. ਦਰਸ਼ਨ। 10. ਪ੍ਰਿਯਾ। 11. ਪਤੀ।

ਜਬ ਪਿਤਾ ਨੇ ਸੰਗ ਤੋਂ ਚਾਇ ਦੀਨਾ, ਬਿਦਾ ਕੀਨ ਘਰ ਤੇ ਜਬ ਲਯੋ ਫੇਰਾ।
ਔਰ ਸੰਗ ਨ ਅੰਗ ਹੈ ਸਾਕ ਜਾਨੋ, ਏਕ ਤੁਮੀ ਹੋ ਸਾਥ ਸੁਜਾਨ ਮੇਰੇ।
ਲਿਖੇ ਅੰਕ ਮਿਟਾਇ ਨਾ ਜਾਂਵਦੇ ਜੀ, ਪਏ ਲੇਖ ਵਿਜੋਗ ਜੋ ਸਾਥ ਤੇਰੇ॥ [੧੨੦॥]
ਇਹੁ ਦਿਨਸ ਸੰਭਾਰ ਕੇ ਬੀਚ ਨਾਹੀ, ਜੇਹੜੀ ਲਿਖੀ ਹੈ ਕਲਮ ਅਜਾਨ ਸਾਨੇ।
ਬਿਧਿ ਪਾਇ ਸੰਜੋਗ ਵਿਜੋਗ ਦੇ ਜੀ, ਨਹੀ ਧਰਮ ਵਿਚਾਰ ਨਹਿ ਦਇਆ ਠਾਨੇ।
ਨਹੀ ਜਾਨਤੀ ਮੋਹਿ ਅਜਾਨ ਹਾਂ ਜੀ, ਤੁਮ ਚਰਨ ਕੋ ਚਾਹਤੀ ਚੀਤ ਮਾਹੀ।
ਏਕ ਦਰਸ ਦੀਜੈ ਨਿਜੰ ਆਪਨੇ ਜੀ, ਨਹੀ ਤਾਤ[1] ਔ ਮਾਤ ਕੋ ਸੰਗ ਚਾਹੀ" ॥੧੮॥ [੧੨੧॥]

ਚੌਪਈ। ਯੋ ਤਬ ਸੁਨਤ ਤਾਹਿ ਕੀ ਬਾਨੀ। ਗੁਰ ਸੁਤ[2] ਤਾਹਿ ਬਦਨ[3] ਪਰਮਾਨੀ।
ਮਸਤਕ[4] ਲੇਖ ਮਿਟਤ ਯੌਂ ਨਾਹੀਂ। ਪਰਾਰਬਧ[5] ਸਭ ਜੀਅ ਭੁਗਾਹੀ॥ [੧੨੨॥]
ਪੂਰਬ ਕਰਮਨ ਕੇ ਅਨੁਸਾਰੀ। ਮਿਲਜੋ ਕੁਟੰਬ ਯਹਿ ਭੋਗ ਭੁਗਾਰੀ।
ਨਦੀ ਨਾਵ[6] ਔ ਖੇਤ੍ਰ ਦਾਨਾ। ਬਟਾਊ[7] ਸੰਜੋਗ ਬਖਾਨਾ॥ [੧੨੩॥]
ਤਜੋਂ ਵਿਹਾਰ ਕੋ ਇਹ ਜਗ ਹੋਈ। ਸੁਖ ਦੁਖ ਜਾਹ ਸ੍ਰਮਸ੍ਰਿਤ[8] ਹੋਈ।
ਰਾਤ ਦਿਨਸ ਔ ਜੀਵਨ ਮਰਨਾ। ਹਰਖ ਸੋਗ ਸਬ ਮਨ ਕੋ ਧਰਮਾ॥ [੧੨੪॥]
ਮਨ ਮਨੌਤ ਕਰ ਕਰਮ ਕਮਾਏ। ਸੋ ਸਬ ਦੇਹ ਬੀਚ ਇਹ ਪਾਏ।
ਤਜੋ ਸੋਗ ਤੁਮ ਹੋਇ ਬਿਰਾਗੀ। ਮਮ ਕੀ ਬਾਤ ਦੇਹ ਨਹਿ ਰਾਗੀ॥ [੧੨੫॥]
ਸਬ ਜਗ ਜਾਨ ਝੂਠ ਕੋ ਬਾਦਲ। ਏਕ ਸੱਤ ਮਨ ਮੈ ਕਰ ਆਦਲ[9]।
ਰਹੋ ਦੇਹ ਕੇ ਬੀਚ ਅਪਾਰਾ। ਪਰਾਲਬਧ ਸੰਜੋਗ ਵਿਚਾਰਾ॥ [੧੨੬॥]
ਰਾਗ ਦੋਖ ਮੈ ਹੋਇ ਵਿਰਕਤ[10]। ਭਾਮਨਿ[11] ਭੋਗੋ ਭੋਗ ਅਜੁ ਗਤ।
ਤਵ ਘਰ ਪਰਚਾ ਹੋਇ ਅਪਾਰਾ। ਤੂ ਪੇਖੇਗੀ ਨੈਨ ਮੰਝਾਰਾ॥ [੧੨੭॥]
ਤਬ ਤਿਹ ਰਿਤ ਅਤਿ ਦਾਨ ਸੁ ਦੀਨਾ। ਦ੍ਰਿਸਟਿ ਭੋਗ ਗੁਰ ਸੁਤ ਤਬ ਕੀਨਾ।
ਹਠ ਕਰ ਕਾਮ ਤਜਜੋ ਇਕ ਬਾਰਾ। ਨਾਮ ਹਠੀ ਸਿੰਘ ਜਗਤ ਮੰਝਾਰਾ॥ [੧੨੮॥]
ਬਹੁ ਪ੍ਰਸੰਨ ਨਾਰਿ ਤਬ ਭਈ। ਪਿਤਾ ਸੰਗ ਦੱਖਨ ਕੋ ਗਈ।
ਉਦਰੇ ਗਰਭ ਪਾਲਤੀ ਜਾਵੈ। ਸਤਿਗੁਰ ਗਜਾਨ ਦਿਯੋ ਭਲ ਭਾਵੈ॥ [੧੨੯॥]
ਪੇਖੇ ਰੂਪ ਪੀਆ ਕੋ ਸੋਇ। ਅੰਤਰਗਤਿ ਅਤਿ ਨੈਨ ਅਲੋਇ।
ਪਨੀਆ[12] ਏਕ ਗੁਰੂ ਜੀ ਦੀਨੀ। ਤਿਨ ਕੋ ਦ੍ਰਿਸਟਿ ਭੋਗ ਮੁਖ ਕੀਨੀ॥ [੧੩੦॥]
ਜਬ ਹੀ ਪੂਤ ਹੋਇ ਜਗਤ ਮੰਝਾਰਾ। ਤਜਾਗ ਦੇਹ ਕਾ ਕਰੋ ਸੁਧਾਰਾ।
ਜਬ ਜੀਵਤ ਪੀਅ ਸੁਨਤ ਸੁ ਨਾਰੀ। ਤਬ ਹੀ ਆਸ ਜੀਅ ਕੀ ਧਾਰੀ॥ [੧੩੧॥]
ਐਸੇ ਕਹਿ ਪਿਤ ਸੰਗ ਨਿਜ ਗਈ। ਪੁਰ ਬੁਰਹਾਨ ਸੁ ਪਹੁੰਚਤ ਭਈ।
ਇਹ ਮੈ ਕਥਾ ਸੁਨੀ ਹੈ ਜੋਈ। ਕਹੀ ਬਾਤ ਹਿਤ ਸੁਨ ਹੋ ਸੋਈ।
ਅਬ ਤੁਮ ਸੁਨੋ ਕਥਾ ਮਨ ਲਾਇ। ਦੁਹੂੰ ਸੁਤਨ[13] ਕੇ ਗੁਰ ਫੁਰਮਾਯ ॥੧੯॥ [੧੩੨॥]

---

1. ਪਿਤਾ। 2. ਗੁਰੂ ਜੀ ਦਾ ਪੁਤ੍ਰ-ਸਾਹਿਬਜਾਦਾ ਅਜੀਤ ਸਿੰਘ। 3. ਮੂੰਹ। 4. ਮੱਥੇ ਦਾ। 5. ਕਿਸਮਤ, ਭਾਗ। 6. ਨੌਕਾ, ਕਿਸ਼ਤੀ। 7. ਬਾਟ ਬਟਾਊ, ਪਾਂਧੀ, ਰਾਹੀ। 8. ਸ੍ਰਿਤ (ਰਸਤੇ ਦੀ) ਸ੍ਰਮ (ਥਕਾਵਟ)। 9. ਅਦਲ ਕਰਨ ਵਾਲਾ। 10. ਤਿਆਗੀ। 11. ਇਸਤ੍ਰੀ 12. ਪਨਹੀ, ਜੁੱਤੀ। 13. ਸਾਹਿਬਜ਼ਾਦੇ।

ਦੋਹਰਾ। ਅਜੀਤ ਸਿੰਘ ਜਝਾਰ ਸਿੰਘ, ਤਾ ਗੁਰ ਲਯੋ ਬੁਲਾਇ।
ਬੈਸ[1] ਕੁਮਾਰੋ[2] ਜਾਹਿ ਕੀ, ਕਹਜੋ ਐਸ ਸਮਝਾਇ ॥੨੦॥ [੧੩੩॥]

ਚੌਪਈ। "ਹੇ ਸੁਤ ! ਤੁਮ ਹਮ ਕੋ ਹੋ ਪਜਾਰੇ। ਤੁਰਕ ਨਾਸ ਹਿਤ ਤੁਮ ਤਨ ਧਾਰੇ।
ਜੇ ਅਪਨੇ ਸਿਰ ਰਨ ਮੈਂ ਲਾਗੋ। ਤਾ ਕਰ ਨਾਸ ਮਲੇਛ ਸੁਭਾਗੋ।
ਤਾ ਤੇ ਯਾ[3] ਸਮ ਸਮਾ ਨ ਕੋਈ। ਤੁਮ ਦੋਨਹੁ ਸੰਗਰ[4] ਭਲ ਜੋਈ।"
ਅਜੀਤ ਸਿੰਘ ਤਬ ਕਰ ਅਰਦਾਸਾ। ਕਹਜੋ, "ਦੇਖੀਐ ਆਜ ਤਮਾਸਾ" ॥੨੧॥ [੧੩੪॥]

ਝੂਲਨਾ। ਅਸ ਭਾਂਤਿ ਹੀ ਆਏ ਹੈਂ ਸਿੰਘ ਸੁਆਮੀ, ਜਨ ਅੰਤ ਕੇ ਕਰਤ ਹੈ ਕਾਲ ਜਾਨੇ।
ਲਘੁ ਬੈਸ ਭਾਰੀ, ਬਲੰ ਜਾਹਿ ਮਾਹੀ, ਅਸ ਭਾਂਤਿ ਹੀ ਪੰਥ ਕੋ ਹੇਤ ਠਾਨੇ।
ਪਰ ਉਪਕਾਰ ਕੇ ਹੇਤ ਰਨ ਮਾਹਿ ਧਾਏ, ਅਬ ਸੰਗ ਮਲੇਛ ਕੇ ਜੂਝਤੇ ਹੈ।
ਲਖ ਤਾਹਿ ਕੋ ਨਾਹਰ ਖਾਨ[5] ਕਹੈ, "ਤੁਮ ਆਉ ਜੀ ਮਿਲਹੁ ਹਮ ਸੂਝਤੇ ਹੈਂ ॥ [੧੩੫॥]
ਤੂ ਮੈ ਰੂਪ ਪੇਖੇ ਅਉਰੰਗ ਸਾਹਿੰ, ਦਿਹੈ ਭਾਰਤੰ ਖੰਡ ਕੀ ਪਾਤਿਸਾਹੀ।
ਤੁਮ ਜੁੱਧ ਕੋ ਤਜਾਗੀਐ, ਰੂਪ ਪੇਖੇ,' ਤਬ ਕਹਿਤ ਹੈ ਬੈਨ ਮਨ ਕੋਪ ਮਾਹੀ।
"ਤੁਮ ਨਾਸ ਕੋ ਕਰੈਂਗੇ ਹੇਤ ਜਾਨੋ, ਨਹੀ ਆਜ ਯਾ ਸਮੈਂ ਸੁਖ ਨਾਹੀ।
ਤੁਮ ਧਾਰ ਕੈ ਬੀਰਜੰ[6] ਜੁਧ ਕੀਜੈ, ਨਤੋ[7] ਦੋਜਕੰ ਤੋਹ ਕੋ ਦੇਹੁ ਪਠਾਈ" ॥੨੨॥ [੧੩੬॥]

ਚੌਪਈ ਛੰਦ[8]। ਯੌ ਕਹਿ ਧਾਯੋ, ਅਤਿ ਬਲ ਪਾਯੋ, ਸੋ ਭਟ ਘਾਯੋ, ਤਾਹ ਸਮੰ।
ਪੁਨਿ ਕਰ ਜੋਰੰ, ਸੈਨਾ ਘੋਰੰ, ਐਤਹਿ[9] ਤੋਰੰ, ਵਾਹ ਤਮੰ।
ਕਹਿ ਕੋਟ ਮਖਾਹੀ, ਅੰਤ ਨ ਪਾਹੀ, ਜਜੋਂ ਰਨ ਮਾਹੀ, ਸੂਰ ਮਰੈ।
ਖਟ ਐਤ[10] ਪ੍ਰਮਾਨੰ, ਸੂਰ ਮਹਾਨੰ, ਹਤ ਕਰ ਠਾਨੰ, ਜੁਧ ਜਰੈ ॥੨੩॥ [੧੩੭॥]

ਨਿਰਾਜ ਛੰਦ। ਮਚੰਤ ਘੋਰ ਸੰਗਰੰ[11], ਨ ਅੰਤ ਮਾਸ ਕਰਦਮੰ[12]।
ਗਿਰੰਤ ਸੂਰਬੀਰਨੰ, ਲਸੰਤ ਸਿੰਘ ਜੀਤਮੰ[13],
ਕਰੰਤ ਨਾਸ ਬੈਰਨੰ ਹਸੰਤ ਦੇਵ[14] ਗੈਨਮੰ[15]।
ਕਰੰਤ ਪੁਹਪ[16] ਬਰਖਨੰ, ਧਨੰਤ ਭਾਖਤੇ ਨਮੰ ॥ [੧੩੮॥]

---

1. ਉਮਰ, ਆਯੂ 2. ਬਾਲਕ (ਛੋਟੀ ਉਮਰ ਦਾ)। 3. ਇਸ। 4. ਯੁੱਧ, ਜੰਗ। 5. ਮਾਲੇਰ ਕੋਟਲੇ ਦਾ ਇਕ ਪਠਾਣ, ਜੋ ਨੁਸਰਤ ਖ਼ਾਨ ਤੇ ਵਲੀ ਮੁਹੰਮਦ ਖ਼ਾਨ ਦਾ ਭਰਾ ਸੀ। ਰੋਪੜ ਵਿਚ ਉਸ ਸਮੇਂ ਮਲੇਰੀਆਂ ਦਾ ਥਾਣਾ ਸੀ, ਜਿਸ ਕਰਕੇ ਇਹ ਪਠਾਣ ਨਵਾਬ ਵਜ਼ੀਰ ਖ਼ਾਨ ਫ਼ੌਜਦਾਰ ਸਰਹਿੰਦ ਦੇ ਅਧੀਨ ਇਸ ਲੜਾਈ ਵਿਚ ਸ਼ਾਮਿਲ ਹੋਇਆ ਸੀ। ਸ੍ਰੀ ਦਸਮੇਸ਼ ਜੀ ਨੇ ਜ਼ਫਰਨਾਮੇ ਵਿਚ ਇਸ ਜੰਗ ਦਾ ਜ਼ਿਕਰ ਕਰਦਿਆਂ ਨਾਹਰ ਖ਼ਾਨ ਬਾਰੇ ਲਿਖਿਆ ਹੈ :

ਚੁ ਦੀਦਮ ਕਿ ਨਾਹਰ ਬਿਯਾਮਦ ਬ ਜੰਗ।
ਚੀਸ਼ਦਹ ਯਕੇ ਤੀਰ ਮਨ ਬੇਦਰੰਗ ॥੨੯॥
ਹਮ ਆਖ਼ਰ ਗੁਰੇਜ਼ਦ ਬਜਾਏ ਮੁਸਾਫ਼।

ਅਰਥਾਤ 'ਜਦ ਮੈਂ ਦੇਖਿਆ ਕਿ ਨਾਹਰ ਖ਼ਾਨ ਲੜਾਈ ਦੇ ਮੈਦਾਨ ਵਿਚ ਆਇਆ ਹੈ ਤਾਂ ਮੇਰਾ ਉਹ ਇਕ ਤੀਰ ਖਾ ਕੇ ਸਾਥੀ ਅਫ਼ਗਾਨਾਂ ਸਮੇਤ ਮੈਦਾਨ ਛੱਡ ਕੇ ਨੱਸ ਗਇਆ।' 6. ਬਲ, ਤਾਕਤ। 7. ਨਹੀਂ ਤਾਂ। 8. ਖ਼ਾਲਸਾ ਕਾਲਿਜ, ਅੰਮ੍ਰਿਤਸਰ ਦੀ ਪ੍ਰਤਿ ਨੰ: ੬੦੫ ਦੇ ਅਨੁਸਾਰ ਏਥੇ 'ਤ੍ਰਿਭੰਗੀ ਛੰਦ' ਪਾਠ ਹੈ। 9. ਭਾਵ-ਹਜ਼ਾਰਾਂ ਦੁਸ਼ਮਨ-ਦਲ। 10. ਛੇ ਅਯੁਤ ਅਥਵਾ ਹਜ਼ਾਰ। 11. ਯੁੱਧ, ਜੰਗ। 12. ਚਿੱਕੜ। 13. ਅਜੀਤ ਸਿੰਘ। 14. ਦੇਵਤੇ। 15. ਗਗਨ (ਆਕਾਸ਼) ਵਿਚ। 16. ਪੁਸ਼ਪ, ਫੁੱਲ।

ਰਖੰਤ ਭੂਮਕਾ ਤੁਮੰ, ਭਵੰਤ ਨਾਸ ਤੁਰਕਨੰ।
ਪਰੰਤ ਸੂਖ ਕੋਲਹੰ, ਤੁਮੰਤ ਸਿੰਘ ਜੂਧਨੰ[1]।
ਗਿਰੰਤ ਗੀਧ[2] ਬੀਧਨੰ[3] ਕਹੰਤ ਕਾਕ ਕਹਿ ਕਰੰ।
ਪਿਵੰਤ ਜੀਤ ਪਜੂਖਨੰ[4], ਲਹੰਤ ਸੂਖ ਕੋ ਬਰੰ ॥੨੪॥ [੧੩੯॥]

**ਦੋਹਰਾ।** ਪੀਯੋ ਪਿਯਾਲਾ ਪ੍ਰੇਮ ਕਾ, ਭਯੋ ਸੁਮਨ ਅਵਤਾਰ।
ਆਜ ਖਾਸ ਭਯੋ ਖਾਲਸਾ, ਸਤਿਗੁਰ ਕੈ ਦਰਬਾਰ ॥੨੫॥ [੧੪੦॥]

**ਚੌਪਈ।** ਉੱਚ[5] ਜਲਾਲ ਦੀਨ ਕੀ ਜਹਾਂ। ਤਾਹਿ ਪੀਰ ਕੋ ਪੋਤ੍ਰਾ ਤਹਾਂ।
ਆਨ ਗੁਰੂ ਕੋ ਖੰਡਾ ਮਾਰਾ। ਕਰਾਮਾਤ ਕੋ ਜਾ ਬਲ ਭਾਰਾ ॥ [੧੪੧॥]
ਤਾ ਕੋ ਮਾਰ ਪਰੇ ਰਨ ਮਾਹੀ। ਦੋ ਲਖ ਬੀਰ ਮਰੇ ਤਹਿ ਜਾਈ।
ਨਾਹਰ ਖਾਨ[6] ਸਸੈਨ[7] ਬਿਦਾਰਾ। ਏਕ ਗੁਰੂ ਸੁਤ ਐਸ ਬਿਚਾਰਾ ॥ [੧੪੨॥]
ਪੁਨਿ ਜਬ ਗਿਰੇ ਆਧ ਅੰਗ ਹੋਈ। ਭਾਲ[8] ਲਗੀ ਕਰਵਾਰ[9] ਸੁ ਜੋਈ।
ਜਨੁਕ[10] ਛਟੀ ਪੁਹਪਨ ਕੀ ਸੋਈ। ਦ੍ਰਿਸਟਿਮਾਨ ਗੁਰ ਕੋ ਇਵ[11] ਹੋਈ ॥ [੧੪੩॥]
ਗਿਰਤੀ ਬਾਰ ਮਾਰ ਕੇ ਤਾਨਾ। ਗਿਰਤੇ ਲਖੇ ਪ੍ਰਭੂ ਸੁਖਦਾਨਾ।
ਤਬੈ ਜੁਝਾਰ ਸਿੰਘ ਲਖ ਪਾਯੋ। ਧੰਨ ਧੰਨ ਕਹਿ ਬੈਨ ਅਲਾਯੋ ॥ [੧੪੪॥]
"ਧੰਨ ਧੰਨ ਤੁਮਰੇ ਅਸਿ[12] ਤਾਈ। ਧੰਨ ਧੰਨ ਕਰ ਮੁਖੋ ਅਲਾਈ।
ਮੈ ਤੁਮ ਭ੍ਰਾਤ ਸਦਾ ਸੰਗ ਜਾਨਾ। ਮੋ ਪਾਛੈ ਤਜ ਕਰਾ ਪਿਯਾਨਾ[13] ॥ [੧੪੫॥]
ਨੈਕੁ[14] ਰਹੋ ਮੁਹਿ ਆਵਨ ਦੀਜੈ।" ਉਠਜੋ ਤਬੈ ਅਸ[15] ਕਹਿ ਸੁ ਪ੍ਰਸੀਜੈ[16]।
ਸਤਿਗੁਰ ਕਹੈ, "ਬੈਠਹੁ ਪਲ, ਤਾਤਾ[17]।" ਦਯੋ ਭਾਲ ਟੀਕੰ[18] ਕੁੰਕਮਾਤਾ[19] ॥ [੧੪੬॥]
ਅਰਥ ਟੀਕ ਕੋ ਏਹੁ ਬਖਾਨੋ। ਤਾ ਕੋ ਲੋਕ ਪ੍ਰਲੋਕ ਸੇ ਮਾਨੋ।
ਅੱਛਤ ਚਾਵਲ ਗ੍ਰਾਸ[20] ਸੁ ਦੀਨਾ ਤਬੈ ਅਯੋ ਹਨੁਵੰਤ ਸਮ ਬੀਨਾ।
ਧੂਹ ਮਿਆਨਾ ਤਾਹੀ ਖੰਡਾ। ਆਯੋ ਅਧਿਕ ਬੀਰ ਬਲਵੰਡਾ[21] ॥੨੬॥ [੧੪੭॥]

**ਸਿਰਖਿੰਡੀ ਛੰਦ।** ਆਯੋ ਸਿੰਘ ਜੁਝਾਰੀ ਖੰਡਾ ਧੂਹ ਕੇ। ਈਸਰ ਕੇ ਅਵਤਾਰੀ ਡਿੱਠਾ ਭ੍ਰਾਤ ਕੋ।
ਵਾਹਿਗੁਰੂ ਮੁਖ ਆਖੇ ਲਾਇ ਸੁ ਧਜਾਨ ਨੂੰ। ਚਲਜੋ ਯਾਨ[22] ਮੰਝਾਰੀ, ਨਾਲੇ ਦੇਵਤਾ ॥ [੧੪੮॥]
ਲੁੱਥ[23] ਚੁਕੇ ਅਰਿ[24] ਭਾਰੀ, ਉਠਦੀ ਹੈ ਨਹੀਂ। ਸੱਟ ਪਈ ਖਰਚਾਮੀ[25] ਮਾਰੂ ਬੱਜਿਆ।
ਚੁੱਕੇ ਲੋਥ ਲੈ ਜਾਂਹੀ, ਬੈਰੀ ਆਖਦੇ। ਆਯੋ ਤੌ ਲਗ[26] ਧੂਮੀ, ਸੂਰਾ ਵੇਖਿਆ ॥ [੧੪੯॥]

---

1. ਜੂਝਨੰ, ਝੂਲਦੇ ਹੋਏ। 2. ਗਿੱਧ। 3. ਵਿੰਨ੍ਹੇ ਹੋਏ (ਜ਼ਖ਼ਮੀ) ਯੋਧਿਆਂ ਉੱਤੇ। 4. ਪੀਯੂਖ, ਅੰਮ੍ਰਿਤ। 5. ਉੱਚ ਨਾਮਕ ਪ੍ਰਸਿੱਧ ਸਥਾਨ, ਜੋ ਉੱਚ ਸ਼ਰੀਫ਼ ਦੇ ਨਾਂ ਨਾਲ ਪ੍ਰਸਿੱਧ ਅਤੇ ਇਲਾਕਾ ਬਹਾਵਲਪੁਰ (ਪੱਛਮੀ ਪੰਜਾਬ, ਪਾਕਿਸਤਾਨ) ਵਿਚ ਹੈ। ਇਥੋਂ ਦੇ ਪੀਰ ਮਸ਼ਹੂਰ ਹਨ। 6. ਮਾਲੇਰ, ਕੋਟਲੇ ਦਾ ਇਕ ਪਠਾਣ। 7. ਸੈਨਾ (ਫ਼ੌਜ) ਸਮੇਤ। 8. ਮੱਥਾ। 9. ਤਲਵਾਰ। 10. ਜਾਣੋ, ਮਾਨੋ। 11. ਇਉਂ, ਇਸ ਤਰ੍ਹਾਂ। 12. ਤਲਵਾਰ। 13. ਕੂਚ, ਚਲਾਣਾ। 14. ਥੋੜਾ ਚਿਰ। 15. ਇਸ ਤਰ੍ਹਾਂ। 16. ਗਦ ਗਦ (ਪ੍ਰਸੰਨ) ਹੋ ਕੇ। 17. ਪੁਤ੍ਰ। 18. ਟਿੱਕਾ। 19. ਕੇਸਰ ਦਾ। 20. ਗ੍ਰਾਹੀ, ਬੁਰਕੀ। 21. ਬਹਾਦੁਰ ਯੋਧਾ। 22. ਵਿਮਾਨ, ਹਵਾਈ ਜਹਾਜ। 23. ਲੋਥ। 24. ਦੁਸ਼ਮਨ। 25. ਵੱਡਾ ਨਗਾਰਾ। 26. ਧੁੰਮ ਪਾਉਂਦਾ ਹੋਇਆ।

ਬੱਜੈ ਤੁਰਕ ਅਪਾਰੀ ਚਾਹੈ ਫਰਨ[1] ਨੂ । ਮਾਰੇ ਤੇਗ ਹਜਾਰੀ, ਤੋਪਾਂ ਛੁੱਟੀਆਂ ।
ਕੜਕੇ ਕਾਲੀ ਭਾਰੀ ਧੂੰਆਂ ਛਾਇਯੋ । ਲੈਯੋ ਚਾਪ[2] ਸੁ ਮਾਰੀ, ਮਾਰੇ ਤੀਰ ਘਨ[3] ॥ [੧੫੦॥]
ਹੋਵਤ ਲੱਖ ਹਜਾਰੀ, ਮਰਦੇ ਤੁਰਕ ਯੌਂ । ਖੇਤ੍ਰ ਵਗਾਈ ਦਾਤ੍ਰੀ ਜਜੋਂ ਕਿਰਸਾਨੀਆਂ ।
ਲੋਥਾਂ ਲੋਥ ਪ੍ਰਕਾਰੀ, ਜਾਨ ਪਹਾੜ ਜਜੇ । ਲਖੀਐ ਬਾਲ ਕੁਮਾਰੀ, ਜੋਧਾ ਮਾਰਦਾ ॥ [੧੫੧॥]
ਜੋਗਨੀਆਂ ਕਿਲਕਾਰੀ, ਨਾਰਦ ਨਚਿਆ । ਗੀਧਾਂ ਕੰਕ[4] ਹਜਾਰੀ, ਜੰਬੁਕ[5] ਫਾਵੀਆਂ ।
ਸੈਯਦ ਸੇਖ ਪਠਾਣੀ, ਘਾਣੀ ਘੱਤੀਆ । ਤੇਲ ਮਨੋ ਮਿਝ ਜਾਨੀ, ਪਾਨੀ ਲੋਹੂਆਂ ॥ [੧੫੨॥]
ਬੈਲ ਭਏ ਕਿਰਪਾਨੀ, ਪੀੜੇ ਕਾਲ ਸੋ । ਤੇਲ ਮਨੋ ਤੁਰਕਾਨੀ, ਪੀੜਤ ਹੈ ਘਨੇ ।
ਦੇਵੀ ਆਪ ਹਸਾਨੀ, ਹਸੇ ਕਹ ਕਹਾ । ਦਿਸਾ ਭਈ ਰਕਤਾਨੀ[6], ਅੰਬਰ ਪੂਰਿਆ ॥
[੧੫੩॥]
ਰਾਤ ਨਾਗ[7] ਨਹਿ ਜਾਨੀ, ਭਜੈਂ ਤੁਰਕ ਯੌਂ । ਪਾਤ ਪੁਰਾਨੇ ਉਡਨ, ਮਾਨੋ ਪੌਨ ਸੋ ।
ਜਹ ਤਹ ਰੁੰਡ ਮੁੰਡਾਨੀ, ਸਰਿਤਾ[8] ਲੋਹੂਆਂ । ਆਏ ਤੁਰਕ ਮਹਾਨੀ, ਚੌਦਿਸ ਮੇਘ ਜਯੋਂ ॥
[੧੫੪॥]
ਨੇਜਾ ਲੈ ਸਿੰਘ ਆਯੋ ਬਡੋ ਕੋਪ ਹ੍ਵੈ । ਮਾਰੇ ਬੇਗ ਪਠਾਨੀ, ਨੇੜ ਨ ਆਂਵਦੀ ।
ਤੀਰ ਤੁਫੰਗ[9] ਚਲਾਹੀ, ਓਰਾ[10] ਜਜੋਂ ਤਬੈ । ਪੁਹਪਨ ਜਜੋਂ ਲਗ ਜਾਹੀ, ਕੀਨੋ ਐਸ ਤਨ ॥
[੧੫੫॥]
ਤੇਗ ਲਈ ਕਰ ਮਜਾਨੀ, ਕੀਤੀ ਵਾਢ ਸਬ । ਗਾਜੀ[11] ਗਜਜੋ ਭਾਰੀ, ਕੜਕਜੋ ਕਾਲ ਜਜੋਂ ।
ਹੋਏ ਤੁਰਕ ਹੈਰਾਨੀ, ਕਰਦੇ ਯਾ ਅਲਾ । ਕੇਹੇ ਸੂਰ ਮਹਾਨੀ[12] ਮੱਥਾ ਲਾਇਐ ॥ [੧੫੬॥]
ਹੈ ਅਵਤਾਰ ਸੁਜਾਨੀ, ਨਸੈ ਸਜਾਲ[13] ਜਜੋਂ ।
ਇਕ ਜੂਝੈਂ ਰਨ ਥਾਨੀ, ਮੁਹੋਂ ਨ ਮੋੜਦੇ ।
ਯਾ ਬਿਧਿ ਘਣੀ ਬਿਹਾਨੀ, ਤੁਰਕਾਂ ਸਾਰਿਆਂ ॥੨੭॥ [੧੫੭॥]

ਝੂਲਨਾ । ਯਾ ਭਾਂਤਿ ਸੋ ਦੋ ਲਖ ਕਟਕ[14] ਮਾਰਜੇ, ਪੁਨਿ ਐਤਨੋ ਜਾਨੀਓ ਔਰ ਮਾਰੇ ।
ਸਮਸੇਰ ਸੇ ਖਾਨ ਉਮਰਾਵ[15] ਮਾਰੇ ਪੁਨੰ, ਔਰ ਹੀ ਬੀਰ ਕਈ ਮਾਰ ਡਾਰੇ ।
ਪੁਨਿ ਜਾਤ ਭੇ ਅਮਰ ਪੁਰ ਸਿੰਘ ਭਾਰੀ, ਕਚ ਚਾਰ ਹੀ ਲਾਖ ਕੋ ਨਾਸ ਜਾਨੋ ।
ਤਬ ਦੇਵ ਜੈ ਗੀਤ ਉਚਾਰਤੇ ਹੈਂ, ਕੀਓ ਤਾਹਿ ਨੇ ਲੋਕ ਸੰਤਾਪ ਪਜਾਨੋ[16] ॥ [੧੫੮॥]
ਜਹ ਸਾਧ ਹੀ ਸੰਤ ਬਿਰਾਜਮਾਨੰ, ਸ੍ਰੀ ਨਾਨਕੰ ਬ੍ਰਹਮ ਬਿਰਾਜਤੇ ਹੈਂ ।
ਤਹਿ ਜਾਇ ਕੈ ਬਾਤ ਸਬ ਜਾ ਸੁਨਾਈ, ਅਬ ਤੁਰਕ ਕੋ ਨਾਮ ਧਰ ਸਾਜਤੇ ਹੈਂ ।
ਅਬ ਹੋਇ ਸੁਰ[17] ਧੇਨ[18] ਧਰ[19] ਸੁਖੀ ਸਾਰੀ, ਤਬ ਸੰਤ ਹਰਿਨਾਮ ਮੈ ਸੁਖ ਪਾਵੈ ।
ਤਬ ਦਿਨੰ ਏਕ ਘਟਿਕਾ[20] ਪਰਛਾਹੀ, ਇਹੁ ਭਾਂਤਿ ਕੋ ਪੇਖ ਗੁਰ ਤੇ ਲਸਾਵੈ[21] ॥੨੮॥ [੧੫੯॥]

ਸਵੈਯਾ । ਦੋਇ ਰਹੇ ਇਕ ਸੰਗਤ ਸਿੰਘਹਿ, ਤਾਇ ਕੋ ਪੇਖ ਕਹੀ ਗੁਰ ਬਾਨੀ ।
ਸੰਤਹਿ ਸਿੰਘ ਕੋ ਆਪ ਜੁਝਾਇ ਕੈ, ਬੋਲ ਲਿਯੋ ਜੁ ਬੰਗੇਸਰ[22] ਮਾਨੀ ।

---

1. ਫੜਨ । 2. ਕਮਾਨ । 3. ਬਹੁਤੇ । 4. ਗਿੱਧ ਦੀ ਨਸਲ ਦਾ ਇਕ ਪੰਖੀ । 5. ਗਿੱਦੜ । 6. ਰਕਤ-ਰੰਗੀ, ਲਾਲ । 7. ਦਿਨ । 8. ਨਦੀ । 9. ਬੰਦੂਕ । 10. ਗੋਲਾ । 11. ਧਰਮੀ ਯੋਧਾ । 12. ਮਹਾਨ ਸੂਰਮਿਆਂ ਨਾਲ । 13. ਸ਼੍ਰਿਗਾਲ, ਗਿੱਦੜ । 14. ਫ਼ੌਜ । 15. ਵੱਡੇ ਵੱਡੇ ਅਮੀਰ । 16. ਦੁਖ-ਸੰਤਾਪ ਉਡ ਗਇਆ । 17. ਦੇਵਤੇ । 18. ਗਊ । 19. ਧਰਤੀ । 20. ਘੜੀ । 21. ਸੋਹੰਦੇ, ਸੋਭਦੇ । 22. ਬੰਗਿਸ਼, ਕੁੱਰਮ ਅਤੇ ਕੁਹਾਟ ਦਾ ਇਕ ਇਲਾਕਾ ।

ਜੋਤ ਦਈ ਤਿਹ ਕੋ ਅਪਨੀ ਪੁਨਿ, ਦੀ ਕਲਗੀ ਔ ਜਿਗਾ ਸੁਖਦਾਨੀ।
ਸੰਗਤ ਸਿੰਘ ਹੈ ਨਾਮ ਜਿਸੈ ਕਛੁ, ਤਾ ਬਪੁ[1] ਹੈ ਕਰਿ ਸ੍ਰੀ ਗੁਰ ਸਾਨੀ[2] ॥੨੯॥ [੧੯੦॥]
ਮੁਕਟ ਦਯੋ ਅਸ ਬੈਨ ਕਹੈ, "ਤੁਮ ਮੋ ਪਰ ਜਾਇ[3] ਅਬੈ ਸੁਨ ਪਾਹੀ।
ਮੈ ਪਛ[4] ਆਵਹੁ ਕਾਮ ਰਹੈ ਕਛੁ", ਥਾਪੀ ਦਈ ਤਿਨ ਕੋ ਬਰ ਬਾਹੀ।
ਆਪਨੇ ਆਸਨ ਤਾਹਿ ਬੈਠਾਇ ਕੈ, ਕੀਨ ਖੁਸੀ ਅਤਿਸੈ[5] ਸੁਖ ਮਾਹੀ।
ਦ੍ਵੈ ਕਰ[6] ਬਾਨ ਕਰੋ ਖਲ ਖੰਡਨ, ਜਾਵਤ ਹੈਂ ਹਮ ਮਾਲਵ[7] ਤਾਹੀ ॥੩੦॥ [੧੯੧॥]

ਸ੍ਰੀ ਮੁਖ ਵਾਕ ਪਾਤਿਸਾਹੀ ੧੦ :

ਮਿਤ੍ਰ ਪਿਆਰੇ ਨੂੰ ਹਾਲੁ ਫਕੀਰਾਂ[8] ਦਾ ਕਹਣਾ।
ਤੁਧੁ ਬਿਨੁ ਰੋਗੁ ਰਜਾਇਯਾ ਦਾ ਓਢਣ, ਨਾਗ ਨਿਵਾਸਾ ਦੇ ਰਹਣਾ।
ਸੂਲ[9] ਸੁਰਾਹੀ ਖੰਜਰੁ ਪਿਯਾਲਾ, ਬਿੰਗ[10] ਕਸਾਈਯਾ[11] ਦਾ ਸਹਣਾ।
ਯਾਰੜੇ ਦਾ ਸਾਨੂ ਸਥਰੁ ਚੰਗਾ, ਭੱਠ ਖੇੜਿਆ ਦਾ ਰਹਣਾ ॥੧॥

(ਸ੍ਰੀ ਦਸਮ ਗ੍ਰੰਥ)

ਦੋਹਰਾ। "ਕਹਯੋ ਸੰਦੇਸਾ ਤਾਹਿ ਕੋ", ਸ੍ਰੀ ਮੁਖ ਐਸ ਬਖਾਨ।
"ਹੇ ਪ੍ਰਭੁ ! ਮੁਝੈ ਬੁਝਾਈਐ, ਤਬ ਆਵੈ ਸੁਖਦਾਨ" ॥੩੧॥ [੧੯੨॥]

ਚੌਪਈ। ਯੌਂ ਚਰਿਤ੍ਰ ਕਰ ਦੀਨ ਦਯਾਲਾ। ਧਨ[12] ਸਰ ਕਰ ਮੈ ਧਰਜੋ ਬਿਸਾਲਾ।
ਬਾਨ ਮੇਘ ਬਰਖਾ ਕਰ ਡਾਰੀ। ਨਖ ਸਿੰਘ[13] ਅਰਿ ਦਲ[14] ਦਏ ਸੁਮਾਰੀ ॥ [੧੯੩॥]
ਫਿਰੈ ਚਤੁਰ ਦਿਸ[15] ਗਢ[16] ਕੇ ਜਾਨਾ। ਹਨਤ ਬਾਨ ਪਰ ਬਾਨ ਬਿਧਾਨਾ।
ਜੋ ਦਿਵਾਰ[17] ਤੇ ਬਾਹਰ ਨਿਕਸਾ। ਤਾ ਕੋ ਮਾਰੈ ਸਰ ਅਤਿ ਬਿਗਸਾ ॥ [੧੯੪॥]
ਔਰ ਖਾਨ ਆਯੋ ਇਕ ਜ਼ਾਹਿਰ। ਤਾ ਕੋ ਮਾਰਯੋ ਕਰ ਜਗ ਸਾਹਿਰ[18]।
ਹੱਲਾ ਕਰ ਇਕ ਸੈਨਪ[19] ਧਾਵਾ। ਏਕ ਬਾਨ ਸੋ ਤਾਹਿ ਗਿਰਾਵਾ ॥ [੧੯੫॥]
ਤਾ ਤੇ ਲਾਖ ਹੋਇ ਅਰਿ ਆਈ। ਏਕ ਸਹੰਸ ਸਹੰਸ ਹੋਇ ਵਾਹੀ।
ਪੁਨਿ ਆਵੈਂ ਅਰਿਗਨ ਅਤਿ ਐਸੇ। ਸਾਵਨ ਨਦੀ ਪ੍ਰਵਾਹ ਸੁ ਤੈਸੇ ॥ [੧੯੬॥]
ਪੁਨਿ ਪੁਨਿ ਹਮਲਹਿ ਕਰਹਿ ਅਪਾਰਾ। ਅੰਤ ਲਗਤ ਸਰ ਮਿਤ੍ਰਕ ਪਧਾਰਾ।
ਗੁਰ ਤੀਰ ਲਗੈ ਤਨ ਐਸੇ। ਅੰਤਰ ਕੋਈ ਨ ਆਵਤ ਕੈਸੇ ॥ [੧੯੭॥]
ਖ੍ਵਾਜ ਮੁਹੰਮਦ ਗੋਪ[20] ਹੋਇ ਰਹਾ। ਲੁਪਤ ਬੀਚ ਮੁਰਦਨ ਕੇ ਗਹਾ।
ਜੇ ਕਰ ਕਬੀ ਤਾਹਿ ਮੁਖ ਪੇਖੇ। ਬਾਨ ਏਕ ਸੋ ਮਾਰੇ ਲੇਖੇ[21]।
ਯਾ ਬਿਧਿ ਗੁਰ ਸਭ ਸੈਨ ਸੰਗਰੀ। ਸਾਰੋ ਦਿਨ ਸੰਗਰ ਭਜੇ ਭਾਰੀ ॥੩੨॥ [੧੯੮॥]

---

1. ਤਾਂ। (ਉਸ ਦਾ) ਬਪੁ (ਸਰੀਰ)। 2. ਦੂਜਾ, ਬਰਾਬਰ, ਮੁਕਾਬਲੇ ਦਾ। 3. ਮੇਰੀ ਥਾਂ ਤੇ ਬੈਠੋ। 4. ਪਿਛੋਂ। 5. ਅਤਿਸ਼ਯ, ਬਹੁਤ ਅਧਿਕ। 6. ਦੋਹੀਂ ਹੱਥੀਂ। 7. ਮਾਲਵਾ (ਫ਼ੀਰੋਜ਼ਪੁਰ, ਬਠਿੰਡਾ ਆਦਿ ਜੰਗਲ ਦਾ ਇਲਾਕਾ)। 8. ਦਸਮ ਗ੍ਰੰਥ ਦੀਆਂ ਕਈ ਕਾਪੀਆਂ ਵਿਚ ਇਥੇ 'ਮੁਰੀਦਾਂ' ਪਾਠ ਹੈ। 9. ਨੇਜ਼ਾ। 10. ਟੇਢੀ ਬਾਂਕ, ਇਕ ਸ਼ਸਤ੍ਰ। 11. ਕਸਾਈਆਂ। 12. ਧਨੁਖ। 13. ਨਹੁੰਆਂ ਤੋਂ ਲਾ ਕੇ ਸ਼ਿਖਾ (ਚੋਟੀ) ਤਕ। 14. ਦੁਸ਼ਮਨ ਦੀ ਫ਼ੌਜ। 15. ਚਾਰੇ ਦਿਸ਼ਾਂ ਵੱਲ। 16. ਚਮਕੌਰ ਦੀ ਗੜ੍ਹੀ। 17. ਕੰਧ। 18. ਜਾਦੂ ਕਰਕੇ। 19. ਸੈਨਾਪਤੀ, ਫ਼ੌਜਦਾਰ। 20. ਗੁਪਤ। 21. ਜ਼ਫ਼ਰਨਾਮਾ ਪਾਤਸ਼ਾਹੀ ੧੦ ਦੀਆਂ ਅਸਲ ਤੁਕਾਂ, ਜਿਥੋਂ ਇਹ ਖ਼ਿਆਲ ਕਵੀ ਨੇ ਲਏ, ਇਹ ਹਨ—"ਦਰੇਗਾ ਅਗਰ ਰੋਇਓ ਦੀਦ ਮੇ, ਬਯਕ ਤੀਰ ਲਾਚਾਰ ਬਖ਼ਸ਼ੀਦਮੇ।"

**ਰਸਾਵਲ ਛੰਦ।** ਲਖੰ ਬੀਸ ਸੈਨੰ। ਭੁਜੀ ਅੰਤ ਐਨੰ[1]।
ਗੁਰੂ ਈਸ[2] ਰਾਖੈ, ਨ ਰੋਮੰਕ[3] ਭਾਖੈ ॥ [੧੬੯॥]
ਨਹੀਂ ਕੇਸ ਐਚਾ। ਤਿਸੈ ਕਾਲ ਖੈਚਾ।
ਕਰੀ ਐਸ ਮਾਰੰ। ਲਖੰ ਆਠ ਜਾਰੰ[4] ॥ [੧੭੦॥]
ਇਕੋ ਬਾਨ ਸੰਗੰ। ਮਰੈ ਐਤ[5] ਜੰਗੰ।
ਤਬੈ ਰਾਤ ਜਾਨੀ। ਰਵੰ[6] ਅਸਤ[7] ਠਾਨੀ ॥ [੧੭੧॥]
ਸਸਿ[8] ਆਨ ਰਾਜਾ[9]। ਬਜੈ ਜੀਤ ਬਾਜਾ।
ਤਬੈ ਮੇਘ ਆਏ। ਘਨੰ ਘੋਰ ਛਾਏ ॥ [੧੭੨॥]
ਮਹਾ ਪੌਨ ਭਾਰੀ। ਭਈ ਰਾਤ ਕਾਰੀ[10]।
ਸੁ ਨੈਨੰ ਚਿਤਾਰੀ। ਤਬੈ ਸੈਨ ਭਾਰੀ ॥ [੧੭੩॥]
ਤਹਾਂ ਆਪ ਆਏ। ਲਖੇ ਕਾਕ ਬਾਏ।
ਜੁਈ ਪੰਥ ਕਾਕੰ। ਤਿਨੈ ਮਾਰ ਬਾਕੰ ॥ [੧੭੪॥]
ਸੁਤੰ ਸੰਗ ਜੁਆਲਾ। ਚਿਤਾ ਸੰਗ ਭਾਲਾ।
ਅਰੰ ਪੇਖ ਅਗੰ। ਕਰੈ ਕੋਪ ਭਗੰ॥ [੧੭੫॥]
ਹਾਹਾਕਾਰ ਕੀਨੋ। ਤਲੈ ਅੰਤ ਬੀਨੋ।
ਇਤੇ ਆਪ ਆਏ। ਮਹਾਂ ਅੰਧ ਰਾਹੇ।
ਰਹੈ ਬਨੰ ਮਾਹੀ। ਮੀਨੰਵਾਰੇ[11] ਆਹੀ ॥੩੩॥ [੧੭੬॥]

**ਸਵੈਯਾ।** ਇਤ ਸ੍ਰੀ ਗੁਰ ਆਵਤ ਹੈ ਬਨ ਮੈ, ਅਤਿ ਰੈਨ ਸਮੇ ਤਮਕੇ ਗਨ[12] ਵਾਰੀ।
ਖੇਲ ਕਰੀ ਨਦ ਜਜੋਂ ਪ੍ਰਭੁ ਆਪਨ, ਹਾਥ ਪਸਾਰ ਲਖੈ ਨ ਜਹਾਰੀ।
ਅਸਿ ਪਾਨਿ[13] ਧਰੇ ਪ੍ਰਭੁ ਆਵਤ ਹੈ, ਘਨ ਘੋਰ ਘਟਾ ਅਤਿ ਬੀਜਲ ਭਾਰੀ।
ਕਹੂੰ ਭੂਤ ਪਿਸਾਚਨ ਪ੍ਰੇਤ ਨਚੈਂ, ਕਹੂੰ ਕੁਹਕਤ ਕਾਕ ਬਡੇ ਭੁਖਿਆਰੀ ॥੩੪॥ [੧੭੭॥]
ਕਹੂੰ ਗੋਖਰੂ[14] ਪਾਦ ਮੈ ਗਾਡਤ ਹੈ, ਅਤਿ ਘੋਰਤ ਮੀਲ[15] ਲਖਿਯੋ ਨਹੀ ਜਾਈ।
ਬਾਜਿ 'ਰੁ ਗਾਜ[16] ਸੁ ਤੰਤ੍ਰੀਆ[17] ਗਜਤ[18], ਸੇਵਕ ਦਾਸ ਗਨੇ ਨਹਿ ਜਾਈ।
ਅਕਾਸ ਕੇ ਮੱਧ ਮੈ ਬਾਦਲ ਏਕਠੇ, ਪੌਨ ਕੇ ਰੂਪ ਅਕਾਰ ਜਜੋਂ ਆਹੀ।
ਸੈਨ ਘਨੀ ਸਬ ਤਜਾਗ ਗਈ, ਅਬ ਏਕਲ ਆਨ ਰਹੇ ਭਵ ਮਾਹੀ ॥੩੫॥ [੧੭੮॥]

**ਚੌਪਈ।** ਨਾਮ ਰੂਪ ਸਭ ਝੂਠ ਸੰਜੋਗਾ। ਮ੍ਰੀਚ[19] ਮਾਹਿ ਜਜੋਂ ਨੀਰ[20] ਪ੍ਰਯੋਗਾ[21]।
ਸੱਤ ਬੁੱਧਿ ਜੋ ਨਿਰਯਾ[22] ਧਾਰੇ। ਪਾਵੈ ਦੂਖ ਘਨੇ ਜਿਮ ਬਾਰੇ ॥ [੧੭੯॥]
ਨਦੀ ਪ੍ਰਵਾਹ ਕਾਠ ਬਹ ਜੈਸੇ। ਘਾਸ ਤ੍ਰਿਨਾਤ੍[23] ਮੇਲ ਨ ਤੈਸੇ।

---

1. ਅਯਨ (ਘਰ) ਨੂੰ। 2. ਈਸ਼੍ਰ। 3. ਇਕ ਰੋਮ ਵੀ। 4. ਜਗ੍ਹਾ, ਥਾਂ। 5. ਇਤਨੇ। 6. ਰਵਿ, ਸੂਰਜ। 7. ਅਸਤ ਹੋਣਾ, ਛਿਪਣਾਂ। 8. ਚੰਦ੍ਰਮਾ। 9. ਸਜਿਆ। 10. ਕਾਲੀ। 11. ਮੀਨਵਾਰੇ (ਮਾਛੀਵਾੜੇ)। 12. ਸਖ਼ਤ ਅਨ੍ਹੇਰੇ ਵਿਚ। 13. ਪਨਿ (ਹੱਥ ਵਿਚ) ਅਸਿ (ਤਲਵਾਰ)। 14. ਭੱਖੜਾ। 15. ਅੱਖਾਂ ਦੀਆਂ ਪਲਕਾਂ ਥਾਣੀਂ। 16. ਬਾਜਿ (ਘੋੜੇ) ਤੇ ਗਜ (ਹਾਥੀ)। 17. ਤੰਦ੍ਰਾ (ਸੁਸਤੀ) ਦੇ ਮਾਰੇ ਹੋਏ। 18. ਸ਼ੋਭਦੇ ਹਨ। 19. ਮਰੀਚਿਕਾ, ਮ੍ਰਿਗ ਤ੍ਰਿਸ਼ਨਾ ਦਾ ਜਲ। 20. ਪਾਣੀ। 21. ਵਰਤੋਂ। 22. ਨਿਰਯਾਸ, ਨਿਰਜਾਸ, ਸਾਰ, ਤਤ੍ਰ ਜਾਂ ਨਿਰਣਯ। 23. ਘਾਹ ਤੇ ਤ੍ਰਿਣ ਅਥਵਾ ਤਿਣਕਾ।

ਨਦੀ ਕੰਠ[1] ਤਰ ਸਿਕਤਾ ਧਾਮਾ[2]। ਨੌਕਾਂ ਜਨ[3] ਸੋ ਜਿਨ ਹਿਤ ਠਾਨਾ ॥ [੧੮੦॥]
ਗੰਧ੍ਰਬ ਪੁਰ[4] ਤਰ ਹੇਤ ਸੁ ਸਾਰੇ। ਯਾ ਬਿਧਿ ਗ੍ਰਿਹ ਸਨਬੰਧ ਵਿਚਾਰੇ।
ਜਨਮ ਮਰਨ ਕੋ ਕਾਰਨ ਮੋਹਾ। ਹੰ[5] ਮਮ[6] ਤਜੇ ਲੋਭ ਪੁਨਿ ਕੋਹਾ[7] ॥ [੧੮੧॥]
ਸਤ ਰਜ ਤਮ[8] ਤੁਰੀਆ[9] ਗਤਿ ਪਾਵੈ। ਤੀਨ ਅਵਸਥਾ[10] ਤਜ ਥਿਰਤਾਵੈ।
ਜੀਵ[11] ਈਸ[12] ਕੋ ਵਾਚ[13] ਤਿਯਾਗੇ। ਸਾਖੀ[14] ਲਖ ਸਰੂਪ[15] ਮੈ ਪਾਗੇ ॥ [੧੮੨॥]
ਇਸ੍ਰਾਨਿਸ੍ਰ ਮਾਹਿ ਨਹਿ ਲੇਪਾ। ਦ੍ਵੈਤ[16] ਕਾਰਜੰ ਨਾਹਿ ਨ ਛੇਪਲਾ[17]।
ਨਾਲੀ ਏਕ ਸਮ ਨਾਰੇ ਹੋਈ। ਗਜਾਨੀ ਆਨ ਤਜੈ ਸੁਖ ਲੋਈ ॥ [੧੮੩॥]
ਤਜਾਗ ਗ੍ਰਹਨ ਨਹਿ ਤਾ ਮੈ ਕੋਯ। ਨਹਿ ਵੈਰਾਗ ਰਾਗ ਪੁਨਿ ਜੋਯ।
ਭੂਖਨ ਤਜੈ ਭਾਵ ਕਨਕੰ[18] ਧਰ। ਰਹੈ ਨਿਰਾਮੈ[19] ਬ੍ਰਹਮ ਸਮੰ ਬਰ॥ [੧੮੪॥]
ਇਉਂ ਵਿਚਾਰ ਗੁਰ ਸਮ ਸਦ ਰਹੈ। ਨਹਿ ਰਾਗੰ ਨਹਿ ਦੋਖੰ ਲਹੈ।
ਸਰਬ ਬਿਵਹਾਰਨ ਮਾਹਿ ਅਤੀਤਾ[20]। ਪਰਾਲਬਧ ਕਰ ਯਹਿ ਮਨ ਰੀਤਾ ॥ [੧੮੫॥]
ਗੁਰ ਕੋ ਪਰਾਲਬਧ ਨਹਿ ਕੋਯ। ਸਹਿਜੇ ਪਰ ਹਿਤ ਕਾਰਜ ਸੋਇ।
ਤਬ ਗੁਰ ਆਗੇ ਕਰਤਤ ਕੀਨਾ। ਪਟ[21] ਸੁਰਮੇ ਰੰਗੇ ਤਬ ਚੀਨਾ ॥ [੧੮੬॥]
ਉੱਚ ਪੀਰ ਗੁਰ ਹਾਜੀ ਭਏ। ਜਾ ਕਹੁ ਪੇਖ ਤੁਰਕ ਸਿਰ ਨਏ।
ਮਾਛੀਵਾੜੇ ਸਿੱਖਨ ਧਾਮਾ। ਤਾ ਗ੍ਰਿਹ ਸਿੱਖਨ ਕੇ ਮਨ ਕਾਮਾ॥ [੧੮੭॥]
ਵੈ ਨਿਤ ਮਨ ਮੈ ਕਰਤ ਬੀਚਾਰਾ। ਕੈਸੇ ਦਰਸ ਲਹੈਂ ਗੁਰ ਪਜਾਰਾ।
ਤਾ ਕਰ ਮਾਂਗਤ[22] ਰੂਪ ਬਨਾਏ। ਜਾ ਗੁਰ ਐਸੇ ਬੈਨ ਅਲਾਏ ॥ [੧੮੮॥]
"ਸੋਰਹਿ ਜਾਮ[23] ਹਮਹਿ ਕੋ ਭਏ। ਭੂਖ ਆਤਰ[24] ਤੁਮਰੇ ਗ੍ਰਿਹ ਅਏ।
ਦੇਹੁ ਅੰਨ ਹਮ ਪ੍ਰਾਨ ਸੁਧਾਰੇ।" ਯੌਂ ਸੁਨ ਨਾਰਿ ਕੋਪ ਕੀਓ ਭਾਰੇ ॥ [੧੮੯॥]
"ਹੇ ਭੀਖਕ[25]! ਗੁਰਸਿੱਖ ਪੁਜਾਂਉ। ਪਾਛੇ ਭੋਜਨ ਤੁਮ ਕਰ ਪਾਊ।"
ਤਬ ਸਾਹਿਬ ਬੋਲੈ ਕਰਨਾਈ[26]। "ਹਮ ਕੋ ਲਗੀ ਭੂਖ ਅਧਿਕਾਈ ॥ [੧੯੦॥]
ਹਮਰੇ ਜਾਵਤ ਪ੍ਰਾਨ ਬਿਸਾਲਾ। ਤੁਮਰੇ ਦਯਾ ਨ ਆਵਤ ਬਾਲਾ[27]।"
ਤਬ ਵੈ ਨਾਰਿ ਕੋਪ ਸੋ ਕਹਈ। "ਕਾਹੇ ਖਰੇ, ਜਾਵੈ ਦੁਖ ਸਹਾਈ ॥ [੧੯੧॥]
ਕਿਮ ਚੋਕਾਠ ਗਹੀ ਕਰ ਮਾਹੀ? ਔਰ ਧਾਮ ਤੁਹਿ ਨਜਰ ਨ ਆਹੀ?
ਚਾਰ ਘੜੀ ਅਬ ਤੋ ਕਹੁ ਭਈ। ਬਿਨਾ ਸਿਖ ਨਹਿ ਦੇਵਹੁ ਕਹੀ ॥ [੧੯੨॥]
ਤਬ ਗੁਰ ਐਸੇ ਬੈਨ ਬਖਾਨਾ। "ਬ੍ਰਹਮ ਜੋਤਿ ਸਭ ਮੈ ਇਕ ਸਾਨਾ[28]।
ਨਾਮ ਜਾਤ ਤਜ ਬ੍ਰਹਮ ਸੋ ਜਾਨੋ। ਅੰਨ ਦਾਨ ਦੇਹ ਅਤਿ ਸੁਖ ਮਾਨੋ ॥ [੧੯੩॥]
ਯਾ ਸਮ ਪੁੰਨ ਕੋਯ ਜਗ ਨਾਹੀ। ਸਰਬ ਜੀਵ ਮੈ ਕੋ ਲਖ ਪਾਹੀ।

1. ਕੰਢੇ। 2. ਰੇਤੇ ਦਾ ਘਰ। 3. ਨੌਕਾ (ਬੇੜੀ) ਚਲਾਉਣ ਵਾਲੇ ਮਲਾਹ। 4. ਗੰਧਰਵ ਨਗਰ। 5. ਹੰਕਾਰ। 6. ਮਮਤਾ। 7. ਕ੍ਰੋਧ। 8. ਸਤੋ, ਰਜੋ ਤੇ ਤਮੋ ਨਾ ਦੇ ਤਿੰਨ ਗੁਣ। 9. ਚੌਥੀ (ਗਿਆਨ ਦੀ) ਅਵਸਥਾ। 10. ਬਾਲ, ਯੁਵਾ ਤੇ ਬ੍ਰਿਧ। 11. ਜੀਵਾਤਮਾ। 12. ਪਰਮਾਤਮਾ। 13. ਵਚਨ, ਕਥਨ। 14. ਪ੍ਰਤੱਖ ਪ੍ਰਮਾਣ ਜਾਂ ਗਵਾਹ। 15. ਸਰੂਪ, ਪਾਰਬ੍ਰਹਮ। 16. ਭੇਦ ਭਾਵ, ਦੋ ਦਾ ਭਾਵ। 17. ਕਲੇਸ਼। 18. ਕਨਕ, ਸੋਨਾ। 19. ਰਾਗ ਦੋਖ ਤੋਂ ਰਹਿਤ। 20. ਤਿਆਗੀ। 21. ਕਪੜੇ, ਵਸਤ੍ਰ। 22. ਮੰਗਤੇ (ਭਿਖਾਰੀ) ਦਾ। 23. ਸੋਲਾਂ ਪਹਰ। 24. ਦੁਖੀ ਹੋ ਕੇ। 25. ਭਿਖਾਰੀ। 26. ਕਰੁਣਾ ਦੇ ਭਾਵ ਵਿਚ। 27. ਮੁਟਿਆਰ। 28. ਇਕੋ ਜੇਹੀ।

ਸੁੱਧ ਵਾਸਨਾ ਧਰ ਜੋ ਦੇਹੀ। ਅਤਿ ਹੀ ਭਲਾ ਹੋਇ ਤਿਹ ਏਹੀ ॥ [੧੯੪॥]
ਯੌਂ ਸੁਨ ਬੈਨ ਸੋ ਤਾਹਿ ਉਚਾਰੀ। ਹਮਰੇ ਗੁਰ ਯੌਂ ਕਹਜਾ ਉਚਾਰੀ।
ਸਿੱਖ ਸੋਈ ਜੋ ਸਿੱਖਹਿ ਮਾਨੇ। ਗੁਰ ਆਗੇ ਨਹਿ ਔਰਹਿ ਜਾਨੇ ॥ [੧੯੫॥]
ਜੋ ਗੁਰ ਕੋ ਬਚ ਜਾਨਤ ਭਾਰੇ। ਔਰ ਤਜੈ ਸਭ ਜਗਤ ਮੰਝਾਰੇ।"
"ਤੁਮ ਕੋ ਹਮ ਜਾਨਤ ਹੈ ਨਾਹੀ। ਕੌਨ ਠੌਰ ਵਸਤੋ ਹੈ ਕਾਹੀ?" ॥ [੧੯੬॥]
ਜਬੈ ਨਾਰਿ ਯੌ ਵਚਨ ਉਚਾਰੇ। ਤਬ ਊਹਾਂ ਤੇ ਨਿਕਸ ਸਿਧਾਰੇ।
ਚਲੈ ਸੁ ਜਾਤ ਆਪ ਸੁਖਕਾਰੀ। ਪਿਖਿਓ[1] ਭਰਤਾ[2] ਤਬ ਤਿਨ ਨਾਰੀ ॥ [੧੯੭॥]
ਘਟ[3] ਕੋ ਕੰਧਹਿ[4] ਹਾਥ ਉਚਾਈ। ਆਵਤ ਮੁਖ ਮੈ ਜਾਪ ਸੁਹਾਈ।
ਜਬ ਪ੍ਰਭੁ ਕੋ ਆਵਤ ਤਿਨ ਪੇਖਾ। ਮਨ ਮੈ ਐਸ ਬਾਤ ਤਿਨ ਲੇਖਾ ॥ [੧੯੮॥]
ਇਹੁ ਪ੍ਰਭੁ ਓਹ ਹੈ ਅਤਿ ਅਨੁਰਾਗੀ[5]। ਈਹਾ ਕਿਵ ਕਰ ਡੀਠਹਿ[6] ਲਾਗੀ।
ਉਲਟ ਰੂਪ ਅਵਰਨ ਕੋ ਧਾਰੀ। ਚਲੇ ਜਾਤ ਅਬ ਕਿਸਹਿ ਪ੍ਰਕਾਰੀ ॥੩੬॥ [੧੯੯॥]

**ਗੀਆ ਛੰਦ।** "ਦੀਨਾ ਨਾਥ ਦਯਾਲ ਅੱਚੁਤ[7] ਤੁਰਕ ਰਿਪੂ[8] ਪਿਯ[9] ਭਗਤ ਹੈਂ।
ਧਾਰ ਰੂਪ ਸੁ ਆਪਨੋ ਕਜਾ ਜਗਤ ਕੋ ਤੁਮ ਠਗਤ ਹੈਂ।
ਮਮ ਨਾਥ ਕ੍ਰਿਪਾ ਕੀਜੀਏ ਯਹਿ ਮੋਹ ਮਾਯਾ ਤੇਰੀਆ।
ਤ੍ਰੈ ਗੁਨੀ[10] ਰੂਪ ਸੁ ਧਾਰ ਕੈ, ਜਿਹ ਸਰਬ ਜਗ ਕੋ ਹੇਰੀਆ ॥ [੨੦੦॥]
ਫਟਕ ਮਾਹਿ ਨ ਰੰਗ ਜੈਸੇ, ਕੁਸਮ[11] ਸੰਗਤਿ ਜਜੋਂ ਗਹੈ।
ਤਿਉ ਵਿਕਾਰ ਨ ਆਤਮਾ ਮੈ, ਸੁੱਧ ਸਰਬਗ ਸੋ ਅਹੈ।
ਬੀਜ ਰੂਪ ਤਿਆਗ ਕੈ, ਕਛੂ ਔਰ ਰੂਪ ਦਿਖਾਵਹੀ।
ਵਿਚਾਰ ਕਰ ਨਹਿ ਭਾਸਹੀ, ਜਿਵ ਰਜ[12] ਭੁਜੰਗ[13] ਨ ਆਵਹੀ ॥੩੭॥ [੨੦੧॥]

**ਚੌਪਈ।** ਅਸੱਤ[14] ਵਸਤੁ ਕੋ ਸੱਤ ਉਰ[15] ਜਾਨ। ਯਹੀ ਵਸਤ ਹੈ ਭਵਹਿ ਮਹਾਨ।
ਸੁਤਹਿ ਨਾਰ ਕੀ ਸੰਗਤਿ ਮਾਨ। ਯਹੀ ਮਮਤਾ ਬਡੀ ਮਹਾਨ ॥ [੨੦੨॥]
ਮਨ ਇੰਦ੍ਰੀ ਕੀ ਸੰਗਤਿ ਪਾਈ। ਭੂਲ ਗਯੋ ਆਤਮ ਵਹੁ ਜਾਈ।
ਅਸਤ ਵਸਤ ਕੋ ਸਤ ਉਰ ਜਾਨਾ। ਯਹੀ ਵਸਤ ਹੈ ਭਵਹਿ ਮਹਾਨਾ॥ [੨੦੩॥]
ਆਪਨ ਕੋ ਯਹਿ ਦੇਹ ਸੁ ਮਾਨ। ਸੁਖ ਦੁਖ ਕੀ ਮਨੌਤ ਤਹਿ ਠਾਨ।
ਸਹਿਤ ਮਨੌਤ ਕਰਮ ਜੋ ਕਰੈ। ਬੀਚ ਚੌਰਾਸੀ[16] ਕੇ ਅਨੁਸਰੈ ॥ [੨੦੪॥]
ਤਾ ਕੇ ਰੱਖਕ ਹੋ ਤੁਮ ਸ੍ਵਾਮੀ। ਸਭ ਜੀਵਨ ਕੇ ਅੰਤਰਜਾਮੀ।
ਤਾ ਤੇ ਬਡੇ ਭਾਗ ਹਮ ਪਾਏ। ਤੁਮ ਸੇ ਸ੍ਵਾਮੀ[17] ਗ੍ਰਿਹ ਮੈ ਆਏ ॥ [੨੦੫॥]
ਨਾਹਿ ਜਨਮ ਹੋਵਗ ਭਵ[18] ਮਾਹੀ। ਚਰਨ ਕਮਲ ਤੁਮਰੇ ਨਿਰਖਾਹੀ।"
ਲੀਨੀ ਪਕੜ ਭੁਜਾ ਗੁਰਦੇਵਾ। ਲੈ ਗਯੋ ਤੰਬੂ ਮਾਹਿ ਅਭੇਵਾ ॥ [੨੦੬॥]

---

1. ਦੇਖਿਆ। 2. ਪਤੀ। 3. ਘੜਾ। 4. ਕੰਨ੍ਹੇ ਉੱਤੇ। 5. ਪ੍ਰੇਮੀ। 6. ਦ੍ਰਿਸ਼ਟੀ। 7. ਅਡਿਗ, ਜੋ ਚਯੁਤ ਨਹੀਂ ਹੋਇਆ, ਗਿਰਾਵਟ ਤੋਂ ਰਹਿਤ। 8. ਮੁਗ਼ਲਾਂ ਦੇ ਦੁਸ਼ਮਨ; ਮੁਗ਼ਲ ਤੁਰਕਿਸਤਾਨ ਤੋਂ ਆਏ ਹੋਣ ਕਰਕੇ ਉਸ ਸਮੇਂ ਤੁਰਕ ਕਹੇ ਜਾਂਦੇ ਸਨ। 9. ਪ੍ਰੀਤਮ (ਅਕਾਲ ਪੁਰਖ)। 10. ਸਤੋ, ਰਜੋ ਤੇ ਤਮੋ ਗੁਣ। 11. ਫੁੱਲ। 12. ਰੱਜੂ, ਲੱਸੀ। 13. ਭੁਜੰਗ, ਸੱਪ। 14. ਜੋ ਵਸਤੂ ਸਤਿ ਨਹੀਂ ਹੈ। 15. ਹਿਰਦੇ ਵਿਚ। 16. ਚੌਰਾਸੀ ਲੱਖ ਜੂਨਾਂ ਵਿਚ। 17. ਤੁਹਾਡੇ ਜੇਹੇ ਮਾਲਿਕ। 18. ਸੰਸਾਰ, ਜਗਤ।

ਭਾਮਨਿ[1] ਮਨਹਿ ਅਚੰਭਾ ਆਯੋ । ਮੈ ਇਨ ਕੋ ਭਲ ਭਾਂਤਿ ਹਟਾਯੋ ।
ਪੈ[2] ਮੈ ਕੀਨ ਬਹੁਤ ਮੂਰਖਾਹੀ । ਕ੍ਰੂਰ ਦ੍ਰਿਸਟਿ ਨਹਿ ਵਾਕ ਉਚਾਰੀ ।
ਲੂਕ[3] ਗਈ ਅੰਦਰ ਕੇ ਮਾਹੀ । ਸਤਿਗੁਰ ਕੋ ਯਹਿ ਵਾਕ ਅਲਾਹੀ[4] ॥੩੮॥ [੨੦੭॥]

ਗੀਆ ਛੰਦ । "ਕ੍ਰੂਰ[5] ਦ੍ਰਿਸਟ ਕੁਜਾਤ ਕਰਮਾ, ਨਾਰਿ ਕੀ ਮਤਿ ਮਾਨੀਐ ।
ਮੈ ਨਾਹਿ ਲਖਿਯੋ ਗਾਤ ਤੁਮ ਕੋ, ਕਜਾ ਕਹੌਂ ਮਤਿ ਹਾਨੀਐ ।
ਤੁਮ ਸੂਰ ਦ੍ਰਿਸਟਿ ਸੁਜਾਨ ਠਾਕੁਰ, ਮਮ ਅਲੋਕੀ[6] ਕਜਾ ਕਹੌਂ ।
ਕੁਦ੍ਰਿਸਟ ਕੁਨਾਰਿ ਕੁਭਾਵਤੀ[7] ਮੈ, ਜਾਤ ਭ੍ਰਿਸਟੀ ਨਾਰਿ ਹੌਂ" ॥ [੨੦੮॥]
ਯੌ ਬਾਤ ਸੁਨ ਕ੍ਰਿਪਾਲ ਭੇ, ਤਬ ਆਪ ਸਾਹਿਬ ਉੱਚੇਰੇ ।
ਕਿਮ ਨਿੰਦ ਹੋ ਨਿਜ ਮਾਨਨੀ[8], ਧਨ ਆਹਿ ਨਿਸਚਾ ਤੇ ਬਰੇ ।
ਪਰਚੈ[9] ਸੇ ਪੂਜਾ ਹੋਇ ਕਲ, ਬਿਨ ਪਰਚੈ ਕੋਇ ਨ ਮਾਨਹੀ ।
ਕਛੁ ਕਾਲ ਰਹਿ ਤਿਤ ਆਪ ਜੂ, ਪੁਨਿ ਚਲੈ ਤਾ ਤੇ ਜਾਨਹੀ ॥੩੯॥ [੨੦੯॥]

ਚੌਪਈ । ਮਾਛੀਵਾੜੇ ਮੈ ਤਬ ਗਏ । ਬਹੁਤੇ ਚਰਿਤ ਕਰਤ ਤਹਿ ਭਏ ।
ਜੋ ਜੋ ਕੀਨੋ ਅਧਿਕ ਚਰਿਤ੍ਰਾ । ਬਰਨਨ ਆਵਤ ਅਧਿਕ ਬਚਿਤ੍ਰਾ ॥ [੨੧੦॥]
ਨਾਰਿ ਏਕ ਕੇ ਗ੍ਰਿਹ ਜਾ ਰਹੇ । ਊਹਾਂ ਅਨਿਕ ਚਰਿਤ੍ਰ ਸੋ ਕਏ[10] ।
ਅਬ ਸੁਨ ਉਨ ਕੀ ਕਥਾ ਬਖਾਨੋ । ਗੜ੍ਹ ਚਮਕੌਰ ਭਈ ਜਿਮ ਜਾਨੋ ।
ਆਧਿ ਰਾਤ ਜਬ ਰਹੀ ਅਪਾਰਾ । ਆਪ ਸੁ ਚਲੇ ਨਾਥ ਅਵਤਾਰਾ ॥੪੦॥ [੨੧੧॥]

ਗੀਆ ਛੰਦ । ਕੀਨ ਤਾਹਿ ਵਿਚਾਰ ਮਾਤਾ[11], ਪੂਤ ਕਾਹਿ ਸਿਧਾਰ ਹੀ ।
ਉਠ ਠਾਢ ਭੀ ਚਢ ਕੋਟ ਕੈ, ਪਰ ਦ੍ਰਿਸਟ ਸਰਬ ਨਿਹਾਰ ਹੀ ।
ਅੰਧ ਰੈਨ ਨਿਹਾਰ ਕਰ ਕੈ, ਭਈ ਬਹੁਤ ਦੁਖਾਰੀਆ ।
"ਹਾਇ ਪੂਤ । ਕਾਹਿ ਸਿਧਾਰਿਯੋ, ਮਮ ਤਜਾਗ ਦੂਖ ਮੰਝਾਰੀਆ" ॥੪੧॥ [੨੧੨॥]

ਕਬਿੱਤੁ । ਐਸੋ ਹੈ ਅੰਨੇਰ ਕਹੂੰ ਦ੍ਰਿਸਟ ਨ ਪਰੇ ਚਉਫੇਰ,
ਹਾਇ ਹਾਇ ਨੀਰ ਭਰ ਰੋਵੈ ਸੁ ਪੁਕਾਰਤੀ ।
ਸੁਧ ਨਹਿ ਰਹੀ ਕਾਇ, ਆਪ ਗਈ ਕਹੂੰ ਧਾਇ,
ਕਾਲ ਹੀ ਕੀ ਬਾਤ ਕਹੈ ਕੰਨ ਐਸੇ ਭਾਵਤੀ ।
ਦੁਈ ਬਾਲ ਲੀਨ ਸੰਗ ਕਾਂਖ[12] ਮੈ, ਬਰੀ ਨਿਸੰਗ,
ਲੋਥਨ ਕੇ ਢੇਰ ਤਾਹਿ ਹਾਥਨ ਸੋਂ ਟਾਰਤੀ[13] ।
ਬਾਲ ਕੇ ਚੁਆਤੀ, ਤਾਹਿ ਫਿਰੇ ਘਿਘਿਆਤੀ[14] ਹਾਇ ।
ਪੂਤ ਕਹਾ ਗਯੋ ਮੋਹ ਡਾਕ ਕੇ ਕੁਪਾਰਤੀ[15] ॥੪੨॥ [੨੧੩॥]

---

1. ਔਰਤ । 2. ਪਰ । 3. ਲੁਕ । 4. ਬੋਲੀ । 5. ਕੂੜ (ਖ਼ਾ. ਕਾ. ਆ. ੬੦੫) । 6. ਆਲੋਕਨ ਕਰ ਕੇ, ਦੇਖ ਕੇ । 7. ਜੋ ਭਾਉਂਦੀ ਜਾਂ ਚੰਗੀ ਨ ਲਗਦੀ ਹੋਵੇ । 8. ਮਾਨ ਵਾਲੀ । 9. ਪਰਿਚਯ, ਜਾਣ-ਪਛਾਣ । 10. ਕੀਤੇ । 11. ਮਾਤਾ ਗੁਜਰੀ ਜੀ । ਹੋਰ ਇਤਿਹਾਸਿਕ ਗ੍ਰੰਥਾਂ ਵਿਚ ਜੋ ਇਸ ਤੋਂ ਪਿਛੋਂ ਲਿਖੇ ਗਏ ਹਨ, ਇਹ ਘਟਨਾ ਕੁੱਝ ਹੋਰਵੇਂ ਰੰਗਣ ਦੇ ਕੇ ਲਿਖੀ ਹੈ ਤੇ ਦਸਿਆ ਹੈ ਕਿ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਗ੍ਰਿਫ਼ਤਾਰੀ ਮੁਰੰਡੇ ਦੇ ਲਾਗੇ ਪਿੰਡ ਖੇੜੀ ਵਿਚ ਗੰਗੂ ਬ੍ਰਾਹਮਣ ਦੇ ਇਤਲਾਹ ਦੇਣ ਤੇ ਹੋਈ ਸੀ । (ਦੇਖੋ *ਗੁਰ ਪ੍ਰਤਾਪ ਸੂਰਜ*, ਰੁੱਤ ੬, ਅੰਸੂ ੫੦) । 12. ਕੁੱਛੜ । 13. ਹਟਾਉਂਦੀ ਹੋਈ । 14. ਰੋਂਦੀ ਕੁਰਲਾਉਂਦੀ । 15. ਅਜੇਹੀ ਥਾਵੇਂ ਜਿਸ ਦਾ ਪਾਰਾਵਾਰ ਕੁੱਝ ਨ ਹੋਵੇ ।

**ਸਵੈਯਾ।** ਖਾਇ ਤਵਾਰ[1] ਗਿਰੀ ਧਰਨੀ[2], ਨਹਿ ਸੁਧ ਰਹੀ ਕਹੂੰ ਦੇਹਿ ਕੇ ਮਾਹੀ।
ਹੋਇ ਸੁਚੇਤ ਸੋ ਲੋਚਨ ਟੋਰ ਕੈ ਤਾਤ ਕੋ ਸੀਸ ਸੁ ਦ੍ਰਿਸਟਿ ਨ ਆਹੀ।
ਸਾਹਿਬ ਮਹਲ[3] ਸੁ ਨਿਕਸ ਚਲੈ, ਨਹਿ ਉਨ ਕੋ ਸੰਭਾਰ ਰਹੀ ਤਨ ਮਾਹੀ।
ਕਾਲ ਬਲੀ ਤਹਿ ਆਇ ਪਰਜੋ, ਅਵਤਾਰਨ ਕੋ ਯਹਿ ਦੂਖ ਦਿਖਾਹੀ ॥੪੩॥ [੨੧੪॥]

**ਚੌਪਈ।** ਯੌਂ ਮਾਤਾ ਰੋਵੈ ਤਹਿ ਜਾਹੀ। ਜਿਉ ਕੁਰਰੀ[4] ਬਿਨ ਸੁਤ[5] ਦੁਖ ਪਾਹੀ।
"ਕਜੋਂ ਅਬ ਤੋਹੀ ਖਾਲਸਾ ਕੀਨਾ। ਨਾ ਕਰਤੇ ਤੋ ਕਜੋਂ ਦੁਖ ਚੀਨਾ।
ਮੂੜ੍ਹ ਮਨੁਖਨ ਕਹੈ ਕਹਾਏ। ਨਸ ਗਏ ਅਬ ਹਮ ਦੁਖ ਪਾਏ।
ਨਹਿ ਤੁਰਕਨ ਹਮ ਦੇਸ ਛਿਨਾਵਾ[6], ਮਾਂਗ ਖਾਨ ਮੈ ਲੰਗ[7] ਕਜੋਂ ਲਾਵਾ ॥ [੨੧੫॥]
ਜਿਹ ਮਿਲ ਲੂਟਤ ਦੇਸ ਤੂੰ ਪੂਤਾ। ਸੋ ਤੋ ਚਲੈ ਨਾਸ ਕੇ ਬਿਊਤਾ[8]।
ਦੂਹ ਪੋਤ੍ਰਨ ਕੀ ਖਬਰ ਨ ਬਾਰੀ। ਤੁਮਰੀ ਸੁਨੀ ਨ ਸ੍ਰਵਨ[9] ਮੰਝਾਰੀ।" ॥ [੨੧੬॥]
ਦੀਨ ਬਚਨ ਤਾ ਕੈ ਯੋ ਸੁਨੇ। ਆਏ ਤੁਰਕ ਅਗਨ[10] ਤਹਿ ਘਨੇ।
ਰੋਵਤ ਦੇਖ ਕਹੀ ਤਿਨ ਬਾਨੀ। "ਕੌਨ ਤਾਤ[11] ਤੇਰੋ ਦੁਖ ਸਾਨੀ? ॥ [੨੧੭॥]
ਕੌਨ ਮੂਯੋ ਕਿਹ ਰੋਵਤ ਭਾਰੀ?" ਯੋ ਸੁਨ ਮਾਤਾ ਬੈਨ ਉਚਾਰੀ।
"ਸੋਢੀ ਬੰਸ ਪਤੀ ਗੁਰੁ ਸੋਈ। ਗੋਬਿੰਦ ਸਿਘ ਨਾਮ ਸੁਤ ਸੋਈ ॥ [੨੧੮॥]
ਤਾ ਮਾਤਾ ਮੈ ਸੁਤਨਨ[12] ਸੰਗਾ। ਮੋਹ ਬਤਾਵਤ ਜੇ ਤੁਮ ਰੰਗਾ।
ਦੁਖ ਸਮੁੰਦ੍ਰ ਮੈਂ ਬੂਡਤ ਆਹੀ। ਕੋ ਮੁਹ ਪਾਰ ਲੰਘਾਵੈ ਜਾਹੀ" ॥ [੨੧੯॥]
ਸੁਨ ਮਲੇਛ ਮਨ ਹਰਖਤ[13] ਭਏ। ਢੂਢਤ ਸੇ ਸਹਜੈ ਹਮ ਲਏ।
ਤਾ ਖਿਨ ਗਹਿ ਲੀਨੀ ਸੰਗ ਬਾਲਾ[14]। ਜਿਮ ਸੁਰਮਾਤ[15] ਗਹਿ ਦਿਤਿ-ਬਾਲਾ[16] ॥ [੨੨੦॥]
ਕਛੁਕ ਕੋਟ[17] ਕੇ ਭੀਤਰ[18] ਗਏ। ਸਿੰਘਹਿ ਏਕ ਨਿਹਾਰਤ ਭਏ।
ਕਲਗੀ ਜਿਗਾ ਔਰ ਨਹਿ ਹੋਈ। ਗੋਬਿੰਦ ਸਿੰਘ ਇਹੈ ਹੈ ਜੋਈ ॥ [੨੨੧॥]
ਮਾਰ ਸੀਸ ਸਮਸੇਰ ਪਠਾਨਾ। ਸੀਸ ਸਹਿਤ ਕਲ ਗੀਲੀ ਮਾਨਾ।
ਏ ਸਭ ਬਾਤ ਮਨੰ ਜੀਅ ਧਾਰੀ।ਗੇ ਦਿਲੀਸ ਕੇ ਅਗ੍ਰ ਸੁ ਧਾਰੀ ॥ [੨੨੨॥]
ਸਭੀ ਖਾਨ ਹਰਖਤ ਮਨ ਭਏ। ਸਹਿਤ ਨਾਰਿ ਪਤਿ ਸੁਤ ਤਜ ਗਏ।
ਸਾਚੋ ਗੁਰੂ ਲਖਾਵਤ ਜੋਈ। ਗਯੋ ਤਜਾਗ ਖਿਨ ਭੀਤਰ ਸੋਈ ॥ [੨੨੩॥]
ਗਹਿ ਕੇ[19] ਗਏ ਸਿਰੰਦ ਮਝਾਰੀ। ਹਾਥਨ ਮੱਧ ਹਥੋੜੀ[20] ਡਾਰੀ।
ਪਦ ਮੈ ਤਾਹਿ ਜੰਜੀਰ ਧਰਾਏ। ਕੋਈ ਕਹੇ, "ਬਾਲਨ ਮਰਵਾਏ"[21] ॥ [੨੨੪॥]
ਕੋਈ ਕਹੈ ਯਾ, "ਬੰਦਹਿ[22] ਕੀਜੈ।" ਕੋਈ ਕਹੈ, "ਤੁਰਕ[23] ਇਨ ਕੀਜੈ।"

---

1. ਭੁਆਟਣੀ, ਘੇਰਨੀ, ਚਕ੍ਰ। 2. ਧਰਤੀ ਉੱਤੇ। 3. ਗੁਰੂ ਸਾਹਿਬ ਤੇ ਉਨ੍ਹਾਂ ਦੇ ਮਹਲ। 4. ਕੂੰਜ। 5. ਬੱਚੇ। 6. ਛੀਨਿਆ, ਖੋਹਿਆ। 7. ਲੰਗੜਾਪਣ। 8. ਵਿਉਂਤ। 9. ਕੰਨ। 10. ਗਿਣਤੀ ਤੋਂ ਰਹਿਤ। 11. ਪੁਤ੍ਰ। 12. ਪੁਤ੍ਰਾਂ (ਭਾਵ-ਪੋਤ੍ਰਿਆਂ) ਸਹਿਤ। 13. ਖ਼ੁਸ਼, ਪ੍ਰਸੰਨ। 14. ਇਸਤ੍ਰੀ ਅਰਥਾਤ ਮਾਤਾ ਗੁਜਰੀ ਜੀ। 15. ਦੇਵਤਿਆਂ ਦੀ ਮਾਤਾ (ਅਦਿਤਿ)। 16. ਦਿਤਿ ਦੇ ਬਾਲਾਂ (ਪੁਤ੍ਰਾਂ) ਅਰਥਾਤ ਦੈਂਤਾਂ ਨੇ। ਦੇਵ ਪ੍ਰਜਾਪਤਿ ਦੀਆਂ ਦੋ ਪੁਤ੍ਰੀਆਂ ਦਿਤਿ ਤੇ ਅਦਿਤਿ ਸਨ ਜੋ ਰਿਸ਼ੀ ਕਸ਼ਜਪ ਨੂੰ ਵਿਆਹੀਆਂ ਗਈਆਂ। ਅਦਿਤਿ ਦੇ ਪੇਟੋਂ ਦੇਵਤੇ ਜਨਮੇ ਸਨ ਤੇ ਦਿਤਿ ਦੇ ਪੇਟੋਂ ਦੈਂਤ। ਇੱਥੇ ਦੇਵਤਿਆਂ ਤੇ ਦੈਂਤਾਂ ਬਾਰੇ ਇਸੇ ਪੌਰਾਣਿਕ ਕਥਾ ਵੱਲ ਸੰਕੇਤ ਹੈ। 17. ਚਮਕੌਰ ਦੀ ਗੜ੍ਹੀ। 18. ਅੰਦਰ। 19. ਫੜ ਕੇ। 20. ਹੱਥਕੜੀ। 21. ਬੱਚਿਆਂ ਨੂੰ ਮਰਵਾ ਦਿੱਤਾ ਜਾਵੇ। 22. ਕੈਦੀ। 23. ਭਾਵ ਮੁਸਲਮਾਨ।

ਮਾਤਾ ਗੋਦ ਬਾਲ ਹੈ ਜੋਈ। ਕਰਤ ਵਿਸਾਹ ਰਤੀ ਨਹੀ ਤੇਈ ॥ [੨੨੫॥]
ਖੋਸ[1] ਗੋਦ ਤੇ ਲੇ ਗਏ ਵਾਹੀ। ਪ੍ਰਾਤ[2] ਕਚਹਰੀ ਮਾਹਿ ਤਹਾਂ ਹੀ।
ਨੀਲ ਝਗੁਰੀਆ[3] ਤਨ ਮੈ ਕੈਸੇ। ਬਿਜੁਲੀ ਸਜਾਮ ਅਭ੍ਰ[4] ਮੈ ਜੈਸੇ ॥ [੨੨੬॥]
ਕੋਮਲ ਅੰਗ ਹਥੋੜੀ ਹਾਥਾ। ਪਾਦ ਜੰਜੀਰ ਤਿਨ੍ਹ ਕੇ ਸਾਥਾ।
ਸੀਸ ਲੈ ਗਏ ਦਿਲੀ ਮਾਹੀ। ਭਯੋ ਸੋਰ ਨਗਰੀ ਕੇ ਤਾਹੀ ॥ [੨੨੭॥]
ਖਤ੍ਰੀ ਬ੍ਰਹਮਣ ਚਾਰ ਜੋ ਬਰਨਾ। ਉਭੇ ਸਾਹ ਲੈ ਜੀਅ ਅਤਿ ਜਰਨਾ।
ਚੋਰ ਮਾਤ ਜਜੋਂ ਸੋਕ ਕਰਾਈ। ਤੁਰਕ ਰਾਜ ਨਹਿ ਜੋਰ ਚਲਾਈ ॥ [੨੨੮॥]
ਸੁਨਤ ਸਾਹ ਅਸਚਰਜ ਜੋ ਰਹਾ। ਕਰਤ ਵਿਚਾਰ ਮਨੰ ਮੈ ਭਯਾ ॥੪੪॥ [੨੨੯॥]

**ਸਵੈਯਾ।** ਓਹ ਤੋ ਸਾਚ ਗੁਰੂ ਅਵਤਾਰ, ਮੁਹ ਰਾਜ ਕੋ ਖੋਸਨ ਕੋ ਜਗ ਆਯੋ।
ਬਾਤ ਭਈ ਇਹ ਕੀ ਅਵਰੇ, ਇਨ ਸੀਸ ਸੁ ਕਾਢ ਕੈ ਅਗ੍ਰ ਦਿਖਾਯੋ।
ਮਰਨ ਭਯੋ ਨਹਿ ਤਾਹਿ ਇਆ ਜਗ, ਸਿਰਰ[5] ਕਛੂ ਇਹ ਕੋ ਦ੍ਰਿਸਟਾਯੋ।
ਖਾਨਹਿ ਬੀਚ ਖੁਦਾਇ ਕੇ ਹਾਜਰ, ਪੀਰ ਭਵੈ[6] ਨਹਿ ਮੇਕ[7] ਰਦਾਜੋ[8] ॥੪੫॥ [੨੩੦॥]

**ਚੌਪਈ।** ਸਾਹਿ ਬੀਚ ਹੈਰਾਨਗੀ ਆਹੀ। ਸੀਸ ਰਖਜੋ ਅੰਦਰ ਕੇ ਤਾਹੀ।
ਜੇ ਅਵਤਾਰ ਗੁਰੂ ਹੈ ਜਾਨੀ। ਨਹਿ ਮੂਯੋ ਕੋ ਸਿਰਰ ਪਛਾਨੀ।
ਮਨ ਕੇ ਬੀਚ ਅਵਾਜ ਇਹੁ ਆਈ। ਰਾਜ ਕਰਤ ਖਾਲਸ ਅਧਿਕਾਈ।
ਊਹਾ ਨਗਰ[9] ਮੈ ਹਾਹਾਕਾਰਾ। ਈਹਾਂ ਸੁਨੋ ਸਿਰੰਦ ਮੰਝਾਰਾ ॥੪੬॥ [੨੩੧॥]

**ਸਵੈਯਾ।** ਕੇਸਰੀ ਅੰਗ ਪੋਸਾਕ ਮਹਾਬਰ, ਮੂਰਤ ਪੇਖ ਕਹੈ ਇਹੁ ਬਾਨੀ।
ਮਾਰਨ ਜੋਗ ਸੁ ਬਾਲਕ ਨਾਹਿਨ, ਦੀਨ ਲਿਆਵਨ ਮਾਹਿ ਬਖਾਨੀ।
ਭੂਪ ਬਖਾਨਤ ਹੈ ਅਸ ਭਾਂਤਨ, ਕੋਈ ਕਹੈ ਬਧ ਯਾ ਕਰ ਠਾਨੀ।
ਕੋਈ ਬਿਖੰ ਤਨ, ਕੋਈ ਕਹੈ ਅੰਨ, ਦੇਹਿ ਇਨੈ ਨਹਿ ਯਾ ਕਰ ਹਾਨੀ ॥੪੭॥ [੨੩੨॥]

**ਚੌਪਈ।** "ਜਿਮ ਲੂਟੇ ਇਨ ਦੇਸ ਹਮਾਰੇ। ਇਵ ਹੀ ਦੁਖ ਦੇਵਹਿ ਯਾ ਭਾਰੇ।
ਜੇ ਕਰ ਲਿਖਾ ਸਾਹ ਕਾ ਆਵੈ। ਨਹਿ ਛੋਡੇ ਯਹਿ ਬਾਤ ਸੁਨਾਵੈ॥ [੨੩੩॥]
ਦੀਨ ਮਾਹਿ ਲਜਾਵੈਂ" ਯੌ ਕਹੈਂ। ਬਾਨੀ ਪੁਨਿ ਬਾਲਨ ਕੋ ਕਹੈਂ।
"ਤੁਮੈ ਸਾਹ ਕੋ ਮੇਲ ਕਰਾਵੈਂ। ਬਹੁ ਦੇਸਨ ਕੋ ਰਾਜ ਦਿਵਾਵੈਂ ॥ [੨੩੪॥]
ਪਟ ਭੂਖਨ ਤੁਮ ਅਨਗਨ ਦੈਹੈਂ। ਦੁਖਤਰ[10] ਸਹਿਤ ਸੂਬਤਰ ਹ੍ਵੈ[11] ਹੈਂ।
ਜੇਤੀ ਨਾਰਿ ਚਾਹ ਹੋ ਦੇਹੀ। ਨੀਲ ਪਟੰਬਰ[12] ਧਾਰੇ ਏਹੀ" ॥ [੨੩੫॥]
ਯਾ ਬਿਧਿ ਕਹੈਂ ਲੋਕ ਪਤਿ ਭਾਰੇ। ਬਾਲਕ ਤਾ ਮਨ ਧ੍ਰਿਗ ਉਚਾਰੇ।
ਪੁਰਿ ਨਰ ਨਾਰਿ ਬਿਪ੍ਰ ਖਤ੍ਰਿਆਨੀ। ਪੇਖ ਲਹੈਂ ਦੁਖ ਅਤਿ ਹੀ ਮਾਨੀ ॥ [੨੩੬॥]
ਚਾਰ ਬਰਨ ਯਾ ਭਾਂਤਿ ਬਖਾਨੇ। ਇਹ ਅਨਜਾਯ ਨ ਕਾਹੂੰ ਠਾਨੇ।
ਬਾਲ ਲਾਲ ਜੁਗ[13] ਕੇ ਦੁਖ ਭਾਰੀ। ਲਖੇ[14] ਬਿਲਪਤੇ[15] ਸਭ ਨਰ ਨਾਰੀ ॥੪੮॥ [੨੩੭॥]

---

1. ਖੋਹ। 2. ਸਵੇਰੇ। 3. ਝੱਗੇ, ਕਮੀਜ਼। 4. ਬੱਦਲ। 5. ਗੁਪਤ ਭੇਦ। 6. ਹੋਵੇ। 7. ਇਕ। 8. ਰੱਦ 9. ਭਾਵ-ਦਿੱਲੀ। 10. ਧੀ, ਲੜਕੀ। 11. ਵੱਡੇ ਸੂਬੇਦਾਰ। 12. ਨੀਲੇ ਵਸਤ੍ਰ। 13. ਯੁਗਲ, ਦੋਵੇਂ। 14. ਦੇਖੇ। 15. ਰੋਂਦੇ।

**ਸਵੈਯਾ।** ਮਾਤ ਪਰੀ ਬਿਲਲਾਤ[1] ਇਤੈ[2] ਜੁਗ ਪਾਦਨ ਮੱਧ[3] ਜੰਜੀਰ ਹੀ ਡਾਰੇ।
ਗੋਰ[4] ਸਰੀਰ ਅਧੀਰ ਭਯੋ ਅਤਿ, ਦੂਖ ਪਯੋ ਮੁਖ ਤੇ ਨ ਉਚਾਰੇ।
ਸੂਕ ਗਏ ਅੰਗ ਯੋ ਤਿਨ ਕੇ, ਅਤਿ ਭੂਖ ਪਿਆਸ ਸਰੀਰ ਹੀ ਧਾਰੇ।
ਲੂਕ[5] ਮਹਾਜਨ[6] ਬਾਤ ਕਹੈਂ ਜਗ, ਚੋਰ ਕੀ ਮਾਤ ਜਜੋਂ ਬਾਤ ਉਚਾਰੇ ॥੪੯॥ [੨੩੮॥]

**ਗੀਆ ਛੰਦ।** ਤਬ ਆਇ ਕਾਜੀ ਬਾਤ ਭਾਖੀ, "ਇਨੈ ਮਜਬ[7] ਲਿਆਈਐ।
ਰਸੂਲ ਕੋ ਇਹ ਅਜਬ ਕੀਨਾ, ਖੁਦ ਖੁਦਾਇ ਬਤਾਈਐ।
ਭਿਸਤ[8] ਕੀ ਜੁ ਆਸ ਰਾਖੈ, ਮਜਬ ਮੁਹਕਮ[9] ਇਹੁ ਕਰੈ।
ਪਵਹਿ ਦੋਜਖ[10] ਆਦਮੀ ਜੋ ਕਾਫਰੀ ਸੋਭਾ ਰਰੈ ॥੫੦॥ [੨੩੯॥]

**ਦੋਹਰਾ।** ਸੁਨਿ ਕਾਜੀ ਕੀ ਬਾਤ ਕੋ, ਇਹ ਬਿਧਿ ਕਹੈ ਸੁਧਾਰ।
"ਮਜਬ ਕਬੂਲ ਸੁ ਇਹ ਕਰੋ, ਨਹਿ ਤੁਮ ਡਾਰੈਂ ਮਾਰ" ॥੫੧॥ [੨੪੦॥]

**ਸਵੈਯਾ।** ਯੋ ਸੁਨ ਕੈ ਤਿਨ ਕੀ ਅਤਿ ਬਾਤ ਕੋ, ਆਪ ਸੋ ਸਾਹਿਬ ਬੈਨ ਉਚਾਰੇ।
ਤੂਸਨੀ[11] ਏਕ ਮਹੂਰਤ[12] ਭੇ ਮੁਖ, ਸੂਖਬੇ ਪ੍ਰਾਨਨ ਬਾਤ ਬਿਚਾਰੇ।
ਏਕ ਸੁ ਸਾਹਿਬ ਬੋਲਤ ਭੇ, ਮੁਖ ਆਪਨ ਹਫਤਜ ਔਧ[13] ਹੈ ਧਾਰੇ।
"ਜਾਨਤ ਜਨਮ ਲਹਯੋ ਹਮ ਖਤ੍ਰਿਨ, ਔਰ ਬਨੈ ਨਹਿ ਵੇਸਹਿ ਧਾਰੇ ॥੫੨॥ [੨੪੧॥]

**ਚੌਪਈ।** ਸੁਨਿ ਕਾਜੀ ਅਸ ਬੈਨ ਹਮਾਰੇ। ਨਹਿ ਕਾਫਰ ਜੋ ਆਪ ਸਮਾਰੇ[14]।
ਜੋ ਖੁਦਾਇ ਕੀ ਬਾਤ ਸੋ ਮਾਨੇ। ਬੀਚ ਕਿਤਾਬਨ ਕਾਫਰ ਮਾਨੇ ॥ [੨੪੨॥]
ਕੀਤੀ ਬਾਤ ਖੁਦਾਇ ਕੀ ਜੋਈ। ਜਾਇ ਮੇਟ ਕਾਫਰ ਅਤਿ ਸੋਈ।
ਜੋ ਖੁਦਾਇ ਕੀ ਕੀਤੀ ਢਾਹੇ। ਕਾਫਰ ਆਪ ਨਬੀ ਯੋ ਕਹਾ ਹੈ" ॥ [੨੪੩॥]
"ਜਾਨਤ ਜਨਮ ਲਯੋ ਹਮ ਖਤ੍ਰਿਨ। ਆਪ ਖੁਦਾਇ ਦੀਓ ਧਰ ਅਤ੍ਰਿਨ[15]।
ਔਰ ਜਨਮ ਦੇਤੋ ਨਹਿ ਚੂਕਾ। ਤਾ ਕੀਤੀ ਹਨ ਕਾਫਰ ਮੂਕਾ ॥ [੨੪੪॥]
ਜੋ ਤਿਹ ਜਨਮ ਦੀਓ ਸੋ ਨੀਕੋ[16]। ਔਰ ਸਭੈ ਲਾਗਤ ਹੈ ਫੀਕੋ।
ਮਰਨ ਯਾਹਿ ਤੇ ਭਲਾ ਨਿਹਾਰੈ।" ਯੌ ਸੁਨ ਕਾਜੀ ਕੋਪਤਿ ਭਾਰੈ[17] ॥ [੨੪੫॥]
"ਇਹੁ ਹਿੰਦੂਅਨ ਕੋ ਪੀਰ ਅਪਾਰਾ। ਕਰ ਹੈ ਬਿਨਾ ਰਹੈ ਨਹੀਂ ਗਾਰਾ[18]।
ਬਾਤਨ ਬੀਚ ਜਾਨੀਐ ਏਈ।" ਪੁਰੀ[19] ਪਰੀ ਭਸਮੰ[20] ਮੁਖ ਸੋਈ ॥ [੨੪੬॥]
ਚੰਦੂ ਸੁਹਾਇ[21] ਕੇ ਨਾਤੇ ਭਾਈ। ਬੈਰ ਬਡਨ ਕੀ ਰੀਤ ਟਿਕਾਈ।
ਬੈਠੇ ਬੀਚ ਦਿਵਾਨ ਅਪਾਰਾ। ਖਤ੍ਰੀ ਜਨਮ ਚੰਡਾਲ ਬਿਚਾਰਾ।
ਤਬ ਹੀ ਭੀਮ ਚੰਦ[22] ਸੁ ਬਖਾਨੀ। "ਇਹ ਮੂਏ ਬਿਨ ਨਹਿ ਕਲਜਾਨੀ ॥੫੩॥ [੨੪੭॥]

---

1. ਮਾਤਾ (ਗੁਜਰੀ ਜੀ) ਪਈ ਕੁਰਲਾਉਂਦੀ ਹੈ। 2. ਏਧਰ। 3. ਬੱਚਿਆਂ ਦੇ ਦੋਹਾਂ ਪੈਰਾਂ ਵਿਚ। 4. ਗੋਰਾ। 5. ਲੁਕ ਕੇ। 6. ਸੇਠ ਲੋਕ। 7. ਮੁਸਲਮਾਨੀ ਮਜਹਬ ਵਿਚ। 8. ਸੁਰਗ। 9. ਪੱਕਾ ਮਜਬੂਤ। 10. ਨਰਕ। 11. ਚੁਪ, ਖਾਮੋਸ਼। 12. ਘੜੀ, ਪਲ। 13. 'ਯੋਧਾ' (ਸਿ. ਰੈ. ਲਾ. ੧੧੯੮)। 14. ਆਪੇ ਨੂੰ ਮਾਰੇ। 15. ਅਸਤ੍ਰ। 16. ਨੀਕ, ਠੀਕ, ਅੱਛਾ। 17. ਬਹੁਤ ਕ੍ਰੋਧਵਾਨ ਹੋਇਆ। 18. ਝਗੜਾ। 19. ਪੂਰੀ ਖਤ੍ਰੀ। 20. ਸੁਆਹ। 21. ਚੰਦੂ ਸ਼ਾਹੀ (ਸੁਆਹੀ), ਜਿਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦ ਕਰਵਾਏ ਜਾਣ ਬਾਰੇ ਸ਼ਾਹ ਜਹਾਂਗੀਰ ਦੇ ਕੰਨ ਭਰੇ ਸਨ। 22. ਸਹੀ ਨਾਮ ਸੁੱਚਾ ਨੰਦ। ਏਥੇ ਸੁੱਚਾ ਨੰਦ ਦੀ ਥਾਵੇਂ ਭੀਮ ਚੰਦ ਨਾਮ ਠੀਕ ਨਹੀਂ ਜਾਪਦਾ।

ਸਵੈਯਾ। ਹਾਥ ਨ ਬੀਚ ਹਥੌੜੀ ਇਨੈ, ਜੁਗ ਪਾਦਨ ਮੱਧ ਜੰਜੀਰ ਸੁ ਧਾਰੇ।"
ਕੋਪ ਕੈ ਸੰਗ ਸੁ ਬਾਤ ਕਹੈਂ, ਭਯ ਰੰਚਕ ਜੀਅ ਮੈ ਨੈਕ ਨ ਧਾਰੇ।
ਏਕ ਪਠਾਨ ਸੋ ਊਠ ਖਰੋ, ਮਨ ਕੋਪ ਭਰੋ ਕਰ ਖੱਗ[1] ਸੰਭਾਰੇ।
"ਜੀਵਤ ਕਾਹਿ ਰਖੈ ਇਨ ਕੋ ਅਬ?" ਯੌਂ ਕਰ ਤਾੜਤ ਤਾਹਿ ਅਪਾਰੇ ॥੫੪॥ [੨੪੮॥]
ਭੂਖੇ ਰਹੈ ਦਿਨ ਪੰਚਨ ਮੈ, ਨਹਿ ਸਾਰ ਸੁ ਆਬ[2] ਕੀ, ਬੰਦ[3] ਰਹਾਈ।
ਮਾਤ ਸਮੀਪ[4] ਸੋ ਜਾਨ ਦਿਹੈ ਨਹੀਂ, ਖਤ੍ਰੀ ਪੁਰੀਨ ਕੇ ਮੰਦਰ ਮਾਹੀ।
"ਕਾਲ ਕੀ ਫਾਸ ਮੋ ਕੈਸੇ ਪਰ ਹਮ", ਮਾਤ ਕਹੈ, "ਜਗ ਮੈ ਜੀਅ ਨਾਹੀ।
ਕਾਹੂ ਸੋ ਪੂਤ ਕੀ ਨਾਰਿ ਗਈ, ਅਬ ਤਾਹਿ ਕੇ ਪੂਤ ਯੋ ਦੂਖ ਸਹਾਈ ॥੫੫॥ [੨੪੯॥]

ਛੰਦ। ਅਬ ਆਇ ਦੇਖੈਂ ਪੂਤ ਅਪਨੇ, ਸੁਤਨ ਸੰਗ ਬਿਹਾਵਤੀ[5]।
ਕਿਹ ਦੂਖ ਮੈ ਅਬ ਆਨ ਡਾਰਜੋ, ਬਿਸਨ[6]" ਕਹਿ ਬਿਲਾਵਤੀ[7]।
ਇਹ ਭਾਂਤਿ ਸੋ ਤਰਫਤ ਰਹੈਂ, ਤਿਹ ਤੁਰਕ ਤਾੜਨ ਬਹੁ ਕਰੈਂ।
ਤੂਸਨੀ[8] ਤਹਿ ਹੋਇ ਸਾਹਿਬੁ, ਨਾਹਿ ਕਛੁ ਮੁਖ ਤੇ ਰਰੈਂ[9] ॥੫੬॥ [੨੫੦॥]

ਦੋਹਰਾ। ਸੀਰੰਦ[10] ਕੀ ਸੰਗਤਿ ਸਭੈ, ਮਨ ਮੈ ਕਰਤ ਬੀਚਾਰ।
"ਤੋਲ ਸੁ ਇਨ ਕਰ ਦੀਜੀਐ ਕਨਕ ਯਾਹਿ ਨਿਰਧਾਰ[11] ॥੫੭॥ [੨੫੧॥]
ਏਕ ਸਿੱਖ ਤਬ ਯੌਂ ਕਹੀ, "ਸੂਰਨ[12] ਲੇਹਿਗੇ ਲੂਟ।
ਹੋਵਗ ਸੋ ਗੁਰ ਨੇ ਠਟੀ, ਹਮਰੀ ਕਹਾ ਪਹੂਚ" ॥੫੮॥ [੨੫੨॥]

ਚੌਪਈ। ਸੰਗਤਿ ਜਬੈ ਦਰਸ ਕੋ ਜਾਵੈ। ਪੁਰੀ[13] ਸੁ ਚੁਗਲੀ ਜਾਇ ਸੁਨਾਵੈ।
ਸਰਬ ਮਹਾਜਨ ਭਏ ਇਕਤ੍ਰਾ। ਲਿਖੇ ਸ ਦਿੱਲੀ ਸ਼ਾਹ ਪੈ ਉਤ੍ਰਾ ॥ [੨੫੩॥]
"ਜੇ ਤੁਮ ਕਰਨੋ ਅਬ ਹੀ ਕੀਜੈ। ਨਾਤਰ[14] ਦਸਤ[15] ਸਾਹਿ ਪੈ ਲੀਜੈ।
ਮੁਹ ਕਾਲਾ ਪੁਰੀਅਨ[16] ਕਾ ਭਯਾ। ਸਾਕਾ ਗੁਰ ਕਾ ਤਿਨ ਜਗ ਲਯਾ।"
ਤਬ ਹੀ ਸਬ ਮਲੇਛ ਗ੍ਰਿਹ ਆਏ। ਅਸਟ ਰੋਜ[17] ਗੁਰ[18] ਐਸ ਬਿਤਾਏ ॥੫੯॥ [੨੫੪॥]

ਦੋਹਰਾ। ਅਸਟ ਰੋਜ ਮੈ ਆਇ ਕੈ, ਕੀਨੇ ਰੋਖ ਅਪਾਰ।
ਬੰਦ ਬੰਦ ਕਰੀਐ ਜੁਦਾ, ਯਾ ਬਿਧਿ ਕਹੈ ਸੁਧਾਰ ॥੬੦॥ [੨੫੫॥]

ਚੌਪਈ। ਤਬ ਹੀ ਸਭਾ ਮਾਹਿ ਲੈ ਆਏ। ਦੁਖਤ ਸੰਗਤਾ ਤਨ ਕੁਮਲਾਏ।
ਭੂਖੇ ਰਹੈ ਕਿਤਕ[19] ਦਿਨ ਮਾਹੀ। ਨੀਰ ਨਾਹਿ ਤਿਨ ਕਛੁਅਕ[20] ਪਰਾਹੀ ॥ [੨੫੬॥]
ਡਾਨ[21] ਪਰੀ[22] ਤਾ ਦਸਤ[23] ਅਪਾਰਾ। ਪਾਦਨ ਮੱਧ ਸੁ ਅਪਰ ਅਪਾਰਾ।
ਐਸੇ ਦੂਖ ਦੀਨ ਅਧਿਕਾਈ। ਸਾਹਿਬ ਜਾਨੈ ਆਪ ਸੁਭਾਈ ॥੬੧॥ [੨੫੭॥]

ਸਵੈਯਾ। ਖਾਨ ਪਠਾਨ ਮਹੀਪ[24] ਬਡੇ, ਇਤ ਮਾਤ ਕੋ ਦੇਖ ਦੁਖੀ ਹੈ ਅਪਾਰੀ।

---

1. ਖੜਗ, ਤਲਵਾਰ। 2. ਪਾਣੀ। 3. ਕੈਦ। 4. ਕੋਲ, ਪਾਸ। 5. ਆਪਣੇ ਪੁਤ੍ਰਾਂ ਨਾਲ ਕਿਵੇਂ ਗੁਜ਼ਰਦੀ ਹੈ। 6. ਪਰਮਾਤਮਾ। 7. ਰੋਂਦੀ। 8. ਚੁਪ, ਖਾਮੋਸ਼। 9. ਬੋਲਣ। 10. ਸਰਹਿੰਦ। 11. ਨਿਰਧਾਰ (ਨਿਰਣਯ) ਕਰਕੇ ਇਨ੍ਹਾਂ ਦੇ ਬਰਾਬਰ ਕਨਕ (ਸੋਨਾ) ਤੋਲ ਕੇ ਦੇ ਦਿਓ। 12. ਸੂਰਣ, ਸੋਨਾ। 13. ਦੀਵਾਨ। ਸੁੱਚਾ ਨੰਦ ਪੁਰੀ। 14. ਨਹੀਂ ਤਾਂ। 15. ਹੱਥ। 16. ਪੁਰੀ ਖਤ੍ਰੀ। 17. ਅੱਠ ਦਿਨ। 18. ਭਾਵ ਗੁਰੂ-ਪੁਤ੍ਰ (ਸ਼ਾਹਿਬਜ਼ਾਦਿਆਂ) ਨੇ। 19. ਕਿਤਨੇ ਹੀ। 20. ਕੁਝ ਵੀ। 21. ਡੰਡ, ਡੰਨ, ਸਜ਼ਾ, ਭਾਵ-ਮਾਰ। 22. ਪਈ। 23. ਉਨ੍ਹਾਂ ਦੇ ਹੱਥਾਂ ਨਾਲ। 24. ਮਹਾਰਾਜੇ।

ਹਾਥਨ ਮੱਧ ਹਥੋੜੀ ਤਿਨੈ, ਪੁਨਿ ਪਾਦਨ ਮੱਧ ਜੰਜੀਰ ਸੋ ਧਾਰੀ ।
ਰੋਇ ਕੇ ਵਾਕ ਸੁ ਆਪ ਕਹੈ, "ਨਹਿ ਪੂਤ ਰਹੈਂ ਮਮ ਗੋਦਹਿ ਧਾਰੀ ।
ਪੂਤ ਭਏ ਨ ਨਏ ਹਮਰੇ ਗ੍ਰਿਹ, ਸੰਗ ਸਭੈ ਤੁਮਹੂੰ ਪਰਿਵਾਰੀ" ॥੬੨॥ [੨੫੮॥]

**ਛੰਦ।** ਸਰਬ ਬੀਚ ਸੰਸਾਰ ਕੇ ਯਹ ਪੁਤ੍ਰ ਪੋਤ੍ਰੇ ਜਾਨੀਐ ।
ਪੁਤ੍ਰ ਆਖਨ ਦੇਖ ਕੇ ਮਨ ਬੀਚ ਕਰਨਾ[1] ਆਨੀਐ ।
ਬਾਂਧ[2] ਗ੍ਰਿਹ ਹਮ ਰਾਖੀਐ, ਲਿਖ ਸਾਹਿ ਬਾਤ ਪਠਾਈਐ ।
ਜੋ ਲਿਖੇ ਬਾਲ ਨ ਮਾਰਨੇ, ਤਬ ਮੋਹਿ ਮਾਰ ਪਠਾਈਐ[3] ॥੬੩॥ [੨੫੯॥]

**ਸਵੈਯਾ।** ਯੌ ਸੁਨ ਮਾਤ ਕੀ ਬਾਤ ਸਭੈ, ਮਿਲ ਹਾਂਸੀ ਕਰੇਂ ਸਭ ਮਾਤ ਕੇ ਤਾਂਹੀ ।
"ਜੋ ਨਿਜ ਆਪ ਕੋ ਸਾਚ ਲਖਾਵਤ, ਕਾਹਿ ਦੁਰਜੋ[4] ਮਿਲਿ ਗੋਰਨ[5] ਮਾਹੀ ।
ਇਨ ਕੇ ਅਬ ਸੀਸ ਜੁਦਾ ਸੋ ਕਰੋ, ਕਿਹ ਕਾਰਨ ਬੇਰ[6] ਕਰੀ?" ਯੌਂ ਰਟਾਹੀ[7] ।
ਤਬ ਮਾਰਨ ਤਾਹਿ ਪਠਾਨ ਲਗੇ, ਤਬ ਏਕਨ ਕੇ ਮਨ ਮਿਹਰ ਸੁ ਆਹੀ ॥੬੪॥ [੨੬੦॥]
ਅਰ ਭਾਖਤ ਖਾਨ ਗਨੀ ਤਬ ਯੌ, ਅਰ ਸਾਥ ਬਿਰਾਦਰ[8] ਆਪ ਮਿਲਾਹੀ ।
"ਖਤ੍ਰੀ ਰਹਜੋ ਨਹੀ ਐਨ[9] ਹੀ ਮੈ, ਅਰ ਸਾਹੀ ਪੂਰੀ ਭਏ ਅੰਤ ਸੁਵਾਹੀ ।
ਜਬ ਸਾਹਿਬ ਕਾਜੀ ਸੁ ਆਪ ਹੁਵੈ, ਤਬ ਲੇਵਗੁ ਨਜਾਯ ਸੁ ਆਪ ਬਨਾਈ ।
ਸੀਰ ਸੁ ਖੋਰ[10] ਦਰੋਗ[11] ਬਡੇ, ਤੁਮ ਮਾਰਤ ਤਾਹਿ ਸੁ ਕੈਸ ਉਪਾਈ ॥੬੫॥ [੨੬੧॥]

**ਚੌਪਈ।** ਜੋ ਹਮਰੇ ਸੰਗ ਰਫਤ[12] ਨ ਅਬ ਹੀ, ਦੋਜਕ ਬੀਚ ਚਲੈਂਗੇ ਸਬ ਹੀ ।
ਇਨ ਕੋ ਪਿਦਰ[13] ਜੁੱਧ ਜੰਗ ਨਾਨਾ[14] । ਸੀਰ ਖੋਰ[15] ਇਨ ਬੈਰ ਨ ਜਾਨਾ" ॥ [੨੬੨॥]
ਮਾਤਾ ਰੋਇ ਕਹਤ, ਤੁਮ ਸੰਗਾ । ਮਿਹਰ ਨ ਉਪਜਤ ਹੈ ਤੁਮ ਅੰਗਾ ।
ਬਾਬਾ[16] ਜਾਤ ਸੁ ਖਤ੍ਰੀ ਭਾਈ । ਮੂਲਾ ਯੌ ਚੰਡਾਲ ਪੁਰੀ ਆਹੀ ॥ [੨੬੩॥]
ਅਬ ਹਮ ਇਹ ਜਾ[17] ਰਹੈਂ ਨ ਕਬੈ । ਯੌਂ ਕਹਿ ਉਠ ਖਰੇ ਮਿਲ ਸਬੈ ।
ਕਛੁਕ ਮਲੇਰ ਕੋਟਲੈ ਆਏ । ਮਾਛੀਵੜੇ ਕਛੂ ਸਿਧਾਏ ॥ [੨੬੪॥]
ਦੇ ਕਰ ਦੂਖ ਬਹੁਤ ਅਧਿਕਾਏ । ਤਬ ਨੀਹੋਂ ਮੈ ਬਾਲ ਚਿਨਾਏ ।
ਬਹੁਤ ਕਲੇਸ ਤੁਰਕ ਤਬ ਦੀਨਾ । ਮੁਖ ਸੇ ਨਾਹ ਉਚਾਰਨ ਕੀਨਾ ॥ [੨੬੫॥]
ਜੁਗ ਅਵਤਾਰ[18] ਸਹੀ ਮਿਲ ਪੀੜਾ । ਪਰਾਲਬਧ ਵਸ ਜਾਨ ਸਰੀਰਾ ।
ਜਬੈ ਚਿਨਾਇ ਭੀਤ ਮੈ ਦੀਨੇ । ਰਹੀ ਨ ਭੀਤ, ਦ੍ਰਿਸਟਿ ਨਹੀ ਚੀਨੇ ॥ [੨੬੬॥]
ਭਏ ਬਿਸਮ[19] ਸਭ ਹਾਹਾਕਾਰੇ । ਨਹਿ ਕਛੁ ਚਿਹਨ[20] ਕਹਾ ਸੁ ਸਿਧਾਰੇ?
ਸਰਬ ਸਹਰ ਮੈਂ ਹਾਹਾਕਾਰਾ । ਮੁਖੀ ਲੋਕ ਤਜ ਗੇ ਘਰ ਬਾਰਾ ।
ਈਹਾ ਸ੍ਰਾਪ ਸਾਹਿਬ ਕਾ ਹੋਈ । ਰੋਵੈ ਨਰ ਨਾਰੀ ਸਭ ਲੋਈ ॥੬੬॥ [੨੬੭॥]

**ਸਵੈਯਾ।** ਹੋਇ ਕੇ ਲੋਪ[21] ਸੁ ਭੀਤ ਮੈ ਸਾਹਿਬ[22] ਦੇਹ ਤਿਆਗ ਬੈਕੁੰਠ ਸਿਧਾਰੇ ।

---

1. ਕਰੁਣਾ, ਤਰਸ 2. ਬੰਨ੍ਹ ਕੇ । 3. ਮਾਰ ਸੁੱਟੋ । 4. ਲੁਕਿਆ । 5. ਕਬਰਾਂ । 6. ਦੇਰ । 7. ਬੋਲਣ ਲੱਗੇ । 8. ਭਾਈ । 9. ਅਯਨ, ਘਰ । 10. ਦੁੱਧ ਪੀਣ ਵਾਲੇ (ਬੱਚੇ) । 11. ਝੂਠੇ । 12. ਜਾਣਾ । 13. ਪਿਤਾ । 14. ਅਨੇਕ । 15. ਸ਼ੀਰ (ਦੁੱਧ) ਖੋਰ (ਪੀਂਦੇ) । 16. ਬਾਵਾ । 17. ਇਸ ਥਾਵੇਂ । 18. ਦੋਹਾਂ ਅਵਤਾਰ ਰੂਪ ਸਾਹਿਬਜ਼ਾਦਿਆਂ ਨੇ । 19. ਅਸਚਰਜ, ਹੈਰਾਨ । 20. ਨਿਸ਼ਾਨੀ । 21. 'ਅਲੋਪ' (ਮੋ. ਬਾ. ੭੧, ਖ਼ਾ. ਕਾ. ਆ. ੬੦੫) । 22. ਸਾਹਿਬਜ਼ਾਦੇ ।

ਜਾਇ ਸੁ ਦੇਵਨ ਮੱਧ ਰਲੇ ਤਬ ਤੋ ਵਹਿ ਅੰਗ ਮਿਲੇ ਨਿਜ ਚਾਰੇ।
ਜਾਹਿ ਤੇ ਵੀਛੁੜ ਤਾਹਿ ਮਿਲੇ, ਦੇਹਿ ਕਾਰਨ ਤੇ ਇਹੁ ਵੇਸ ਹੀ ਧਾਰੇ।
ਵਿਸਨ ਸ੍ਰਾਪ ਉਮਾ[1] ਕੋ ਦਯੋ, ਤਬ ਚਾਰ ਹੀ ਜਨਮ ਸੁ ਏਕਠ ਧਾਰੇ ॥੬੭॥ [੨੬੮॥]
ਜਨਮ ਲਯੋ ਕਲ ਬੀਚ ਮੈ ਤਾ ਕਰ, ਔਰ ਬਿਵਾਹੁ ਨ ਨੇਤ ਬਿਚਾਰੇ।
ਕੰਸਨ ਕੇ ਕਰ ਬੀਚ ਜਥਾ ਤਨ, ਰਿਖਨ ਕੋ ਭਯੋ ਜੈਸ ਪੁਕਾਰੇ।
ਕਾਮ ਸੰਜੋਗ ਤੇ ਅਗ੍ਰ ਹੀ ਤੇ, ਅਸਵਾਰ ਭਏ ਯਹਿ ਪੰਧ[2] ਉਧਾਰੇ।
ਸੰਖਨ ਕੀ ਧੁਨਿ ਤਾਹਿ ਭਈ, ਮਨੋ ਤੁਰਕਨ ਦੀ ਜੜ ਆਪਿ ਉਪਾਰੇ[3] ॥੬੮॥ [੨੬੯॥]

ਚੌਪਈ। ਇਹ ਸੰਸਾ ਨਹਿ ਮਨ ਮੈ ਆਨੋ। ਏਕ ਬਿਵਾਹ ਕਹਜੋ ਮੈ ਬਖਾਨੋ।
ਲੱਛਨ ਕੇ ਘਰ ਪੂਤ ਬਖਾਨੇ। ਜਤੀ ਸੁ ਤਿਨ ਕੋ ਸਭ ਜਗ ਮਾਨੇ ॥ [੨੭੦॥]
ਇਵ[4] ਹੀ ਮਨ ਕਰ ਹਠ ਮੈ ਰਹੇ। ਤਿਨ ਕੀ ਟਹਲ ਰੀਝ ਵਰ ਦਏ।
ਤਾ ਕਰ ਤਿਨ ਕੋ ਪੂਤ ਬਖਾਨਾ। ਇਹ ਪੂਰਬਲੋ ਹੰਕ੍ਰਿਤ[5] ਮਿਟਾਨਾ ॥ [੨੭੧॥]
ਇਨ ਕੋ ਨਿਹਕਾਮਤਾ ਆਹੀ। ਤਾ ਕਰ ਜਨਮ ਦੇਹ ਅਬ ਪਾਈ।
ਭਯੋ ਪੂਤ ਅਖ ਦ੍ਰਿਸਟ ਮੰਝਾਰਾ। ਹਠ ਕਰ ਤਜਜੈ ਨੈਨ ਕੇ ਦ੍ਵਾਰਾ।
ਤਾ ਕਰ ਹਠੀ ਸਿੰਘ ਜਗ ਭਾਨੇ। ਅਸਤ ਬੀਰ ਨਹਿ ਕੁਸਲ ਪ੍ਰਮਾਨੇ ॥੬੯॥ [੨੭੨॥]

ਛੰਦ। ਇਹੁ ਵੇਖ ਕਾਰਨ ਤਾਹਿ ਕੋ, ਤਬ ਦੂਖ ਮਾਤਾ ਬਹੁ ਦਯੋ।
ਅਤਿ ਰੋਯ ਕਹੈ ਪੁਕਾਰ ਕੈ ਮੁਹ ਨਾਹਿ ਰੱਖਕ ਕੋ ਭਯੋ।
ਬਿਧਿ ਕਰਮ ਕੀਨੇ ਅਤਿ ਬੁਰੇ, ਮਮ ਤਜਾਗ ਸਰਬ ਚਲੈ ਸਬੈ।
ਤਬ ਮਾਰ ਭਾਲ ਉਪਾੜ ਵਾਲਨ[6], ਨਾਹਿ ਜੀਵਨ ਹੈ ਅਬੈ ॥੭੦॥ [੨੭੩॥]

ਕਬਿੱਤੁ। ਹਾਇ ਹਾਇ ਮਾਤ ਕਹਿ ਪ੍ਰਾਨ ਯੌ ਬਿਲਾਤ ਨਾਹਿ[7]।
ਕਾਹਿ ਈਹਾਂ ਬੈਠ ਰਹੇ, ਦ੍ਰਿਗਨ[8] ਸਿਚੋਰਤੀ[9]।
ਪੂਤ ਕਹਾ ਤਜਾਗ ਗਏ, ਬਿਨਾ ਤੋਹਿ ਦੂਖ ਭਏ,
ਤੁਮ ਕੋ ਸੁ ਦੇਖ ਦੇਹ ਪ੍ਰਾਨ ਸੰਗ ਜੋੜਤੀ।
ਐਸੇ ਦਏ ਦੂਖ ਮੋਹ, ਬਿਧਨਾ ਕਰੀ ਹੈ ਤੋਹ,
ਕਰਨਾ ਕੀ ਬਾਤ ਮਮ ਤੋਹ ਸੰਗ ਲੋੜਤੀ।
ਖਾਇ ਖਾਇ ਘੇਰਨੀ, ਲਏ ਸੁ ਮਾਤ ਉਲੇਰਨੀ,
ਦੁਖ ਸੰਗ ਮਾਤ ਦੇਹ ਪ੍ਰਾਨਨ ਬਿਛੋੜਤੀ ॥੭੧॥ [੨੭੪॥]

ਛੰਦ। ਤਬ ਚੇਤ ਮਾਤ ਸੰਭਾਰ ਆਪਨ, ਦੁਖ ਸੋ ਬਜਾਕੁਲ ਭਈ।
ਕਹਾ ਗਏ ਤਜਾਗ ਸੁ ਪੂਤ ਮੁਝ ਕੋ, ਨਾਹਿ ਕਰੁਨਾ ਕਿਨ ਪਈ।
ਤਬ ਏਕ ਹਾਥ ਕਟਾਰ ਪਕੜੀ, ਪੁਰਸ ਏਕ ਸੋ ਆਇਯੋ।
ਗਹਿ ਕਟਾਰੀ ਮਾਰਿ ਉਦਰੇ, ਤਨ ਸੋ ਆਪ ਬੰਧਾਇਯੋ[10] ॥੭੨॥ [੨੭੫॥]

---

1. ਸ਼ਿਵ ਜੀ ਦੀ ਪਤਨੀ (ਪਾਰਵਤੀ)। 2. ਪਥ, ਮਾਰਗ, ਰਸਤਾ। 3. ਉਖਾੜੇ, ਪੁੱਟੇ। 4. ਇਸੇ ਤਰ੍ਹਾਂ। 5. ਹੰਕਾਰ। 6. ਸਿਰ ਦੇ ਵਾਲ ਪੁੱਟੇ। 7. ਪ੍ਰਾਣ ਇਸ ਤਰ੍ਹਾਂ ਨਹੀਂ ਨਿਕਲਦੇ। 8. ਅੱਖਾਂ। 9. ਹੰਝੂ ਕੇਰਦੀ। 10. ਅਰਥਾਤ ਇਸ ਪ੍ਰਕਾਰ ਮਾਤਾ ਗੁਜਰੀ ਜੀ ਕਟਾਰੀ ਖਾ ਕੇ ਜ਼ਖ਼ਮੀ ਹੋ ਗਏ, ਪਰ ਸ਼ਹੀਦ ਨਹੀਂ ਹੋਏ ਤੇ ਹੋਰ ਇਤਿਹਾਸਕਾਰਾਂ ਨੇ ਮਾਤਾ ਜੀ ਦਾ ਹੀਰਾ ਚਟਕੇ ਜਾਂ ਬੁਰਜ ਤੋਂ ਛਾਲ ਮਾਰ ਕੇ ਸ਼ਹੀਦ ਹੋਣਾ ਲਿਖਿਆ ਹੈ।

**ਸਵੈਯਾ।** ਬਾਤ ਇਤੈ ਇਹ ਭਾਂਤਿ ਭਈ, ਉਤ ਬੀਰ ਬੈਰਾੜਨ[1] ਆਪ ਗਏ ਹੈਂ।
ਰੋਵਤ ਸਿੰਘ ਸੁ ਆਇ ਗਯੋ, ਤਿਨ ਆਨ ਹਜ਼ੂਰ ਸੰਦੇਸ ਦਏ ਹੈਂ[2]।
ਕਛੁ ਕਰਮ ਭਏ ਉਹਾਂ ਮਾਤਨ ਬਾਲਨ, ਜੋ ਕਛੁ ਪੀੜ ਸੁ ਦੇਹੁ ਭਏ ਹੈ।
ਭੁਅ[3] ਪਾੜ ਸੁ ਮਾਤ ਮਿਲੀ ਸਤ ਤੇ, ਜਿਮ ਗੋਰ ਬਨਾਇ ਕੇ ਦੇਹਿ ਛਏ ਹੈਂ ॥੭੩॥ [੨੭੬॥]
**ਚੌਪਈ।** ਅਤਿ ਹੀ ਲੁਪਤ ਭਈ ਤਹਿ ਮਾਤਾ। ਮਰਵਾਇਆ ਖਤ੍ਰੀ ਸਿੱਖ ਨਾਤਾ।
ਤਾ ਕੇ ਧਾਮ ਮਾਤ ਅਤਿ ਦੂਰੀ[4]। ਬਡੀ ਟਹਿਲ ਤਬ ਸਿੱਖ ਸੁ ਕਰੀ ॥ [੨੭੭॥]
ਜੇ ਕਹੂ ਗੁਰੂ ਸੁਨ ਸ੍ਰਵਨ ਮੰਝਾਰੀ। ਚਲੀਐ ਮਾਤ ਸਹਤ ਹਮ ਸਾਰੀ।
ਇਹੁ ਸਿੱਖਨ ਮਨ ਬੀਚ ਸੁ ਆਈ। ਲਖੇ ਤੁਰਕ ਮਰੀ ਮਾਤਾ ਯਾਹੀ[5] ॥ [੨੭੮॥]
ਖਾਨ ਗਏ ਤਹਿ ਅਗ੍ਰ ਸਿਧਾਰੀ। ਗੁਰ ਕੀ ਟਹਿਲ ਕਰੀ ਤਿਨ ਭਾਰੀ।
ਤਿਨ ਹੂੰ ਮ੍ਰਿਤ ਸੁਨੇਹਾ ਦੀਨਾ। ਮਾਤ ਕਹੈ ਗੁਰ ਦਿਸ ਦੇਹੁ ਛੀਨਾ ॥ [੨੭੯॥]
ਤਨੀ ਸਿੰਘ ਇਕ ਖਤ੍ਰੀ ਜਾਨੋ। ਮਾਨ ਸਿੰਘ ਦੂਜੇ ਪਹਿਚਾਨੋ।
ਕਥਾ ਬਡੀ ਕਹਿ ਅਲਪ[6] ਸੁਧਾਰੀ। ਮਿਲੇ ਮਹਲ ਗੁਰ ਕੋ ਸੁ ਅਗਾਰੀ[7] ॥੭੪॥ [੨੮੦॥]
**ਛੰਦ।** ਨਹਿ ਮਾਤ ਕਛੁਕ ਪੁਕਾਰ ਕੀਨੀ, ਤੂਸਨੀ[8] ਆਪਨ[9] ਭਈ।
ਸਤ ਧਰਮ ਕਾਰਨ ਆਪਨੇ, ਨਹਿ ਬਾਤ ਕਛੁ ਤਿਹ ਸੰਗ ਕਹੀ।
ਸੁਨ ਸਿੱਖ ਕੀ ਬਾਨੀ ਸਭੈ, ਅਤਿ ਦੂਖ ਸੰਗ ਵਜਾਕੁਲ ਭਏ।
ਸਰਬ ਸੰਗਤਿ ਸੋਚ ਲਖ ਤਿਹ, ਆਪ ਸਾਹਿਬ ਬਚ ਕਹੇ ॥ [੨੮੧॥]
ਤਬ ਦੀਨਾ ਨਾਥ ਦਯਾਲ ਅਚੁਤ, ਆਪ ਬਾਤ ਲਖਾਵਹੀ।
ਨਦੀ ਨਾਵ[10] ਪ੍ਰਸਗ ਜੈਸੇ ਐਸ ਕੈ ਬੀਤਾਵਹੀ।
ਤੱਤ ਤੱਤਨ ਸਗ ਮਿਲ ਕੈ ਹਿਰਨ ਗਰਭ[11] ਲਖਾਵਹੀ।
ਹਿਰਨ ਗਰਭ ਸੁ ਸੂਤ੍ਰ ਮੈ, ਸਭ ਬ੍ਰਹਮ ਰੂਪ ਲਖਾਵਹੀ ॥ [੨੮੨॥]
ਨਾਮ ਰੂਪ ਜੁ ਦੇਹ ਕੋ, ਸੋ ਮਾਨ ਤਾ ਕੋ ਹੋਵਹੀ।
ਨਹਿ ਕੋਇ ਹਮ ਕਿਸ ਕੇ ਨਹੀ, ਕਹਿ ਸੋਕ ਕਾ ਕੋ[12] ਜੋਵਹੀ ॥੭੫॥ [੨੮੩॥]
**ਦੋਹਰਾ।** ਅਬ ਸੁਨ ਗਾਥ ਸੁ ਨਾਥ ਕੀ[13], ਜਾ ਵਿਧਿ ਭੀ ਚਮਕੋਰ।
ਕਲਗੀ ਜਿਗਾ ਸਮੇਤ ਸਿਰ, ਲੈ ਗਏ ਵਾਹੀ ਠੋਰ ॥੭੬॥ [੨੮੪॥]
**ਚੌਪਈ।** ਹਜਰਤ ਪੈ ਸਿਰ ਲੈ ਗਏ ਜੋਈ। ਸੰਗਤ ਸਿੰਘ ਜਾਨੀਐ ਸੋਈ।

---

1. ਉਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੈਰਾੜਾਂ ਦੇ ਇਲਾਕੇ ਵਿਚ ਗਏ। 2. ਏਥੇ ਸਰਹਿੰਦ ਤੋਂ ਛੋਟੇ ਸਾਹਿਬਜ਼ਾਦਿਆਂ ਬਾਰੇ ਖ਼ਬਰ ਲਿਆਉਣ ਵਾਲਾ ਇਕ ਸਿੱਖ ਦੱਸਿਆ ਹੈ, ਪਰ ਕਈ ਹੋਰ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਜਦ ਗੁਰੂ ਦਸ਼ਮੇਸ਼ ਜੀ ਰਾਏਕੋਟ ਗਏ ਸਨ ਤਾਂ ਉੱਥੇ ਕਲ੍ਹਾਰਾਯ ਨੇ ਆਪਣਾ ਦੂਤ ਸਰਹਿੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਮੰਗਵਾ ਕੇ ਗੁਰੂ ਜੀ ਨੂੰ ਸੁਣਾਈ ਸੀ। (ਦੇਖੋ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ)। 3. ਪ੍ਰਿਥਵੀ। 4. ਅਰਥਾਤ ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵੀ ਅਚਾਨਕ ਚਮਕੌਰੋਂ ਲੁਪਤ ਹੋ ਗਏ ਤੇ ਸਰਹਿੰਦ ਵਿਚ ਮਰਵਾਏ ਖਤ੍ਰੀਆਂ ਦੇ ਘਰ ਗੁਪਤ ਰੂਪ ਵਿਚ ਰਹੇ। 5. ਮੁਗਲਾਂ ਨੇ ਇਹ ਸਮਝ ਲਇਆ ਕਿ ਮਾਤਾ ਜੀ ਕਾਲਵਸ ਹੋ ਗਏ ਹਨ। 6. ਥੋੜੀ ਜੇਹੀ। 7. ਅਗਾੜੀ, ਅੱਗੇ 8. ਚੁਪ। 9. ਆਪਣੇ ਆਪ। 10. ਬੇੜੀ, ਕਿਸ਼ਤੀ। 11. ਬ੍ਰਹਮਾ, ਜੋ ਹਿਰਣਜ (ਸ੍ਵਰਣ ) ਦੇ ਗਰਭ (ਅੰਡੇ) ਵਿਚੋਂ ਨਿਕਲ ਕੇ ਹਿਰਣਜਗਰਭ ਨਾਂ ਨਾਲ ਮਸ਼ਹੂਰ ਹੋਇਆ। ਉਸ ਆਂਡੇ ਵਿਚ ਰਹ ਕੇ ਬ੍ਰਹਮਾ ਜੀ ਨੇ ਇਸ ਬ੍ਰਹਮੰਡ ਨੂੰ ਸ੍ਵਰਗਲੋਕ ਤੇ ਮਾਤਲੋਕ (ਪ੍ਰਿਥਵੀ) ਨਾਮੀ ਦੋ ਹਿੱਸਿਆਂ ਵਿਚ ਵੰਡਿਆ ਸੀ। 12. ਕਿਸ ਨੂੰ। 13. ਭਾਵ ਸ੍ਰੀ ਦਸ਼ਮੇਸ਼ ਜੀ ਦੀ।

ਨਾਮ ਸੁਨਜੋ ਗੁਰ ਕੋ ਤਿਨ ਸਾਰੇ। ਅਸ ਵਿਧਿ ਰਈ ਸਹਰ ਮੈ ਭਾਰੇ ॥ [੨੮੫॥]
ਨਬੀ ਖਾਨ ਗਨੀ ਖਾਨ ਬਿਰਾਦਰ। ਗੁਰ ਕੇ ਸੰਗ ਭਏ ਤਬ ਹਾਜਰ।
ਬਡੀ ਟਹਿਲ ਗੁਰ ਕੀ ਤਿਨ ਕੀਨੀ। ਰਹੈਂ ਸੁ ਹਾਜਰ ਅਹਿਨਿਸ[1] ਭੀਨੀ ॥ [੨੮੬॥]
ਤਬ ਤਿਨ ਸੰਗ ਗੁਰੂ ਯੌ ਅਲਾਏ। "ਮਿਹਰ ਬੀਚ ਕੋਈ ਮਰਦ ਨ ਆਏ।"
ਇਨ ਹੀ ਸਾਥ ਬਖਾਨੀ ਬਾਨੀ। ਸੰਗਤ ਬੀਚ ਦਿਵਾਨ ਬਖਾਨੀ ॥ [੨੮੭॥]
"ਏਹੀ ਖਾਨ ਹਾਇ ਕਾ ਕੀਨਾ। ਨਹਿ ਵਸ ਚਲੇ ਛੁਡਾਯੋ ਦੀਨਾ।
ਮਿਹਰ ਬੀਚ ਅਤਿ ਕਹਰ ਸੁ ਕੀਨੀ। ਸਹਰ ਉਜਾਰ ਡੁਬਤ ਨਹਿ ਚੀਨੀ ॥ [੨੮੮॥]
ਐਸੀ ਜਾਇ[2] ਵਸਨ ਕੀ ਨਾਹੀ। ਅਪਰਾਧ ਭਯੋ ਜਾ ਕੇ ਅੰਗ ਮਾਹੀ।"
ਤਬ ਦੋਨਹੁ ਕੋ ਬਚਨ ਸੁਨਾਏ। ਮਿਹਰ ਬੀਚ ਸਤਿਗੁਰ ਤਬ ਆਏ ॥ [੨੮੯॥]
"ਹਮਰਾ ਹੁਕਮ ਨਾਮ[3] ਯਹਿ ਲੀਜੈ। ਦਰਸਨ ਬੀਚ ਪੰਥ ਕਾ ਕੀਜੈ।"
ਹਾਥ ਜੋਰ ਤਿਨ ਬਚਨ ਸੁਨਾਏ। ਮਨ ਗਨ ਰਾਜ ਬਹੁਤ ਲਲਚਾਏ ॥ [੨੯੦॥]
"ਏਹੁ ਪਤ੍ਰ ਹਮਰੇ ਕਿਸ ਕਾਮਾ? ਖਿਜਮਤ ਕਰੀ ਖੁਦਾਇ ਕੈ ਨਾਮਾ।"
ਸਤਿਗੁਰ ਤਬ ਤਿਹ ਬਚਨ ਉਚਾਰੇ। "ਏਕ ਸਮਾਨ ਨਿਰਖੀਏ ਬਾਰੇ ॥ [੨੯੧॥]
ਰਾਜ ਬੀਚ ਮਨ ਆਜਿਜ ਕੀਜੈ। ਆਜਿਜ ਬੀਚ ਨ ਹਠ ਤਜ ਦੀਜੈ।
ਵਿਪਤਾ ਬੀਚ ਮੰਤ੍ਰ ਨਿਜ ਗਹੀਐ। ਸ਼ਾਂਤ ਸੀਲ ਕੀ ਪੋਟ[4] ਹੋਇ ਰਹੀਐ ॥ [੨੯੨॥]
ਗੁਣ ਔਗੁਣ ਕਾ ਤੁਲਾ ਸੋ ਕਰੀਐ। ਤੋਲਣਹਾਰ ਵਿਚਾਰ ਸੁ ਧਰੀਐ।
ਰਾਜ ਬਿਰਾਨਾ[5] ਜਾਨੈ ਜੋਈ। ਖਸਮ ਖੁਦਾਇ ਏਕ ਦਿਲ ਹੋਈ ॥ [੨੯੩॥]
ਸਵਾਧਾਨ ਮਨ ਅਪਨਾ ਕੀਜੈ। ਦਫਤਰ ਮੁਨਸੀ ਰੈਯਤ ਨ ਭੀਜੈ।
ਨਹਿ ਅਤਿ ਵੈਰ ਨ ਮਿਤ੍ਰਾਚਾਰੀ। ਨਿਪੁਨ ਸੁ ਕਾਰਜ ਮੈ ਨਿਰਧਾਰੀ ॥ [੨੯੪॥]
ਰੈਯਤ ਨਜਰ ਸਿੰਘ ਕੀ ਹੋਈ। ਅਪਨਾ ਮਿਤ੍ਰ ਨ ਜਾਨੈ ਕੋਈ।
ਆਜਿਜ ਮੈ ਹੋਇ ਗ੍ਰਾਲ ਪਛਾਨਾ। ਦਿਸ੍ਰ ਕਠੋਰ ਸੋ ਮਨ ਰਹਮਾਨਾ ॥ [੨੯੫॥]
ਕਰਮ ਪ੍ਰਤਾਪ ਆਪਨੋ ਜਾਨੈ। ਬੁਰੇ ਕਰਮ ਮੈ ਮਨ ਨਹੀ ਆਨ।
ਤਾ ਤੈ ਰਾਜਨੀਤ ਯੌ ਆਹੀ। ਸਬ ਹੀ ਗੁਨ ਲੀਜੈ ਅਵਿਗਾਹੀ[6] ॥੭੭॥ [੨੯੬॥]

ਦੋਹਰਾ। ਮਾਲੀ ਗੁਆਲੀ[7] ਪਾਸਰੀ[8], ਰਾਜਾ ਔਰ ਮਹੰਤ।
ਮਾਮ ਦਾਮ[9] ਗੁਨ ਜਾਹਿ ਮੈ, ਸੋ ਜਾਨੋ ਬੁਧਿਵੰਤ ॥੭੮॥ [੨੯੭॥]

ਚੌਪਈ। ਹਮ ਤੁਮ ਕੋ ਦੇ ਵਸਤੂ ਅਪਾਰਾ। ਤੁਮ ਜਾਨੈ ਨਹੀ ਮਨ ਨਿਰਧਾਰਾ।
ਜਬ ਹੀ ਰਾਜ ਖਾਲਸ ਕਾ ਹੋਈ। ਤਬ ਮਾਲੂਮ ਏਹ ਵਸਤ ਸੋ ਸੋਈ ॥ [੨੯੮॥]
ਤੁਮਰਾ ਜੋ ਹੰਕਾਰ ਹੈ ਜਾਨਾ। ਖਾਲਸ ਮੈ ਹੋਇ ਜੈ ਹੈ ਛਾਨਾ।
ਤੁਮਰੀ ਟਹਲ ਸਫਲ ਕੇ ਕਾਜਾ। ਤਬ ਹਮਰੇ ਮਨ ਭੀਤਰ ਛਾਜਾ" ॥ [੨੯੯॥]

---

1. ਦਿਨ ਰਾਤ। 2. ਜਗ੍ਹਾ, ਥਾਂ। 3. ਸਿੱਖ ਇਤਿਹਾਸ ਦੇ ਅਨੁਸਾਰ ਗ਼ਨੀ ਖ਼ਾਨ ਨੇ ਨਬੀ ਖ਼ਾਨ ਨੂੰ ਇਹ ਹੁਕਮਨਾਮਾ ਗੁਰੂ ਦਸ਼ਮੇਸ਼ ਜੀ ਨੇ ਪਿੰਡ ਹੇਹਰ (ਜ਼ਿਲਾ ਲੁਧਿਆਣਾ) ਵਿਖੇ, ਜਦ ਉਹ ਗੁਰੂ ਜੀ ਨੂੰ ਉੱਚ ਦੇ ਪੀਰ ਦੇ ਰੂਪ ਵਿਚ ਮਾਛੀਵਾੜੇ ਤੋਂ ਪਲੰਘ ਤੇ ਬਿਠਾ ਕੇ ਲੈ ਗਏ ਸਨ, ਬਖ਼ਸ਼ਿਆ ਸੀ (ਦੇਖੋ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼* ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ) 4. ਗੰਢ। 5. ਬਿਗਾਨਾ। 6. ਵਿਚਾਰ, ਖੋਜ। 7. ਗਵਾਲਾ, ਅਹੀਰ। 8. ਪਾਸਾ ਖੇਡਣ ਵਾਲਾ। 9. ਮਾਮ, ਦਾਮ, ਦੰਡ, ਭੇਦ ਆਦਿ।

ਯੋ ਸੁਨ ਖਾਨ ਲੀਨ ਸਿਰ ਮਾਹੀ। ਭਏ ਪ੍ਰਸੰਨ ਨਾਥ ਬਨ ਗਾਹੀ।
ਰੂਪ ਅਨੂਪ ਧਰਤ ਜੋ ਆਏ। ਕੌਨ ਕਹੈ, ਕੋ ਲਖੈ ਨ ਜਾਏ ॥ [੩੦੦॥]
ਅਨੇਕ ਸਾਂਗ ਕਰ ਅਏ ਸੁ ਤਾਰਨ। ਇਹ ਸ੍ਰੀ ਗੁਰ ਆਏ ਬੈਰਾੜਨ[1]।
ਜੀਵ ਕਹਾ ਤਿਹ ਸਕਤ ਸੁਨਾਏ। ਜੋ ਕਰਤੱਬ ਕੀਨ ਗੁਰ ਭਾਏ ॥ [੩੦੧॥]
ਸੁਨੋ ਸਿੰਘ ਯਹਿ ਕਥਾ ਸੁਨਾਊਂ। ਗ੍ਰੰਥਿ ਬਢਨ ਤੇ ਅਤਿ ਸਕੁਚਾਊਂ।
ਦੇਸ ਮਾਲਵਾ ਸੁਮਤਿ ਸੁ ਲੱਛਨ। ਕਾਂਗੜ[2] ਨਗਰ ਬਸਤ ਸੁਭ ਦੱਛਨ।
ਕੇਤਕ ਕਾਲ ਬਸੇ ਉਹ ਥਾਨੀ। ਦੇਸ ਦੇਸ ਮੈ ਖਬਰ ਸਿਧਾਨੀ[3] ॥੭੯॥ [੩੦੨॥]

**ਦੋਹਰਾ।** ਸਰਬ ਦੇਸ ਬੈਰਾੜ ਕੋ ਮਨ ਬਚ ਕਰਮ ਬਿਚਾਰ।
ਭਯੋ ਸਿੱਖ ਤਬ ਖਾਲਸਾ, ਸਤਿਗੁਰ ਕੈ ਦਰਬਾਰ ॥੮੦॥ [੩੦੩॥]

**ਚੌਪਈ।** ਇਕ ਸੰਗਤਿ ਆਵੈ ਇਕ ਜਾਈ। ਦਰਸਨ ਕੈ[4] ਨਖ ਸਿਖ[5] ਸੀਅਰਾਈ[6]।
ਇਹ ਬਿਧਿ ਅਦਭੁਤ ਦਰਸਨ ਦੀਨੇ। ਭੈ ਨਿਵਾਰ ਨਿਰਭੈ ਕਰ ਲੀਨੇ ॥ [੩੦੪॥]
ਬਖਸ ਕੀਨ ਤਿਹ ਦੇਸ ਅਪਾਰੋ। ਸੁਖੀ ਭਯੋ ਆਲਮ[7] ਤਬ ਸਾਰੋ।
ਅਧਮ[8] ਜੀਵ ਜੋ ਦਰਸਨ ਲਾਗੇ। ਸਤਿਨਾਮ ਤਿਹ ਹਰਿ ਅਨੁਰਾਗੇ ॥ [੩੦੫॥]
ਕ੍ਰਿਪਾ ਸਿੰਧੁ ਬਸਤ ਤਾ ਥਾਨਾ। ਅਦਭੁਤ ਰੂਪ ਸਗਲਸੁਖ ਦਾਨਾ।
ਯਾ ਬਿਧਿ ਕਹੈਂ ਖਾਲਸੇ ਤਾਈਂ। "ਹਨ ਹੈਂ[9] ਤੁਰਕ ਸੋ ਰਚੈਂ ਉਪਾਈ" ॥ [੩੦੬॥]
ਸੁਨ ਕਰ ਬੈਨ ਖਾਲਸਾ ਕਹਈ। "ਬਾਦਸ਼ਾਹ ਅਤਿ ਪ੍ਰਬਲ ਸੁ ਅਹਈ[10]।
ਤਾ ਸੋ ਕਈ ਲਾਖ ਹੈ ਸੈਨਾ। ਜਜੋਂ ਆਯਸ ਤੁਮਰੀ ਮਨ ਚੈਨਾ" ॥ [੩੦੭॥]
ਕਰੈ ਖਾਲਸਾ ਤਾਹਿ ਪੁਕਾਰੀ। ਗੁਰ ਤਬ ਲਿਖੀ ਪਤ੍ਰਿਕਾ ਭਾਰੀ।
'ਜਫਰ ਨਾਮ[11] ਹੈ ਸਭ ਜਗ ਜਾਨੈ। ਲਿਖੀ ਹਿਕਾਯਤ[12] ਦ੍ਵਾਦਸ[13] ਤਾ ਮੈ ॥ [੩੦੮॥]
ਸੂਬੇ ਉਮਰਾਵਨ[14] ਕੀ ਬਾਤਾ। ਤਾ ਮੈ ਲਿਖੇ ਸੁ ਪੁਰਖੁ ਬਿਧਾਤਾ।
ਬਾਦਸਾਹਨ ਕੀ ਕਥਾ ਸੁ ਜਾਨੋ। ਪੈਕੰਬਰ ਕੇ ਭੇਦ ਪ੍ਰਮਾਨੋ ॥ [੩੦੯॥]
ਕਸਮ ਕੁਰਾਨ ਝੂਠ ਜੋ ਖਾਈ। ਤਾ ਤੇ ਮੁਰ[15] ਸੁਤ ਸੈਨ ਪਰਾਈ।
ਜੁੱਧ ਕਿਧੋ[16] ਚਮਕੌਰ ਜੁ ਸਾਰਾ। ਭਿੰਨ ਭਿੰਨ ਤਾ ਮੈ ਲਿਖ ਡਾਰਾ ॥ [੩੧੦॥]
ਝੂਠ ਪੇਚ ਕੈ ਕਸਮ ਜੋ ਖਾਈ। ਅਗ੍ਰ[17] ਸੁ ਦਹਿ[18] ਲਖ ਸੈਨ[19] ਪਠਾਈ[20]।
ਗਾਫਲ ਹ੍ਵੈ ਕੀਓ ਕਾਮ ਗਵਾਰਾ। ਲੈ ਹੋ ਲੇਖਾ ਮੈ ਦਰਬਾਰਾ ॥ [੩੧੧॥]
ਇਹੁ ਸਭ ਸੀਸ ਬੋਝ ਹੈ ਤੇਰੇ। ਸਤਿ ਜਾਨ ਯਹਿ ਬਚਨ ਸੁ ਮੇਰੇ।
ਤੇਰੇ ਘਰ ਇਨਸਾਫ ਸੁ ਨਾਹੀ। ਸੁਨ ਬਚ ਕੂੜ ਗ੍ਵਾਰ[21] ਮਨ ਮਾਹੀ ॥ [੩੧੨॥]
ਸਾਹਿਬ ਸਦਾ ਅਦਾਲਤੀ ਜਾਨਾ। ਕਜਾਮਤ[22] ਰੋਜ ਕਰੈ ਸੁਧ ਮਾਨਾ।

---

1. ਬੈਰਾੜਾਂ ਦੇ ਦੇਸ਼ (ਮਾਲਵੇ) ਵਿਚ। 2. ਪਿੰਡ ਕਾਂਗੜ (ਜ਼ਿਲਾ ਬੱਠਿੰਡਾ ਦਾ ਇਕ ਪਿੰਡ), ਜੋ ਦੀਨੇ ਤੋਂ ਦੋ ਕੁ ਮੀਲ ਦੀ ਦੂਰੀ ਤੇ ਹੈ। 3. ਚਲੀ ਗਈ। 4. ਕਰ ਕੇ। 5. ਪੈਰ ਦੇ ਅੰਗੂਠੇ ਦੇ ਨਹੁੰਆਂ ਤੋਂ ਲੈ ਕੇ ਸਿਰ ਦੀ ਚੋਟੀ ਤਕ। 6. ਸੀਤਲ ਕਰਦੇ ਹੋਏ। 7. ਸੰਸਾਰ। 8. ਨੀਚ। 9. ਮਾਰਾਂਗੇ। 10. ਹੈ। 11. ਜ਼ਫ਼ਰਨਾਮਾ (ਦਸਮ ਗ੍ਰੰਥ ਦੀ ਇਕ ਪ੍ਰਸਿੱਧ ਫ਼ਾਰਸੀ ਰਚਨਾ)। 12. ਕਥਾ, ਕਹਾਣੀ। 13. ਦੋ ਤੇ ਦਸ ਬਾਰਾਂ। 14. ਅਮੀਰਾਂ। 15. ਮੇਰੇ (ਸ੍ਰੀ ਦਸ਼ਮੇਸ਼ ਜੀ ਦੇ)। 16. ਉਸ ਸਮੇਂ। 17. ਅੱਗੋਂ। 18. ਦਸ। 19. ਫ਼ੌਜ। 20. ਚੜ੍ਹਾਈ, ਭੇਜੀ। 21. ਗਵਾਰ, ਮੂਰਖ। 22. ਪ੍ਰਲੋ (ਪ੍ਰਲਯ) ਸਮੇਂ।

ਰੂਹ ਬੁਲਾਇ ਕਰੈ ਅਦਲਾਹੀ[1]। ਸਾਚੋ ਦੁਆਰ ਲਖੋ ਤਹਿ ਜਾਈ ॥ [੩੧੩॥]
ਤਿਹ ਠਾਂ ਜ਼ਾਬ ਕੌਨ ਸੋ ਦੇਹੀ। ਸੋਇ ਢੂੰਢ ਰਾਖੋ ਮਨ ਲੇਹੀ।
ਜੋ ਤਿਯਾਰ ਕਰ ਰਾਖੇ ਭਾਈ। ਜੇਤੇ ਦੋਜਕ ਈਸ[2] ਬਨਾਈ।
ਬੇਇਨਸਾਫ ਪਾਪੀਅਨ ਹੇਤਾ। ਰੰਕ[3] ਸਾਹਿ[4] ਜਿਹ ਸਮ ਨਿਰਖੇਤਾ[5] ॥੯੧॥ [੩੧੪॥]

ਦੋਹਰਾ। ਜੇ ਤੇਰੇ ਮਨ ਕੇ ਬਿਖੈ[6], ਯਾ ਬਿਧਿ ਹੋਇ ਗੁਮਾਨ।
ਮਿਹਨਤ ਕਰ ਕੈ ਖ਼ਾਤ ਹੋ, ਸੂਛਮ ਜਵ[7] ਕੋ ਧਾਨ ॥੯੨॥ [੩੧੫॥]

ਚੌਪਈ। ਜੋ ਖਾਧੇ ਤੇ ਭਿਸਤ[8] ਜੋ ਹੋਈ। ਹੈ[9] ਸਮ ਮਿਹਨਤ ਕਰੈ ਨ ਕੋਈ।
ਜੇ ਵਹਿ ਅੱਸਵ[10] ਭਿਸਤ ਸਿਧੈ ਹੈਂ। ਤਾ ਪਾਛੈ ਤੂੰ ਭੀ ਫਿਰ ਜੈ ਹੈਂ ॥ [੩੧੬॥]
ਜੇ ਤੇਰੇ ਮਨ ਮੈ ਸੁ ਗੁਮਾਨਾ। ਮੈ ਨਿਜ ਪੜੇ ਕਤੇਬ ਕੁਰਾਨਾ।
ਅਮਲਾਂ ਬਿਨਾ ਭਿਸਤ ਨਹਿ ਹੋਈ। ਮਨ ਕੋ ਕਰੇ ਖ਼੍ਵਾਰ ਸੋ ਸੋਈ ॥੯੩॥ [੩੧੭॥]

ਦੋਹਰਾ। ਬਦਰਾ[11] ਪੰਛੀ ਪਰਨ[12] ਪਰ, ਲਿਖਜੇ ਕੁਰਾਨ ਬਨਾਇ।
ਬਿਨ ਅਮਲਾਂ ਕੋਈ ਭਿਸਤ ਨਹਿ, ਦੇਖੋ ਮਨ ਚਿਤ ਲਾਇ ॥੯੪॥ [੩੧੮]

ਚੌਪਈ। ਜੇ ਤੇਰੇ ਮਨ ਮੈ ਯੌਂ ਆਈ। ਕਰੌਂ ਬੰਦਗੀ ਮੈ ਸੁ ਬਨਾਈ।
ਤਾ ਤੇ ਖਾਲਕ[13] ਬਖਸ ਸੁ ਲੈ ਹੈਂ। ਝੂਠਾ ਤੇ ਸਾਚਾ ਮੋ[14] ਕੈ ਹੈਂ[15] ॥ [੩੧੯॥]
ਸਾਚ ਬੰਦਗੀ ਇਸੈ ਨ ਜਾਨੋ। ਚਾਰ ਰੁਬਾਇਤ[16] ਪੜ੍ਹੀ ਜੁਬਾਨੋ।
ਮਨ ਤੋ ਰਹਾ ਖਿਲਤ[17] ਕਈ ਥਾਨਾ। ਮੁਖ ਤੇ ਪੜੀ ਕਤੇਬ ਕੁਰਾਨਾ ॥ [੩੨੦॥]
ਅਮਲਾਂ ਬਿਨਾ ਭਿਸਤ ਨਹਿ ਕੋਈ। ਬੇਦ ਪੁਰਾਨ ਪੁਕਾਰਤ ਸੋਈ।
ਮਨ ਕੀ ਖੁਸੀ ਕਾਜ ਯਹਿ ਜਾਨੋ। ਮਾਰੇ ਬਾਪ ਬਿਰਾਦਰ[18] ਮਾਨੋ ॥੯੫॥ [੩੨੧॥]

ਦੋਹਰਾ। ਜੋ ਤੇਰੇ ਨਿਜ ਮਨ ਬਿਖੈ, ਆਈ ਯਾ ਬਿਧਿ ਬਾਤ।
ਮੈ ਹੋ ਉਮਤ[19] ਪਿਕੰਬਰੀ, ਵਹ ਨਿਜ ਭਰਗੁ[20] ਸਫਾਤ[21] ॥੯੬॥ [੩੨੨॥]

ਚੌਪਈ। ਯਹਿ ਭੀ ਤੇਰੋ ਝੂਠ ਗੁਮਾਨਾ। ਪਿਕੰਬਰ ਯੋ ਕਰ ਕਰਤ ਬਖਾਨਾ।
ਜੋ ਮੇਰੇ ਬਚਨੋ ਮੈ ਐ ਹੈਂ। ਤਾ ਕੀ ਸਾਖ[22] ਪਿਕੰਬਰ ਦੈ ਹੈਂ ॥ [੩੨੩॥]
ਜਿਨ ਹੂੰ ਘਾਲ ਸਾਹਿਬ ਦਰ ਘਾਲੀ। ਤਿਨ ਕੋ ਸਹੀ ਪਿਕੰਬਰ ਵਾਲੀ।
ਜੋ ਤੂੰ ਇਹਿ ਬਿਧਿ ਬੈਨ ਬਖਾਨੈ। ਹਿੰਦੂ ਬੁਤ ਕਰੈ ਮੈ ਹਾਨੈ ॥ [੩੨੪॥]
ਯਹਿ ਭੀ ਤੇਰੋ ਝੂਰ ਪਵਾਰਾ[23]। ਤਾ ਕੋ ਸਾਹਦ[24] ਹੈ ਕਰਤਾਰਾ।
ਏਕ ਬੁਤ ਤੈਂ ਦਯੋ ਭਨਾਈ। ਘਰ ਘਰ ਪੂਜਾ ਬੁਤ ਬਨਾਈ ॥ [੩੨੫॥]
ਆਪ ਤਜਾਗ ਭੰਨੇ ਖੁਦ ਜੋਈ। ਖਾਲਕ ਤਾਹਿ ਪਰਾਪਤ ਹੋਈ।
ਇਹ ਬਿਧਿ ਪਾਤਸਾਹ ਕੇ ਸੰਗਾ। ਕਰੁਨਾ ਨਿਧਿ[25] ਲਿਖ ਹੁਕਮ ਨਿਸੰਗਾ ॥੯੭॥ [੩੨੬॥]

---

1. ਇਨਸਾਫ਼। 2. ਈਸ਼੍ਵਰ। 3. ਕੰਗਾਲ, ਗਰੀਬ। 4. ਸੇਠ, ਅਮੀਰ। 5. ਨਿਰਖ ਕਰਦਾ ਹੈ। 6. 'ਜੇ ਤੇਰੇ ਨਿਜ ਮਨ ਬਿਖੈ' (ਖ਼੍ਹਾ. ਕਾ. ਆ. ੬੦੫)। 7. ਜੌਂ। 8. ਸ੍ਵਰਗ। 9. ਘੋੜਾ। 10. ਘੋੜਾ। 11. ਹੁਮਾ ਪੰਛੀ ਦੀ ਤਰ੍ਹਾਂ ਇਕ ਜਾਨਵਰ। 12. ਖੰਭ। 13. ਖ਼ਲਕਤ ਦਾ ਮਾਲਿਕ, ਕਰਤਾਰ। 14. ਮੈਨੂੰ। 15. ਕਰੇਗਾ। 16. ਰੁਕਆਤ (ਕੁਰਾਨ ਦੀ)। 17. ਖੇਡਦਾ। 18. ਹੇ ਔਰੰਗਜ਼ੇਬ! ਤੂੰ ਆਪਣੇ ਬਾਪ (ਸ਼ਾਹਜਹਾਂ) ਤੇ ਬਹਾਦਰ (ਭਰਾ), ਦਾਰਾ ਸ਼ਿਕੋਹ ਆਦਿ ਮਰਵਾਏ। 19. ਕੌਮ। 20. ਭਰੇਗਾ। 21. ਸ਼ਿਫ਼ਾਇਤ, ਸਿਫ਼ਾਰਿਸ਼। 22. ਗਵਾਹੀ। 23. ਪੁਆੜਾ। 24. ਗਵਾਹ। 25. ਕਰੁਣਾ (ਦਯਾ, ਕ੍ਰਿਪਾ) ਨਿਧਿ (ਖ਼ਜਾਨਾ, ਭੰਡਾਰ)।

**ਦੋਹਰਾ।** ਜੇ ਤੇਰੇ ਨਿਜ ਮਨ ਬਿਖੈ, ਹੈ ਕਛੂ ਰਾਸ ਪ੍ਰਕਾਰ।
ਲੇ ਹਜਾਰ ਅਸਵਾਰ ਕੋ, ਆਉ ਹਮ ਪਾਹਿ ਸੁ ਧਾਰ ॥੮੮॥ [੩੨੭॥]

**ਚੌਪਈ।** ਕਰੁਨਾ ਅਧਿਕ ਤੋਹ ਪਰ ਕਰਹੋਂ। ਸਰਬ ਖਤਾ[1] ਤੁਮਰੇ ਪ੍ਰਹਰਹੋਂ[2]।
ਕਰੀਏ ਦੋਇ ਜੁਬਾਨੀ ਬਾਤਾ। ਤਬ ਹੋਵੈ ਇਤ ਉਤ[3] ਕੁਸਰਾਤਾ[4] ॥ [੩੨੮॥]
ਖਤਰਾ ਤਨਿਕ[5] ਰਾਹਿ ਤੁਹਿ ਨਾਹੀ। ਕੁਲ ਬੈਰਾੜ ਹੁਕਮ ਮੇ ਆਹੀ[6]।
ਕਸਬੇ ਕਾਂਗੜ ਮੱਧ ਜੇ ਆਵੈ। ਜੋ ਚਿਤ ਰੁਚੈ ਵਹੈ ਬਰ ਪਾਵੈ ॥੮੯॥ [੩੨੯॥]

**ਦੋਹਰਾ।** ਜਿਤਨੇ ਮੇਰੇ ਖੂਨ ਤੈਂ, ਕਰੇ ਗਾਫਲ ਹੈਵਾਨ[7]।
ਤਿਨ ਕਾ ਲੇਖਾ ਲੇਹੁਗੋ, ਸਾਹਿਬ ਸਰੈ ਦਿਵਾਨ[8] ॥੯੦॥ [੩੩੦॥]
ਇਹ ਬਿਧਿ ਕਥਾ ਅਨੰਤ[9] ਲਿਖ, ਭਾਂਤਿ ਭਾਂਤਿ ਬਿਸਥਾਰ।
"ਬਿਜੈ ਨਾਮ[10]" ਤਿਹ ਨਾਮ ਧਰ, ਸਿੱਕਾ ਹਨਜੋ[11] ਬਿਚਾਰ ॥੯੧॥ [੩੩੧॥]
ਪੂਰਨ ਭਯੋ ਸੋ ਖੋਰਸੋ[12], ਧਜਾਇ ਸੁਖਦ[13] ਪਰਮਾਨ।
ਯਾਹਿ ਕਥਾ ਸੁਨ ਹੈ ਭਲੀ, ਹੇਤ ਮੋਖ ਸੁਖ ਦਾਨ ॥੯੨॥ [੩੩੨॥]
ਇਤਿ ਸ੍ਰੀ ਗੁਰਬਿਲਾਸ ਬਰ[14] ਪਾਵਨ[15]। ਖੋੜਸ ਧਜਾਇ ਸੁਖਦ ਬਰ ਭਾਵਨ[16] ॥੧੬॥

---

1. ਗੁਨਾਹ, ਅਪਰਾਧ। 2. ਖ਼ਤਮ ਕਰਦਾ ਹਾਂ। 3. ਇੱਥੇ ਉੱਥੇ। 4. ਆਨੰਦ, ਕੁਸ਼ਲ। 5. ਥੋੜਾ ਜੇਹਾ। 6. ਹਨ। 7. ਪਸ਼ੂ। 8. ਸਾਹਿਬ (ਅਕਾਲ ਪੁਰਖ) ਦੀ ਭਰੀ ਅਦਾਲਤ (ਸਰੇ ਦੀਵਾਨ) ਵਿਚ। 9. ਅੰਤ ਤੋਂ ਰਹਿਤ, ਬਹੁਤ। 10. ਅਰਥਾਤ 'ਜ਼ਫ਼ਰਨਾਮਾ'। 11. ਮੋਹਰ ਲਾ ਦਿੱਤੀ। 12. ਸੋਲ੍ਹਵਾਂ। 13. ਸੁਖਦਾਇਕ। 14. ਸ੍ਰੇਸ਼ਟ। 15. ਪਵਿਤ੍ਰ। 16. ਚੰਗਾ (ਮਨ) ਭਾਉਂਦਾ।

ਸਤਾਰ੍ਹਵਾਂ ਅਧਿਆਇ

# ਭਾਈ ਦਯਾ ਸਿੰਘ ਜੀ ਔਰੰਗਜ਼ੇਬ ਪਾਸ ਜ਼ਫਰਨਾਮਾ ਲੈ ਕੇ ਗਏ

ਦੋਹਰਾ। ਯਾ ਸਤ੍ਹੇ ਅਧਜਾਇ ਮੈ, ਪਠੈਂ[1] ਦਯਾ ਸਿੰਘ ਆਪ।
ਪੁਨਿ ਹਜਰਤ[2] ਮ੍ਰਿਤੁ ਹੋਇਗੋ, ਕਥਾ ਸੁਖਦ ਬਰ ਥਾਪ ॥੧॥

ਝੂਲਨਾ। ਕਹੀ ਸਮਝਾਇ ਕਰਤਾਰ[3] ਤਾਹੀ ਸਮੈਂ, "ਲਿਖਾ ਔਰੰਗ ਕੇ ਹਾਥ ਦੀਜੋ।
ਸਾਥ ਸਹਾਇ ਯੌਂ ਜਾਨ ਮੇਰਾ ਬਚਨ, ਨਾਹਿ ਮਨ ਮਾਹਿ ਕਛੁ ਸ਼ੰਕ ਕੀਜੋ।
ਤੀਨ ਦੋ ਪਾਂਚ[4] ਤੇ ਪਾਸ ਤੇ ਖਾਲਸੇ, ਖਰਚ ਦਰਬਾਰ ਬੀਚਾਰ ਲੀਜੋ।
ਸਾਹਿ ਪੈ ਜਾਇ ਦਰਸਾਇ ਦਰਬਾਰ ਮੈ, ਬੇਗ ਫੁਰਮਾਨ ਤਯਾਰ ਕੀਜੋ" ॥੨॥

ਦੋਹਰਾ। ਇਹ ਬਿਧਿ ਅਤਿ ਸਮਝਾਇ ਕੈ, ਕ੍ਰਿਪਾ ਸਿੰਧ ਕਰਤਾਰ।
ਦਯਾ ਸਿੰਘ ਕੋ ਪਠਜੋ ਤਬ, ਹਜਰਤ ਤੀਰ[5] ਸੁ ਧਾਰ ॥੩॥
ਬਿਦਾ ਭਯੋ ਤਾਹੀ ਸਮੈ, ਗੁਰ ਪਦ ਸੀਸ ਨਿਵਾਇ।
ਅਹਿਦੀ ਭੇਸ ਬਨਾਇ ਕੈ, ਚਲਜੋ ਸਿੰਘ ਤਬ ਧਾਇ ॥੪॥

ਚੌਪਈ। ਅਹਿਦੀ ਭੇਸ ਕਰ ਸਿੰਘ ਸਿਧਾਯੋ। ਲੇਤ ਬਿਗਾਰ ਗਾਂਵ ਸਰ ਆਯੋ।
ਦਿੱਲੀ ਸਹਰ ਪਹੂਚਜੋ ਆਈ। ਕਿਤਕ ਕਾਲ[6] ਇਹ ਭਾਂਤਿ ਬਿਤਾਈ ॥ [੫॥]
ਦਿੱਲੀ ਦਯਾ ਸਿੰਘ ਜੋ ਆਯਸ[7]। ਸੁਨ ਸਬ ਖਬਰ ਖਾਲਸੇ ਪਾਇਸ[8]।
ਕਰਜੋ ਜੋੜ ਸੰਗਤ ਮੈ ਜਾਈ। ਸਰਬ ਖਬਰ ਸਤਿਗੁਰ ਕੀ ਪਾਈ ॥੫॥ [੬॥]

ਭੁਜੰਗ ਛੰਦ। ਮਿਲੀ ਸਾਧ ਸੰਗਤ ਬਡੋ ਸੁਖ ਪਾਯੋ। ਹੁਕਮ ਕਾਢ ਕੈ ਤਾਹਿ ਸੰਗਤ ਬਚਾਯੋ।
ਲਏ ਦਾਮ ਜੇਤੇ ਲਿਖੈ ਤਾਹਿ ਨਾਮੰ। ਚਲਜੋ ਕੂਚ ਕੈ ਕੈ ਕੀਯੋ ਨਾਹਿ ਕਾਮੰ ॥੬॥ [੭॥]

ਚੌਪਈ। ਜਬੈ ਸਾਹਿ ਅਗ੍ਰ[9] ਸੁਨਿ ਪਾਯੋ। ਚਲ ਤਬ ਸਿੰਘ ਆਗਰੇ ਆਯੋ।
ਸੁਨੀ ਖਬਰ ਹਜਰਤ ਕੀ ਸਾਰੀ। ਕਰਤ ਕਾਮ ਗਯੋ ਅਗ੍ਰ[10] ਸਿਧਾਰੀ ॥ [੮॥]
ਚੰਬਲ[11] ਪਾਰ ਗੁਲੇਰ[12] ਸਿਧਾਯੋ। ਨਰਵਰ[13] ਕਾਲੇ ਬਾਗ[14] ਸੁ ਧਾਯੋ।
ਛੋੜ ਸੁਰੋਜ[15] ਸੁ ਅਗ੍ਰ ਸਿਧਾਯੋ। ਪੁਰੀ ਉਜੈਨ[16] ਪਾਰ ਤਬ ਧਾਯੋ ॥ [੯॥]

---

1. ਭੇਜਦੇ ਹਨ। 2. ਸ਼ਾਹ ਔਰੰਗਜ਼ੇਬ। 3. ਕਰਤਾ ਪੁਰਖ ਸ੍ਰੀ ਦਸ਼ਮੇਸ਼ ਜੀ ਨੇ। 4. ਪੰਜ ਸਿੰਘ (ਗੁਰੂ ਜੀ ਨੇ ਭਾਈ ਦਯਾ ਸਿੰਘ ਦੇ ਨਾਲ ਭੇਜੇ)। 5. ਕੋਲ। 6. ਸਮਾਂ 7. ਆਇਆ। 8. ਪਾਈ। 9. ਅਗਾਂਹ, ਅੱਗੇ। 10. 'ਜਬੈ ਸਾਹਿ ਆਗੈ।' (ਸਿ. ਰੈ. ਲਾ. ੧੧੯੮)। 11. ਚੰਬਲ ਦਰਿਆ ਜੋ ਇੰਦੌਰ ਦੇ ਇਲਾਕੇ ਵਿਚ ਵਹਿੰਦਾ ਹੈ। 12. ਗਵਾਲੀਅਰ। 13. ਇਕ ਪ੍ਰਸਿੱਧ ਨਗਰ, ਜੋ ਗਵਾਲੀਅਰ ਤੋਂ ੪੦ ਮੀਲ ਦੱਖਣ-ਪੱਛਮ ਵੱਲ ਹੈ। ਇਹ ਨਗਰ (ਨਲਪੁਰ) ਕਿਸੇ ਸਮੇਂ ਰਾਜਾ ਨਲ ਦੀ ਰਾਜਧਾਨੀ ਸੀ। 14. ਉਜੈਨ ਦੇ ਲਾਗੇ ਇਕ ਨਗਰ। 15. ਸਹੀ (ਠੀਕ) ਨਾਮ ਸਿਰੋਂਜ। ਇਹ ਟਾਂਕੂ ਦੇ ਇਲਾਕੇ ਵਿਚ ਇਕ ਮਸ਼ਹੂਰ ਨਗਰ ਹੈ। 16. ਮਾਲਵੇ ਦਾ ਪ੍ਰਸਿੱਧ ਨਗਰ ਉੱਜੈਨ।

ਨਦੀ ਨਰਬਦਾ[1] ਪਾਰ ਸਿਧਾਯੋ[2]।
ਜਾਹਿ ਮਾਲਵੇ[3] ਕੋਹ ਸੁ ਭਾਰੇ। ਲਗੀ ਸੁ ਅਚਵੀ[4] ਸਾਹਿ ਬੀਚਾਰੇ ॥ [੧੦॥]
ਤਾ ਤੇ ਸਿਰੀ ਸੇਰ ਗੜ੍ਹ[5] ਆਯੋ। ਪੁਰ ਬੁਰਹਾਨ[6] ਸੁ ਬਹੁੜ ਸਿਧਾਯੋ।
ਹੋਰ ਸਵਾਰ ਤਹਾਂ ਤੇ ਧਾਵਾ। ਸਹਰ ਅਉਰੰਗਾਬਾਦ[7] ਸੁਹਾਵਾ ॥ [੧੧॥]
ਕੈ ਕਾਰਜ ਤਾ ਤੇ ਮਤਿਸਾਰਾ। ਨਗਰ ਅਹਿਮਦਾਬਾਦ[8] ਸਿਧਾਰਾ।
ਉਤਰਾ ਤਵਨ[9] ਸਹਿਰ ਮੈ ਆਈ। ਹਜਰਤ[10] ਜਹਾਂ ਛਾਵਨੀ ਪਾਈ ॥ [੧੨॥]
ਤਨਿਕ ਭਨਕ[11] ਤਾਕੀ ਸੁਨ ਸਾਰੀ। ਜੇਠਾ ਸਿੰਘ[12] ਸੁ ਲੀਨ ਹੰਕਾਰੀ[13]।
ਰਹੈ ਧਾਮ[14] ਤਾ ਕੇ ਬਰ ਮਾਹੀ। ਭੋਰ ਭਏ ਧਰਮਸਾਲ[15] ਸਿਧਾਹੀ।
ਸੰਗਤ ਬੀਚ ਜਬੈ ਸਿੰਘ ਆਯੋ। ਹੁਕਮ ਕਾਢ ਕੈ ਤਿਨੈ ਦਿਖਾਯੋ ॥੭॥ [੧੩॥]

**ਝੂਲਨਾ।** ਸਿੰਘ ਤਾਹੀ ਸਮੈ ਆਨ ਦੱਛਨ ਦਿਸਾ, ਮੇਲ ਸਤਿਸੰਗ ਬੀਚਾਰ ਕੀਨਾ।
ਕਹੋ ਜਿਹ ਭਾਂਤਿ ਤਿਹ ਭਾਂਤਿ ਅਰਜੀ ਕਰੈਂ, ਸਾਹ ਕੋ ਲਿਖਾ ਗੁਰ ਆਪ ਦੀਨਾ।
ਬਾਕ ਵੀਚਾਰ ਵਿਸਥਾਰ ਕੇਤਾ[16] ਭਯੋ, ਭਰਮ ਭਲੇ ਜਿਵੈ ਬੇਦਰੀਨਾ[17]।
ਹੁਕਮ ਕਰਤਾਰ ਕਾ ਮਾਨ ਕੇ ਖਾਲਸੇ, ਪ੍ਰੀਤ ਸੋ ਆਪਨੇ ਸੀਸ ਲੀਨਾ ॥੮॥ [੧੪॥]

**ਦੋਹਰਾ।** ਮਨ ਬਚ ਕਰਮ ਕਰ ਭਾਵਨੀ[18], ਅਤਿ ਚਿਤ ਮੋਦ ਬਢਾਇ।
ਨਿਸ[19] ਦਿਨ ਸੇਵਾ ਸਿੰਘ ਕੀ, ਕਰੀ ਖਾਲਸੇ ਜਾਇ ॥੯॥ [੧੫॥]

**ਚੋਪਈ।** ਮਾਇਆ ਕੇ ਮਦ ਸੋਂ[20] ਜੜ ਭੂਲੇ। ਐਂਡੇ ਫਿਰੈਂ ਹੁਕਮ ਨਹੀ ਘੂਲੇ।
ਫੀਕੇ ਬੈਨ ਕਹੈਂ ਅਤਿ ਭਾਰੀ। ਪ੍ਰਭੁ ਕੀ ਕ੍ਰਿਆ ਨ ਕਿਨੇ ਨਿਹਾਰੀ ॥ [੧੬॥]
ਜਿਹ ਜਿਹ ਘਾਤ ਸਿੰਘ ਕਿਛੁ ਕਰੈ। ਜਿਹੀ ਉਪਾਵ ਅਰਜ ਕੋ ਧਰੈ।
ਤਨਿਕ ਭਨਕ ਤਾ ਕੀ ਸੁਨ ਪਾਵੈ। ਅਗੁ ਸੁ ਜਾਇ ਮਨੇ ਕਰ ਆਵੈ[21] ॥ [੧੭॥]
ਅਨਿਕ ਉਪਾਇ ਸਿੰਘ ਨੇ ਕਰੈ। ਛੰਦ ਬੰਦ[22] ਕਿਛੁ ਕਾਜ ਨ ਸਰੈ।
ਲਿਖ ਕੈ ਕਥਾ ਹਜੂਰ ਪਠਾਈ[23]। ਦਯਾ ਕਰੋ ਨਿਜ ਹੋਹੁ ਸਹਾਈ ॥੧੦॥ [੧੮॥]

---

1. ਸਹੀ ਨਾਮ ਨਰਮਦਾ। ਇਹ ਨਦੀ ਅਮਰ ਕੰਟਕ ਤੋਂ ਨਿਕਲ ਕੇ ਭੜੋਚ ਥੀਂ ਹੁੰਦੀ ਹੋਈ ੮੦੧ ਮੀਲ ਚੱਲ ਕੇ ਖੰਭਾਤ ਦੀ ਖਾੜੀ ਵਿਚ ਜਾ ਡਿਗਦੀ ਹੈ। 2. ਚਲਾ ਗਇਆ। 3. ਮਾਲਵਾ ਵਿਚ। 4. ਗਰਮੀ ਦੇ ਕਾਰਣ ਸਰੀਰ ਨੂੰ ਤੋੜ ਲੱਗਣੀ ਤੇ ਚਿਣਗਾਂ ਛੁਟਣੀਆਂ। 5. ਇਕ ਨਗਰ ਦਾ ਨਾਂ। 6. ਬੁਰਹਾਨਪੁਰ ਤਾਪਤੀ ਨਦੀ, ਕੰਢੇ ਜ਼ਿਲਾ ਨੀਮਾਰ ਦਾ ਪ੍ਰਸਿੱਧ ਸ਼ਹਰ। 7. ਔਰੰਗਬਾਦ ਸੰਮਤ ੧੭੧੦ ਬਿ. ਮੁਤਾਬਿਕ ਸੰਨ ੧੬੫੩ ਈ. ਵਿਚ ਸ਼ਾਹਜ਼ਾਦਾ ਪਿਛੋਂ (ਬਾਦਸ਼ਾਹ) ਔਰੰਗਜ਼ੇਬ ਦੇ ਨਾਂ ਤੇ ਆਬਾਦ ਹੋਇਆ ਸੀ। ਇਹ ਨਗਰ ਹੈਦਰਾਬਾਦ (ਦੱਖਣ) ਦੇ ਇਲਾਕੇ ਵਿਚ ਹੈ। 8. ਅਸਲ ਵਿਚ ਅਹਮਦ ਨਗਰ, ਕਿਉਂਕਿ ਸ਼ਾਹ ਔਰੰਗਜ਼ੇਬ ਉਸ ਸਮੇਂ ਅਹਮਦਾਬਾਦ ਨਹੀਂ ਸਗੋਂ ਅਹਮਦ ਨਗਰ ਠਹਰਿਆ ਹੋਇਆ ਸੀ। ਇਹ ਨਗਰ ਸੀਨਾ ਨਦੀ ਦੇ ਖੱਬੇ ਕੰਢੇ ਉੱਤੇ ਬਹਮਨੀ ਸਲਤਨਤ ਦੇ ਨਿਜ਼ਾਮ ਅਹਮਦ ਸ਼ਾਹ ਨੇ ਸੰਨ ੧੪੯੦ ਈ. ਵਿਚ ਵਸਾਇਆ ਸੀ। 9. ਉਸ। 10. ਭਾਵ ਸ਼ਾਹ ਔਰੰਗਜ਼ੇਬ ਨੇ। 11. ਥੋੜੀ ਜੇਹੀ ਕੰਨਸੋ। 12. ਅਹਮਦਾਬਾਦ ਦਾ ਇਕ ਪ੍ਰਸਿੱਧ ਸਿੱਖ। 13._ਬੁਲਾਇਆ। 14. ਘਰ। 15. ਗੁਰਦ੍ਵਾਰੇ। 16. ਕਿਤਨਾ ਹੀ। 17. ਬਿਨਾ ਦੇਰ। 18. ਸ਼ਰਧਾ ਭਾਵ। 19. ਰਾਤ। 20. 'ਕਰ' (ਮੋ. ਬਾ. ੭੧)। 21. ਇਹ ਤਿੰਨੇ ਤੁਕਾਂ ਮੋਤੀ ਬਾਗ਼, ਪਟਿਆਲਾ ਦੀ ਹੱਥ ਲਿਖਿਤ ਨੰ. ੭੧ ਤੋਂ ਲਈਆਂ ਹਨ ਤੇ ਇਹ ਛੰਦ ਪੂਰਾ ਕੀਤਾ ਗਇਆ ਹੈ। 22. ਵਲ ਛਲ, ਦਾਉ-ਪੇਚ। 23. ਭੇਜੀ।

ਦੋਹਰਾ। ਦਈ ਸਿੰਘ[1] ਅਰਦਾਸ ਲਿਖ, ਭੇਜਾ ਸਿਖ ਹਜੂਰ।
ਅਪਨਾ ਕਾਰਜ ਜਾਨ ਕੈ, ਕਰੀਐ ਆਪ ਜਰੂਰ ॥੧੧॥ [੧੯॥]

ਚੌਪਈ। ਜੋੜੀ ਕਾਸਦ[2] ਲੇ ਅਰਦਾਸ[3]। ਪਹੁਚੀ ਚਰਨ ਕਮਲ ਗੁਰ ਪਾਸ।
ਪਾਂਚ ਹੁਕਮ ਲਿਖ ਕੈ ਕਰ ਦੀਨੇ। ਆਪਨ ਯੌ ਫਿਰ ਕਾਰਜ ਕੀਨੇ ॥ [੨੦॥]
ਕਾਬੂ ਏਕ ਸਿੰਘ ਕਰ ਲਜਾਯੋ। ਸਿੰਘ ਸਾਥ ਉਨ ਭੇਦ ਜਤਾਯੋ।
ਜਾਹਿ ਛਾਵਨੀ ਸਾਹ ਜੋ ਆਹੀ। ਤਾਹਿ ਧਰੀ ਪਾਤੀ ਚਿਤ ਲਾਈ ॥ [੨੧॥]
ਸੋਵਤ ਸਾਹ ਇਕ ਸੁਪਨ ਨਿਹਾਰਾ। ਆਯੋ ਸੇਵਕ ਗੁਰ ਕਾ ਪਜਾਰਾ।
ਤਾਹਿ ਧਰੀ ਪਾਤੀ ਜੀਅ ਠਾਨਾ। ਤਾ ਪ੍ਰਕਾਰ ਖੋਜ ਤੇ ਨਾਨਾ ॥ [੨੨॥]
ਖਿਜਮਤਦਾਰ ਏਕ ਹੈਦੂਰੀ। ਤਾਹਿ ਵਿਚਾਰ ਅਰਜ ਇਹ ਕਰੀ।
ਖੋਜਤ ਪਤ੍ਰ ਚੜਜੋ ਸੋ ਡਰੀ। ਵਰ ਕੀ ਹਾਥ ਸਾਹ ਕੇ ਪਰੀ ॥੧੨॥ [੨੩॥]

ਦੋਹਰਾ। ਅਚੁਤ ਅਲਖ ਅਨੰਤ ਗੁਰ, ਗੋਬਿੰਦ ਸਿੰਘ ਅਵਤਾਰ।
ਤਾ ਕੋ ਸੇਵਕ ਦਯਾ ਸਿੰਘ, ਚਾਹਤ ਆਪ ਦੀਦਾਰ[4] ॥੧੩॥ [੨੪॥]

ਚੌਪਈ। ਯੌ ਲੀਲਾ ਤਿਹ ਲਿਖੀ ਅਪਾਰਾ। ਭਾਂਤਿ ਭਾਂਤਿ ਸੌਂ ਸਾਹ ਬੀਚਾਰਾ।
"ਜੇਠਾ ਸਿੰਘ ਗੰਜ[5] ਮੈ ਹੋਈ। ਤਾ ਕੇ ਧਾਮ ਦਯਾ ਸਿੰਘ ਸੋਈ ॥ [੨੫॥]
ਲਜਾਵਹੁ ਬੇਗ[6] ਤਾਹਿ ਮਮ ਤੀਰਾ[7]।" ਭ੍ਰਿਤਨਿ[8] ਕਹਜੋ ਸਾਹ ਮਤਿ ਧੀਰਾ।
ਬੇਗ ਦਾਸ ਤਿਹ ਧਾਮ ਸਿਧਾਏ। ਦਯਾ ਸਿੰਘ ਕੋ ਲੇਵਨ ਆਏ ॥ [੨੬॥]
ਪਾਂਚੋ ਸਸਤ੍ਰ ਅੰਗ ਛਕਾਈ[9]। ਆਵਤ ਪਾਛ[10] ਸਿੰਘ ਅਧਿਕਾਈ[11]।
ਸਸਤ੍ਰ ਸਹਿਤ ਵੜਨੇ ਨਹਿ ਦੇਹੀ। ਭਏ ਰੋਸ ਸੰਗ ਬੈਠਤ ਤੇਈ ॥ [੨੭॥]
ਭੂਲ ਗਈ ਸਾਹਨ ਸੋ ਬਾਤਾ। ਦਿਨ ਜਬ ਚੜਜੋ ਰਾਜ ਕੇ ਘਾਤਾ।
ਜਬ ਹੀ ਰੈਨ ਪਰੀ ਅਤਿ ਸੋਏ। ਭਾਂਤਿ ਭਾਂਤਿ ਕੈ ਸੁਪਨ ਬਿਲੋਏ[12] ॥ [੨੮॥]
ਪੀਛਲ[13] ਰਾਤ ਲਖਾ ਭੈ ਭਾਰੈ। ਇਤ ਉਤ[14] ਮੋਹਿ ਖਾਲਸਾ ਮਾਰੈ।
ਗਦਾ ਹਾਥ ਲੈ ਕਰਿ ਅਤਿ ਭਾਰੀ। ਤਾੜਤ[15] ਤਾਹਿ ਸ਼ਹੀਦ ਅਪਾਰੀ ॥ [੨੯॥]
ਗੁਰੂ ਨਾਨਕ ਕਾ ਰਾਜ ਸੁ ਦੀਨਾ। ਤੁੱਛ ਭਾਂਗ ਕੀ ਮੁਠੀ ਅਤਿ ਛੀਨਾ।
ਤਿਤ[16] ਗ੍ਰਿਹ ਕੇ ਤਵ ਔਗੁਨ ਕਏ। ਸਾਤ ਸੀਸ ਤਿਨ ਕੇ ਹਤਿ ਭਏ ॥ [੩੦॥]
"ਤ੍ਰਾਹਿ ਤ੍ਰਾਹਿ[17]" ਅਤਿ ਮੁਖੋ ਉਚਾਰੇ। 'ਮੋਤੇ ਔਗੁਨ ਭਏ ਸੁ ਭਾਰੇ।"
ਤਬ ਸ਼ਹੀਦ ਇਹ ਬਚਨ ਉਚਾਰਾ। ਦਰਸ[19] ਕਰੋ ਸਿੰਘਨ ਕਾ ਸਾਰਾ ॥ [੩੧॥]
ਤਾੜਤ ਪ੍ਰਾਤ ਭਯੋ ਅਤਿ ਸੋਈ। ਖਬਰ ਸੁ ਪਹੁਚੀ ਸੇਵਕ ਜੋਈ।
ਨਿਡਰ[20] ਸਿੰਘ ਸਾਹਨ ਤਟ ਜਾਈ। ਪ੍ਰਗਟ ਖਾਲਸੇ ਫਤੇ ਬੁਲਾਈ ॥ [੩੨॥]
ਹੁਕਮ ਧਰਾ ਹਜਰਤ ਕੇ ਆਗੇ। ਟਕ ਟਕ ਲੋਗ ਪੇਖਨੇ ਲਾਗੇ।

---

1. ਦਯਾ ਸਿੰਘ। (ਸਿ. ਰੈ. ਲਾ. ੧੧੯੯)। 2. ਚਿੱਠੀ ਰਸਾਂ, Postman। 3. ਅਰਜੀ, ਪ੍ਰਾਰਥਨਾਪਤ੍ਰ। 4. ਦਰਸ਼ਨ। 5. ਭਾਈ ਜੇਠਾ ਸਿੰਘ ਦੀ ਗੰਜ (ਦੁਕਾਨ ਅਥਵਾ ਹੱਟੀ) ਤੇ। 6. ਸ਼ੀਘਰ, ਜਲਦੀ। 7. ਕੋਲ, ਸਮੀਪ। 8. ਨੌਕਰਾਂ ਨੂੰ। 9. ਸਜਾ ਕੇ। 10. ਪਿੱਛੇ। 11. ਬਹੁਤੇ। 12. ਸੁਪਨਿਆਂ ਨਾਲ ਬੇਚੈਨ, ਹੋਏ। 12. ਪਿਛਲੀ। 14. ਇਧਰ ਉਧਰ। 15. ਮਾਰਦੇ। 16. ਉਸ। 17. ਭਾਵ—ਮੈਨੂੰ ਬਚਾਓ, ਮੈਨੂੰ ਬਚਾਓ। 18. ਮੈਥੋਂ। 19. ਦਰਸ਼ਨ। 20. ਨਿਰਭੈ ਹੋ ਕੈ।

ਇਹ ਤੋ ਖਬਰ ਸੁਨੀ ਨਹੀ ਕਾਹੂ। ਭਈ ਆਜ ਬੋਲੀ ਅਵਰਾਹੂ[1]॥ [੩੩॥]
ਬੋਲਤ ਨੈਕੁ ਨ ਡਰਤ ਅਪਾਰੀ। ਬੈਠਤ ਪਾਂਚੋਂ ਤਖਤ ਮੰਝਾਰੀ।
ਮੋਨ[2] ਸਾਹ ਇਕ ਘਟਿ[3] ਹੋਇ ਰਹਾ। ਭਈ ਸਭਾ ਮੋਨੀ[4] ਅਵਗਹਾ[5] ॥੧੪॥ [੩੪॥]

ਦੋਹਰਾ। ਪੁਨਿ ਹਜਰਤ ਬਾਚਜੋ ਭਲੈ, ਤਾ ਕੀ ਓਰ[6] ਨਿਹਾਰ[7]।
"ਚਿਹਲ[8] ਬਰਸ ਕਉ ਪ੍ਰਗਟੀਏ, ਕੀਨੋ ਅਗ੍ਰ[9] ਸੁ ਧਾਰ ॥੧੫॥ [੩੫॥]
ਤਾ ਤੇ ਅਤਿ ਦੁਖ ਪਾਇ ਹੈ, ਹਮਰੀ ਅੰਸ ਮਝਾਰ।
ਭੋਗੇਂਗੇ ਨਿਜ[10] ਆਪ ਹੀ, ਤਵਨ ਪੰਥ ਮਹਿ ਧਾਰ" ॥੧੬॥ [੩੬॥]

ਚੌਪਈ। ਦਯਾ ਸਿੰਘ ਕੋ ਤਬ ਹੀ ਸਾਹਾ। ਬਡੀ ਟਹਲ ਕੀਨੀ ਅਵਗਾਹਾ।
ਏਕ ਪਤ੍ਰਿਕਾ ਜੇਬਨ ਸਾਹੀ[11]। ਦਯਾ ਸਿੰਘ ਦੀਨੀ ਪਠ ਤਾਹੀ ॥ [੩੭॥]
"ਖਿਜਮਤਦਾਰ ਸੁਤਾ[12] ਤਬ ਸਾਹਾ। ਭੇਜਤ ਟਹਲ ਕਾਜ ਅਤਿ ਤਾਹਾ।"
"ਜੇਠਾ ਸਿੰਘ ਧਾਮ ਰਹੈ ਸੋਈ। ਖਿਜਮਤ ਕਰੈ ਸਭੈ ਹਿਤ ਹੋਈ" ॥ [੩੮॥]
ਯੌਂ ਕਹਿ ਸਾਹ ਤਬੈ ਤਿਹ ਥਾਨਾ। ਬਾਚਜੋ ਜ਼ਫ਼ਰਨਾਮ ਬਿਧਿ ਨਾਨਾ।
ਤਾ ਮੈ ਲੀਲਾ ਲਿਖੀ ਅਪਾਰਾ। ਬਾਚਤ ਭਯੋ ਸੁ ਸਾਹ ਸੁਮਾਰਾ ॥ [੩੯॥]
ਇਹ ਬਿਧਿ ਹਨਜੋ ਸਾਹ ਉਰ ਸਿੱਕਾ। ਅਰੁਨ[13] ਬਦਨ[14] ਤੇ ਭਯੋ ਸੁ ਫਿੱਕਾ।
ਉਭੇ ਸਾਹ ਲਗੀ ਅਤਿ ਭਾਰੀ। ਏਕ ਅੱਚਵੀ ਅਤਿ ਦੁਖ ਭਾਰੀ ॥ [੪੦॥]
ਗਿਣਤੀ ਮਾਹਿ ਦਿਨੇ ਦਿਨ ਜਾਹੀ। ਭਈ ਸੁ ਪੀਰੀ[15] ਮੁਹ ਪਰ ਭਾਈ।
ਜਜੋਂ ਅਤਿ ਸਾਹ ਕਾਮਾ ਮਲਵਾਰਾ। ਆਵਤ ਔਗੁਨ ਕਰੈ ਸੋ ਭਾਰਾ ॥ [੪੧॥]
ਨਹਿ ਅਤਿ ਮੁਲਖ ਤੇ ਪੈਦੇਵਾਰੀ। ਸਭ ਹੂੰ ਰੈਯਤ ਸੰਗ ਵਿਗਾਰੀ।
ਅੰਦਰ ਮਾਹਿ ਸੁ ਪਤ੍ਰਕਾ ਆਵੈ। ਸਾਥ ਸੁ ਡੂਲਈ ਪ੍ਰਾਨ ਸਿਧਾਵੈ।
ਤਾਹੀ ਦੁਖ ਹਜਰਤ ਮਰ ਗਯੋ[16]। ਹਾਹਾਕਾਰ ਸਰਬ ਪੁਰ ਭਯੋ ॥੧੭॥ [੪੨॥]

ਦੋਹਰਾ। ਇਹ ਬਿਧਿ ਸੋ ਅਤਿ ਦਯਾ ਸਿੰਘ, ਪਹੁਚਜੋ ਹਜਰਤ ਪਾਸ।
ਸੁਨ ਅਬ ਕਥਾ ਦਯਾਲ ਕੀ, ਬਰਨੋ[17] ਕੈ ਅਰਦਾਸ ॥੧੮॥ [੪੩॥]

## [ਗੁਰੂ ਜੀ ਕੋਟ ਕਪੂਰੇ ਪੁਜੇ]

ਚੌਪਈ। ਤਬ ਲੌ ਦਯਾ ਸਿੰਧ ਕਰਤਾਰਾ[18]। ਦੇਖ ਬੈਰਾੜ ਦੇਸ ਕਉ ਭਾਰਾ।
ਕੋਟ ਕਪੂਰੇ ਕੇ ਢਿਗ ਗਏ। ਤਹਿ ਠਾਂ ਕੋਈ ਦਿਨ ਤਬ ਰਹੇ ॥ [੪੪॥]

---

1. 'ਅਵਰਾਹੂ' (ਮੋ. ਬਾ. ੭੧)। 2. ਚੁਪ। 3. ਘੜੀ। 4. ਖ਼ਾਮੋਸ਼। 5. ਖੋਜਿਆ, ਦੇਖਿਆ, ਛਾਣ-ਬੀਣ ਕੀਤੀ। 6. ਵੱਲ। 7. ਦੇਖ ਕੇ। 8. ਚਾਲੀ। 9. ਅਗਾਊਂ, ਪਹਲੋਂ ਹੀ। 10. ਖ਼ੁਦ। 11. ਜ਼ੇਬ-ਉਨ-ਨਿਸਾ ਬੇਗਮ, ਸ਼ਾਹ ਔਰੰਗਜ਼ੇਬ ਦੀ ਧੀ। ਜੰਗਨਾਮਾ ਗੁਰੂ ਗੋਬਿੰਦ ਸਿੰਘ ਦੇ ਕਥਨ ਅਨੁਸਾਰ ਇਹ ਗੁਰੂ ਘਰ ਉੱਤੇ ਅੱਛੀ ਖ਼ਾਸੀ ਸ਼ਰਧਾ ਰਖਦੀ ਸੀ ਪਰ ਇਹ ਸੰਨ ੧੬੯੫ ਬਿ. ਮੁਤਾਬਿਕ ਸੰਨ ੧੬੩੮ ਈ. ਵਿਚ ਜਨਮੀ ਤੇ ਇਸ ਘਟਨਾ ਤੋਂ ਪਹਲਾਂ ਸੰਮਤ ੧੭੬੦ ਬਿ. (ਸੰਨ ੧੭੦੩ ਈ.) ਵਿਚ ੬੫ ਸਾਲ ਦੀ ਉਮਰ ਭੋਗ ਕੇ ਮਰ ਚੁੱਕੀ ਸੀ। ਇਸ ਲਈ ਉਸ ਦੀ ਪਤ੍ਰਿਕਾ ਦਾ ਜ਼ਿਕਰ ਏਥੇ ਅਪ੍ਰਾਸੰਗਿਕ ਹੋਣ ਕਰਕੇ ਕਵੀ ਬਿਸ਼ਨ ਸਿੰਘ ਦੀ ਇਤਿਹਾਸਿਕ ਗ਼ਲਤੀ ਦਾ ਸੂਚਕ ਹੈ। 12. ਪੁਤ੍ਰੀ। 13. ਲਾਲ। 14. ਮੂੰਹ। 15. ਪੀਲੱਤਣ, ਜ਼ਰਦੀ। 16. ਸ਼ਾਹ ਔਰੰਗਜ਼ੇਬ ਦਾ ਦੇਹਾਂਤ ੨ ਮਾਰਚ, ੧੭੦੭ ਈ. (ਸੰਮਤ ੧੭੬੩ ਬਿ.) ਨੂੰ ਅਹਮਦ ਨਗਰ ਹੋਇਆ ਤੇ ਦੌਲਤਾਬਾਦ (ਦੇਵਗਿਰੀ) ਦੇ ਦਿਕ ਰੌਜ਼ੇ ਵਿਚ ਉਸ ਨੂੰ ਦਫ਼ਨਾਇਆ ਗਇਆ। 17. ਵਰਣਨ (ਕਥਨ) ਕਰਾਂ। 18. ਦਸ਼ਮੇਸ਼ ਜੀ।

ਭਲੀ ਭਾਂਤਿ ਤਿਨ ਟਹਲ ਸੁ ਕੀਨੀ। ਤਬ ਗੁਰੂ ਜੀ ਨੇ ਆਯਸ[1] ਦੀਨੀ।
"ਕੋਟ[2] ਦੇਹ ਤਬ ਸੰਗਰ[3] ਕੀਜੈ। ਨਾਸ ਮਲੇਛ ਕਰੈਂ ਸੁਖ ਲੀਜੈ" ॥ [੪੫॥]
ਏ ਬਚ ਸੁਨਿ ਕੋਪਾ[4] ਅਧਿਕਾਈ। ਲੀਨ ਖੁਰਾਕ ਜੋ ਸੇਵ ਕਮਾਈ।
ਪੁਨਿ ਕਹਜੋ, "ਮੋਹ ਰਾਜ ਨਹੀ ਭਾਵੈ। ਹਜਰਤ ਸੋ ਬਿਗਾੜ ਕਰਾਵੈ॥ [੪੬॥]
ਤੁਮ ਤੇ ਮੋਹਿ ਉਜਾਰਤ ਜਾਨਾ। ਕੀਨੀ ਸੇਵ ਅਤਿਥਿ ਪਹਿਚਾਨਾ।"
ਤਬ ਗੁਰ ਦੀਨ ਸ੍ਰਾਪ[5] ਤਿਹ ਤਾਈ। ਜਬ ਅਸ ਸਾਥ ਲੀਏ ਛਿਨਵਾਈ ॥ [੪੭॥]
"ਸੋਢੀ ਜੁਤ ਜੜ ਤੋ ਕਉ ਪਾੜੇ। ਉਦਰ ਸੋਢੀਅਨ ਕੇ ਅਤਿ ਫਾੜੇ।"
ਤਬ ਅਸ ਕਹਿ ਕਰ ਗੁਰ ਤਹਿ ਆਏ। ਭਾਤਿ ਭਾਂਤਿ ਕੇ ਦਿਨ ਅਵਗਾਹੇ[6] ॥ [੪੮॥]
ਪੁਨਿ ਮੁਕਤੇਸਰ[7] ਮੈ ਚਲਿ ਆਏ। ਫਰੀਦ ਨਿਕਟ ਸਿਕਾਰ ਜੋ ਧਾਏ।
ਬਾਢੀ ਜਾਤ ਭਾਵਨੀ ਧਾਰੀ। ਅਪਰਨ ਕੋ ਭਈ ਖੁਸੀ ਅਪਾਰੀ ॥ [੪੯॥]
ਰੋਹੀ ਬਡੀ ਦੇਖ ਲਲਚਾਏ। ਅਲਪ ਸਿੰਘ ਰਹਿ ਗਏ ਤਹਿ ਜਾਏ[8]।
ਉਹੀ ਜਾਟ[9] ਕੀਨੀ ਸੁਧ ਭਾਰੀ। ਆਈ ਸੈਨ ਸਿਰੰਦਹਿ ਕਾਰੀ॥ [੫੦॥]
ਤੁਰਕ ਨਾਸ ਤਹਿ ਕੀਨੋ ਭਾਈ। ਏ ਸਭ ਖਬਰ ਦੇਸ ਨੇ ਪਾਈ।
ਉਤ[10] ਹਜਰਤ[11] ਕੀ ਚਮੂੰ[12] ਸਿਧਾਈ[13]। ਸੁਨਤ ਖਬਰ ਗੁਰ ਕੀ ਮਤਿ ਸਾਈ ॥ [੫੧॥]
ਮੁਕਤੀ ਭੂਮਿ ਦੇਖ ਸੁਖਦਾਈ। ਦੇਸ ਦੇਸ ਸੰਗਤਿ ਤਹਿ ਆਈ।
ਸੁਨ ਬਚ ਸੀਤ ਮਨਾ ਤਿਹ ਭਯੋ। ਕ੍ਰਿਪਾ ਕੇਤੁ ਸਭਹਨ[14] ਸੁਖ ਦਯੋ ॥੧੯॥ [੫੨॥]

### [ਮੁਕਤਸਰ ਦਾ ਯੁੱਧ]

ਦੋਹਰਾ। ਕ੍ਰਿਪਾ ਸਿੰਧ ਕੀ ਖਬਰ ਯਹ, ਪਹੁਚੀ ਦੇਸ ਪ੍ਰਦੇਸ।
ਰਾਨੇ ਰਾਵ ਅਮੀਰ ਜੜ, ਸੀਰੰਦ[15] ਮਿਲੇ ਅਸੇਸ[16] ॥੨੦॥ [੫੩॥]
ਚੌਪਈ। ਚੜੀ ਫੌਜ ਹਜਰਤ ਕੀ ਭਾਰੀ। ਆਈ ਦੇਸ ਬੈਰਾੜ ਮੰਝਾਰੀ।
ਕੋਟ ਕਪੂਰੇ ਮਹਿ ਸਿਰਤਾਜਾ। ਦਿੱਲੀ ਪਕੜ ਪਠਾਯੋ ਕਾਜਾ ॥ [੫੪॥]
ਤਾਹਿ ਸੋ ਸੋਢੀ ਕੋ ਗਹਿ ਲੀਨੋ। ਸਤਿਗੁਰ ਬਚਨ ਸੋ ਪੂਰਨ ਕੀਨੋ।
ਜਹਾਂ ਧੁਨਕ[17] ਪ੍ਰਭੂ[18] ਕੀ ਸੁਨ ਪਾਵੈਂ। ਤਹੀ ਪੈਂਡ ਹ੍ਵੈ ਅਗ੍ਰ ਸਿਧਾਵੈਂ ॥ [੫੫॥]
ਕੋਟ ਕਪੂਰੇ ਮਹਿ ਜਬ ਆਏ। ਕ੍ਰਿਪਾ ਸਿੰਧ ਆਗੇ ਸੁਨ ਪਾਏ।

---

1. ਆਗਿਆ। 2. ਕਿਲ੍ਹਾ ਕੋਟ ਕਪੂਰਾ। 3. ਜੰਗ, ਯੁੱਧ। ਇਹ ਬਚਨ ਉਸ ਸਮੇਂ ਸ੍ਰੀ ਦਸ਼ਮੇਸ਼ ਜੀ ਨੇ ਚੌਧਰੀ ਕਪੂਰੇ ਨੂੰ ਇਸ ਕਰ ਕੇ ਕਹੇ ਕਿ ਫ਼ੌਜਦਾਰ ਵਜ਼ੀਰ ਖ਼ਾਨ ਸਰਹਿੰਦ ਦੀ ਫ਼ੌਜ ਇਸ ਇਲਾਕੇ ਵਿਚ ਗੁਰੂ ਜੀ ਦਾ ਪਿੱਛਾ ਕਰ ਰਹੀ ਸੀ ਅਤੇ ਇਸ ਗੱਲ ਦਾ ਪਤਾ ਗੁਰੂ ਸਾਹਿਬ ਨੂੰ ਲੱਗ ਚੁੱਕਾ ਸੀ। 4. ਕਪੂਰਾ ਬਰਾੜ, ਜੋ ਗੁਰੂ ਜੀ ਤੋਂ ਅੰਮ੍ਰਿਤ ਛਕ ਕੇ ਕਪੂਰ ਸਿੰਘ ਬਣਿਆ, ਉਸ ਸਮੇਂ ਮੁਗ਼ਲ ਹਕੂਮਤ ਦੇ ਅਧੀਨ ਉਸ ਇਲਾਕੇ ਦਾ ਚੌਧਰੀ ਸੀ। ਉਸ ਨੇ ਆਪਣੇ ਬਚਾਉ ਲਈ ਕੋਟ ਕਪੂਰੇ ਦਾ ਕਿਲ੍ਹਾ ਦੇਣ ਤੋਂ ਕੁਝ ਟਾਲ ਮਟੋਲ ਕੀਤੀ ਤੇ ਗੁਰੂ ਜੀ ਦੇ ਸਾਮ੍ਹਣੇ ਕੁੱਝ ਗੁੱਸਾ ਵੀ ਪ੍ਰਗਟ ਕੀਤਾ। 5. ਗੁਰੂ ਜੀ ਨੇ ਇਸ ਗੱਲੋਂ ਕਪੂਰੇ ਨੂੰ ਭ੍ਰਸ਼ਟਿਆ ਤੇ ਸ੍ਰਾਪ ਦਿੱਤਾ, ਜਿਸ ਕਰਕੇ ਉਹ ਇਸ ਤੋਂ ਪਿੱਛੋਂ ਸੰਨ ੧੭੦੮ ਈ. ਵਿਚ ਕੋਟ ਈਸਾ ਖ਼ਾਨ (ਫ਼ੀਰੋਜ਼ਪੁਰ) ਦੇ ਈਸਾ ਖ਼ਾਨ ਮੰਝ ਦੇ ਹੱਥੋਂ, ਜਿਸ ਨਾਲ ਕਿ ਉਸ ਦੀ ਪੁਰਾਣੀ ਦੁਸ਼ਮਣੀ ਸੀ, ਬੜੀ ਬੁਰੀ ਤਰ੍ਹਾਂ ਫਾਂਸੀ ਦੇ ਕੇ ਮਾਰਿਆ ਗਇਆ। 6. ਗਾਹੇ, ਦੇਖੇ। 7. ਮੁਕਤਸਰ ਦਾ ਹੀ ਦੂਜਾ ਨਾਂ ਏਥੇ ਇਸ ਪੁਸਤਕ ਵਿਚ ਕਈ ਥਾਵੇਂ ਮੁਕਤੇਸਰ ਆਇਆ ਹੈ। 8. ਉਸ ਥਾਵੇਂ। 9. ਕਪੂਰੇ ਬਰਾੜ ਨੇ। 10. ਉੱਧਰ, ਉਸ ਪਾਸੇ। 11. ਸ਼ਾਹ ਔਰੰਗਜ਼ੇਬ ਦੀ। 12. ਫ਼ੌਜ। 13. ਚਲੀ। 14. ਸਾਰਿਆਂ ਨੂੰ। 15. ਸਰਹਿੰਦ। 16. ਬਹੁਤੇ ਸਾਰੇ। 17. ਸੂਹ। 18. ਸ੍ਰੀ ਦਸ਼ਮੇਸ਼ ਜੀ ਦੀ।

ਚੜੀ ਸੈਨ ਜਬ ਅਗ੍ਰ[1] ਸੁਧਾਰਾ। ਖਬਰੈ ਯਹਿ ਪਹੁਚੀ ਦਰਬਾਰਾ ॥ [੫੬॥]
ਤੌਨ[2] ਸਮੇ ਸਾਹਿਬ ਗੁਨ ਸਾਗਰ। ਛਕੇ[3] ਸੁ ਤੰਬੂ ਬੀਚ ਇਕਾਗਰ।
ਆਨ ਖਾਲਸੇ ਸੁਮਤਿ ਪ੍ਰਕਾਸਾ। ਕਰੀ ਹਜ਼ੂਰ ਐਸ ਅਰਦਾਸਾ ॥ [੫੭॥]
"ਸੈਨਾ ਅਧਿਕ ਤੁਰਕ ਕੀ ਆਈ। ਆਗੇ ਸਾਹਿਬ! ਕਰੈ ਉਪਾਈ।"
ਜਸੋਂ ਜਸੋਂ ਬੈਨ ਖਾਲਸਾ ਕਹੇ। ਸੁਨ ਸੁਨ ਬੈਨ ਮੌਨ ਹ੍ਵੈ ਰਹੇ ॥ [੫੮॥]
ਯੌਂ ਜਬ ਕੋਪ ਖਾਲਸੇ ਗਾਈ। "ਗਰਦ ਨਿਰਖ ਪ੍ਰਭੂ! ਦਿਖੀਐ ਆਈ।
ਹਮ ਕੋ ਕਛੂ ਦੋਸ ਨਹਿ ਦੀਜੈ। ਆਈ ਸੈਨ ਨੈਨ ਲਖ ਲੀਜੈ" ॥੨੧॥ [੫੯॥]

**ਦੋਹਰਾ।** ਇਹ ਬਿਧਿ ਬੈਨ ਸੁ ਖਾਲਸੇ, ਸੁਨੇ ਪ੍ਰਭੂ ਪਰਬੀਨ।
ਤਬ ਆਗਜਾ ਇਹ ਬਿਧਿ ਕਰੀ, "ਡਾਰਹੁ[4] ਹੈ[5] ਪਰ ਜੀਨ" ॥੨੨॥ [੬੦॥]

**ਚੋਪਈ।** ਹੋਇ ਤਬੈ ਹੈ ਪਰ ਅਸਵਾਰਾ। ਸਾਥ ਖਾਲਸੇ ਭੇਦ ਉਚਾਰਾ।
"ਆਜ ਦਿਵਸ ਲਗ ਸੁਨੋ ਸੁਜਾਨੋ। ਹਮਰਾ ਤੁਮਰਾ ਸਾਥ ਪਛਾਨੋ ॥ [੬੧॥]
ਨਿਰਭੈ ਲਰੋ ਠੌਰ ਯਹਿ ਜਾਨੋ। ਜੀਵਤ ਅਨਤ[6] ਨ ਕਰੋ ਪਿਯਾਨੋ[7]।"
ਯੋ ਕਹਿ ਟਿੱਬੀ ਤਰਫ ਸਿਧਾਰੇ। ਆਏ ਚਹੁੰ ਦਿਸ ਬਜਤ ਨਗਾਰੇ ॥ [੬੨॥]
ਘੇਰ ਤਬੈ ਮੁਕਤੇਸਰ ਲੀਨੋ। ਤਾ ਮੈ ਜੂਝੈ ਸਿੰਘ ਪ੍ਰਬੀਨੋ।
ਮਹਾਂ ਜੰਗ ਤਿਹ ਠਾਂ ਅਬ ਭਯੋ। ਹਾਹਾਕਾਰ ਚਤੁਰ ਦਿਸ ਭਯੋ ॥ [੬੩॥]
ਦੇ ਦੇ ਪਰੇ ਸੁ ਤੁਰਕ ਨਗਾਰੇ। ਕੇਹਰਿ ਜਸੌਂ ਮੁਕਤੇ ਭਭਕਾਰੇ।
ਭਯੋ ਜੁੱਧ ਅਤਿਸੈ[8] ਘਨ[9] ਭਾਰੋ। ਪ੍ਰਲੈ ਕਾਲ ਜਸੋਂ ਦੁਤੀ[10] ਨਿਹਾਰੋ ॥ [੬੪॥]
ਇਤ ਮੁਕਤਨ ਯੋ ਜੁੱਧ ਮਚਾਯੋ। ਬਿਸਿਖ[11] ਚਾਪ[12] ਪ੍ਰਭੂ ਉਤ ਝੜ ਲਾਯੋ।
ਇਹ ਬਿਧਿ ਪਰੇ[13] ਅਰਿਨ[14] ਮੈ ਬਾਨਾ। ਜਸੋਂ ਨਭ[15] ਬਿੱਜੁਲ[16] ਧਰਨ ਮਹਾਨਾ ॥ [੬੫॥]
ਸਵਾ ਪਹਰ ਯੋ ਲਰੇ ਸੁ ਬੀਰਾ। ਪੁਨਿ ਪਾਨੀ ਪੂਛਜੋ ਨਹਿ ਤੀਰਾ।
ਫਿਰੀ ਤੁਰਕ ਬਲ ਕੋਟ[17] ਸਿਧਾਰੀ। ਪੁਨਿ ਆਏ ਚਲ ਤਿਹ ਅਵਤਾਰੀ[18] ॥੨੩॥ [੬੬॥]

**ਦੋਹਰਾ।** ਸਾਹਿਬ ਸਫਲ ਅਨੰਤ ਗੁਰ, ਅੱਚੁਤ ਜੋਤਿ ਅਪਾਰ।
ਅਤਿ ਭਯਾਨਕ ਰਨ ਦੇਖ ਕੈ, ਮਨ ਮੈ ਬਿਸਮ[19] ਬਿਚਾਰ ॥੨੪॥ [੬੭॥]

**ਚੋਪਈ।** ਮੁਕਤ ਸਰੋਵਰ[20] ਕੇ ਚਹੂੰ ਤੀਰਾ। ਜੂਝੇ ਭਏ ਖਾਸ ਬਰ ਬੀਰਾ।
ਨਿਰਖ ਬੀਰ ਅਦਭੁਤ ਤਿਹ ਥਾਨਾ। ਕ੍ਰਿਪਾ ਸਿੰਧ ਤਬ ਐਸ ਬਖਾਨਾ ॥ [੬੮॥]
"ਏਕ ਹਜਾਰ ਸੰਗ ਥਾ ਜੋਈ। ਪੰਚ ਹਜਾਰੀ ਹੈ ਬਰ ਲੋਈ।
ਦਸ ਹਜਾਰ ਕਾ ਬਲ ਅਤਿ ਭਾਰਾ[21]। ਮੋ ਕੋ ਕਸੋਂ ਤਜਾਗਨ ਤੁਮ ਧਾਰਾ? ॥ [੬੯॥]
ਅਬ ਮੈ ਏਕਲ[22] ਰਹਾ ਸੁ ਭਾਈ। ਤੁਮ ਬਿਨ ਮੋ ਕਹੁ ਸਾਥ ਸਿਧਾਈ[23]?
ਏਕ ਏਕ ਕੋ ਗਹਿ[24] ਕਰ ਅੰਗਾ। ਥਾਪੈ ਦੱਖਨ ਤੀਰ ਸੁ ਰੰਗਾ ॥ [੭੦॥]
ਏਕ ਏਕ ਕੋ ਗਹਿ ਅੰਗ ਲਾਈ। ਰੋਵਤ ਨਾਥ ਬਿਸਮ ਬਡਿਆਈ।

---

1. ਅੱਗੇ। 2. ਉਸ। 3. ਸਜੇ। 4. ਸੁੱਟੋ, ਪਾਓ। 5. ਹਯ, ਘੋੜੇ। 6. ਹੋਰ ਥਾਵੇਂ। 7. ਕੂਚ। 8. ਅਤਿਸ਼ਯ, ਬਹੁਤ। 9. ਬਹੁਤਾ। 10. ਦੂਜਾ। 11. ਤੀਰ। 12. ਕਮਾਨ। 13. ਪਏ। 14. ਦੁਸ਼ਮਨਾਂ ਵਿਚ। 15. ਆਕਾਸ਼ ਵਿਚ। 16. ਬਿਜਲੀ। 17. ਕੋਟਕਪੂਰੇ ਵੱਲ। 18. ਅਵਤਾਰ ਰੂਪ ਸ੍ਰੀ ਦਸ਼ਮੇਸ਼ ਜੀ। 19. ਵਿਸਮਯ, ਹੈਰਾਨੀ। 20. ਮੁਕਤਸਰ। 21. ਸ਼ਕਤੀਸ਼ਾਲੀ। 22. ਇਕੱਲਾ। 23. ਜਾਵੇਗਾ। 24. ਫੜ।

ਨਹਿ ਏ ਸੋਗ ਪੂਰਬੇ[1] ਧਾਰਾ। ਜਸ ਗੁਰ ਕੀਨ ਚਰਿਤ੍ਰ ਸੁ ਭਾਰਾ ॥ [੭੧॥]
ਪਾਂਚ ਮੁਕਤੀਏ ਸੇ ਅਬ ਭਾਰੇ। ਔਰ ਸਭੈ ਤਿਹ ਕੇ ਥੇ ਨਾਰੇ[2]।
ਭਾਜ ਗਏ ਕਿਤਨੇ ਬਨ ਮਾਹੀ। ਰਹੈ ਸਤ ਅਰ ਅਰਧ[3] ਸੁ ਤਾਹੀ ॥ [੭੨॥]
ਦੇਖਤ ਦੇਖਤ ਬੀਰਨ ਜਾਨਾ। ਪਾਏ ਜੀਵਤ ਦੋਯ ਜੁਵਾਨਾ।
ਤਿਹ ਤਟ[4] ਬੈਠ ਮਯਾ ਨਿਧਿ[5] ਤਹਾਂ। ਕਰਜੋ ਬੈਰਾਗ ਅਧਿਕ ਬਰ ਮਹਾਂ।
"ਮੈਂ ਇਨ ਕੋ ਤਾੜਨ ਬਹੁ ਕੀਨੋ। ਮੋਹ ਤਟ ਛਾਡ ਨ ਗਏ ਪ੍ਰਬੀਨੋ" ॥੨੫॥ [੭੩॥]

ਦੋਹਰਾ। ਦਯਾ ਸਿੰਘ[6] ਤਬ ਦਯਾਲ ਹ੍ਵੈ, ਤਿਨ ਪਰ ਅਧਿਕ ਅਪਾਰ।
ਸ੍ਰੀ ਮੁਖ ਸੇ ਤਬ ਯੌਂ ਕਹੀ, "ਮਾਂਗਹੁ ਰੁਚੈ ਬਿਚਾਰ" ॥੨੬॥ [੭੪॥]

ਚੌਪਈ। ਮਿਲ ਮੁਕਤਨ ਯਹਿ ਭਾਂਤਿ ਬਿਚਾਰੇ। "ਆਨੰਦ ਪੁਰ ਲਿਖ ਹੱਦ ਨਿਕਾਰੋ।
ਹਮਰੇ ਨੈਨਨ ਤੀਰ[7] ਨਿਕਾਰੀ। ਦੀਜੈ ਵਹੁ ਕਾਗਦ ਅਬ ਫਾਰੀ ॥" [੭੫॥]
ਸੁਨ ਸ੍ਰੀ ਮੁਖ ਯਹਿ ਬਚਨ ਬਖਾਨੋ। "ਕਵਨ ਬਸਤੁ ਮਾਂਗੀ ਕਹਿ ਜਾਨੋ।
ਭਗਤਿ ਵੈਕੁੰਠ ਸੁਰਗ ਕਿਨ ਲੀਜੈ। ਚੋਦਹਿ ਲੋਕ ਰਾਜ ਕਿਨ ਕੀਜੈ ॥ [੭੬॥]
ਜੋ ਟੂਟੈ ਜਾਵਨ ਤਿਹ ਦੀਜੈ[8] ਤਿਨ ਬੇਮੁਖ ਕਾ ਨਾਮ ਨ ਲੀਜੈ।"
ਸ੍ਰੀ[9] ਮੁਕਤਨ[10] ਸੌਂ ਯੌਂ ਸਮੁਝਾਈ। ਪੁਨਿ ਮੁਕਤਨ ਯਹਿ ਭਾਂਤਿ ਅਲਾਈ ॥ [੭੭॥]
"ਰਿੱਧਿ ਸਿੱਧਿ ਜੋ ਚਾਰ ਪਦਾਰਥ। ਹਮ ਲੇਵੈਂ ਨਹੀ ਅਪਨੇ ਸ੍ਵਾਰਥ।
ਤੁਮ ਪਰ ਸ੍ਵਾਰਥ ਦੇਹ ਜੋ ਧਰੀ। ਖੁਲੇ ਕਿਵਾੜ[11] ਸਮਝ ਇਹ ਪਰੀ[12]" ॥ [੭੮॥]
ਬਹ ਬਾਰੀ ਤਿਨ ਕੋ ਸਮਝਾਯੋ। ਤਾ ਬਿਨ ਮੁਕਤਨ ਔਰ ਨ ਗਾਯੋ।
ਤਿਨ ਕੋ ਵਹੈ ਬਖਸ ਕਰ ਦੀਨਾ। ਕਾਗਜ਼ ਵਹੈ ਫਾੜ ਕੇ ਦੀਨਾ ॥ [੭੯॥]
ਕ੍ਰਿਪਾ ਸਿੰਧ ਸਾਹਿਬ ਗੁਰ ਦੇਵਾ। ਪੈ ਯਹਿ ਕਾਰਜ ਕੀਨ ਅਭੇਵਾ[13]।
ਸਬ ਮੁਕਤਨ ਇਕ ਠੌਰ[14] ਕਰਾਯੋ। ਤਿਨ ਪਰ ਈਧਨ[15] ਅਧਿਕ ਪਵਾਯੋ ॥ [੮੦॥]
ਨਿਕਸੇ ਸਾਸ ਸਾਹਿਬ ਕਰ ਜਾਨਾ। ਕ੍ਰਿਆ ਕਰਮ ਗੁਰ ਕੀਨ ਪ੍ਰਧਾਨਾ।
ਏਕ ਸਹੀਦ ਗੰਜ ਤਿਹ ਕੀਨੋ। ਆਪਨ ਹਾਥ ਅਨਲ[16] ਤਿਹ ਦੀਨੋ ॥ [੮੧॥]
ਕਰਨਾ[17] ਅਧਿਕ ਤਵਨ[18] ਪਰ ਕਰੀ। ਅਪਨ[19] ਸਮਾਨ ਸੋਭ ਤਿਹ ਧਰੀ।
"ਪੰਚ ਸਹੰਸ੍ਰੀ[20] ਏ ਮੁਹ ਬੀਰਾ। ਦਸ ਸਹੰਸ੍ਰੀ[21] ਬੀਸ[22] ਸੁ ਧੀਰਾ" ॥ [੮੨॥]
ਸ੍ਰੀ ਮੁਖ ਸੇ ਨਿਜ ਬਚਨ ਉਚਾਰੇ। ਮੁਕਤੇ ਭਏ ਸਬੈ ਵਹੁ ਪਜਾਰੇ।
ਕਰੁਨਾ ਕੋਰ[23] ਤਵਨ ਪਰ ਕਰੀ। ਪਦਵੀ ਉਚ ਸੁਰਨ[24] ਤੇ ਧਰੀ ॥ [੮੩॥]
ਸਿਰ ਦੈ ਸਭ ਮੁਕਤੇਸਰ ਲਰੇ[25]। ਨਾਮ ਮੁਕਤ ਸਰ[26] ਤਾ ਤੇ ਧਰੇ।
ਮਾਘ ਮਾਸ ਪਹਿਲੀ ਹੈ ਜਾਨੋ। ਬਡੋ ਨੀਰ ਤੇ ਜੁੱਧ ਪਛਾਨੋ।

---

1. ਪਹਲਾਂ। 2. ਨਾਲੇ। 3. ਸ਼ਤ (੧੦੦), ਇਕ ਸੌ ਤੇ ਅਰਧ ਸ਼ਤ (੫੦), ਅਰਥਾਤ ੧੫੦। 4. ਉਨ੍ਹਾਂ ਦੇ ਕੋਲ। 5. ਕ੍ਰਿਪਾ-ਸਾਗਰ (ਸਤਿਗੁਰੂ ਜੀ) ਨੇ। 6. ਦਯਾ ਦੇ ਸਾਗਰ, ਅਰਥਾਤ ਸ੍ਰੀ ਦਸ਼ਮੇਸ਼ ਜੀ ਨੇ। 7. ਅੱਖਾਂ ਦੇ ਕੋਲ ਅਥਵਾ ਸਾਮ੍ਹਣੇ। 8. ਜੋ ਟੁੱਟ ਕੇ ਜਾਂਦੇ ਹਨ, ਉਨ੍ਹਾਂ ਨੂੰ ਜਾਣ ਦਿਓ। 9. ਸ੍ਰੀ ਗੁਰੂ ਜੀ ਨੇ। 10. ਮੁਕਤਿਆਂ ਨੂੰ। 11. ਤਖ਼ਤੇ। 12. ਪਈ। 13. ਨਿਰਭੈ ਹੋ ਕੇ। 14. ਇਕ ਥਾਵੇਂ। 15. ਬਾਲਣ, ਲਕੜਾਂ। 16. ਅੱਗ। 17. ਦਯਾ, ਕ੍ਰਿਪਾ। 18. ਉਨ੍ਹਾਂ। 19. ਆਪਣਿਆਂ। 20. ਪੰਜ ਹਜ਼ਾਰੀ। 21. ਦਸ ਹਜ਼ਾਰੀ। 22. ਵੀਹ ਹਜ਼ਾਰੀ। 23. ਕ੍ਰਿਪਾ ਦ੍ਰਿਸ਼ਟੀ। 24. ਦੇਵਤਿਆਂ ਨਾਲੋਂ ਉੱਚੀ ਪਦਵੀ। 25. ਸਿਰ ਦੇ ਕੇ ਉਹ ਯੋਧੇ ਮੁਕਤੇਸਰ ਦੇ ਸਥਾਨ ਤੇ ਲੜੇ। 26. ਮੁਕਤਿਆਂ ਦਾ ਸਰ।

ਮਾਘ ਮਸਾਂਤ[1] ਜੁੱਧ ਜੋ ਹੋਈ। ਅਗਨਿ ਦਈ ਪਹਿਲੇ ਹੈ ਸੋਈ ॥੨੭॥ [੮੪॥]

ਸਵੈਯਾ। ਤੀਰਥ ਰਾਜ ਸਿਰੋਮਣਿ ਥਾਪ ਸੁ, ਆਪ ਸਿਰੀ ਮੁਖ ਬਾਕ ਉਚਾਰੇ।
ਜੋ ਨਰ ਨਾਰਿ ਸੁ ਪਛ ਪਸੂ, ਮੁਕਤੇਸਰ ਮੈ ਇਕਦਾ[2] ਪਗ ਡਾਰੇ[3]।
ਅੰਮ੍ਰਿਤ ਕੇ ਸਰ[4] ਮੱਜਨ ਕੈ[5] ਸਭ ਪਾਵਤ ਸੋ ਫਲ ਸਾਧੁ ਬਿਚਾਰੇ।
ਸੋ ਬਰ ਪੂਰਨ ਸਤਿ ਲਹੈ, ਬਰ[6] ਮਾਘ ਮਜੇ[7] ਮੁਕਤੇਸਰ ਬਾਰੇ ॥੨੮॥ [੮੫॥]

ਦੋਹਰਾ। ਇਹ ਬਿਧਿ ਤੀਰਥ ਥਾਪ ਕੇ, ਧਰ ਸੁ ਮਹਾਤਮ ਚਾਰ।
ਪਜਾਨ ਕਰਾ ਮਹਾਰਾਜ ਜੂ, ਸਰ ਤੇ ਅਗ੍ਰ ਸੁਧਾਰ ॥੨੯॥ [੮੬॥]
ਬੈਰਾਗ ਰੂਪ ਹੈਂ ਏਕਲੇ, ਦਹਨੇ[8] ਕਰ[9] ਸ੍ਰੀ ਖੰਡ[10]।
ਚਲੇ ਜਾਤ ਭਏ ਪੂਰਬ ਦਿਸ, ਔ ਦਖਨ ਕੀ ਮੰਡ[11] ॥੩੦॥ [੮੭॥]
ਇਤਿ ਸ੍ਰੀ ਗੁਰ ਬਿਲਾਸ ਬਰ ਭਾਰੀ। ਸਤ ਦਸਮੋ ਸੇ ਧਜਾਇ ਵਿਚਾਰੀ ॥੧੭॥

---

1. ਮਸਾਂਤ ਉਹ ਦਿਨ ਹੁੰਦਾ ਹੈ ਜਿਸ ਦਿਨ ਮਹੀਨੇ ਦਾ ਅੰਤ ਹੋਵੇ। 2. ਇਕ ਵੇਰ। 3. ਪੈਰ ਰੱਖੇ। 4. ਸਰੋਵਰ। 5. ਇਸ਼ਨਾਨ ਕਰਕੇ। 6. ਸ੍ਰੇਸ਼ਟ। 7. ਮੱਜਨ ਕਰੇ, ਇਸ਼ਨਾਨ ਕਰੇ। 8. ਸੱਜੇ। 9. ਹੱਥ ਵਿਚ। 10. ਸ੍ਰੀ ਖੰਡਾ ਅਥਵਾ ਭਗਾਉਤੀ। 11. ਤਰਫ਼, ਪਾਸੇ।

ਅਠਾਰ੍ਹਵਾਂ ਅਧਿਆਇ

# ਤਲਵੰਡੀ ਸਾਬੋ, ਦਮਦਮਾ ਸਾਹਿਬ

ਦੋਹਰਾ। ਕਥਾ ਦਮਦਮੇ ਕੀ ਕਹੈਂ, ਅਠਦਸ[1] ਧਜਾਇ ਮਝਾਰ।
ਸ੍ਰੀ ਗਰ ਕੋ ਜਸ ਸੁਨਤ ਹੀ, ਲਹੈ ਮੋਖ ਫਲ ਚਾਰ[2] ॥੧॥
ਸਵੈਯਾ। ਸਾਹਿਬ[3] ਸੰਤ ਸਿੰਗਾਰ ਸਿਰੋਮਣਿ, ਪਾਵਨ ਪੂਜ ਸਬੈ ਧਰ ਸਾਰੀ।
ਤਾਸ[4] ਕਥਾ ਸੁ ਪ੍ਰਕਾਸ ਕਰੋ, ਅਪਨੇ ਮਨ ਮੈ ਅਤਿ ਬੁੱਧਿ ਨਿਹਾਰੀ।
ਚੌਦਸ[5] ਅੰਕ ਕਲੰਕ ਨਿਕੰਦਨ[6], ਬੰਦਨ[7], ਜੋਗ ਸਬੈ ਨਰ ਨਾਰੀ।
ਜਾ ਸੁਨ ਕੇ ਕਲ[8] ਪਾਪ ਹੈਂ ਮੁੰਚਤ[9], ਪਾਵਤ ਹੈਂ ਸੁਰ ਦੇਹ ਅਪਾਰੀ ॥੨॥
ਚੌਪਈ। ਯੋ ਮੁਕਤਨ ਕੋ ਕਾਜ ਸੁਧਾਰੀ। ਤਾ ਤੇ ਆਪ ਸੁ ਗਏ ਅਗਾਰੀ[10]।
ਨਿਰਖਤ ਦੇਸ ਭਯਾਨ[11] ਉਜਾਰਾ। ਨਿਰਜਨ ਬਨ[12] ਮੇ ਧਸੇ ਸੁਧਾਰਾ ॥ [੩॥]
ਭਯਾਨਕ ਬਨ ਅਤਿਸੈ ਭੈ ਕਾਰੀ। ਸਿੰਘ ਬੈਰਾਹ[13] ਬਿਰਾਜਤ ਕਾਰੀ।
ਰੋਝ ਕੋਲ[14] ਖਗ[15] ਮ੍ਰਿਗ ਹਜਾਰਾ। ਭੂਤ ਪਿਸਾਚ ਨਚਤ ਵੈਤਾਰਾ[16] ॥ [੪॥]
ਐਸ[17] ਭਯਾਨ ਮਹਾ ਬਨ ਮਾਹੀ। ਗਏ ਆਪ ਸਾਹਿਬ ਬਰਬਾਹੀ।
ਕੇਵਲ ਏਕ ਆਪ ਜਗ ਨਾਥਾ। ਦੁਤਿਯ ਭਗੌਤੀ[18] ਦਹਿਨੈ ਹਾਥਾ ॥੩॥ [੫॥]
ਦੋਹਰਾ। ਸੁਤ, ਦਾਰਾ[19], ਧਨ ਧਾਮ, ਰਥ, ਹੈਗੈ[20] ਸਗਲ ਸੀਗਾਰ।
ਸਭ ਬਿਭੂਤਿ[21] ਕੋ ਛੋਡਿ ਕੇ ਭਏ ਸੁ ਏਕੰਕਾਰ[22] ॥੪॥ [੬॥]
ਚੌਪਈ। ਚਲੇ ਜਾਤ ਜੰਗਲ ਮੈ ਨਾਨਾ। ਖੋਰਸ[23] ਪਹਿਰ ਰਹੇ ਬਨ ਜਾਨਾ।
ਸੰਧਜਾ ਕਾਲ ਜੰਗਲੰ ਭਾਰਾ। ਚੜ ਕੈ ਜਾਂਡ[24] ਵੰਝਲੀ[25] ਮਾਰਾ ॥ [੭॥]
ਏਕ ਏਕ ਥੀ ਮੀਣ ਮਹਾਨਾ। ਕਬਹੂੰ ਨਾ ਮਿਲੈ ਰਹਾ ਪਛਤਾਨਾ।
ਸੰਧਜਾ ਕਾਲ ਛੰਭ ਥੋ ਭਾਰੀ। ਤਹਿ ਏਕਲ ਬੈਠੇ ਗੁਰ ਭਾਰੀ ॥ [੮॥]
ਜਬ ਹੀ ਜਾਟ ਵੰਝਲੀ ਮਾਰੀ। ਚਲੀ ਸੁ ਆਪਨ ਠੌਰ ਮੰਝਾਰੀ।

---

1. ਅੱਠ+ਦਸ (ਦਸ ਤੇ ਅੱਠ) = ਅਠਾਰਾਂ। 2. ਮੁਕਤੀ ਰੂਪ ਚਾਰ ਫਲ ਅਥਵਾ ਪਦਾਰਥ : ਧਰਮ, ਅਰਥ, ਕਾਮ ਤੇ ਮੋਖ। 3. ਸੁਆਮੀ, ਮਾਲਿਕ। 4. ਉਨ੍ਹਾਂ ਦੀ। 5. ਚਾਰ ਤੇ ਦਸ = ਚੌਦਾਂ। 6. ਨਸ਼ਟ ਕਰਨ ਵਾਲੇ। 7. ਬੰਦਨਾ, ਨਮਸਕਾਰ। 8. ਕਲਿਯੁਗ ਦੇ। 9. ਛੁਟਦੇ ਹਨ। 10. ਅਗਾੜੀ, ਅੱਗੇ। 11. ਭਿਆਨਕ। 12. ਨਿਰਜਨ (ਜਨ ਰਹਿਤ) ਵਣ (ਜੰਗਲ)। 13. ਸ਼ੇਰ ਤੇ ਵਾਰਾਹ (ਸੂਰ)। 14. ਸੂਰ। 15. ਪੰਛੀ। 16. ਦੈਂਤ। 17. ਅਜੇਹੇ। 18. ਤਲਵਾਰ। 19. ਪੁਤ੍ਰ ਤੇ ਇਸਤ੍ਰੀਆਂ। 20. ਹਯ (ਘੋੜੇ) ਤੇ ਗਯ (ਹਾਥੀ)। 21. ਧਨ-ਸੰਪਦਾ। 22. ਇਕ ਓਅੰਕਾਰ ਅਦ੍ਵੈਤ ਬ੍ਰਹਮ। 23. ਖੋੜਸ, ਸੋਲਾਂ। 24. ਜੰਡ ਉੱਤੇ (ਖ਼ਾਲਸਾ ਕਾਲਿਜ, ਅੰਮ੍ਰਿਤਸਰ ਦੀ ਪ੍ਰਤੀ ਨੰ. ੬੦੫ ਵਿਚ ਏਥੇ ਜੰਡ ਦੀ ਥਾਵੇਂ 'ਜਾਟ' ਪਾਠ ਹੈ)। 25. ਬੰਸਰੀ।

ਕਾਹੂ ਰਹੀ ਕਛੁ ਸੁਧ ਨਾਹੀ। ਬੋਲਤ ਡੀਕਤ ਜਾਵਤ ਤਾਹੀ ॥ [੯॥]
ਸਤਿਗੁਰ ਕਰੇ ਵੈਰਾਗ ਤਬ ਭਾਰੀ। ਜਬ ਸਾਹਿਬ ਕਰਨਾਲ[1] ਸੁ ਮਾਰੀ।
ਜਾਂ ਹੇਤ ਕੀ ਸੁਨ ਲੀ ਬਾਰੀ।[2] ॥ [੧੦॥]
ਤਬ ਓਹ ਭਾਜ ਸਾਹਿਬ ਪੈ ਜਾਈ। ਮਾਤ ਤਾਤ ਤਜਿ ਪ੍ਰੇਮ ਨਿਬਾਹੀ।
ਜਾ ਕੋ ਲਗਨ ਸਾਹਿਬ ਕੀ ਜਾਨੋ। ਐਸੇ ਜਾਵਤ ਭਾਜ ਕੈ ਮਾਨੋ ॥ [੧੧॥]
ਔਰ ਕਾਲ ਕੋ ਸਬਦ ਅਪਾਰਾ। ਸੁਨੇ ਸੁ ਜਾਵੈ ਨਾਹਿ ਨਿਹਾਰਾ।
ਜਬ ਸਾਹਿਬ ਕਰਨਾਲ ਸੁ ਮਾਰੈ। ਤਬ ਵੈ ਸਭ ਤੱਤਨ ਮਿਲ ਸਾਰੈ ॥ [੧੨॥]
ਤਬ ਵੈ ਜੀਵ ਭਾਜ ਕੈ ਜਾਹੀ। ਕੋਊ ਕਾਹੂ ਕੋ ਜਗ ਨਾਹੀ।
ਜਬ ਵੈ ਮੋਨ ਧਰਤ ਗੋਸਾਈ। ਪਰਜਾ ਚਰੈ ਅਧਿਕ ਮਨ ਲਾਈ।
ਜਬ ਹੀ ਅਵਾਜ ਭਈ ਗੋਪਾਲੇ। ਪਰਜਾ ਜਾਇ ਮਿਲੀ ਜਜੌ ਗੁਆਲੈ ॥੫॥ [੧੩॥]

ਦੋਹਰਾ। ਯਾ ਸੌ ਪਾਨੀ ਮੁਖ ਗਹਜੋ, ਗਈ ਤਜਾਗ ਕੇ ਬਾਰ।
ਬਡ ਅਸਚਰਜ ਇਹ ਕਸ ਮਿਲੀ, ਤਾਸ ਗੁਆਲ ਕਰ ਸਾਰ ॥੬॥ [੧੪॥]

ਚੌਪਈ। ਇਹ ਕੁਟੰਬ ਸਭ ਝੂਠ ਬਖਾਨਾ। ਪੁਤਲੀ ਜੰਤ੍ਰ ਵਸ ਜਗ ਜਾਨਾ।
ਮੈ ਮੇਰਾ ਇਹੁ ਕਰਤ ਅਪਾਰਾ। ਵਸ ਗੁਪਾਲ ਨਹਿ ਜਾਨਨਹਾਰਾ।
ਸਭ ਹੀ ਏਕ ਵਸ ਹੈ ਜਾਂਨੋ। ਤਜੌ ਈਸਰ ਵਸ ਸਭ ਹਮ ਮਾਨੋ ॥੭॥ [੧੫॥]

ਸ੍ਰੀ ਮੁਖ ਵਾਕ ਪਾਤਸਾਹੀ ੧੦ :

"ਲਖੀ ਜੰਗਲ[3] ਖਾਲਸਾ ਦੀਦਾਰ ਆਇ ਲਗਾ,
ਤਬ ਉਚਾਰ ਹੋਇਆ :
ਸੁਣਿ ਕੇ ਸੱਦ੍ਹ ਮਾਹੀ ਦਾ ਮੇਹੀ ਪਾਣੀ ਘਾਹੁ ਮੁਤੋ ਨੇ।
ਕਿਸੇ ਨਾਲ ਨ ਰਲੀਆ ਕਾਈ, ਕੋਈ ਸੌਕ ਪਇਓ ਨੇ।
ਗਇਆ ਫਿਰਾਕ ਮਿਲਿਆ ਮਿਤ ਮਾਹੀ, ਤਾਹੀ ਸੁਕਰ ਕੀਤੋ ਨੇ।"

ਪੁਨਿ ਫਿਰ ਪੂਰਬ ਕੇ ਤਟ ਆਏ। ਦੁਰਿਤ[4] ਰਹੈਂ, ਨਹਿ ਖਬਰ ਲਖਾਏ ॥ [੧੬॥]
ਪੁਨਿ ਧੁਨਿ ਸਤਿਗੁਰ ਕੀ ਸੁਨਿ ਪਾਈ। ਮਿਲ ਆਵਤ ਸੰਗਤ ਤਬ ਧਾਈ।
ਮੇਲਾ ਭਯੋ ਸੁ ਆਨ ਹਜੂਰਾ। ਸਿਖ ਸਖਾ ਆਵਤ ਨਿਤ ਸੂਰਾ ॥ [੧੭॥]
ਕੇਤਕ ਧਾਰ ਭਾਵਨੀ ਸੇਵੈਂ। ਰੋਜ ਚਾਕਰੀ ਅਨਗਨ ਲੇਵੈਂ।
ਤਬ ਪ੍ਰਭੁ ਦੁਰਗੇਸਰ[5] ਤਟ ਆਯੇ। ਨਿਰਖਿ ਬਠਿੰਡਾ ਅਤਿ ਬਿਗਸਾਯੇ[6] ॥ [੧੮॥]
ਊਚੋ ਦੁਰਗ ਦਿਪਤ[7] ਬਰ ਸੋਹੈ। ਯਹਿ ਸਮਾਨ ਊਚੋ ਗੜ੍ਹ ਕੋ ਹੈ?
ਚੜ੍ਹੈ ਆਨ ਜਬ ਗਢ ਕੇ ਸੀਸਾ। ਲੋਗਨ ਕਹਜੋ ਤੀਰ ਜਗਦੀਸਾ ॥ [੧੯॥]
"ਦੁਰਗੇਸਰ ਸਤ ਜੁਗ ਬਨਵਾਯੋ। ਨੌ ਨੇਜੇ ਊਚਾ ਕਰਵਾਯੋ।

---

1. ਹੱਥ ਨਾਲ। ਉਹ ਬੰਦੂਕ ਜੋ ਹੱਥ ਉੱਤੇ ਰੱਖ ਕੇ ਚਲਾਈ ਜਾਵੇ। 2. ਇਥੇ ਇਕ ਤੁਕ ਨਹੀਂ ਹੈ, ਇਹ ਕਿਸੇ ਹੱਥ-ਲਿਖਤਾਂ ਵਿਚੋਂ ਵੀ ਨਹੀਂ ਮਿਲ ਸਕੀ। 3. ਜ਼ਿਲਾ ਬਠਿੰਡਾ, ਤਹਿਸੀਲ ਕੋਟ ਕਪੂਰਾ, ਰੇਲਵੇ ਸਟੇਸ਼ਨ ਗੁੰਨਿਆਣੇ ਦੇ ਲਾਗੇ ਥਾਣਾ ਨਾਹੀਆਂ ਵਾਲੇ ਦਾ ਇਕ ਪਿੰਡ, ਜੋ ਹੁਣ ਮਹਿਮਾ ਸਰਜਾ ਦੇ ਨਾਂ ਨਾਲ ਪ੍ਰਸਿੱਧ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਬੈਠ ਕੇ ਸਾਰੇ ਮਾਲਵੇ (ਜੰਗਲ ਦੇਸ਼) ਨੂੰ ਲੱਖੀ ਜੰਗਲ (ਲੱਖਾਂ ਦੀ ਪੈਦਾਵਾਰ ਦੇਣ ਵਾਲਾ ਦਾ ਵਰ ਦਿੱਤਾ ਸੀ। 4. ਲੁਕੇ, ਭਾਵ-ਗੁਪਤ। 5. ਦੁਰਗ (ਕਿਲ੍ਹਾ), ਈਸ਼ੁਰ (ਸੁਆਮੀ, ਵੱਡਾ), ਅਰਥਾਤ ਉੱਚਾ ਕਿਲ੍ਹਾ। 6. ਵਿਗਸੇ, ਪ੍ਰਸੰਨ ਹੋਏ। 7. ਚਮਕਦਾ, ਸੋਭਦਾ।

ਸਤਿ ਜੁਗ ਮੈ ਦਾਨੋ ਕਾ ਥਾਨਾ। ਹਰਨਾਖਸ ਕਸਪ[1] ਮਨਮਾਨਾ ॥[੨੦॥]
ਤਬ ਕਾ ਜਾਨੋ ਯਹ ਗੜ ਸੋਈ। ਸੁਰਘ[2] ਗੋਰੀਐ[3] ਕੀ ਅਤਿ ਹੋਈ।
ਦਿਲੀ ਗੋਰੀ ਆਦਿ ਮਤਿ ਧੀਰਾ। ਦਿਪਤ ਦੇਖ ਦੀਪਤ ਬਰ ਬੀਰਾ ॥[੨੧॥]
ਕਈ ਧਾਵਨੀ ਕਰ ਵੈ ਆਯੋ। ਦਾਈ ਗਜਾਨ ਪਾਇ ਗੜ੍ਹ ਪਾਯੋ।
ਤਿਨੈ ਢਹਾਯੋ ਇਹ ਗੜ੍ਹ ਜਾਨਾ। ਅਬ ਨ੍ਰਿਪਾਲ[4] ਤੁਮ ਜਾਨਤ ਖਾਨਾ" ॥[੨੨॥]
ਸ੍ਰੀ ਮੁਖ ਵਾਕ ਸੋ ਐਸ ਵਖਾਨੋ। "ਅਬ ਯਹਿ ਬਸਤੋ ਕਿਮ ਨਹਿ ਥਾਨੋ?"
ਤਿਨ ਯੋ ਕਹੀ ਕਮਲ ਪਗ ਪਾਸਾ। "ਦਾਨਵ ਕਰਤ ਜੀਵ ਸਭ ਨਾਸਾ ॥[੨੩॥]
ਤਾ ਕੋ ਡਰ ਯਹਿ ਥਾਂ ਪ੍ਰਭੁ! ਭਾਰੇ। ਸੋ ਯਹਿ ਗੜ੍ਹ ਕੇ ਬੀਚ ਨਿਕਾਰੇ।"
ਤਬ ਕਰੁਨਾਨਿਧਿ[5] ਤਾਹਿ ਨਿਕਾਰਾ। ਦੇਸ ਬਾਵਨੀ ਮੈ[6] ਤਿਹ ਡਾਰਾ ॥[੨੪॥]
ਸਿੱਧਨ ਸੋਂ ਗੋਸਟਿ ਪੁਨਿ ਕੀਨੀ। ਤਿਹਿ ਪ੍ਰਤੀਤਿ ਭਲੀ ਬਿਧਿ ਦੀਨੀ।
ਪਸਮੀ ਪਟ[7] ਤਿਹ ਕੋ ਤਬ ਦਯੋ। ਜਗਤ ਮਾਹਿ ਨਿਜ ਸਖਿ ਸੋ ਕਯੋ[8] ॥[੨੫॥]
ਪੁਨਹਿ ਮਿਰਾਜ[9] ਜਾਟ ਇਕ ਕਹੀਏ। ਸੋ ਸਤਿਗੁਰ ਕੋ ਸੇਵਕ ਲਹੀਏ।
ਤਿਨ ਕੋ ਦੀਨਾ ਯੌਂ ਅਸਥਾਨਾ। ਖੁਸੀ ਕੀਨ ਰਾਜਾ ਭਨ ਨਾਨਾ ॥[੨੬॥]
ਤਬ ਤਿਨ ਕਪਟ ਹੰਕਾਰ ਮਿਲਾਈ। ਸੁਨੀ ਬਾਤ ਗੁਰੂ ਅਨਿਕ ਸੁਭਾਈ।
"ਨਾਉ ਤੁਮਾਰੋ ਹੋਵੈ ਯਾਹੀ[12]। ਸਮਾ ਪਾਇ ਕੈ ਦਰਸ ਲਹਾਹੀ ॥[੨੭॥]
ਪੁਨਿ ਏ ਭਾਈ ਭਗਤੂ[11] ਨਾਮ। ਜਾਤ ਜਾਟ ਕੀ ਲਖ ਅਭਿਰਾਮ।
ਤੁਮ ਇਨ ਨਿਜਦ ਰਾਜ ਰਹੈ ਭਾਰੀ। ਖੁਸੀ ਕੀਨ ਸਤਿਗੁਰ ਬਡਿ ਸਾਰੀ ॥[੨੮॥]
ਤੁਮਰਾ ਰਾਜ ਹੋਇ ਯਾ ਮਾਹੀ। ਈਹਾ ਬਸਤ ਮੁਲਕ ਧਰ ਛਾਹੀ।"
ਤਬ ਸਿੱਖਨ ਉੱਚਾਰੀ ਬਾਤਾ। "ਨਾਥ! ਉਜਾੜ ਭੂਤ ਲਖ ਬ੍ਰਾਤਾ[12] ॥[੨੯॥]
ਈਹਾਂ ਅਨਗਨ ਭੂਤ ਸੋ ਆਹੀ।" ਤਬ ਗੁਰ ਸਿੱਖਨ ਬਾਤ ਸੁਨਾਈ।
"ਭਾਈ ਬਹਲੋ ਕਾ ਜੋ ਨਾਮਾ। ਕਰੈ ਟਹਲ ਨਹਿ ਸੁਧ ਇਸਨਾਨਾ ॥[੩੦॥]
ਮਗਨ ਪ੍ਰੇਮ ਮੈ ਐਸੇ ਰਹੈ। ਜਿਸ ਕਾ ਅੰਤ ਨ ਕੋਈ ਲਹੈ।
ਉਸ ਕੇ ਹੁਕਮ ਸਾਥ ਏ ਜਾਈ। ਖੁਸੀ ਮੰਤ੍ਰ ਕੀ ਭਯੇ ਹਿਤਾਈ[13]।
ਤਾਵਤ ਕੀਨੇ ਅਧਿਕ ਚਰਿਤ੍ਰਾ। ਚਲੇ ਜਾਤ ਗੁਰ ਅਨਿਕ ਬਿਚਿਤ੍ਰਾ ॥੮॥ [੩੧॥]

ਦੋਹਰਾ। ਤਾ ਤੈ ਪਜਾਨ ਸੋ ਕਰਤ ਹੀ, ਸ੍ਰੀ ਸਾਹਿਬ ਸਿਰਮੋਰ।
ਤਲਵੰਡੀ[14] ਤਬ ਆਇ ਹੈ, ਸੁਨੀ ਖਬਰ ਸਭ ਠੋਰ ॥੯॥ [੩੨॥]

---

1. ਹਿਰਣਜ ਕਸ਼ਿਪੁ, ਸੋਨੇ ਰੰਗੀ ਕਸ਼ਿਪੁ (ਪੋਸ਼ਾਕ) ਵਾਲਾ ਇਕ ਦੈਂਤ, ਜੋ ਰਿਖੀ ਕਸ਼ਯਪ ਦਾ ਪੁਤ੍ਰ ਸੀ। ਹਰਨਾਖਸ ਇਸ ਦਾ ਭਾਈ ਸੀ। ਪੁਰਾਣਾਂ ਦੇ ਕਥਨ ਅਨੁਸਾਰ ਇਹ ਪ੍ਰਹਿਲਾਦ ਭਗਤ ਦਾ ਪਿਤਾ ਸੀ ਅਤੇ ਅਤਿਆਚਾਰੀ ਹੋਣ ਕਰਕੇ ਇਸ ਨੂੰ ਭਗਵਾਨ ਨਰਸਿੰਘ ਅਵਤਾਰ ਨੇ ਮਾਰਿਆ ਸੀ। ਹਿਰਣਜ ਕਸ਼ਿਪੁ ਤੇ ਹਰਨਾਖਸ ਦਰ ਅਸਲ ਬਠਿੰਡੇ ਦੇ ਨਹੀਂ, ਮੁਲਤਾਨ ਦੇ ਵਸਨੀਕ ਸਨ ਜਿੱਥੇ ਕਿ ਕਿਲ੍ਹੇ ਵਿਚ ਭਗਤ ਪ੍ਰਹਿਲਾਦ ਦੀ ਯਾਦਗਾਰ ਬਣੀ ਹੋਈ ਹੈ। (ਦੇਖੋ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*)। 2. ਸੁਰੰਗ। 3. ਗ਼ੋਰੀ ਖ਼ਾਨਦਾਨ ਦਾ ਬਾਦਸ਼ਾਹ। 4. ਨਰੇਸ਼, ਰਾਜਾ। 5. ਕ੍ਰਿਪਾਲੂ ਦਸ਼ਮੇਸ਼ ਜੀ ਨੇ। 6. ਸਰਹਿੰਦ ਬਾਵਨੀ ਦੇ ਇਲਾਕੇ ਵਿਚ। 7. ਪਸ਼ਮੀਨੇ ਦਾ ਕਪੜਾ। 8. ਕੀਤਾ। 9. ਪਿੰਡ ਮਹਿਰਾਜ, ਜੋ ਜ਼ਿਲਾ ਬਠਿੰਡਾ ਵਿਚ ਹੈ। 10. ਇਸ ਤੋਂ, ਇਸ ਕਰਕੇ। 11. ਭਾਈ ਉਦਯ ਸਿੰਘ ਰਾਜਾ ਕੈਥਲ, ਰਈਸ ਅਰਨੌਲੀ ਆਦਿ ਦਾ ਵਡੇਰਾ। 12. ਭੂਤਾਂ ਦੀ ਬ੍ਰਾਤ, ਅਰਥਾਤ ਅਨੇਕਾਂ ਭੂਤ-ਪ੍ਰੇਤ। 13. ਹਿਤਕਾਰਕ। 14. ਤਲਵੰਡੀ ਸਾਬੋ (ਦਮਦਮਾ ਸਾਹਿਬ)।

ਡੱਲੇ ਆਦਿ ਬੈਰਾੜ ਜੋ, ਊਚ ਨੀਚ ਸਿਰਦਾਰ।
ਸਰਬ ਹਜ਼ੂਰ ਸੁ ਆਵਹੀ, ਗੁਰ ਕੇ ਹਿਤ ਦੀਦਾਰ ॥੧੦॥ [੩੩॥]
ਸਿਖ ਸਖਾ ਭਟ ਖਾਲਸਾ, ਡੇਰਾ ਮਿਲਜੋ ਅਪਾਰ।
ਆਨੰਦ ਪੁਰ ਤੇ ਜਾਨੀਐ, ਦਸ ਗੁਨ ਅਧਿਕ ਹਜਾਰ ॥੧੧॥ [੩੪॥]
ਰੋਜ ਅਸਰਫੀ ਮੁਦ੍ਰਿਕਾ[1] ਦੇਤ ਗੁਰੂ ਜੀ ਨਿੱਤ।
ਯੋ ਸੁਨ ਕਰ ਸਬ ਆਵਹੀ, ਅਨਗਨ ਸੈਨ ਅਮਿਤ[2] ॥੧੨॥ [੩੫॥]
ਦੁੰਦਭਿ[3] ਨਾਦ[4] ਮ੍ਰਿਦੰਗ ਧੁਨਿ, ਆਵਜ[5] ਤੂਰ[6] ਅਪਾਰ।
ਜਲਦ ਮੇਘ[7] ਜਿਮ ਵਾਵਹੀ, ਸਦ ਸਾਚੇ ਦਰਬਾਰ ॥੧੩॥ [੩੬॥]
ਆਦਿ ਜਾਮ[8] ਦਿਨ ਚੜ੍ਹਤ ਲਗ, ਅਧਿਕ ਹੋਇ ਦੀਦਾਰ।
ਹਰਿ ਗੁਨ ਗਾਇ ਅਨੰਦ ਸੋ, ਗੁਰ ਦਰਸਨ ਚਿਤ ਧਾਰ ॥੧੪॥ [੩੭॥]

ਚੌਪਈ। ਊਚ ਦਮਦਮਾ[9] ਅਧਿਕ ਕਰਾਯੋ। ਜਾ ਸਮ ਉਪਮਾ ਔਰ ਨ ਗਾਯੋ।
ਬੈਠੇ ਆਪ ਤਹਾਂ ਜਬ ਆਈ। ਦਰਸੈ ਸਭ ਸੰਗਤਿ ਤਹਿ ਜਾਈ ॥ [੩੮॥]
ਬਹੁਰੋ ਆਪ ਗੁਰੂ ਸਰ[10] ਆਵੈਂ। ਲੈ ਢਾਲਾ ਨਿਜ ਕਾਰ ਕਢਾਵੈਂ।
ਪੁਨਿ ਜੰਡਿਆਨੇ[11] ਉਤਰੈਂ ਆਈ। ਸਭ ਬੀਰਨ ਤਹਿ ਲੇਹਿ ਬੁਲਾਈ ॥ [੩੯॥]
ਰੋਜਦਾਰ ਜਜੌਂ ਜਜੌਂ ਭਟ[12] ਆਵੈਂ। ਮੁਹਰ ਰੁਪੈਯਾ ਦੈ ਪਰਚਾਵੈਂ।
ਜਬ ਲਗ ਬੈਠ ਰਹੈ ਦ੍ਰਿੜ ਆਸਨ। ਅਦ੍ਰਿਸਟ ਲੱਛ[13] ਤਹਿ ਭਈ ਨਿਵਾਸਨ ॥ [੪੦॥]
ਤਾ ਤੇ ਹੋਇ ਤਬੈ ਅਸਵਾਰਾ। ਉਤਰੈਂ ਆਨ ਸੁ ਸਦਨ[14] ਮਝਾਰਾ।
ਬਿਸਮਿਤ[15] ਹੋਤ ਸਕਲ ਨਰ ਨਾਰੀ। ਕਾ ਤੇ ਮਾਯਾ[16] ਦੇਤ ਸੁਧਾਰੀ ॥ [੪੧॥]
ਲੈ ਨਹਿ ਬੈਠਤ ਹੈ ਧਨ ਜਾਨੇ। ਨਾ ਕੋ ਦੇਵਤ ਆਇ ਪਛਾਨੇ।
ਇਹ ਬਿਧਿ ਕਹੈਂ ਸਕਲ ਨਰ ਨਾਰੀ। ਅਚੁਤ ਅਲਖ ਨ ਲਖੈ ਸੁਧਾਰੀ ॥ [੪੨॥]
ਤੇਜ ਸਰੂਪ ਐਸ ਕਸ ਧਾਰੇ। ਕੋਈ ਨ ਲਖੈ ਸੁ ਐਸ ਬੀਚਾਰੇ।
ਅਕਲਾਨੇ[17] ਬੈਨੈਂ ਤਬ ਜਾਈ। ਲੇਖਨ ਗਢ ਗਢ ਦੇਤ ਵਗਾਈ ॥੧੫॥ [੪੩॥]

ਦੋਹਰਾ। ਡਲਾ ਜਬੈ ਹਜ਼ੂਰ ਤਟ ਆਵੈ ਦਰਸਨ ਕਾਜ।
ਹਾਥ ਜੋੜ ਸਿਰ ਨਿਆਇ ਕੈ, ਕਹੈ, "ਗਰੀਬ ਨਿਵਾਜ ॥੧੬॥ [੪੪॥]

ਚੌਪਈ। ਕਿਹ ਕਾਰਨ ਲੇਖਨ ਗਢ ਡਾਰੇ। ਲਿਖਤ ਪਢਤ ਨਹਿ ਕੋਇ ਨਿਹਾਰੇ।
ਯੋਹੀ ਜਾਵਤ ਕਲਮ ਅਕਾਜਾ।" ਡਲਾ ਕਹੈ, "ਗਰੀਬ ਨਿਵਾਜਾ" ॥ [੪੫॥]
ਸੁਨ ਸ੍ਰੀ ਮੁਖ ਸੇ ਬੈਨ ਬਖਾਨੈਂ। "ਡਲਾ! ਤੂੰ ਯਹਿ ਬਾਤ ਨ ਜਾਨੈ"।
ਏ ਹੈ ਪ੍ਰਗਟ ਹਮਾਰੀ ਕਾਸੀ[18]। ਪੜ੍ਹ ਹੈਂ ਯਾਹਿ ਢੇਰ ਮਤਿ ਨਾਸੀ ॥੧੭॥ [੪੬॥]

---

1. ਮੁਹਰਾਂ, ਰੁਪਏ ਆਦਿ। 2. ਬੇਅੰਤ ਫ਼ੌਜ। 3. ਧੌਂਸਾ। 4. ਆਵਾਜ਼। 5. ਤਾਸ਼ੇ ਦੀ ਕਿਸਮ ਦਾ ਇਕ ਵਾਜਾ। 6. ਰਣਸਿੰਘਾ। 7. ਜਲ ਵਰਸਾਉਣ ਵਾਲਾ ਬੱਦਲ। 8. ਆਦਿ (ਮੁੱਢਲਾ, ਪਹਲਾ) ਜਾਮ (ਪਹਰ)। 9. ਉੱਚਾ (ਕਿਲ੍ਹੇ ਦਾ) ਬੁਰਜ। 10. ਦਮਦਮਾ ਸਾਹਿਬ ਦਾ ਪ੍ਰਸਿੱਧ ਸਰੋਵਰ। 11. ਗੁਰਦੁਆਰਾ ਸਾਹਿਬ ਦਮਦਮੇ ਦਾ ਪ੍ਰਸਿੱਧ ਸਥਾਨ ਜੰਡੀਆਣਾ (ਜੰਡਸਰ)। 12. ਯੋਧੇ, ਸੂਰਮੇ। 13. ਅਜੇਹੀ ਲੱਛਮੀ ਅਥਵਾ ਧਨ ਦੌਲਤ, ਜੋ ਨਜ਼ਰ ਨਾ ਆਵੇ। 14. ਘਰ, ਨਿਵਾਸ-ਸਥਾਨ। 15. ਵਿਸਮਿਤ, ਅਸਚਰਜ। 16. ਰੁਪਏ। 17. ਲਿਖਣਸਰ ਨਾਮਕ ਸਥਾਨ। 18. ਗੁਰੂ ਕੀ ਕਾਸ਼ੀ, ਦਮਦਮਾ ਸਾਹਿਬ।

**ਦੋਹਰਾ।** ਤਿਨ ਕੇ ਕਾਰਨ ਕਲਮ ਗਢ, ਦੇਤ ਪ੍ਰਗਟ ਹਮ ਡਾਰ।
ਸਿਖ ਸਖਾ ਹਜਾ[1] ਪੜ੍ਹਹਿਗੇ, ਹਮਰੇ ਕਈ ਹਜਾਰ" ॥੧੮॥ [੪੭॥]
"ਬਹੁਤ ਚਰਿਤ ਯਾ ਭਾਂਤਿ ਸੋਂ, ਕਰੈਂ ਆਪ ਯਾ ਥਾਨ।"
ਬਹੁਰ ਕਥਾ ਇਹ ਬਿਧਿ ਭਈ, ਸੋ ਤੁਮ ਸੁਨੋ ਸੁਜਾਨ ॥੧੯॥ [੪੮॥]

**ਚੌਪਈ।** ਏਕ ਦਿਵਸ ਬੈਠੇ ਤਿਹ ਥਾਨਾ। ਡੱਲੇ ਪਰ ਰੀਝੇ ਭਗਵਾਨਾ।
"ਮਾਂਗ ਕਛੂ" ਬਚ ਐਸ ਬਖਾਨਾ। ਤਿਨ ਕਹਯੋ, "ਮੇਘ ਬਸੇ ਭਗਵਾਨਾ" ॥ [੪੯॥]
ਪੁਨਿ ਕਹਯੋ, "ਮਾਂਗ" ਤਬੈ ਕਹਿ ਸੋਈ। "ਮੋਠ ਬਾਜਰੀ ਦੀਜੈ ਮੋਹੀ।"
ਪੁਨਿ ਕਹਯੋ ਗੁਰ, "ਤੁਮ ਪਰ ਮੈ ਮੋਦਾ[2]। ਮਾਂਗ ਕਛੂ ਚਾਹੋ ਨਿਜ ਗੋਦਾ" ॥ [੫੦॥]
ਤਾਹਿ ਕਹਯੋ, "ਬਰਖਾ ਸਦ ਹੋਈ। ਮੋਠ ਬਾਜਰੀ ਦੂਧ ਸੁ ਮੋਹੀ।"
ਗੁਰੂ ਕਹਯੋ ਸੋ, "ਅਸ ਹੀ ਬਰ ਦੀਨਾ। ਪਰ ਤੁਮ ਰਾਜ ਮਾਂਗ ਕਯੋਂ ਨ ਲੀਨਾ? ॥ [੫੧॥]
ਬਾਵਨੀ[3] ਪਟ[4] ਮੈ ਯਾਹਿ ਲਗਾਵਤ। ਪਰ ਤੁਮ ਕੋ ਐਸੇ ਭੀ ਭਾਵਤ।"
ਬਚਨ ਭਯੋ, ਪਹਾਰੀਏ ਕਾਚੇ। ਰਾਜ ਹੀਨ ਗਤਿ ਧਰਮ ਨ ਸਾਚੇ ॥ [੫੨॥]
ਮਾਝਾ ਰੋੜ[5] ਸਿਖ ਜਗ ਰਾਜਾ। ਮਾਲਵ ਬਾਵਰ[6] ਕੋ ਹੈ ਸਾਜਾ।
ਅਨਗਨ ਚਾਵਰ[7] ਕਨਕ ਤਜਾਈ। ਮੋਠ ਬਾਜਰੀ ਲੀਨ ਮੰਗਾਈ"॥ [੫੩॥]
ਪੁਨਿ ਸ੍ਰੀ ਮੁਖ ਯਹਿ ਬਾਤ ਅਲਾਈ। ਸਹਜੈ ਗੰਦ ਅਜਬ ਸੋ ਪਾਈ।
ਦੱਖਣ ਕੀ ਤਬ ਬਾਤ ਚਲਾਈ। ਸੁਨ ਕੈ ਭਰਮੀ ਸਬ ਲੋਕਾਈ ॥ [੫੪॥]
ਡਰ ਅਰਦਾਸ[8] ਕਰੈ ਨਹਿ ਕੋਈ। ਸਭ ਕੀ ਛਾਤੀ ਥਰਥਰ ਹੋਈ।
ਦੱਖਨ ਦੇਸ ਪ੍ਰਦੇਸ ਵਿਚਾਰੀ। ਆਗੇ ਤੁਰਕ ਬਡੋ ਯੌ ਬਿਕਾਰੀ ॥ [੫੫॥]
ਯੌ ਲਖ ਕੈ ਡਰਪੈ ਸਤਸੰਗਾ। ਕਹੈਂ ਸੁ ਆਗੇ ਸਾਹ ਅਉਰੰਗਾ।
ਦਰਬਾਰੀ ਘਰਬਾਰੀ ਜੋਈ। ਖਾਸ ਹਜੂਰ ਦਿਵਾਨ[9] ਸੋ ਹੋਈ ॥ [੫੬॥]
ਤਿਨ ਯੌ ਕਹੀ ਗਰੀਬ ਨਿਵਾਜਾ। "ਦੱਖਨ ਕਾ ਸਾਹਿਬ ਕੋ ਕਾਜਾ?
ਦੱਖਨ ਕਾ ਗੁਰ! ਨਾਮ ਨ ਲੀਜੈ। ਆਸਨ ਦ੍ਰਿੜ ਜੰਗਲ ਮੋ ਕੀਜੈ" ॥੨੦॥ [੫੭॥]

**ਦੋਹਰਾ।** ਦੇਸ ਵਿਲਾਇਤ ਮਾਲਵਾ, ਘੋੜੇ ਜ੍ਵਾਨ ਅਨੂਪ।
ਭਾਵ ਭਗਤਿ ਬਰ ਭਾਵਨਾ, ਊਚ ਨੀਚ ਸਭ ਭੂਪ[10] ॥੨੧॥ [੫੮॥]

**ਚੌਪਈ।** ਆਕੀ ਮਹਾ ਦੇਸ ਯਹਿ ਜਾਨੋ। ਜਹਾਂ ਸਤ੍ਰੂ ਕੋ ਨਹੀਂ ਪਛਾਨੋ।
ਕੋਟ ਸੈਨ ਲਸਕਰ ਜੋ ਆਵੈ। ਤਦਪਿ ਹਜਾਂ ਤੇ ਜੀਤ ਨ ਜਾਵੈ ॥ [੫੯॥]
"ਦੋ ਦਸ ਬੀਸ ਮਾਸ ਬਸ ਜੰਗਲ। ਹੈ ਅਤਿ ਭੇਟ ਚੜੈਂ ਲਖ ਮੰਗਲ।"
ਯੌ ਬਤੀਆਂ ਸੁਨ ਕੇ ਤਿਨ ਸਾਰੀ। ਸ੍ਰੀ ਮੁਖ ਆਪ ਸੁ ਪ੍ਰਗਟ ਉਚਾਰੀ ॥ [੬੦॥]
"ਦੱਖਣ ਹਮੈ ਜਰੂਰ ਸੋ ਜਾਣਾ। ਹਮਰੋ ਅਦਭੁਤ ਤਹਾਂ ਟਿਕਾਣਾ।
ਤਾ ਤੇ ਸਹੀ ਸਤਿ ਹਮ ਜੈ ਹੈਂ। ਦੇਸ ਦੇਸ ਕੇ ਦਰਸਨ ਕੈ ਹੈਂ" ॥ [੬੧॥]
ਯੌ ਸੁਨ ਵਚਨ ਸਿੱਖ ਕਹੈਂ ਭਾਰੀ। "ਆਗੇ ਤੁਰਕ ਬਡੋ ਬੁਰਿਆਰੀ।

---

1. ਯਹਾਂ, ਏਥੇ। 2. ਖ਼ੁਸ਼, ਪ੍ਰਸੰਨ ਹੋਇਆ। 3. ਸਰਹਿੰਦ ਬਾਵਨੀ, ਜੋ ਸਰਸਬਜ਼ ਇਲਾਕਾ ਹੈ। 4. ਪੁੱਟ ਕੇ। 5. ਰੋੜ ਵਰਗੇ ਪੱਕੇ। 6. ਬਾਉਲਾ, ਬਾਵਲਾ, ਪਾਗਲ। 7. ਚਾਵਲ। 8. ਪ੍ਰਾਰਥਨਾ, ਬੇਨਤੀ। 9. ਸਭਾ, ਦਰਬਾਰ। 10. ਭੂਪਤਿ, ਰਾਜੇ।

ਤਿਨ ਤੁਮ ਸੋ ਯਾ ਬਿਧਿ ਛਲ ਕੀਨੇ। ਤਾਤ ਮਾਤ ਸੁਤ ਕੋ ਬਧ ਚੀਨੇ ॥ [੬੨॥]
ਜਿਨੇ ਦੇਹੁਰੇ[1] ਸਗਲ ਗਿਰਾਏ। ਤਟ ਤੀਰਥ ਕੋ ਦੰਡ[2] ਲਗਾਏ।
ਤਾ ਕੇ ਮੁਖ ਲਾਗਤ ਕੋ ਨਾਹੀ।" ਸਿਖ ਸੁ ਬਚ ਐਸੇ ਉਚਰਾਹੀ ॥ [੬੩॥]
"ਊਚ ਨੀਚ ਸਭ ਕਰਤਾ ਨਿੰਦਾ। ਤੁਮ ਤਾ ਕੇ ਸਨਮੁਖ ਚਲ ਬਿੰਦਾ[3]।"
"ਕਜਾ ਹਿੰਦੂ ਕਜਾ ਤੁਰਕ ਕਹਾਹੀ। ਦੱਖਣ ਮੈ ਹਮ ਸਦਾ ਰਹਾਹੀ ॥ [੬੪॥]
ਤੁਮ ਕਾਹੇ ਭਰਮਤ ਮਤਿ ਕਾਚੀ। ਹਮ ਜੈ ਹੈਂ ਸਮਝੋ ਤੁਮ ਸਾਚੀ।
ਤੁਮ ਮਤ ਮਨੈ ਕਰੋ ਹਮ ਭਾਈ। ਹਮੈ ਖਾਲਸੇ ਸਿਉ ਬਨਿ ਆਈ" ॥੨੨॥ [੬੫॥]

[ਗੁਰੂ ਜੀ ਦੀ ਦੱਖਣ ਨੂੰ ਚੜ੍ਹਾਈ]

**ਦੋਹਰਾ।** ਦੱਖਨ ਚਲਜੋ ਸਤਿਗੁਰੂ, ਰਹੀ ਸਕਲ ਕਰ ਜੋਰ।
ਊਚ ਨੀਚ ਸਭ ਯੌ ਸੁਨੀ, ਕਰਤ ਕੂਚ ਹੈ ਭੋਰ[4] ॥੨੩॥ [੬੬॥]
ਕਿਤਕ ਬੀਰ ਬੈਰਾੜ ਤਬ, ਲੈ ਸੋਢੀ ਸੁਤ ਖਾਟ[5]।
ਗਏ ਤਾਕ ਨਿਸ ਅੰਧ ਲਖ, ਕੀਨੋ ਕਾਰਜ ਘਾਟ ॥੨੪॥ [੬੭॥]
ਦਰਬਾਰੀ ਘਰ ਬਾਰਿ ਜੁਤ, ਚਾਕਰ ਬੀਰ ਹਜਾਰ।
ਗਏ ਪਾੜ ਨਿਸ ਭਾਜ ਕਰ, ਕੀਨੋ ਸਦਨ ਉਜਾੜ ॥੨੫॥ [੬੮॥]
ਮਾਰਵਾੜ ਕੇ ਰਾਹ ਕੋ ਦਿਸ ਦੱਛਨ ਕਰ ਕੂਚ।
ਹੋਈ ਸਬੈ ਤੱਯਾਰ ਤਬ ਸ੍ਰੀ ਮੁਖ ਚਮੂ ਅਮੂਚ ॥੨੬॥ [੬੯॥]

**ਚੌਪਈ।** ਸਤਿਗੁਰ ਪੁਰਖ ਨਗਾਰਾ ਕੀਨਾ। ਸਨਮੁਖ ਸਾਥ ਖਾਲਸਾ ਲੀਨਾ।
ਹੈ ਤੱਯਾਰ[6] ਸਬੈ ਪਛ ਧਾਏ। ਸਤਿਗੁਰ ਕੂਚ ਸੁ ਕਰਤ ਸਿਧਾਏ ॥ [੭੦॥]
ਪੀਛੈ ਨਿੰਦਾ ਕਰ ਕਰ ਭਾਖਹਿ। ਬੇ ਮੁਖ ਭਾਣੇ ਕੋ ਨਹਿ ਚਾਖਹਿ।
ਸਤਿਗੁਰ ਪਾਟ[7] ਪਟੰਬਰ[8] ਧਾਰੀ। ਅੱਸਵ ਨੀਲ[9] ਕੇਸਰੀ ਬਾਰੀ।
ਰੂਪ ਅਨੂਪ ਗੋਰ ਬਰ ਦੇਹੀ। ਭੂਖਨ ਸਸਤ੍ਰ ਸਜੇ ਅੰਗ ਤੇਹੀ ॥੨੭॥ [੭੧॥]

**ਝੂਲਨਾ।** [10]ਸੀਸ ਪੈ ਤਾ ਜਿਗੈ ਸੋਨ ਕਲਗੀ ਧਰੀ, ਲਾਲ ਹੀਰੇ ਜਰੀ ਜਗ ਮਗਾਵੈ।
ਸਬਜ ਪੰਨਾ ਖਚੇ ਗੁਲਕ[11] ਸੋਭਤ ਸੁਚੈ, ਝਲਕ ਅਨੂਪ ਕਵਿ ਕੌਨ ਗਾਵੈ।
ਤਰਲ[12] ਹੂ ਤੁਰਗ[13] ਜਜੋਂ ਅਭ੍ਰ[14] ਮੈ ਬਿਜੁਲੀ ਤਿਵੈ ਹੀ ਚੀਰ[15] ਅਨੂਪ ਭਾਵੈ।
ਸੋਢਿ ਬਰ ਬੰਸ ਅਵਤੰਸ[16] ਕੁਲ ਹੰਸ[17] ਕੇ, ਜਾਹਿ ਕੋ ਦੇਖ ਅਘ ਗਨ[18] ਨਸਾਵੈ ॥੨੮॥ [੭੨॥]

**ਮਧੁਭਾਰ ਛੰਦ।** ਸਾਹਿਬ ਦਯਾਰ[19]। ਹ੍ਵੈ ਕੇ ਤਿਯਾਰ।
ਭਏ ਠਾਢ[20] ਜਾਨ। ਕਰ[21] ਲੈ ਕਮਾਨ ॥ [੭੩॥]

---

1. ਦੇਵ ਦੇਹੁਰੇ, ਧਾਰਮਿਕ ਸਥਾਨ। 2. ਜਜ਼ੀਆ, ਇਕ ਪ੍ਰਕਾਰ ਦਾ ਰਾਜ-ਦੰਡ। 3. ਪਾਠਾਂਤਰ—"ਤਾ ਕੇ ਸਨਮੁਖ ਚਲਹਿ ਗੋਵਿੰਦਾ।" 4. ਸਵੇਰ ਹੋਣ ਸਾਰ। 5. ਮੰਜਾ। 6. ਪਾਠਾਂਤਰ—"ਹੋਇ ਤਿਯਾਰ।" (ਮੋ. ਬਾ. ੭੧)। 7. ਵਸਤ੍ਰ। 8. ਰੇਸ਼ਮੀ ਵਸਤ੍ਰ। 9. ਨੀਲਾ ਘੋੜਾ। 10. ਇਹ ਛੰਦ ਕਵੀ ਕੋਇਰ ਸਿੰਘ ਨੇ ਗੁਰ ਸੋਭਾ ਗ੍ਰੰਥ ਵਿਚੋਂ ਲਇਆ ਹੈ, ਪਰ ਇਸ ਬਾਰੇ ਜ਼ਿਕਰ ਕਿਤੇ ਨਹੀਂ ਕੀਤਾ। 11. ਗੁਲਿਕਾ, ਗੋਲੀਆਂ। 12. ਚੰਚਲ। 13. ਘੋੜਾ। 14. ਅਬਰ, ਬੱਦਲ। 15. ਕਪੜੇ। 16. ਸ਼ਿਰੋਮਣੀ। 17. ਸੂਰਜ। 18. ਪਾਪਾਂ ਦੇ ਪੁੰਜ। 19. ਦਯਾਲੂ, ਰਹੀਮ। 20. ਖੜੇ ਹੋਏ। 21. ਹੱਥ।

ਦੱਖਨ ਸੁ ਦੇਸ। ਕਰ ਹੈਂ ਪ੍ਰਵੇਸ।
ਤਾਰਨ ਜਹਾਨ। ਕਰੁਨਾ ਨਿਧਾਨ ॥੨੯॥ [੭੪॥]

**ਦੋਹਰਾ।** ਵਾਹਿਗੁਰੂ ਕੀ ਫਤੇ ਕਹਿ, ਆਗੇ ਭਏ ਤਿਯਾਰ।
ਭਯੋ ਦੰਡ ਤ੍ਰੈ ਲੋਕ ਮੈ, ਚੜ੍ਹਤ ਕਰੀ ਕਰਤਾਰ ॥੩੦॥ [੭੫॥]

**ਚੌਪਈ।** ਤੇਜ ਸਰੂਪ ਧਰਾ ਪ੍ਰਭੁ ਐਸੇ। ਬਰਨ ਨ ਪਾਵਤ ਹੈ ਕਹੁ ਕੈਸੇ।
ਕੋਪ ਚਛੁ ਕਰ ਹੋਇ ਲਖ ਗਾਢੀ ਦਹਨੇ ਹਾਥ ਭਗੌਤੀ ਠਾਢੀ ॥ [੭੬॥]
ਅਗ੍ਰ ਗਏ ਸਭ ਤੁਜਾਗ ਅਗਾਰੀ। ਦੇਖੀ ਤਹਾਂ ਭਗਵਤੀ ਭਾਰੀ।
ਸਿੰਘ ਚੜੀ ਲਹਿ ਲਹੈ ਬਿਰਾਜੈ। ਜਾ ਕੋ ਨਿਰਖ ਸਤ੍ਰ ਕੁਲ ਲਾਜੈ ॥ [੭੭॥]
ਬਿਸਨ ਮਹੇਸ ਦੇਵ ਗਨ ਜੇਤੇ। ਦਰਸਨ ਦੀਆ ਮਾਰਗ[1] ਮੈ ਤੇਤੇ।
"ਹਮ ਕੋ ਅਬ ਆਯਸ ਨਿਜ ਕਰੀਐ। ਐਸਾ ਕਠਿਨ ਬ੍ਰਤ ਨਹਿ ਧਰੀਐ ॥ [੭੮॥]
ਤੁਰਕ ਮਲੇਛ ਹੋਇਗੇ ਛਾਰੀ। ਅਬ ਆਈ ਹਰਿਜਨ ਕੀ ਬਾਰੀ।
ਨਿਜ ਚਲੀਐ ਅਪਨੇ ਵਹੁ ਧਾਮਾ। ਹਮ ਕਰ ਹੈਂ ਤੁਮਰੇ ਸਭ ਕਾਮਾ ॥ [੭੯॥]
ਗੋਵਿੰਦ ਨਗਰੀ ਆਪ ਸਿਧਰੀਐ। ਬਾਬਰ ਗ੍ਰਿਹ ਨਾਰਦ ਜਾ ਰਰੀਐ।"
ਤਬ ਸਾਹਿਬ ਬੋਲੈ ਅਧਿਕਾਈ। "ਦੱਖਨ ਮੈ ਹਮਰੀ ਹੈ ਜਾਈ[2] ॥ [੮੦॥]
ਪੂਰਬ ਪਹਰ ਸੁ ਪਿਤਰਾ ਧਾਮਾ। ਤਬ ਹ੍ਵੈ ਹੈ ਆਵਨ ਕਾ ਕਾਮਾ।"
ਯੋ ਸੁਨ ਦੇਵ[3] ਗਏ ਨਿਜ ਧਾਮਾ[4]। ਆਗੇ ਕਥਾ ਚਲੀ ਅਭਿਰਾਮਾ।
ਸੁਨ ਅਬ ਬਰਨੋ ਕਥਾ ਬਿਚੱਛਨ[5]। ਜਿਹ ਬਿਧਿ ਚਰਿਤ ਕੀਨ ਹਰਿ ਦਖਨ ॥੩੧॥ [੮੧॥]

**ਦੋਹਰਾ।** ਕਰ ਕਾਰਜ ਮਗ ਮੈ ਬਡੋ, ਰੂਪਾ[6] ਭਾਈ ਸੰਤ।
ਬਰ ਦੀਨੋ ਇਕ ਬਾਰ ਗੁਰ, ਕਥਾ ਸੁ ਸੁਨੇ ਬਿਅੰਤ ॥੩੨॥ [੮੨॥]

**ਚੌਪਈ।** ਫਰੀਦ ਕੋਟ ਤੇ ਗੁਰ ਇਕ ਬਾਰਾ। ਚਲੇ ਸੁ ਦੱਖਨ ਕੋ ਕਰ ਸਾਰਾ[7]।
ਭਾਈ ਰੂਪਾ ਸ੍ਰੀ ਤ੍ਰਿਖਾਨ। ਕਰਤ ਕ੍ਰਿਸਾਨੀ ਭਗਤ ਮਹਾਨ ॥ [੮੩॥]
ਏਕਲ ਗੁਰ ਸੋ ਬਡ ਚਲਿ ਆਏ। ਬਾਜਾਰੂਢ[8] ਨੀਰ ਹਿਤ ਚਾਏ।
ਸੰਗਤ ਰਹੀ ਪੂਰਬੇ ਭਾਰੀ। ਏਕਲ ਨਾਥ ਗੁਰੂ ਅਵਤਾਰੀ ॥ [੮੪॥]
ਖੇਤ੍ਰ ਜਾਨ ਤਹਿ ਦ੍ਰਿਸ੍ਰਿ ਪਸਾਰੀ[9]। ਪ੍ਰੇਮ-ਨੇਮ ਸੰਜੁਤ[10] ਬਿਸਥਾਰੀ[11]।
ਰਖਜਾ ਕਰਤ ਬਾਜਰੀ ਮੋਠਨ। ਤਾ ਲਖ ਕਹੈ ਬਾਕ ਗੁਰ ਅਸ ਪੁਨ ॥ [੮੫॥]
"ਅਹੋ ਸਾਧੁ! ਕਹੂੰ ਸੀਤਲ ਨੀਰਾ[12]?" ਤਾ ਗੁਰ ਹਿਤ ਰਾਖਾ ਥਾ ਧੀਰਾ।
ਸਿਕਤਾ[13] ਤੇ ਸੀਤਲ ਜਲ ਆਨਾ। ਪੀਤ ਸੀਤ[14] ਪੁਨਿ ਸੁਖਦ[15] ਮਹਾਨਾ ॥ [੮੬॥]
ਜਬ ਗੁਰ ਪਾਨ ਕੀਓ ਬਿਗਸਾਏ। "ਕਛੁ ਮਾਂਗੋ" ਤਾ ਵਚਨ ਸੁਨਾਏ।

---

1. ਰਾਹ, ਰਸਤਾ। 2. ਜਗ੍ਹਾ, ਸਥਾਨ। 3. ਦੇਵਤੇ। 4. ਆਪਣੇ ਘਰ (ਸੁਰਗ) ਨੂੰ। 5. ਚਤੁਰਾਈ ਵਾਲੀ, ਅਸਚਰਜ। 6. ਭਾਈ ਰੂਪ ਚੰਦ। 7. ਹੱਥ ਲਿਖਤ (੭੧) ਮੋਤੀ ਬਾਗ, ਪਟਿਆਲਾ ਦੇ ਅਨੁਸਾਰ ਏਥੇ ਇਹ ਦੋ ਤੁਕਾਂ ਵਧਾਈਆਂ ਗਈਆਂ ਹਨ। 8. ਬਾਜਿ (ਘੋੜੇ) ਪਰ ਆਰੂਢ (ਸਵਾਰ) ਹੋ ਕੇ। 9. ਨਜ਼ਰ ਫੈਲਾਈ। 10. ਸੰਯੁਤ, ਸਹਿਤ। 11. ਖ਼ਾਲਸਾ ਕਾਲਿਜ ਅਮ੍ਰਿਤਸਰ ਦੀ ਪ੍ਰਤੀ ਨੰ. ੬੦੫ ਵਿਚ ਏਥੇ ਟਿੱਪਣੀ ਵਜੋਂ "ਭਾਈ ਰੂਪਾ ਕੁਲ ਉਜਿਆਰੀ" ਪਾਠ ਹੈ, ਜੋ ਕਿਸੇ ਹੋਰ ਕਲਮ ਤੋਂ ਪੈਨਸਿਲ ਨਾਲ ਲਿਖਿਆ ਹੋਇਆ ਹੈ। 12. ਠੰਢਾ ਪਾਣੀ। 13. ਰੇਤਾ। 14. ਠੰਢਾ। 15. ਸੁਖਦਾਇਕ।

ਤਬ ਤਿਨ ਕਹਾ, ਬੂਝ ਸੁਤ ਤਾਈ। ਜੋ ਵਹਿ ਕਹਿ ਸੋ ਲੇਵਹੁ ਆਈ ॥ [੮੭॥]
ਤਾਵਤ ਸੈਨ ਗੁਰੂ ਕੀ ਆਈ। ਡੇਰਾ ਕੀਨ ਆਇ ਨਿਜਕਾਈ[1]।
ਤਬ ਰੂਪਾ ਜਾਨੇ ਕਹਿ ਏਈ। ਸੁਤ[2] ਕੁਟੰਬ ਸੇ ਬਾਤ ਅਲੇਹੀ[3] ॥ [੮੮॥]
ਕਲਗੀ ਜਿਗਾ ਅਸ੍ਵ[4] ਹੈਂ ਨਾਨਾ। ਮਾਂਗਤ ਨੀਰ ਪਜਾਇ ਰੁਚਿ ਠਾਨਾ ॥ [੮੯॥]
ਤਾਹਿ ਕਹਜੋ, "ਬਰ ਸੁਖਦ[5] ਸੋ ਲੇਹੀ[6]। ਮੈਂ ਆਯੋ ਤੁਮਰੇ ਪਹਿ[7] ਤੇਹੀ।"
ਤਾ ਕਹਜੇ, "ਫ਼ੌਜ ਗੁਰੂ ਤੇ ਮਾਂਗੇ।" ਪੁਨਿ ਨਾਰੀ ਤੇ ਪੂਛਨ ਲਾਗੇ ॥ [੯੦॥]
ਤਾਹਿ ਕਹਜੋ, "ਧਨ ਭੂਖਨ ਸਾਰੇ।" ਨੁਖਾ[8] ਕੁਟੰਬ ਸਹਿਤ ਪਰਿਵਾਰੇ।
ਪੁਨਿ ਭ੍ਰਾਤਨ ਤੇ ਪੂਛਨ ਲਾਗਾ। ਤਾਹਿ ਜਿਮੀ ਬਹੁ ਬਿਰਤ[9] ਸਭਾਗਾ ॥ [੯੧॥]
ਸੁਤਾ[10] ਤੇ ਪੂਛਤ ਭਯੋ ਪੁਨਿ ਭਾਰੀ। ਰੂਪੇ ਪਿਤ ਭ੍ਰਾਤਾ ਕੀ ਪਜਾਰੀ।
ਜੋ ਸਤਿਸੰਗ ਕੀ ਰੀਤ ਸੁਧਾਰੀ। ਤਾਹਿ ਕਹੀ ਬਾਨੀ ਰੁਚਿ ਸਾਰੀ ॥ [੯੨॥]
ਤਾਹਿ ਕਹਯੋ, "ਪਿਤ! ਇਹੁ ਬਰ ਆਛੀ[11]। ਜੋ ਆਵੈ ਸੋ ਤ੍ਰਿਪਤ ਸੁ ਸਾਛੀ[12]।
ਸਭ ਹੀ ਸੇਵਾ ਮੈ ਬਨ ਆਵੈ। ਹਮ ਤੇ ਦੁਖੀ ਨ ਕੋਈ ਜਾਵੈ"॥ [੯੩॥]
ਯਹੀ ਬਾਤ ਸਭ ਹੀ ਮਨ ਭਾਵੈ। ਆਇ ਗੁਰੂ ਪਦ[13] ਸੀਸ ਨਿਵਾਵੈ।
ਤਾਹਿ ਕਹਜੋ, "ਸਭ ਆਵਹਿ ਜੇਹੀ। ਹੋਵੈ ਤ੍ਰਿਪਤ ਮੁਦਤ[14] ਵਰ ਏਹੀ" ॥ [੯੪॥]
ਸੁਨ ਗੁਰੁ ਕਹੈ, "ਕਾਹਿ[15] ਮਤਿ ਦੀਨੀ?" ਤਾਹਿ ਕਹਜੇ, "ਤਨੁਜਾ[16] ਤੇ ਲੀਨੀ।"
ਪੁਨਿ ਤਨੁਜਾ ਪਦ ਸੀਸ ਝੁਕਾਵਾ। ਤਾ ਸੋ ਸ੍ਰੀ ਮੁਖ ਬੈਨ ਅਲਾਵਾ[17]॥ [੯੫॥]
"ਕਾ[18] ਤੇ ਬਰ ਲੀਨਾ ਤੁਮ ਐਸਾ?" ਤਾਹਿ ਕਹਜੋ, "ਪ੍ਰਭੁ ਜੀ, ਕਰ ਜੈਸਾ।
ਤੁਮ ਕੋ ਹਮ ਅਗ੍ਰ[19] ਬ੍ਰਹਮ ਸੁ ਜਾਨਾ। ਨੀਰ ਹੇਤ ਭਏ ਤ੍ਰਿਪਤ ਸੁ ਮਾਨਾ ॥ [੯੬॥]
ਤਾ ਕਰ ਤੁਮ ਕੋ ਹਮ ਰਿਝਵਾਯੋ[20]। ਬਰ ਮਾਂਗੋ ਤੁਮ ਏਹੁ ਅਲਾਯੇ[21]।
ਤੁਮਰੀ ਪਹਲ ਪ੍ਰਸੰਨਤਾ ਲੀਨੀ। ਤਬ ਤੁਮ ਹਮ ਪਰ ਖੁਸੀ ਸੁ ਚੀਨੀ[22] ॥ [੯੭॥]
ਸੁਨ ਗੁਰ ਮੁਦ[23] ਤਬ ਸੱਤ ਬਖਾਨੀ। ਚੁਲ੍ਹਾ ਨਿਜ ਕਰ ਜਰਿਯੋ[24] ਤਾਨੀ[25]।
ਅਬ ਲੌ[26] ਕਰਤ ਸਦਾ ਹੈਂ ਸੇਵਾ। ਯਾ ਬਿਧਿ ਮਯਾ[27] ਸੁ ਕਰੀ ਅਭੇਵਾ ॥ [੯੮॥]
ਪੁਨਿ ਪਰਚਮ ਦੱਖਨ ਕੀ ਓਰਾ[28]। ਦਖਨ ਮੈ ਗੁਰ ਕੀ ਅਤਿ ਕੋਰਾ[29]।
ਬਹੁ ਚਿਰ ਅਤਿ ਤਿਹ ਦੇਸ ਬਿਤਾਏ। ਸਰਸਾ[30] ਥਾਨ ਤਹਾਂ ਚਲਿ ਆਏ ॥ [੯੯॥]
ਜੁਗੀਆ[31] ਕੀ ਝੁਗੀਆ[32] ਹੈ ਭਾਰੀ। ਪਥਰ ਥਾਨ ਫਰੂਹੈ[33] ਜਾੜੀ।
ਤਾ ਢਿਗ ਬੀਰ ਚਤੁਰ ਦਿਸ[34] ਜਾਨਾ। ਕਲਾ ਖੈਂਚ ਗੁਰ ਕੀ ਇਸ ਥਾਨਾ ॥ [੧੦੦॥]
ਬਹੁ ਫਰਵਾਂਹ[35] ਛਾਂਹ ਹੈ ਭਾਰੀ। ਮਾਛੀ[36] ਸੇ ਗੁਰ ਆਪ ਹਕਾਰੀ[37]।

---

1. ਨਜ਼ਦੀਕ, ਨੇੜੇ। 2. ਪੁਤ੍ਰ। 3. ਪੁਛਣ ਲੱਗਾ। 4. ਘੋੜੇ। 5. ਸੁਖ ਦੇਣ ਵਾਲਾ। 6. ਲਈਏ। 7. ਪਾਸ, ਕੋਲ। 8. ਸਨੁਖਾ, ਨੂੰਹ (ਪੁਤ੍ਰ ਦੀ ਵਹੁਟੀ)। 9. ਰੋਜ਼ਗਾਰ। 10. ਪੁਤ੍ਰੀ ਧੀ। 11. ਚੰਗੀ। 12. ਸਾਖੀ। 13. ਪੈਰੀਂ। 14. ਪ੍ਰਸੰਨ। 15. ਕਿਸ ਨੇ। 16. ਪੁਤ੍ਰੀ ਬੇਟੀ। 17. ਵਚਨ ਕਹਿਆ। 18. ਕਿਸ। 19. ਅੱਗੇ, ਪਹਿਲੋਂ। 20. ਪ੍ਰਸੰਨ ਕੀਤਾ। 21. ਬੋਲੇ। 22. ਜਾਣੀ। 23. ਖ਼ੁਸ਼ ਹੋ ਕੇ। 24. ਜੜਿਆ। 25. ਉਸ ਨੇ। 26. ਹੁਣ ਤਕ। 27. ਕ੍ਰਿਪਾ। 28. ਵੱਲ, ਤਰਫ਼। 29. ਅਕੋਰ, ਭੇਟਾ। 30. ਜ਼ਿਲਾ ਹਿੱਸਾਰ ਵਿਚ ਸਾਰਸ ਰਾਜਪੂਤਾਂ ਦਾ ਵਸਾਇਆ ਇਕ ਨਗਰ। 31. ਜੋਗੀ। 32. ਝੁੱਗੀ, ਝੌਂਪੜੀ। 33. ਫਰੂਆ, ਕਾਠ ਦਾ ਪਿਆਲਾ। 34. ਚਾਰੇ ਪਾਸੇ। 35. ਇਕ ਦਰਖ਼ਤ। 36. ਇਕ ਸਿੱਖ। 37. ਸਦਿਆ ਬੁਲਾਇਆ।

"ਜੋ ਮਾਂਗਹੁ ਵਰ ਦੇਵਹੁ ਸੋਈ। ਧਰਮ ਸਾਲ ਨੀਕੇ ਪੂਰ ਹੋਈ।" ॥ [੧੦੧॥]
ਪੁਨਿ ਗੁਰ ਮੋਨ[1] ਧਾਰ ਹੈ ਲੀਨੀ। ਦੁਤੀਐ ਦਿਵਸ ਅਰਜ ਇਹ ਕੀਨੀ।
ਜਨਮ ਸੁ ਖਤ੍ਰੀ ਬੱਠਾ[2] ਨਾਮਾ। ਤਾ ਪਰ ਖੁਸੀ ਬਡੀ ਅਭਿਰਾਮਾ ॥ [੧੦੨॥]
ਹੁਕਮ ਨਾਮ[3] ਤਿਹ ਭੇਜ ਮੰਗਾਯੋ। ਸਤਿਗੁਰ ਤਾਕਹੁ ਬਚਨ ਸੁਨਾਯੋ।
"ਮਾਂਗਹੁ ਵਰ ਹਮ ਵਿਦਾ ਧਰਾਏ। ਦੱਖਨ ਦੇਸ ਚਲਨ ਗੁਰ ਭਾਏ" ॥ [੧੦੩॥]
ਧਰਮ ਸਾਲ[4] ਪੂਰ ਪੱਟਨ[5] ਕਹੀ। ਪੁਨਿ ਸਤਿਗੁਰ ਤਿਹ ਮੋਨ ਸੁ ਗਹੀ।
ਤਬ ਸਤਿਗੁਰ ਤਿਹ ਵਾਕ ਅਲਾਏ। "ਉਹਾ ਪੀਰ ਬਹੁਤ ਹੈਂ ਘਾਏ ॥ [੧੦੪॥]
ਕਠਿਨ ਥਾਨ ਹੈ" ਸਤਿਗੁਰ ਕਹੀ। "ਲੋਕਨ ਕੀ ਮਤਿ ਏਕ ਨ ਰਹੀ।
ਊਹਾ ਬਹੁ ਬੁਧੀ ਜਨ ਜਾਨੋ। ਤੀਨ ਥਾਨ ਹੋਇ ਅਧਿਕ ਪ੍ਰਮਾਨੋ" ॥ [੧੦੫॥]
ਭਾਈ ਮਾਛੀ ਤੈ ਬਰ ਲੀਨਾ। ਵਾਕ ਹੇਤ ਪੁਰ ਪੱਟਨ ਕੀਨਾ।
ਊਹਾਂ ਜੋ ਅਰਦਾਸ ਸੁ ਆਵੈ। ਕੂਪ ਮੋਹਿ ਹਿਤ ਨੀਰ ਪਿਆਵੈ ॥ [੧੦੬॥]
ਊਹਾਂ ਕਾ ਜਲ ਮੋਹ ਪਿਵਾਵੈ। ਤੁਰਕ ਕੂਪ ਗਤਿ ਮੋਹ ਨ ਭਾਵੈ।
ਧਰਮ ਸਾਲ ਤਬ ਠਹਰਤ ਭਈ। ਪੁਨਿ ਭਾਈ ਤਹਿ ਬਿਦਾ ਸੁ ਲਈ ॥੩੩॥ [੧੦੭॥]

ਦੋਹਰਾ। ਕਰਤ ਚਰਿਤ ਪੁਨਿ ਤਹਿ ਅਏ, ਜੋ ਰਜਪੂਤਨ ਦੇਸ।
ਆਨ ਆਨ ਰਾਜਾ ਮਿਲੈ, ਜੋਧੇ ਬਡੇ ਨਰੇਸ ॥੩੪॥ [੧੦੮॥]

ਚੌਪਈ। ਦੱਛਨ ਦੇਸ ਬਿਚੱਛਨ ਜਹਾਂ। ਬਾਪੀ[6] ਕੂਪ[7] ਸਰੋਵਰ ਤਹਾਂ।
ਸੁੰਦਰ ਗਿਰਿਨ[8] ਭੂਮਿ ਸੁਖਦਾਈ। ਸੁਰ[9] ਨਰ ਨਿਰਖਿ[10] ਰਹੈਂ ਉਰਝਾਈ ॥ [੧੦੯॥]
ਨਿਸਦਿਨ ਕਰਤ ਕੂਚ ਮਗ ਜਾਵੈਂ। ਬਿਬਿਧ ਭਾਂਤਿ ਕੌਤੁਕ ਦਰਸਾਵੈਂ।
ਚਲਤ ਚਲਤ ਆਏ ਤਾ ਥਾਨੈ। ਨਗਰ ਸਿਰੋਮਣਿ[11] ਜਹਾਂ ਬਖਾਨੈ ॥ [੧੧੦॥]
ਦੱਖਨ ਦੇਸ ਰਾਜ ਜਿਹ ਕੇਰਾ। ਮਿਲੈ ਆਨ ਸਤਿਗੁਰ ਕੇ ਡੇਰਾ।
ਇਕ ਆਵੈ ਦਰਸਨ ਇਕ ਜਾਈ। ਰਾਜਪੂਤ ਬਰ ਬੀਰ[12] ਸੁਭਾਈ ॥ [੧੧੧॥]
ਤਿਸੀ ਨਗਰ ਕੇ ਬੀਚ ਸੁ ਜਾਨੋ। ਬਰਬੰਸੀ[13] ਖਤ੍ਰੀ ਸਿਖ ਮਾਨੋ।
ਬਡੀ ਭੇਟ ਲੈ ਕੇ ਵਹੁ ਆਯੋ। ਨਿਜ ਬਿਰਤਾਂਤ ਸਕਲ ਤਿਨ ਗਾਯੋ ॥ [੧੧੨॥]
"ਮੋ ਗ੍ਰਿਹ ਮੈ ਇਕ ਕੰਨਜਾ ਆਹੀ। ਕਰ ਪ੍ਰਤਗਜਾ ਮੈ ਨ ਬਿਵਾਹੀ।
ਕ੍ਰਿਪਾ ਸਿੰਧ[14] ਹਮ ਦੇਸ ਜੇ ਐਹੈ। ਯਾ ਕੋ ਵਜਾਹ ਖੁਸੀ ਮੋ ਦੈ ਹੈ ॥ [੧੧੩॥]
ਤਾ ਤੇ ਤੁਮ ਹੋ ਅੰਤਰ ਜਾਮੀ। ਸਕਲ ਘਟਾ ਮੈ ਪੂਰਨ ਸ੍ਵਾਮੀ।
ਹੋਹੁ ਦਯਾਲ ਵਿਵਾਹੁ ਸੋ ਕਰੋ। ਤੌ ਯਹਿ ਮਗ[15] ਆਗੇ ਪਗ[16] ਧਰੋ" ॥੩੫॥ [੧੧੪॥]

ਦੋਹਰਾ। ਸੁਨਤ ਖੁਸੀ ਸਾਹਿਬ ਭਏ, ਹੁਕਮ ਖਾਲਸੇ ਕੀਨ।

---

1. ਖ਼ਾਮੋਸ਼ੀ। 2. ਇਹ ਬੱਠਾ ਨਾਮੀ ਸਿੱਖ ਉਸ ਬਾਬੇ ਬੱਠੇ ਮਿਸ਼੍ਰ (ਕਸ਼ਮੀਰੀ) ਤੋਂ ਜੁਦਾ ਸੀ ਜਿਸ ਨੇ ਸੰਮਤ ੧੭੪੨ ਤੋਂ ੧੭੪੬ ਤਕ ਦੇਵੀ ਪੂਜਨ ਕਰਵਾਇਆ ਤੇ ਗੁਰੂ ਜੀ ਤੋਂ ੧੦੧ ਹੁਕਮਨਾਮੇ ਪ੍ਰਾਪਤ ਕੀਤੇ ਸਨ (ਦੇਖੋ, ਇਸੇ ਪੁਸਤਕ ਦੇ ਅਧਿਆਇ ੭, ੮, ੯)। 3. ਹੁਕਮਨਾਮਾ। 4. ਗੁਰਦ੍ਵਾਰਾ। 5. ਪਾਕਪਟਨ। 6. ਬਾਉਲੀ। 7. ਖੂਹ। 8. ਪਹਾੜ। 9. ਦੇਵਤੇ। 10. ਦੇਖ ਕੇ। 11. ਨਗਰ ਸ਼ਿਰੋਮਣੀ ਕਿਹੜਾ? ਉਸ ਦਾ ਨਾਂ ਕਿਤੇ ਨਹੀਂ ਦਿੱਤਾ। 12. ਬਰ (ਸ੍ਰੇਸ਼ਟ), ਬੀਰ (ਜੋਧੇ)। 18. ਚੰਗੇ ਸ੍ਰੇਸ਼ਟ ਖ਼ਾਨਦਾਨ ਦਾ। 14. ਕ੍ਰਿਪਾ ਸਾਗਰ (ਸਤਿਗੁਰੂ ਜੀ)। 15. ਮਾਰਗ, ਰਸਤੇ। 16. ਪੈਰ।

ਸਗਲ ਸਮਗ੍ਰੀ ਬਜਾਹ ਕੀ, ਤਬ ਮੰਗਾਇ ਕੇ ਲੀਨ ॥੩੬॥ [੧੧੫॥]

**ਚੌਪਈ।** ਸਾਜ ਸਮਾਜ ਸਭੈ ਸੁ ਕਰਾਈ। ਆਨੰਦ ਤੂਰ[1] ਸੁ ਭੂਰ[2] ਬਜਾਈ।
ਇਹ ਬਿਧਿ ਕੀਨ ਬਿਆਹ[3] ਸੁਧਾਰੀ। ਤਾ ਤੇ ਕੀਨਾ ਕੂਚ ਅਗਾਰੀ ॥੩੭॥ [੧੧੬॥]

**ਦੋਹਰਾ।** ਦਯਾ ਸਿੰਘ ਤਿਹ ਦੇਸ ਮੈ ਮਿਲਜੋ ਗੁਰੂ ਕੋ ਆਇ।
ਗੁਰਜ ਦਾਰ ਦਿੱਲੀ ਅਯੋ, ਯਹੀ ਰੂਪ ਦਰਸਾਇ ॥੩੮॥ [੧੧੭॥]
ਜਿਨ ਗਾਂਵਨ ਖਾਲਸ ਪਰੇ, ਲੂਟ ਕੂਟ ਤਿਹ ਲੇਤ।
ਗਾਉਂ ਬਚੇ ਰਾਜਾ ਮਿਲੇ, ਦੈ ਕੇ ਪ੍ਰਭੁ ਕੋ ਭੇਟ ॥੩੯॥ [੧੧੮॥]

**ਚੌਪਈ।** ਖੀਰ[4] ਅਜਾ ਸੁਤ[5] ਰਸਤ ਲਿਆਵਤ। ਆਨ ਹਜੂਰ ਦੇਗ ਮੈ ਪਾਵਤ।
ਤਿਨ ਪਰ ਚੜ੍ਹ ਕੈ ਕੋਈ ਨ ਜਾਈ। ਸੁਖੀ ਵਸੈ ਤਿਨ ਕੀ ਸੁ ਲੁਕਾਈ ॥੪੦॥ [੧੧੯॥]

**ਸਵੈਯਾ।** ਜੋ ਮਨ ਧਾਰ ਹੰਕਾਰ ਕੈ ਬੈਠਤ, ਭੇਟ ਨ ਦੇਤ ਮਿਲੈ ਨਹੀ ਆਈ।
ਮਾਰ ਕੈ ਲੂਟ ਭਲੀ ਬਿਧਿ ਖਾਲਸਾ, ਭੂੰਚ ਲਏ[6] ਤਿਨ ਕੋ ਜੋ ਆਈ।
ਜਾਇ ਉਜਾੜ ਕਰੈ ਪੁਰ ਯਾ ਬਿਧਿ, ਲੰਕ ਹਨੂ[7] ਜਿਮ ਦੇਤ ਉਗਾਹੀ।
ਸਾਗਰ ਜਜੋਂ ਮੁਨਿਰਾਜ[8] ਅਚਜੋ[9] ਅਤਿ, ਨੀਰ ਪੀਓ ਇਹ ਕੌਤੁਕ ਜਾਹੀ ॥੪੧॥ [੧੨੦॥]

**ਚੌਪਈ।** ਕੂਚ ਕਰਤ ਜਾਵੈਂ ਯੋਂ ਭਾਂਤਾ। ਆਗੇ ਸੁਨੀ ਸੁ ਪੁਰਖ ਬਿਧਾਤਾ[10]।
ਮਾਰਗ ਕਠਿਨ ਬਾਜਿ[11] ਨਹਿ ਜਾਈ। ਔਰ ਪੈਂਡ[12] ਕੋਊ ਸੁਨੀਐ ਨਾਹੀ ॥ [੧੨੧॥]
ਉਹ ਦਿਸ ਛੋਰ ਔਰ ਦਿਸ ਧਾਏ। ਕੂਚ ਕਰੰਤ ਸੁ ਗਿਰਿ[13] ਚਢਿ ਆਏ।
ਚੜਿ ਘਾਟੀ ਜੋ ਪਾਰ ਸਿਧਾਨੇ। ਕਈ ਹਜੂਰ ਦੂਤ ਮਿਲਿ ਆਨੇ[14] ॥ [੧੨੨॥]
"ਔਰੰਗ ਸ਼ਾਹ ਗਵਨ[15] ਕਰ ਗਯੋ। ਜਗ ਤੇ ਬਿਦਾ ਭਾਂਤਿ ਯਹਿ ਭਯੋ।
ਛੋਰ ਗਯੋ ਸੋ ਮੁਲਕ ਖਜਾਨਾ। ਕਾਲ ਗ੍ਰਸਜੋ ਕਛੁ ਬਲ ਨ ਬਸਾਨਾ" ॥੪੨॥ [੧੨੩॥]

**ਦੋਹਰਾ।** ਸੁਨਤ ਬਨ ਤਬ ਦੂਤ ਕੇ ਕਹੀ ਸ੍ਰੀ ਮੁਖ ਸੰਗ।
"ਕਿਹ ਬਿਧਿ ਗਯੋ ਦਿਲੀਸ ਯੌ, ਕਹੋ ਛੋਰ ਪ੍ਰਸੰਗ" ॥੪੩॥ [੧੨੪॥]

**ਚੌਪਈ।** ਚਾਲਿਸ[16] ਰੋਜ ਪ੍ਰਭੂ ਕਰਤਾਰਾ। ਅੰਤਰ[17] ਰਹਾ ਨ ਸਾਹ ਸੁਮਾਰਾ।
ਤਨਿਕ[18] ਭਨਕ[19] ਨਹਿ ਬਾਹਰ ਆਈ। ਕਾ ਹਜਰਤ ਕੇ ਸੀਸ ਬਿਹਾਈ ॥੪੪॥ [੧੨੫॥]

**ਦੋਹਰਾ।** ਯੋ ਸੁਹਰਤ ਭੀ ਨਗਰ ਮੈ, ਨਿਜ ਜਿਉ ਸੁਨੀ ਸੁਧਾਰ।
ਸੋ ਕਰੁਨਾ ਨਿਧਿ! ਬਰਨ ਹੋਂ, ਤੁਮਰੇ ਤੀਰ ਸੁਧਾਰ ॥੪੫॥ [੧੨੬॥]
ਜਬ ਕਾਗਜ ਵਹਿ ਗੁਰੂ ਕਾ, ਹਜਰਤ ਨੈਨ ਨਿਹਾਰ।
ਚਟ ਪਟ[20] ਭਯੋ ਸੁਭਾਂਤਿ ਵਹਿ, ਜਜੋਂ ਦਿਲ ਹੋਲ ਅਪਾਰ ॥੪੬॥ [੧੨੭॥]

**ਚੌਪਈ।** ਹੁਕਮ ਨਾਮ ਜੋ ਸਾਹ ਨਿਹਾਰਾ। ਤਾ ਨਿਰਖਤ ਭਯੋ ਸਾਹ ਸੁ ਮਾਰਾ।

---

1. ਵਾਜੇ। 2. ਭੂਰਿ, ਬਹੁਤੇ। 3. ਪਰ ਇਹ ਵਿਵਾਹ ਕਿਸੇ ਦੰਦ-ਕਥਾ ਦੇ ਆਧਾਰ ਤੇ ਨਿਰੀ ਕਲਪਨਾ ਹੈ ਅਤੇ ਇਸ ਦੀ ਅਸਲੀਅਤ ਦਾ ਕੋਈ ਸਬੂਤ ਨਹੀਂ ਮਿਲਦਾ। 4. ਦੁੱਧ। 5. ਬਕਰੇ। 6. ਖਾ ਲਵੇ, ਭੋਗ ਲਵੇ। 7. ਹਨੂਮਾਨ। 8. ਜਿਵੇਂ ਅਗਸਤ ਰਿਸ਼ੀ ਨੇ ਸਾਗਰ ਢਾਈ ਚੁਲੀਆਂ ਕਰਕੇ ਪੀਤਾ ਸੀ। 9. ਪੀਤਾ। 10. ਗੁਰੂ ਦਸ਼ਮੇਸ਼, ਕਰਤਾ ਪੁਰਖ ਨੇ। 11. ਘੋੜਾ। 12. ਪੈਂਡਾ, ਪੰਧ, ਰਸਤਾ। 13. ਪਹਾੜ। 14. ਭਾਈ ਦਯਾ ਸਿੰਘ ਗੁਰੂ ਜੀ ਨੂੰ ਮਿਲੇ। 15. ਚਲਾਣਾ, ਸੁਰਗਵਾਸ। 16. ਚਾਲੀ। 17. ਅੰਦਰ। 18. ਥੋੜੀ ਜੇਹੀ। 19. ਸੂਹ। 20. ਤੁਰਤ, ਛੇਤੀ, ਝਟ ਪਟ।

ਔਰ ਕਥਾ ਸਭ ਹੀ ਜੀਅ ਧਾਰੈ। ਸਤਿਨਾਮ ਨਹਿ ਫਤੇ ਉਚਾਰੈ ॥ [੧੨੮॥]
ਸੁੰਨ ਸਮਾਧਿ ਹੋਇ ਚਖ ਖੋਲਤ। ਯਾ ਬਿਧਿ ਸੋਂ ਦੁਹਿਤਾ[1] ਸੰਗ ਬੋਲਤ।
ਨੀਲਾਂਬਰ[2] ਕੁਤਕਾ[3] ਕਰਿ ਧਾਰੈ[4]। ਇਨ ਉਤ[5] ਮੋਹਿ ਖਾਲਸਾ ਮਾਰੇ ॥ [੧੨੯॥]
ਜੇਬੁਨਿਸਾ[6] ਤਾ ਕੀ ਬਰ ਬੇਟੀ। ਜੀਅ ਨਿਹਾਰ ਪਿਦਰ ਅਉਖੇਟੀ[7]।
ਸੋ ਚਲ ਕੇ ਹਜਰਤ ਤਟ ਆਈ। ਅਨਿਕ[8] ਕਥਾ ਤਿਹ ਕਹਿ ਸਮਝਾਈ ॥ [੧੩੦॥]
ਤੱਦਪਿ[9] ਹੁਕਮ ਪੜ੍ਹਾ ਨਹੀ ਸਾਹਾ। ਲਿਖ ਕਾਗਦ ਪੜ੍ਹ ਭਿਸਤ ਸਿਧਾਹਾ[10]।
ਚਾਲਿਸ ਰੋਜ ਪ੍ਰਭੂ ਕਰਤਾਰਾ। ਸਭ ਕੁਛ ਸੁਤਾ[11] ਸੁ ਅਪ ਕਰ[12] ਧਾਰਾ ॥ [੧੩੧॥]
ਕਿਲੇ ਕੋਟ ਕਾਯਮ ਸਬ ਧਾਰੇ। ਸਰਬ ਮੁਸਾਹਬ ਜਮਾ ਬੈਠਾਰੇ।
ਜੋ ਆਵੈ ਅੰਤਰ ਤਟ ਸਾਹਾ। ਨਜਰਬੰਦ ਅੰਦਰ ਮੈ ਰਹਾ ॥ [੧੩੨॥]
ਸਰਬ ਜਮਾ ਕਰ ਪ੍ਰਸਨ ਸੁ ਕੀਨਾ। ਪਿਦਰ ਉਚਾਰ ਕਰੋ ਨਹੀ ਚੀਨਾ।
ਲਿਖ ਕਰ ਹਰਫ ਦਿਖਾਓ ਸਾਰੇ। ਸਬ ਧਰਣੀ ਪਰ ਲਿਖਜੋ ਵਿਚਾਰੇ ॥ [੧੩੩॥]
ਤਬ ਹੀ ਸਾਸ ਨਿਕਸ ਕਰ ਗਏ। ਸਭ ਹੀ ਹਾਥ ਮਰੋਰਤ ਭਏ।
ਰੋਰ ਪਰੀ[13] ਲਸਕਰ ਤਿਹ ਮਾਹੀ। ਕਾਹੂ ਰਹੀ ਕਛੂ ਸੁਧ ਨਾਹੀ ॥ [੧੩੪॥]
ਯਾ ਬਿਧਿ ਸੋ ਪ੍ਰਭੁ ਜੀ ਕਰਤਾਰਾ। ਅਉਰੰਗ ਸਾਹ ਪ੍ਰਲੋਕ ਸਿਧਾਰਾ।"
ਯੌ ਸੁਨ ਕੈ ਤਿਨ ਕੀ ਪ੍ਰਭੁ ਬਾਨੀ। ਸ੍ਰੀ ਕਰੁਨਾ ਨਿਧਿ ਐਸ ਬਖਾਨੀ ॥੪੭॥ [੧੩੫॥]

**ਦੋਹਰਾ।** "ਕਾ[14] ਪਰ ਦ੍ਰਿਸਟਿ ਜਹਾਨ ਕੀ, ਤਖਤ ਬੈਠਾਵੈ ਕੌਨ।
ਸੋ ਸਬ ਹਮ ਕੋ ਛੋਰ ਕਰ, ਕਹੁ ਲਾਯਕ ਭਯੋ ਜੌਨ" ॥੪੮॥ [੧੩੬॥]

**ਚੌਪਈ।** ਤਬ ਤਿਨ ਕਹਾ ਕਮਲ ਪਗ ਪਾਸਾ। ਆਜਮ ਉਡਗ[15] ਲੋਕ ਭਰਵਾਸਾ।
ਸਭ ਲੱਖਨ ਤਾ ਕੇ ਹੈਂ ਭਾਰੀ। ਦਿੱਲੀ ਤਾਹਿ ਬੈਠਾਯੋ ਕਾਰੀ ॥ [੧੩੭॥]
ਰੋਵਤ ਬੇਗਮ ਸਭ ਹੀ ਆਈ। ਸਾਹ ਬਹਾਦਰ[16] ਡਰਤ ਨ ਜਾਈ।
ਨਗਨ ਪੈਰ ਖਫਣ ਸੁਤ ਦੀਨਾ। ਰੋਵੈ ਨਗਰੀ ਜੋ ਆਧੀਨਾ ॥ [੧੩੮॥]
ਜਾਹੂ ਸੀਸ ਕਨਕ[17] ਕੇ ਫੂਲਾ। ਕਾਨ ਨਾਕ ਅਰੁ ਨੈਨ ਤੰਬੂਲਾ[18]।
ਜੇਈ ਅੰਗ ਭੂਖਨ ਹੰਢਾਏ। ਤਿਨ ਅੰਗਨ ਪਰ ਛਾਈ ਪਾਏ ॥ [੧੩੯॥]
ਰੋਇ ਰਜਾਇ ਕਹਤ ਸਭ ਆਏ। ਤਾਰਾ ਆਜਮ ਨਜਰ ਟਿਕਾਏ।

---

1. ਪੁਤ੍ਰੀ। 2. ਨੀਲੇ ਕਪੜੇ। 3. ਡੰਡਾ, ਸੋਟਾ। 4. ਹੱਥ ਵਿਚ ਫੜ ਕੇ। 5. ਇਧਰ ਉਧਰ, ਦੋਹੀਂ ਪਾਸੀਂ। 6. ਜੇਬ-ਉਨ ਨਿਸਾ ਬੇਗਮ, ਜਿਵੇਂ ਕਿ ਪਿੱਛੇ ਇਕ ਥਾਵੇਂ ਦੱਸਿਆ ਹੈ, ਸ਼ਾਹ ਔਰੰਗਜ਼ੇਬ ਦੀ ਮੌਤ ਤੋਂ ਚਾਰ ਸਾਲ ਪਹਿਲਾਂ, ਸੰਨ ੧੭੦੩ ਈ. ਵਿਚ ਹੀ ਮਰ ਗਈ ਸੀ, ਇਸ ਲਈ ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਉਸ ਨੇ ਅੰਤ ਸਮੇਂ ਆਪਣੇ ਮਰਨਾਊ ਪਿਤਾ ਦੀ ਕੋਈ ਹਮਦਰਦੀ ਪ੍ਰਾਪਤ ਕੀਤੀ ਹੋਵੇ। 7. ਪਿਤਾ ਦਾ ਦਿਲ ਦੇਖ ਕੇ ਖਰੀ ਔਖੀ ਹੋਈ। 8. ਅਨੇਕ। 9. ਤਾਂ ਵੀ। 10. ਸੁਰਗਵਾਸ ਹੋਇਆ। 11. ਪੁਤ੍ਰੀ (ਜੇਬ-ਉਨ-ਨਿਸਾ ਨੇ) 12. ਆਪਣੇ ਹੱਥ ਵਿਚ। 13. ਰੌਲਾ ਪਾਇਆ। 14. ਕਿਸ। 15. ਆਜਮ ਉਡਗ (ਤਾਰਾ) ਅਰਥਾਤ ਤਾਰਾ ਆਜਮ (ਸ਼ਾਹ ਔਰੰਗਜ਼ੇਬ ਦਾ ਤੀਜਾ ਪੁਤ੍ਰ), ਜੋ ਉਸ ਸਮੇਂ ਤਾਜ-ਤਖ਼ਤ ਦਾ ਵਾਰਿਸ ਕਰਾਰ ਦਿੱਤਾ ਗਇਆ। ਇਸ ਦਾ ਸਹੀ ਨਾਮ ਮੁਹੰਮਦ ਆਜ਼ਮ ਸ਼ਾਹ ਸੀ। 16. ਮੁਹੰਮਦ ਮੁਅੱਜ਼ਮ ਸ਼ਾਹ, ਪ੍ਰਸਿੱਧ ਨਾਮ ਬਹਾਦੁਰ ਸ਼ਾਹ, ਜੋ ਤਾਰਾ ਆਜ਼ਮ ਤੋਂ ਵੱਡਾ ਸੀ। 17. ਸੋਨਾ। 18. ਪਾਨ।

ਸ਼ਾਹ ਬਹਾਦੁਰ ਪਰ ਖਫਗਾਨਾ[1]। ਲਘੀ ਪੂਤ[2] ਹੈ ਕਹਾ ਨ ਮਾਨਾ ॥੪੯॥ [੧੪੦॥]

**ਦੋਹਰਾ।** ਤਾਰਾ ਆਜਮ ਸਾਹ ਕੋ, ਸਬ ਜਗ ਟੀਕਾ[3] ਦੀਨ।
ਲਾਯਕ ਸਬ ਹੀ ਜਾਨ ਕੈ, ਤਾਜ ਤਖਤ ਪਰ ਕੀਨ ॥੫੦॥ [੧੪੧॥]

**ਸਵੈਯਾ।** ਯੌਂ ਜਬ ਬੈਨ ਸੁਨੇ ਪ੍ਰਭੁ ਜੀ, ਤਬ ਸਿੰਘ ਕੇ ਸਾਥ ਸੋ ਏਹ ਬਖਾਨੀ।
"ਆਜਮ ਤਾਰ ਕੋ ਰਾਜ ਦਯੋ, ਮਿਲ ਕੈ ਜਗ ਨੈ ਜੀਅ ਮੇ ਇਹ ਜਾਨੀ।
ਪੈ ਹਮ ਨੇ ਕਛੁ ਔਰ ਚਿਤੀ[4], ਸੁਨ ਭਾਖਤ ਹੈ ਤਜਿ ਲਾਜ ਲੋਕਾਨੀ।
ਰਾਜ ਦਯੋ ਹਮ ਸਾਹ ਬਹਾਦੁਰ ਕੋ, ਕੌਨ ਸਕੇ ਤਿਨ ਦੂਰ ਕਰਾਨੀ' ॥੫੧॥ [੧੪੨॥]

**ਚੋਪਈ।** ਤਿਨ ਹਮਰੀ ਸੇਵਾ ਬਹੁ ਕਰੀ। ਯਾ ਬਿਧਿ ਹੈਂ ਹਮ ਤਾ ਕੇ ਸਰੀ[5]।
ਅਕਾਲ ਪੁਰਖ ਕੀ ਆਗਜ਼ਾ ਪਾਯ। ਤਾ ਕੋ ਦੀਨਾ ਰਾਜ ਰਮਾਯ[6]" ॥ [੧੪੩॥]
ਲਵਪੁਰ[7] ਲਿਖੀ ਪਤ੍ਰਿਕਾ[8] ਭਾਰੀ। "ਸੁਨ ਪਰੀ ਦਿੱਲੀ ਜੋ ਥਾਰੀ[9]।
ਡਰਤ ਡਰਤ ਕਾਹੇ ਸਕੁਚਾਵਾ। ਤਖਤ ਆਪਨਾ ਲੈ ਸੁਖ ਪਾਵਾ ॥ [੧੪੪॥]
ਸੈਨਾ ਜੋੜ ਜੁੱਧ ਅਬ ਕਰੋ। ਮੁਝ ਕੋ ਆਪਨ ਸੰਗ ਹੀ ਧਰੋ।
ਦੇਖਨ ਸਾਥ ਆਉ ਤੁਮ ਭਾਈ। ਰਾਜਨੀਤਿ ਨਿਹਚੈ ਯੌਂ ਆਈ।
ਮਰਨ ਹਾਰ ਸੋ ਮਰ ਹੀ ਗਏ। ਦੁਨੀਆ ਕਾਰਜ ਜੀਵਤ ਕਏ" ॥੫੨॥ [੧੪੫॥]

**ਦੋਹਰਾ।** ਯੌਂ ਲਿਖ ਕੇ ਤਬ ਕੂਚ ਕੀ, ਲੈ ਅਰਬਨ ਕੇ ਤੰਗ[10]।
ਭਾਂਤਿ ਅਨੇਕੀ ਦੇਖੀਏ ਜਾ ਸੁਲਤਾਨੀ ਜੰਗ ॥੫੩॥ [੧੪੬॥]

**ਚੋਪਈ।** ਯੌਂ ਕਹਿ ਕੇ ਤਬ ਹੀ ਚੜ੍ਹ ਧਾਏ। ਕੂਚ ਮੁਕਾਮ ਕਰਤ ਚਲ ਆਏ।
ਬ੍ਰਿਛ ਏਕ ਦੀਰਘ[11] ਅਤਿ ਘਨੋ। ਸੁੰਦਰ ਸਰਸ[12] ਫੂਲ ਫਲ ਜਨੋ ॥੫੪॥ [੧੪੭॥]

**ਦੋਹਰਾ।** ਅਧਿਕ ਛਾਵ ਜਹ ਦੇਖੀਐ, ਹੋਇ ਹੈ ਜਹਾ ਨ ਘਾਮ[13]।
ਉਤਰ ਰਹੇ ਤਾ ਹੀ ਤਰੈ[14], ਕੀਨੋ ਤਹਾਂ ਮੁਕਾਮ ॥੫੫॥ [੧੪੮॥]
ਕੇਤੀ ਭੂ ਦੇਖਨ ਨਿਮਿਤ, ਗਏ ਆਪ ਵਹੁ ਠੋਰ।
ਆਨ ਪਹੂਚੇ ਤੋਨ[15] ਦਿਨ, ਨਿਕਟ ਗ੍ਰਾਮ ਬਾਘੋਰ[16] ॥੫੬॥ [੧੪੯॥]

**ਚੋਪਈ।** ਨਿਕਟ ਸਹਿਰ ਬਾਘੋਰ ਜੋ ਆਏ। ਲੋਕ ਤਹਾਂ ਕੇ ਅਤਿ ਡਰਪਾਏ।
ਤਿਨ ਭੀ ਕਰੀ ਜੁੱਧ ਕੀ ਸਾਮਾ। ਲੂਟ ਲੇਹ ਕਬਹੂ ਇਹ ਧਾਮਾ ॥ [੧੫੦॥]
ਅਤਿ ਅਪਾਰ ਤੇ ਫੌਜ ਨਿਹਾਰੀ। ਸੂਰਬੀਰ ਜੋਧਾ ਹਿਤਕਾਰੀ।
ਕਰ ਸਮਿਯਾਨ ਦੇਸ ਇਹ ਆਏ। ਇਨ ਕੋ ਭੇਦ ਜਾਤ ਨਹਿ ਪਾਏ ॥ [੧੫੧॥]
ਗਹਿ ਕੇ ਸਸਤ੍ਰ ਅਸਤ੍ਰ ਭਏ ਗਾਢੇ। ਕਰ ਸਮਿਯਾਨ ਜੁੱਧ ਕਾ ਠਾਢੇ।

---

1. ਖ਼ਫ਼ਕਾਨ, ਦਹਲ, ਡਰ। 2. ਲਘੂ (ਛੋਟਾ) ਪੁਤ੍ਰ। 3. ਰਾਜ-ਤਿਲਕ। 4. ਚਿਤਵੀ। 5. ਭਾਵ-ਸਹਾਇਕ। 6. ਰਮਣੀਕ। 7. ਲਾਹੌਰ। 8. ਬਹਾਦੁਰ ਸ਼ਾਹ ਉਸ ਸਮੇਂ ਲਾਹੌਰ ਨਹੀਂ, ਸਗੋਂ ਜਮਰੋਦ (ਪੇਸ਼ਾਵਰ) ਗਇਆ ਹੋਇਆ ਸੀ, ਜਿੱਥੇ ਉਸ ਨੂੰ ਸ਼ਾਹ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਪੁੱਜੀ। (*The Cambridge History of India*, Vol. IV, P. 319)। 9. ਤੁਹਾਡੀ। 10. ਅਰਬੀ ਘੋੜਿਆਂ ਦੇ ਤੰਗ (ਜ਼ੀਨ) ਕਸ ਕੇ। 11. ਲੰਮਾ, ਉੱਚਾ। 12. ਸਜਲ। 13. ਧੁੱਪ। 14. ਤਲੇ, ਹੇਠਾਂ। 15. ਉਸੇ। 16. ਬਾਗੋਰ, ਜੋ ਕੋਠਾਰੀ ਦਰਿਆ ਦੇ ਖੱਬੇ ਕਿਨਾਰੇ ਅਤੇ ਉਦੇਪੁਰ ਤੋਂ ੭੦ ਮੀਲ ਉੱਤਰ ਪੂਰਵ ਵੱਲ ਹੈ।

ਪੂਛਨ ਕੋ ਪਠਿਯੋ ਇਕ ਬਾਰੀ[1]। ਪੂਛੋ ਇਨੈ ਜਾਇ ਬਿਧਿ ਸਾਰੀ ॥ [੧੫੨॥]
ਚਲ ਆਯੋ ਵੈ ਪ੍ਰਭੁ ਕੇ ਪਾਸਾ। ਦੋ ਕਰ ਜੋੜ ਕਰੀ ਅਰਦਾਸਾ।
ਪੂਛੀ ਬਾਤ ਹਜੂਰ ਸੋ ਆਏ। "ਕੌਨ ਭੂਮਿ ਤੇ ਯਾ ਦਿਸ ਆਏ ॥ [੧੫੩॥]
ਨਗਰ ਲੋਕ ਮਨ ਮੈ ਅਤਿ ਡਰਹੀ। ਇਹ ਬਿਧਿ ਅਰਜ ਆਪ ਤਟ ਕਰਹੀ।
ਡੇਰਾ ਨਿਕਟ ਸਹਰ ਕੇ ਦਾਏ। ਲੂਟਨ ਕਾਜ ਆਨ ਠਹਿਰਾਏ" ॥ [੧੫੪॥]
ਧਰਮ ਸਿੰਘ ਪ੍ਰਭੁ ਜੂ ਸੋ ਬੁਲਾਯੋ। ਬਾਰੀ ਦੈ ਸੰਗ[2] ਤਾਹਿ ਪਠਾਯੋ[3]।
ਗੁਰੂ ਬੀਰ[4] ਤਾ ਕੇ ਘੁਰ ਜਾਈ। ਸਰਬ ਕਥਾ ਕਹਿ ਕੈ ਸਮਝਾਈ ॥ [੧੫੫॥]
"ਤੁਮ ਮਨ ਮੈ ਕਛੁ ਸੰਕ ਨ ਧਰੋ। ਹਮਰੀ ਬਾਤ ਸਤ ਜੀਅ ਕਰੋ।"
ਤਾਂ ਤੇ ਤਿਨ ਮਨ ਸਾਂਤਿ ਨ ਆਈ। ਇਨ ਕੀ ਬਾਤ ਨ ਉਨ ਕੋ ਭਾਈ[5] ॥ [੧੫੬॥]
ਧਰਮ ਸਿੰਘ ਸਾਹਿਬ ਤਟ ਆਈ। ਆਨ ਠੋਰ ਡੇਰਾ ਕਰਵਾਈ।
ਲਕੜੀ ਨੀਰ ਘਾਸ ਤਹਿ ਘਨਾ। ਬਾਗ ਅਜਾਇਬ ਅਦਭੁਤ ਬਨਾ ॥ [੧੫੭॥]
ਤਿਹ ਢਿਗ ਉੱਚ ਕਰਾ ਬਿਸ੍ਰਾਮਾ। ਗੋਬਿੰਦ ਸਿੰਘ ਗੁਰੂ ਜਿਹ ਨਾਮਾ।
ਤਾਕੋ ਲੋਕ ਮਿਲਨ ਜੋ ਆਏ। ਤਿਨੈ ਇਨਾਮ ਪ੍ਰਭੂ ਕਰਵਾਏ ॥ [੧੫੮॥]
ਤਿਨ ਕੇ ਸੰਗ ਤਾਹਿ ਜੋ ਗਏ। ਕੀਚਕ ਜੁੱਧ ਠੋਰ ਤਹਿ ਭਏ।
ਬਰਕਨਦਾਜ[6] ਸੰਗ ਪ੍ਰਭੁ ਲਏ। ਅਨਿਕ[7] ਸਿੰਘ ਡੇਰਨ ਮੈ ਗਏ ॥ [੧੫੯॥]
ਜਾ ਕੇ ਨਾਮ ਪ੍ਰਭੂ ਫਰਮਾਏ। ਕਈਕੁ ਸਿੰਘ ਸਾਥ ਕੋ ਧਾਏ।
ਕੋਸ ਏਕ ਊਚੇ ਚੜ੍ਹ ਆਏ। ਦੇਖਾ ਠਾਂਇ ਤਬੈ ਫੁਰਮਾਏ ॥ [੧੬੦॥]
ਵੇ ਜੋ ਸਿੰਘ ਸਾਥ ਪ੍ਰਭੁ ਆਨੇ। ਠੋਰ ਠੋਰ ਕੀਨੇ ਪ੍ਰਭੁ ਠਾਨੇ।
ਸਿੰਘਨ ਬਾਂਟ ਠੋਰ ਇਮ ਦੀਨੀ। ਆਪ ਬਾਟ ਡੇਰਨ ਕੀ ਲੀਨੀ ॥ [੧੬੧॥]
ਕੇਤੇ ਦਿਨ ਤਿਹ ਠੋਰ ਵਿਹਾਨੇ[8]। ਊਠ ਰੂਖ ਬਾਗਨ ਕੇ ਖਾਨੇ[9]।
ਮਾਲੀ ਭਾਜ ਰਾਵ[10] ਪੈ ਗਏ। ਸਗਰੇ[11] ਰੂਖ[12] ਬਾਗ ਕੇ ਗਏ।
ਭੋਜਨ ਹੇਤ ਊਠ ਜੋ ਆਏ। ਤੋੜ ਤਾੜ ਸਭ ਹੀ ਉਨ ਖਾਏ।
ਸੁਨੈ ਬੈਨ ਮਨ ਮਾਹਿ ਰਿਸਾਨੇ[13]। ਕੋਪ ਭਰੇ ਬਹੁਤੇ ਗਰਬਾਨੇ[14] ॥ [੧੬੨॥]
ਕੋਪ ਭਰੇ ਕਛੁ ਨਾਹਿ ਵਸਾਨੀ। ਮਨ ਮੈ ਬਾਤ ਰਾਖ ਨਿਜ ਠਾਨੀ।
ਸਿੰਘ ਏਕ ਕਿਛੁ ਕਾਜ ਸਿਧਾਯੋ। ਤਿਨ ਕੇ ਸਹਰ ਮਾਹਿ ਵਹੁ ਆਯੋ ॥ [੧੬੩॥]
ਤਨਿਕ ਭਨਕ[15] ਤਿਨ ਸੋ ਭਈ ਰਾਰਾ[16]। ਜੁੱਧ ਭਯੋ ਤਾ ਕੇ ਸੰਗ ਭਾਰਾ।
ਕੋਪ ਸਿੰਘ ਭਗਵਤੀ[17] ਨਿਕਾਰੀ। ਕਿਤੇ ਦੂਤ ਕੀ ਮੁੰਡੀਆ ਝਾਰੀ[18]।
ਜੁੱਧ ਹੋਤ ਤਬ ਸਿੰਘ ਨਿਹਾਰੇ। ਗਹਿ ਗਹਿ[19] ਸਸਤ੍ਰ ਉਠੇ ਲਲਕਾਰੇ ॥੫੭॥ [੧੬੪॥]
ਦੋਹਰਾ। ਬੈਠੇ ਸਿੰਘ ਪਹਾੜ ਪਰ, ਪਰਿਯੋ ਜੁੱਧ ਨਿਹਾਰ।

1. ਨਾਈ ਅਥਵਾ ਦੂਤ। 2. ਉਸ ਨਾਈ ਅਥਵਾ ਦੂਤ ਦੇ ਨਾਲ। 3. ਭੇਜਿਆ। 4. ਗੁਰੂ ਜੀ ਦੇ ਬੀਰ (ਜੋਧੇ) ਸਿਪਾਹੀ। 5. ਚੰਗੀ ਨਾ ਲਗੀ। 6. ਬਰਕੰਦਾਜ਼, ਬੰਦੂਕਚੀ (ਸਿਪਾਹੀ)। 7. ਅਨੇਕ। 8. ਵਿਹਾ ਗਏ, ਗੁਜ਼ਰ ਗਏ। 9. ਖਾਧੇ। 10. ਰਾਉ, ਰਾਜਾ। 11. ਸਗਲੇ, ਸਾਰੇ। 12. ਰੁੱਖ, ਦਰਖ਼ਤ। 13. ਗੁੱਸੇ ਹੋਏ। 14. ਅਹੰਕਾਰ ਵਿਚ ਆਏ। 15. ਥੋੜੀ ਜੇਹੀ ਸੂਹ ਮਿਲਣ ਤੇ। 16. ਲੜਾਈ। 17. ਭਗੌਤੀ, ਤਲਵਾਰ। 18. ਸਿਰ ਲਾਹੇ। 19. ਫੜ ਫੜ ਕੇ।

ਉਠੇ ਭਭਕ ਅਤਿ ਗਰਜ ਕੈ, ਕਰਿ ਹੈਂ ਅਰਿਨ[1] ਸਥਾਰ[2] ॥੫੮॥ [੧੬੫॥]
ਕੋਪ ਭਰੇ ਮਨ ਮੈ ਤਬੈ, ਨਿਕਸੈ ਸੂਰ ਰਿਸਾਯ[3] ।
ਰਣ ਮੰਡਲ[4] ਜੋਧਾ ਹਨੈ, ਨਿਮਖ[5] ਬਿਲਮ[6] ਨਹਿ ਲਾਯ ॥੫੯॥ [੧੬੬॥]

**ਸਵੈਯਾ।** ਕੋਪ ਘਨੋ[7] ਕਰਤੇ ਚਤੁਰੋ[8] ਰਨ, ਬੀਰ ਚੜ੍ਹੇ ਸਬ ਤੇ ਲਲਕਾਰੇ ।
ਤੀਰ ਕਮਾਨ ਤੁਫੰਗ[9] ਸੰਭਾਰ ਕੈ, ਤੇਗ ਕਟਾਰ ਧਰੈ ਸੁ ਵਿਚਾਰੇ ।
ਭੂਮਿ ਭਯਾਨਕ ਜੁੱਧ ਨਿਹਾਰ ਕੈ, ਆਨ ਕਹੀ ਖਬਰਾਂ ਦਰਬਾਰੇ ।
ਜੋਗਨਿ ਭੂਤ ਪਿਸਾਚਨਿ ਤੋਖਨਾ[10], ਆਵਤ ਸਿੰਘ ਅਸੰ ਖਗ[11] ਧਾਰੇ ॥੬੦॥ [੧੬੭॥]

**ਚੌਪਈ।** ਸਹਰ ਬਘੋਰ ਦਸੋ ਦਿਸ ਭਾਰੇ । ਕਰਤ ਖਾਲਸਾ ਮਾਰ ਹੀ ਮਾਰੇ ।
ਤੋਪ ਬੰਦੂਕ ਤਮਾਚ[12] ਜੋ ਛੂਟੈ । ਬਹੁਤ ਅਰਿਨ ਕੀ ਮੁੰਡੀਆ ਫੂਟੈ ॥ [੧੬੮॥]
ਤਨਿਕ ਸੰਭਾਰ ਕਿਸੀ ਨਹਿ ਰਹੀ । ਜਾ ਪਰ ਤੇਗ ਕਟਾਰੀ ਬਹੀ ।
ਲਾਗਤ ਵਾਰ ਸੂਰ ਤਨ ਕਾਰੀ । ਭੂਲੇ ਦੇਹ ਗੇਹ ਸੁਧ ਸਾਰੀ ।
ਯਾ ਬਿਧਿ ਸਹਿਰ ਘੇਰ ਜੋ ਪਰੇ । ਦੋਇ ਰਾਤ, ਦਿਨ ਦੋਇਕ[13] ਲਰੇ ॥੬੧॥ [੧੬੯॥]

**ਦੋਹਰਾ।** ਜਬ ਤੀਸਰ ਦਿਨ ਆਇਯੋ, ਯੌਂ ਪ੍ਰਭੁ ਕਹੀ ਸੁਨਾਇ ।
"ਧਰਮ ਸਿੰਘ ! ਤੁਮ ਯੌ ਸੁਨੋ, ਹੱਲਾ ਕੀਜੇ ਜਾਇ" ॥੬੨॥ [੧੭੦॥]
ਧਰਮ ਸਿੰਘ ਆਯੋ ਤਬੈ, ਲਏ ਸਿੰਘ ਬਲਕਾਰ ।
ਦਰਵਾਜੇ ਢੂਕੇ ਸਬੈ, ਕਰੈਂ ਮਾਰ ਹੀ ਮਾਰ ॥੬੩॥ [੧੭੧॥]

**ਝੂਲਨਾ।** ਸਸਤ੍ਰ ਭੰਡਾਰ ਲਲਕਾਰ ਸਿੰਘਾਨ ਕੀ, ਗਰਜ ਸਬ ਸੂਰ ਐਸੇ ਸਿਧਾਏ ।
ਆਨ ਦਿਵਾਰ[14] ਲੰਗਾਰ[15] ਗੜ੍ਹ ਕੀ ਲਈ, ਕੀਓ ਘਮਸਾਨ ਕੇਤਾਨ[16] ਘਾਏ ।
ਮਾਰ ਅਪਾਰ ਹਥੀਆਰ ਭਾਰੀ ਭਏ, ਸੂਰ ਪੈ ਸੂਰ ਗਿਰ ਕਾਮ ਘਾਏ ।
ਛੋਰ ਕੈ ਪੌਰ[17] ਕੀ ਠੌਰ ਐਸੇ ਗਏ, ਸਿੰਘ ਚਲ ਪੌਰ ਕੀ ਠੌਰ ਜਾਏ ॥੬੪॥ [੧੭੨॥]

**ਦੋਹਰਾ।** ਦਰਵਾਜੈ ਆਏ ਤਬੈ ਸਿੰਘ ਸਬੈ ਖੁਨਸਾਇ[18] ।
ਮਸਲਤ[19] ਬਹਿ ਐਸੇ ਕਰੀ, ਦੀਨੀ ਆਗ ਲਗਾਇ ॥੬੫॥ [੧੭੩॥]

**ਚੌਪਈ।** ਜਲ ਬਲ ਭਯੋ ਅੰਗਾਰ ਦਰੇਜਾ[20] । ਇਹ ਬਿਧਿ ਕੀਨ ਖਾਲਸੇ ਚੋਜਾ ।
ਸਭ ਮਿਲ ਕੇ ਅੰਦਰ ਕਹੁ ਧਾਏ । ਜੋ ਜੋ ਚੜ੍ਹਜੇ ਹਾਥ ਉਨ ਘਾਏ ॥੬੬॥ [੧੭੩॥]

**ਝੂਲਨਾ।** ਤੋਰ ਕੈ ਪੌਰ ਜਬ ਸਿੰਘ ਆਗੇ ਗਏ, ਸਾਮੁਹੇ[21] ਸੂਰ ਲਲਕਾਰ ਆਏ ।
ਗਹੇ ਤਰਵਾਰ ਹੰਕਾਰ ਐਸੇ ਪਰੇ, ਜਾਨ ਦਰੀਆਉ ਜਜੋਂ ਉਮੰਡ ਆਏ ।
ਸੂਰ ਅਰ ਸਿੰਘ ਮਿਲ ਜੁੱਧ ਐਸੇ ਕਰਜੇ, ਲੋਹ ਲੋਹਾਰ ਜੈਸੇ ਬਜਾਏ ।
ਚੋਟ ਪਰ ਚੋਟ ਅਰੁ ਓਟ ਕਰਤਾਰ ਕੀ, ਸਾਰ[22] ਕੀ ਬਾਰ[23] ਮੈ ਸਿੰਘ ਆਏ ॥੬੭॥ [੧੭੪॥]

---

1. ਦੁਸ਼ਮਨ। 2. ਸੱਥਰ। 3. ਕ੍ਰੋਧਵਾਨ ਹੋ ਕੇ। 4. ਰਣਖੇਤ੍ਰ (ਯੁੱਧ-ਭੂਮਿ)। 5. ਇਕ ਖਿਣ। 6. ਦੇਰ। 7. ਘਣਾ, ਬਹੁਤਾ। 8. ਚੁਸਤ ਚਲਾਕ। 9. ਬੰਦੂਕ। 10. ਰਜਾਉਣ ਲਈ। 11. ਅਸਿ ਤੇ ਖੜਗ, ਤੇਗ਼-ਤਲਵਾਰ। 12. ਤਮੰਚੇ। 13. ਦੋ ਰਾਤਾਂ ਤੇ ਦੋ ਦਿਨ। 14. ਦੀਵਾਰ, ਕੰਧ। 15. ਕੰਧ ਦਾ ਟੋਟਾ। 16. ਕਿਤਨੇ ਹੀ। 17. ਨਗਰ ਦਾ ਮੁੱਖ ਦਰਵਾਜ਼ਾ। 18. ਕ੍ਰੋਧਵਾਨ ਹੋ ਕੇ। 19. ਸਲਾਹ, ਮਸ਼ਵਰਾ। 20. ਦਰਵਾਜ਼ਾ। 21. ਸਾਮ੍ਹਣੇ, ਸਾਹਵੇਂ। 22. ਲੋਹਾ ਭਾਵ-ਸ਼ਸਤ੍ਰ ਅਸਤ੍ਰ। 23. ਵਾੜ, ਮਾਰ।

ਚੌਪਈ। ਮਿਲ ਕੈ ਸੂਰਨ ਮੰਤ੍ਰ ਕੀਨਾ। ਤਨ ਮਨ ਪ੍ਰਾਨ ਅਰਪ ਕੈ ਦੀਨਾ।
ਨਿਜ ਮਰਨੈ ਕਾ ਤ੍ਰਾਸ[1] ਨ ਜਾਨਾ। ਇਹ ਬਿਧਿ ਪਰੈ ਜੋਧ ਬਲਵਾਨਾ ॥ [੧੭੫॥]
ਪਰੀ ਲੋਥ ਪਰ ਲੋਥ ਅਪਾਰਾ। ਗਿਰੇ ਪਖਰੀਆ[2] ਵਾਰ ਨ ਪਾਰਾ[3]।
ਲੈ ਲੈ ਸੂਰ ਪ੍ਰੇਮ ਕੇ ਪਜਾਲੇ। ਪੀ ਪੀ ਮਗਨ ਭਏ ਮਤਵਾਲੇ ॥੬੮॥ [੧੭੬॥]
ਦੋਹਰਾ। ਬਹੁਤ ਸੂਰ ਮਾਰੇ ਤਬੈ, ਭਾਜੇ ਅਨਿਕ ਪ੍ਰਕਾਰ।
ਦੂਜੇ ਦਰਵਾਜੇ ਗਏ, ਕਰਤ ਮਾਰ ਹੀ ਮਾਰ ॥੬੯॥ [੧੭੭॥]
ਧਾਇ ਪਰੇ ਤਾ ਮੈ ਸਬੈ, ਦੀਨੇ ਦੂਤ ਭਜਾਇ।
ਤੀਜੈ ਦਰਵਾਜੈ ਗਏ, ਨਿਮਖ[4] ਬਿਲਮ[5] ਨਹੀ ਲਾਇ ॥੭੦॥ [੧੭੮॥]
ਚੌਪਈ। ਤਾਬ ਘਮੰਡ ਰਹੈ ਬਲਵਾਨਾ। ਏਕ ਨ ਮਾਨਤ ਤਾ ਕੀ ਆਨਾ।
ਏਕ ਸਿੰਘ ਸਾਹਿਬ ਤਟ ਆਯੋ। ਸਬ ਬ੍ਰਿਤਾਂਤ ਤਿਨ ਆਨ ਸੁਨਾਯੋ ॥੭੧॥ [੧੭੯॥]
ਦੋਹਰਾ। ਤਵਨ ਸਿੰਘ ਪ੍ਰਭੂ ਸੌ ਕਹੀ, ਵਹਿ ਜੋ ਅਧਿਕ ਪਹਾਰ[6]।
ਤੋਪ ਜਾਇ ਤਾ ਪੈ ਚੜ੍ਹੈ, ਭਾਜੇ ਤੇ ਸੇ ਗਵਾਰ ॥੭੨॥ [੧੮੦॥]
ਚੌਪਈ। ਸੁਨੇ ਬੈਨ ਸਾਹਿਬ ਬਲਵਾਨਾ। ਲਈ ਚੜ੍ਹਾਇ ਤੋਪ ਤਿਹ ਥਾਨਾ।
ਇਹ ਬਿਧਿ ਚਲਤ ਪੱਬ[7] ਤੈ ਗਰਜੈ। ਜਾ ਧੁਨਿ ਸੁਨੇ ਸਤ੍ਰੁ ਕੁਲ ਲਰਜੈ ॥੭੩॥ [੧੮੧॥]
ਸਵੈਯਾ। ਕੇਤਕ[8] ਚੋਟ ਚਲੀ ਜਬ ਪੌਰਹਿ[9], ਕੰਪ ਉਠਜੇ ਸਭ ਹੀ ਪੁਰ[10] ਸਾਰਾ।
ਭਾਜ ਚਲੈ ਸੋ ਦਸੋ ਦਿਸ ਕੋ, ਅਰੁ ਭੂਲ ਨ ਜੁੱਧ ਕੋ ਨਾਮ ਉਚਾਰਾ।
ਮਾਰ ਫਤੇ ਕਰ ਯਾ ਬਿਧਿ ਸੋ ਗੜ੍ਹ, ਆਨ ਕਹੀ ਬਤੀਆ[11] ਦਰਬਾਰਾ।
"ਆਪ ਚਲੋ ਤਿਹ ਠੌਰ ਮਯਾ ਨਿਧਿ[12], ਦੇਖਨ ਕੋ ਗੜ੍ਹ ਕੀ ਸਬ ਸਾਰਾ ॥੭੪॥ [੧੮੨॥]
ਯੌ ਸੁਨ ਸ੍ਵਾਰ ਭਏ ਕਰਤਾਰ[13], ਬਿਚਾਰ ਕਛੂ ਮਨ ਮਹਿ ਨਹਿ ਕੀਨਾ।
ਤੋਰ ਵਹੀਰ[14] ਦਯੋ ਪ੍ਰਥਮੈ ਪੁਨਿ, ਪਾਛੇ ਤੇ ਆਪ ਸੁ ਮਾਰਗ[15] ਲੀਨਾ।
ਏ ਸਬ ਭੇਦ ਬਘੋਰ ਸੁਨਜੋ, ਤਬ ਧਾਏ ਨਰੇਸ ਮਹਾ ਮਤਿ ਹੀਨਾ।
ਆਨ ਪਿਛਾਰ ਸੋ ਲੂਟ ਕਰੀ, ਤਿਹ ਜੂਝਤ ਭੇ ਪੁਨਿ ਸਿੰਘ ਨਵੀਨਾ ॥੭੫॥ [੧੮੩॥]
ਦੋਹਰਾ। ਸਿੰਘ ਪਿਛਾਰੀ ਮੈ ਰਹੇ, ਆਈ ਫੌਜ ਅਪਾਰ।
ਜੁੱਧ ਭਯੋ ਜੂਝੈ ਸਕਲ, ਘਾਇਲ ਭਏ ਹਜਾਰ ॥੭੬॥ [੧੮੪॥]
ਜੁੱਧ ਕਰਤ ਆਏ ਤਹਾਂ, ਨ੍ਰਿਪਜ[16] ਸਾਥ ਬਲਵਾਨ।
ਆਪ ਕਰਨ ਕਾਰਨ ਤਹਾਂ ਠਾਢੇ ਬਜਤ ਨੀਸਾਨ ॥੭੭॥ [੧੮੫॥]
ਚੌਪਈ। ਸਹਿਰ ਬਘੋਰੀ ਦੇਖਤ ਰਾਜੈ। ਅਨਿਕ ਅਰਿਨ ਸੌਂ ਲਰੈ ਨ ਭਾਜੈ।
ਤਿਨ ਕੋ ਸਮਾ ਨਿਕਟ ਜੋ ਆਯੋ। ਆਨ ਪ੍ਰਭੂ ਸੋ ਜੁੱਧ ਮਚਾਯੋ ॥੭੮॥ [੧੮੬॥]
ਸਵੈਯਾ। ਆਯਸ[17] ਲੈ ਕਰੁਨਾ ਨਿਧਿ ਕੀ[18], ਤਬ ਸਿੰਘ ਬਲੀ ਨ੍ਰਿਪ ਊਪਰ ਆਯੋ।
ਰਾਵ ਕੇ ਵਾਰ ਸਮਾਰਤ[19] ਹੀ, ਕਟ ਸਿੰਘ ਨੇ ਤਾਹਿ ਕੋ ਸੀਸ ਗਿਰਾਯੋ।

---

1. ਡਰ। 2. ਘੋੜ-ਸਵਾਰ। 3. ਵਾਰ ਪਾਰ (ਅੰਤ) ਕੋਈ ਨਹੀਂ। 4. ਇਕ ਖਿਣ। 5. ਦੇਰ, ਢਿੱਲ। 6. ਪਹਾੜ। 7. ਪੱਬੀ, ਪਹਾੜੀ। 8. ਕਿਤਨੀਆਂ। 9. ਨਗਰ ਦੇ ਮੁੱਖ ਦਰਵਾਜ਼ੇ ਉੱਤੇ। 10. ਨਗਰ। 11. ਬਾਤਾਂ, ਗੱਲਾਂ। 12. ਕ੍ਰਿਪਾ-ਸਾਗਰ (ਸਤਿਗੁਰ ਜੀ)। 13. ਗੁਰੂ ਦਸ਼ਮੇਸ਼ ਜੀ। 14. ਸਿੱਖਾਂ ਦੀ ਭੀੜ। 15. ਰਸਤਾ। 16. ਰਾਜੇ ਦਾ ਪੁਤ੍ਰ। 17. ਆਗਿਆ। 18. ਕ੍ਰਿਪਾਲੂ ਸਤਿਗੁਰੂ ਜੀ ਦੀ। 19. ਸੰਭਾਲਦਿਆਂ।

ਯੌਂ ਤਰਫਜੋ ਬਿਧੁ[1] ਭੂਮਿ ਗਿਰਜੋ ਬਿਧਿ, ਯੌਂ ਉਪਮਾ ਕਵਿ ਕੈ ਮਨ ਆਯੋ।
ਨੀਰ ਤੇ ਬਾਹਰ ਜਜੋ ਮਕਰੀ ਸਰੰ, ਤਜੋਂ ਨਰਪਾਲ[2] ਕੋ ਸੀਸ ਲਖਾਯੋ ॥੭੯॥ [੧੮੭॥]

ਝੂਲਨਾ। ਦੂਸਰੇ ਰਾਵ[3] ਸੰਭਾਰ ਤਾਕੀ ਦਸਾ, ਕੋਪ ਮਹਾਰਾਜ ਕੇ ਅਗ੍ਰ[4] ਧਾਯੋ।
ਧਨੁਖ[5] ਸੰਭਾਰ ਕਰਤਾਰ[6] ਤਾਹੀ ਸਮੈ, ਖੈਂਚ ਕੇ ਬਾਨ ਤਿਹ ਓਰ[7] ਲਾਯੋ।
ਫੋਰ[8] ਹਿਯ[9] ਕੋ ਗਯੋ ਪਾਰ ਪਰਲੇ ਭਯੋ, ਜੁਧ ਕੈ[10] ਰਾਵ ਸੁਰਗੇ ਸਿਧਾਯੋ।
ਭਾਜ ਕੇ ਫੌਜ ਬਘੌਰ ਦੌੜੀ ਗਈ, ਸਿੰਘ ਗੋਬਿੰਦ ਡੰਕਾ ਬਜਾਯੋ ॥੮੦॥ [੧੮੮॥]

ਦੋਹਰਾ। ਭਾਜੀ ਫੌਜ ਬਘੌਰ ਕੀ, ਮਾਰ ਲਯੋ ਸਿਰਦਾਰ[11]।
ਕੂਚ ਜਹਾਨਾਬਾਦ[12] ਕੋ, ਕਰ ਦੀਨੋ ਕਰਤਾਰ ॥੮੧॥ [੧੮੯॥]
ਇਤਿ ਸ੍ਰੀ ਗੁਰ ਬਿਲਾਸ ਪ੍ਰਧਾਨ। ਅਠ ਦਸ ਧਜਾਇ ਬਘੌਰ ਪ੍ਰਮਾਨ ॥੧੮॥

---

1. ਵਿਧਾਤਾ, ਰਾਜਾ। 2. ਪ੍ਰਜਾਪਤੀ, ਰਾਜਾ। 3. ਦੂਜਾ ਰਾਜਾ। 4. ਅੱਗੇ, ਸਾਮ੍ਹਣੇ। 5. ਕਮਾਣ। 6. ਗੁਰੂ ਸਾਹਿਬ ਨੇ। 7. ਤਰਫ਼, ਵਲ। 8. ਫੋੜ ਕੇ, ਭੰਨ ਕੇ। 9. ਹਿਰਦਾ। 10. ਜੂਝ ਕੇ। 11. ਇਹ ਯੁੱਧ ੧੯, ੨੦ ਤੇ ੨੧ ਚੇਤ੍ਰ ਸੰਮਤ ੧੭੬੩ ਬਿ. ਨੂੰ ਹੋਇਆ, ਜਿਸ ਵਿਚ ਰਾਣਾ ਮਹਾਨੰਦ ਤੇ ਉਸ ਦਾ ਭਰਾ ਮੋਖ ਰਾਇ ਦੇਵੇਂ ਮਾਰੇ ਗਏ ਸਨ। 'ਦੇਖੋ, *ਭੱਟ ਵਹੀ ਤਲੌਢਾ ਪਰਗਨਾ ਜੀਂਦ*, *ਸ਼ਹੀਦ ਬਿਲਾਸ* ਕ੍ਰਿਤ ਸੇਵਾ ਸਿੰਘ, ਪੰਨਾ ੭੨ ਅਤੇ *ਗੁਰੂ ਕੀਆਂ ਸਾਖੀਆਂ* ਕ੍ਰਿਤ ਸਰੂਪ ਸਿੰਘ। 12. ਸ਼ਾਹਜਹਾਨਾਬਾਦ (ਦਿੱਲੀ)।

ਉੱਨੀਵਾਂ ਅਧਿਆਇ

# ਸ਼ਾਹਜ਼ਾਦਾ ਤਾਰਾ ਆਜ਼ਮ ਮਾਰਿਆ

**ਦੋਹਰਾ।** ਮੱਦਤ ਕਰ ਹੈਂ ਗੁਰੂ ਜੀ, ਸਾਹ ਬਹਾਦਰ ਕੇਰ।
ਧਜਾਇ ਉਨੀਸਮ ਬਰਨ ਹੈ, ਕਥਾ ਸੁਖਦ[1] ਸਬ ਟੇਰ[2] ॥੧॥
ਦਿਸ ਦੱਖਨ ਅਹਿਮਦ ਨਗਰ, ਅਜਬ ਅਜਾਇਬ ਥਾਨ।
ਕਰ ਮੁਕਾਮ ਤਿਹਠਾ[3] ਰਹਜੋ, ਅਉਰੰਗ ਸਾਹ ਸੁਲਤਾਨ ॥੨॥
**ਚੌਪਈ।** ਅਹਿਮਦ ਨਗਰ ਅਜਬ ਹੈ ਥਾਨਾ। ਅਉਰੰਗ ਸਾਹ ਤਾਹਿ ਠਹਿਰਾਨਾ।
ਤੇਰਹਿ ਮਾਸ ਤਾਹਿ ਮੈ ਰਹਜੋ। ਆਯੋ ਜਬੈ ਕਾਲ ਬਸ ਭਯੋ ॥ [੩॥]
ਸਹਿਰਨ ਸਹਿਰ ਧੂਮ ਪਰ ਗਈ। ਬਿਨਾ ਸੱਕ੍[4] ਸਚੀ[5] ਗਤਿ ਠਈ।
ਜਿਹ ਬਿਧਿ ਨਾਵ ਨਦੀ ਕੀ ਧਾਰਾ। ਬਹਤੀ ਜਾਤ ਨ ਕੋ ਰਖਵਾਰਾ ॥ [੪॥]
ਅਨਿਕ ਠੌਰ ਇਹ ਭਾਂਤਿ ਲੁਟਾਨੀ। ਰਾਜ ਬਿਰਾਜੀ ਸਬ ਜਗ ਜਾਨੀ।
ਸੁਨਤ ਖਬਰ ਆਜਮ[6] ਚਲਿ ਆਯੋ। ਸਬ ਲਸਕਰ ਉਨ ਆਨ ਦਬਾਯੋ ॥ [੫॥]
ਮੰਤ੍ਰਿ ਵਜੀਰ ਮਿਲੀ ਸਭ ਸੈਨਾ। ਭਾਖਤ ਭਈ ਐਸ ਬਿਧਿ ਐਨਾ।
"ਇਹ ਜਗ ਧੂਅਰੋ ਧੌਲਰ[7] ਆਹੀ। ਤੁਮ ਚਿੰਤਾ ਕਰੀਐ ਕਛੁ ਨਾਹੀ" ॥੩॥ [੬॥]
**ਦੋਹਰਾ।** ਇਹ ਬਿਧਿ ਮੰਤ੍ਰ ਬਿਚਾਰ ਕੈ, ਕਾਜੀ ਮੁਗਲ ਪਠਾਨ।
ਧਰਜੋ ਛਤ੍ਰ ਸਿਰ ਆਜਮੈ, ਬਡ ਸਹਿ ਪੂਤ[8] ਜਹਾਨ ॥੪॥ [੭॥]
**ਚੌਪਈ।** ਸੀਸ ਆਜਮੈ, ਛਤ੍ਰ ਫੁਰਾਨਾ। ਫੇਰੀ ਦਿਸ ਦਖਨ ਮੈ ਆਨਾ।
ਖਾਸ ਕਲੀਦ[9] ਖਜਾਨੇ ਜੇਤੇ। ਕਰੇ ਪਾਨ ਆਪਨ ਮੈ[10] ਤੇਤੇ ॥੫॥ [੮॥]
**ਦੋਹਰਾ।** ਜਬ ਆਜਮ ਬੈਠਾ ਤਖਤ, ਮਨ ਮੈ ਹਰਖ ਬਢਾਇ।
ਕਰ ਸਮਿਯਾਨ ਸੁ ਜੁੱਧ ਕੇ, ਚਲਜੋ ਹਿੰਦ ਕੋ ਧਾਇ ॥੬॥ [੯॥]
**ਚੌਪਈ।** ਪਾਤਿਸਾਹ ਸੁਤ ਦੋਨੋ ਹੋਈ। ਆਜਮ ਸਾਹ ਬਹਾਦੁਰ[11] ਜੋਈ।
ਜਬ ਤੇ ਔਰੰਗ ਸਾਹ ਸਿਧਾਨਾ[12]। ਆਜਮ ਰਾਜ ਆਪਨੋ ਜਾਨਾ ॥ [੧੦॥]

---

1. ਸੁਖਦਾਈ। 2. ਵੱਸ ਕੇ। 3. ਉਸ ਥਾਵੇਂ। 4. ਸ਼ਕ੍ਰ, ਦੇਵਤਿਆਂ ਦਾ ਰਾਜਾ ਇੰਦ੍ਰ। 5. ਇੰਦ੍ਰ ਦੀ ਰਾਣੀ (ਇਸਤ੍ਰੀ)। 6. ਤਾਰਾ ਆਜ਼ਮ, ਸ਼ਾਹ ਔਰੰਗਜ਼ੇਬ ਦਾ ਸ਼ਾਹਜ਼ਾਦਾ। 7. ਧੂੰਏਂ ਦਾ ਧੌਲਰ ਅਥਵਾ ਨਾਸ਼ ਰੂਪ ਸੰਸਾਰ। 8. ਆਜ਼ਮ ਸ਼ਾਹ ਔਰੰਗਜ਼ੇਬ ਦਾ ਵੱਡਾ ਪੁਤ੍ਰ ਨਹੀਂ, ਵਿਚਕਾਰਲਾ ਪੁਤ੍ਰ ਸੀ (ਦੇਖੋ, *History of the Aurangzeb* by J. N. Sarkar and Later Mughals by W. Irvine)। 9. ਕੁੰਜੀਆਂ, ਚਾਬੀਆਂ। 10. ਆਪਣੇ ਕਬਜ਼ੇ ਵਿਚ। 11. ਮੁਹੰਮਦ ਆਜ਼ਮ ਸ਼ਾਹ ਤੇ ਮੁਹੰਮਦ ਮੁਅੱਜ਼ਮ ਸ਼ਾਹ। 12. ਮਰਿਆ।

ਸੀਸ ਆਪਨੇ ਛਤ੍ਰ ਝੁਲਾਯੋ। ਡੰਕਾ ਦੇਤ ਹਿੰਦ ਕੋ ਧਾਯੋ।
ਕਾਲ ਕਰਮ ਕੀ ਖਬਰ ਨ ਪਾਈ। ਕਾਹਿ ਹਨੇ[1] ਕਿਸ ਦੇ ਠਕੁਰਾਈ॥ [੧੧॥]
ਸਾਹ ਬਹਾਦੁਰ ਦਿਲੀ ਜਹਾਂ। ਪਹੁਚਾ ਗੁਰੂ ਖਬਰ[2] ਮਹਿ ਤਹਾਂ।
ਆਜਮ ਚੜ੍ਹਜੋ ਇਨੇ ਸੁਨ ਪਾਈ। ਸਰਬ ਆਪਨੀ ਸੈਨ ਬੁਲਾਈ॥ [੧੨॥]
ਨਿਰਖ ਜਮਾਤਨ[3] ਐਸ ਵਿਚਾਰੋ। ਵਾ ਕੇ ਸੰਗ ਦੱਖਨ ਹੈ ਭਾਰੋ।
ਮੋ ਪਹਿ ਧਨ-ਧੁਜਨੀ[4] ਹੈ ਥੋੜੀ। ਕਿਹ ਬਿਧਿ ਜੰਗ ਕਰੌਂ ਕਰ ਜੋੜੀ॥ [੧੩॥]
ਇਹ ਚਿੰਤਾ ਧਰ ਕੈ ਮਨ ਮਾਹੀ। ਬੈਠ ਬਿਚਾਰਤ ਸਾਹਜ[5] ਆਹੀ।
ਸਭ ਸਾਹਿਬ ਕੀ ਖਬਰ ਸੁ ਜਾਨੇ। ਪਹੁਚੀ ਆਨ ਖਬਰ ਤਹਿ ਥਾਨੇ॥ [੧੪॥]
ਖੁਸੀ ਭਯੋ ਸੁਨ ਕੇ ਤਬ ਸਾਹਾ। ਚਿੰਤਾ ਤਜੀ ਭਯੋ ਉਤਸਾਹਾ।
ਇਹ ਸੁਨਿ ਲਿਖੇ ਤਬੈ ਤਿਨ ਕਾਗਦ। ਪੌਨ ਭੇਸ ਚਲਜ ਸੋਈ ਮਾਗਧ[6]॥ [੧੫॥]
ਚਲਤ ਚਲਤ ਆਯੋ ਵਹਿ ਤਹਾਂ। ਡੇਰਾ ਸ੍ਰੀ ਸਤਿਗੁਰ ਕੋ ਜਹਾ।
ਕਾਗਦ ਦਯੋ ਸੋ ਆਪ ਪੜ੍ਹਾਏ। ਯਾ ਬਿਧਿ ਸਾਹ ਲਿਖਜੋ ਮਨ ਲਾਏ॥੭॥ [੧੬॥]

ਦੋਹਰਾ। ਖਾਸ ਕਦਮ[7] ਮਹਾਰਾਜ ਕੇ, ਖਿਜਮਤਗਾਰ ਇਲਗਾਰ[8]।
ਅਨਿਕ ਭਾਂਤਿ ਸਿਜਦਾ ਕਰੀ, ਸੁਨੀਏ ਸਾਰ ਵਿਚਾਰ॥੮॥ [੧੭॥]
ਸਮਾਚਾਰ ਜੋ ਸਾਹ ਕੋ, ਭਿਸਤ ਗਮਨ ਜਿਮ ਕੀਨ।
ਸੁਨਜੋ ਪੜ੍ਹਜੋ ਮਹਾਰਾਜ ਜੂ, ਭਾਖਤ ਲੋਕ ਪ੍ਰਵੀਨ॥੯॥ [੧੮॥]
ਸੂਬੇ ਬੀਰ ਅਮੀਰ ਜੋ, ਮੰਤ੍ਰਿ ਖਾਸ ਸਿਕਦਾਰ[9]।
ਲੈ ਜਿਨ ਤਖਤ ਬੈਠਾਇਯੋ, ਆਜਮ ਸਾਹ ਨਿਰਧਾਰ[10]॥੧੦॥ [੧੯॥]

ਚੌਪਈ। ਦੱਖਨ ਸਰਬ ਹਾਥ ਉਨ ਆਯੋ। ਜਹ ਤਹਿ ਸਰਬ ਸੁ ਠਾਨ ਬੈਠਾਯੋ।
ਤਬ ਤਿਨ ਯਾ ਬਿਧਿ ਬਜੋਤ ਬਨਾਯੋ। ਡੰਕਾ ਦੇਤ ਹਿੰਦ ਕੋ ਧਾਯੋ॥ [੨੦॥]
ਮੈ ਨਿਜ ਦਸਤ ਜੋੜ ਕੈ ਕਹੋ। ਪਦ ਪੰਕਜ[11] ਕੀ ਸਰਨੀ ਲਹੋ।
ਤੁਮ ਬਿਨ ਔਰ ਨ ਕੋ ਮੁਹਿ ਪੱਛਾ। ਇਤ ਉਤ ਸਹੀ ਆ ਕੀ ਰੱਛਾ॥ [੨੧॥]
ਸਾਰ ਮੰਤ੍ਰ ਮੂਰ[12] ਉਰ[13] ਇਮ ਆਯੋ। ਮਹਾਰਾਜ ਚਹੀਅਤ ਇਤ ਆਯੋ।
ਪੈ[14] ਜਬ ਔਰ ਬਾਤ ਹੈ ਕਾਈ। ਕ੍ਰਿਪਾ ਸਿੰਧ ਲਿਖ ਗੁਪਤ ਜਨਾਈ॥ [੨੨॥]
ਇਤੇ ਕਥਾ ਪ੍ਰਭੁ ਜੂ ਸੁਨ ਪਾਈ। ਲਿਖਜੋ ਦਿਲਾਸਾ ਸਾਹੁ ਬਨਾਈ।
"ਸੰਕਾ ਨੈਕ[15] ਜੀਅ ਨਹੀ ਆਨੋ। ਨਿਸਚੈ ਰਾਜ ਆਪਨਾ ਜਾਨੋ॥ [੨੩॥]
ਹਮ ਨਿਜ ਕੂਚ ਸੁ ਕੂਚ ਕਰਾਈ। ਆਵਤ ਬੇਗ[16] ਪਾਸ ਤਵ[17] ਧਾਈ।
ਤੈ ਸੰਸਾ ਮਨ ਮੈ ਜਿਨ[18] ਆਨੋ। ਜਾਇ ਅਗਮਨੇ[19] ਜੁੱਧ ਸੁ ਠਾਨੇ[20]॥ [੨੪॥]
ਹਮ ਕੋ ਨਿਜ ਤੇ ਲਖੋ ਨ ਦੂਰਾ। ਹਮ ਤੇਰੇ ਸਦ ਸੰਗ ਹਜੂਰਾ।
ਇਹੀ ਕਾਜ ਕਰਨੇ ਨਿਰਧਾਰਾ। ਮੈ ਚਲਿ ਆਯੋ ਕੋਸ ਹਜਾਰਾ॥੧੧॥ [੨੫॥]

---

1. ਕਿਸ ਨੂੰ ਮਾਰੇ। 2. ਗੁਰੂ ਸਾਹਿਬ ਦਾ ਪਤਾ ਲੱਗਣ ਤੇ। 3. ਫ਼ੌਜੀ ਪੜਤਲਾਂ ਦੇਖ ਕੇ। 4. ਧਨ-ਦੌਲਤ ਤੇ ਫ਼ੌਜ। 5. ਬਾਦਸ਼ਾਹ ਦਾ ਪੁਤ੍ਰ (ਬਹਾਦੁਰ ਸ਼ਾਹ)। 6. ਰਾਜਦੂਤ। 7. ਚਰਣ, ਪੈਰ। 8. ਚੜ੍ਹਾਈ ਕਰਨ ਵਾਲੀ ਸੈਨਾ। 9. ਸਰਦਾਰ। 10. ਨਿਸ਼ਚਾ ਕਰਕੇ। 11. ਚਰਣ ਕਮਲ। 12. ਮੇਰੇ। 13. ਹਿਰਦੇ ਵਿਚ। 14. ਪਰ। 15. ਥੋੜੀ ਜਹੀ ਵੀ। 16. ਛੇਤੀ, ਜਲਦੀ। 17. ਤੇਰੇ ਕੋਲ। 18. ਮਤ, ਉੱਕਾ ਹੀ ਨਹੀਂ। 19. ਅੱਗੇ। 20. ਲੜਾਈ ਸ਼ੁਰੂ ਕਰੋ।

ਦੋਹਰਾ। ਜਬ ਹਮ ਕੋ ਤੁਮ ਚਿਤਵ ਹੈਂ, ਤਬ ਹਮ ਤੁਮਰੇ[1] ਪਾਸ।"
ਦਯੋ ਹੁਕਮ ਲਿਖ ਦੂਤ ਕੋ, ਜੋ ਵੈ[2] ਕਰਤ ਅਰਦਾਸ ॥੧੨॥ [੨੬॥]

ਚੌਪਈ। ਸਾਹ ਬਹਾਦੁਰ ਹੁਤੋ ਸੁ ਜਹਾਂ। ਆਵਤ ਭਯੋ ਬੇਗ ਨਰ[3] ਤਹਾਂ।
ਸਰਬ ਕਥਾ ਜੋ ਛੋਰ ਸੁਨਾਈ। ਤਾ ਤੇ ਸਾਂਤਿ ਸਾਹ ਮਨ ਆਈ।
ਸੋਕ ਜੁਕਤ[4] ਤਨ ਪੀਤ[5] ਲਸਾਹੀ। ਭਯੋ ਅਰੁਨ[6] ਗੁਰ ਚਿੰਤ ਗਵਾਈ ॥੧੩॥ [੨੭॥]

ਦੋਹਰਾ। ਬਾਰਿਜ ਚਰ[7] ਜਲ ਸ੍ਵਾਤ[8] ਪਿਯ[9], ਮੁਦਿਤ ਜੈਸ ਸਰ ਪਾਯ[10]।
ਤਿਮ ਸਾਹਜ[11] ਬਿਗਸਤ ਭਯੋ[12], ਪਦ ਪੰਕਜ ਬਰ ਪਾਯ[13] ॥੧੪॥ [੨੮॥]

ਸਵੈਯਾ। ਆਨ ਜਬੈ ਉਰ ਅਸਥਲ ਮੈ, ਪੁਨਿ ਦੀਨ ਦਯਾਲ ਸੁ ਆਪ ਬਿਰਾਜਾ।
ਕੋਟ ਉਪਾਯ ਫੁਰੇ ਤਤਕਾਲਹ, ਚਿੰਤ ਸੁ ਦਰਦ ਕਸੂਮਤ[14] ਭਾਜਾ।
ਬੋਲ ਕੈ ਬੀਰ ਸੁ ਸੂਰ ਬਡੇ ਭਟ[15], ਅੰਬੁਦ[16] ਜਯੋਂ ਧੁਨਿ ਕੈ ਤਬ ਗਾਜਾ।
ਲੈ ਉਮਡਯੋ ਦਲ ਬਾਦਲ ਸੋ ਬਰ, ਭਾਂਤਿ ਅਨੇਕ ਬਜੈ ਤਬ ਬਾਜਾ ॥੧੫॥ [੨੯॥]
ਦੇਸ ਨ ਦੇਸ ਕੇ ਜੋਰ ਮਹੀਪਤਿ[17], ਆਯੁਧ[18] ਭੂਖਨ ਚੀਰ ਬਨਾਈ।
ਬਾਦ ਜਹਾਨ[19] ਤੇ ਆਪ ਚਢਯੋ, ਧੁਨਿ ਵਾਦਨ[20] ਕੀ ਧਰ ਲੋਕ ਸਮਾਈ।
ਹਿੰਦੁਸਤਾਨ ਜਹਾਨ ਚਢਯੋ ਇਤਨੋ ਬਲ ਕੌਨ ਗਨੈ ਸਮੁਦਾਈ।
ਮਾਰ ਸੁ ਮਾਰ ਕਰੈ ਮਤਿ ਸਾਰ ਜੁ, ਤਦਪਿ[21] ਤਾਸ ਸਕੈ ਨਹਿ ਗਾਈ ॥੧੬॥ [੩੦॥]

ਚੌਪਈ। ਇਹ ਲੈ ਹਿੰਦੁਸਤਾਨੇ ਧਾਯੋ। ਉਤ ਦੱਖਨ ਵਾ ਕੇ ਸੰਗ ਆਯੋ।
ਯੋ ਨਾਰਦ ਜਾ ਕਲਹਿ ਮਚਾਈ। ਉਮੰਡੇ ਜੁੱਧ ਕਾਜ ਦੋਊ ਭਾਈ ॥ [੩੧॥]
ਚੰਬਲ ਨਦੀ[22] ਬਹਤ ਜਹਂ ਪਾਵਨ[23]। ਦੁਤੀ ਜਾਨ੍ਹਵੀ[24] ਜਨੁ ਸੁਖਦਾਵਨ[25]।
ਤਾ ਕੇ ਨਿਕਟ ਸੁਨਯੋ ਕਈ ਥਾਨੇ। ਆਨ ਸਮਾਗਮ ਜੋਧ ਸੁ ਠਾਨੇ[26] ॥੧੭॥ [੩੨॥]

ਦੋਹਰਾ। ਜਲਦ ਮੇਘ[27] ਜਿਮ ਬਿਬ ਦਿਸਾ[28], ਆਵਤ ਹੈ ਘਨ ਘੋਰ।
ਤਿਮ ਸੈਨਾ ਚਤੁਰੰਗਿਨੀ[29], ਨਿਰਖ ਬਾਢ ਕਰ ਜੋਰ ॥੧੮॥ [੩੩॥]

ਚੌਪਈ। ਬਾਵਨ[30] ਬੀਰ ਚੌਸਠੀ ਜੋਗਨਿ। ਨਾਚਤ ਭਈ ਮਾਸ ਰਤਿ ਭੋਜਨਿ[31]।
ਲੈ ਲੈ ਖਪਰ ਕਿਲਕਤ ਨਚੇ। ਜਿਹ ਬਿਧਿ ਸਾਥ ਸ੍ਰੋਨ[32] ਭਟ ਅਚੇ ॥੧੯॥ [੩੪॥]

ਸਵੈਯਾ। ਆਜਮ ਸਾਹ ਨਿਹਾਰ ਦੁਤੈ ਦਲ[33], ਕ੍ਰੋਧ ਭਯੋ ਜੁਗ ਨੈਨ[34] ਤਚਾਈ[35]।

---

1. 'ਤੇਰੇ' (ਮੋ. ਬਾ. ੭੧)। 2. ਉਹ। 3. ਆਦਮੀ, ਦੂਤ। 4. ਸਹਿਤ। 5. ਪੀਲਾ। 6. ਲਾਲ। 7. ਬਾਰਿ (ਜਲ) ਤੋਂ ਅਜ (ਪੈਦਾ ਹੋਇਆ) ਬੱਦਲ ਤੇ ਉਸ ਨੂੰ ਚਾਹੁਣ ਵਾਲਾ ਬਾਬੀਹਾ (ਪਪੀਹਾ)। 8. ਸ੍ਵਾਂਤ ਬੂੰਦ। 9. ਪੀ ਕੇ। 10. ਉਸ ਤਰ੍ਹਾਂ ਪ੍ਰਸੰਨ ਹੁੰਦਾ ਹੈ ਜਿਸ ਤਰ੍ਹਾਂ ਉਸ ਨੇ ਸਰੋਵਰ ਹੀ ਪ੍ਰਾਪਤ ਕਰ ਲਇਆ ਹੋਵੇ। 11. ਸ਼ਾਹਜ਼ਾਦਾ ਬਹਾਦੁਰ ਸ਼ਾਹ। 12. ਖ਼ੁਸ਼ ਹੋਇਆ। 13. ਗੁਰੂ ਜੀ ਦੇ ਸ੍ਰੇਸ਼ਟ ਚਰਣ-ਕਮਲ ਪ੍ਰਾਪਤ ਕਰਕੇ। 14. ਖ਼ੁਸ਼ੂਮਤ, ਦੁੱਖ-ਅੰਦੇਸ਼ਾ। 15. ਯੋਧੇ। 16. ਬੱਦਲ। 17. ਰਾਜੇ ਮਹਾਰਾਜੇ। 18. ਸ਼ਸਤ੍ਰ-ਅਸਤ੍ਰ। 19. ਸ਼ਾਹਜਹਾਨਾਬਾਦ (ਦਿੱਲੀ)। 20. ਵਾਜੇ। 21. ਤਾਂ ਵੀ। 22. ਚੰਬਲ (ਚਰਮਣਵਤੀ) ਨਦੀ, ਜੋ ਇੰਦੌਰ ਦੇ ਪਹਾੜ ਵਿਚੋਂ ਨਿਕਲ ਕੇ ਇਟਾਵੇ ਦੇ ਨੇੜੇ ਯਮੁਨਾ ਵਿਚ ਜਾ ਡਿਗਦੀ ਹੈ। 23. ਪਵਿਤ੍ਰ। 24. ਗੰਗਾ। 25. ਲੋਕਾਂ ਨੂੰ ਸੁਖ ਦੇਣ ਵਾਲੀ। 26. ਆਨ ਸਮਾਗਮ ਭਜੇ ਰਿਸਾਨੇ।' (ਮੋ. ਬਾ. ੭੧)। 27. ਵਰ੍ਹਨ ਵਾਲਾ ਬੱਦਲ। 28. ਦੋਵੇਂ ਪਾਸੇ। 29. ਪੈਦਲ, ਘੋੜ ਸਵਾਰ ਆਦਿ ਫ਼ੌਜ। 30. ਬਵੰਜਾ। 31. ਮਾਸ ਕੇ ਭੋਗਨ। (ਮੋ. ਬਾ. ੭੧, ਖ਼ਾ. ਕਾ. ਅ. ੬੦੫)। 32. ਸ਼੍ਰੋਣਿਤ, ਲਹੂ। 33. ਮੁਹੰਮਦ ਆਜ਼ਮ ਨੇ ਦੂਜੇ ਪਾਸੇ ਦੇ ਦਲ ਨੂੰ ਦੇਖ ਕੇ। 34. ਦੋਵੇਂ ਅੱਖਾਂ। 35. ਕ੍ਰੋਧ ਨਾਲ ਲਾਲ ਕੀਤੀਆਂ।

ਆਯਸ ਦੇਤ ਭਯੋ ਨਿਜ ਕੀ, ਬਲ ਕੈ ਤਬ ਗਾਜ ਉਠੀ ਕਰਨਾਈ[1]।
ਹੋਤ ਭਯੋ ਸੰਗ੍ਰਾਮ[2] ਮਹਾਂ ਬਡ, ਤੋਪ ਤੁਫੰਗਨ ਤੀਰ ਚਲਾਈ।
ਯੌਂ ਕਰਿ ਸਾਰ ਅਪਾਰ ਭਯੋ, ਜਨ ਸਾਵਨ ਕੀ ਉਮਡੀ ਘਟ ਆਈ ॥੨੦॥ [੩੫॥]

**ਸਿਰਖੰਡੀ ਛੰਦ।** ਸਾਰੀ[3] ਸਾਰ[4] ਬਜਾਵੈਂ, ਤੀਰ ਤੁਫੰਗ ਲੈ। ਲਸੈ ਕਟਾਰ ਅਪਾਰੀ ਖੰਡਾ ਬਿੱਜ[5] ਜਜੌਂ।
ਦੁੰਦਭਿ ਢੋਲ ਅਪਾਰੀ, ਬਜੈ ਮ੍ਰਿਦੰਗ ਯੌਂ। ਸੱਟ ਪਈ ਖਰਚਾਮੀ[6], ਗੱਜਨ ਸੂਰਮੇ ॥ [੩੬॥]
ਸੁਨ ਸੁਨ ਗਜੈਂ ਜੁਝਾਰੀ, ਬਰਖਨ ਕੈਬਰਾ[7]। ਆਜਮ[8] ਪੀਲ[9] ਸਵਾਰੀ ਆਯੋ ਦੌਰ ਕੈ।
ਬੋਲਤ ਬੈਨ ਹੰਕਾਰੀ, ਮੋ ਹੌਂ ਇੰਦ੍ਰ ਜਜੋਂ। ਚੌਦਿਸ ਸੰਗ ਜੁਝਾਰੀ ਕੌਨ ਜੋ ਮੋ ਗਜੈ ॥ [੩੭॥]
ਕੌਨ ਬਹਾਦੁਰ ਸਾਹ ਜੋ ਸੰਗਰ ਮੈ ਅਯ਼ੇ। ਯੌਂ ਕਹਿ ਤੀਰ ਚਲਾਵੈਂ, ਘਨ ਜਜੌਂ ਬਰਖ ਕੈ।
ਹੋਈ ਮਾਰ ਸੁਮਾਰੀ, ਸੁਨੀਐ ਕਛੁ ਨਹੀਂ। ਅੰਧ ਅਰੁ ਧੁੰਧ ਪਸਾਰੀ, ਹਾਥ ਨ ਦੇਖੀਐ ॥ [੩੮॥]
ਮਚੀ ਮਾਰ ਨਿਦਾਨੀ ਲੋਥੀਂ ਢੇਰੀਆਂ। ਮੱਧ ਮੈਦਾਨੇ ਆਏ ਖਹਿ ਕੇ ਭ੍ਰਾਤ ਸੁਗ।
ਆਜਮ ਸਾਹ ਲਿਲਾਈ[30] ਦੇਖੀ ਭ੍ਰਾਤ ਨੇ। ਸਾਹ ਬਹਾਦੁਰ ਸਾਹੀ[11] ਮੁਖ ਤੇ ਪੀਤ ਤਨ[12] ॥ [੩੯॥]
ਕੰਪਤ[13] ਆਯੁਧ ਡਾਰੀ[14], ਸੋਚਤ ਤ੍ਰਾਸ ਮੈ[15]। ਹੇ ਗੁਰ! ਹੋਹੁ ਸਹਾਈ, ਮੈ ਸਰਨਾਗਤੀ।
ਮੈ ਅਜਾਨ ਨਹਿ ਸਿਆਨੋ ਕੇਵਲ ਆਸਰੇ। ਤੋਰ ਚਰਨ ਮਨ ਠਾਨੋ, ਅਗਜਾ ਤੁਮ ਧਰੀ ॥ [੪੦॥]
ਲੈ ਦਲ ਜੋੜ ਮੈ ਆਇਆਂ ਜੁਧਿਰ ਹੇਤ ਕੋ। ਭਾਰਤ[16] ਜਜੌਂ ਲੜਾਈ ਹੋਈ ਭਾਰੀਆਂ।
ਸੈਨਾ ਘਨੀ ਖਪਾਈ, ਮਾਸ ਪਹਾੜ ਜਜੌਂ। ਰਨ ਮੈ ਦੇਹ ਦਿਖਾਈ ਬਚਨ ਨ ਪਾਲੀਐ ॥ [੪੧॥]
ਯੌ ਕਹਿ ਨੈਨ ਮਿਚਾਈ, ਧਾਰਜੋ ਧਜਾਨ ਤਿਨ। ਦੇਖੈ ਨੈਨ ਉਘਾੜੀ, ਅਗ ਜਜੌਂ ਤੇਜ ਹੈ।
ਸਿੰਘ ਖਰੇ ਬਲ ਭਾਰੀ, ਆਜਮ ਸਾਮਣੇ। ਹੋਈ ਖੁਸੀ ਅਪਾਰੀ, ਜਨ[17] ਰਣਜੀਤ ਕੈ।
ਪੁਲਕਤ ਰੋਮ[18] ਸੁ ਧਾਰੀ, ਆਨੰਦ ਛਾਇਯੋ ॥੨੧॥ [੪੨॥]

**ਸਵੈਯਾ।** ਜੂਝਤ ਭਜੇ ਡਰ ਡਾਰ ਤਬੈ, ਜਬ ਯਾ ਬਿਧਿ ਸਾਹਿਬ ਨੈਨ ਨਿਹਾਰੇ।
ਨੀਲਨਿ ਚੋਲ[19] ਬਿਰਾਜਤ ਹੈਂ, ਅਰੁ ਬਾਜ ਸੁਹੇਲ[20] ਜਿਗਾ ਕਲ[21] ਧਾਰੇ।
ਨੀਲ ਜਿਗਾ ਮਨਿ[22] ਨੀਲ ਲਸੈ ਪਟ[23], ਨੀਲ ਮਨੀ ਮਨ ਭੂਖਨ ਭਾਰੇ।
ਮੇਘਨ ਕੇ ਜਨੁ ਜਾਲ ਬਿਖੈ, ਦੁਤਿ ਬਿੱਜੁ ਛਟਾ[24] ਸੁਤ ਸਾਹ[25] ਨਿਹਾਰੇ ॥੨੨॥ [੪੩॥]

**ਭੁਜੰਗ ਛੰਦ।** ਪਰੀ ਮਾਰ ਮਾਰੰ ਮਹਾ ਦੂਖ ਦੈਨੀ। ਲਸੈ ਖੰਡ ਧਾਰਾ[26] ਮਹਾ ਰੂਪ ਪੈਨੀ[27]।
ਕਹੂੰ ਜੋਗਨੀ ਗੀਧ ਨਾਚੈਂ ਲਖਾਵੈਂ। ਕਹੂੰ ਡੰਕ[28] ਡੌਰੂ ਮਹਾਂ ਕ੍ਰੂਰ[29] ਗਾਵੈ।
ਰੁਲੈਂ ਤੱਛ ਮੁੱਛੰ[30] ਅਭੂਤੰ[31] ਭਯਾਨੰ[32]। ਨਹੀ ਸਾਰ ਤਾਕੇ, ਗਏ ਜੱਮ ਧਾਨੰ[33] ॥੨੩॥ [੪੪॥]

---

1. ਤੁਰ੍ਹੀ। 2. ਜੁੱਧ, ਜੰਗ। 3. ਸਾਰੀ (ਲੋਹਾ) ਖੜਕਾਉਣ ਵਾਲਾ (ਸੂਰਮਾ)। 4. ਸਾਰ (ਲੋਹਾ), ਅਰਥਾਤ ਸ਼ਸਤ੍ਰ-ਅਸਤ੍ਰ। 5. ਬਿਜਲੀ। 6. ਨਗਾਰਿਆਂ ਉੱਤੇ। 7. ਤੀਰ। 8. ਤਾਰਾ ਆਜਮ। 9. ਫ਼ੀਲ, ਹਾਥੀ। 10. ਗੁੱਸੇ ਦੀ ਲਾਲੀ। 11. ਸਿਆਹੀ, ਕਲਿੱਤਣ। 12. ਮੂੰਹ ਤੇ ਜਿਸਮ ਪੀਲਾ ਹੋ ਗਇਆ। 13. ਕੰਬਦਾ ਹੋਇਆ। 14. ਹਥਿਆਰ ਸੁੱਟ ਦਿੱਤੇ। 15. ਡਰ ਵਿਚ ਸੋਚਣ ਲੱਗਾ। 16. ਮਹਾ ਭਾਰਤ। 17. ਜਾਣੋ। 18. ਰੋਮ ਪੁਲਕਿਤ ਹੋ ਗਏ, ਅਰਥਾਤ ਉਸ ਨੂੰ ਬੜੀ ਖ਼ੁਸ਼ੀ ਪ੍ਰਾਪਤ ਹੋਈ। 19. ਨੀਲੇ ਵਸਤ੍ਰ। 20. ਬਾਜ਼ ਵਾਂਗ ਤਰਕ ਨਾਮੇ ਜਾਨਵਰ ਉਨ੍ਹਾਂ ਦੇ ਹੱਥ ਉਪਰ ਸੀ। 21. ਸੁੰਦਰ, ਮਨੋਹਰ। 22. ਮਣੀ। 23. ਕੱਪੜੇ। 24. ਬਿਜਲੀ ਦੀ ਛਟਾ ਅਥਵਾ ਚਮਕ ਦਮਕ। 25. ਸ਼ਾਹਜਾਦਾ ਬਹਾਦੁਰ ਸ਼ਾਹ। 26. ਖੰਡਿਆਂ ਦੀ ਧਾਰ। 27. ਅਤਿਅੰਤ ਤਿੱਖੀ। 28. ਡੰਕਾ, ਚੋਬ। 29. ਤੇਜ਼, ਡਰਾਉਣਾ। 30. ਤੱਛ ਕੇ ਕੀਤਾ ਹੋਇਆ ਮੁੱਛ (ਟੁਕੜਾ)। 31. ਭੂਤ ਕਾਲ (ਬੀਤੇ ਹੋਏ ਸਮੇਂ) ਤੋਂ ਰਹਿਤ। 32. ਭਿਆਨਕ। 33. ਜਮ ਦੇ ਘਰ।

**ਨਰਾਜ ਛੰਦ।** ਪਰੰਤ ਸੂਰ[1] ਭੰਗ ਹੁਇ, ਰੰਗੰਤ ਰੰਗ ਭੂਮਨੰ[2]। ਗਿਰੰਤ ਮਾਰ ਮਾਰ ਕੈ, ਪਰੰਤ ਬਜੂਹ[3] ਤਾ ਧੁਨੰ।

ਨਚੰਤ ਗੀਧ ਬੀਧਨੰ ਨਵੰਤ ਸ੍ਰੋਣ ਤਾਲਨੰ[4]। ਹਸੰਤ ਡਾਕਨੀ ਡੁਲੰ[5] ਭਰੰਤ ਖਪਰਾਲਨੰ[6] ॥ [੪੫॥]

ਡੁਕੰਤ ਕਾਂਵ[7] ਫਾਹੀਅੰ, ਨਚੰਤ ਜੰਬੁਕੰ[8] ਧਰੰ। ਗਜੰ ਰਥੰ ਸੁ ਪੈਦਲੰ, ਭਰੰਤ ਭਾਨ ਸੂਅਘਰੰ।

ਲਸੰਤ ਮਾਸ ਕਰਦਮੰ[9] ਭ੍ਰਮੰਤ ਬੋਰ ਡਾਕਨੀ। ਕਰੰ ਪਦੰ ਸੁ ਰੁੰਡ ਮੁੰਡ ਪੇਖੰਤ ਨੈਨ ਝਾਕਨੀ।

ਅਹੰਤ ਭਾਵ[10] ਜੰਤਨੰ, ਮਰੰਤ ਨਾਹ ਅੰਤਨੰ। ਲਖੰਤ ਜੁੱਧ ਤਾਹਿ ਕੋ ਮੁਦੰਤ[11] ਦੇਵਤਾ ਮਨੰ ॥੨੪॥ [੪੬॥]

**ਸਵੈਯਾ।** ਭਾਤਿ ਅਨੇਕ ਭਟਾਨ[12] ਪਚਾਰ ਕੈ[13], ਆਜਮ ਬੀਰ ਕਰੈ ਰਨ ਦਾਰੁਨ[14]।

ਅਸ੍ਵ ਪਾਤ[15] ਹਨੇ ਅਰ, ਮੱਤ ਗਯੰਦ[16], ਪਰੈ ਧਰ ਮੈ ਕਛੁ ਵਾਰ ਨ ਪਾਰਨ।

ਲੋਚਨ ਬਾਨ ਸੁ ਮੀਨ[17] ਸਭੈ, ਪਲ ਪੱਬ ਬਿਰਾਜਤ ਹੈ ਬਡ ਬਾਰਨ।

ਲਾਲ ਗੁਲਾਲ ਭਯੋ ਰਤਿ ਸਾਗਰ[18], ਕੋਨ ਗਨੈ ਯਹਿ ਜੁੱਧ ਕੈ ਕਾਰਨ ॥੨੫॥ [੪੭॥]

ਕੇਤਕ ਜੁੱਧ ਭਯੋ ਤਿਹ ਠੋਰਹਿ, ਜੋ ਨਿਰਨੈ ਕਰ ਕੈ ਅਬ ਗਈਏ।

ਹੋਤ ਪਸਾਰ ਮਹਾਂ ਕਬਿ ਕੋ ਤਬ, ਐਸ ਬਿਚਾਰ ਜੋ ਸੂਖਮ ਲਹੀਏ।

ਜੋ ਇਤਨੋ ਰਨ ਹੋਤ ਭਯੋ ਤਬ ਆਜਮ ਬੀਰ ਕੁਪਜੋ ਧਰ ਭਈਏ।

ਸੈਨ ਤੇ ਏਕਲ ਯੌ ਨਿਕਸਜੋ, ਜਿਮ ਨਾਕੂ[19] ਬਡੋ ਤਜਿ ਬਾਰਿਧਿ[20] ਅਈਏ ॥੨੬॥ [੪੮॥]

**ਦੋਹਰਾ।** ਅਧਿਕ ਜੁੱਧ ਤਬ ਹੇਰ ਕੈ, ਪੁਨਿ ਆਜਮ ਬਰਬੀਰ[21]।

ਨਿਕਸ ਆਪ ਆਵਤ ਭਯੋ, ਪਹਿਰ ਲੋਹ ਮਯ ਚੀਰ[22] ॥੨੭॥ [੪੯॥]

**ਸਵੈਯਾ।** ਯਾ ਬਿਧਿ ਆਜਮ ਆਪ ਚੜ੍ਹਜੋ, ਕੁਪ[23] ਬਾਦਰ[24] ਜਜੋਂ ਉਮੰਡੀ ਦਲ ਆਈ।

ਆਨ ਕੇ ਸਾਹ ਬਹਾਦਰ ਊਪਰ, ਕੋਪ ਭਰੇ ਸਮਸੇਰ ਲਗਾਈ।

ਢਾਰ[25] ਅਗਾਰ ਕੈ[26] ਰੋਕਤ ਭਜੋ, ਅਸ ਆਇ ਕ੍ਰਿਪਾ ਨਿਧਿ[27] ਲੈ ਸੁ ਬਚਾਈ।

ਮਾਰ ਕੇ ਤੀਰ ਸ ਮਾਰ ਦਯੋ, ਅਰੁ ਆਪ ਗਏ ਵਹਿ ਰੂਪ ਛਪਾਈ ॥੨੮॥ [੫੦॥]

**ਅੜਿੱਲ।** ਜਬ ਆਜਮ ਯਾ ਭਾਂਤਿ ਰਨ ਬਿਖੈ ਮਾਰਿਯੋ।

ਲਗੈ ਬਾਨ ਗਏ ਪ੍ਰਾਨ ਨ ਨੈਕੁ[28] ਸੰਭਾਰਿਯੋ।

ਸਾਹ ਬਹਾਦੁਰ ਸਰਬ ਭੇਦ ਇਹੁ ਪਾਇ ਕੈ।

ਹੋ, ਗਜ[29] ਤੇ ਦਯੋ ਗਿਰਾਇ, ਅਧਿਕ ਬਿਗਸਾਇ ਕੈ ॥੨੯॥ [੫੧॥]

**ਚੋਪਈ।** ਚਲੀ ਭਾਜ ਬਿਹਬਲ ਹੋਇ ਸੈਨਾ। ਬਰਨ ਨ ਆਵਤ ਹੈ ਕਛੁ ਬੈਨਾ।

---

1. ਸੂਰਮੇ। 2. ਲਹੂ ਨਾਲ ਜ਼ਮੀਨ ਨੂੰ ਰੰਗਦੇ ਹਨ। 3. ਸਮੂਹ, ਹਜੂਮ। 4. ਲਹੂ ਦੇ ਤਲਾਉ ਵਿਚ ਨ੍ਹਾਉਂਦੇ ਹਨ ਗਿਧ, ਕਾਂ ਆਦਿ ਜਾਨਵਰ। 5. ਡਾਕਣੀਆਂ ਏਧਰ ਉਧਰ ਡੋਲਦੀਆਂ ਤੇ ਹੱਸਦੀਆਂ ਹਨ। 6. ਖ਼ੱਪਰ ਖ਼ੂਨ ਨਾਲ ਭਰਦੀਆਂ ਹਨ। 7. ਕਾਂ। 8. ਗਿੱਦੜ। 9. ਚਿੱਕੜ। 10. ਅਹੰਤ (ਅਹੰਕਾਰ ਦਾ) ਭਾਵ। 11. ਖ਼ੁਸ਼ ਹੁੰਦੇ ਹਨ। 12. ਸੂਰਮਿਆਂ ਨੂੰ। 13. ਹੌਸਲਾ ਦੇ ਕੇ। 14. ਖ਼ੌਫ਼ਨਾਕ। 15. ਅਸ (ਘੋੜਿਆਂ) ਦੀ ਪਾਲ। 16. ਮਸਤ ਹਾਥੀ। 17. ਤਟਮਛੀ। 18. ਰੱਤ (ਲਹੂ) ਦਾ ਸਮੁੰਦ੍ਰ। 19. ਨਾਕੂ, ਮਗਰਮੱਛ। 20. ਸਮੁੰਦ੍ਰ। 21. ਸ੍ਰੇਸ਼ਟ ਯੋਧਾ। 22. ਲੋਹੇ ਦੇ ਕੱਪੜੇ, ਅਰਥਾਤ-ਸੰਜੋਹ (ਕਵਚ) ਪਹਨ ਕੇ। 23. ਕ੍ਰੋਧਵਾਨ ਹੋ ਕੇ। 24. ਬੱਦਲ। 25. ਢਾਲ। 26. ਅਗਾੜੀ (ਅੱਗੇ) ਕਰ ਕੇ। 27. ਕ੍ਰਿਪਾਲੂ ਸਤਿਗੁਰੂ ਜੀ ਨੇ। 28. ਕੁਝ ਵੀ ਨਾ। 29. ਹਾਥੀ।

ਬਾਪੈ[1] ਪੂਤ ਨ ਤਨਿਕ ਸੰਭਾਰੀ[2]। ਪਿਤਾ ਜਾਤ ਸੁਤ ਕੋ ਰਨ ਡਾਰੀ ॥ [੫੨॥]
ਵਿਭੈ ਰਾਜ[3] ਕੀ ਅਗਮ ਕਹਾਨੀ। ਊਚ ਨੀਚ ਸਭ ਸੀਸ ਬਿਹਾਨੀ।
ਪਿਤਾ ਪੂਤ ਕੋ ਬਧ[4] ਕਰ ਡਾਰੈ। ਰਾਜ ਸਿੰਘਾਸਨ ਨਿਜ ਪਗ ਧਾਰੈ ॥੩੦॥ [੫੩॥]
**ਦੋਹਰਾ।** ਤਾਤ ਮਾਤ ਸੁਤ ਬੰਧ[5] ਕੋ, ਤਨਿਕ[6] ਬਿਖੈ ਕਰ ਘਾਯ[7]।
ਆਨੰਦ ਕਰ ਬੈਠਤ ਸਦਨ[8], ਜੈ ਕੀ ਬੰਬ ਬਜਾਯ[9] ॥੩੧॥ [੫੪॥]
**ਚੌਪਈ।** ਇਹ ਬਿਧਿ ਦਯੋ ਦਾਸ ਕੋ ਟੀਕਾ। ਭਾਜਯੋ ਸਭ ਦਲ ਖਲ[10] ਹ੍ਵੈ ਫੀਕਾ।
ਜੁੱਧ ਜੀਤ ਗ੍ਰਿਹ ਮੈ ਜਬ ਆਯੋ। ਪ੍ਰਗਟ ਮੇਘ[11] ਜਯੋਂ ਧਨ ਬਰਖਾਯੋ ॥ [੫੫॥]
ਕਾਜੀ ਮੁਫਤੀ ਔਰ ਮੁਲਾਨੇ। ਸੈਯਦ ਮਨਸਬਦਾਰ ਸਿਆਨੇ।
ਮੰਤ੍ਰੀ ਨੈਬ[12] ਵਜੀਰ ਸੋ ਘਨੇ। ਪੈਂਚ ਚੌਧਰੀ ਜਾਤ ਨ ਗਨੇ ॥ [੫੬॥]
ਸਭ ਮਿਲ ਬਾਤ ਕੁਸੂਤ[13] ਨਿਹਾਰੀ। ਪਰੇ ਸਾਹ ਕੇ ਚਰਨ ਮਝਾਰੀ।
ਸਭ ਮਿਲ ਫਾਇਤ[14] ਦੀਨ ਅਗਾਰੀ। ਸਾਹ ਬਹਾਦੁਰ ਰੋਵਤ ਭਾਰੀ ॥ [੫੭॥]
ਜੀਵਤ ਕੇ ਸਭ ਬੈਰ ਅਟਾਈ[15]। ਮੂਏ ਸੁਪਨ ਸਮ ਹੋਇ ਤਹਾਂਈ।
ਸਾਥ ਬੈਰ ਜੀਵਤ ਕੇ ਤਾਈ। ਮੂਏ ਹੂਏ ਫਿਰ ਕੋ ਨ ਮਿਲਾਈ ॥ [੫੮॥]
ਕਾਜੀ ਸਹਿਤ ਰਜਾਇਤ[16] ਭਾਖੈਂ। ਦੀ ਬਦਸਾਹੀ ਸਭ ਮਿਲ ਲਾਖੈਂ।
ਤੋਰ ਤਾਰ ਸਭ ਕੋ ਅਧਿਕਾਈ। ਖਤਾ ਬਖਸੀਏ ਸਾਥ ਮਿਲਾਈ ॥ [੫੯॥]
ਤਾ ਕੋ ਜੀਤ ਮੇਲ ਜੋ ਆਯੋ। ਬੈਠ ਸਭਾ ਦੀਵਾਨ ਲਗਾਯੋ।
ਜੋ ਜੋ ਬੀਰ ਸਾਹਿ ਤਟ[17] ਆਵਤ। ਨਿਜ ਪੁਰਖਤ[18] ਸੁ ਸਾਹ ਸੁਨਾਵਤ ॥ [੬੦॥]
ਏਕ ਕਹੈਂ ਹਮ ਨੇ ਸਰ ਮਾਰਾ। ਦੂਸਰ ਕਹੇ ਜੋ ਮੋਹ ਪ੍ਰਹਾਰਾ।
ਅਨਤ[19] ਬਦਤ[20] ਮਮ ਦਯੋ ਗਿਰਾਈ। ਕੋ ਪੁਨਿ ਕਹੇ ਲੇਸ ਮਮ ਲਾਈ ॥ [੬੧॥]
ਇਹ ਬਿਧਿ ਬੀਰ ਸਾਹ ਤਟ ਕਹੈਂ। ਸੁਨ ਬਚ ਸਾਹ ਮੋਨ ਹ੍ਵੈ ਰਹੈ।
ਪੁਨਿ ਬੋਲਾ ਤਾ ਕੇ ਤਬ ਸੰਗਾ। ਦਸਤੇ[21] ਲੇਹੁ ਮੰਗਾਇ ਖਤੰਗਾ[22] ॥੩੨॥ [੬੨॥]
**ਸਵੈਯਾ।** ਲੈ ਦਸਤੇ ਵਹਿ ਆਵਤ ਬੀਰ, ਕਿਸ ਵਹਿ ਸਾਥ ਮਿਲੈਂ ਨਹੀ ਬਾਨਾ।
ਸਾਹਿ ਧਰੈ ਕਰ[23] ਆਪਨ ਬੀਚ, ਬਖਾਨਤ ਬੈਨ ਸੁਨੈ ਸਭ ਜੁਆਨਾ।
ਭਾਲ ਅਜਾਇਬ ਫੋਕ ਬਨਜੇ, ਬਰ ਚਾਰੁ ਅਭੂਤ ਬਿਰਾਜਤ ਕਾਨਾ।
ਕੰਚਨ ਧੁਜਾ ਜਰਾਵ ਜਰਜੇ, ਬਰ ਪੰਥ ਅਲੋਕਿਕ ਹੈਂ ਯਹ ਬਾਨਾ ॥੩੩॥ [੬੩॥]
**ਚੌਪਈ।** ਇਹ ਬਿਧਿ ਕਹੈਂ ਬੀਰ ਸਭ ਸੈਨਾ। "ਹਮਰੇ ਦਲ ਕੋ ਯਹਿ ਸਰ ਹੈ ਨਾ।
ਨਭ[24] ਤੇ ਕਿਨੇ ਫਰਿਸਤੇ ਮਾਰਾ। ਬਹੁਰ ਨ ਰਨ ਮੇ ਕਿਨੈ ਨਿਹਾਰਾ" ॥੩੪॥ [੬੪॥]

---

1. ਪਿਤਾ ਨੂੰ। 2. ਕੁਝ ਵੀ ਨਾ ਸੰਭਾਲਿਆ। 3. ਰਾਜ-ਵਿਭੌ, ਰਾਜ-ਵਿਭੂਤੀ, ਰਾਜੇ ਦੀ ਧਨ-ਸੰਪਦਾ। 4. ਕਤਲ। 5. ਤਾਤ (ਪਿਤਾ), ਮਾਤਾ (ਮਾਂ) ਸੁਤ (ਪੁਤ੍ਰ) ਤੇ ਬੰਧੁ (ਭਾਈ)। 6. ਥੋੜੇ ਚਿਰ। 7. ਕਤਲ ਕਰਕੇ। 8. ਘਰ। 9. ਇਹ ਲੜਾਈ ੮ ਹਾੜ੍ਹ ਸੰਮਤ ੧੭੬੪ ਬਿ. ਮੁਤਾਬਿਕ ੮ ਜੂਨ ਸੰਨ ੧੭੦੭ ਈ. ਨੂੰ ਹੋਈ ਤੇ ਇਸ ਲੜਾਈ ਵਿਚ ਆਜਮ ਸ਼ਾਹ ਤੇ ਉਸ ਦਾ ਪੁਤ੍ਰ ਬੇਦਾਰ ਬਖ਼ਤ ਦੋਵੇਂ ਮਾਰੇ ਗਏ। 10. ਦੁਸ਼ਮਨ ਦੀ ਫ਼ੌਜ। 11. ਬੱਦਲ। 12. ਛੋਟਾ ਵਜ਼ੀਰ, ਅਹਲਕਾਰ। 13. ਉਲਟੀ। 14. ਅਫ਼ਸੋਸ ਦੀ ਨਮਾਜ਼, ਕੀਰਤਨ ਸੋਹਿਲਾ। 15. ਦੁੱਖਦਰਦ 16. ਰਜ਼ਾਮੰਦੀ। 17. ਬਹਾਦੁਰ ਸ਼ਾਹ ਦੇ ਕੋਲ। 18. ਬਹਾਦੁਰੀ। 19. ਕੋਈ ਹੋਰ। 20. ਕਹਿੰਦਾ ਹੈ। 21. ਯੁੱਧ-ਭੂਮੀ ਤੋਂ। 22. ਤੀਰ। 23. ਹੱਥ। 24. ਆਕਾਸ਼।

**ਦੋਹਰਾ।** ਸੁਨ ਬਤੀਆਂ[1] ਤਿਹ ਸੈਨ ਕੀ, ਕਹਾ ਸਾਹ ਤਿਹ ਬਾਨ।
"ਮੈ ਜਾਨਤ ਤਿਨ ਕੋ ਭਲੈ, ਜਿਹ ਤਰਕਸ[2] ਕਾ ਬਾਨ" ॥੩੫॥ [੬੫॥]

**ਚੌਪਈ।** ਯੌਂ ਬਤੀਆਂ ਕਹਿ ਕੈ ਤਬ ਸਾਹਾ। ਕੀਨ ਕੂਚ ਮਨ ਅਧਿਕ ਉਮਾਹਾ।
ਦੁਸ੍ਰ ਅਰਿਸ੍ਰ[3] ਸਗਲ ਭਏ ਛਾਰਾ। ਅਯੋ[4] ਆਗਰੇ ਨਗਰ ਮੰਝਾਰਾ ॥ [੬੬॥]
ਕੀਨ ਮੁਕਾਮ ਆਗਰੇ ਆਈ। ਭਾਂਤਿ ਭਾਂਤਿ ਪੁਰ ਬਜੀ ਵਧਾਈ।
ਜਮੁਨਾ ਨਦੀ ਨਿਕਟ ਜਹ ਬਹੈ। ਸੂਰਜ ਸੁਤਾ[5] ਜਾਹਿ ਜਗ ਕਹੈ ॥੩੬॥ [੬੭॥]

**ਸਵੈਯਾ।** ਊਚ ਘਟਾ ਸੁ ਅਟਾ[6] ਤਹਿ ਰਾਜਤ,[7] ਤਾ ਪੈ ਪਤਾਕਨ[8] ਸੋਭ ਸੁਹਾਈ।
ਚੀਰ ਬਜਾਰ ਬਹਾਰ ਗੁਨੀ ਕਬਿ, ਬੇਦ ਪੁਰਾਨ ਪਢੈਂ ਧੁਨਿ ਲਾਈ।
ਤੀਰ[9] ਬਹੈ ਜਮੁਨਾ ਨਦ ਪਾਵਨ[10], ਨਾਗਰ ਨਾਰਿ[11] ਮਜੈ[12] ਨਰ ਜਾਈ।
ਯੌਂ ਉਪਮਾ ਉਪਜੀ ਪੁਰ ਕੀ, ਪੁਨਿ ਸਾਹ ਤਬੈ ਉਤੰਰਜੋ ਤਹਿ ਆਈ ॥੩੭॥ [੬੮॥]

**ਸੋਰਠਾ।** ਸਾਹ ਬਹਾਦਰ ਆਇ, ਨਗਰ ਆਗਰੇ ਮੈ ਬਸਜੋ।
ਕਰੁਨਾ ਨਿਧਿ[13] ਇਤ[14] ਧਾਇ, ਸਹਰ ਸੁ ਦਿੱਲੀ ਆਇਯੋ ॥੩੮॥ [੬੯॥]
ਇਤਿ ਸ੍ਰੀ ਗੁਰ ਬਿਲਾਸ ਮਨ ਭਾਵਨ। ਧਜਾਇ ਉਨੀਸ[15] ਬਿਜੈ[16] ਪੁਰ ਪਾਵਨ ॥੧੯॥

---

1. ਬਾਤਾਂ, ਗੱਲਾਂ। 2. ਤੀਰਾਂ ਦਾ ਭੱਥਾ। 3. ਮੁਸੀਬਤ। 4. ਆਇਆ। 5. ਨਦੀ ਜਮੁਨਾ ਦਾ ਨਾਂ ਸੂਰਜ ਦੀ ਸੁਤਾ (ਪੁਤ੍ਰੀ) ਹੈ। 6. ਅਟਾਰੀਆਂ, ਹਵੇਲੀਆਂ। 7. ਸੋਭਦੀਆਂ ਹਨ। 8. ਝੰਡੀਆਂ। 9. ਨਿਕਰ। 10. ਪਵਿਤ੍ਰ। 11. ਚਤੁਰ। 12. ਇਸ਼ਨਾਨ ਕਰੇ। 13. ਕ੍ਰਿਪਾ ਸਾਗਰ (ਸ੍ਰੀ ਦਸ਼ਮੇਸ਼ ਜੀ)। 14. ਇਧਰ। 15. ਉਨ੍ਹੀਵਾਂ। 16. ਵਿਜਯ, ਜਿੱਤ।

ਵੀਹਵਾਂ ਅਧਿਆਇ

# ਦਿੱਲੀਓਂ ਅਬਚਲ ਨਗਰ, ਨੰਦੇੜ

ਦੋਹਰਾ। ਬੀਸਮ[1] ਧਜਾਇ ਬਖਾਨ ਹੈ, ਨੌ ਤਨ[2] ਗਾਥ ਅਨੰਤ[3]।
ਜਿਮ ਕੌਤੁਕ ਪ੍ਰਭੁ ਜੂ ਕਰੈਂ, ਲਖੈਂ ਦੇਸ ਅਗਨੰਤ ॥੧॥
ਚੌਪਈ। ਜਿਹ ਜਿਹ ਦੇਸ ਗਯੋ ਗੁਰਦੇਵਾ। ਬਰਨੋ ਕਥਾ ਸੁ ਅਲਖ ਅਭੇਵਾ।
ਆਪ ਦਿਲੀ ਕੇ ਨਿਕਟ ਜੁ ਆਏ। ਸੰਗਤ ਖਬਰ ਸੁਨੀ ਸੁਖ ਪਾਏ ॥ [੨॥]
ਅਨਿਕ[4] ਹੁਲਾਸ[5] ਜੀਅ ਮੈ ਆਯੋ। ਸਰਬ ਖਾਲਸਾ ਲੈਨ ਸਿਧਾਯੋ।
ਗਾਡੀ ਰਥ ਕੇਤੇ ਜੁਰਵਾਏ। ਘੋਰਨ ਪੈ ਚੜ੍ਹ ਕਿਤੇ ਸਿਧਾਏ ॥ [੩॥]
ਕਿਤਕ[6] ਝੰਪਾਨ[7] ਸਜੀ ਸੁਖ ਪਾਲਾ[8]। ਪਦ ਪੰਕਜ ਤਟ ਚਲੇ ਬਿਸਾਲਾ।
ਪੀ ਪੀ ਨੈਨ ਪਾਨ ਕੇ ਪਜਾਲੇ। ਚੜ੍ਹੇ ਸਿੰਘ ਤਜ ਸਰਬ ਜੰਜਾਲੇ ॥ [੪॥]
ਯੌਂ ਸਭਹੂੰ ਮਿਲ ਕੀਨ ਵਿਚਾਰਾ। ਸਬਦ ਪੜ੍ਹੈਂ ਰਿਝਵੈਂ ਕਰਤਾਰਾ।
ਹਮ ਘਰ ਸਾਜਨ ਹੈਂ ਅਬ ਆਏ। ਜੋੜੇ ਕਰ ਯੌਂ ਪੜ੍ਹਤ ਸਿਧਾਏ।
ਤਾਲ[9] ਮ੍ਰਿਦੰਗ[10] ਰਬਾਬ ਪਖਾਵਜ[11]। ਸੀਰੰਦ[12] ਔਰ ਤੰਬੂਰ[13] ਸੁਹਾਵਜ[14] ॥੨॥ [੫॥]
ਦੋਹਰਾ। ਘੁੰਘਰ[15] ਟੱਲਕਾ[16] ਜੰਗ[17] ਐ, ਖੰਜਰਿ[18] ਔਰ ਦੁਤਾਰ[19]।
ਉਠਤ ਨਾਦ ਧੁਨਿ ਅਧਿਕ ਹੀ, ਖੁਸੀ ਹੋਤ ਕਰਤਾਰ ॥੩॥ [੬॥]
ਮਨ ਬੈਨਨ ਕਰ ਭਾਵਨੀ, ਸਤਿਗੁਰ ਸੋ ਚਿਤ ਲਾਯ।
ਆਨੰਦ ਭਯੋ ਮਨ ਖਾਲਸੇ, ਸਤਿਗੁਰ ਦਰਸਨ ਪਾਇ ॥੪॥ [੭॥]
ਚੌਪਈ। ਸੰਗਤਿ ਕੋ ਪਰਸਾਦਿ ਵਰਤਾਈ। ਸਮਾਚਾਰ ਪੂਛਯੋ ਬਿਗਸਾਈ।
ਪੁਨਿ ਕਰੁਨਾ ਨਿਧਿ ਐਸ ਅਲਾਈ। ਡੇਰਾ ਕਰਯੋ ਜਮੁਨ ਤਟ ਜਾਈ ॥੫॥ [੮॥]
ਦੋਹਰਾ। ਕਿਸਨ ਬੱਲਭਾ[20] ਕੇ ਨਿਕਟ, ਉਤਰੇ ਸੋ ਨਿਜਕਾਯ[21]।
ਸਰਬ ਜਹਾਨਾਬਾਦ ਪੁਰ[22], ਉਮਡਯੋ ਕਰ ਚਿਤ ਚਾਇ[23] ॥੬॥ [੯॥]

---

1. ਵੀਹਵਾਂ। 2. ਨਵਤਨ, ਨੂਤਨ, ਨਵੀਂ। 3. ਅਨੇਕਾਂ। 4. ਬਹੁਤ। 5. ਆਨੰਦ, ਖੁਸ਼ੀ। 6. ਕਿਤਨਿਆਂ ਨੇ। 7. ਪਹਾੜੀ ਪਾਲਕੀ। 8. ਸੁਖਦਾਈ ਪਾਲਕੀ। 9. ਛੈਣੇ। 10. ਇਕ ਢੋਲ ਵਰਗਾ ਵਾਜਾ, ਜੋ ਦੋਹਾਂ ਸਿਰਿਆਂ ਤੋਂ ਪਤਲਾ ਤੇ ਵਿਚਕਾਰੋਂ ਮੋਟਾ ਹੁੰਦਾ ਹੈ। 11. ਜੋੜੀ, ਤਬਲਾ। 12. ਸਰੰਦਾ। 13. ਤੰਬੂਰਾ, ਤਾਨ ਪੂਰਾ। 14. ਸੁਹਾਉਂਦਾ ਹੈ। 15. ਘੁੰਗਰੂ। 16. ਟੱਲ, ਟੱਲੀ। 17. ਛੋਟਾ ਘੰਟਾ, ਜੋ ਪਸ਼ੂਆਂ ਦੇ ਗਲ ਵਿਚ ਪਾਇਆ ਜਾਂਦਾ ਹੈ। 18. ਡੱਫ। 19. ਦੁਤਾਰਾ। 20. ਸ੍ਰੀ ਕ੍ਰਿਸ਼ਨ ਜੀ ਦੀ ਪਿਆਰੀ ਜਮੁਨਾ ਨਦੀ। 21. ਨੇੜੇ (ਕੰਢੇ ਉਤੇ) 22. ਸ਼ਾਹਜਹਾਨਾਬਾਦ (ਦਿੱਲੀ) ਪੁਰੀ ਅਥਵਾ ਨਗਰੀ। 23. ਪਾਠਾਂਤਰ 'ਲਾਇ' (ਮੋ. ਬਾ. ੭੧)।

**ਚੌਪਈ।** ਇਕ ਦਰਸਨ ਆਵੈ ਇਕ ਜਾਈ। ਹਿੰਦੂ ਤੁਰਕ ਰਹਜੋ ਕੋ ਨਾਹੀ।
ਜੋਗੀ ਜੰਗਮ ਔ ਸੰਨਜਾਸੀ। ਪੰਡਿਤ ਪਾਧੇ ਔਰ ਬਿਲਾਸੀ ॥ [੧੦॥]
ਜਸ ਮਨਸਾ ਕਰ ਕੈ ਨਰ ਆਯੋ। ਬਿਨ ਮਾਂਗੇ ਤਤ ਛਿਨ ਵਹਿ ਪਾਯੋ।
ਇਕ ਜੋ ਤੁਰਕ ਅੰਬੀਰ ਸੁ ਆਵੈਂ। ਯੌਂ ਬਤੀਆ ਤੇ ਭਾਖ ਸੁਨਾਵੈਂ ॥ [੧੧॥]
ਦਹਿ ਲਖ ਬੀਸ ਲਾਖ ਮਿਲ ਘੋਰਾ। ਔਰੰਗਸਾਹ ਪਠਜੋ ਕਰ ਜੋਰਾ।
ਤੱਦਪਿ ਇਨ ਸੋ ਪੇਸ਼ ਨ ਗਈ। ਲੱਜਤ ਸਰਬ ਸੈਨ ਸੋ ਭਈ ॥ [੧੨॥]
ਯਾ ਕੇ ਦਰਸਨ ਕਾਜ ਅਉਰੰਗਾ। ਤਰਸਤ ਮੂਆ ਨ ਮਿਲਜੋ ਪ੍ਰਸੰਗਾ।
ਜੋ ਜੋ ਸੁਨੇ ਚਰਿਤ੍ਰ ਨਿਹਾਰੇ। ਅਜਮਤ[1] ਪੂਰਨ ਸਰਬ ਬਿਚਾਰੇ ॥ [੧੩॥]
ਯੌ ਕਹਿ ਕੈ ਇਨ ਬਿਦਾ ਸੁ ਪਾਈ। ਪੁਨਿ ਪੁਰ ਕੀ ਸੰਗਤਿ ਸਭ ਆਈ।
ਹਾਥ ਜੋਰ ਸੰਗ ਬਚਨ ਉਚਾਰੇ। "ਸਹਰ ਬੀਚ ਆਪਨ ਪਗ ਧਾਰੇ" ॥ [੧੪॥]
ਤਿਸੀ ਤਰਾਂ ਕਰੁਨਾ ਨਿਧਿ ਕੀਨੀ। ਜਿਹ ਬਿਧਿ ਸੰਗਤਿ ਭਾਵ ਸੁ ਚੀਨੀ।
ਬੀਚ ਪਾਲਕੀ ਪ੍ਰਭਹਿ ਚੜ੍ਹਾਈ। ਧਰਮ ਸਾਲ[2] ਸੰਗਤਿ ਲੈ ਆਈ ॥ [੧੫॥]
ਆਛ ਭੋਜਨ ਬਿੰਜਨ ਖਰੇ। ਲੈ ਹਜੂਰ ਆਨ ਕੈ ਧਰੇ।
ਸੀਤਲ ਨੀਰ, ਪੌਨ ਇਕ ਕਰੈਂ[3]। ਅਨਿਕ ਭਾਤਿ ਭੇਟਨ ਇਕ ਧਰੈਂ ॥ [੧੬॥]
ਜੈਸੀ ਜੈਸ ਭਾਵਨਾ ਹੋਈ। ਰਾਖਤ ਆਨ ਹਜੂਰ ਸੁ ਸੋਈ।
ਇਹ ਬਿਧਿ ਤਿਨ ਕੋ ਭਾਵ[4] ਨਿਹਾਰੀ। ਮੁਦਿਤ[5] ਭਏ ਨਾਥ ਅਵਤਾਰੀ ॥ [੧੭॥]
ਪੁਨਿ ਤਿਹ ਠਾ ਦਰਸਨ ਕੋ ਗਏ। ਜਹਾਂ ਹਜੂਰ ਸੋ ਕਾਰਨ ਕਏ।
ਸੀਸ ਗੰਜ[7] ਨਿਰਖਜੋ ਨਿਜ ਜਾਈ। ਪੁਨਿ ਤਿਹ ਠਾਂ ਜਿਹ ਤੇਗ ਵਗਾਈ ॥ [੧੮॥]
ਬਾਲ ਰੂਪ ਸਾਹਿਬ ਔਤਾਰੀ। ਜਿਹ ਠਾਂ ਕਾਰਨ ਕਰਜੋ ਸੁਧਾਰੀ।
ਸਭ ਜਾਗਾ ਨਿਰਖਤ ਨਿਜ ਭਏ। ਪਾਲਕੀ ਬੀਚ ਨਾਥ ਯੌ ਠਏ ॥੭॥ [੧੯॥]

**ਸਵੈਯਾ।** ਜਾਵਤ ਬੀਥਨ[8] ਮੈ ਪ੍ਰਭੁ ਜੂ, ਉਤ ਨਾਰਿ ਝਰੋਖਨ ਦੇਖਨ ਲਾਗੀ।
ਅਗਾਰ ਪਿਛਾਰ ਸੁ ਸੰਗਤਿ ਹੈ, ਪੁਨਿ ਕੁੰਕਮ ਕੇਸਰ ਫੂਲਨ ਪਾਗੀ।
ਜਾਹਿ ਕੈ ਅੰਗਨ[9] ਜਾਹਿ ਚਲੈ ਪ੍ਰਭੁ, ਕੀਚ ਸੁ ਕੁੰਕਮ ਕੀ[10] ਅਨੁਰਾਗੀ।
ਅਮਰਾਵਤਿ[11] ਜਜੋਂ ਬ੍ਰਿਤਾਸੁਰ[12] ਇੰਦ੍ਰਹਿ ਮਾਰ ਅਯੇ ਪਛ ਦੇਵ ਬੈਰਾਗੀ ॥੮॥ [੨੦॥]

**ਚੌਪਈ।** ਚਲੇ ਜਾਤ ਪ੍ਰਭੁ ਕਰੁਨਾ ਕੰਦਾ[13]। ਜੈਸੋ ਭਾਵ ਤੈਸ ਹੀ ਰੰਗਾ।
ਤੁਰਕਨ ਧਰਮ ਰਾਜ[14] ਦ੍ਰਿਸਟਾਹੀ। ਸਖੀਅਨ ਕਾਮ ਰੂਪ ਅਵਿਗਾਹੀ[15] ॥ [੨੧॥]
ਸੂਰਨ ਕੋ ਸੂਰਾ ਵਰੀਆਮਾ। ਗਜਾਨਨ ਕੋ ਗਜਾਨੀ ਸੁਖਧਾਮਾ।
ਬਡੇ ਭਾਗ ਤਿਨ ਯੋ ਉਚਰਾਹੀ। ਅੰਗਨ ਮੈ ਸਤਿਗੁਰੁ ਦਰਸਾਈ ॥ [੨੨॥]
ਜਿਨ ਮੇਰੋ ਸਤਿਗੁਰ ਕਰਤਾਰਾ। ਏਕ ਬਾਰ ਭਰ ਨੈਨ ਨਿਹਾਰਾ।
ਜਨਮ ਮਰਨ ਕੀ ਚਿੰਤਾ ਗਈ। ਈਤ ਊਤ[16] ਕੀ ਸੋਝੀ ਪਈ।

---

1. ਕਰਾਮਾਤ 2. ਗੁਰਦੁਆਰੇ। 3. ਪੌਣ ਕਰਨੀ, ਪੱਖਾ ਝੱਲਣਾ। 4. ਪ੍ਰੇਮ-ਭਾਵ, ਸ਼ਰਧਾ। 5. ਖੁਸ਼ੀ। 6. ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ। 7. ਗੁਰਦੁਆਰਾ ਸੀਸ ਗੰਜ। 8. ਗਲੀਆਂ 9. ਵਿਹੜੇ ਅਥਵਾ ਘਰ ਵਿਚ। 10. ਕੇਸਰ ਦਾ ਚਿੱਕੜ। 11. ਸੁਰਗ ਲੋਕ। 12. ਇਕ ਦੈਂਤ, ਜੋ ਦੇਵਤਿਆਂ ਦੇ ਰਾਜੇ ਇੰਦ੍ਰ ਨੇ ਮਾਰਿਆ ਸੀ। 13. ਕਰੁਣਾ ਨਿਧਾਨ, ਕ੍ਰਿਪਾਲੂ। 14. ਯਮਦੂਤ। 15. ਦੇਖਿਆ, ਜਾਣਿਆ। 16. ਲੋਕ ਪਰਲੋਕ।

ਸਭ ਜਾਗਾ ਨਿਰਖਤ ਨਿਜ ਭਏ। ਸਾਂਝ ਸਮੈ ਡੇਰਨ ਮੈ ਅਏ ॥੯॥ [੨੩॥]

**ਦੋਹਰਾ।** ਅਨਿਕ ਚਰਿਤ ਮਹਾਰਾਜ ਜੂ, ਕਰੇ ਤੌਨ[1] ਸੁਭ ਠਾਨ[2]।
ਕਹਾ ਸਕਤਿ ਇਸ ਅਨੁਗ[3] ਕੀ, ਸਬ ਕਰ ਸਕੈ ਬਖਾਨ ॥੧੦॥ [੨੪॥]

**ਚੌਪਈ।** ਕਿਤਕ ਦਿਵਸ ਯੌ ਐਸ ਬਿਤਾਯੋ। ਤਬ ਸੇਵਕ ਸਾਹਜ[4] ਕੋ ਆਯੋ।
ਸ੍ਰੀ ਮੁਖ ਸਭ ਸੌਂ ਯੌਂ ਫੁਰਮਾਈ। ਕੂਚ ਕੀਓ ਨਿਜ ਨਾਦ[5] ਬਜਾਈ ॥ [੨੫॥]
ਚਲਤ ਕੂਚ ਕਰ ਕੂਚ ਸਿਧਾਯਸ[6]। ਮਥੁਰਾ ਪੁਰੀ ਤੀਰ ਨਿਕਟਾਯਸ[7]।
ਦੋਯ ਕੋਸ ਮਥੁਰਾ ਜਬ ਰਹੀ। ਧਰਮ ਸਿੰਘ ਯੌ ਮੁਖ ਕਹੀ ॥ [੨੬॥]
"ਅਗ੍ਰ ਵਹੀਰ ਆਪ ਤੁਮ ਚੜ੍ਹੋ। ਦਿਨਧਿ ਕੁੰਟ[8] ਡੇਰਾ ਚਲ ਕਰੋ।
ਹੋਇ ਸੁਚੇਤ ਪਛੇ ਹਮ ਘਨੇ। ਸਭ ਲੈ ਆਵਤ ਹੈ ਨਿਜ ਥਨੇ[9]" ॥ [੨੭॥]
ਯੌਂ ਆਯਸ ਲੈ ਸਿੰਘ ਸਿਰ ਧਰਾ। ਸੂਰਜ ਕੁੰਟ ਧਾਮ ਜਾ ਕਰਾ।
ਜਿਹ ਲਾਯਕ ਹੋਵਤ ਬਰ ਜ੍ਹਾਨਾ। ਬਾਂਟ ਬਾਂਟ ਤਿਨ ਕੋ ਦੀਅ ਥਾਨਾ ॥੧੧॥ [੨੮॥]

**ਅੜਿੱਲ।** ਹੈ ਸਚੇਤ ਮਹਾਰਾਜ ਪਿਛੇ[10] ਤੇ ਜਾਨੀਐ।
ਕਰੇ ਸਰਬ ਪ੍ਰਤਿਪਾਲ, ਆਪ ਜੋ ਬਖਾਨੀਐ।
ਜਿਨ ਕਾ ਕੋਊ ਨ ਨਾਮ, ਤਿਨਾ ਸੰਗ ਆਪ ਹੈ।
ਹੋ, ਸਦਾ ਕਥਾ ਮਸਹੂਰ, ਸੰਗਤੀ ਜਾਪ ਹੈ ॥੧੨॥ [੨੯॥]

**ਚੌਪਈ।** ਲੈ ਤਿਨ ਕੋ ਅਪਨੇ ਕਰ ਸਾਥਾ। ਪੁਨਿ ਆਯੋ ਡੇਰਨ ਨਰ ਨਾਥਾ।
ਪੁਰ ਕੇ ਗੁਨੀ, ਬਿਪ੍ਰ, ਕਵਿ, ਪਾਂਡੇ। ਸਭ ਆਵੈਂ ਕਾਢਤ ਨਿਜ ਬਾਂਡੇ[11] ॥ [੩੦॥]
ਨਰ ਨਾਰੀ ਪੁਰ ਕੇ ਬਲ ਬਲੇ। ਸਭ ਆਵੈਂ ਦਰਸਨ ਕੋ ਚਲੇ।
ਟਕ ਟਕ ਨਿਰਖਤ ਧਜਾਨ ਲਗਾਵੈਂ। ਅਧਿਕ ਬੀਰ ਬਰ ਪਾਰ ਨ ਪਾਵੈਂ ॥ [੩੧॥]
ਤਿਨ ਪ੍ਰਤਿ ਕਹਿਤ ਖਾਲਸਾ ਜਾਵਹੁ। ਬਡੀ ਪ੍ਰਾਤ ਦਰਸਨ ਫਿਰ ਆਵਹੁ।
ਤਿਨ ਕਾ ਕਹਾ ਸੁਨੈ ਸਹ ਕੋਈ। ਯੌ ਉਮਡੀ ਦਰਸਨ ਕੋ ਲੋਈ ॥ [੩੨॥]
ਨਿਸ[12] ਆਗਮ[13] ਦਿਨ ਲਘੁ[14] ਅਤਿ ਪਾਈ। ਅਸਤਾਚਲ ਗਿਰਿ[15] ਚਢਜੋ ਸੋ ਜਾਈ।
ਇਤ ਨਿਸ ਨਾਥ ਘਾਤ[16] ਜਬ ਪਾਈ। ਪ੍ਰਗਟ ਉਦਾਚਲ[17] ਚਢਜੋ ਸੋ ਜਾਈ ॥ [੩੩॥]
ਕੁਮੁਦ[18] ਕੋਕ[19] ਉਡ[20] ਦੀਪ[21] ਪ੍ਰਕਾਸੇ। ਨਿਸਚਰ[22] ਭਏ ਸਕਲ ਬਿਨ ਮਾਸੇ।
ਚਕਈ[23] ਘਨਜ[24] ਜੁ ਅਤਿ ਮੁਰਝਾਨੇ। ਨਿਜ ਨਾਯਕ[25] ਕੀ ਹਾਨਤ[26] ਜਾਨੇ ॥ [੩੪॥]
ਜਿਹ ਤਿਹ ਲੋਕ ਸਕਲ ਨਰ ਨਾਰੀ। ਛਕੇ[27] ਅਨੰਦ ਯੁਤ ਸਦਨ[28] ਮਝਾਰੀ।
ਚਾਰ ਜਾਮ ਜਾਮਨਿ[29] ਜਬ ਗਈ। ਪ੍ਰਾਚੀ ਦਿਸ[30] ਪੀਰੀ[31] ਹੈ ਭਈ ॥ [੩੫॥]

---

1. ਉਸ। 2. ਥਾਵੇਂ। 3. ਦਾਸ। 4. ਸ਼ਾਹਜ਼ਾਦਾ ਬਹਾਦੁਰ ਸ਼ਾਹ। 5. ਨਗਾਰਾ। 6. ਗਏ। 7. ਨੇੜੇ ਆਈ। 8. ਦਿਨ ਨੂੰ ਧਾਰਣ ਕਰਨ ਵਾਲੇ ਸੂਰਜ ਦੀ ਕੁੰਡ। 9. ਥਾਨ, ਸਥਾਨ। 10. ਪਾਠਾਂਤਰ 'ਪਾਛੇ' (ਖ਼ਾ. ਕਾ. ਅ. ੬੦੫)। 11. ਵਿੰਗ, ਟੇਢ। 12 ਰਾਤ। 13. ਆਗਮਨ। 14. ਛੋਟਾ। 15. ਅਸਤਾਚਲ ਨਾਮੀ ਇਕ ਕਲਪਿਤ ਪਹਾੜ, ਜਿਸ ਦੇ ਉਹਲੇ ਸੂਰਜ ਛਿਪਦਾ ਮੰਨਿਆ ਜਾਂਦਾ ਹੈ। 16 ਨਿਸ਼ਾ (ਰਾਤ) ਦਾ ਨਾਥ (ਸੁਆਮੀ) ਚੰਦ੍ਰਮਾ। 17. ਜਿਸ ਅਚਲ (ਪਹਾੜ) ਤੋਂ ਸੂਰਜ ਦਾ ਉਦੈ ਹੋਣਾ ਮੰਨਿਆ ਜਾਂਦਾ ਹੈ। 18. ਨੀਲੋਫਰ, ਭਮੂਲ। 19. ਚਕਵਾ। 20. ਉਡ, ਤਾਰੇ। 21. ਦੀਵੇ। 22. ਨਿਸ਼ਾਚਰ, ਨਿਸ਼ਾ (ਰਾਤ) ਨੂੰ ਵਿਚਰਣ ਵਾਲੇ ਭੂਤ, ਪ੍ਰੇਤ, ਰਾਖਸ, ਉਲੂ ਆਦਿ ਜੀਵ। 23. ਚਕਵੀ। 24. ਘਨਜ (ਜਲ) ਤੋਂ ਪੈਦਾ ਹੋਇਆ ਬ੍ਰਿਛ। 25. ਹੀਰੋ, ਮੋਢੀ। 26. ਹੱਤਕ। 27. ਸਜੇ ਹੋਏ। 28. ਘਰ। 29. ਯਾਮਿਨ, ਰਾਤ। 30. ਪੂਰਬ ਦਿਸ਼ਾ। 31. ਪੀਲੀ।

ਸੰਖ ਘੋਖ ਦੁੰਦਭਿ ਅਰਰਾਨੇ। ਦਿਨਧਿ ਦੇਵ[1] ਜਨੁ ਗ੍ਰਿਹ ਸਦੀਆਨੈ।
ਜਾਗਤ ਭਏ ਸਕਲ ਨਰ ਨਾਰੀ। ਪ੍ਰਗਟ ਸੂਰ[2] ਕੀ ਕਿਰਨ ਨਿਹਾਰੀ॥ [੩੬॥]
ਕ੍ਰਿਪਾ ਸਿੰਧੁ ਸਾਹਿਬ ਗੁਨ ਸਾਗਰ। ਯਾ ਬਿਧਿ ਕਹਯੋ ਖਾਲਸੇ ਆਗਰ[3]।
ਗਜ ਕਿਕਾਨਨ[4] ਲੇਹੁ ਸੀਗਾਰੇ। ਜਹ ਤਹ ਸਿਆਮ ਕਰੈਂ ਦੀਦਾਰੇ ॥੧੩॥ [੩੭॥]

ਸਵੈਯਾ। ਯੌਂ ਸੁ ਉਚਾਰ ਚੜ੍ਹੇ ਕਰਤਾਰ ਸੁ, ਆਵਤ ਭੇ ਤਿਹ ਜਾ ਸੁਧ ਪਾਈ।
ਰਾਜ ਸੁ ਘਾਟ[5] ਹਨਯੋ ਧੁਬੀਆ[6] ਜਹ, ਪੈ ਕੁਬਜਾ[7] ਗ੍ਰਿਹ ਸੁੱਧ ਕਰਾਈ।
ਫੇਰ ਗਈ ਤਿਹ ਠੌਰ ਬਿਖੈ, ਧਨੁ[8] ਟੂਕਨ ਸੌ ਜਹਿ ਸੈਨ[9] ਭਜਾਈ।
ਦੇਖ ਤਬੈ ਬਿਗਸਯੋ ਕਰੁਨਾ ਨਿਧਿ, ਮੱਧ ਬਜਾਰ ਜੁਰੀ ਸੁ ਲੁਕਾਈ ॥੧੪॥ [੩੮॥]

ਚੌਪਈ। ਪੁਨਿ ਆਏ ਤਿਹ ਠਾਂ ਅਵਤਾਰੀ। ਰੰਗ ਭੂਮਿ ਜਿਹ ਕੰਸ[10] ਸਵਾਰੀ।
ਕੁਬਲਜਾ ਗਜ[11] ਮਾਰਯੋ ਜਿਹ ਥਾਨਾ। ਮੁਸ੍ਰਿ ਚੰਡੂਰ[12] ਬਧੇ ਜਿਹ ਪ੍ਰਾਨਾ ॥੧੫॥ [੩੯॥]

ਸਵੈਯਾ। ਦੇਖਤ ਦੇਖ ਗਏ ਤਿਹ ਜਾ, ਜਿਹ ਊਚ ਸੁਥਾਨ ਸੁ ਕੰਸ ਸਵਾਰਯੋ।
ਕੂਦ ਹਨਯੋ ਗਹਿ ਕੇਸਨ ਤੇ[13], ਜਿਮ ਲੈ ਧੁਬੀਆ ਪਟ ਪੈ ਪਟ[14] ਮਾਰਯੋ।
ਘੀਸ[15] ਗਏ ਜਿਹ ਲੈ ਜਦੁਨੰਦਨ[16], ਘਾਟ ਜਹਾਂ ਬਿਸ੍ਰਾਂਤ[17] ਸਵਾਰਯੋ।
ਆਠ ਸੌ ਬੀਰ[18] ਭਿਰੈ ਹਰਿ ਸੌ, ਗਹਿ ਕੇ ਤਿਨ ਕੋ ਤਬ ਭੂ[19] ਪਰ ਡਾਰਯੋ ॥੧੬॥ [੪੦॥]
ਆਨ ਕੇ ਘਾਟ ਤਬੈ ਬਿਸਰਾਂਤ ਸੁ ਠਾਢ ਭਏ ਮਨ ਆਨੰਦ ਪਾਈ।
ਕੀਨ ਸਨਾਨ ਭਲੀ ਬਿਧਿ ਸੋ ਪ੍ਰਭੁ ਬਿਪ੍ਰ[20], ਮਿਲੇ ਤਿਹ ਆਸਿਖ[21] ਗਾਈ।
ਹੋਹੁ ਦਯਾਲ ਦਯਾ ਨਿਧਿ ਸਾਹਿਬ, ਦਾਨ ਦਯੋ ਤਿਨ ਕੋ ਅਧਿਕਾਈ।
ਆਪ ਚਲੇ ਤਬ ਡੇਰਨ ਕੋ, ਕਹਿ ਯੌਂ ਉਪਮਾ ਕਵਿ ਕੇ ਮਨ ਆਈ ॥੧੭॥ [੪੧॥]

ਦੋਹਰਾ। ਇਹ ਬਿਧਿ ਮਥੁਰਾ ਪਰਸ ਕੈ, ਹੋਵਤ ਬਡੇ ਸਕਾਰ[22]।
ਬਹੁਰ ਗਏ ਮਹਾਰਾਜ ਜੂ, ਗੋਕਲ[23] ਪਾਰ ਸਿਧਾਰ ॥੧੮॥ [੪੨॥]

ਸਵੈਯਾ। ਗੋਕਲ ਹੇਰ[24] ਗਏ ਬਿੰਦ੍ਰਾਬਨ, ਜਾ ਨਿਰਖੀ ਸਭ ਜਾ ਚਿਤ ਲਾਈ।
ਮੰਡਲ ਰਾਸ ਬਚਿਤ੍ਰ ਕਰਜ, ਜਹਿ ਕੁੰਜ ਗਲੀ ਮਿਲ ਖੇਲ ਮਚਾਈ।
ਚੀਰ[25] ਰਹੇ[26] ਜਹਿ ਗ੍ਵਾਰਨਿ[27] ਕੇ, ਬਕ[28] ਧੇਨੁਕ[29] ਕੀ ਜਿਹ ਦੇਹ ਗਵਾਈ।

---

1. ਦਿਨ ਦਾ ਮਾਲਿਕ ਸੂਰਜ। 2. ਸੂਰਜ। 3. ਅੱਗੇ। 4. ਗਜ (ਹਾਥੀ) ਤੇ ਕਿਕਾਨ (ਘੋੜੇ)। 5. ਰਾਜਘਾਟ। 6. ਧੋਬੀ। 7. ਰਾਜਾ ਕੰਸ ਦੀ ਦਾਸੀ ਕੁਬਜਾ, ਜਿਸ ਦਾ ਕੁੱਬ ਸ੍ਰੀ ਕ੍ਰਿਸ਼ਨ ਜੀ ਨੇ ਦੂਰ ਕੀਤਾ ਸੀ। 8. ਧਨੁਖ, ਕਮਾਣ। 9. ਰਾਜਾ ਕੰਸ ਦੀ ਫ਼ੌਜ। 10. ਰਾਜਾ, ਕੰਸ, ਜੋ ਸ੍ਰੀ ਕ੍ਰਿਸ਼ਨ ਜੀ ਦਾ ਮਾਮਾ ਸੀ। 11. ਰਾਜਾ ਕੰਸ ਦਾ ਬਲਵਾਨ ਹਾਥੀ ਕੁਵਲੀਆ ਪੀੜ, ਜੋ ਸ੍ਰੀ ਕ੍ਰਿਸ਼ਨ ਅਤੇ ਬਲਰਾਮ ਨੇ ਮਾਰਿਆ ਸੀ। 12. ਮੁਸ਼ਟਿਕ ਅਤੇ ਚੰਡੂਰ ਨਾਮੀ ਦੋ ਪਹਲਵਾਨ ਰਾਜਾ ਕੰਸ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਪਛਾੜਨ ਲਈ ਭੇਜੇ, ਪਰ ਦੋਵੇਂ ਹੀ ਸ੍ਰੀ ਕ੍ਰਿਸ਼ਨ-ਬਲਰਾਮ ਦੇ ਹਥੋਂ ਮਾਰੇ ਗਏ। 13. ਸ੍ਰੀ ਕ੍ਰਿਸ਼ਨ ਜੀ ਨੇ ਕੰਸ ਨੂੰ ਕੇਸਾਂ ਤੋਂ ਫੜ ਕੇ ਮਾਰਿਆ। 14. ਪਟੜੇ ਉੱਤੇ ਕੱਪੜਾ। 15. ਘਸੀਟ ਕੇ। 16. ਯਦੂ ਵੰਸ਼ੀ ਸ੍ਰੀ ਕ੍ਰਿਸ਼ਨ ਜੀ। 17. ਵਿਸ਼੍ਰਾਮ ਘਾਟ। 18. ਅੱਠ ਬਹਾਦੁਰ ਜੋਧੇ। 19. ਸ੍ਰੀ ਕ੍ਰਿਸ਼ਨ ਜੀ 19. ਪ੍ਰਿਥਵੀ, ਧਰਤੀ। 20. ਵਿਪ੍ਰ, ਬ੍ਰਾਹਮਣ। 21. ਆਸ਼ੀਰਵਾਦ। 22. ਸਵੇਰੇ। 23. ਗੋਕੁਲ ਗ੍ਰਾਮ, ਜਿਥੇ ਸ੍ਰੀ ਕ੍ਰਿਸ਼ਨ ਜੀ ਨੇ ਨੰਦ ਗੋਪ ਦੇ ਘਰ ਬਚਪਨ ਦਾ ਸਮਾਂ ਗੁਜ਼ਾਰਿਆ ਸੀ। 24. ਦੇਖ 25. ਕੱਪੜੇ। 26. ਚੁਰਾਏ। 27. ਗੋਪੀਆਂ। 28. ਬਕਾਸੁਰ (ਬਗਲੇ ਦੀ ਸ਼ਕਲ ਦਾ) ਦੈਂਤ। 29. ਧੇਨੁਕ ਨਾਮੀ ਇਕ ਪ੍ਰਸਿੱਧ ਦੈਂਤ। ਇਹ ਦੋਵੇਂ ਦੈਂਤ ਸ੍ਰੀ ਕ੍ਰਿਸ਼ਨ ਜੀ ਨੇ ਧਰਤੀ ਉੱਪਰ ਪਟਕਾ ਕੇ ਮਾਰੇ ਸਨ।

ਨਥਜੋ ਅਘ[1] ਦੈਤ, ਮਥਜੋ ਦਧਿ[2] ਮਾਖਨ, ਗੋਪਨ ਇੰਦ੍ਰ ਕੋ ਦੰਡ ਚੁਕਾਈ ॥੧੯॥ [੪੩॥]

**ਦੋਹਰਾ।** ਸਗਰੀ[3] ਪੁਰੀ ਦੀਦਾਰ ਕਰ, ਪਨਿ ਉਤਰੇ ਤਹਿ ਜਾਇ।
ਅਦਭੁਤ ਗਤਿ ਬਰ ਬਾਗ ਜਿਹ, ਸੀਤਲ ਜਾ ਕੀ ਛਾਇ ॥੨੦॥ [੪੪॥]

**ਸਵੈਯਾ।** ਆਂਬ ਜਹਾਂ ਖਿਰਨੀ ਬਰ ਪੀਪਰ,[4] ਔਰ ਸਤੂਤਨ ਸੋਭ ਸੁਹਾਈ।
ਜਾਮਨ ਕੇਲ ਅਨਾਰ ਸਿਰੀਫਲ, ਚੰਪ[5] ਕਦੰਬ[6] ਰਹੇ ਛਬਿ ਛਾਈ।
ਕੋਟ ਝਰੈ ਝਰਨਾ ਗਿਰਿ ਤੇ, ਬ੍ਰਹਮਾ ਨ ਸਕੈ ਜਿਹ ਅੰਤਹਿ ਗਾਈ।
ਆਨ ਬਿਰਾਜਤ ਭੇ ਕਰੁਨਾਨਿਧਿ, ਬਾਗ ਬਿਖੈ ਅਸ ਮੋਦ ਬਢਾਈ ॥੨੧॥ [੪੫॥]

**ਚੌਪਈ।** ਬਾਗ ਬਿਲੋਕ ਪ੍ਰਭੂ ਸੁਖਦਾਈ। ਉਤਰ ਬਸੇ ਮਨ ਮੋਦ ਬਢਾਈ।
ਭੋਜਨ ਬਿੰਜਨ ਅਰੁ ਮਿਸਟਾਂਨਾ[7]। ਅਧਿਕ ਮੰਗਾਏ ਕ੍ਰਿਪਾ ਨਿਧਾਨਾ ॥ [੪੬॥]
ਸਭ ਬੀਰਨ ਕੇ ਪ੍ਰਤਿ ਵਰਤਾਯੋ। ਇਹ ਬਿਧਿ ਚਰਿਤ ਤਹਾਂ ਦ੍ਰਿਸਟਾਯੋ।
ਬੀਚ ਬਾਗ ਕਪਿ[8] ਕੀ ਬਹੁ ਮਾਲਾ[9] ਚਹੁਦਿਸ ਆਵਤ ਕਰਤ ਸੁ ਛਾਲਾ ॥੨੨॥ [੪੭॥]

**ਦੋਹਰਾ।** ਤਿਹ ਕੌਤੁਕ ਨਿਰਖਨ ਨਿਮਿਤ, ਬਹੁ ਮਿਸ੍ਰਾਨ ਮੰਗਾਇ।
ਰਾਖ ਦਯੋ ਮੈਦਾਨ ਮੈ, ਤਿਨ ਕੇ ਭੁੰਚਨ[10] ਭਾਇ ॥੨੩॥ [੪੮॥]

**ਚੌਪਈ।** ਚਤੁਰ ਦਿਸਾ[11] ਆਵਤ ਹੈਂ ਚਲੇ। ਕੂਦਤ ਫਾਂਦਤ[12] ਕਪਿ ਰਲ ਮਿਲੇ।
ਲਰ ਲਰ ਅਰੈਂ ਕਰੁਕਟੀ ਮਾਰੈ[13]। ਲੈ ਮੋਦਕ[14] ਮੁਖ ਦਾਂਤ ਨਿਕਾਰੈਂ ॥ [੪੯॥]
ਕੌਤਕ ਚੜ੍ਹੈਂ ਦ੍ਰੁਮਨ[15] ਪਰ ਜਾਈ। ਰਦਨ[16] ਕਾਢ ਕੈ ਕੇਊ[17] ਦਿਖਾਈ।
ਇਹ ਬਿਧਿ ਤਾਕੋ ਚਰਿਤ ਨਿਹਾਰਾ। ਅਨਿਕ ਭਾਂਤਿ ਰਿਝਵੈ ਕਰਤਾਰਾ ॥੨੪॥ [੫੦॥]

**ਦੋਹਰਾ।** ਇਹ ਬਿਧਿ ਸੋ ਲੀਲਾ ਕਰੀ, ਬਿੰਦ੍ਰਾਬਨ ਮਹਿ ਆਇ।
ਬਹੁਤ ਚਲੇ ਮਹਾਰਾਜ ਜੂ, ਨਗਰ ਆਗਰੇ ਧਾਇ ॥੨੫॥ [੫੧॥]

**ਚੌਪਈ।** ਕੂਚ ਕੀਓ ਤਾਂਤੇ ਉਠ ਧਾਏ। ਪੰਥ ਚਲਤ ਦਿਨ ਅਲਪ[18] ਲਗਾਏ।
ਕੋਸ ਚਾਰ ਆਗਰ[19] ਜਬ ਰਹਾ। "ਕਰੋ ਮੁਕਾਮ" ਪ੍ਰਭੁ ਇਮ ਕਹਾ ॥੨੬॥ [੫੨॥]

**ਦੋਹਰਾ।** ਬਾਗ ਏਕ ਨਿਰਖਜੇ ਤਹਾਂ, ਉਤਰ ਕੀਓ ਬਿਸਰਾਮ।
ਜੋਜਨ[20] ਭਰ ਤਾਤੇ ਰਹੇ ਬਾਦਸਾਹ ਕੇ ਧਾਮ ॥੨੭॥ [੫੩॥]
ਖਨ ਖਾਨਾ[21] ਸੁਨ ਕੇ ਤਬੈ, ਦੀਨੇ ਲੋਕ ਭਿਜਾਇ।
ਬਿਨੈ ਕਰੀ ਕਰ ਜੋਰ ਕੈ, ਦਰਸ ਦਿਖਾਵੋ ਆਇ ॥੨੮॥ [੫੪॥]

**ਚੌਪਈ।** ਅਨਿਕ[22] ਭਾਂਤਿ ਪ੍ਰਭੁ ਫੌਜ ਸਿੰਗਾਰੀ। ਸੂਰਬੀਰ ਜੋਧੇ ਹਿਤਕਾਰੀ।
ਲੇ ਕੇ ਨਵਲ[23] ਬੀਰ ਸੰਗ ਧਾਏ। ਲਸਕਰ ਬਾਦਸਾਹ ਕੇ ਆਏ ॥ [੫੫॥]
ਡੇਰਾ ਬਾਗ ਅਜਬ ਅਸਥਾਨਾ। ਬਸ ਹੈ ਤਹਾਂ ਖਾਨ ਹੀ ਖਾਨਾ।

---

1. ਅਘਾਸੁਰ। 2. ਦਹੀਂ। 3. ਸਾਰੀ। 4. ਪਿੱਪਲ। 5. ਚੰਬਾ। 6. ਫੁੱਲਾਂ ਵਾਲਾ ਇਕ ਬ੍ਰਿਛ। 7. ਮਿਠਾਈਆਂ। 8. ਬਾਂਦਰ। 9. ਝੁੰਡ। 10. ਭੋਗਨ (ਖਾਣ) ਵਾਸਤੇ। 11. ਚਾਰੇ ਪਾਸੇ। 12. ਟਪਦੇ। 13. ਕਿੱਰ ਕਿੱਰ ਸ਼ਬਦ ਕਰ ਕੇ ਚੀਕਣਾ। 14. ਲੱਡੂ। 15. ਬ੍ਰਿਛ। 16. ਦੰਦ। 17. ਕੋਈ ਜਾਂ ਕਈ। 18. ਥੋੜੇ। 19. ਆਗਰਾ ਸ਼ਹਰ। 20. ਚਾਰ ਕੋਹ। 21. ਖ਼ਾਨ ਖ਼ਾਨਾ, ਸ਼ਾਹੀ ਮਹਿਲਾਂ ਦਾ ਦਰੋਗਾ ਜਾਂ ਸਰਦਾਰ। 22. ਅਨੇਕ। 23. ਨਵੇਂ।

ਕਰੁਨਾ[1] ਧਾਰ ਤਾਹਿ ਘਰ ਆਏ। ਤਿਸੈ ਆਇ ਕੇ ਦਰਸ ਦਿਖਾਏ ॥੨੯॥ [੫੬॥]

**ਦੋਹਰਾ।** ਦਰਸਨ ਕਰ ਐਸੇ ਕਹਯੋ[2] "ਬਹੁਤ ਕ੍ਰਿਪਾ ਤੁਮ ਕੀਨ।
ਆਪਨ ਹੀ ਮੁਹ ਮਾਨਕੈ, ਦਰਸ ਆਪਨੋ ਦੀਨ" ॥੩੦॥ [੫੭॥]

**ਚੌਪਈ।** ਚਰਨ ਕਮਲ ਕੋ ਹਾਥ ਲਗਾਏ। ਥਾਪੀ ਦਈ ਪ੍ਰਭੂ ਬਿਗਸਾਏ[3]।
ਗਹਿ[4] ਭੁਜ[5] ਅਪਨੇ ਨਿਕਟ ਬੈਠਾਯੋ। ਆਦਰ ਓਮਗ[6] ਸਿੰਧੁ[7] ਜਨੁ[8] ਆਯੋ ॥ [੫੮॥]
ਤਿਨ ਤਬ ਅਪਨੋ ਹਾਲ ਸੁਨਾਯੋ। ਰਖ੍ਯਾ ਕਰੀ ਪ੍ਰਭੂ ਫਰਮਾਯੋ।
ਚਰਨੰਬੁਜ[9] ਕੋ ਲਖ ਮਮ[10] ਦਾਸਾ। ਜਹ ਤਹ ਕਰੇ ਕਾਜ ਮੋ ਰਾਸਾ ॥ [੫੯॥]
ਆਦਰ ਬਹੁਤ ਸੁ ਤਾਕਾ[11] ਕੀਨਾ। ਤਵਨ[12] ਸਮੈ ਸੁ ਬਿਦਾ ਕਰ ਦੀਨਾ।
ਹਾਥ ਜੋੜ ਇਹ ਭਾਂਤਿ ਸੁਨਾਈ। ਉਤਰੋ ਧਾਮ ਪ੍ਰਭੁ ਤੁਮ ਜਾਈ ॥੩੧॥ [੬੦॥]

**ਸਵੈਯਾ।** ਆਯਸ ਲੈ ਖਨ ਖਾਨ ਤੇ ਸਾਹਿਬ, ਪੈ ਅਪਨੇ ਮਧ ਡੇਰਨ ਆਏ।
ਬਾਗ ਅਨੂਪ ਬਿਰਾਜਤ ਹੈ ਜਹ, ਤੰਬੂ ਕਨਾਤ ਦਿਪੈ[13] ਛਬਿ ਛਾਏ।
ਆਨ ਬਸੇ ਜਬ ਧਾਮ ਦਯਾ ਨਿਧਿ, ਮੇਹ ਅਯੋ ਘਨ ਘੋਰ ਲਗਾਏ।
ਨੀਰ ਪਰੈ ਚਪਲਾ[14] ਚਮਕੈ, ਘਨ[15] ਗਾਜਤ ਹੈ ਸੁ ਦਸੋ ਦਿਸ ਆਏ ॥੩੨॥ [੬੧॥]
ਮਾਰੁਤ[16] ਮੇਘ ਬਾਰ ਨਿਸਾ ਅੰਧ[17], ਘੋਰਤ ਹੈ ਅਤਿਸੈ[18] ਘਨ ਕਾਰੋ[19]।
ਚਾਤ੍ਰਿਕ[20] ਮੋਰ ਸੁ ਬਿੱਜੁ ਛਟਾ[21], ਪੁਨਿ ਦਾਦਰ ਟੇਰ[22] ਕਰੈ ਧੁਨਿ ਭਾਰੋ।
ਤਾਲ ਭਰੇ ਜਲ ਪੂਰਨ ਸੋਂ, ਪੁਨਿ ਐ ਧਰਨੀ[23] ਗਤਿ ਔਰ ਨਿਹਾਰੋ।
ਰੈਨ ਬਿਤੀ ਸੁਖ ਆਨੰਦ ਸੋਂ, ਦਿਨ ਰਾਜ[24] ਚਢਯੋ ਗਯੋ ਦੂਰ ਅਧਾਰੋ ॥੩੩॥ [੬੨॥]
ਨਾਦ ਬਜਯੋ ਦੁਖ ਦੂਰ ਗਯੋ, ਗਜ ਬਾਜਿਨ ਪੈ ਪ੍ਰਭੁ ਪਾਖਰ[25] ਡਾਰੀ।
ਆਯੁਧ ਪਾਂਚ[26] ਸਜੈ ਤਨ ਬੀਰ ਸੁ, ਆਵਤ ਭੇ ਭਟ[27] ਖਾਸ ਬਿਚਾਰੀ।
ਕੈ ਅਭਿਨੰਦਨ[28] ਸਾਹਿਬ ਕੋ, ਫਿਰ ਠਾਢ ਭਏ[29] ਚਹੁ ਓਰ[30] ਸੁਧਾਰੀ।
ਸ੍ਰੀ ਮੁਖ ਵਾਕ ਕਹੈ ਬਚ[31] ਅੰਮ੍ਰਿਤ, ਦੇਹੁ ਵਹੀਰ ਕੋ ਤੋਰ ਅਗਾਰੀ ॥੩੪॥ [੬੩॥]
ਤੋਰ ਵਹੀਰ ਅੰਬੀਰ ਕੇ ਵਾਸਤੇ, ਆਪ ਚੜ੍ਹੇ ਓਹ ਆਯਸ[32] ਪਾਈ।
ਆਮਿਖ[33] ਦੈ ਪ੍ਰਭੁ ਧਾਮ ਪਠਯੋ, ਘਨ ਥਾਨ ਨਬਾਬ ਮਹਾ ਸੁਖਦਾਈ।
ਜੋਜਨ ਪੈਂਡ[34] ਸੁ ਤੋਰ ਦਯਾ ਨਿਧਿ, ਆ ਪਹੁੰਚੇ ਪੁਰਿ ਆਗਰ[35] ਆਈ।
ਡੇਰਾ ਕਰਯੋ ਤਿਨ ਬਾਗ ਬਿਚਾਰ ਕੈ, ਸਾਹ ਕਹਾ ਜਿਹ ਥਾਨ ਬਨਾਈ ॥੩੫॥ [੬੪॥]

**ਦੋਹਰਾ।** ਆਪ ਆਨ ਤਿਹ ਬਾਗ ਮੈ, ਕੀਨ ਬਿਬਿਧ[36] ਬਿਧਿ ਧਾਮ।
ਠੌਰ ਬਾਂਟ ਸਭ ਕੋ ਦਈ, ਤਹਾਂ ਕਰਾ ਬਿਸਰਾਮ ॥੩੬॥ [੬੫॥]

---

1. ਕ੍ਰਿਪਾ। 2. ਬਾਦਸ਼ਾਹ ਬਹਾਦੁਰ ਸ਼ਾਹ ਨੇ ਕਹਿਆ। 3. ਪ੍ਰਸੰਨ ਹੋਏ। 4. ਫੜ ਕੇ। 5. ਬਾਂਹ। 6. ਉਮਡ ਕੇ। 7. ਸਮੁੰਦ੍ਰ। 8. ਜਾਣੋ। 9. ਚਰਣ-ਕਮਲ। 10. ਮੈਨੂੰ। 11. ਬਾਦਸ਼ਾਹ ਦਾ ਗੁਰੂ ਜੀ ਨੇ ਬੜਾ ਆਦਰ ਕੀਤਾ। 12. ਉਸ। 13. ਸੋਭਦੇ ਹਨ। 14. ਬਿਜਲੀ। 15. ਬੱਦਲ। 16. ਹਵਾ। 17. ਅਨ੍ਹੇਰੀ ਰਾਤ। 18. ਅਤਿਸ਼ਯ, ਬਹੁਤ ਹੀ। 19. ਕਾਲਾ ਬੱਦਲ। 20. ਬਾਬੀਹਾ, ਪਪੀਹਾ। 21. ਬਿਜਲੀ ਦੀ ਚਮਕ ਦਮਕ। 22. ਡੱਡੂਆਂ ਦੀ ਆਵਾਜ਼। 23. ਧਰਤੀ। 24. ਸੂਰਜ। 25. ਪ੍ਰਖਰ, ਹਾਥੀ-ਘੋੜੇ ਦਾ ਝੁੱਲ। 26. ਪੰਜ ਹਥਿਆਰ : ਕ੍ਰਿਪਾਨ, ਧਨੁਖ, ਬੰਦੂਕ, ਕਟਾਰ ਅਤੇ ਚਕ੍ਰ ਜਾਂ ਨੇਜ਼ਾ। 27. ਯੋਧੇ। 28. ਮਾਣ-ਸਤਕਾਰ। 29. ਖੜੇ ਹੋ ਗਏ। 30. ਚਾਰੇ ਪਾਸੇ। 31. ਵਚਨ। 32. ਆਗਿਆ, ਹੁਕਮ। 33. ਆਸ਼ੀਰਵਾਦ। 34. ਪੰਧ, ਰਸਤਾ। 35. ਆਗਰੇ ਨਗਰ ਵਿਚ। 36. ਅਨੇਕ।

ਭੋਰ[1] ਭਯੋ ਦਿਨ ਪਤਿ[2] ਚਰਜੋ, ਆਏ ਸਾਹ ਕੇ ਲੋਗ।
"ਦਰਸਨ ਚਾਹਦ ਸਾਹ ਜੂ, ਤਹਾਂ ਚਲਨ ਤੁਮ ਯੋਗ" ॥੩੭॥ [੬੬॥]

**ਚੌਪਈ।** ਸੁਨਤ ਨਾਥ ਤਿਨ ਕੀ ਤਬ ਬਾਨੀ। "ਸਾਧ, ਸਾਧ[3]" ਇਹ ਭਾਂਤਿ ਬਖਾਨੀ।
ਕਹਜੋ ਖਾਲਸੇ ਸਾਥ ਬਿਚਾਰੀ। ਗਜ ਕਿਕਾਨਨ[4] ਲੇਹੁ ਹਕਾਰੀ ॥੩੮॥ [੬੭॥]

**ਸਵੈਯਾ।** ਝਾਲਰ ਘੰਟ[5] ਅਪਾਰ ਅਨੂਪਮ, ਯੌਂ ਪ੍ਰਭੁ ਕੇ ਗਜ ਊਪਰ ਡਾਰੀ।
ਜ਼ੀਨ ਹਮੇਲ ਧਰੇ ਗਜ ਗਾਹਨ[6], ਸੋਭਤ ਹੈਂ ਬਰ ਚਾਰ ਹਜਾਰੀ।
ਨ੍ਰਿਤਤ[7] ਹੈਂ ਪੁਨਿ ਚੰਚਲ ਯਾ ਬਿਧਿ, ਚਾਤੁਰ ਬੈਨ ਤਜੈਂ ਸੁ ਪਿਛਾਰੀ।
ਆਨ ਹਜ਼ੂਰ ਖਰੇ ਸੁ ਬਿਰਾਜਤ, ਬਾਜਿਨ ਪੈ[8] ਅਸ ਸਿੰਘ ਸੁਧਾਰੀ ॥੩੯॥ [੬੮॥]
ਆਇ ਕਰਜੋ ਇਸਨਾਨ ਦਯਾ ਨਿਧਿ, ਭੂਖਨ[9] ਚੀਰ[10] ਸਜੇ ਸੁ ਨਵੀਨੇ।
ਨਾਨਾ ਪ੍ਰਕਾਰ ਸੁ ਚੇਤਨ ਆਯੁਧ[11], ਕੌਨ ਸਕੈ ਤਿਨ ਕੀ ਗਤਿ ਬੀਨੇ।
ਯੌਂ ਸਜ ਕੇ ਤਨ ਠਾਢ ਭਏ, ਤਬ ਸਾਹਨਸਾਹ ਮਹਾ ਸੁਖ ਕੀਨੇ।
ਆਵਤ ਭੇ ਤਿਹ ਜਾ[12] ਚਲ ਕੈ, ਜਿਹ ਸਾਹ ਬਹਾਦੁਰ ਕੋ ਗ੍ਰਿਹ ਚੀਨੇ ॥੪੦॥ [੬੯॥]

**ਚੌਪਈ।** ਜਿਹ ਮਾਰਗ ਪੁਰ ਮੈ ਪ੍ਰਭੁ ਆਯੋ। ਸਰਬ ਨਗਰ ਦਰਸਨ ਉਮਗਾਯੋ।
ਚਲਤ ਚਲਤ ਆਏ ਨਿਜ ਤਹਾਂ। ਪ੍ਰਗਟ ਸਾਹ ਕੋ ਮਹਲ ਸੁ ਜਹਾਂ ॥੪੧॥ [੭੦॥]

**ਦੋਹਰਾ।** ਆਨ ਸਾਹ ਕੇ ਧਾਮ ਮੈ, ਇਸਥਿਤ ਸਿੰਘ ਸਬ ਕੀਨ।
ਆਪ ਧਾਇ ਅੰਦਰ ਗਏ, ਅਦਭੁਤ ਰੂਪ ਨਵੀਨ ॥੪੨॥ [੭੧॥]
ਖਾਸ ਡੇਵਢੀ ਆਨ ਕੇ, ਸਿੰਘ ਤਹਾਂ ਖਲਵਾਇ।
ਆਪ ਪ੍ਰਭੂ ਅੰਦਰ ਗਏ, ਅਦਭੁਤ ਰੂਪ ਬਨਾਇ ॥੪੩॥ [੭੨॥]

**ਚੌਪਈ।** ਚੜ੍ਹੀ ਕਮਾਨ ਸਸਤ੍ਰ ਸਬ ਧਾਰੇ। ਕਲਗੀ ਜਿਗਾ ਸੁ ਪੇਚ ਸਵਾਰੇ।
ਲਟਕਤ ਚਲਤ ਠੌਰ ਤਹਿ ਆਏ। ਸਾਹ ਠਾਢ ਜਾ ਊਚ ਬਿਠਾਏ ॥ [੭੩॥]
ਸਾਹ ਆਪ ਕੀ ਓਰ[13] ਨਿਹਾਰਾ। ਦਰਸਨ ਨਿਰਖ ਭਯੋ ਮਤਵਾਰਾ[14]।
ਤਨ ਮਨ ਧਨ ਤੇ ਅਧਿਕ ਬਿਕਾਨਾ। ਕਮਲ ਨਿਰਖ ਜਜੋਂ ਭੰਵਰ ਲੁਭਾਨਾ ॥ [੭੪॥]
ਧੰਨ ਧੰਨ ਪ੍ਰਭੁ ਅਲਖ ਅਪਾਰਾ। ਨਿਹਚਲ ਕੀਨੋ ਰਾਜ ਹਮਾਰਾ।
ਦਯਾ ਧਾਰ ਹਮਰੇ ਗ੍ਰਿਹ ਆਏ। ਤਖਤ ਬਖਤ[15] ਤੁਮ ਤੇ ਮਮ ਪਾਏ ॥੪੪॥ [੭੫॥]

**ਦੋਹਰਾ।** ਬਾਬਰ ਔ ਤਿਮਰ ਲੰਗ[16] ਕੋ, ਜਾ ਬਿਧਿ ਕਰੁਣਾ[17] ਕੀਨ।
ਤਿਸੀ ਤਰਾਂ ਮੁਹਿ ਦਯਾਲ ਹ੍ਵੈ, ਰਾਜ ਸਿੰਘਾਸਨ ਦੀਨ ॥੪੫॥ [੭੬॥]

**ਝੂਲਨਾ।** ਬੀਰ ਅੰਬੀਰ ਬਹੁ ਧੀਰ ਜੋਧਾ ਬਲੀ, ਦਲੀ[18] ਜਿਹ ਜੁੱਧ ਕਰ ਸੈਨ ਸਾਰੀ।
ਭੂਪ ਦੇਸਾਨ ਕੇ, ਜ਼੍ਵਾਨ ਖੁਰਾਸਾਨ[19] ਕੇ, ਚਲਤ ਜਿਹ ਜੇਬ[20] ਮੈ ਭੁਜਾ ਭਾਰੀ।
ਮਾਰ ਤਿਨ ਛੈ[21] ਕੀਓ, ਤਾਜ ਹਮਕੋ ਦੀਓ, ਜਬੀ ਯਹਿ ਖੇਲ ਨੈਨੰ ਨਿਹਾਰੀ।
ਬਾਰ ਹੀ ਬਾਰ ਹਮ ਬਾਰ ਅਰਜੀ ਕਰੈਂ, ਅਚਲ ਪ੍ਰਤਾਪ ਗੁਰੁ ਕੇਸ ਧਾਰੀ ॥੪੬॥ [੭੭॥]

---

1. ਸਵੇਰਾ, ਪ੍ਰਾਤਹਕਾਲ। 2. ਸੂਰਜ। 3. ਧੰਨ ਧੰਨ, ਵਾਹ ਵਾਹ। 4. ਹਾਥੀ ਤੇ ਘੋੜੇ। 5. ਘੰਟੇ। 6. ਹਾਥੀਆਂ ਦੇ ਹੌਦੇ। 7. ਨਚਦੇ। 8. ਘੋੜਿਆਂ ਉਤੇ। 9. ਗਹਣੇ। 10. ਵਸਤ੍ਰ। 11. ਚੰਗੇ ਹਥਿਆਰ। 12. ਉਸ ਥਾਵੇਂ। 13. ਵਲ, ਤਰਫ਼। 14. ਮਸਤ। 15. ਤਖ਼ਤ (ਰਾਜ) ਬਖ਼ਤ(ਭਾਗ)। 16. ਸ਼ਾਹ ਤੈਮੂਰ। 17. ਦਯਾ, ਕ੍ਰਿਪਾ। 18. ਦਰੜ ਕੇ ਮਾਰੀ। 19. ਈਰਾਨ ਤੇ ਅਫ਼ਗਾਨਿਸਤਾਨ ਦੇ ਪੂਰਵ-ਪੱਛਮ ਵਲ ਇਕ ਦੇਸ਼। 20. ਸ਼ੋਭਾ। 21. ਨਾਸ਼।

ਬੀਰ ਫਿਰੰਗ[1] ਤਿਲੰਗ[2] ਤੇ ਆਦਿ ਲੋ, ਖਡ ਬੁੰਦੇਲ[3] ਬੈਦਰਭ[4] ਧਾਰੀ।
ਬਾਰ ਮਲਾਰ[5] ਪੈ ਕੋਸ਼ ਬੰਦਰ[6] ਜਿਤੈ, ਸੂਰਤੈ[7] ਮੈ ਜਿਨੇ ਤੇਗ ਮਾਰੀ।
ਮਾਰ ਤਿਨ ਛੈ ਕੀਓ, ਤਾਜ ਹਮ ਕੋ ਦੀਓ, ਜਬੀ ਯਹਿ ਖੇਲ ਨੈਨੰ ਨਿਹਾਰੀ।
ਬਾਰ ਹੀ ਬਾਰ ਹਮ ਬਾਰ ਚਰਨੰ ਪਰੈ, ਅਚਲ ਪ੍ਰਤਾਪ ਗੁਰੁ ਕੇਸ ਧਾਰੀ ॥੪੭॥ [੭੮॥]
ਬਾਰਨੀ[8] ਦੇਸ ਨਰੇਸ[9] ਜੇਤੇ ਹੁਤੇ, ਕਾਬਲੀ ਭੱਖਰੀ ਔ ਕੰਧਾਰੀ।
ਬਲਖ ਬੁਖਾਰ[10] ਪਹਾਰ ਜੀਤੇ ਜਿਨੈ, ਚੀਨ ਮਾਚੀਨ[11] ਮੈ ਜਪੈ ਸਾਰੀ।
ਮਾਰ ਤਿਨ ਛੈ ਕੀਓ, ਤਾਜ ਹਮ ਕੋ ਦੀਓ, ਅਜਬ ਯਹਿ ਖੇਲ ਨੈਨੰ ਨਿਹਾਰੀ।
ਬਾਰ ਹੀ ਬਾਰ ਹਮੈ ਬਾਰ ਅਰਜੀ ਕਰੈ, ਅਚਲ ਪ੍ਰਤਾਪ ਗੁਰੁ ਕੇਸ ਧਾਰੀ ॥੪੮॥ [੭੯॥]
ਕੁਲੂ ਕਹਲੂਰ[12] ਹੰਢੂਰ[13] ਕਜੌਂਠਲ[14] ਸਭੈ, ਸਹਿਰ ਭੂਟੰਤ[15] ਜੁਰ ਕੀ ਤਿਯਾਰੀ।
ਸਾਹ ਔਰੰਗ ਕੋ ਰੋਗ ਕੀਨੋ ਮਨੈ, ਪਠੀ ਦਹਿ ਲਾਖ ਸੈਨਾ ਸੁਧਾਰੀ।
ਮਾਰ ਤਿਨ ਛੈ ਕੀਓ, ਤਾਜ ਹਮ ਕੋ ਦੀਓ, ਅਜਬ ਯਹਿ ਖੇਲ ਨੈਨੰ ਨਿਹਾਰੀ।
ਬਾਰ ਹੀ ਬਾਰ ਹਮ ਬਾਰ ਅਰਜੀ ਕਰੈਂ, ਅਚਲ ਪ੍ਰਤਾਪ ਗੁਰੁ ਕੇਸ ਧਾਰੀ ॥੪੯॥ [੮੦॥]

ਦੋਹਰਾ। ਯੌਂ ਉਪਮਾ ਕੀ ਸਾਹ ਨੇ, ਪਦ ਪੰਕਜ ਸਿਰ ਨਜਾਇ।
ਖੁਸੀ ਭਏ ਮਹਾਰਾਜ ਜੂ, ਲੀਨੋ ਤਬੈ ਉਠਾਇ ॥੫੦॥ [੮੧॥]

ਚੌਪਈ। ਸਮਾਚਾਰ ਪੂਛੀ ਜੋ ਨਾਥਾ। ਬਰਨਤ ਭਏ ਪ੍ਰੇਮ ਕੀ ਗਾਥਾ।
ਜਿਹ ਬਿਧਿ ਸਾਹ[16] ਸੁ ਭਿਸਤ[17] ਸਿਧਾਏ। ਆਜਮ ਰਾਜ ਸਾਜ ਜਿਮ ਪਾਏ ॥ [੮੨॥]
ਤਾਕੋ ਜੁੱਧ ਸੁਨਾਯੋ ਸਾਰੋ। ਸਾਯਕ[18] ਆਪ[19] ਜੈਸ ਬਿਧਿ ਮਾਰੋ।
ਜੈਸੇ ਤੇਗ ਤੁਮੈ ਸਿਰ ਮਾਰੀ। ਢਾਲ ਅਗ੍ਰ ਧਰ ਨਾਥ[20] ਬਿਚਾਰੀ ॥ [੮੩॥]
ਪੁਨਿ ਜਿਹ ਭਾਂਤਿ ਸੁ ਸਾਯਕ ਮਾਰਾ। ਪੂਛਤ ਕਹਤ ਨਾਥ ਅਵਤਾਰਾ।
ਪੁਨਿ ਗੁਰ ਕਹਜੋ ਯਹੀ ਬਿਧਿ ਕੀਜੈ ਰਾਜਨੀਤਿ ਬਡਿਅਨ ਕੀ ਲੀਜੈ ॥ [੮੪॥]
ਚੁਗਲ ਸੰਗ ਨਹਿ ਕਰੋ ਪਿਆਰਾ। ਰੈਯਤ ਫੂਲਨ ਮਾਲ ਸੰਭਾਰਾ।
ਕੰਡਿਅਨ ਓਝਾ[21] ਦੂਰ ਕਰੀਜੈ। ਖੇਤ੍ਰੀ ਫੂਲ ਮਾਲੀ ਸੁਖ ਦੀਜੈ ॥੫੧॥ [੮੫॥]

ਦੋਹਰਾ। ਗ੍ਵਾਲਿਨ[22] ਜਜੋਂ ਨਜਰ ਰਾਖਈ, ਆਪਨ ਮਾਲ[23] ਕੇ ਬੀਚ।
ਸਿੰਘ[24] ਸਤ੍ਰੂ[25] ਬ੍ਰਿਕ[26] ਦੁਸਟ ਨਰ, ਤਾਹਿ ਨਿਕਟ ਤੇ ਖਾਚ ॥੫੨॥ [੮੬॥]

ਚੌਪਈ। ਬਾਦਸਾਹ ਕੀ ਚਿੰਤਨ ਕਰੀਐ। ਪਰਾਲਬਧ[27] ਵਸਿ ਦੇਹ ਸੰਜਰੀਐ[28]।
ਜੋ ਕੋਈ ਛਾਡ ਗਯੋ ਨਹੀਂ ਆਯੋ। ਜੋ ਪਾਛੈ ਸੋਈ ਲਲਚਾਯੋ ॥ [੮੭॥]

---

1. ਇੰਗਲਿਸਤਾਨ। 2. ਦੱਖਣੀ ਭਾਰਤ ਦਾ ਇਕ ਦੇਸ਼ ਜੋ ਤ੍ਰਿਕਲਿੰਗ, ਡ੍ਰਿਲਿੰਗ ਅਥਵਾ ਤਿਲਂਗਾਨਾ ਦੇ ਨਾਂ ਨਾਲ ਪ੍ਰਸਿੱਧ ਹੈ। 3. ਉੱਤਰੀ ਭਾਰਤ ਦਾ ਦਰਿਆ ਜਮਨਾ ਤੇ ਚੰਬਲ ਦਾ ਦਰਮਿਆਨੀ ਇਲਾਕਾ। 4. ਵਿਦਰਭ, ਨਾਗਪੁਰ ਦਾ ਨਿਕਟਵਰਤੀ ਇਲਾਕਾ। 5. ਮਾਲਾਬਾਰ। 6. ਸਮੁੰਦਰ ਦੇ ਕੰਢੇ ਦਾ ਇਲਾਕਾ। 7. ਸੂਰਤ (ਇਲਾਕਾ ਗੁਜਰਾਤ ਦਾ ਇਕ ਸ਼ਹਰ)। 8. ਹਾਥੀਆਂ ਦੇ। 9. ਰਾਜੇ। 10. ਬਲਖ ਅਤੇ ਬੁਖ਼ਾਰਾ (ਖ਼ੁਰਾਸਾਨ ਦੇ ਦੋ ਪ੍ਰਸਿੱਧ ਸ਼ਹਰ)। 11. ਮਨਚੂਰੀਆ ਦਾ ਇਲਾਕਾ। 12. ਬਿਲਾਸਪੁਰ। 13. ਨਾਲਾ ਗੜ੍ਹ। 14. ਕਜ਼ੂੰਥਲ (ਸ਼ਿਮਲਾ ਪਹਾੜ ਦੀ ਇਕ ਰਿਆਸਤ)। 15. ਰਿਆਸਤ ਭੋਟੀਆ। 16. ਬਾਦਸ਼ਾਹ ਔਰੰਗਜ਼ੇਬ। 17. ਸੁਰਗ। 18. ਤੀਰ। 19. ਖ਼ੁਦ ਗੁਰੂ ਸਾਹਿਬ ਨੇ। 20. ਗੁਰੂ ਸਾਹਿਬ ਨੇ ਢਾਲ ਅੱਗੇ ਕਰ, ਜਿਵੇਂ ਉਹ ਤਾਰਾ ਆਜ਼ਮ ਦਾ ਵਾਰ ਰੋਕਿਆ। 21. ਓਟ। 22. ਗੋਪੀ, ਗਊਆਂ ਚਾਰਨ ਵਾਲੀ। 23. ਪਸ਼ੂਆਂ ਦਾ ਵੱਗ। 24. ਸ਼ੇਰ। 25. ਵੈਰੀ। 26. ਬਘਿਆੜ। 27. ਕਿਸਮਤ। 28. ਪ੍ਰਾਪਤ ਹੋਈ।

ਰੰਕ[1] ਦੇਖ ਕਰ ਦਯਾ ਕਰੀਜੈ। ਪੂਜ ਰਮਾ ਨੀਕੇ ਨਿਰਬੀਜੈ?।
ਜਿਉਂ ਖੇਤ ਮੈ ਹੋਇ ਕੰਡਜਾਰੀ। ਗਾਈ[2] ਮੈ ਜਜੋਂ ਬੈਲ ਸੁ ਭਾਰੀ ॥ [੮੮॥]
ਤਜੋਂ ਰੈਯਤ ਕੇ ਬੀਚ ਪਛਾਨੋ। ਇਨ ਕੋ ਤਾੜਨ ਅਧਿਕ ਪਛਾਨੋ।
ਬੰਧਨ ਗਾਈ ਬੈਲ ਨਥੀਜੈ। ਕੰਡਿਆਰੀ ਅਤਿ ਜੁਦਾ ਕਰੀਜੈ ॥ [੮੯॥]
ਨਾਰਿ ਸੁ ਰੈਯਤ ਜਿਮੀ ਪਛਾਨੋ। ਐ ਲਛਮੀ ਕੀ ਰੀਤਹਿ ਜਾਨੋ।
ਚਾਰ ਮਿਤ੍ਰ ਇਹ ਕਿਸ ਕੇ ਨਾਹੀ। ਜੇ ਹੋਵੈ ਅਪਕਰਮਨ[3] ਤਾਹੀ ॥ [੯੦॥]
ਅਪਨੋ ਕਰਮ ਪ੍ਰਤਾਪ ਸੁ ਮਾਨੋ। ਐ ਪੂਰਬ ਕੋ ਤਪੈ ਵਖਾਨੋ।
ਪੂਰਬ ਤਪ ਕਰ ਇਹ ਫਲ ਪਾਯੋ। ਅਬ ਕਜੋਂ ਬੁਰਾ ਬੀਜ ਪਛੁਤਾਯੋ ॥ [੯੧॥]
ਨਾਰਿਨ ਤੇ ਅਤਿ ਪੂਤ ਸੁ ਲੀਜੈ। ਰਿਤ ਅਰਿਤ[4] ਸੋ ਦ੍ਰਿਸ੍ਰਿ ਰਖੀਜੈ।
ਰੈਯਤ ਤੇ ਮਾਯਾ ਅਧਿਕਾਈ। ਜਿਮੀ ਬੀਜ ਫਲ ਹੂੰ ਕੋ ਪਾਈ।
ਮਾਯਾ ਤੇ ਲੇ ਜਸਹਿ ਪ੍ਰਮਾਨਾ। ਹ੍ਵੈ ਨਿਰਮਾਨ ਰਹੈ ਜਗ ਨਾਨਾ ॥੫੩॥ [੯੨॥]

**ਸਵੈਯਾ।** ਜੱਗ ਸੁ ਦਾਨ ਕ੍ਰਿਯਾ ਅਤਿ ਦੀਰਘ[5], ਅਰਪ ਭਗਵਾਨ ਸੁ ਆਉ ਬਿਤਾਈ।
ਦੇਹ ਸੁ ਗੇਹ[6] ਜੁ ਨਾਰਿ ਹੈ ਰੈਯਤ, ਹੈ ਸੁਖਦਾਯਕ ਕੀ ਬੰਦਗਾਹੀ।
ਪਰਾਲਬਧ ਜੁ ਕਰਮ ਭੁਗੇ ਜਗ ਕੇ, ਸਬ ਅੰਤਰ ਬੀਚ ਬੈਰਾਗ ਸਮਾਈ।
ਬਾਪ ਸੁ ਦਾਦ[7] ਸੁ ਕਹਾ ਗਏ ਸਮ, ਆਪਨ ਸੁਪਨ ਸਮਾਨ ਲਖਾਈ ॥੫੪॥ [੯੩॥]

**ਦੋਹਰਾ।** ਰਾਜਨ ਕੋ ਬੰਦਗੀ ਯਹੀ, ਨਜਾਹਿ ਬੀਚ ਪਰਮਾਨ।
ਰੰਕ ਸਾਹ ਸਭ ਏਕ ਖੁਦ, ਬਾ[8] ਖੁਦਾਇ ਕੋ ਮਾਨ ॥੫੫॥ [੯੪॥]

**ਚੌਪਈ।** ਐਸਾ ਸਾਹ ਹੋਇ ਅਧਿਕਾਈ। ਦੁਸ੍ਰਿ ਸੰਗ ਨਹਿ ਕਰੈ ਸੁਭਾਈ।
ਕੈ ਅਪਨੇ ਕਾਰਜ ਚਿਤ ਲਾਈ। ਜਾ ਮੈ ਦੂਖ ਨ ਕੋਈ ਆਹੀ ॥ [੯੫॥]
ਨੇਬ[9] ਹੋਇ ਜਾ ਕੋ ਸੋ ਬਿਰਾਗੀ। ਬੁਰੇ ਕਾਮ ਮੈ ਦ੍ਰਿਸ੍ਰਿ ਨ ਲਾਗੀ।
ਆਪਨ ਕੋ ਸਭ ਆਪ ਸੁ ਮਾਨ। ਮੁਖ ਸੇ ਅੰਗ ਸਭੈ ਕਰ ਜਾਨ ॥ [੯੬॥]
ਦ੍ਰਿਸ੍ਰਿ ਕਰੇ ਆਪਨ ਚਿਤ ਲਾਈ। ਕਾਹੂ ਗਏ ਨ ਖਿਝਤ ਸਦਾਈ।
ਤੈਸੇ ਆਪਨ ਕੋ ਯਹਿ ਮਾਨੋ। ਨਿਕਟ ਖੁਦਾਇ ਨਜਾਇ ਕੇ ਠਾਨੋ ॥ [੯੭॥]
ਸੁਨਤ ਬਾਦ ਸਾਹਿਬ ਕੀ ਐਸੀ। ਮਨ ਮੈ ਭਯੋ ਬਿਰਾਗ ਬਿਸੇਖੀ।
ਧੰਨ ਸਤਿਗੁਰ ਹੈ ਜੋ ਅਵਤਾਰਾ। ਰਾਜ ਬੀਚ ਅਰ ਜੋਗ ਉਚਾਰਾ ॥ [੯੮॥]
"ਜਾ ਕੋ ਤੁਮਰੀ ਦਯਾ ਸੋ ਹੋਈ। ਨਾਥ ਰੀਤਿ ਧਾਰੈ ਅਤਿ ਸੋਈ।
ਕਲਗੀ ਜਿਗਾ[10] ਧੁਕ ਧੁਕੀ[11] ਆਨੀ। ਖਿਲਤ ਏਕ ਸਾਹ ਮਨ ਭਾਨੀ ॥ [੯੯॥]
ਸਾਹ ਪ੍ਰਭੁ ਕੀ ਭੇਟ ਚੜਾਈ। "ਖੁਸੀ ਭਯੋ ਤੁਮ ਸੋ ਬਨਿਆਈ।"
ਬਹੁਰੋ[12] ਸ੍ਰੀ ਮੁਖ ਯੌ ਫੁਰਮਾਯੋ। ਅੰਤਰ[13] ਸਾਹਿਬ ਸਿੰਘ ਬੁਲਾਯੋ ॥ [੧੦੦॥]
ਸਕਲ ਵਸਤ੍ਰ ਤਿਹ ਪਾਸ ਉਠਾਏ। ਭਿੰਨ ਭਿੰਨ[14] ਜਜੋਂ ਸਾਹ ਚੜ੍ਹਾਏ।

---

1. ਨਿਰਧਨ, ਗ਼ਰੀਬ। 2. ਗਊਆਂ। 3. ਮਾੜੇ ਕਰਮਾਂ ਵਿਚ। 4. ਜਦ ਰਿਤੂ (ਮਾਸਿਕ ਧਰਮ) ਦਾ ਸਮਾਂ ਹੋਵੇ ਜਾਂ ਰਿਤੂ ਬੰਦ ਹੋ ਗਏ ਹੋਣ। 5. ਲੰਮੀ। 6.ਗ੍ਰਿਹ, ਘਰ। 7. ਦਾਦਾ 8. ਸਾਥ। 9. ਨਾਇਬ। 10. ਇਥੇ ਨਵੀਂ ਕਲਗੀ ਅਤੇ ਜ਼ੀਗਾ ਬਾਦਸ਼ਾਹ ਵਲੋਂ ਗੁਰੂ ਜੀ ਨੂੰ ਭੇਟ ਕਰਨ ਦਾ ਜਿਕਰ ਹੈ। 11. ਇਕ ਜੜਾਊ ਚੌਕੀ, ਜੋ ਛਾਤੀ ਉਤੇ ਲਮਕਦੀ ਰਹਿੰਦੀ ਹੈ। 12. ਫੇਰ, ਪੁਨਾ। 13. ਅੰਦਰ। 14. ਵੱਖੋ ਵੱਖ।

ਚਲ ਆਏ ਅੰਤਰ[1] ਕੇ ਠਾਨੇ[2]। ਸਾਹਜ[3] ਕੋ ਇਹ ਬਚਨ ਉਚਰਾਨੇ ॥ [੧੦੧॥]
ਹਮਰੇ ਬਾਨ ਬਡੇ ਅਧਿਕਾਈ। ਬੀਚ ਖਤੰਗ[4] ਪ੍ਰਵੇਸਜੇ ਆਈ।
ਚਲ ਆਏ ਸਤਿਗੁਰ ਤਿਹ ਥਾਨਾ। ਠਾਢੇ ਜਹਾਂ ਬਾਜਿਬਰ[5] ਜ੍ਵਾਨਾ ॥ [੧੦੨॥]
ਪੁਨਿ ਆਏ ਸਾਹਿਬ ਜੂ ਤਹਾਂ। ਅਦਭੁਤ ਬਾਗ ਸਾਹ ਕੋ ਜਹਾਂ।
ਜਮੁਨਾ ਨਦੀ ਨਿਕਟ ਜਹਿ ਆਈ। ਪਾਲ[6] ਅਭੂਤ[7] ਜਾਤ ਨਹਿ ਕਾਈ ॥ [੧੦੩॥]
ਹੈ ਗੈ[8] ਜਲਚਰ[9] ਕੇਲ ਕਰਾਹੀ। ਨਕ੍ਰ[10] ਬਕ੍ਰ[11] ਜਿਹ ਬਿਬਿਧ ਫਿਰਾਹੀ।
ਨਾਗ[12] ਰੂਖ[13] ਜਾਵਤ ਹੈਂ ਬਹੇ। ਫੇਰ ਨ ਬੂੰਦ ਕਬਹਿ ਤੇ ਲਹੈ ॥ [੧੦੪॥]
ਸਜਾਮ ਨੀਰ ਸਜਾਮਾ ਸੁਖਦਾਈ। ਜਨੁਕ[14] ਸਜਾਮ ਤਨ ਪਰਸਨ ਆਈ।
ਤਿਹ ਜਾ ਪ੍ਰਗਜ[15] ਪ੍ਰਭੁ ਕੀ ਡੇਰਾ। ਖਾਲਸ ਫਰਤ ਗਿਰਿ ਸੁ ਚਹੂੰ ਓਰਾ ॥ [੧੦੫॥]
ਕਰਤ ਅਨੰਦ ਕੇਲ ਪ੍ਰਭੁ ਧਨੀ। ਪ੍ਰਭੁ ਕੀ ਉਪਮਾ ਪ੍ਰਭੁ ਕੋ ਬਨੀ।
ਏਕ ਦਿਵਸ ਤਿਹ ਠੌਰ ਮੰਝਾਰਾ। ਆਏ ਸਾਹ ਕੇ ਲੋਕ ਅਪਾਰਾ ॥ [੧੦੬॥]
ਤਿਨ ਮਮ ਕਹੀ, "ਗਰੀਬ ਨਿਵਾਜਾ। ਆਯੋ ਸਾਹ ਦਰਸ ਕੈ ਕਾਜਾ।"
ਤੌ ਲੌ ਸਾਹ ਬਹਾਦੁਰ ਆਯੋ। ਅਧਿਕ ਅਮੀਰਨ ਸਾਥ ਮਿਲਾਯੋ ॥ [੧੦੭॥]
ਦਰਸੇ ਚਰਨ ਨਾਥ ਕੇ ਆਈ। ਖੁਸੀ ਭਹੇ ਸਾਹਿਬ ਅਧਿਕਾਈ।
ਖੇਮ ਕੁਸਲ[16] ਬੂਝੀ ਨਿਜ ਸਾਹਾ। ਪੁਨਿ ਪਾਛੈ ਇਹ ਭਾਂਤਿ ਅਲਾਹਾ[17] ॥ [੧੦੮॥]
"ਮੈਂ ਪ੍ਰਭੁ ਜੂ ! ਐਸੇ ਸੁਨ ਪਾਯੋ। ਦੱਖਨ ਕੋ ਨਿਜ[18] ਚਾਹਤ ਜਾਯੋ।
ਦੱਛਨ ਦੇਸ ਬਿਚੱਛਨ ਜਹਾ। ਹੋਇ ਤੱਯਾਰ ਸੁਨੇ ਨਿਜ ਤਹਾਂ।
ਹੈ ਬਤੀਆਂ ਸਾਚੀ ਕਿਨ ਕਹੀ? ਪ੍ਰਗਟ ਸੁਨਾਵੋ ਹਮ ਕੋ ਸਹੀ" ॥ [੧੦੯॥]

ਸ੍ਰੀ ਮੁਖੋਵਾਕ—
"ਹਮਰੇ ਕਾਜ ਕਛੂ ਤਿਹ ਥਾਨਾ[19]। ਤਾ ਤੇ ਤਾ ਕੋ ਕਰੋ ਪਯਾਨਾ।"
ਪੁਨਿ ਤਬ ਕਹਜੋ ਸਾਹਿਬ, "ਸੁਨ ਲੀਜੈ। ਮੇਰੀ ਕਹੀ ਆਪ ਜੇ ਕੀਜੈ" ॥੫੬॥ [੧੧੦॥]

ਦੋਹਰਾ। ਹਾਥ ਜੋੜ ਸਿਰ ਨਜਾਇਕੇ, ਯੌ ਸਹਿ[20] ਬੈਨ[21] ਬਖਾਨ।
"ਚਤੁਰ ਮਾਸ[22] ਬਰਸਾਤ[23] ਬਰ, ਕਾਟੈਂ[24] ਇਤੈ[25] ਸੁਜਾਨ ॥੫੭॥ [੧੧੧॥]
ਕਰੁਨਾ ਅਧਿਕ ਦਾਸ ਪੈ ਕੀਜੈ। ਇਹ ਬਰਸਾਤ ਦਰਸ ਨਿਜ ਦੀਜੈ।
ਯਾ ਕੋ ਕਾਟ ਇਤੈ ਸੁਭ ਥਾਨਾ। ਕਰ ਹੈਂ ਹਮ ਹੂੰ ਤਹਾਂ ਪਯਾਨਾ ॥ [੧੧੨॥]
ਦੱਖਨ ਦੇਸ ਰਾਜ ਅਤਿ ਰੈਯਤ। ਸੂਬੇ ਸੂਰ ਅਮੀਰ ਜਮੈਯਤ[26]।
ਮੋ ਬਿਨ ਆਪ ਗਏ ਤਿਹ ਥਾਨਾ। ਨੈਕ[27] ਨ ਮਾਨੈ ਹਮਰੀ ਆਨਾ ॥ [੧੧੩॥]
ਭਲੀ ਬਾਤ ਇਹ ਮਮ ਉਰ[25] ਆਈ। ਹਮ ਹੂੰ ਕਰ ਹੈਂ ਸਾਥ ਚੜ੍ਹਾਈ।"

---

1. ਅੰਦਰ। 2. ਸਥਾਨ। 3. ਬਹਾਦੁਰ ਸ਼ਾਹ। 4. ਖ਼ੁਦੰਗ (ਦਰਖ਼ਤ) ਦੀ ਬਣੀ ਹੋਈ ਕਮਾਨ। 5. ਸ਼੍ਰੇਸ਼ਟ ਘੋੜੇ। 6 ਪਾਣੀ ਦੀ ਵੱਟ। 7. ਅਪੂਰਵ। 8. ਹੈ (ਘੋੜੇ) ਤੇ ਗੈ (ਹਾਥੀ)। 9. ਮੱਛੀ, ਮੁਰਗ਼ਾਈ ਆਦਿ ਜਲ-ਜੀਵ। 10. ਨਾਕੂ, ਮਗਰਮੱਛ। 11. ਟੇਢਾ। 12. ਸੱਪ। 13. ਬ੍ਰਿਛ। 14. ਜਾਣੋ। 15. ਬੁੱਧੀਵਾਨ। 16. ਸੁਖ-ਆਨੰਦ। 17. ਬੋਲਿਆ। 18. ਆਪ, ਖ਼ੁਦ। 19. ਅਰਥਾਤ-ਉਸ ਥਾਵੇਂ। 20. ਬਹਾਦੁਰ ਸ਼ਾਹ। 21. ਵਦਨ। 22. ਚਾਰ ਮਹੀਨੇ। 23. ਬਰਸਾਤ ਦੇ ਅੰਤ ਤਕ। 24. ਪਾਠਾਂਤਰ- "ਕਾਢੈ" (ਮੋ. ਬਾ. ੭੧)। 25. ਏਥੇ ਹੀ। 26. ਲਾਉ-ਲਸ਼ਕਰ। 27. ਥੋੜੀ ਜੇਹੀ। 28. ਮੇਰੇ ਦਿਲ ਵਿਚ।

ਯੌਂ ਸੁਨ ਕੈ ਹਜਰਤ ਕੀ ਬਾਨੀ। ਨੀਕੀ[1] ਬਾਤ ਸਭਨ ਮਨ ਮਾਨੀ ॥ [੧੧੪॥]
"ਏ ਪ੍ਰਭੁ! ਆਗੇ ਜਮੁਨ ਕਿਨਾਰਾ। ਅਨਿਕ ਆਇ ਹੈ ਯਹੀ ਦੀਦਾਰਾ।
ਅਲਪ[2] ਦਿਵਸ[3] ਬਿਤ ਹੈ ਸੁਖ ਸੰਗਾ। ਤਾ ਤੈ ਚੜ੍ਹੇ ਸੁ ਬੇਗ ਨਿਹੰਗਾ" ॥ [੧੧੫॥]
ਯੌਂ ਬਿਧਿ ਆਦਰ ਸਾਹ ਨਿਹਾਰੀ। ਮਾਨਤ ਭਏ ਆਪ ਅਵਤਾਰੀ।
ਯੌਂ ਪੁਨਿ ਸਾਹ ਜਮਾ[4] ਕਰਵਾਹੀ। ਚੜ੍ਹ ਗਜੇ ਆਇਸ ਗੁਰ ਕੀ ਪਾਈ ॥੫੮॥ [੧੧੬॥]

ਦੋਹਰਾ। ਸਾਹ ਬਹਾਦੁਰ ਬੀਰ ਬਰ, ਸੇਵਕ ਆਦਿ ਜੁਗਾਦਿ।
ਭੋਜਨ ਬਿੰਜਨ ਮੇਵ ਗਨ[5], ਪਠਵੈ[6] ਅਨਿਕ ਪ੍ਰਸਾਦਿ ॥੫੯॥ [੧੧੭॥]

ਚੌਪਈ। ਇਕ ਆਵੈ ਡਾਲੀ ਇਕ ਜਾਹੀ। ਬਿਬਿਧ ਭਾਂਤਿ ਮੇਵਨ ਮਿਤਿ[7] ਨਾਹੀ।
ਸੰਗਤ ਸਰਬ ਸਹਿਰ ਕੀ ਆਵੈ। ਜੋ ਮਨ ਰੁਚੈ ਵਹੈ ਬਰ ਪਾਵੈ ॥੬੦॥ [੧੧੮॥]

ਦੋਹਰਾ। ਸੂਬੇ ਰਾਵ ਅੰਬੀਰ ਭਟ, ਸੈਯਦ ਮੁਗਲ ਪਠਾਨ।
ਕਾਜੀ ਮੁਲਾਂ ਬਿਪ੍ਰ ਬਹੁ[8], ਇਕ ਆਵੈ ਇਕ ਪਜਾਨ[9] ॥੬੧॥ [੧੧੯॥]

ਚੌਪਈ। ਏਕ ਦਿਵਸ ਤਿਹ ਸੁਨੋ ਸੁਜਾਨਾ। ਲੋਗਨ ਤੀਰ ਹਜੂਰ ਬਖਾਨਾ।
"ਏ ਪ੍ਰਭੁ! ਪੀਰ ਸਾਹ ਕੋ ਆਯੋ। ਚਾਹਤ ਸੁਖਨ ਸੁਨਜੋ ਤੁਮ ਪਾਯੋ" ॥ [੧੨੦॥]
ਯੌ ਸੁਨ ਕੈ ਸਾਹਿਬ ਕਰੁਨਾਲੈ[10]। ਪੀਰ ਬੈਠਾਯੋ ਭਲੀ ਤਰਾਂ ਲੈ।
ਬੈਸਤ[11] ਭਯੋ ਪੀਰ ਜਬ ਆਈ। ਇਹ ਬਤੀਆਂ ਤਿਹ ਤਨ ਲਖ ਪਾਈ ॥ [੧੨੧॥]
ਸੇਵਕ ਸਿਖ ਸੰਗਤ ਜੋ ਆਵੈ। ਭੇਟ ਰਾਖ ਅਰਦਾਸ ਕਰਾਵੈ।
ਜੋ ਬਰ ਰੁਚੈ ਤੌਨ ਕੀ ਮਨਸਾ। ਮਾਂਗਤ ਪ੍ਰਗਟ ਤਜਾਗ ਕੈ[12] ਅਨਸਾ ॥ [੧੨੨॥]
ਇਹ ਕੌਤੁਕ ਜੋ ਪੀਰ ਨਿਹਾਰੈ। ਨਿੰਮ੍ਰ ਬਚਨ ਤਿਹ ਐਸ ਉਚਾਰੈ।
"ਸੁਨੋ ਗੁਰੂ ਜੀ, ਅਰਜ ਹਮਾਰੀ। ਭਾਖਤ ਬੇਦ ਪੁਰਾਨ ਸੁਧਾਰੀ ॥੬੨॥ [੧੨੩॥]

ਦੋਹਰਾ। ਚਾਰੋਂ ਬੇਦ ਕੁਰਾਨ ਜੁਤ[13] ਪੈਕੰਬਰ ਯੌ[14] ਗਾਇ।
ਜੁ ਕਛੁ ਨਿਵਿਸਤੈ[15] ਮੈ ਲਿਖਜੇ, ਤਾ ਤੇ ਅਧਿਕ ਨ ਪਾਇ ॥੬੩॥ [੧੨੪॥]

ਚੌਪਈ। ਕੋਟਿ ਉਪਾਵ ਕਰੈ ਨਰ ਕੋਈ। ਤਾ ਤੈ ਅਧਿਕ ਲੇਖ ਨਹਿ ਹੋਈ।
ਤੁਮਰੇ ਸਿਖ ਮੁਰੀਦ ਜੋ ਕੋਈ। ਕਜੋਂ ਯਹਿ ਬੈਨ ਬਖਾਨੈ ਸੋਈ ॥ [੧੨੫॥]
ਕੈ ਇਹ ਮੈ ਇਹ ਭੇਦ ਨ ਜਾਨੋ। ਕੈ ਕਛੁ ਆਪਨ ਕਰੋ ਧਿਙਾਣੋ।
ਮੋ ਮਨ ਮੈ ਸੰਕਾ ਇਹ ਆਈ। ਦੂਰ ਕਰੋ ਕਛੁ ਸੁਖਨ ਸੁਨਾਈ।" ॥੬੪॥ [੧੨੬॥]

ਦੋਹਰਾ। ਸੁਨੇ ਬੈਨ ਜਬ ਪੀਰ ਕੇ, ਸ੍ਰੀ ਮੁਖ ਐਸ ਬਖਾਨ।
"ਜਸ[16] ਤੁਮ ਭਾਖੋ ਪੀਰ ਜੂ, ਹੈ ਤਸ[17] ਹੀ ਪਰਵਾਨ ॥੬੫॥ [੧੨੭॥]

ਚੌਪਈ। ਪੈ ਇਕ ਅਉਰ ਬਾਤ ਸੁਨ ਲੀਜੈ। ਇਹ ਦ੍ਰਿਸ੍ਟਾਂਤ ਕਾਨ ਮੈ ਕੀਜੈ।
ਯੌਂ ਕਹ ਕੈ ਸਾਹਿਬ ਅਵਤਾਰੀ। ਕਰ ਤੇ ਮੁਹਰ ਸੁ ਛਾਪ ਉਤਾਰੀ ॥ [੧੨੮॥]

---

1. ਚੰਗੀ, ਭਲੀ। 2. ਥੋੜੇ। 3. ਦਿਨ। 4. ਖ਼ਾਤਰ ਜਮਾ। 5. ਮੇਵੇ। 6. ਭੇਜੇ। 7. ਗਿਣਤੀ, ਹਿਸਾਬ। 8. ਪਾਠਾਂਤਰ—'ਵਰ' (ਮੋ. ਬਾ. ੭੧)। 9. ਕੂਦ, ਗਮਨ। 10. ਕਰੁਣਾਲਯ, ਕਰੁਣਾ (ਕ੍ਰਿਪਾ) ਆਲਯ (ਘਰ)। ਅਰਥਾਤ—ਕ੍ਰਿਪਾਲੂ। 11. ਬੈਠਤ। 12. ਪਾਠਾਂਤਰ—'ਕਰ' (ਮੋ. ਬਾ. ੭੧)। 13. ਯੁਤ (ਯੁਕਤ), ਸਹਿਤ। 16. ਪਾਠਾਂਤਰ—'ਹੈ' (ਮੋ. ਬਾ. ੭੧)। 15. ਨਵਿਸ਼ਤ, ਲਿਖਿਤ। 16. ਜਿਸ ਤਰ੍ਹਾਂ। 17. ਉਸੇ ਤਰ੍ਹਾਂ।

ਭਲੀ ਤਰਾਂ ਤਿਹ ਦੈ ਮਸਵਾਨੀ[1]। ਸਿਜਦਾ[2] ਕਰਜੋ ਕਾਗਦ ਪੈ ਠਾਨੀ।
ਉਲਟੇ ਅੰਕ ਹੋਤ ਤਬ ਤਾ ਕੇ। ਸੂਧੇ ਭਏ ਤਨਿਕ[3]ਮੈ ਵਾ ਕੇ ॥ [੧੨੯॥]
ਪੁਨਿ ਸ੍ਰੀ ਮੁਖ ਯਾ ਭਾਂਤਿ ਉਚਾਰੋ। ਯਹੀ ਪੀਰ ਜੀ, ਭੇਦ ਨਿਹਾਰੋ।
ਜਿਤੇ ਜੀਵ ਜਗ ਸੁਨ[4] ਸਵਾਰੀ। ਕਾਲ ਕਲਮ ਸਭ ਸਿਰ ਲਿਖ ਡਾਰੀ ॥ [੧੩੦॥]
ਉਲਟੋ ਲੇਖ ਸਭੈ ਸਿਰ ਹੋਈ। ਗੁਰ ਬਿਨ ਸੂਧਾ ਕਰੇ ਨ ਕੋਈ।
ਜਬ ਮੁਰੀਦ ਮੁਰਸਿਦ ਪੈ ਜਾਈ। ਆਜਿਜ ਹ੍ਵੈ ਸਿਰ ਨੀਚ ਨਿਵਾਈ ॥ [੧੩੧॥]
ਤੌ ਇਹ ਮੁਹਰ ਭੇਦ ਜਜੋਂ ਜਾਣੋ। ਪਲ ਮੈ ਸੂਧੇ ਲੇਖ ਪਛਾਣੋ।
ਤਾ ਤੇ ਅਧਿਕ ਕਬੈ ਨਹਿ ਹੋਈ। ਉਲਟਾ ਸੂਧ ਕਰੈ ਗੁਰ ਸੋਈ ॥ [੧੩੨॥]
ਤਿਹ ਦਰ ਕੀ ਲਾਗੈ ਜੋ ਧੂੜਾ। ਤੌ ਯਹ ਕਾਰਜ ਹੋਵੈ ਪੂਰਾ।
ਜਾਗਤ ਭਾਗ ਸਿਖ ਕੇ ਜਬੈ। ਪੂਰਨ ਹੋਤ ਕਾਜ ਤਿਹ ਸਭੈ" ॥੬੬॥ [੧੩੩॥]

ਦੋਹਰਾ। ਬਹੁਰ[5] ਪੀਰ ਐਸੇ ਕਹਜੋ, "ਸੁਨਹੁ, ਗੁਰੂ ਜੀ! ਸੋਇ।
ਸੇਵਕ ਸਾਹਿਬ ਏਕ ਸਮ, ਕਬੀ ਨ ਨਿਹਚੈ ਹੋਇ" ॥੬੭॥ [੧੩੪॥]

ਚੌਪਈ। ਬਹੁਰੋ ਸ੍ਰੀ ਮੁਖ ਐਸ ਬਖਾਨੋ। "ਜਲ ਤਰੰਗ[6] ਜਲ ਭਿੰਨ ਨ ਆਨੋ।
ਸੇਵਕ ਸਾਹਿਬ ਏ ਕੈ ਹੋਈ। ਯਾ ਮੈ ਕਛੂ ਭੇਦ ਨਹਿ ਕੋਈ ॥ [੧੩੫॥]
ਜਬ ਸੇਵਕ ਸਾਹਿਬ ਤਟ ਜਾਈ। ਆਪ[7] ਛੋਡ ਕਰ ਸੇਵ ਕਮਾਈ।
ਬਾਰ ਬਾਰ ਸਿਜਦਾ ਗੁਰ ਠਾਨੇ। ਨਿਜ ਕੋ ਗੁਨੇਗਾਰ[8] ਪਹਿਚਾਨੇ ॥ [੧੩੬॥]
ਖੁਸੀ ਹੋਤ ਤਾ ਪਰ[9] ਤਬ ਸਾਹਬ। ਇਤ ਉਤ ਤਾਕੋ ਕਰੋ ਮੁਸਾਹਬ।
ਸੇਵਕ ਦਾਸ ਨਾਥ ਤੌ ਹੋਈ। ਸਰਬ ਖਜਾਨੈ ਨਿਰਖੈ ਸੋਈ" ॥ [੧੩੭॥]
ਯੌਂ ਸੁਨ ਕੈ ਸਤਿਗੁਰ ਕੀ ਬਾਨੀ। ਧੰਨ ਧੰਨ ਤੌ ਪੀਰ ਬਖਾਨੀ।
"ਕਾਮਲ[10] ਸੁਖਨ ਕਾਮਲੇ[11] ਹੋਈ।" ਯੌ ਕਹਿ ਮੋਨ[12] ਰਹੇ ਤਬ ਸੋਈ ॥ [੧੩੮॥]
ਪੁਨਿ ਸਤਿਗੁਰ ਤੇ ਆਯਸ ਪਾਈ। ਗਯੋ ਪੀਰ ਨਿਜ ਸਦਨ[13] ਬਨਾਈ।
ਜਾ ਉਪਮਾ ਪੁਰ[14] ਮੈ ਤਿਨ ਕਰੀ। ਸੋ ਇਹ ਠੌਰ ਨ ਜਾਇ ਉਚਰੀ ॥੬੮॥ [੧੩੯॥]

ਦੋਹਰਾ। ਯੌਂ ਸੁਨ ਕੈ ਕਾਜੀ ਤਬੈ, ਹਜਰਤ ਔਰ ਦੀਵਾਨ।
ਆਵਤ ਭੇ[15] ਮਹਾਰਾਜ ਤਟ[16], ਦਰਸਨ ਕੋ ਜੀਅ ਜਾਨ ॥੬੯॥ [੧੪੦॥]

ਚੌਪਈ। ਬੈਸਤ ਭਏ[17] ਜਬੈ ਤੇ ਆਈ। ਤੁਰਕ ਦੀਵਾਨ[18] ਸੁ ਬਾਤ ਚਲਾਈ।
ਜੋ ਪ੍ਰਭੁ ਕੀ ਆਯਸ[19] ਹਮ ਪਾਵੈਂ। ਤੌ ਕਛੁ ਸੁਖਨ[20] ਹਜੂਰ ਚਲਾਵੈਂ ॥ [੧੪੧॥]
ਸ੍ਰੀ ਮੁਖ ਕਹਜੋ, "ਸੰਕ ਮਤਿ ਕੀਜੈ। ਜੋ ਕਛੁ ਜਥਾ ਜੋਗ[21] ਕਹਿ ਦੀਜੈ।"
ਤਬ ਦੀਵਾਨ ਯਾ ਭਾਂਤਿ ਉਚਾਰੋ। "ਖੂਬ ਮਜਬ ਹਮਰੋ ਕਿ ਤਿਹਾਰੋ?" ॥੭੦॥ [੧੪੨॥]

ਦੋਹਰਾ। "ਹਮ ਕੋ ਹਮਰੋ ਖੂਬ ਹੈ, ਤੁਮ ਕੋ ਤੁਮਰਾ ਜਾਨ।
ਯਾ ਮੈ ਸੰਸਾ ਕਛੁ ਨਹੀਂ, ਸਮਝੋ ਯਹੀ ਦਿਵਾਨ" ॥੭੧॥ [੧੪੩॥]

---

1. ਮਸਿ ਧਾਨੀ (ਸਿਆਹੀ ਰੱਖਣ ਦਾ ਭਾਂਡਾ ਅਥਵਾ ਦਵਾਤ)। 2. ਨਮਸਕਾਰ। 3. ਥੋੜਾ ਚਿਰ। 4. ਸੂਨ, ਪੁਤ੍ਰ, ਭਾਵ ਧਰਤੀ ਦੇ ਜਾਏ। 5. ਫੇਰ। 6. ਪਾਣੀ ਦੀ ਲਹਰ। 7. ਹਉਮੈ, ਹੰਕਾਰ। 8. ਅਪਰਾਧੀ। 9. ਉਸ ਦੇ ਉਤੇ। 10. ਪੂਰਣ। 11. ਪੂਰਣ ਪੁਰਖ ਦੇ। 12. ਚੁਪ, ਖ਼ਾਮੋਸ਼। 13. ਆਪਣੇ ਘਰ। 14. ਨਗਰ, ਸ਼ਹਰ। 15. ਆਏ। 16. ਗੁਰੂ ਸਾਹਿਬ ਦੇ ਕੋਲ। 17. ਬੈਠ ਗਏ। 18. ਸ਼ਾਹੀ ਵਜ਼ੀਰ। 19. ਆਗਿਆ। 20. ਵਚਨ। 21. ਜਿਵੇਂ ਵਾਜਬ ਹੋਵੇ।

**ਚੌਪਈ।** "ਹਮਰੋ ਮਜ਼ੁਬ ਐਸ ਇਹ ਆਈ। ਔਰਤ ਹੋਇ ਤੁਰਕ[1] ਕੀ ਕਾਈ[2]।
ਜੋ ਮੁਖ ਤੇ ਵਹੁ ਕਲਮਾ ਗਾਵੈ। ਤਬ ਹਮ ਤੇ ਵਹੁ ਰਲ ਮਿਲ ਖਾਵੈ॥ [੧੪੪॥]
ਤਬ ਸੰਕਾ ਯਾ ਮੈ ਕੋ ਨਾਹੀ। ਹੋਵਤ ਆਈ ਧੁਰੋ ਧੁਰਾਹੀ।"
ਸ੍ਰੀ ਮੁਖ ਕਹ, "ਦਿਵਾਨ! ਸੁਨ ਲਈਐ। ਹਮ[3] ਪਾਤਸਾਹੀ ਹਮ ਹੂੰ ਕਈਐ॥ [੧੪੫॥]
ਪਰ ਵਹੁ ਭਏ ਤੁਰਕ ਸਮ ਹਿੰਦੂ। ਰੀਤਿ ਵਖਰੀ ਕਰੀਐ ਬਿੰਦੂ[4]।
ਉਨ ਕੇ ਉਹੇ ਸਾਕ ਕਰ ਨਾਨਾ। ਮੰਤ੍ਰ ਆਪਨਾ ਦੇ ਸੁਭ ਕਾਨਾ॥ [੧੪੬॥]
ਤੋਰੇ[5] ਕੀ ਤਾਬਜਾ ਹੈ ਸਰਾ[6] ਝੂਠਾ ਕਰਤ ਤਨਿਕ[7] ਮੈ ਖਰਾ।
ਸ੍ਰੀ ਮੁਖ ਬਚ ਯੌਂ ਸੁਨਤ ਦਿਵਾਨਾ। ਮੋਨ ਬਦਨ ਤਿਨ ਬਿਹਸ[8] ਬਖਾਨਾ॥ [੧੪੭॥]
ਪੁਨਿ ਕਾਜੀ ਜੂ ਬੋਲਤ ਭਯੋ। ਇਹ ਬਿਧਿ ਸੋ ਪ੍ਰਸਨ ਤਿਨ ਕਿਯੋ।
"ਸਾਹਿਬ ਹੈ ਫੁਰਮਾਯਾ ਯਹੀ। ਬੰਦਾ ਕਰੈ ਬੰਦਗੀ ਸਹੀ॥ [੧੪੮॥]
ਸੋ ਵਹਿ ਕੌਨ ਬੰਦਗੀ ਹੋਈ। ਜਾ ਕੋ ਕਰੈ ਜੀਵ ਵਹਿ ਸੋਈ।"
ਹੁਕਮ ਹੋਆ, "ਕਾਜੀ, ਸੁਨ ਤੈਸੇ। ਬੰਦਾ ਕਰੈ ਬੰਦਗੀ[9] ਜੈਸੇ ॥੭੨॥ [੧੪੯॥]

**ਅੜਿੱਲ।** ਪ੍ਰਥਮੈ ਪਾਕ[10] ਗੁਨਾਹ ਤੇ ਇਹ ਨਿਜ ਹੋਵਈ।
ਕਾਮ ਕ੍ਰੋਧ ਇਤਜਾਦਿ ਮੈਲ ਇਹੁ ਧੋਵਈ।
ਬਹੁਰ ਆਪ ਕੋ ਗੁਨਹਿਗਾਰ ਠਹਿਰਾਯ ਹੈ।
ਸੋ ਯਾਹਿ ਬੰਦਗੀ ਸਾਹਿਬ ਆਪ ਫੁਰਮਾਯ ਹੈ" ॥੭੩॥ [੧੫੦॥]

**ਚੌਪਈ।** ਪੁਨਿ ਕਾਜੀ ਯੌ ਬੈਨ ਉਚਾਰੇ। "ਸੁਨ ਕਰੁਨਾ ਨਿਧਿ! ਬੈਨ ਹਮਾਰੇ।
ਯਹਿ ਜਬ ਪਾਕ ਗੁਨਾਹ ਤੇ ਹੋਈ। ਗੁਨੇਗਾਰ ਫਿਰ ਕਰੈ ਨ ਕੋਈ॥ [੧੫੧॥]
ਮੁਖ ਤੇ ਕਹੈ ਕਿਧੋ[11] ਨਾ ਕਹੈ। ਦਿਲ ਕੇ ਦਿਲ ਸਾਹਿਬ ਕੀ ਰਹੈ।"
ਫਿਰ ਕਾਜੀ ਇਹ ਬਾਤ ਉਚਾਰੀ। "ਦਿਲ ਤੋ ਅਹੈ[12] ਚਿਤੰਨ ਸੁਧਾਰੀ॥ [੧੫੨॥]
ਜੋ ਇਹ ਤਜਾਗ ਗੁਨਾਹਾ ਠਾਨੇ। ਗੁਨੇਗਾਰ ਕਜੌਂ ਬਦਨ[13] ਬਖਾਨੇ।"
ਹੁਕਮੁ ਹੋਆ, "ਪਾਕੀ[14] ਦੋ ਕਹੀ। ਤਨ ਕੀ ਏਕ ਦੂਤੀ[15] ਮਨ ਲਹੀ॥ [੧੫੩॥]
ਕਰੈ ਜਤਨ ਜਗਜਾਸੀ ਸਾਰੈ। ਪਾਪ ਕਰਮ ਤੇ ਤਨ ਕੋ ਮਾਰੈ।
ਮਨ ਕੀ ਪਾਕੀ ਯਹੀ ਨਿਹਾਰੋ। ਖੁਦੀ ਸਾਥ ਮਨ ਕਰੇ ਨ ਪਜਾਰੋ॥ [੧੫੪॥]
ਸੋ ਖਾਲਸ ਨਿਜ ਤਨ ਤੇ ਹੋਈ। ਕੋਟ ਜਤਨ ਜੇ ਕਰੈ ਸੋ ਕੋਈ।
ਜੇ ਪਰਮੇਸਰ ਕਰੁਨਾ ਧਾਰੈ। ਕਾਮਲ ਮੁਰਸਦ ਮਿਲੈ ਪਿਆਰੈ॥ [੧੫੫॥]
ਤਾ ਕੀ ਸੁਹਬਤ ਜਾ ਕੋ ਹੋਵੈ। ਤਨ ਕੇ ਕਸਮਲ[16] ਸਗਲੇ ਖੋਵੈ।
ਨਾਮ ਦਾਨ ਪੂਜਾ ਸਿਵ[17] ਕਰੈ। ਨਿਸ ਦਿਨ ਗੁਰ ਮੂਰਤਿ ਰਿਦ ਧਰੈ॥ [੧੫੬॥]
ਯਾ ਬਿਧਿ ਜਤਨ ਜਬੈ ਸਿਖ ਕੈ ਹੈ। ਤਨ ਕੀ ਪਾਕੀ ਲਗ ਤਬ ਜੈਹੇ।

---

1. ਭਾਵ-ਮੁਸਲਮਾਨ। 2. ਕੋਈ। 3. ਹਮਹ, ਸਭ। 4. ਕੁਝ, ਥੋੜ੍ਹੀ ਜੇਹੀ। 5. ਰਸਮੀ ਕਾਨੂਨ। 6. ਸ਼ਰਈਅਤ, ਮੁਸਲਮਾਨੀ ਵਿਧੀ-ਨਿਖੇਧ ਅਥਵਾ ਰਹੁਰੀਤੀ। 7. ਥੋੜਾ ਚਿਰ। 8. ਹੱਸ ਕੇ। 9. ਰੱਬ ਦੀ ਭਗਤੀ। 10. ਪਵਿਤ੍ਰ। 11. ਜਾਂ, ਅਥਵਾ। 12. ਹੈ। 13. ਮੂੰਹ। 14. ਪਵਿਤ੍ਰਤਾ। 15. ਦੂਜੀ। 16. ਪਾਪ, ਗੁਨਾਹ। 17. ਕਲਿਆਣ ਰੂਪ ਈਸ਼੍ਵਰ ਦੀ।

ਤਨ ਕੀ ਪਾਕੀ ਜੇ ਇਨ ਪਾਈ। ਮਨ ਕੀ ਤਾ ਕੈ ਹਾਥ ਨ ਆਈ ॥ [੧੫੭॥]
ਤਬ ਇਹ ਗੁਨਹਿਗਾਰ ਕੋ ਨਾਹੀ। ਯੋਂ ਸਮਝੋ ਕਾਜੀ ! ਮਨ ਮਾਹੀ।
ਜਗਜਾਸੀ[1] ਪਰ ਹੈ ਯਹਿ ਬਾਤਾ। ਔਰ ਕਹਾ ਜਾਨੇ ਵਸ ਭ੍ਰਾਤਾ" ॥ [੧੫੮॥]
ਤਬ ਕਾਜੀ ਪੁਨਿ ਬੈਨ ਉਚਾਰੈ। "ਯਾ ਮੈ ਸਹੀ ਸੱਤ ਨਿਰਧਾਰੈ।"
ਹੁਕਮ ਹੋਆ, "ਜਥਾਰਥ[2] ਐਸ। ਯਾ ਮੈ ਤਨਿਕ ਭੇਦ ਨਹਿ ਜੈਸੇ ॥੭੪॥ [੧੫੯॥]

ਦੋਹਰਾ। ਜਬ ਜਗਜਾਸੀ ਜਤਨ ਕਰ, ਤਨ ਤੇ ਹੋਇ ਖਲਾਸ।
ਮਨ ਕੀ ਪਾਕੀ ਓਰ ਲਖ, ਗੁਨਹਿਗਾਰ ਕੈ ਰਾਸ ॥੭੫॥ [੧੬੦॥]
ਜਬ ਇਨ ਅਪਨੀ ਬੁਧਿ ਮੈ, ਗੁਨਹਿਗਾਰ ਨਿਜ ਮਾਨ।
ਤਬ ਯਾ ਪਰ ਰਾਜੀ ਭਯੇ, ਸਾਹਿਬ ਸੁਘਰ ਸੁਜਾਨ ॥੭੬॥ [੧੬੧॥]
ਸੋ ਰਾਜੀ ਕਾ ਤੇ ਭਯੋ, ਇਹ ਬਿਧਿ ਸੋ ਜੀਅ ਠਾਨ।
ਅਬ ਮੇਰੇ ਇਹ ਪੰਥ ਕੋ, ਤਰਨੇ ਹਾਰ ਪਛਾਨ" ॥੭੭॥ [੧੬੨॥]
ਇਸ ਊਪਰ ਮਹਾਰਾਜ ਜੂ, ਕਾਜੀ ਕੋ ਸਮਝਾਇ।
ਸਾਖਿ[3] ਸੁ ਦਈ ਕਿਤਾਬ ਕੀ, "ਸੁਨ ਕਾਜਿਨ ਕੇ ਰਾਇ ॥੭੮॥ [੧੬੩॥]
ਸਾਹਿਬ ਹੈ ਫੁਰਮਾਇਆ, ਬੰਦਾ ਮੁਰ[4] ਦਰਗਾਹ।
ਗੁਨਹਗਾਰ ਹੋ ਆਵਈ, ਅਤਿ ਮਨ ਕਰ ਕੈ ਚਾਹ ॥੭੯॥ [੧੬੪॥]
ਤਾ ਕੋ ਮੈ ਸੁ ਮੁਰਾਤਬਾ[5], ਪਾਕੀ ਕਾ ਤਬ ਦੇਤ।
ਕੈਦ ਖਲਾਸੀ ਖੁਸੀ ਜੋ ਅਟਲ ਧਾਮ ਸੁਖ ਲੇਤ ॥੮੦॥ [੧੬੫॥]

ਚੌਪਈ। ਬਹੁਰ ਮਸਨਵੀ[6] ਮੈ ਇਮ ਕਹਾ। ਸਰਬ ਘਟਾ ਮੈ ਸਾਹਿਬ ਅਹਾ।
ਚੀਟੀ[7] ਆਦਿ ਬਿਰੰਚਿ[8] ਤੇ ਜਾਨੋ। ਸਬ ਮੈ ਖਾਲਕ[9] ਪੂਰ ਸਮਾਨੋ ॥੮੧॥ [੧੬੬॥]

ਦੋਹਰਾ। ਇਹ ਬਿਧ ਕੋ ਸੋ ਜਾਨ ਕੈ ਧਰੈ ਅਦਬ ਮਨ ਮਾਹਿ।
ਯਾ ਮੈ ਸੰਸਾ ਹੈ ਨਹੀਂ, ਖਾਲਕ ਪ੍ਰਾਪਤ ਵਾਹਿ" ॥੮੨॥ [੧੬੭॥]

ਅੜਿੱਲ। ਜੋ ਕਾਜੀ ਕੋ ਸ੍ਰੀ ਮੁਖ ਐਸ ਸੁਨਾਇਯੋ।
ਖੁਸੀ ਹੋਇ ਕੈ ਅਤਿ ਮਨ ਮੋਦ ਬਢਾਇਯ।
ਧੰਨ ਧੰਨ ਮੁਖ ਭਾਖ[10], ਬਹੁਰ ਤਿਨ ਯੋਂ ਕਹਾ।
"ਹੋ, ਜੈਸ ਗੁਰੂ ਜੀ ! ਸੁਨਾ, ਤੈਸ ਆਖਨ ਲਹਾ[11]" ॥੮੩॥ [੧੬੮॥]

ਦੋਹਰਾ। ਕਾਜੀ ਖਾਸ ਦਿਵਾਨ ਯੁਤ, ਯੋ ਆਯਸ ਬਰ ਪਾਯ।
ਗਯੋ ਆਪਨੇ ਸਾਹ ਤਟ, ਗਾਵਤ ਗੁਨ ਅਧਿਕਾਇ ॥੮੪॥ [੧੬੯॥]

ਸਵੈਯਾ। ਸਾਹ ਕੇ ਤੀਰ ਸੋ ਜਾਤ ਭਏ, ਤਬ ਜਾ ਉਪਮਾ ਗੁਰ ਕੀ ਸੋ ਸੁਨਾਈ।

---

1. ਜਗਿਆਸੂ, ਗਜਾਨ—ਪ੍ਰਾਪਤੀ ਦਾ ਚਾਹਵਾਨ। 2. ਠੀਕ, ਵਾਜਿਬ। 3. ਸਾਖੀ, ਗਵਾਹੀ। 4. ਮੇਰੀ। 5. ਪਦਵੀ। 6. ਸਹੀ ਨਾਮ 'ਮਸਨਵੀ ਮਅਨਵੀ' ਨਾਮੀ ਇਕ ਫ਼ਾਰਸੀ ਪੁਸਤਕ, ਜੋ ਪ੍ਰਸਿੱਧ ਸੂਫ਼ੀ ਵਿਦ੍ਵਾਨ ਜਲਾਲੁੱਦੀਨ ਰੂਮੀ (੧੩ ਵੀਂ ਸਦੀ ਈ.) ਦੀ ਰਚਨਾ ਹੈ। 7. ਕੀੜੀ। 8. ਬ੍ਰਹਮਾ। 9. ਖ਼ਲਕ (ਦੁਨੀਆ) ਦਾ ਖ਼ਾਲਿਕ (ਕਰਤਾਰ)। 10. ਆਖ, ਕਹ। 11. ਗੁਰੂ ਜੀ! ਜਿਹਾ ਅਸੀਂ ਤੁਹਾਨੂੰ ਸੁਣਿਆ ਸੀ, ਉਹੋ ਜੇਹੇ ਹੀ ਅੱਖੀਂ ਦੇਖ ਲਿਆ ਹੈ।

"ਕਾਮਲ ਹੈ ਨਵ ਸਾਤ[1] ਕਲਾ ਨਿਧਿ[2], ਪਾਂਚ ਸੁ ਤਤ[3] ਕੀ ਦੇਹ ਬਨਾਈ।"
ਯੋਂ ਸੁਨ ਬੋਲ ਉਠਯੋ ਸੁ ਅੰਮੀਰਹਿ "ਦਹਿ ਲਾਖ ਕੇ ਸਾਥ ਲਰ੍ਯੋ ਇਕ ਭਾਈ।
ਕਾਮਲ ਹੋਤ ਤਾ ਜੀਤ ਭਯੋ, ਨਹਿ ਲਾਖਨ ਤੇ ਕਹੁ ਕੋ ਜਿਨ[4] ਜਾਈ" ॥੮੫॥ [੧੭੦॥]
ਯੋਂ ਸੁਨ ਸਾਹ ਕਹ੍ਯੋ ਨਿਜ ਖਾਨਨ, "ਏਕ ਦਿਨਾ ਹਮ ਯਾ ਬਿਧਿ ਕਈਐ[5]।
ਲੈ ਕਰ ਸਾਥ ਦਯਾਨਿਧਿ ਕੋ, ਨਿਜ ਸਾਥ ਅਖੇਟ[6] ਕੋ ਯਾਹਿ ਸਿਧਈਐ।"
ਯੋਂ ਸੁਨ ਬੋਲ ਉਠੇ ਤਬ ਸੂਰ ਸੁ, "ਯਾ ਤੇ ਭਲੋ ਕ੍ਰਿਤ ਕੌਨ ਸੁ ਅਈਐ।
ਰੋਜ ਸੁ ਕਾਲ[7] ਚੜੇ ਤੁਮ ਸਾਹ, ਅਬੈ ਇਹ ਬਾਤ ਕੋ ਜਾਨ ਪਕਈਐ" ॥੮੬॥ [੧੭੧॥]

**ਦੋਹਰਾ।** ਜਾਇ ਤਬੈ ਅਰਜੀ ਕਰੀ, ਚਰਨੰਬੁਜ[8] ਕੇ ਪਾਸ।
"ਕਾਲ ਅਖੇਟ ਤਿਯਾਰ ਕੋ ਕਹੀ ਸਾਹ ਅਰਦਾਸ" ॥੮੭॥ [੧੭੨॥]

**ਅੜਿੱਲ।** ਸੁਨਤ ਬੈਨ ਚੁਬਦਾਰ, ਤਹੀ ਹੀ ਆਇਯੋ।
ਜੋ ਪ੍ਰਤਿ ਭਾਖੈ ਬੈਨ, ਸੁ ਭੇਦ ਬਤਾਇਯੋ।
ਖੁਸੀ ਭਏ ਮਹਾਰਾਜ ਬਹੁੜ ਤਿਨ ਅਸ ਕਹਾ।
ਹੋ, ਭਲੀ ਬਾਤ ਅਨੁਮਾਨੀ, ਕਹ ਕੈ ਚੁਪ ਰਹਾ ॥੮੮॥ [੧੭੩॥]

**ਸਵੈਯਾ।** ਸੋ ਦਿਨ ਟਾਰ ਸਕਾਰ[9] ਭਯੋ, ਜਗ ਨਾਥ[10] ਚੜ੍ਯੋ ਸਭ ਧੁੰਧ ਮਿਟਾਈ।
ਬਾਰਿਜ[11] ਆਦਿ ਪ੍ਰਸੰਨ ਭਏ, ਮਨ ਇਛਤ ਬਾਤ ਸਭੈ ਤਿਨ ਭਾਈ।
ਹਾਨਤ ਪੇਖ ਨਿਸੇਸਹਿ[12] ਕੀ, ਤਬ ਤਾ ਤ੍ਰਿਯ ਪੁੰਜ[13] ਰਹੈ ਬਿਸਮਾਹੀ।
ਭੌਨ ਤੇ ਬਾਹਰ ਆਨ ਸੁ ਸਾਹਿ, ਸਭੈ ਨਿਜ ਸੇਵਕ ਯੌਂ ਫੁਰਮਾਈ ॥੮੯॥ [੧੭੪॥]

**ਝੂਲਨਾ।** ਬੋਲ ਕੈ ਸਾਹਿ ਭ੍ਰਿਤਾਨ[14] ਐਸੇ ਕਹਾ, "ਬਾਜਿ[15] ਸਿੰਗਾਰ ਕੈ ਜਲਦ ਆਯੋ।
ਖੇਲ ਹੌਂ ਆਜ ਅਖੇਟ ਮਹਾਰਾਜ ਸੌਂ, ਜਾਸ ਪ੍ਰਤਾਪ ਪੁਰ ਤੀਨ[17] ਛਾਯੋ।"
ਸੁਨਤ ਹੀ ਬੈਨ ਸਭ ਸੈਨ ਚੜ੍ਹਤੀ ਕਰੀ, ਸਰਬ ਸਮਾਜ ਤਿਨ ਜਾ ਬਨਾਯੋ।
ਏਕ ਤੇ ਏਕ ਮੈ ਮੱਤ[18] ਜੋਧਾ ਬਲੀ, ਸ੍ਵਾਨ[19] ਸੀਚਾਨ[20] ਲੈ ਤੁਰਤ ਆਯੋ ॥ [੧੭੫॥]
ਧੂਤਿਕਾ[21] ਬਾਜ ਸੁਠ[22] ਠਾਨ ਸਭ ਜੋੜ ਕੈ, ਲਰਗ[23] ਔ ਚਰਗ[24] ਨਹੀ ਅੰਤ ਪਾਏ।
ਚੀਤ[25] ਔ ਗੋਸ[26] ਪੁਨਿ ਬਹਰਿ[27] ਤੇ ਆਦਿ ਲੈ, ਚੜ੍ਯੋ ਯੋ ਸਾਹ ਪੁਨਿ ਧੁਨਿ ਲਗਾਏ।
ਅਧਿਕ ਹੁਲਾਸ ਪ੍ਰਗਾਸ ਮਨ ਮੈ ਭਯੋ, ਦਯਾ ਕੇ ਸਿੰਧ[28] ਕੋ ਉਰ[29] ਬਸਾਏ।
ਚਲੀ ਹੈ ਉਮਡ ਕੇ ਜਲਦ[30] ਜਿਮ ਬਾਹਨੀ,[31] ਬਾਗ ਬਡ ਭਾਗ ਕੇ ਤੀਰ ਆਏ ॥੯੦॥
[੧੭੬॥]

---

1. ਨੌਂ ਤੇ ਸੱਤ=੧੬ (ਸੋਲਾਂ)। 2. ਚੰਦ੍ਰਮਾ। 3. ਅਪ, ਤੇਜ, ਵਾਯੂ, ਪ੍ਰਿਥਿਵੀ ਤੇ ਆਕਾਸ਼, ਇਹ ਪੰਜ ਤਤ੍ਵ ਹਨ। 4. ਜਿੱਤ। 5. ਕਰੀਏ। 6. ਸ਼ਿਕਾਰ। 7. ਕਲ ਸਵੇਰੇ ਹੀ। 8. ਚਰਣ-ਅੰਬੁਜ, ਚਰਣ-ਕਮਲ 9. ਸਵੇਰੇ ਪ੍ਰਾਤਹ ਕਾਲ। 10. ਸੂਰਜ। 11. ਕਮਲ। 12. ਚੰਦ੍ਰਮਾ। 13. ਇਸਤ੍ਰੀਆਂ। 14. ਭ੍ਰਿਤਾਂ (ਨੌਕਰਾਂ) ਨੂੰ। 15. ਘੋੜਾ। 16. ਤਿੰਨ ਪੁਰੀਆਂ—ਸ੍ਵਰਗ ਲੋਕ, ਮ੍ਰਿਤ ਲੋਕ ਤੇ ਪਾਤਾਲ ਲੋਕ। 17. ਮਦ ਮਸਤ। 18. ਕੁੱਤੇ। 19. ਬਾਜ, ਜੁੱਰੇ ਆਦਿ। 20. ਇਕ ਸ਼ਿਕਾਰੀ ਪੰਛੀ, ਜਿਸ ਨੂੰ ਧੂਤਾ, ਧੂਤੀ ਜਾਂ ਢੇਡੀ ਵੀ ਆਖਦੇ ਹਨ। 21. ਸ੍ਰੇਸ਼ਟ। 22. ਲਗੜ। 23. ਬਾਜ ਦੀ ਇਕ ਕਿਸਮ। 24. ਚਿਤ੍ਰਾ। 25. ਸਿਆਹ ਗੋਸ਼ (ਇਕ ਸ਼ਿਕਾਰੀ ਜਾਨਵਰ)। 26. ਬਹਿਰੀ, ਬਾਜ ਦੀ ਇਕ ਕਿਸਮ। 27. ਦਸ਼ਮੇਸ਼ ਜੀ। 28. ਹਿਰਦੇ ਵਿਚ। 29. ਬੱਦਲ। 30. ਫ਼ੌਜ, ਸੈਨਾ।

ਬੀਰ ਅਮੀਰ ਤਿਹ ਠਾਢ[1] ਸਬ ਹੀ ਕਰੈ, ਆਪ ਪਦ ਕੰਜ[2] ਪਰਸੇ[3] ਜੁ ਆਈ।
ਭਾਂਤਿ ਅਨੇਕ ਤਿਨ ਆਨ ਅਰਜੀ ਕਰੀ, ਲਏ ਗੁਰਦੇਵ ਪਲ ਮੈ ਰਿਝਾਈ।
ਬਿਬਿਧ[4] ਹੀ ਭਾਂਤਿ ਸੋ ਸਾਹ ਨਿਰਖਤ ਭਯੋ[5], ਕਮਰ ਕਰਤਾਰ ਜੋ ਹੈ ਛਕਾਈ[6]।
ਚਲੇ ਪੁਨਿ ਸਾਹ ਕੇ ਸੰਗ ਆਖੇਟ ਕੋ, ਬਜਤ ਹੈ ਬਾਜ ਨਹੀਂ ਅੰਤ ਪਾਈ ॥੯੧॥ [੧੭੭॥]

ਦੋਹਰਾ। ਚੜ੍ਹਯੋ ਸਾਹ ਇਹ ਭਾਂਤਿ ਕੈ, ਸਾਹਿਬ ਕੋ ਲੈ ਸੰਗ।
ਉਮਡ ਚਲੀ ਧੁਜਨੀ[7] ਸਬੈ, ਜਨੁ ਨਦਿ ਜਮੁਨ ਤਰੰਗ ॥੯੨॥ [੧੭੮॥]
ਅਤਿ ਕਾਨਨ[8] ਮੈ ਜਾਇ ਕੈ, ਸੂਰਜ ਸੁਤਾ[9] ਕਿਨਾਰ।
ਪਸਰ ਪਰੀ ਬਲ ਸਾਹ ਕੀ, ਖੇਲਤ ਭਈ ਸਿਕਾਰ ॥੯੩॥ [੧੭੯॥]

ਚੌਪਈ। ਰੋਝ ਰੀਛ ਝੰਖਾਰ ਮ੍ਰਿਗੀਸਾ[10] ਕੋਲ ਸਮੈ ਵਾ ਮਾਰਤ ਚੀਸਾ।
ਤੀਤਰ ਲਵੈ ਬਟੇਰ ਅਪਾਰਾ। ਲੈ ਆਵਤ ਧਾਵੈ[11] ਅਸਵਾਰਾ ॥ [੧੮੦॥]
ਠਾਢੇ ਆਪ ਨਿਰਖ[12] ਜੁਤ ਸਾਹਾ। ਲੈ ਆਵਤ ਭਟ ਮਾਰਤ ਸਾਹਾ।
ਅਰਨਾ[13] ਗੈਂਡਾ ਪਸੂ ਅਨੇਕਾ। ਮਾਰਤ ਭਏ ਬੀਰ ਧਰ ਟੇਕਾ ॥੯੪॥ [੧੮੧॥]

ਸਵੈਯਾ। ਤੌਹੀ ਲੌ[14] ਸਿੰਘ ਵਡੋ ਨਿਕਸਯੋ, ਨਿਜ ਰੂਪ ਭਯਾਨ[15] ਮਹਾਬਲ ਖਾਨੀ।
ਦੇਖ ਭਜੀ ਪ੍ਰਤਨਾ[16] ਪਤਿ ਕੀ, ਨਹਿ ਧੀਰ ਧਰਯੋ ਕਰ[17] ਸਾਂਗ[18] ਕ੍ਰਿਪਾਨੀ।
ਪੂੰਛ ਸਟਾ[19] ਸੁ ਬਦੰਨ[20] ਪਸਾਰ ਕੈ, ਯੌ ਭਭਕਯੋ ਤਿਹ ਠੌਰ ਨਿਦਾਨੀ।
ਸੈਯਦ ਸੇਖ ਪਠਾਨ ਬਡੇ, ਸਭ ਭਾਜ ਚਲੇ ਨਹਿ ਧੀਰ ਧਰਾਨੀ ॥੯੫॥ [੧੮੨॥]
ਸਾਹਿਬ ਕੇ ਜੁਤ ਸਾਹਿ ਖੜੇ ਤਿਹ, ਆਨ ਕਹੀ ਬਤੀਆ ਬਰਬੀਰਾ।
ਆਨਨ[21] ਪੂੰਛ ਭਯਾਨ ਦਯਾਨਿਧਿ, ਮਾਨਤ ਨਾਹਿ ਤੁਫੰਗਨ ਤੀਰਾ।
ਬੀਰ ਅਮੀਰ ਸੁ ਧੀਰ ਹਨੈ, ਨਹਿ ਤ੍ਰਾਸ[22] ਕਰੈ ਰਨ ਰੰਚਕ ਤੀਰਾ।
ਯੋ ਸੁਨ ਬੈਨ ਪਯਾਨ[23] ਕਰਯੋ ਪ੍ਰਭੁ, ਸਿੰਘ ਖੜੇ ਜਹਿ ਬੀਰ ਬਿਦੀਰਾ[24] ॥੯੬॥ [੧੮੩॥]

ਕਬਿੱਤੁ। ਲਖਯੋ ਆਨ ਜਬੈ ਸੇਰ, ਕਰਯੋ ਸਬ ਘੇਰ,
ਅਧਿਕ ਸੋ ਭਯੋ ਭੇਰਿ[25] ਕੇਹਰਿ[26] ਕੋ ਰਨ ਮੈ।
ਨਿਕਅ ਸੁ ਜਾਹਿ ਬੀਰ ਮਾਰਤ ਤੁਫੰਗ ਤੀਰ,
ਜਾ ਪਰ ਪਰਤ ਭੀਰ ਰਹੀ ਹੋਸ[27] ਮਨ ਮੈ।
ਐਸੇ ਰਨ[28] ਹੇਰ[29] ਸਾਹਿ ਖੁਸੀ ਭਏ ਮਨ ਮਾਹਿ,
ਬੀਰਨ ਸੋ ਕਹਯੋ ਯਾਹਿ ਮਿਲੈਂ ਸਭ ਜਨ ਮੈ।

---

1. ਠਹਰ। 2. ਚਰਣ-ਕਮਲ। 33. ਛੁਹੇ। 4. ਅਨੇਕ। 5. 'ਰਹੇ'। (ਮੋ. ਬਾ. ੭੧)। 6.ਕਸੀ। 7. ਫ਼ੌਜ। 8. ਗਹਿਰੇ ਜੰਗਲ। 9. ਜਮਨਾ। 10. ਮ੍ਰਿਗੇਸ਼, ਸ਼ੇਰ। 11. ਪਾਠਾਂਤਰ—'ਧਾਵਤ' (ਮੋ. ਬਾ. ੭੧)। 12. ਪਾਠਾਂਤਰ—'ਠਾਢੇ ਨਿਰਖਤ' (ਮੋ. ਬਾ. ੭੧)। 13. ਜੰਗਲੀ ਝੋਟਾ। 14. ਤਦੋਂ ਤਕ। 15. ਭਿਆਨਕ, ਡਰਾਉਣਾ। 16. ਸ਼ਾਹੀ ਪੜਤਾਲ। 17. ਹੱਥ। 18. ਨੇਜੇ। 19. ਫੈਲਾਇ। 20. ਮੂੰਹ। ਮੂਲ ਪੁਸਤਕ ਵਿਚ ਏਥੇ ੯੫ ਦੀ ਥਾਵੇਂ ੯੪ ਅੰਕ ਹੈ, ਜੋ ਪਿਛਲੇ ਕ੍ਰਮ—ਅੰਕਾਂ ਦੇ ਅਨੁਸਾਰ ਲਿਖਾਰੀ ਦੀ ਗ਼ਲਤੀ ਹੋਣ ਕਰਕੇ ਦਰੁਸਤੀ ਕੀਤੀ ਗਈ ਹੈ। 21. ਮੂੰਹ। 22. ਡਰ। 23. ਗਮਨ, ਕੂਚ। 24. ਜੋਧਿਆਂ ਨੂੰ ਮਾਰਨ ਵਾਲਾ। 25. ਭੇੜ, ਜੁੱਧ। 26. ਸਿੰਘ, ਸ਼ੇਰ। 27. ਚਾਹ। 28. ਜੁੱਧ। 29. ਦੇਖ ਕੇ।

ਤੀਰਨ ਤੁਫੰਗ ਮਾਰ ਖੜਗ ਸੁ ਕਰ ਧਾਰ,
ਸੁਨ ਅਸ ਬਚ ਰਹੇ ਬੀਰ ਜਕ ਤਨ ਮੈ ॥੯੭॥ [੧੮੪॥]

ਸਵੈਯਾ। ਖਾਨ ਬੁਲੰਦ[1] ਪਠਾਨ ਹੁਤੇ ਇਕ, ਯੌਂ ਸੁਨ ਸਾਹ ਕੋ ਬੈਨ ਗਯੋ ਹੈ।
ਢਾਲ ਕ੍ਰਿਪਾਨ ਸੁ ਹਾਥ ਲਈ, ਸਭ ਹੇਰਤ ਸੈਨ ਸੁ ਐਨ ਭਯੋ ਹੈ।
ਆਨ ਕ੍ਰਿਪਾਨ ਕੀ ਸੀਸ ਦਈ, ਤਬ ਮੂੰਡ ਹੂੰ ਤੇ ਗਹਿ ਕੇ ਸੋ ਲਯੋ ਹੈ।
ਯੋ ਪਟਕਯੋ ਧਰਨੀ ਪਰ ਬੀਰ ਸੁ, ਚੀਰ[2] ਕਿਧੌ[3] ਧੁਬੀਆ[4] ਜਯੋਂ ਭਯੋ ਹੈ ॥੯੮॥ [੧੮੫॥]
ਮਾਰ ਸੁ ਖਾਨ ਬੁਲੰਦ ਲਯੋ, ਜਬ ਸਾਹ ਕਹੀ, "ਭਟ[5] ਔਰ ਪਧਾਰੋ[6]।
ਦੇਖਤ ਹੋ ਅਬ ਠਾਢ ਕਹਾ, ਅਸਿ[7] ਪਾਨ[8] ਧਰੇ ਹਰ ਦੇਹੁ ਪਠਾਰੋ।
ਤਾਹਿ ਕੋਊ ਪਰ ਹਾਰ[9] ਭਲੋ ਤਨ, ਤੌ ਮੁਹ ਕੋ ਅਬ ਆਨ ਦਿਖਾਰੋ।"
ਖਾਨ ਵਜੀਰ ਅਮੀਰ ਹੁਤੇ ਇਕ, ਸੋ ਸੁਨ ਕੈ ਸੁ ਭਯੋ ਹੈ ਤਿਯਾਰੋ ॥੯੯॥ [੧੮੬॥]
ਢਾਲ ਕ੍ਰਿਪਾਨ ਸੁ ਹਾਥ ਲਈ, ਤਬ ਕੇਹਰਿ[10] ਕੇ ਸਮੁਹੇ[11] ਚਲਿ ਆਯੋ।
ਆਨ ਹਕਾਰਤ[12] ਭਯੋ ਜਬ ਹੀ, ਤਬ ਰੋਮ ਖਿਲਾਰ ਕੈ ਪੂੰਛ ਫਿਰਾਯੋ।
ਊਚ ਉਠਾਇ ਦੋਊ ਕਰ ਕੇਹਰ, ਖਾਨ ਕੇ ਸੀਸ ਕੇ ਊਪਰ ਲਯਾਯੋ।
ਤਾਹਿ ਕ੍ਰਿਪਾਨ ਹਨੀ ਸੁ ਨਿਕਾਰ[13], ਤਬੈ ਹਨ ਕੈ[14] ਧਰਊ[15] ਪੈ ਗਿਰਾਯੋ ॥੧੦੦॥ [੧੮੭॥]

ਦੋਹਰਾ। ਇਹ ਬਿਧਿ ਸੋ ਸਿਰਦਾਰ ਜੁਗ[16], ਜੋ ਮਾਰੇ ਤਿਨ ਤਾਹਿ।
ਠਠਕ[17] ਰਹੇ ਤੌ ਸਗਲ ਭਟ, ਅਗ੍ਰ[18] ਗਯੋ ਕੋ ਨਾਹਿ ॥੧੦੧॥ [੧੮੮॥]

ਸਵੈਯਾ। ਮਾਰ ਕੈ ਖਾਨ ਗਿਰਾਇ ਦਏ ਜਬ, ਚਿੰਤ ਭਈ ਸਬ ਸੈਨ ਪਰਾਨੀ[19]।
ਪਾਸ ਹਜੂਰ[20] ਸੋ ਸਾਹ ਨਿਹਾਰਤ[21], ਤੌ ਬਤੀਆਂ ਇਹ ਭਾਂਤਿ ਬਖਾਨੀ।
"ਆਪ ਕਹੋ ਮਹਾਰਾਜ! ਕਿਸੀ ਤਨ[22], ਜਾਇ ਕਰੈ ਇਹ ਸਾਥ ਨਿਦਾਨੀ[23]।
ਰੋਸ਼ਨ ਨਾਮ ਸੁ ਸਿੰਘ[24] ਬਡੋ, ਤਿਹ ਸਾਰਤ[25] ਕੀਨ ਗੁਰੂ ਕਹਿ ਬਾਨੀ ॥੧੦੨॥ [੧੮੯॥]
ਆਇਸ ਪਾਇ ਮਨਾਇ ਭਗੌਤਿ[26] ਕੋ, ਸਿੰਘ ਸੁਚੇਤ ਮਹਾਬਲਿ ਧਾਰੀ।
ਬਾਮ[27] ਕੇ ਬੀਚ ਸੁ ਚਰਮ[28] ਦਯੋ, ਕਰ ਦਾਹਨ[29] ਮੱਧ ਕ੍ਰਿਪਾਨ ਸੰਭਾਰੀ।
ਪੈ ਲਲਕਾਰ ਸੰਭਾਰ ਕਹਯੋ, ਬਲ ਕੇਹਰ ਹੈ ਤਬ ਆਉ ਅਗਾਰੀ।
ਸੁਨ ਕੇ ਅਤਿ ਹੀ ਘਨ ਜਿਉ ਗਰਜਯੋ, ਜਟ ਪੂੰਛ ਫਿਰਾਇ ਸੁ ਤੁੰਡ[30] ਪਸਾਰੀ ॥੧੦੩॥ [੧੯੦॥]
ਚਾਇ[31] ਉਤੇ ਬਿਬ[32] ਪਾਨ[33] ਸੁ ਕੇਹਰ, ਸ੍ਰੀ ਮਹਾਰਾਜ ਕੇ ਦਾਸ ਪੈ ਆਯੋ।
ਧੀਰਜ ਬਾਂਧ ਕੈ ਬੈਠ ਗਯੋ ਤਬ, ਸੰਕਿਤ ਹ੍ਵੈ ਨਹਿ ਤ੍ਰਾਸ ਜਨਾਯੋ।

---

1. ਬੁਲੰਦ ਖ਼ਾਨ। 2. ਕੱਪੜਾ। 3. ਮਾਨੋ। 4. ਧੋਬੀ। 5. ਯੋਧਾ। 6. ਜਾਓ। 7. ਤਲਵਾਰ। 8. ਹੱਥ ਵਿਚ। 9. ਮਾਰ ਕੇ। 10. ਸ਼ੇਰ। 11. ਸਾਮ੍ਹਣੇ। 12. ਬੁਲਾਉਣਾ, ਆਵਾਜ਼ ਮਾਰਨੀ। 13. ਕੱਢ ਕੇ। 14. ਮਾਰ ਕੇ। 15. ਧਰਤੀ। 16. ਦੋਵੇਂ। 17. ਝਿਜਕ। 18. ਅੱਗੇ। 19. ਨੱਸ ਗਈ। 20. ਦਸ਼ਮੇਸ਼ ਜੀ ਦੇ ਕੋਲ। 21. ਦੇਖਣ ਲੱਗਾ। 22. ਨੂੰ। 23. ਜੰਗ। 24. ਰੋਸ਼ਨ ਸਿੰਘ। 25. ਇਸ਼ਾਰਾ। 26. ਤਲਵਾਰ, ਤੇਗ, ਖੜਗ। 27. ਖੱਬੇ ਹੱਥ। 28. ਢਾਲ 29. ਸੱਜੇ ਹੱਥ। 30. ਮੂੰਹ। 31. ਚੁੱਕ ਕੇ। 32. ਦੋਵੇਂ। 33. ਹੱਥ।

ਸੀਸ ਪੈ ਚਰਮ[1] ਸੁ ਚੰਪਤ ਭਯੋ, ਹਰ ਮਲ ਕੀ ਦਾਯਨ ਕੁਸਤ[2] ਕਰਾਯੋ।
ਜਾਨ ਕੇ ਦਾਵ ਕ੍ਰਿਪਾਨ ਕਰੀ ਕਰ, ਪੇਟ ਕੂ ਚੀਰ ਸੁ ਭੂਮਿ ਗਿਰਾਯੋ ॥੧੦੪॥ [੧੯੧॥]
ਦੇਖਤ ਸੈਨ ਇਤੈ ਉਤ ਕੀ, ਜਬ ਯਾ ਬਿਧਿ ਸੋ ਪਸੁਪਤਿਹਿ ਗਿਰਾਯੋ।
ਹੋਤ ਜੈਕਾਰ ਭਯੋ ਸਿੰਘ ਰੌਸਨ, ਆਨੰਦ ਕੈ ਤਬ ਸਾਹ ਸੁਨਾਯੋ।
"ਮਾਂਗ ਸੁ ਇੱਛ ਰੁਚੇ ਮਨ ਭੀਤਰ, ਦੇਤ ਤੁਮੈ ਨਹ ਸੰਕ ਜਨਾਯੋ।"
"ਰਿਧਿ ਹਮੇ ਸਿਧਿ ਦੀਨ ਦਯਾਨਿਧਿ, ਜਸ ਪ੍ਰਤਾਪ ਤੇ ਕੇਹਰ ਘਾਯੋ[3]" ॥੧੦੫॥ [੧੯੨॥]
ਯੌ ਸੁਨ ਕੈ ਸੁ ਪ੍ਰਸੰਨ ਭਯੋ, ਯਹਿ ਸਿੰਘ ਸਰਾਹਿਤ[4] ਧਾਮ ਕੋ ਆਯੋ।
ਸੈਨ ਚਲੀ ਨਿਜ ਡੇਰਨ ਕੋ, ਕਰੁਨਾਨਿਧਿ[5] ਆਪਨੇ ਐਨ[6] ਸਿਧਾਯੋ।
ਸੇਵਕ ਸਿਖ ਪ੍ਰਸੰਨ ਭਯੋ ਅਤਿ, ਯੌ ਕਹਿ ਕੈ ਕਵਿ ਗੀਤ ਸੁਨਾਯੋ।
ਯਾ ਬਿਧਿ ਸੌ ਪੁਨਿ ਆਗ੍ਰੇ ਮਹਿ, ਨਿਜ ਕੀਨ ਚਰਿਤ੍ਰ ਸੁ ਪਾਰ ਨ ਪਾਯੋ ॥੧੦੬॥
[੧੯੩॥]
ਸੋ ਦਿਨ ਟਾਰ ਭਯੋ ਭੁਨਸਾਰ[7], ਚਢਯੋ ਤਿਮਰਾਰਿ[8] ਸੁ ਰੈਨ ਬਿਹਾਨੀ।
ਸੰਖ ਮੁਨੀ ਕਰ ਬੇਦ ਧੁਨੀ, ਬਰ ਕੰਜ ਮੁਨੀ ਸਰ ਮਾਝ ਖਿਰਾਨੀ।
ਦੀਨ ਦਯਾਲ ਸੁਚੇਤ ਭਯੋ, ਨਿਜ ਕੇ ਮੁਖ ਮੱਜਨ ਮੰਜਨ ਠਾਨੀ।
ਭੁਖਨ ਚੀਰ ਸਰੀਰ ਬਨਾਇ ਸੁ, ਬੈਠ ਬਿਰਾਜਤਿ ਉੱਚ ਸਥਾਨੀ ॥੧੦੭॥ [੧੯੪॥]
ਤੌਨ ਸਥਾਨ ਅਏ ਗਜਵਾਨ[9], ਕਿਧੌ ਘਨ ਜਾਇ ਮਹਾਬਰ ਭਾਰੀ।
ਆਨ ਕਰੀ[10] ਗਜਵਾਨ ਲਿਆਇ, ਕਰੇ ਮੁਜਰਾ ਪ੍ਰਭ ਤੀਰ ਸੁਧਾਰੀ।
ਆਇਸ ਪਾਇ ਲੜਾਵਤ ਭੇ ਗਜ, ਦੇਖਤ ਹੈ ਪੁਰ ਕੇ ਨਰ ਨਾਰੀ।
ਸੁੰਡ ਸੁ ਸੁੰਡ ਲਪੇਟਤ ਹੈ, ਕਰ ਪਾਵ ਹਿਲਾਵ ਕਰੇ ਕਿਲਕਾਰੀ ॥੧੦੮॥ [੧੯੫॥]
ਏਕ ਭਜਯੋ ਇਕ ਪਾਛੈ ਪਯੋ ਪੁਨਿ ਪੇਲਤ[11] ਹੈ ਤਿਹ ਕੋ ਸੋ ਅਗਾਰੀ।
ਐਸੇ ਨਿਹਾਰ ਦਸਾ ਉਨ ਕੀ, ਬਿਗਸਯੋ ਅਤਿ ਹੀ ਬਰ ਸਾਹਿਬ ਭਾਰੀ।
ਦਾਮ ਦਯੇ ਅਤਿ ਹੀ ਤਿਨ ਕੋ, ਪੁਨਿ ਪਾਇ ਸਭੈ ਤਿਨ ਆਨੰਦ ਧਾਰੀ।
ਯਾ ਬਿਧਿ ਸੋ ਦਿਨ ਰੈਨ ਸਦਾ, ਇਕ ਆਵਤ ਜਾਤ ਸੁ ਜਾਚਕ[12] ਭਾਰੀ ॥੧੦੯॥
[੧੯੬॥]
ਸਾਹ ਕੇ ਦਾਸ ਪ੍ਰਕਾਸ ਮਨਾਮਤ, ਆਵਤ ਨੇਕ ਹਜੂਰ ਸੋ ਧਾਰੀ।
ਆਪਨ ਜੋਗ ਨ ਹੋਇ ਸੰਪੂਰਨ, ਆਨ ਦਿਖਾਵਤ ਹੈ ਹਿਤਕਾਰੀ।
ਹੋਤ ਪ੍ਰਸੰਨ ਸੁ ਧੰਨ ਦਯਾਨਿਧਿ ਗੋਵਿੰਦ ਸਿੰਘ ਪ੍ਰਭੂ ਅਵਤਾਰੀ।
ਯਾ ਬਿਧਿ ਚਾਰ ਸੁ ਮਾਸ ਬਿਤੈ, ਪੁਰ ਆਗਰ[13] ਪਾਹਿ ਮਹਾ ਬਰਸਾਰੀ ॥੧੧੦॥ [੧੯੭॥]

**ਝੂਲਨਾ।** ਸਾਹ ਕੋ ਪੂਤ[14] ਸੁਪੂਤ ਜੋਧਾ ਬਲੀ, ਅਤਿ ਤਨ ਮਨਹਿ ਸੋ[15] ਦਾਸ ਹੂਆ।

---

1. ਢਾਲ। 2. ਕੁਸ਼ਤਾ। 3. ਰਿੱਧੀਆ ਸਿੱਧੀਆਂ ਮੈਨੂੰ ਸ੍ਰੀ ਦਸ਼ਮੇਸ਼ ਜੀ ਨੇ ਦਿੱਤੀਆਂ ਹੋਈਆਂ ਹਨ, ਜਿਨ੍ਹਾਂ ਦੀ ਕ੍ਰਿਪਾ ਨਾਲ ਮੈਂ ਇਸ ਸ਼ੇਰ ਨੂੰ ਮਾਰਿਆ ਹੈ। 4. ਸਲਾਹੁੰਦਾ ਹੋਇਆ। 5. ਸ੍ਰੀ ਦਸ਼ਮੇਸ਼। 6. ਘਰ, ਨਿਵਾਸ-ਸਥਾਨ। 7. ਸਵੇਰ, ਪ੍ਰਾਤਹਕਾਲ। 8. ਅਨ੍ਹੇਰੇ ਦਾ ਵੈਰੀ ਸੂਰਜ। 9. ਹਥਵਾਨ। 10. ਹਾਥੀ। 11. ਧਕੇਲਦੇ। 12. ਮੰਗਤੇ, ਭਿੱਛਕ। 13. ਨਗਰ ਆਗਰੇ। 14. ਬਹਾਦੁਰ ਸ਼ਾਹ 15. ਤਨ ਤੇ ਮਨ ਕਰ ਕੇ ਬਹੁਤਾ ਹੀ।

ਅਤ੍ਰ[1] ਪੁਨਿ ਹੀਰ[2] ਸੁ ਚੀਰ[3] ਜਰ[4] ਸੋ ਜਰੇ, ਦੇਤ ਮਹਾਰਾਜ ਕੋ ਬਿਨ ਅਕੂਆ[5]।
ਭੋਜ ਪੁਨਿ ਮਵ[6] ਕੀ ਅਨਿਕ ਬੱਰ ਡਾਲੀਆ ਪਠਤ[7] ਹਜ਼ੂਰ ਮੈ ਪ੍ਰੇਮ ਚੂਆ।
ਦੋਇ[8] ਪੁਨਿ ਤੀਨ[9] ਕੈ ਚਾਰ[10] ਪੁਨਿ ਟਾਰ ਕੈ, ਕਰਤ ਦੀਦਾਰ ਗਦ ਗਦ ਸੁ ਹੂਆ ॥੧੧੧॥ [੧੯੮॥]

ਦੋਹਰਾ। ਨਗਰ ਆਗਰੇ ਬੀਚ ਮੈ, ਊਚ ਨੀਚ ਲੋ ਆਦਿ।
ਛੀਰ ਸਮਾਨ ਸੁ ਦਯਾਲ ਕੀ ਕੀਰਤਿ[11] ਰਹੀ ਬਿਰਾਜ ॥੧੧੨॥ [੧੯੯॥]

ਝੂਲਨਾ। ਮਾਸ ਕੁਆਰ[12] ਕੀ ਪੂਜ ਦਸਮੀ ਬਿਜੈ[13], ਸ੍ਰੀ ਮਹਾਰਾਜ ਦੁੰਦਭਿ[14] ਸੁ ਵਾਯੋ[15]।
ਸੁਨੋ ਨਰ ਨਾਰਿ ਬਜਾਰ ਸਭ ਠੌਰ ਮੈ, ਸਾਹ ਸੁਨ ਸ੍ਰਵਨ[16] ਤਤਛਿਨ[17] ਸੁ ਆਯੋ।
ਆਨ ਪਦ ਕੰਜ[18] ਦੁਖ ਭੰਜ[19] ਗੁਰ ਕੇ ਗਹੇ[20], ਜਲਜ[21] ਅਲਿ[22] ਪ੍ਰੇਮ ਕੀ ਜਯੋਂ ਬੰਧਾਯੋ।
ਸੋਧ ਬੀਚਾਰ ਨਿਰਧਾਰ[23] ਐਸੇ ਕਹ੍ਯੋ, ਸਰਬ ਕੋ ਕੂਚ ਇਤ ਉਤ[24] ਜਨਾਯੋ ॥੧੧੩॥ [੨੦੦॥]

ਚੌਪਈ। ਸਾਹ ਬਹਾਦੁਰ ਸਹਿਤ ਸੁ ਜਾਹੀ। ਰਾਜਪੂਤ ਦੇਸਨ ਅਧਿਕਾਈ।
ਜੋਜਨ[25] ਕੀ ਪਰੈ[26] ਭੇਦ ਬੀਚਾਰੀ। ਉਤਰੈਂ ਸਾਹਜ[27] ਕੇ ਅਨੁਸਾਰੀ ॥ [੨੦੧॥]
ਸਿਖ ਸਖਾ ਸੰਗਤਿ ਸਭ ਆਵੈ। ਦਰਸਨ ਕਰੈਂ ਅਧਿਕ ਬਿਗਸਾਵੈ[28]।
ਚਲੇ ਜਾਤ ਸਾਹਿਬ ਅਵਤਾਰੀ। ਜੈ ਪੁਰ[29] ਨਿਕਟ ਗ੍ਰਾਮ ਇਕ ਬਾਰੀ ॥ [੨੦੨॥]
ਤਾਹਿ ਸਿਰੀ ਗੁਰ ਕੀਨ ਉਤਾਰਾ। ਏਕ ਸੁ ਜਾਂਡ[30] ਕਰੀਰ ਨਿਹਾਰਾ।
ਤਾ ਕੇ ਤਲੇ ਬ੍ਰਹਮ ਸੁਤ[31] ਮਾਨੋ। ਲਘੁ ਅਤਿ ਰੂਪ ਨ ਦ੍ਰਿਸਟੇ ਜਾਨੋ ॥ [੨੦੩॥]
ਤਬ ਹੀ ਸਿੰਘ ਉਚਾਰੀ ਬਾਤਾ। "ਸੁਨੋ ਸਾਹਿਬ! ਇਸ ਭਯੋ ਸੁ ਨਾਤਾ[32]।
ਇਹ ਲਘੁ[33] ਰੂਪ ਲਈਐ[34] ਇਹ ਜਾਈ। ਔਰੇ[35] ਥਾਂਵ ਲਾਈਐ[36] ਸੁਭ ਠਾਈ" ॥ [੨੦੪॥]
ਤਬ ਸਤਿਗਰ ਤਿਹ ਬਚਨ ਉਚਾਰੇ। "ਸੁਨੋ, ਸਿੰਘ! ਇਹ ਵਚਨ ਹਮਾਰੇ।
ਇਹ ਅਬ ਇਹੀ ਥਾਂਵ ਮੈ ਰਹੈ। ਇਹ ਕੋ ਇਹ ਖੈ[37] ਕਰਤੋ ਲਹੈ ॥ [੨੦੫॥]
ਜਬ ਹੀ ਖਾਵੈ ਸਭ ਕੋ ਸਾਰੇ। ਤਬ ਖਾਲਸ ਕੋ ਰਾਜ ਨਿਹਾਰੇ।"
ਸੁਨ ਕਰ ਬਚਨ ਖਾਲਸਾ ਸੋਈ। ਕਰੀ ਅਰਦਾਸ ਸਭਨ ਮਿਲ ਜੋਈ ॥ [੨੦੬॥]
"ਦਸਮ ਰੂਪ ਸਾਹਿਬ ਅਵਤਾਰਾ। ਰਾਜ ਖਾਲਸਾ ਕਬ ਹੋਇ ਸਾਰਾ?"
ਤਬ ਸਾਹਿਬ ਬੋਲੇ ਅਧਿਕਾਈ। "ਜਬ ਇਹ ਬ੍ਰਿਛ[38] ਨਸਟ ਹੋਇ ਜਾਈ ॥ [੨੦੭॥]

---

1. ਅਸਤ੍ਰ। 2. ਹੀਰੇ। 3. ਕੱਪੜੇ। 4. ਜ਼ਰ, ਸੋਨਾ। 5. ਬਿਨਾ ਬੋਲੇ, ਚੁਪ ਕੀਤੇ ਹੀ। 6. ਭੋਜਨ ਤੇ ਮੇਵਿਆਂ ਦੀਆਂ। 7. ਭੇਜਦਾ। 8. ਦ੍ਵੈਤ ਭਾਵ। 9. ਤਿੰਨ ਤਾਪ। 10. ਚਾਰ ਫ਼ਿਰਕੇ ਬੰਦੀਆ ਦੇ ਖ਼ਿਆਲ। 11. ਸ਼ੋਭਾ। 12. ਮਹੀਨਾ ਅੱਸੂ। 13. ਵਿਜਯ ਦਸਵੀਂ (ਦਸਹਿਰੇ ਦਾ ਤਿਓਹਾਰ), ਜਦੋਂ ਸ੍ਰੀ ਰਾਮ ਚੰਦ੍ਰ ਜੀ ਲੰਕਾ ਜਿੱਤ ਕੇ ਆਏ ਸਨ। 14. ਧੌਂਸਾ। 15. ਵਜਾਇਆ। 16. ਕੰਨਾਂ ਨਾਲ। 17. ਉਸੇ ਖਿਣ। 18. ਚਰਣ-ਕਮਲ। 19. ਦੁਖਾਂ ਦੇ ਨਸ਼ਟ ਕਰਨ ਵਾਲੇ। 20. ਪਕੜੇ, ਫੜੇ। 21. ਕਮਲ। 22. ਭੌਰਾ। 23. ਨਿਸ਼ਚਿਤ ਕਰਕੇ। 24. ਇਧਰ ਉਧਰ ਸਾਰੇ ਥਾਵੀਂ। 25. ਚਰ ਕੋਹ। 26. ਪਰੇ। 27. ਬਹਾਦੁਰ ਸ਼ਾਹ। 28. ਪ੍ਰਸੰਨ ਹੋਵੇ। 29. ਰਾਜਸਥਾਨ ਦਾ ਇਕ ਪ੍ਰਸਿੱਧ ਨਗਰ। 30. ਜੰਡ 31. ਬ੍ਰਹਮਾ ਦਾ ਪੁਤ੍ਰ (ਪਿੱਪਲ)। 32. ਸੰਬੰਧ। 33. ਛੋਟਾ। 34. ਲਓ, ਉਖਾੜੋ। 35. ਹੋਰ। 36. ਲਾਓ, ਲਗਾਓ। 37. ਨਸ਼ਟ, ਨਾਸ਼। 38. ਜੰਡ ਜਾਂ ਕਰੀਰ।

ਸੁਨ ਤਬ ਸਿਖ ਉਚਾਰਨ ਲਾਗੇ। "ਇਹ ਤੋ ਕਬਹੂ ਨ ਸੁਕਤ ਅਭਾਗੇ।
ਜਬ ਹੀ ਬਰਖਾ ਕਬਹੂ ਨ ਹੋਈ। ਤਬ ਹੀ ਵਧਤੋ ਜਾਵਤ ਸੋਈ" ॥ [੨੦੮॥]
ਤਬ ਸਤਿਗੁਰ ਤਿਨ ਵਚਨ ਉਚਾਰਾ। "ਸੁਨੋ, ਖਾਲਸਾ! ਭੇਦ ਹਮਾਰਾ।
ਤੁਰਕ ਨਾਸ ਕਰ ਹੌਂ ਪੁਨਿ ਆਪ। ਇਨ ਕੋ[1] ਇਹ[2] ਖਾਵੈਗੋ ਥਾਪ ॥ [੨੦੯॥]
ਇਨ ਕੇ ਬੀਚ ਨ ਸੰਸਾ ਕਰੀਐ। ਮੈ ਤੁਰਕਨ ਕੀ ਛਾਤੀ ਧਰੀਐ।
ਫੋੜੌਂਗਾ ਮੈ ਨਿਸਦਿਨ ਆਪ। ਆਪਸ ਮੈ ਵਹੁ ਲਰੈਂ ਅਲਾਪ ॥ [੨੧੦॥]
ਖਾਲਸੇ ਬੀਚ ਆਪ ਮੈ ਰਹੋਂ। ਤੁਰਕਨ ਕੋ ਨਿਸਦਿਨ ਮੈਂ ਦਹੋਂ।
ਰਹਤ ਬੀਚ ਖਾਲਸੇ ਜੋ ਹੋਈ। ਦੇਹੁ ਦੀਦਾਰ ਅਤਿਸੈ[3] ਕਰ ਸੋਈ" ॥੧੧੪॥ [੨੧੧॥]

**ਦੋਹਰਾ।** ਸੁਨ ਕਰ ਬਚਨ ਸੋ ਖਾਲਸਾ, ਰਹਜੋ ਚਰਨ ਲਪਟਾਇ"।
"ਪਦ ਪੰਕਜ ਕੀ ਸਰਨ ਹਮ, ਦੇਹੁ ਨਾਥ ਅਧਿਕਾਇ" ॥੧੧੫॥ [੨੧੨॥]
ਤਬ ਹੀ ਕੂਚ ਸੁ ਕਰਤ ਹੀ, ਰਜਵਾਰਨ[4] ਕੇ ਦੇਸ।
ਪਹੁਚਤ ਭੇ ਸਾਹਿਬ ਤਹਾਂ, ਦ੍ਰਿਸਟ ਕਰੀ ਪਟਨੇਸ[5] ॥੧੧੬॥ [੨੧੩॥]
ਬਾਦਸਾਹ ਤੇ ਲੇ ਬਿਦਾ, ਜਾਈਏ ਪੂਰਬ ਮਾਂਹਿ।
ਕਜਾ ਜਾਨੇ ਕਜਾ ਹੋਹਿਗੀ, ਜਨਮ ਪੁਰੀ[6] ਦ੍ਰਿਸਟਾਹਿ ॥੧੧੭॥ [੨੧੪॥]

**ਚੌਪਈ।** ਯੌ ਜਬ ਸਾਹਿਬ ਮਨ ਮੈ ਧਰੀ। ਤਬ ਸਾਹਜ ਚੜ੍ਹਿਯੋ ਤਿਹ ਘਰੀ।
ਰਜਵਾਰਨ ਕੇ ਦੇਸ ਅਪਾਰਾ। ਕਰੇ ਦਰਸ ਸਤਿਗੁਰ ਕਾ ਭਾਰਾ ॥੧੧੮॥ [੨੧੫॥]

**ਝੂਲਨਾ।** ਸਹਰ ਅੰਬੇਰ[7] ਪੁਨਿ ਜੋਧ ਗੜ੍ਹ[8] ਮੇਰ[9] ਕ, ਪ੍ਰਗਟ ਪ੍ਰਚੰਡ ਜੋ ਹੈ ਸੁ ਰਾਈ।
ਨੱਗਰ ਚੀਤੌਰ[10] ਸਭ ਠੌਰ ਤਿਹ ਦੇਸ ਕੇ, ਬਡੇ ਰਜਪੂਤ ਜੋ ਹੈਂ ਸੁ ਭਾਈ।
ਸੂਰ ਅੰਬੰਰ ਵਜੀਰ ਉਹ ਦੇਸ ਕੇ, ਨਹੀ ਕਛੁ ਮਾਨਤੇ ਸਾਹਜ[11] ਤਾਈ।
ਗੁਰੂ ਕੇ ਸਾਥ ਹੀ ਦੇਖ ਹੈਂ ਬਿਗਸ ਕੇ, ਦੇਤ ਹੈਂ ਭੇਟ ਸਭ ਸਾਹ ਆਈ ॥੧੧੯॥ [੨੧੬॥]

**ਚੌਪਈ।** ਇਹ ਬਿਧਿ ਦੇਸ ਦੇਸ ਮੈ ਸਾਰੀ। ਸੁਨੀ ਖਬਰ ਸਤਿਗੁਰ ਕੀ ਭਾਰੀ।
ਦੇਸ ਦੇਸ ਕੇ ਰਾਜੇ ਆਵੈਂ। ਦਰਸਨ ਦਯਾ ਸਿੰਧ ਕੋ ਪਾਵੈਂ ॥ [੨੧੭॥]
ਗੜ੍ਹ ਗੋਪਾਚਲ[12] ਕੀ ਜੋ ਰਜਧਾਨੀ। ਤਾ ਮੈ ਚਲੈ ਨਾਥ ਜੀਅ ਜਾਨੀ।
ਜਬ ਪਟਨੇ ਕੀ ਆਸਾ ਧਾਰੀ। ਪੂਰਬ ਦੇਸ ਗਵਨ ਮਨ ਭਾਰੀ ॥ [੨੧੮॥]
ਬਿਦਾ ਸੂ ਸਾਹਜ ਤੇ ਅਤਿ ਲੀਨੀ। ਪੂਰਬ ਗਵਨੇ ਨਾਥ ਸੁ ਚੀਨੀ।
ਬਡੇ ਸੁ ਦੇਸ ਦੇਖ ਜਗ ਸਾਈ। ਕੌਤੁਕ ਕੀਨ ਅਧਿਕ ਕਹੈ ਨਾਹੀ ॥ [੨੧੯॥]
ਜੋ ਜੋ ਕਵਤਕ[13] ਕਹ ਜੁ ਸੁਨਾਊ। ਗ੍ਰਿੰਥ ਬਢਨ ਤੇ ਅਤਿ ਸਕੁਚਾਊਂ।
ਬੰਦੀ ਖਾਨੇ ਮੈ ਹਮ ਆਏ। ਨਹਿ ਤੁਰਕਨ ਕਾ ਸਮਾ ਲਖਾਏ ॥ [੨੨੦॥]

---

1. ਜੰਡ ਅਤੇ ਕਰੀਰ ਨੂੰ। 2. ਪਿੱਪਲ। 3. ਬਹੁਤ। 4. ਰਜਵਾੜੇ, ਰਾਜਪੂਤ। 5. ਪਟਨੇ ਵਲ। 6. ਜਨਮ-ਭੂਮੀ (ਪਟਨਾ)। 7. ਜੈਪੁਰ ਤੋਂ ਸੱਤ ਮੀਲ ਉੱਤਰ ਪੂਰਬ ਅੰਬੇਰ ਨਾਮੀ ਨਗਰੀ, ਜੋ ਕਛਵਾਹਾ ਰਾਜਪੂਤਾਂ ਦੀ ਰਾਜਧਾਨੀ ਸੀ। ਫੇਰ ਸੰਨ ੧੭੨੮ ਈ. ਵਿਚ ਰਾਜਾ ਜਯ ਸਿੰਘ ਸਵਾਈ ਨੇ ਆਪਣੇ ਨਾਂ ਤੇ ਨਵਾਂ ਨਗਰ ਜਯ ਪੁਰ ਵਸਾਇਆ ਤੇ ਰਿਆਸਤ ਦੀ ਰਾਜਧਾਨੀ ਥਾਪੀ। 8. ਜੋਧਪੁਰ। 9. ਜੈਸਲਮੇਰ। 10. ਚਿਤੌੜ (ਉਦੇਪੁਰ)। 11. ਬਹਾਦੁਰ ਸ਼ਾਹ। 12. ਹੁਣ ਗੋਪਾਲ ਗੜ੍ਹ (ਭਰਤ ਪੁਰ ਦੇ ਨੇੜੇ)। 13. ਕੌਤੁਕ।

ਤਾ ਤੇ ਸੂਖਮ ਕਹਿ ਸੁ ਬਤਾਈ। ਗੁਰਮਤਿ ਗੁਰ ਸੋ ਜਾਨੋ ਭਾਈ।
ਚਲੇ ਜਾਤ ਸਾਹਿਬ ਅਵਤਾਰਾ। ਕਾਸੀ ਪਜਾਰ ਕਰਤ ਚਿਤ ਸਾਰਾ ॥ [੨੨੧॥]
ਤਾ ਕੇ ਲੋਕ ਮਿਲਨ ਬਹੁ ਆਏ। ਅਸੁ[1] ਰਥ ਪਾਲਕਿ ਦੇ ਬਹੁ ਭਾਏ।
ਸਾਹਿਬ ਰਹੇ ਤਾ ਸਮੈ ਜਾਨੀ। ਪੁਨਿ ਆਗੇ ਕਹਿ ਕੀਨ ਪਜਾਨੀ[2]।
ਜਨਮ ਪੁਰੀ ਕੇ ਲੋਕ ਅਪਾਰਾ। ਆਏ ਅਗ੍ਰ ਮਿਲਨ ਜੀਅ ਧਾਰਾ ॥ [੨੨੨॥]
ਜਸ[3] ਕੌਸਲ ਪੁਰ[4] ਰਾਮ[5] ਸੁ ਆਏ। ਸਭ ਹੂੰ ਮਿਲ ਕੈ ਮੰਗਲ ਗਾਏ।
ਖਤ੍ਰੀ ਬ੍ਰਾਹਮਨ ਚਾਰੇ ਆਸ੍ਰਮ[6]। ਸੇਵਾ ਕਰੈ ਨਾਥ ਕੀ ਤਾ ਸ੍ਰਮ[7] ॥੧੨੦॥ [੨੨੩॥]

ਛੰਦ। ਜਸ ਗਾਇ ਗੁਨ ਅਤਿ ਅਧਿਕ ਸਾਗਰ, ਨਾਕ ਕੀਕਰ ਸੋਭਨੰ।
ਆਰਤੀ ਲੈ ਆਇ ਪੂਜ ਚਢਾਇ ਪੁਸਪ ਸੁ ਜੋਗਨੰ।
ਤਾ ਸਮੈ ਤਾਂ ਅਨੰਦ ਕੀ, ਕਛੁ ਜਾਤ ਨਹਿ ਸੋਭਾ ਲਹੀ।
ਜਸ ਰਾਵਨੰ[8] ਕੋ ਮਾਰ ਕੈ, ਸ੍ਰੀ ਰਾਮ ਆਗਮ ਪੁਰ ਭਈ ॥ [੨੨੪॥]
ਆਰਤੀ ਕਰ ਪੂਜ ਨਾਨਾ, ਨਾਰਿ ਮੰਗਲ ਗਾਵਹੀ।
ਜਸ ਬੀਥਨੰ ਮੈ ਨਾਥ ਆਵਤ, ਕੀਚ ਕੰਧ[9] ਬਤਾਵਹੀ।
ਬਾਰ[10] ਮਹਲਨ ਧਰਨ[11] ਪੂਰਨ, ਪੁਸਪ[12] ਕੀਨੇ ਮਾਲ ਕੋ।
ਜਨ[13] ਸਾਵਨੰ ਕੀ ਰੁਤ ਸੋਭਤ, ਘਨ[14] ਸੁ ਬੂੰਦ ਬਿਦਾਰ ਕੋ ॥੧੨੧॥ [੨੨੫॥]

ਚੌਪਈ। ਨਾਰੀ ਨਰ ਦਰਸਨ ਕੋ ਧਾਰੇ। ਪੁਰੀ ਮਨੋਹਰ ਸਰਿਤ ਸੁ ਭਾਰੇ।
ਜਨਮ ਪੁਰੀ[15] ਕੋ ਪੇਖ ਦਯਾਲਾ। ਬਡ ਆਨੰਦ ਪਾਯੋ ਜੀਅ ਭਾਲਾ ॥ [੨੨੬॥]
ਕੇਤਕ ਬਰਸ ਰਹੈ ਤਾ ਠਾਹੀ। ਚਾਰ ਬਰਸ ਕਛੁ ਮਾਸ ਬਿਤਾਹੀ।
ਤਾ ਤੇ ਬਿਦਾ ਹੋਤ ਜਗ ਨਾਥਾ। ਪੁਰੀ ਵਿਜੋਗ ਪਰਾ ਹਿਤ ਸਾਥਾ ॥ [੨੨੭॥]
ਤਾ ਕੋ ਦੀਨ ਗਜਾਨ ਜਗ ਸਾਈਂ। ਖੀਰ ਭੋਜ ਮੁਹ ਬਾਲਕ ਨਜਾਈ।
ਜਾ ਮੈ ਜਨਮ ਹੋਤ ਜੋ ਆਹੀ। ਤਾਂ ਤੇ ਬਾਲਕ ਹੀ ਅਵਗਾਹੀ[16] ॥ [੨੨੮॥]
ਇਸ ਕਰ ਨਾਥ ਸੁ ਤਾਹਿ ਅਲਾਵਾ। ਪੂਜ ਪਿਘੂਰਨ[17] ਦੀ ਮਨ ਭਾਵਾ।
ਖਾਰੇ ਕੂਪ[18] ਕਾ ਅਰਚਨ[19] ਕਰੈ। ਸਨਾਨ ਕਰਾਵੈ ਹਿਤ ਬਹੁ ਧਰੈ ॥ [੨੨੯॥]
ਤਬ ਸਾਹਿਬ ਅਸਵਾਰ ਸੁ ਭਏ। ਦਖਨ ਦੇਸ ਸੁ ਅਤਿ ਠਹਿਰਏ।
ਜੋ ਜੋ ਮਗ[20] ਮੈ ਕੀਨ ਚਰਿਤ੍ਰਾ। ਬਰਨ ਨ ਆਵਤ ਅਧਿਕ ਬਚਿਤ੍ਰਾ ॥ [੨੩੦॥]
ਬਹੁਤ ਦੇਸ ਨਾਖਤ[21] ਜਗ ਨਾਥਾ। ਕੋ[22] ਵਿਸਥਾਰ ਕਹੈ ਅਸ ਗਾਥਾ[23]।
ਕਲਗੀ ਜਿਗਾ ਸੁ ਪੇਚ ਸਵਾਰੇ। ਸਾਥ ਸਿੰਘ ਸਾਹਿਬ ਕੇ ਭਾਰੇ ॥ [੨੩੧॥]

---

1. ਅਸ੍ਰ, ਘੋੜੇ। 2. ਗਮਨ, ਕੂਚ। 3. ਜਿਵੇਂ। 4. ਅਯੋਧਯਾ। 5. ਸ੍ਰੀ ਰਾਮ ਚੰਦ੍ਰ। 6. ਚਾਰ ਆਸ਼੍ਰਮ ਇਹ ਹਨ—ਬ੍ਰਹਮਚਰਜ, ਗ੍ਰਿਹਸਥ, ਵਾਨਪ੍ਰਸਥ ਅਤੇ ਸੰਨਿਆਸ। 7. ਉਸੇ ਤਰ੍ਹਾਂ। 8. ਲੰਕਾ ਦਾ ਰਾਜਾ ਰਾਵਣ। 9. ਸੁਗੰਧਿਤ ਪਦਾਰਥਾਂ ਦਾ ਚਿੱਕੜ। 10. ਬੂਹੇ। 11. ਧਰਤੀ। 12. ਫੁੱਲ। 13. ਜਾਣੋ, ਮਾਨੋ। 14. ਬੱਦਲ। 15. ਜਨਮ-ਭੂਮੀ (ਪਟਨਾ)। 16. ਖ਼ਿਆਲ ਕੀਤਾ ਅਥਵਾ ਜਾਣਿਆ ਜਾਂਦਾ ਹੈ। 17. ਉਹ ਪੰਘੂੜਾ ਜਿਸ ਦੇ ਉੱਪਰ ਸ੍ਰੀ ਦਸ਼ਮੇਸ਼ ਜੀ ਬਚਪਨ ਵਿਚ ਵਿਰਾਜੇ ਸਨ। 18. ਪਟਨੇ ਦਾ ਪ੍ਰਸਿੱਧ ਖੂਹ। 19. ਪੂਜਨ। 20. ਮਾਰਗ, ਰਸਤਾ। 21. ਲੰਘਦੇ ਹੋਏ। 22. ਪਾਠਾਂਤਰ—'ਕੌਨ' (ਮੋ. ਬਾ. ੭੧)। 23. ਇਸ ਗਾਥਾ (ਕਹਾਣੀ) ਦਾ।

ਗੁਰਦਿਤ ਸਿੰਘ ਹੈ ਕੋਸਾਚਾਰੀ[1]। ਰਾਮ ਸਿੰਘ ਮੁਕਤੋ ਬਰ ਭਾਰੀ।
ਗੁਰਮੁਖ ਸਿੰਘ ਨਾਮ ਏ ਗਾਏ। ਦਯਾ ਸਿੰਘ ਤਟ[2] ਰਹੈ ਸਭਾਏ ॥ [੨੩੨॥]
ਧਰਮ ਸਿੰਘ ਹੈ ਅਪਰ ਅਪਾਰੀ। ਆਦੀ ਸਿੰਘ ਜਾਨੀਐ ਭਾਰੀ।
ਔਰ ਸਾਥ ਹੈ ਅਪਰ ਅਪਾਰਾ। ਤਿਨ ਕਾ ਕੌਨ ਗਨੈ ਵਿਸਥਾਰਾ ॥ [੨੩੩॥]
ਪਰ ਬੁਰਹਾਨ[3] ਵਿਖੈ ਚਲਿ ਗਏ। ਤਨੁਜ[4] ਦਰਸ ਕੋ ਚਿਤ ਉਮੰਗਏ।
ਊਹਾਂ ਰਹੈ ਨਾਥ ਬਹੁ ਕਾਲਾ। ਮੁਗਲਨ ਬੀਚ ਪਰਜੋ ਜੰਜਾਲਾ ॥ [੨੩੪॥]
ਸੀਮ ਰੂਪ[5] ਜਿਹ ਗੌਰ ਚਲਾਏ। ਨਾਮ ਹਠੀ ਸਿੰਘ ਸੋ ਚਲਿ ਆਏ।
ਚਰਨ ਕਮਲ ਮਹਿ ਸੀਸ ਨਿਵਾਏ। ਨਾਥ ਸੁ ਅਪਨੇ ਗੋਦ ਬੈਠਾਏ ॥ [੨੩੫॥]
ਗੋਦ ਲੀਨ ਸਾਹਿਬ ਬਿਗਸਾਈ। ਤਨੁਜ[6] ਯਾਦ ਆਯੋ ਤਬ ਭਾਈ।
ਨੈਨ ਨੀਰ ਤੇ ਅਲਪ[7] ਸਿਧਾਵਾ[8]। ਗਜਾਨ ਮਾਹਿ ਵਹਿ ਲੁਪਤ ਸਿਧਾਵਾ[9] ॥ [੨੩੬॥]
ਤਬ ਸਾਹਜ[10] ਆਯੋ ਤਤਕਾਲਾ। ਦਰਸ ਕਰਜੋ ਸਤਿਗੁਰ ਕਰ ਭਾਲਾ।
ਸੀਸ ਨਿਵਾਇ ਆਇ ਕਰ ਸੋਈ। ਅਧਿਕ ਦ੍ਰਿਸਟਿ ਤਬ ਹੀ ਤਿਹ ਹੋਈ ॥ [੨੩੭॥]
ਹਠੀ ਸਿੰਘ ਦਾ ਦਰਸ ਨਿਹਾਰਾ। ਬਹੁਤ ਪ੍ਰੇਮ ਮਨ ਭੀਤਰ[11] ਧਾਰਾ।
ਸਾਹਿਬ ਰਹੇ ਕਚਹਿਰੀ ਮਾਹੀ। ਸਾਹਿਬ ਤਨੁਜ[12] ਰੂਪ ਬਰ ਬਾਹੀ ॥ [੨੩੮॥]
ਸਸਤ੍ਰਨ ਸਾਥ ਤਵਨ ਕਾ ਪਜੋਗਾ। ਸਾਹਜ ਨਿਰਖੇ ਚਰਿਤ ਸੁ ਭਾਰਾ।
ਜਬ ਹੀ ਸੀਸ ਨਿਵਾਵੈ ਆਏ। ਤਨੁਜ ਕਥਾ ਕਹੈ ਹਿਤ ਚਿਤ ਲਾਇ ॥ [੨੩੯॥]
ਸਾਹਿਬ ਦੇਖੇ ਬਾਨ ਅਪਾਰਾ। ਔਰ ਸੰਗ[13] ਗੋਰਨ ਕੀ ਭਾਰਾ।
ਨਿਰਖ ਨਾਥ ਤਿਹ ਕੋ ਬਿਗਸਾਵੈ। ਕੋ ਕਵਿ ਤਾਹਿ ਜੁ ਭਿੰਨ ਬਤਾਵੈ ॥ [੨੪੦॥]
ਤਬ ਹੀ ਸਾਹ ਬਹਾਦੁਰ ਆਈ। ਸੀਸ ਨਜਾਇ ਕੈ ਭੇਟ ਚੜਾਈ।
ਗ੍ਰਾਮ ਦੀਨ ਮੁਗਲਨ ਕੇ ਐਸੇ। ਰਹੇ ਮੋਨ ਧਰ[14] ਮੁਗਲ ਅਨੈਸੇ[15] ॥ [੨੪੧॥]
ਸਾਹਜ ਈਹਾਂ ਬੜੇ ਅਪਾਰਾ। ਤਬ ਲੇਵੇ ਹਮ ਗ੍ਰਾਮ ਸੁਧਾਰਾ।
ਇਸ ਪ੍ਰਕਾਰ ਬਹੁ ਦਿਨ ਸੁ ਬਿਤਾਏ। ਤਬ ਨਿਦੇੜ ਕੋ ਚਿਤ ਜੀਅ ਆਏ ॥੧੨੨॥ [੨੪੨॥]

ਝੂਲਨਾ। ਐਸ ਬੀਚਾਰ ਨਿਰਧਾਰ ਉਹ ਦੇਸ ਕੇ, ਜੀਤ ਹੋ ਜਾਇ ਤਿਨ ਕੋ ਬਜੰਗਾ[16]।
ਸਰਬ ਰਨਜੀਤ ਅਭੀਤ[17] ਤਹ ਦੇਸ ਕੇ, ਲਏ ਨਰੇਸ ਅਭੀਤ ਸੰਗਾ।
ਸਹਰ ਨਦੇੜ ਕੇ ਸਾਹ ਕੇ ਸੰਗ ਹੀ, ਦਿਯੋ ਨੀਸਾਨ ਅਭਤ ਅਗਾ।
ਦੇਹੁ ਪਰਤੀਤ ਹੀ ਸਰਬ ਪਠਾਨ ਕੋ, ਲਹੀਐ ਮਹੀ ਤਿਹ ਖੇਲ ਰੰਗਾ ॥੧੨੩॥ [੨੪੩॥]

ਦੋਹਰਾ। ਜਬ ਸਤਿਗੁਰ ਡੇਰਾ ਦਿਯੋ, ਨਿਜ ਨਿਦੇੜ ਕੇ ਮਾਹਿ।

---

1. ਖ਼ਜ਼ਾਨਚੀ। 2. ਕੋਲ। 3. ਬੁਰਹਾਨ ਪੁਰ ਮੱਧਭਾਰਤ ਦਾ ਇਕ ਪ੍ਰਸਿੱਧ ਨਗਰ, ਜਾ ਨੀਮਾਰ ਜਿਲੇ ਵਿਚ ਹੈ। 4. ਪੁਤ੍ਰ। 5. ਚਾਂਦੀ ਵਰਗਾ ਚਿੱਟਾ, ਗੋਰਾ। 6. ਪੁਤ੍ਰ (ਸਾਹਿਬਜ਼ਾਦਾ) ਅਜੀਤ ਸਿੰਘ। 7. ਥੋੜਾ ਜੇਹਾ। 8. ਚੱਲਿਆ। 9. ਵਾਹ (ਉਹ) ਗਿਆਨ ਵਿਚ ਗੁਮ ਗਇਆ। 10. ਸ਼ਾਹ ਬਹਾਦੁਰ ਸ਼ਾਹ। 11. ਵਿਚ। 12. ਭਾਵ-ਹਠੀ ਸਿੰਘ। 13. ਪਾਠਾਂਤਰ—'ਸੰਧ' (ਮੋ. ਬਾ. ੭੧)। 14. ਚੁੱਪ ਧਾਰ ਕੇ। 15. ਅਨਿਸ਼ਟ, ਦੁੱਖਦਾਈ। 16.ਜੰਗ, (ਯੁੱਧ) ਨਾਲ। 17. ਭੀਤ (ਭੈ) ਤੋਂ ਰਹਿਤ, ਨਿਰਭੈ।

ਪੂਤ ਪਠਾਨੀ[1] ਆਇਯੋ, ਲਖਯੋ ਨੈਨ ਗੁਰ ਵਾਹਿ ॥੧੨੪॥ [੨੪੪॥]

**ਚੌਪਈ।** ਤਬ ਸਤਿਗੁਰ ਤਿਹ ਬਚਨ ਉਚਾਰੇ। "ਰਹੋ ਇਹਾਂ ਤੁਮ ਧਾਮ ਹਮਾਰੇ।"
ਗੁਰਦਿਤ ਸਿੰਘ ਕੋ ਬਚਨ ਉਚਾਰਾ। "ਰੋਜ ਰੁਪੈਯਾ ਇਸੈ ਕਰ ਧਾਰਾ[2] ॥ [੨੪੫॥]
ਸਿੱਖਨ ਪੇਖ ਬਿਸਮ ਮਨ ਆਯੋ। ਤਬ ਸ੍ਰੀ ਗੁਰ ਸੋ ਬੈਨ ਸੁਨਾਯੋ।
"ਕੌਨ ਦੇਸ ਕੋ ਯਹ ਹੈ ਬਾਲਕ? ਜਾ ਪਰ ਮਯਾ[3] ਕਰੀ ਤਤਕਾਲਕ[4]" ॥੧੨੫॥ [੨੪੬॥]

**ਦੋਹਰਾ।** ਯੋ ਸੁਨ ਸਿੱਖਨ ਵਾਕ ਕੋ, ਸ੍ਰੀ ਗੁਰ ਦੇਵ ਉਮੰਗ।
ਪੂਰਬ[5] ਕਥਾ ਸੁ ਤੁਰਕ[6] ਕੀ, ਕਹਿ ਹੈ ਖੋਲ ਪ੍ਰਸੰਗ ॥੧੨੬॥ [੨੪੭॥]
ਬੀਸਮ ਧਜਾਇ ਬਖਾਨਿਯੋ, ਅਤਿ ਹੀ ਸੁੰਦਰ ਗਾਥ।
ਭੁਗਤਿ ਮੁਕਤਿ ਜਾ ਸੁਨ ਲਹੈ, ਹੋਤ ਬ੍ਰਹਮ ਮੈ ਬਾਸ ॥੧੨੭॥ [੨੪੮॥]
ਇਤਿ ਸ੍ਰੀ ਗੁਰ ਬਿਲਾਸ ਭਵਤੰਗ। ਬੀਸਮ ਧਜਾਇ ਗੁਰ ਜਸ ਰੰਗ ॥੨੦॥

---

1. ਇਕ ਪਠਾਣ ਦਾ ਪੁਤ੍ਰ (ਜਮਸ਼ੈਦ ਖ਼ਾਨ)। 'ਦੱਖਣ ਦੀਆਂ ਸਾਖੀਆਂ ਵਿਚ ਲਿਖਿਆ ਹੈ ਕਿ ਇਕ ਵੇਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਉਹ ਸਰਹਿੰਦ ਦੇ ਇਲਾਕੇ ਦਾ ਦੌਰਾ ਕਰ ਰਹੇ ਸਨ ਤਾਂ ਇਕ ਪਠਾਨ ਦੇ ਗੁਰੂ ਜੀ ਦੀ ਨਿੰਦਾ ਕਰਨ ਤੇ ਗੁਰੂ ਜੀ ਨੇ ਉਸ ਨੂੰ ਮਾਰ ਦਿੱਤਾ, ਪਰ ਜਦ ਅੱਗੋਂ ਮੁਸਲਮਾਨਾਂ ਨੇ ਰੌਲਾ ਪਾਇਆ ਤਾਂ ਸਿੱਖਾਂ ਦੇ ਸਮਝਾਉਣ-ਬੁਝਾਉਣ ਤੇ ਉਹ ਚੁਪ ਹੋ ਗਏ ਤੇ ਗੁਰੂ ਜੀ ਨੇ ਉਸ ਪਠਾਨ ਦੇ ਪੁਤ੍ਰ ਨੂੰ ਨੌਕਰੀ ਦੇਣ ਦਾ ਵਾਇਦਾ ਕੀਤਾ। ਇਸੇ ਵਾਅਦੇ ਦੇ ਅਨੁਸਾਰ ਉਹ ਪਠਾਣ-ਪੁੱਤਰ ਦੱਖਣ ਦੇ ਦੌਰੇ ਸਮੇਂ ਗੁਰੂ ਜੀ ਦੀ ਸੇਵਾ ਵਿਚ ਨੰਦੇੜ ਜਾ ਕੇ ਹਾਜ਼ਿਰ ਹੋਇਆ, ਜਿਵੇਂ ਕਿ ਏਥੇ ਇਸ ਪ੍ਰਸੰਗ ਵਿਚ ਜ਼ਿਕਰ ਆ ਰਹਿਆ ਹੈ, ਪਰ *ਗੁਰ ਪ੍ਰਤਾਪ ਸੂਰਜ* ਦੇ ਕਥਨ ਅਨੁਸਾਰ ਉਹ ਪਠਾਣ ਇਕ ਨਹੀਂ, ਸਗੋਂ ਦੋ ਸਨ ਜੋ ਪਠਾਣ ਪੈਂਦੇ ਖ਼ਾਨ ਦੇ ਪੋਤ੍ਰੇ ਸ੍ਨ ਜਿਸ ਨੂੰ ਸ੍ਰੀ ਦਸ਼ਮੇਸ਼ ਜੀ ਦੇ ਦਾਦੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਕਰਤਾਰ ਪੁਰ ਦੇ ਜੰਗ ਸਮੇਂ ਸੰਮਤ ੧੬੯੨ ਬਿ. ਵਿਚ ਮਾਰਿਆ ਸੀ। 2. ਪਾਠਾਂਤਰ—'ਰੋਜ਼ ਰੁਪੈਯਾ ਇਹ ਕਰ ਧਾਰਾ।' (ਮੋ. ਬਾ. ੭੧)। 3. ਕ੍ਰਿਪਾ। 4. ਉਸੇ ਵੇਲੇ। 5. ਪੂਰਬਲੀ, ਪਹਿਲੀ। 6. ਭਾਵ—ਪਠਾਣ।

### ਇਕੀਵਾਂ ਅਧਿਆਇ

## ਅੰਤਿਮ ਸਮਾਚਾਰ

ਦੋਹਰਾ। ਅਬ[1] ਇਕੀਸਮੇ ਧਜਾਇ ਮੈ ਕਥਾ ਪਜਾਨ[2] ਗੁਰ ਕੇਰ[3]।
ਉਪਦੇਸ ਸੁਨਾਯੋ ਖਾਲਸਾ, ਜਾ ਕਰ ਸੁਨ ਸਿਖ ਫੇਰ ॥੧॥

ਸਵੈਯਾ। ਬਾਵਨੀ[4] ਦੇਸ ਮੈ ਜਾਂਹਿ ਚਲੇ, ਹਮ ਬਾਲ ਸਰੂਪ ਲਖੇ ਸੁਖ ਪਾਹੀ।
ਹਰਿ ਗੋਬਿੰਦ ਕੋ ਅਰਿ ਨਾਤੀ[5], ਨਿਸਸਤਹਿ[6], ਊਠ ਖਰੋ[7] ਯਹਿ ਬਾਤ ਸੁਨਾਹੀ।
"ਕੌਨ ਸੋ ਜਾਵਤ[8] ਹੈ ਇਹ ਰੂਪ ਮੈ, ਮੋਕਹੁ[9] ਯਹ ਬਾਤ ਕਹੋ ਸਮੁਝਾਹੀ?"
"ਗੋਬਿੰਦ ਸਿੰਘ ਬਲੀ ਪ੍ਰਗਟਜੇ, ਦਸ ਮਹਲਨ ਮੈ ਪਤਿਸਾਹ ਸੁ ਆਹੀ" ॥੨॥
ਚਸਮ[10] ਚਢਾਇ ਉਠਾਇ ਸੁ ਦਸਤ[11] ਕੋ, ਖਾਨ ਤੁਫਾਨ ਕੀ ਬਾਤ ਅਲਾਈ[12]।
ਕੇਤਕ[13] ਬਾਤ ਕਹੀ ਤਿਨ ਛੂਦ੍ਰ[14] ਹੀ, ਰੀਤਿ ਕਰੂਰ[15] ਪਠਾਨ ਸੁਨਾਈ।
ਫੇਰ ਸੁ ਅਸਵ[16] ਕੋ ਗੁਰ ਆਪ ਹੀ, ਜ੍ਵਲਿਤ[17] ਪ੍ਰਕਾਸ ਸੁ ਚਾਪ[18] ਚੜਾਈ।
ਛੇਕ ਕੇ ਬਾਨ ਅਭੇਦ ਪਰੇ, ਲਖ ਸੋਰ ਭਯਾਨਕ ਖਲਕ ਅੜਾਈ ॥੩॥
ਹੋਇ ਇਕਤ੍ਰ ਮਲੇਛ ਸਭੈ, ਬਾਦਸਾਹ ਪੈ ਜਾਨੇ ਕੀ ਰੀਤਿ ਚਲਾਈ।
ਸ੍ਰੀ ਗੁਰ ਜਾਹਿ ਬਿਰਾਜਤ ਹੈਂ, ਤਹਿ ਸਿੱਖਨ ਬਾਤ ਕਹੀ ਸਮਝਾਈ।
"ਹੋਇ ਇਕਤ੍ਰ ਮਲੇਛ ਸੁ ਜਾਵਤ, ਹੇਤ ਫਰਿਯਾਦ ਕੇ ਔਰੰਗ ਤਾਈ।"
ਨੇਬ[19] ਸਿਆਣਪ ਸਿੱਖ ਬਡੇ ਭਨ ਹੈਂ ਉਤਪਾਤ ਹੀ ਬਾਤ ਜਨਾਈ ॥੪॥

ਚੌਪਈ। "ਜਾਵਤ ਬਾਜ ਸਿਕਾਰ ਚਿੜੀ ਕਰ। ਤਦਪਿ[20] ਜੋਗ ਨ ਜਸ ਬਿੱਲੀ ਕਰ।
ਤਾ ਤੇ ਯਾ ਕੋ ਲੇਹੁ ਬੁਲਾਈ। ਮਾਇਆ ਕੀ ਫਾਸੀ ਇਨ ਪਾਈ" ॥ [੫॥]
ਤਬ ਸਤਿਗੁਰ ਯੌ ਬਚਨ ਉਚਾਰੇ। "ਹਮ ਕੋ ਭੈ ਨਹੀਂ ਭਵਨ[21] ਮੰਝਾਰੇ।
ਤੌ ਭੀ ਜੋ ਬਿਵਹਾਰ ਕੀ ਬਾਤਾ। ਸਮਝੋ ਤੌ ਹੀ ਭਲੀ ਹੈ ਘਾਤਾ[22] ॥ [੬॥]
ਤਬ ਤੌ ਸਿਖ ਚਲੈ ਤਿਹ ਗਏ। ਬਾਤਨ ਹੀ ਮੈਂ ਵਸਿ ਕਰ ਲਏ।
ਲਏ ਹਜੂਰ ਪਹੂਚੇ ਆਈ। ਕਰ ਅਰਦਾਸ ਬਖਸਿਯੋ ਸਾਈ ॥ [੭॥]
ਸਤਿਗੁਰ ਕੀ ਪ੍ਰੇਰਨ ਯਹਿ ਭਈ। ਬੁਧਿ ਮਲੇਛਨ ਕੀ ਵਸ ਕਈ[23]।

---

1. ਪਾਠਾਂਤਰ—'ਅਥ' (ਖ਼ਾ. ਕਾ. ਅ. ੬੦੫)। 2. ਪ੍ਰਲੋਕ ਗਮਨ ਦਾ ਪ੍ਰਸੰਗ। 3. ਦਾ। 4. ਸਰਹਿੰਦ ਬਾਵਨੀ ਦੇ ਇਲਾਕੇ ਵਿਚ। 5. ਸ੍ਰੀ ਗੁਰੂ ਹਰਿ ਗੋਬਿੰਦ ਜੀ (ਛੇਵੇਂ ਗੁਰੂ) ਦੇ ਅਰਿ (ਦੁਸ਼ਮਨ) ਪੈਂਦਾ ਖ਼ਾਨ, ਉਸ ਦਾ ਨਾਤੀ (ਪੋਤ੍ਰਾ)। 6. ਬੈਠਾ ਸੀ। 7. ਉੱਠ ਖੜਾ ਹੋਇਆ। 8. ਜਾਂਦਾ। 9. ਮੈਨੂੰ। 10. ਅੱਖਾਂ। 11. ਹੱਥ। 12. ਬੜੇ ਭੈੜੇ ਵਚਨ ਬੋਲਿਆ। 13. ਕਿਤਨੀਆਂ। 14. ਤੁੱਛ। 15. ਜ਼ਾਲਿਮ। 16. ਘੋੜਾ। 17. ਤੇਜ਼, ਪ੍ਰਚੰਡ। 18. ਕਮਾਨ 19. ਨਾਇਬ, ਸਹਾਇਕ ਅਧਿਕਾਰੀ। 20. ਤਾਂ ਵੀ। 21. ਸੰਸਾਰ, ਦੁਨੀਆ। 22. ਘਾਤ, ਦਾਉ। 23. ਕੀਤੀ।

ਮਾਯਾ ਜਾਲ ਦਿਯੋ ਤਿਹ ਪਾਯ। ਔਰ ਨ ਵਚਨ ਕੋਈ ਆਲਾਯ[1] ॥ [੮॥]
ਬਿਧਮਾਨ[2] ਹੋਵੈ ਜੋ ਬਾਲ। ਭੇਜੋ ਹਮ ਪੈ[3] ਯਾ[4] ਸੁਤ ਸਾਲ[5]।
ਤਬ ਹਮ ਗਏ ਸੁ ਪੁਰੀ ਅਨੰਦਾ। ਕਰ ਸੂਖ ਰਤਿ[6] ਅਤਿ ਸੁਖ ਕੰਦਾ[7] ॥ [੯॥]
ਹਮਰੇ ਬੈਨ[8] ਚਿਤਵ[9] ਵਹੁ ਨਾਰੀ। ਸੁਤੇ[10] ਪਠਾਯੋ[11] ਸਮਾ ਨਿਹਾਰੀ[12]।
ਜਬ ਏ ਗਯੋ ਮੋਦ ਪੁਰ[13] ਮਾਹੀ। ਹਮ ਆਏ ਦੱਖਨ ਦਿਸ ਤਾਹੀ।
ਤਾ ਤੇ ਹਮ ਪੈ ਹਿਤ ਕਰ ਆਯੋ। ਰਸਤ ਦਾਮ ਯਾ ਨਿਤ ਕਰਵਾਯੋ" ॥੫॥ [੧੦॥]

ਸਵੈਯਾ। ਯੌਂ ਤਬ ਬੈਨ ਸੁਨੇ ਗੁਰ ਕੇ ਤਬ ਸਿੱਖਨ ਕੇ ਮਨ ਭ੍ਰਾਤਿ[14] ਉਪਾਈ[15]।
"ਕੈਸ[16] ਕੇ ਨਾਹਿ ਰਖੈਂ ਅਪਨੇ, ਘਰ ਦੁਸਟ ਵਡੋ ਅਤਿ ਹੈ ਅਧਮਾਈ[17]।"
ਨੇਤ ਗੁਰ ਕੀ ਮੈ ਬੋਲ ਸਕੈਂ ਨਹਿ, ਖਾਨ ਸਮਾ[18] ਕੋ ਸੁਤ ਬਾਤ ਅਲਾਈ।
"ਰੋਜ ਪਲੈ ਨ ਪਵੈ ਇਨ ਕੋ, ਇਨ ਕੋ ਗੁਰ ਪੇਸ ਤੇ ਦੇਹੁ ਬਿਦਾਈ" ॥੬॥ [੧੧॥]
ਗੁਰਦਿਤ ਮ੍ਰਿਗਿੰਦ[19] ਸੁ ਅਰਜ ਕਰੀ ਤਬ, "ਸ੍ਰੀ ਗੁਰ ਜੀ! ਸੁਨ ਬੇਨਤਿ ਸਾਰੀ।
ਹੈ ਅਧਮਾ[20] ਅਤਿ ਤੁਰਕ ਲਖੋ ਪ੍ਰਭੁ, ਯਾਹਿ ਕੀ ਸੰਗਤਿ ਦੂਖਨ ਕਾਰੀ।
ਤਾ ਕਰ ਦੇ ਕਛੁ ਤਜਾਗ ਕਰੋ ਇਸ, "ਤੌ ਗੁਰ ਬੈਨ ਕਹੈ ਸੁਖ ਧਾਰੀ।
"ਯਾਹਿ ਚਹੈਂ ਹਮ, ਜਾਨਤ ਨਾ ਤੁਮ, ਰੋਜ ਦਿਜੈ ਭਿਦਨਾ[21] ਬੁਧਿ ਸਾਰੀ ॥੭॥ [੧੨॥]

ਚੌਪਈ। ਜਬ ਦਿਨ ਕਛੁ ਗੁਜਰੇ ਉਨ ਮਾਹੀ। ਪੂਤ ਪਠਾਨੀ ਯੌ ਲਖ ਪਾਈ।
ਸਮਾ ਪਾਹਿ ਕੈ ਅਰਜ ਚਲਾਈ। "ਰੋਜੀਨਾ ਇਹ ਦੇਵਤ ਨਾਹੀ[22] ॥ [੧੩॥]
ਤਬ ਸ੍ਰੀ ਸਤਿਗੁਰ ਬਚਨ ਉਚਾਰਾ। "ਹਮ ਤੁਮ ਦੈ ਹੈਂ ਆਪ ਸੁਧਾਰਾ।"
ਉਸ ਦਿਨ ਤੇ ਨਿਜ ਕਰ ਕਰਤਾਰਾ। ਦੇਵੈਂ ਜੇਬ ਦਸਤ[23] ਮੈ ਸਾਰਾ ॥ [੧੪॥]
ਏਕ ਰੋਜ ਲਿਖ ਤਾ ਕਰ ਤੀਰਾ[24]। ਬਹੁ ਪਸੰਦ ਆਏ ਬਰ ਬੀਰਾ।
ਦਾਮ ਜੁਗਲ[25] ਤਾ ਰੋਜ ਕਰਾਏ। ਜੇਬ ਨਿਕਾਰ ਦੇਤ ਗੁਰ ਭਾਏ ॥ [੧੫॥]
ਗੁਰਦਿਤ ਸਿੰਘ ਹੈ ਕੋਸਾਧਾਰੀ[26]। ਸੰਗਤਿ ਤਾਹਿ ਕਹੈ ਬਹੁ ਬਾਰੀ।
ਕੈਸੇ ਤੁਰਕ ਰਹੈ ਇਹ ਨਾਹੀ। ਤਾ ਕੇ ਪੇਸ ਨ ਜਾਵੈ ਵਾਹੀ ॥ [੧੬॥]
ਆਦਰ ਕਰੈ ਅਧਿਕ ਗੁਰ ਤਾਕਾ। ਯਾ ਬਿਧਿ ਬਿਤਯੋ ਕਾਲ ਬਹੁ ਵਾ ਕਾ[27]।
ਜਬ ਕਿਤਨਾ ਚਿਰ ਬੀਤਯੋ ਜਾਨਾ। ਤੀਰ ਗੁਦਾਵਰਿ ਆਏ ਖਾਨਾ ॥ [੧੭॥]
ਤੀਰ ਚਲਾਵਤ ਬਹੁ ਪ੍ਰਕਾਰ। ਜੋ ਨਦੇੜ ਕੇ ਤੁਰਕ ਅਪਾਰਾ।
ਤਾ ਕੋ ਪੇਖ ਖਾਨ ਸਭ ਵਾਰੇ। ਮਕਰ[28] ਆਬ[29] ਜਲ ਦੀ ਪ੍ਰਕਾਰੇ ॥ [੧੮॥]
ਤੀਰ ਤਾਹਿ ਕੇ ਲਖ[30] ਸਭ ਵਾਰੀ। ਆਸਕ ਭਏ ਮਸੂਕ ਪ੍ਰਕਾਰੀ।
ਭਾਖਤ ਹੈ ਤਾ ਕੋ ਤਬ ਬਾਨੀ। "ਕਹਿ ਵਾਸੀ ਤੁਮਰੀ ਮਨ ਭਾਨੀ[31]?" ॥ [੧੯॥]

---

1. ਕਹਿਆ, ਆਖਿਆ। 2. ਵੱਡਾ, ਸਿਆਣਾ, ਸੂਝ ਵਾਲਾ। 3. ਸਾਡੇ ਪਾਸ। 4. ਇਸ (ਪਠਾਣ) ਦਾ। 5. ਸ੍ਰੇਸ਼ਟ ਪੁਤ੍ਰ। 6. ਸੁਖ ਆਨੰਦ। 7. ਅਤਿ ਸੁਖਦਾਈ। 8. ਵਚਨ। 9. ਚੇਤੇ ਕਰਕੇ। 10. ਸੁਭਾਵਕ ਹੀ। 11. ਭੇਜਿਆ। 12. ਦੇਖ ਕੇ। 13. ਆਨੰਦ ਪੁਰ। 14. ਸ਼ਕ, ਸੰਦੇਹ। 15. ਪੈਦਾ ਹੋ ਗਇਆ। 16. ਕਿਉਂ, ਕਿਵੇਂ। 17. ਅਧਮ, ਨੀਚ। 18. ਖ਼ਾਨਸਾਮਾ, ਲਾਂਗਰੀ, 19. ਸਿੰਘ। 20. ਨੀਵਾਂ। 21. ਤੋੜਨਾ। 22. ਪਾਠਾਂਤਰ-'ਰੁਜੀਨਾ ਹਮ ਕੋ ਮਿਲਤ ਸੁ ਨਾਹੀ' (ਖਾ. ਕਾ. ਅ ੬੦੫)। 23. ਹੱਥ। 24. ਉਸ ਦੀ ਤੀਰ-ਅੰਦਾਜ਼ੀ ਦੇਖ ਕੇ। 25. ਦੋ। 26. ਖ਼ਜ਼ਾਨਚੀ। 27. ਉਸ ਦਾ। 26. ਮੱਛ। 29. ਜਲ, ਪਾਣੀ। 30. ਦੇਖ ਕੇ। 31. ਪਾਠਾਂਤਰ-'ਭਨਤਾਨੀ' (ਸਿ. ਰੈ. ਲਾ. ੧੧੯੮)

ਜ਼ੁਬਾਨੀ ਗੁਫਤ[1] ਖਾਨ ਯਹਿ ਬਾਤ। "ਗੁਰ ਕੇ ਪੇਸ ਰਹੋ ਦਿਨ ਰਾਤ।"
ਸਭ ਪਠਾਨ ਮਿਲ ਬਚਨ ਉਚਾਰੇ। "ਜਬ ਗੁਰ ਈਹਾਂ ਰਹੈਂ ਹਮਾਰੇ ॥ [੨੦॥]
ਤਬ ਲਗ ਤੀਰ ਚਲਾਵਤ ਭਾਈ। ਮਿਲ ਕੇ ਖੁਸੀ ਕਰੈਂ ਨਿਤ ਆਈ।"
ਸੁਨ ਮਨਜ਼ੂਰ ਕਰੀ ਤਿਨ ਬਾਨੀ। ਜਾਵੈ ਰੋਜ ਤੀਰ ਧਨੁ ਸਾਨੀ[2]।
ਇਕ ਦਿਨ ਕਹਜੋ ਖਾਨ ਧਰ ਪਾਦਾ। "ਭੋਜਨ ਭੁੰਚੋ[3] ਸੁਖ ਹਿਤ ਸਾਦਾ" ॥੮॥ [੨੧॥]

ਸਵੈਯਾ। ਯੌਂ ਮਨਜ਼ੂਰ ਕਰੀ ਤਿਨ ਬਾਤ ਸੁ, ਖਾਨ ਤਹਾਂ ਮਿਲ ਖਾਵਣ ਆਯੋ।
ਪੂਛਤ ਖਾਨ ਸਭਾ ਮਿਲ ਕੈ, ਜਬ ਖਾਵਣ ਕੋ ਜੀਅਰਾ[4] ਲਲਚਾਯੋ।
"ਖਾਨ! ਕਹੋ ਤੁਮ ਖਾਨਹਿ ਕਹਿਅਤ, ਖਾਨ ਗੁਰੂ ਕਿਹ ਹੇਤ ਰਹਾਯੋ?
ਛੋਡ ਕੈ ਦੀਨ ਮਹੰਮਦ ਕ, ਪੁਨਿ ਪੀਰ ਹਿੰਦੂ ਕਰ ਦਾਸ ਕਹਾਯੋ ॥੯॥ [੨੨॥]

ਕਬਿੱਤੁ। ਕੇਤੇ ਚਿਰ ਰਹੋ ਪਾਸ, ਘਰ ਤੇ ਉਦਾਸ ਆਸ,
ਚਾਕਰੀ[5] ਮਵਾਸ[6] ਤੁਮ ਕੈਸੇ ਕਰ ਪਾਵਤੇ?
ਬਾਪ ਤੇ ਮਰਨ ਤੀਕ ਕਥਾ ਕੋ ਪ੍ਰਸੰਗ ਨੀਕੁ[7],
ਸੁਨਤ ਹੀ ਖਾਨ ਸਭ ਥੂਕ ਥੂਕ ਜਾਵਤੇ।
"ਕਾਫਰ ਅਸੰਗ ਤੋਹਿ ਸੰਗ ਹਮ ਖੂਬ ਨਾਹਿ,
ਅੱਵਲ ਸੁ ਹਿੰਦ ਪੀਰ ਪੇਸ[8] ਹੀ ਰਹਾਵਤੇ।
ਬਾਪ ਜਾਹਿ ਮਾਰਜੋ ਤਾਹਿ ਵੈਰ ਨ ਉਤਾਰਜੋ ਯਾਹਿ,
ਨੌਕਰ ਹੀ ਹੋਇ ਕਰ ਕਾਲ ਹੀ ਬਿਤਾਵਤੇ ॥੧੦॥ [੨੩॥]

ਦੋਹਰਾ। ਵਾ ਸੰਗ ਤੋਹਿ ਖੁਰਾਕ ਕੋ, ਨਹਿ ਖਾਣਾ ਹਮ ਜਾਨ।"
ਤੁਰਤ ਖਾਨ ਡੇਰੇ ਅਯੋ, ਹੋਇ ਹਿਯੇ[9] ਪਰਿਸਾਨ[10] ॥੧੧॥ [੨੪॥]

ਸੋਰਠਾ। ਮਨ ਮਹਿ ਧਾਰ ਸੁ ਕੋਪ, ਤੁਰਤ ਆਨ ਡੇਰੇ ਰਹਜੋ।
ਜੀਵਣ ਨਹੀਂ ਸੁ ਓਪ[11], ਬਾਪ ਬੈਰ ਸੰਸੈ ਭਯੋ ॥੧੨॥ [੨੫॥]

ਚੌਪਈ। ਤਾਤੇ ਜੀਵਣ ਕੀ ਨਹੀ ਬਾਤ। ਬਦਲਾ ਲੈਣਾ ਹੈਗੁ ਸਫਾਤ[12]।
ਅਬ ਇਮਾਨ ਮੈ ਜੀਵਣ ਨਾਹੀ। ਗਣਤੀ ਮਾਹਿ[13] ਦਿਲੈ ਦਿਲ ਜਾਈ ॥ [੨੬॥]
ਕਮਰ ਛਕਾਇ[14] ਰਹੇ ਦਿਨ ਰਾਤ। ਪੇਖੇ ਗਰ ਕੋ ਸਾਸ ਗਿਰਾਸ।
ਖਲੇ ਚੌਪਰ ਦੀਦੇ[15] ਸੋਈ। ਨਹਿ ਵੇਲਾ ਹਥਿ ਆਵੈ ਕੋਈ।
ਤਬ ਸਤਿਗੁਰ ਬੈਠੇ ਜੀਅ ਜਾਨੇ। ਸੰਧਜਾ ਬਹਿ ਰਹਿਰਾਸ ਪ੍ਰਧਾਨੇ ॥੧੩॥ [੨੭॥]

ਗੀਆ ਛੰਦ। ਰਹਿਰਾਸ ਸੰਧਜਾ ਸਾਧਿ ਸਤਿਗੁਰ, ਦੀਦ ਚਸਮ[16] ਪਠਾਨ ਕੋ।
ਬਹ ਕੀਨ ਆਦਰ ਤਾਹਿ ਕੋ, ਸੁਨ ਬੈਠ ਯਾ ਅਸਥਾਨ ਕੋ।
ਰਹਿਰਾਸ ਭੋਗ ਸੁ ਪੜਤ ਹੈ, ਨਹਿ ਸੰਕ ਮਨ ਮਹਿ ਧਾਰੀਐ।
ਤਬ ਭੋਗ ਪਰਿਯੋ ਦਈ ਆਯਸ,[17] ਗਈ ਸੰਗਤਿ ਸਾਰੀਐ ॥ [੨੮॥]

---

1. ਕਹੀ, ਆਖੀ। 2. ਤੀਰ ਕਮਾਣ ਲੈ ਕੇ। 3. ਖਾਓ। 4. ਦਿਲ। 5. ਨੌਕਰੀ। 6. ਮਆਸ਼, ਰੁਜ਼ਗਾਰ। 7. ਠੀਕ। 8. ਪੇਸ਼, ਸਾਮ੍ਹਣੇ, ਕੋਲ। 9. ਹਿਰਦੇ ਵਿਚ। 10. ਦੁੱਖੀ, ਰੰਜ। 11. ਵਡਿਆਈ, ਸੋਭਾ ਜਾਂ ਪ੍ਰਸੰਸਾ ਜੋਗ। 12. ਸਿਫਾਰਿਸ਼। 13. ਪਾਠਾਂਤਰ-'ਮਹਾਂ' (ਸਿ. ਰੈ. ਲਾ. ੧੧੯੮)। 14. ਕਸ ਕੇ। 15. ਦੇਖੇ। 16. ਅੱਖਾਂ ਦੇਖ ਕੇ। 17. ਆਗਿਆ।

ਤਬ ਸੀਤ[1] ਤੇ ਕੰਪਤ ਭਏ ਗੁਰ, ਜਾਨ ਅੰਤਰ ਹੀਅ[2] ਕੇ ।
ਮਿਸ[3] ਸੀਤ ਕੇ ਮਧ ਬੈਠ ਤੰਬੂ, ਏਕਲੇ ਗੁਰ ਜੀਅ ਕੇ ।
ਤਬ ਖਾਨ ਸੁਤ ਆਵਤ ਭਯੋ, ਲਖ ਗੁਰੂ ਤਾਂ ਆਦਰ ਕਰੈ ।
ਤਬ ਏਕ ਸਿਖ ਗੁਰ ਪਾਸ ਤੋ, ਸੁ ਰੁਮਾਲ ਅਤਿ ਹਿਤ ਸੋ ਕਰੈ ॥੧੪॥ [੨੯॥]

**ਚੌਪਈ।** ਤਬ ਕਠਾਨ ਸੁਤ ਅੰਤਰ ਆਯੋ। ਏਕ ਘੜੀ ਗੁਰ ਨਿਜਦ[4] ਰਹਾਯੋ।
ਤਬ ਸਤਿਗੁਰ ਬਰ ਦ੍ਰਿਸਟਿ ਚਲਾਈ। ਜੋ ਫੇਰਤ ਰੁਮਾਲ ਚਹੁੰਘਾਈ[5] ॥ [੩੦॥]
ਸਤਿਗੁਰ ਤਾ ਕੋ ਬਦਨ[6] ਅਲਾਯੋ। "ਅਮਕੋ[7] ਕਾਮ ਜਾਹਿ ਕਰ ਭਾਯੋ[8]।
ਅਰ ਹਫੀਮ ਕੀ ਪੀਨਕ[9] ਵਾਂਗ। ਦ੍ਰਿਗ[10] ਮੂੰਦੇ ਜਿਮ ਪੀਵਤ ਭਾਂਗ ॥ [੩੧॥]
ਤਬ ਮਲੇਛ ਨੇ ਦਾਵ ਵਿਚਾਰਾ। ਬੈਰ ਬਾਪ ਕਾ ਲੇਹੁ ਸੁਧਾਰਾ।
ਨਹਿ ਸਤਿਗੁਰ ਕੀ ਨੇਤ ਵਿਚਾਰੀ। ਦੇਵ ਸਸਤ੍ਰ ਮਹਿ[11] ਮ੍ਰਿਤ ਹਮਾਰੀ ॥ [੩੨॥]
ਸੋ ਉਹ ਸਮਾ ਪਹੂਚਜੋ ਆਈ। ਤਬੀ ਦੁਸਟ ਜਮ ਦਾਰ੍ਹ[12] ਚਲਾਈ।
ਯਦਜਪਿ[13] ਕਮਰ ਕਸੀ ਅਤਿ ਸੋਈ। ਤਦਪਿ[14] ਪਾਰ ਦੇਹ ਕੇ ਹੋਈ ॥੧੫॥ [੩੩॥]

**ਗੀਆ ਛੰਦ।** ਘਾਵ[15] ਮਾਰ ਕਟਾਰ ਕੋ, ਤਬ ਦੁਸਟ ਭਾਜਜੋ ਆਪ ਹੀ।
ਤਬ ਗਹਿ ਸੁ ਜਾਮਾ[16] ਤਾਹਿ ਕੋ, ਨਿਜ ਲੈ ਕਟਾਰ ਸੁ ਚਾਪ ਹੀ।
ਮਾਰਿਯੋ ਕਸ ਤਾਹਿ ਕੋ, ਤਿਹ ਪੇਟ ਕੋ ਚੂਰਣ ਕਰੈ ।
"ਹਾ, ਮਾਉ! ਮੈ ਅਬ ਮਾਰਿਯੋ", ਇਹ ਭਾਂਤਿ ਵਾਕ ਸੋ ਤਾ ਧਰੈ ॥ [੩੪॥]
ਇਹ ਭਾਂਤਿ ਸੁਨ ਕੈ ਵਾਕ ਤਾ ਗੁਰ, ਆਪ ਬੈਨ ਉਚਾਰ ਹੀ ।
"ਖੁਦ ਜਬਾਨੀ ਨਾਮ ਅਲਹਿ, ਕਹੋ ਜਿਹ ਭਵ[17] ਪਾਰ ਹੀ ।"
ਤੀਨ ਵਾਰ ਕਟਾਰ ਤਿਹ ਕਰ, ਘਾਵ ਸਤਿਗੁਰ ਮਾਰਿਯੋ ।
ਕਛੁ ਸਾਸ ਹਿਤ ਤੜਫਤ ਰਹਜੋ, ਤਬ ਸਿਖਨ ਬਾਹਰ ਡਾਰਿਯੋ[18]।
ਤਬ ਆਪ ਸਿਖ ਮਨੇ ਕਰੇ, ਕਹਜੋ, "ਯਾਹਿ ਕੋ ਨਹਿ ਘਾਇਯੋ[19] ।"
ਹਰਿ ਨੇਤ ਜਾਨੇ ਭ੍ਰਾਂਤ ਗਤਿ, ਤਬ ਸਾਹ ਸੁਨ ਬਿਸਮਾਇਯੋ[20] ॥੧੬॥ [੩੫॥]

**ਸਵੈਯਾ।** ਕਾਲ ਉਸੀਹ[21] ਦਾਨਾਇ[22] ਫਿਰੰਗ[23] ਕੋ, ਸਾਹ ਹਕੀਮਨ ਯੌ ਫੁਰਮਾਯੋ।
ਖਿਜਮਤ ਜਾਇ ਕਰੋ ਗੁਰ ਕੀ, ਤਤਕਾਲ ਮੈ ਨੈਨਨ ਹੀ ਦਰਸਾਯੋ।
ਥੋਰ ਹੀ ਕਾਲ ਮੈਂ[24] ਬੈਦ ਬੁਲਾਇ ਕੈ, ਨੀਰ[25] ਨਵਾਇ ਦਿਵੈ[26] ਮਨ ਭਾਯੋ।
ਤਬ ਸ੍ਰੀ ਗੁਰ ਕੰਚਨ ਨਾਰ[27] ਦਈ, ਬਸ ਰੋਜ ਇਕਾਦਸ[28] ਮੈ ਸੁਖ ਪਾਯੋ ॥੧੭॥ [੩੬॥]
ਯਾਰਵੈ ਦਿਵਸ[29] ਭਏ ਸੁਖ ਕਾਰਨ, ਨਾਨ[30] ਕਰੋ ਪਟ[31] ਖੂਬ ਛਕਾਏ[32] ।

---

1. ਸਰਦੀ, ਠੰਢ। 2. ਹਿਰਦੇ (ਜੀਅ) ਵਿਚ। 3. ਬਹਾਨੇ। 4. ਨਿਕਟ। 5. ਚਾਰੇ ਪਾਸੇ। 6. ਮੂੰਹ। 7. ਅਮਕਾ, ਫਲਾਣਾ। 8. ਭਾਈ। 9. ਮਸਤੀ ਦੀ ਹਾਲਤ। 10. ਨੇਤ੍ਰ, ਅੱਖਾਂ। 11. ਗੁਰੂਦੇਵ ਦੇ ਹਥਿਆਰ ਨਾਲ। 12. ਜਮਦਾੜ੍ਹ, ਜਮਧਰ (ਇਕ ਸ਼ਸਤ੍ਰ)। 13. ਭਾਵੇਂ। 14. ਤਾਂ ਵੀ। 15. ਘਾਉ, ਜ਼ਖ਼ਮ। 16. ਚੋਲਾ। 17. ਸੰਸਾਰ। 18. ਸੁੱਟ ਦਿੱਤਾ। 19. ਮਾਰੋ। 20. ਹੈਰਾਨ ਹੋਇਆ। 21. ਉਸੇ ਸਮੇਂ। 22. ਅਕਲਮੰਦ, ਸਿਆਣਾ। ਭਾਵ-ਡਾਕਟਰ। 23. ਇੰਗਲੈਂਡ। ਮੁਗ਼ਲ ਬਾਦਸ਼ਾਹਾਂ ਦੇ ਦਰਬਾਰ ਵਿਚ ਕਈ ਫ਼ਰੰਗੀ ਡਾਕਟਰ ਰਹੇ ਸਨ। 24. ਥੋੜੇ ਹੀ ਸਮੇਂ ਵਿਚ 25. ਪਾਣੀ। 26. ਦੇਂਦੇ ਹਨ। 27. ਕੰਚਨ (ਸੋਨੇ) ਦੀਆਂ ਨਾਰ (ਦੀਨਾਰ) ਮੋਹਰਾਂ। 28. ਗਿਆਰਾਂ ਦਿਨ। 29. ਪਾਠਾਂਤਰ—'ਦਜ਼ੋਸ' (ਮੋ. ਬਾ. ੭੧)। 30. ਇਸ਼ਨਾਨ। 31. ਵਸਤ੍ਰ। 32. ਸਜਾਏ।

ਕਲਗੀ ਪੁਨਿ ਔਰ ਪੁਸਾਕ ਬਨੀ, ਪੁਨਿ ਕਮਰ ਛਕਾਇ ਇਨਾਮ ਦਿਵਾਏ ।
ਸਾਹ ਬਹਾਦੁਰ ਯੋ ਮਨ ਆਨੰਦ, ਆਨੰਦ ਸੌਂ ਅਤਿ ਪੂਰ ਲਸਾਏ[1] ।
ਸੰਗਤਿ ਸਿਖ ਭਏ ਤਬ ਹਾਜਰ, ਮੇਲ ਭਯੋ ਅਗਨੋ ਮਨ ਭਾਏ ॥੧੮॥ [੩੭॥]

**ਚੌਪਈ।** ਲੋਪਜੋ[2] ਵਾਸੀ ਬ੍ਰਹਮਨ ਜੋਇ । ਮਜਲਸ ਰਾਇ ਕਹੀਅਤ ਹੈ ਸੋਇ ।
ਨੈਬ[3] ਬਹਾਦੁਰ ਸਾਹ ਕੋ ਜਾਨ । ਤਾ ਕੋ ਭਾਖਤ ਅਹੈ ਦਿਵਾਨ ॥ [੩੮॥]
ਸੋ ਸਤਿਗੁਰ ਕਾ ਸੇਵਕ ਜਾਨੋ । ਆਯੋ ਦਰਸਨ ਕੋ ਲਲਚਾਨੋ ।
ਤਾਂ ਹੀ ਸਮੈ ਜੋ ਦੇਸ ਪੰਜਾਬ । ਆਵਤ ਸਿਖ ਸੁ ਭਏ ਅਜਾਬ ।
ਆਨ ਹਜੂਰ ਭੇਟ ਤਿਹ ਧਰੀ । ਦੇਸ ਦੇਸ ਕੀ ਸੰਗਤਿ ਵਰੀ ॥੧੯॥ [੩੯॥]

**ਦੋਹਰਾ।** ਦੇਸ ਪੰਜਾਬੀ ਜੇ ਨਗਰ, ਲਵਪੁਰ[4] ਅਰੁ ਮੁਲਤਾਨ ।
ਚਾਪ[5] ਦੇਖ ਆਨੰਦ ਭਏ, ਸਤਿਗੁਰ ਪਰਮ[6] ਸੁਜਾਨ ॥੨੦॥ [੪੦॥]
ਤਬ ਸਤਿਗੁਰ ਆਗਜਾ ਦਈ, ਕਰ ਕਸੀਸ[7] ਸ੍ਰੁਤਿ[8] ਲਾਇ ।
ਤਿਨ ਮਹਿ ਧਨੁਖ ਜੁ ਦੋ ਵਡੇ, ਨਹਿ ਖਿੰਚਤ ਅਕੁਲਾਇ[9] ॥੨੧॥ [੪੧॥]
ਤਬ ਸਤਿਗੁਰ ਨਿਜ ਹਾਥ ਲੈ, ਖਿੰਚਨ ਲਗੇ ਕਮਾਨ ।
ਤਬ ਮਜਲਸ[10] ਕਰ ਜੋਰ ਕੇ, ਮੁਖ ਸੇ ਕੀਨ ਬਖਾਨ ॥੨੨॥ [੪੨॥]

**ਚੌਪਈ।** "ਗਰੀਬ ਨਿਵਾਜ ! ਸੁਨੋ ਹਿਅ ਲਾਇ । ਨਰਮ ਜਖਮ ਹੈ ਕਹੋ ਸੁਭਾਇ ।
ਐਸਾ ਬਲ ਨਹਿ ਲਾਗੇ ਜੋਇ । ਖਿਚੰਤ ਜਖਮ ਟੂਟ ਹੈ ਸੋਇ ॥ [੪੩॥]
ਅਬ ਇਨ ਕੋ ਦੀਜੈ ਜੂ ਰਾਖ । ਬੋਲਤ ਬੈਨ ਕਰੋ ਜੀਅ ਮਾਫ ।"
ਤਬ ਸਾਹਿਬ ਫੁਰਮਾਵੇਂ ਆਪ । "ਦੇਖਹੁ, ਰਾਜਾ ਜੀ ! ਯਹਿ ਚਾਪ[11] ॥੨੩॥ [੪੪॥]

**ਛੰਦ।** ਜੋ ਨਾਹਿ ਖਿੰਚੈਂ ਧਨੁਖ ਕੋ, ਤਬ ਜਗਤ ਮੈ ਅਪਜਸ ਮਈ ।
ਮਜਲਸ[12] ਗੁਰੂ ਕੀ ਮਾਹਿ ਜੋ, ਕਮਾਨ ਖਿੰਚਤ ਨਹਿ ਭਈ ।
ਸਾਹਿ ਬਹਾਦੁਰ ਨੈਬ[13] ਜੋ ਅਮਾਤ[14] ਮਿਲ ਸਾਰੇ ਕਹੈਂ ।
ਇਹ ਭਾਂਤਿ ਰਿਦ ਮਹਿ ਜੋਇ ਦੀਦਮ[15], ਤਾਹਿ ਕਰ ਖਿੰਚਨ ਚਹੈਂ" ॥ [੪੫॥]
ਇਹ ਭਾਂਤਿ ਸੁਨ ਕੋ ਰਾਇ ਮਜਲਸ, ਜੋਰ ਕਰ ਗੁਰ ਕੋ ਕਹੀ ।
"ਆਪ ਕਾ ਪ੍ਰਤਾਪ ਗੁਝਾ, ਨਾਹਿ ਜਾਨਤ ਜੋ ਭਈ ।
ਉਲੂਕ[16] ਜੋ ਕਰ ਨਾਹਿ ਜਾਨੈ, ਤੌ ਨ ਕਛੂ ਹੈ ਭਾਨੁ ਕੋ[17] ।"
ਯਾ ਭਾਂਤਿ ਸੁਨ ਕੈ ਭਏ ਆਨੰਦ, ਕਰੀ ਰਹਮ ਦੀਵਾਨ ਕੋ ॥ [੪੬॥]
ਬਿਨੈ ਉਸ ਕੀ ਮਾਨ ਕਰ ਤਬ, ਛੋਡ ਦੀਨੀ ਚਾਪ ਕੋ ।
ਇਸ ਮਾਹਿ ਜੋ ਘਟਿਕਾ[18] ਬਿਹਾਈ[19], ਪੁਨਿ ਅਨਤਤਾ ਲਖ ਆਪ ਕੋ ।
ਦੋ ਚਾਪ ਇਕ ਹੀ[20] ਬਾਰ ਸਾਹਿਬ, ਆਪਨੇ ਕਰ ਮੈ ਲਏ ।

---

1. ਸੁਭਾਇਮਾਨ ਹੋਏ । 2. ਪਿੰਡ ਲੋਪੋਂ ਕੇ ਜ਼ਿਲਾ ਅੰਮ੍ਰਿਤਸਰ । 3. ਨਾਇਬ । 4. ਲਾਹੌਰ । 5. ਧਨੁਖ, ਕਮਾਨ । 6. ਪਾਠਾਂਤਰ—'ਪੁਰਖ' (ਮੋ. ਬਾ. ੭੧) । 7. ਕਸ਼ਿਸ਼, ਖਿੱਚ । 8. ਕੰਨ । 9. ਦੁਖੀ ਹੋਏ । 10. ਦੀਵਾਨ ਮਜਲਿਸ ਰਾਇ । 11. ਧਨੁਖ, ਕਮਾਨ । 12. ਸਭਾ । 13. ਨਾਇਬ । 14. ਆਮਾਤਜ, ਮੰਤ੍ਰੀ ਵਜ਼ੀਰ । 15. ਮੈਂ ਦੇਖਿਆ 16. ਉੱਲੂ । 17. ਸੂਰਜ । 18. ਘੜੀ । 19. ਗੁਜ਼ਰੀ । 20. ਪਾਠਾਂਤਰ-'ਏਕੈ' (ਮੋ. ਬਾ. ੭੧) ।

ਤਬ ਦੀਨ ਦੰਡ ਕਦੰਡ[1] ਦੋਨੋ, ਨਿਮਖ[2] ਮੈ ਤੋੜਤ ਭਏ ॥੨੪॥ [੪੭॥]

ਦੋਹਰਾ। ਸਹਿਤ ਕਾਰਮਕ[3] ਜਖਮ ਹੀ, ਟੂਟ ਗਏ ਪਲ ਮਾਹਿ।
ਆਲਮ[4] ਰਾਜਾ[5] ਪੇਖ ਕੇ, ਹੀਏ ਮਾਹਿ ਬਿਸਮਾਹਿ[6] ॥੨੫॥ [੪੮॥]
"ਬੇ ਪ੍ਰਵਾਹ ਸ੍ਵਾਮਿ ਜੀ ! ਇਹ ਕਜਾ ਕੀਨ ਬਿਲਾਸ ?"
ਕਹਿ ਸਤਿਗੁਰ, "ਜੀਅ ਜਾਨੀਐ, ਨੇਤ[7] ਮਾਹਿ ਹਮ ਬਾਸ ॥੨੬॥ [੪੯॥]
ਜੋ ਚਿੰਤਾ ਚਿਤ ਮੈ ਨਹੀ, ਕਰ ਹੈ ਸਾਹਿਬ ਸੋਇ।
ਤਾ ਮੈ ਸੋਕ ਨ ਹਰਖ ਹੈ, ਯਹਿ ਸਮਝੋ ਮਨ ਜੋਇ" ॥੨੭॥ [੫੦॥]

ਚੌਪਈ। ਤਬ ਰਾਜਾ ਡੇਰੇ ਮਹਿ ਗਯੋ। ਵਹੀ ਹਕੀਮ ਪਠਾਵਤ ਭਯੋ[8]।
ਤਬ ਸਤਿਗੁਰ ਭਾਖੀ ਕਹਿ ਬਾਤ। "ਤੁਰਕ ਦਸਤ[9] ਨਹਿ ਲਾਵੈਂ ਸਾਤ[10]॥ [੫੧॥]
ਔਰ ਇਲਾਜ ਨ ਕਰ ਹੈ ਹੋਇ। ਰਹਿ ਹੈ[11] ਨੇਤ ਮਾਹਿ ਸੁ ਖਲੋਇ।"
ਤਬ ਰਾਜਾ ਆਯੋ ਕਰ ਜਰ। ਤਿਨ ਕੋ ਬੈਨ ਕਹਾ ਨਹੀ ਔਰ ॥ [੫੨॥]
ਰਾਜਾ ਸੰਗਤਿ ਸੁਨ ਕਰ ਬਾਤ। ਤੂਸਨਿ[12] ਭਏ ਹਿਯੇ[13] ਅਕੁਲਾਤ[14]।
ਸੁਨ ਮੁਖ ਬੋਲ ਸਕੈ ਨਹੀ ਕੋਇ। ਸਤਿਗੁਰ ਨਜਰ ਹੀਏ ਮੈ ਜੋਇ।
ਰੁਧਿਰ[15] ਜਮਖ ਪੋਛਤ[16] ਸਿਖ ਜਾਇ। ਸਤਿਗੁਰ ਤਾ ਕੋ ਦੀਨ ਬੰਧਾਇ ॥੨੮॥ [੫੩॥]

ਛੰਦ। ਪੁਨਿ ਦੀਨ[17] ਆਗਜਾ ਤਾਹਿ ਕੋ, ਦੀਵਾਨ ਡੇਰੇ ਮਹਿ ਗਯੋ।
ਜਾਵਤੇ ਈ[18] ਕਾ[19] ਲਖੈ[20] ਤਬ ਸਾਹ ਸੋ ਉਚਰਤ ਭਯੋ।
ਤਬ ਸੁਨਤ ਸਾਹ ਬਜਾਕੁਲ[21] ਭਯੋ, ਏ ਬਾਤ ਵੈਦਕ[22] ਕੋ ਕਹੀ।
ਤਬ ਜਾਇ ਵੈਦਕ ਨਿਕਟ[23] [ਗੁਰ ਕੈ, ਜੋਰ ਕਰ ਬਿਰਥਾ ਕਹੀ ॥ [੫੪॥]
ਹੋ ਰਾਇ ਮਜਲਿਸ ਨੇ ਕਹਾ, ਸੋਈ ਬਾਤ ਸਤਿਗੁਰ ਤਿਹ ਭਈ।
ਤਬ ਜਾਇ ਬੈਦਕ] ਸੰਗ ਹਜਰਤ, ਬਾਤ ਸਤਿਗੁਰ ਕੀ ਕਹੀ।
ਤਾਹਿ ਕੇ ਪਾਛੇ ਗੁਰੂ, ਇਸਨਾਨ ਵੈਸੇ ਨਿਤ ਕਰੈਂ।
ਰੁਚਿਰ[24] ਅੰਬਰ[25] ਔ ਪੁਸਾਕੀ, ਪਹਰ ਕਰ ਖੇਲਤ ਚਰੈਂ ॥੨੯॥ [੫੫॥]

ਸਵੈਯਾ। ਪਹਰ ਸੁ ਕਾਮ ਕਰੈਂ ਜਗ ਕੇ ਸਬ[26] ਨੇਤ ਕੇ ਮਾਹਿ ਪ੍ਰਸੰਨ ਰਹਾਈ।
ਅਰ ਨ੍ਹਾਇ ਕੈ ਬਾਂਧ ਪਟੰਨਿ[27] ਸਰੋਜ ਮੈ, ਐਸੇ ਹੀ ਕਰਨ ਮੈਂ ਜਰਨ ਲਹਾਈ।
ਦਿਨ ਖੋੜਸ[28] ਤਾਹਿ ਬਿਤੀਤ ਭਏ, ਨਿਤ ਨਾਨ ਸੁ ਕਾਮ ਦਿਵਾਨ ਲਗਾਹੀ।
ਸਿਥਲ[29] ਸਰੀਰ ਭਯੋ ਤਿਹ ਕਾਰਨ, ਆਪ ਹਜੂਰ ਕਹਜੋ ਬਚਨਾਹੀ[30] ॥੩੦॥ [੫੬॥]

ਦੋਹਰਾ। "ਦਿਵਸ ਪੰਚਮੀ ਕੇ ਬਿਖੈ, ਸਤਿਗੁਰ ਧਰਮ ਸੁ ਕੇਤ[31]।

---

1. ਕੋਦੰਡ, ਧਨੁਖ, ਕਮਾਨ। 2. ਖਿਣ, ਪਲ। 3. ਬਾਂਸ ਦਾ ਧਨੁਖ। 4. ਸੂਝਵਾਨ ਲੋਕ। 5. ਦੀਵਾਨ ਮਜਲਿਸ ਰਾਇ। 6. ਹੈਰਾਨ ਹੋਇਆ। 7. ਭਾਣਾ (ਹੋਣਹਾਰ)। 8. ਭੇਜਿਆ। 9. ਹੱਥ। 10. ਸਾਇਤ, (ਇਸ) ਸਮੇਂ, (ਇਸ) ਵੇਲੇ। 11. ਹੋਣਹਾਰ, ਭਾਣਾ। 12. ਤੁਸ਼ਣੀ, ਚੁਪ, ਖ਼ਾਮੋਸ਼। 13. ਹਿਰਦੇ ਵਿਚ। 14. ਦੁਖੀ ਹੋ ਕੇ। 15. ਲਹੂ। 16. ਪੂੰਝਦੇ। 17. ਪਾਠਾਂਤਰ—'ਕੀਨ' (ਮੋ. ਬਾ. ੭੧)। 18. ਜਾਂਦਾ ਹੀ। 19. ਕੀ। 20. ਪਾਠਾਂਤਰ—'ਕਾਲ ਮੈਂ' (ਮੋ. ਬਾ. ੭੧)। 21. ਦੁਖੀ। 22. ਵੈਦ, ਹਕੀਮ। 23. ਇਸ ਤੋਂ ਅੱਗੇ ਬ੍ਰੈਕਟਾਂ ਵਾਲਾ ਪਾਠ ਹੈ, ਜੋ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਪ੍ਰਤੀ ਨੰ: ੬੦੫ ਵਿਚੋਂ ਪੂਰਾ ਕੀਤਾ ਹੈ। 24. ਮਨ ਭਾਉਂਦੇ। 25. ਕੱਪੜੇ। 26. ਪਾਠਾਂਤਰ—'ਜਬ ਹੀ ਪੁਨਿ' (ਮੋ. ਬਾ. ੭੧)। 27. ਜ਼ਖ਼ਮ ਬੰਨ੍ਹ ਕੇ। 28. ਸੋਲਾਂ। 29. ਢਿੱਲਾ, ਕਮਜ਼ੋਰ। 30. ਬਚਨ। 31. ਕੇਤੁ, ਧੁਜਾ, ਝੰਡਾ।

ਨਾਵੀ ਪਤਿਸਾਹੀ ਭਲੇ, ਬਧੀ ਧਰਮ ਕੀ ਸੇਤ[1] ॥੩੧॥ [੫੭॥]
ਤਾ[2] ਦਿਨ ਮੈ ਥਿਤ ਪੰਚਮੀ, ਸੋਊ[3] ਭਈ ਹੈ ਆਜ।
ਕਰੋ ਕਾਜ ਤੁਮ ਹੂੰ ਭਲੈ, ਹਮ ਅਸਵਾਰੇ ਸਾਜ[4]" ॥੩੨॥ [੫੮॥]

**ਕਬਿੱਤੁ।** ਗੁਰਦਿਤ ਸਿੰਘ ਭਾਈ ਤਾਹਿ, ਗੁਰ ਯੌ ਅਲਾਈ ਬਾਤ,
ਅੰਤ ਕੀ ਸੁਨਾਈ, ਜਾਹਿ ਸੀਘ੍ਰ ਹੀ ਧਾਵਹੀ।
ਪੱਕ ਜੋ ਪ੍ਰਸਾਦਿ ਤਾਹਿ ਲਜਾਈਐ ਤੱਯਾਰ ਕਰ,
ਐਸੇ ਤੇ ਉਭਾਰ ਕਾਰ ਉਦਮ ਮੈ ਲਾਵਹੀ।
ਸਭ ਹੀ ਪ੍ਰਮਾਨ ਭਾਖ ਊਠ ਖਰੇ ਚਤ੍ਰ ਚਾਖ,
ਸਰਥ ਹੀ ਸੰਗਤਿ ਮੈ ਪ੍ਰਗਟਿ ਜਨਾਵਹੀ।
ਤਾ ਮੈ ਜੋ ਪ੍ਰਧਾਨ ਸਿੰਘ ਆਏ ਸਵਧਾਨ ਕਰ।
ਜੋੜ ਕੈ ਹਜ਼ੂਰ ਤਨ[5] ਪ੍ਰਗਟ ਸੁਨਾਵ ਹੀ ॥੩੩॥ [੫੯॥]

**ਦੋਹਰਾ।** "ਹੇ ਸਾਚੇ ਗੁਰ! ਪੇਖੀਐ, ਸਿੱਖਨ ਕੋ ਅਹਿਵਾਲ।
ਕੋ ਅੰਚਰ[6] ਮੈ ਲਾਈਐ, ਹੇ ਗੁਰ ਦੀਨ ਦਯਾਲ ?॥੩੪॥ [੬੦॥]

**ਸਵੈਯਾ।** ਜੋ ਤੁਮ ਆਪ ਕਰਜੋ ਕਰਤਤ, ਸੋਈ ਸੁਭ ਬਾਤ ਜੋਈ ਮਨ ਭਾਵੈ।
ਤਦਪਿ ਖਾਲਸਾ ਪੰਥ ਵਧਜੋ, ਸੋਈ ਗੋਦ ਮੈ ਖੇਲਤ ਬਾਲ ਲਖਾਵੈ।"
ਤਬ ਸ੍ਰੀ ਮੁਖ ਆਪ ਉਚਾਰ ਕੀਓ, "ਅੰਗ ਸੰਗ ਸੁ ਸਿੱਖਨ ਮੈ ਨਿਜਕਾਵੈ[7]।
ਸਾਹਿਬ ਪੂਤ ਸੁਪੂਤ ਸੋ ਖਾਲਸਾ, ਬੈਰ ਲਏ[8] ਜੀਅ ਮੈ ਪ੍ਰਗਟਾਵੈ" ॥੩੫॥ [੬੧॥]

**ਦੋਹਰਾ।** ਤਬ ਸਿੱਖਨ ਉੱਚਾਰ ਕੀ, "ਸਾਹ ਬਹਾਦੁਰ ਜੋਇ।
ਜੋ ਭਾਖਤ ਹੈ ਬਦਨ[9] ਤੇ, ਨਾਹ ਕਰੀਅਤਿ ਸੋਇ ॥੩੬॥ [੬੨॥]
ਆਪ ਏਹ ਭਾਣਾ ਕੀਓ, ਨਹਿ ਕਰ ਸਕੈ ਸੁਮਾਰ[10]।
ਜੋ ਭਾਵੈ ਸੋ ਕੀਜੀਐ, ਹਮਰੇ ਕਾ ਇਖਤਜਾਰ" ॥੩੭॥ ੬੩॥]

**ਚੌਪਈ।** "ਸੁਨੋ ਸਿਖ ! ਤੁਮ ਏ ਮਿਰਜਾਦਾ। ਕਰਨ ਨ ਆਏ ਹਮ ਫਿਰੀਆਦਾ।
ਕਿਸੀ ਸਾਥ ਹਮ ਨਾਹਿ ਪ੍ਰਯੋਜਨ। ਜੋ ਕਛੁ ਹੋਇ ਸੁ ਹਮਰੇ ਓਜਨ[11] ॥ [੬੪॥]
ਯੱਦਪਿ[12] ਕਰੈ ਸੁਭਾਵ ਅਪਾਰਾ। ਤਦਪਿ[13] ਦੀਨ ਬੰਧਨ ਮੈ ਡਾਰਾ।
ਅਰੁ ਸਾਹਿਬਜਾਦੋਂ ਕੇ ਵੈਰ। ਲੇਤ ਖਾਲਸਾ ਕਰੈ ਬਡੇਰ ॥ [੬੫॥]
ਪੁਨਿ ਬੰਦੇ[14] ਕਉ ਆਯਸ[15] ਦਈ। ਕਰੇ ਕਾਰ ਹੁਇ ਕੈ ਨਿਰਭਈ।
ਜਬ ਬੰਦਾ ਗੁਰ ਕਾ ਸਿਖ ਭਯੋ। ਤਬ ਗੁਰ ਸਸਤ੍ਰ ਤਾਕੋ ਦਯੋ ॥ [੬੬॥]
ਚਾਰ ਬੀਰ[16] ਤਾ ਕੇ ਵਸ ਦੀਨੇ। ਸਸਤ੍ਰ ਦੇਇ ਕਰ ਸਿਖ ਕਰ ਲੀਨੇ।
ਤੁਮ ਲੇਵੋ ਸਭ ਬੈਰ ਸੁਧਾਰੀ। ਸਿੰਘਨ ਜੁੱਧ ਰਹਤ ਸੁ ਸਿਖਾਰੀ ॥ [੬੭॥]

---

1. ਸ੍ਰੀ ਗੁਰੂ ਤੇਗ ਬਹਾਦੁਰ ਜੀ ਨੌਵੇਂ ਪਾਤਸ਼ਾਹ ਨੇ ਧਰਮ ਦਾ ਸੇਤੁ ਅਥਵਾ ਪੁਲ ਬੰਨ੍ਹਿਆ ਸੀ। 2. ਉਸ। 3. ਉਹੋ। 4. ਅਸੀਂ ਅਸਵਾਰਾ ਸਜਾਉਂਦੇ, ਅਰਥਾਤ-ਚੜ੍ਹਾਈ ਕਰਦੇ ਹਾਂ। 5. ਪਾਠਾਂਤਰ—'ਬੀਚ' (ਮੋ. ਬਾ. ੭੧)। 6. ਪੱਲਾ, ਲੜ। 7. ਨਿਕਟ ਹੋਵੇ। 8. ਪਾਠਾਂਤਰ—'ਲੀਏ' (ਮੋ. ਬਾ. ੭੧)। 9. ਮੂੰਹ। 10. ਗਿਣਤੀ। 11. ਓਜ (ਤਾਕਤ) ਨਾਲ। 12. ਭਾਵੇਂ। 13. ਤਾਂ ਵੀ। 14. ਬਾਬਾ ਬੰਦਾ ਬਹਾਦੁਰ। 15. ਆਗਿਆ। 16. ਚਾਰ ਜੋਧੇ ਸਿੱਖ।

ਤਬ ਬੰਦਾ ਗੁਰ ਆਯਸ ਪਾਏ। ਪਾਛੈ ਕਰੈ ਜੁੱਧ ਮਨ ਭਾਏ।
ਸੀਰੰਦ ਦਿੱਲੀ ਤੁਰਕ ਸੰਘਾਰੇ। ਦੇਸ ਪੰਜਾਬ ਕਰੈ ਜੰਗ ਭਾਰੇ ॥ [੬੮॥]
ਕਛੁਕ ਮਾਨ[1] ਭਜੋ ਤਾ ਮਨ ਮਾਹੀ। ਰਹਤ ਭੰਗ ਕਛੁ ਕਰੀ ਤਹਾਂ ਹੀ।
ਸ੍ਰੀ ਗੁਰ ਰਹਤ ਸਹਾਯਕ ਤਾਹੀ। ਜਾ ਕਰ ਸਭੈ ਬੀਰ ਚਿਟਕਾਹੀ ॥ [੬੯॥]
ਜਾ ਕਰ ਪਾਦ ਬੀਚ ਸਬ ਲਾਗੇ। ਸੋ ਗੁਰ ਸੰਤ ਸਹਾਈ ਪਾਗੇ।
ਬੰਦਾ ਕਰੈ ਜੁੱਧ ਮਨ ਭਾਏ। ਕਛੁਕ ਨਿਦੇਸ[2] ਗੁਰੂ ਤੇ ਪਾਏ ॥ [੭੦॥]
ਅਹੰਕਾਰ ਤੇ ਗੁਰ ਨ ਸਹਾਈ। ਤਾਕਰ ਗਯੋ ਸੁਰਗ ਕੋ ਧਾਈ।
ਅਬ ਸੁਨ ਗਾਥ ਗੁਰੂ ਕੀ ਪਜਾਰੈ। ਜਾ ਵਿਧਿ ਸਿੰਘਨਿ ਕੋ ਬਿਧਿ ਸਾਰੈ ॥ [੭੧॥]
"ਅਹੋ ਖਾਲਸਾ ! ਅਸ ਬਿਧਿ ਕੀਜੈ। ਲਰ ਮਰ ਕੇ ਤੁਰਕਨ ਦੁਖ ਦੀਜੈ ॥
ਸਵਾ ਲਾਖ ਜਬ ਸੀਸ ਲਗਾਏ। ਤਬ ਹੀ ਅੱਛਰ ਮੂਹਰ ਚੜ੍ਹਾਏ[3] ॥ [੭੨॥]
ਸਭ ਬਰਨੌਂ[4] ਪਰ ਕਰਹੈਂ ਰਾਜ। ਪ੍ਰਗਟ ਗੋਦਿ ਮੈ ਯਦਪਿ ਬਾਜ।
ਅੰਗ ਸੰਗ ਯਾ ਕੈ ਮੈ ਰਹੌਂ। ਰਹਿਤ ਥਾਨ ਚਸਮੰ ਪਰ[5] ਚਹੌਂ ॥੩੮॥ [੭੩॥]

ਸਵੈਯਾ। ਜੇ ਕਰ ਰਹਤ ਰਹੈਂ ਨਿਸ ਬਾਸਰ[6], ਜਾਇ ਅਕਾਲ ਕੇ ਮਾਹਿ ਰਹਾਈ।
ਤੁਰਕ ਕੀ ਨਾਰਿ ਸੋ ਸੰਗ ਕਰੈਂ ਨਹੀਂ, ਸੰਧਿਆ ਆਦਿ ਰਹਰਾਸ ਧਰਾਹੀ।
ਦੀਵਾਨ ਲਗਾਵਤ ਹੈ ਸਵਧਾਨ ਸੁ, ਤੁਰਕ ਵਿਸਾਹ ਕਬੈ ਨਹਿ ਖਾਈ।
ਜੋਇ ਮਲੇਛ[7] ਕੀ ਨਾਰਿ ਭਜੈ[8], ਤਿਹ ਦੂਖਨ ਲਾਇ ਕੈ ਡੰਡ ਦਿਵਾਈ ॥੩੯॥ [੭੪॥]

ਦੋਹਰਾ। ਈਹਾਂ ਸੁ ਆਇ ਅਬਚਲ ਨਗਰ[9], ਬਖਸਾਵੈ ਨਿਜ ਥਾਪ।
ਨਾਹਿ ਜਨਾਵੈ ਬਦਨ[10] ਤੇ, ਹੋਵੈ ਬੰਦੀ[11] ਆਪ ॥੪੦॥ [੭੫॥]
ਜੇਕਰ ਆਵੈ ਨਾਹਿ ਇਹ, ਬਖਸਾਵੈ ਤਿਹ ਜਾਯ।
ਜਾ ਦਿਵਾਨ ਮੈ ਸਿੰਘ ਵਡ, ਸੰਧਜਾ ਬੰਦਨ[12] ਗਾਯ ॥੪੧॥ [੭੬॥]
ਜੇ ਕਰ ਬਖਸਾਵੈ ਨਹੀਂ, ਭਜੋ ਮਲੇਛੀ ਸੰਗ।
ਸੋ ਤਨਖਾਹੀਆ ਹੋ ਰਹੈ, ਜੋ ਕਰਤੋ ਤਿਹ ਅੰਗ ॥੪੨॥ [੭੭॥]
ਤੀਨ ਪਹਰ ਪਸਚਮ ਰਹੌਂ, ਏਕ ਦਛਨੰ ਮਾਹਿ।
ਤੁਰਕਨ ਫੋੜਤ ਰਹੌਂ ਮੈਂ, ਨਹਿ ਏਕਨ ਜੀਅ ਆਹਿ ॥੪੩॥ [੭੮॥]
ਵੈ ਆਪਸ ਮੈ ਲਰੈਂ ਬਹੁ, ਏਕ ਫੋੜ ਮਿਲ ਜਾਇ।
ਸੰਗ ਖਾਲਸੇ ਲੈ ਧਏ, ਸਗਲ ਕੁਟੰਬ ਪਰਾਇ ॥੪੪॥ [੭੯॥]
ਜੋ ਹੰਕਾਰ ਪੰਥ ਨ ਕਰੈ, ਸੋ ਦੁਖ ਪਾਵੈ ਬੀਰ।
ਹੋਇ ਮਿਤ੍ਰ ਪੁਨਿ ਤਾ ਪਿਛੈ, ਕਰ ਹੌਂ ਔਰ ਸੁ ਧੀਰ ॥੪੫॥ [੮੦॥]
ਜਨਮ ਮਰਨ ਦੋਨੋ ਨਹੀ, ਮੋਕਹੁ[13] ਜਾਨਹੁ ਬੀਰ।
ਅੰਤ ਭੀਰ ਜਬ ਪਰੈਗੀ, ਕਰੋਂ ਸਹਾਯਤਾ ਧੀਰ ॥੪੬॥ [੮੧॥]

---

1. ਅਹੰਕਾਰ। 2. ਹੁਕਮ, ਆਗਿਆ। 3. ਅਰਥਾਤ-ਖ਼ਾਲਸੇ ਦਾ ਸਿੱਕਾ ਚਲੇਗਾ। 4. ਭਾਵ-ਜਾਤਾਂ। 5. ਅੱਖਾਂ। 6. ਨਿਸ (ਰਾਤ) ਤੇ ਵਾਸਰ (ਦਿਨ)। 7. ਭਾਵ-ਮੁਸਲਮਾਨ। 8. ਭੋਗੇ। 9. ਗੁਰੂ ਕੀ ਨਗਰੀ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ (ਨੰਦੇੜ, ਦੱਖਣ)। 10. ਮੂੰਹ। 11. ਬੰਧੂਆ, ਕੈਦੀ। 12. ਸੰਧਜਾ ਵੰਦਨ, ਸੰਧਿਆ ਸਮੇਂ ਦੇਵਤਿਆਂ ਨੂੰ ਨਮਸਕਾਰ ਕਰਨ ਦੀ ਕ੍ਰਿਆ। 13. ਮੈਨੂੰ।

**ਚੌਪਈ।** ਜਹਿ ਤੁਰਕਨ ਕੇ ਹੋਇ ਅਖਾਰੇ[1]। ਜਾਹਿ ਸੀਸ ਲਾਗੇ ਬਹੁ ਪਜਾਰੇ।
ਤਾਹਿ ਖਾਲਸਾ ਕਰ ਹੈ ਰਾਜ। ਸੀਸ ਲਗੇ ਜੋ ਸਤਿਗੁਰ ਕਾਜ ॥ [੮੨॥]
ਏ ਮਾਯਾ ਕੀ ਲੀਲਾ ਜਾਨ। ਜਨਮ ਮਰਨ ਦੋਨੋ ਨਹਿ ਮਾਨੋ।"
ਸੁਨਤ ਸਿਖ ਏ ਸਤਿਗੁਰ ਪਾਸ। ਪੁਨਿ ਕਰ ਜੋੜ ਕਰੀ ਅਰਦਾਸ ॥ [੮੩॥]
"ਕਾਰਨ ਕਰਨ ਸਮਰਥ ਸੁਆਮੀ। ਤੁਮ ਕੋ ਬੰਦ ਨਮਾਮਿ ਨਮਾਮੀ[2]।
ਨਵ[3] ਸਰੂਪ ਸਤਿਗੁਰ ਜੋ ਧਾਰੈ। ਤਿਨ ਮੈ ਏ ਮਿਰਜਾਦ ਬਿਚਾਰੈ ॥ [੮੪॥]
ਆਪਨ ਜੋਤ ਰਖੇ ਜੋ ਆਹੀ। ਕਰੈ ਬੰਦਨਾ[4] ਸਗਤਿ ਤਾਹੀ।
ਜੋ ਆਪਨ ਭਾਣਾ ਵਰਤਾਯ। ਤੌ ਸੰਗਤਿ ਕੋ ਲੜ ਪਕਰਾਯ" ॥ [੮੫॥]
ਸੁਨ ਸਿਖਨ ਕੇ ਬਚਨ ਅਪਾਰ। ਹੁਕਮ ਕੀਨ ਮੁਖ ਤੇ ਕਰਤਾਰ[5]।
"ਅਬ ਕਲਜੁਗ ਕੀ ਸੁਨੀਏ ਰੀਤ। ਏਕਸ ਪਰ ਨਹਿ ਹੋਇ ਪ੍ਰਤੀਤ ॥ [੮੬॥]
ਸਵਰੈਂ ਸ੍ਵਾਰਥ ਅਪਨੇ ਜਾਹ। ਬੰਦਨ ਕਰੈਂ ਲੋਕ ਸਭ ਤਾਹ।
ਧਨ ਅਰ ਮੰਤ੍ਰ ਜੰਤ੍ਰ ਸਭ ਜਾਨੇ। ਤਾਹਿ ਕਰੈ ਸੋ ਗੁਰੂ ਪਹਿਚਾਨੇ ॥ [੮੭॥]
ਨਾਹਿ ਮੋਛ ਕੀ ਬਾਛਾ[6] ਕਰ ਹੀ। ਆਗਲ[7] ਲੋਕ ਨ ਮਨ ਮਹਿ ਧਰ ਹੀ।
ਸਰ ਪਰ[8] ਅਪਨੋ ਕਾਰਜ ਹੋਯ। ਔਰ ਵਲੇਵਾ[9] ਪਰਚਾ ਜੋਯ ॥ [੮੮॥]
ਸਮ ਦਮ[10] ਮੁਕਤ ਨ ਕਾਈ ਰੀਤ। ਸਰ ਪਰ ਅਪਨੇ ਸ੍ਵਾਰਥ ਚੀਤ।
ਵੇਖਾ ਵੇਖੀ ਹੈ ਸੰਸਾਰ। ਗ੍ਰਿਹ ਗ੍ਰਿਹ ਮਾਨੈਗੋ ਗੁਰ ਦਜਾਰ[11] ॥ [੮੯॥]
ਸਿੱਖਨ ਕੇ ਗ੍ਰਿਹ ਗੁਰ ਨਿਤ ਜਾਹੀ। ਮਾਂਗੈਂ ਭੇਟ ਮੁਖੈਂ ਨਿਜ ਪਾਹੀ।
ਗੁਰੂ ਸਿੱਖ ਕਾ ਝਗਰਾ ਪਰੇ। ਵਾ ਕੋ ਛੋਡ ਔਰ ਚਿਤ ਧਰੈ ॥ [੯੦॥]
ਯਾ ਬਿਧਿ ਤੀਰਥ ਬ੍ਰਿਧ ਅਸਥਾਨਾ। ਹੋਤ ਬਿਕਾਰ ਲੋਭ ਅਗਜਾਨਾ।
ਸਾਤਵੰਤ ਪੂਜਨ ਨਹਿ ਜਾਨੈ। ਬੰਚਕ[12] ਬ੍ਰਿਛਕ[13] ਬਿਕਾਰ ਨ ਮਾਨੈ ॥ [੯੧॥]
ਗ੍ਰਿਹ ਗ੍ਰਿਹ ਪੋਥੀ ਗ੍ਰੰਥ ਲਿਖਾਹੀ। ਪੂਜਾ ਭਖਤ[14] ਭਜਨ ਨਹਿ ਗ੍ਰਾਹੀ[15]।
ਹਰਿ ਸਿਮਰਨ ਬਿਨ ਕਾਮ ਵਿਕਾਰੀ। ਸੰਤ ਕਹਾਵੈਂ ਚਿਤ ਪਰ ਨਾਰੀ ॥ [੯੨॥]
ਤਾਂ ਤੇ ਘੋਰ ਕਲੂ ਕੇ ਮਾਹੀ। ਸੰਤ ਦੁਰੈਂ[16] ਰਵਿ ਘਨ ਸਮ[17] ਤਾਹੀ।
ਤਾਂ ਤੇ ਜੋ ਮੁਹ ਸਿਖ ਸੁਜਾਨਾ। ਮਾਨੇ ਗੁਰੂ ਗ੍ਰੰਥ ਭਗਵਾਨਾ ॥ [੯੩॥]
ਮੋ ਨਿਜ ਬਪੁ[18] ਯਾ ਸਮ ਕੋ ਨਾਹੀ। ਪੂਰਬ ਸ੍ਰੀ ਗੁਰ ਨਾਨਕ ਆਹੀ।
ਪੂਰਬ ਸ੍ਰੀ ਗੁਰ ਨਾਨਕ ਦੇਵਾ। ਬਾਂਛਾ ਬੰਦ ਸਰੂਪ ਨ ਭੇਵਾ[19] ॥ [੯੪॥]
ਬੁਢੇ ਰਾਮ ਦਾਸ ਪ੍ਰਤਿ ਜੋਯ। ਆਗਜਾ ਕਰੀ ਆਪ ਗੁਰ ਸੋਯ।
ਦਸ ਅਵਤਾਰ ਹਮਾਰੇ ਜਾਨ। ਤੁਮਰੀ ਕੁਲ ਹੋਇ ਹੈ ਪਰਧਾਨ ॥ [੯੫॥]
ਦਸ ਅਵਤਾਰ ਗੁਪਤ ਹ੍ਵੈ ਜਾਂਹਿ। ਕੁਲ ਨਹਿ ਪ੍ਰਗਟੈਗੀ ਪੁਨਿ ਤਾਹਿ।

---

1. ਜੰਗ, ਯੁੱਧ। 2. ਅਰਥਾਤ-ਮੈਂ ਤੁਹਾਨੂੰ ਨਮਸਕਾਰ ਕਰਦਾ ਹਾਂ। 3. ਨੌਂ; ੯। 4 ਨਮਸਕਾਰ। 5. ਕਰਤਾ ਪੁਰਖ ਸ੍ਰੀ ਦਸ਼ਮੇਸ਼ ਜੀ ਨੇ। 6. ਇੱਛਾ। 7. ਅਗਲੇ। 8. ਨਿਰਸੰਦੇਹ, ਬਿਨਾ ਸ਼ੱਕ। 9. ਧਨ-ਪਦਾਰਥ। 10. ਸਮ, ਦਮ ਆਦਿ ਖਟ ਸੰਪਦਾ। 11. ਕਰੁਣਾ ਵਾਲਾ, ਰਹੀਮ। 12. ਠੱਗ। 13. ਬਲੀ। 14. ਭਖਦੇ, ਖਾਂਦੇ। 15. ਗ੍ਰਹਿਣ ਨਹੀਂ ਕਰਦੇ। 16. ਲੁਕਣਗੇ। 17. ਜਿਵੇਂ ਰਵਿ (ਸੂਰਜ) ਘਨ (ਬੱਦਲਾਂ) ਵਿਚ ਲੁਕ ਜਾਂਦਾ ਹੈ। 18. ਸ਼ਰੀਰ। 19. ਪਾਠਾਂਤਰ—'ਬਾਂਛਾ ਬੀ ਦਸ ਰੂਪ ਨ ਭੇਵਾ' (ਮੋ. ਬਾ. ੭੧)।

ਗੁਰਿਆਈ ਕਾ ਨਹਿ ਅਬ ਕਾਲ[1]। ਤਿਲਕ ਨ ਦੇਵਹਿਗੇ ਕਿਸ ਭਾਲ[2] ॥ [੯੬॥]
ਸਰਬ ਸੁ ਸੰਗਤਿ ਖਾਲਸ ਮਾਨ। ਸ੍ਰੀ ਅਸਿਕੇਤੁ[3] ਗੋਦ ਮੈ ਜਾਨ
ਲੜ ਪਕੜਾਇ ਸਬਦ ਕਾ ਰੂਪ। ਜੋ ਮਾਨੇ ਸੋ ਸਿੰਘ ਅਨੂਪ ॥ [੯੭॥]
ਦਰਸਨ ਗੁਰ ਕਾ ਹੈ ਸਵਧਾਨ। ਸ੍ਰੀ ਗ੍ਰੰਥ ਜੀ ਸਾਹਿਬ ਮਾਨ।
ਲੈ ਆਵੋ ਤਾ ਕੋ ਯਾ ਥਾਨਾ।" ਲੈ ਆਏ ਗੁਰ ਦਸਮ ਸੁਜਾਨਾ ॥ [੯੮॥]
ਸੁਨ ਕੈ ਕਹਾ ਏਹੁ ਇਤਿਹਾਸ। "ਚਲੋ ਆਦਿ ਸਤਿਗੁਰ ਕੇ ਪਾਸ।"
ਤਬ ਪੁਨਿ ਆਪ ਉਠੇ ਸਭ ਸੰਗਾ। ਪੈਸੇ ਪਾਂਚ ਨਲੀਏਰ ਸੁ ਅੰਗਾ ॥ [੯੯॥]
ਲੈ ਕੇ ਤਾਹਿ ਅਰਪ[4] ਕੀ ਬੰਦਨ[5]। ਪ੍ਰਦੱਖਨ[6] ਕਰਤੇ ਮਨ ਰੰਗਨ।
ਕਹਾ, "ਜੋਇ ਬਚ ਕੀਨਾ ਚਾਹੇ। ਪਾਠ ਕਰੈ ਗੁਰ ਕੇ ਸੁਖ ਪਾਏ ॥ [੧੦੦॥]
ਯਾ ਸਮ ਔਰ ਕੋਈ ਗੁਰ ਨਾਹੀ। ਬਿਨਾ ਕਾਨ ਸਚੁ ਬਾਕ ਭਨਾਹੀ[7]।
ਯੱਦਪਿ[8] ਰਾਜੈ ਕੈ ਹੋਇ ਪਾਸ। ਤਦਪਿ[9] ਨ ਚਾਹੈ ਮਾਨਤ ਤਾਸ[10] ॥ [੧੦੧॥]

ਐਸੇ ਕਹੈ ਹੈ:

ਕਲਿ ਕਾਤੀ ਰਾਜੇ ਕਾਸਾਈ। ਬੁਰਾ ਭਲਾ ਨ ਮਾਨਤੇ ਹੈਂ।
ਯਾ ਬਿਧਿ ਔਰ ਗੁਰੂ ਨਹਿ ਕਹਿਹੀ। ਤਾਤੇ ਸਾਚੋ ਗੁਰ ਯਹਿ ਚਹਿਹੀ ॥ [੧੦੨॥]
ਯਾ ਦਰਸਨ ਤੇ ਪਾਪ ਨਸਾਹੀ। ਯਾ ਬਚ ਧਾਰੇ ਮੋਖ ਪਦਾ ਹੀ[11]।
ਸਭ ਸੰਗਤਿ ਕੋ ਕਹੈਂ ਸੁਨਾਈ। ਅਪਵਰਗ[12] ਆਦਿ ਪਦ ਚਾਰ[13] ਲਖਾਹੀ ॥ [੧੦੩॥]
ਰਿਧਿ ਸਿਧਿ ਸਭ ਸਾਧਨ ਗਜਾਨਾ। ਪ੍ਰਾਪਤਿ ਹੋਇ ਯਾਹਿ ਹਿਤ ਠਾਨਾ।
ਗਜਾਨ ਬੈਰਾਗ ਅਨੇਕ ਲਖਾਈ। ਅੰਮ੍ਰਿਤ ਵੇਲੇ ਯਾ ਦਰਸਾਈ ॥ [੧੦੪॥]
ਅੰਮ੍ਰਿਤ ਸਮੈ ਚਾਹੀਐ ਐਸੇ। ਕਰ ਸਨਾਨ ਮੁਖ ਮੰਜਨ ਵੈਸੇ।
ਸੁਚ ਪਾਵਨ[14] ਹੋਇ ਪੂਰਬ ਨਾਗਾ[15]। ਕਰੈ ਦਰਸ ਗੁਰ ਕੋ ਵਡ ਭਾਗਾ ॥ [੧੦੫॥]
ਸ੍ਰੀ ਜਪੁ ਪਠ ਮੰਤ੍ਰ ਗੁਰ ਕੇਰਾ[16]। ਵਾਤੋ ਪੁਨਿ ਕਾਰਜ ਚਹੈ ਬੇਰਾ।
ਐਸ ਗਉੜੀ ਵਾਰ[17] ਮਹਿ ਕਹਾ ਹੈ ਸੋ ਰਹਤ ਕਰੈਂ:
"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੋ ਭਲਕੇ ਉਠਿ ਹਰਿਨਾਮੁ ਧਿਆਵੈ ॥ [੧੦੬॥]
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭਿ ਕਿਲ ਵਿਖ ਪਾਪ ਦੋਖ ਲਹਿ ਜਾਵੈ ॥ [੧੦੭॥]
ਫਿਰਿ ਚੜੈ ਦਿਵਸੁ ਗੁਰ ਬਾਣੀ ਗਾਵੈ, ਬਹਦਿਆ ਉਠਦਿਆ ਹਰਿਨਾਮੁ ਧਿਆਵੈ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰ ਸਿਖੁ ਗੁਰੂ ਮਾਨ ਭਾਵੈ ॥ [੧੦੮॥]
ਜਿਸ ਨੋ ਦਇਆਲ ਹੋਵੈ ਮੇਰਾ ਸੁਆਮੀ, ਤਿਸੁ ਗੁਰ ਸਿਖ ਗੁਰੂ ਉਪਦੇਸੁ ਸੁਣਾਵੈ।

---

1. ਸਮਾਂ। 2. ਮੱਥੇ ਪਰ। 3. ਖੜਗ ਕੇਤੁ, ਅਕਾਲ ਪੁਰਖ। 4. ਭੇਟਾ। 5. ਨਮਸਕਾਰ। 6. ਪ੍ਰਕਰਮਾ। 7. ਭਨੇ (ਕਹੇ) ਹਨ। 8. ਭਾਵੇਂ, ਚਾਹੇ। 9. ਤਾਂ ਵੀ। 10. ਤਿਸ (ਉਸ) ਨੂੰ। 11. ਮੁਕਤ ਪਦਵੀ। 12. ਮੋਖ, ਮੁਕਤੀ। 14. ਧਰਮ, ਅਰਥ, ਕਾਮ ਅਤੇ ਮੋਖ। 15. ਪਵਿਤ੍ਰ। 16. ਨਾਗ (ਦਿਨ) ਚੜ੍ਹਨ ਤੋਂ ਪੂਰਬ (ਪਹਿਲਾਂ), ਸਵੇਰੇ ਹੀ। 16. ਗੁਰੂ ਦਾ ਮੰਤ੍ਰ ਪੜ੍ਹੇ। 17. ਮ. ੪। ਇਸ ਸ਼ਬਦ ਵਿਚ ਆਦਿ *ਸ੍ਰੀ ਗੁਰੂ ਗ੍ਰੰਥ* ਸਾਹਿਬ ਜੀ ਤਰਤੀਬ ਤੋਂ ਬਾਹਰ ਛੰਦ-ਅੰਕ ੧੦੩, ੧੦੪, ੧੦੫ ਤੇ ੧੦੬ ਲਗੇ ਹੋਏ ਹਨ ਜੋ ਕੇਵਲ ਛੰਦ ਦੀਆਂ ਚੌਂ ਤੁਕੀਆਂ ਦੇ ਪ੍ਰਤੀਕ ਹਨ। ਇਸ ਤੋਂ ਬਿਨਾਂ ਏਥੇ ਹੋਰ ਇਨ੍ਹਾਂ ਅੰਕਾਂ ਦਾ ਕੋਈ ਮਤਲਬ ਨਹੀਂ ਹੈ।

ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰ ਸਿਖ ਕੀ, ਜੋ ਆਪ ਜਪੈ ਅਵਰਹ ਨਾਮੁ ਜਪਾਵੈ।
ਯਾ ਬਿਧਿ ਰਹਿ ਰਾਸ ਜਪ ਮੰਤ੍ਰ ਰਹਤ ਚਾਹੈ ਕਰਨੀ[1] ॥ [੧੦੯॥]

**ਚੌਪਈ।** ਇਕ ਅੰਮ੍ਰਿਤ ਵੇਲਾ ਨਰ ਦੇਹੀ। ਸਵਾ ਜਾਮ[2] ਪੁਨਿ ਸੰਗਤਿ ਏਹੀ।"
ਤੇ ਅੰਮ੍ਰਿਤ ਵੇਲਾ ਕੋ ਪਾਜ। ਹਰਿ ਸਿਮਰਨ ਨਰ ਮਖ ਲਹਾਇ[3]" ॥੪੭॥ [੧੧੦॥]

**ਸਵੈਯਾ।** ਯਾ ਬਿਧਿ ਰਹਤ ਕਹੀ ਗੁਰ ਜੀ ਤਬ, ਰਾਤ ਬਿਤੀਤ ਭਈ ਸਬ ਸਾਰੀ।
ਤਾ ਸਮੈ ਆਨ ਪੜ੍ਹੀ ਗੁਰ ਸਿਖਨ, ਆਸਾ ਕੀ ਵਾਰ ਬਜੰਤ੍ਰ[4] ਅਪਾਰੀ।
ਵਾਰ ਸਮਪਤਿ ਪ੍ਰਾਤ[5] ਭਯੋ, ਤਬ ਬੀਸ ਸਹੰਸ੍ਰ[6] ਦਾਮ[7] ਉਚਾਰੀ।
ਕਨਕ ਸੁ ਭੂਖਨ[8] ਬਾਂਟ ਦਏ ਪੁਨਿ, ਚਾਰ ਪਦਾਰਥ ਭਾਵਨ ਭਾਰੀ ॥੪੮॥ [੧੧੧॥]
ਸੰਗਤਿ ਸਿਖ ਰਬਾਬੀ ਭਲੇ ਅਰੁ ਢਾਢੀ ਸੁ ਗਾਵਤ ਹੈਂ ਗੁਰ ਪਾਹੀ।
ਬਾਂਟਤ ਸੋ ਸੁਨ ਪਹਰ ਚੜ੍ਹਜੋ ਦਿਨ, ਸੰਗਤ ਕੋ ਪੁਨਿ ਐਸ ਅਲਾਈ।
ਪੰਚ ਭੂਤਕ ਦੇਹ ਬਿਨਾਸ ਕਹੈਂ ਪੁਨਿ ਆਤਮ ਜਾਨ ਅਲੋਪ ਰਹਾਂਹੀ।
ਜਜੋਂ ਨਲੀਏਰ ਫਲੰ ਗਤ ਦੂਖਨ, ਜਜੋਂ ਨਭ[9] ਜਾਨ ਘਟੰ ਮਟ[10] ਮਾਹੀ ॥੪੯॥ [੧੧੨॥]

**ਚੌਪਈ।** ਨੀਰ[11] ਬੁਦਾਬੁਦਾ[12] ਏਕੈ ਮਾਨੋ। ਤਾ ਕੋ ਭੇਦ ਸੁ ਵਾਚ ਪਛਾਨੋ।
ਤਜੋਂ ਈਸਰ ਮੈ ਕਲਪਿਤ ਜੀਵਾ। ਸ੍ਰਿਜ[13] ਪਾਲਨ ਸੰਘਾਰਨ[14] ਥੀਵਾ[15] ॥ [੧੧੩॥]
ਵਿਖੈ ਨੇਮ ਸਮ ਦਮ ਕੇ ਧਾਰੇ। ਸ੍ਰਵਨਲ ਸਿਮਰਨ ਮਨਲ ਨਿਹਾਰੇ[16]।
ਲਹਿ ਸਮਾਧ ਪੁਨਿ ਅਕ੍ਰੈ[17] ਹੋਈ। ਗਜਾਨੀ ਸੋਗ ਹਰਖ ਗਤ[18] ਸੋਈ ॥ [੧੧੪॥]
ਜੇ ਜੀਵਤ ਨਿਜ ਸਦਾ ਰਹਾਹੀ। ਤੌ ਪੁਨਿ ਸੋਗ ਹਰਖ ਧਰ ਭਾਈ।
ਜਿਮ ਨੌਕਾ[19] ਜਨ ਸੰਗਤ ਮਾਨਾ। ਤਜੋਂ ਸੰਸਾਰ ਸੁਤ ਬੰਧ[20] ਪਛਾਨਾ ॥ [੧੧੫॥]
ਖੇਤ੍ਰ ਮਾਹਿ ਬੀਰਜ[21] ਕੋ ਸੰਧ[22]। ਦੇਸ ਦੇਸ ਕੇ ਮਾਹਿ ਰਵੰਤ[23]।
ਨਟ ਤਰੰਗ[24] ਉਪ ਤਲੈ[25] ਕਹੂੰ ਜਨ। ਤਾਤੇ ਕਰਮ ਚਾਹੈ ਬੰਧਨ ਗਨ ॥ [੧੧੬॥]
ਤਾ ਪੰਥਨ ਤੇ ਜੂਨਨਿ ਮਾਹੀ। ਭੋ ਗਤ ਜੀਵ ਸੁ ਤਾ ਤਤ ਆਹੀ।
ਜਹਿ ਜਾਵੈ ਤਹਿ ਮਮਤਾ ਧਾਰੀ। ਭੋਗਤ ਦੇਹ ਚੈਤੰਨ ਪ੍ਰਕਾਰੀ ॥ [੧੧੭॥]
ਭੋਗ ਚੌਰਾਸੀ ਅੰਤ ਮਯਾ[26] ਕਰ। ਲਹਤ[27] ਦੇਹ ਮਾਨੁਖ ਕੀ ਆਤੁਰ[28]।
ਮਾਤ ਗਰਭ ਮੈ ਅਤਿ ਦੁਖ ਪਾਏ। ਜੇਰ ਗ੍ਰਿੰਥਿ[29] ਮੈ ਸਿਰ ਤਲਵਾਏ[30] ॥ [੧੧੮॥]
ਲੋਹ ਤਾਰ[31] ਜਿਮ ਜਨਮ ਲਹਾਈ[32]। ਪੁਨਿ ਬਾਲਕ ਮੈ ਅਤਿ ਦੁਖ ਪਾਈ।
ਜਵਾ ਬ੍ਰਿਧ ਪੁਨਿ ਦੂਖਨ ਧਾਮਾ। ਇਕ ਸਤਿਸੰਗਤਿ ਮੈ ਬਿਸ੍ਰਾਮਾ ॥੫੦॥ [੧੧੯॥]

---

1. ਏਥੇ ਮੂਲ ਪੁਸਤਕ ਵਿਚ ਕੋਈ ਕ੍ਰਮ-ਅੰਕ ਨਹੀਂ ਹੈ। 2. ਪਹਰ। 3. ਲਹੇ, ਪ੍ਰਾਪਤ ਕਰੇ। 4. ਵਾਜੇ, ਸਾਜ਼। 5. ਸਵੇਰਾ ਪ੍ਰਾਤਹਕਾਲ। 6. ਵੀਹ ਹਜ਼ਾਰ। 7. ਤਾਂਬੇ ਦਾ ਇਕ ਪੁਰਾਣਾ ਸਿੱਕਾ, ਜੋ ਰੁਪਏ ਦਾ ੪੦ਵਾਂ ਜਾਂ ੫੦ ਵਾਂ ਹਿੱਸਾ ਸੀ। 8. ਕਨਕ (ਸੋਨੇ) ਦੇ ਭੂਖਨ (ਗਹਣੇ)। 9. ਆਕਾਸ਼। 10. ਘਟਾਕਾਸ਼ (ਘੜੇ ਦਾ ਆਕਾਸ਼ ਅਥਵਾ ਪੁਲਾੜ) ਤੇ ਮਟਾਕਾਸ਼ (ਮਟ ਦਾ ਆਕਾਸ਼ ਅਥਵਾ ਪੁਲਾੜ) 11. ਪਾਣੀ। 12. ਬੁਲਬੁਲਾ 13. ਸਾਜਣਾ। 14. ਨਾਸ਼ ਕਰਨਾ। 15. ਹੋਇਆ। 16. ਪਾਠਾਂਤਰ—'ਕਟਾਰੇ' (ਮੋ. ਬਾ. ੭੧)। 17. ਅਕ੍ਰਿਯ, ਕ੍ਰਿਆ ਰਹਿਤ। 18. ਹਰਖ ਸੋਗ ਤੋਂ ਰਹਿਤ। 19. ਬੇੜੀ, ਕਿਸ਼ਤੀ। 20. ਸਤ (ਪੁ) ਤੇ ਬੰਧੁ (ਭਾਈ)। 21. ਬੀਜ। 22. ਸੰਧੀ, ਜੋੜ। 23. ਰਵਦੀ (ਚਲਦੀ) ਹੈ। 24. ਨਟ ਦੀ ਤਰੰਗ ਵਾਂਗੂ। 25. ਉਪਰ ਤੇ ਹੇਠਾਂ। 26. ਕ੍ਰਿਪਾ। 27. ਪ੍ਰਾਪਤ ਕਰਦਾ ਹੈ। 28. ਦੁਖੀ ਹੋ ਕੇ। 29. ਜ਼ੇਰ ਦੀਆਂ ਗੰਢਾਂ ਵਿਚ। 30. ਉਲਟਾ ਹੋ ਕੇ। 31. ਲੋਹੇ ਦੀ ਤਾਰ ਵਾਂਗੂ। 32. ਜਨਮ ਲੈ ਕੇ।

ਦੋਹਰਾ। ਜਬ ਬਿਬੇਕ[1] ਪ੍ਰਗਟੈ ਰਿਦੈ, ਖਟ ਗੁਨ[2] ਕਰੈ ਨਿਵਾਸ।
ਜਨਮ ਮਰਨ ਭ੍ਰਮ ਭਾਸ[3] ਹੈ, ਜਿਮ ਰਜੁ[4] ਲਖ ਅਹਿ[5] ਨਾਸ ॥੫੧॥ [੧੨੦॥]

ਚੌਪਈ। ਯਹਿ ਉਪਦੇਸ ਕਰਤ ਬਹੁ ਬਾਰਾ। ਗੁਰਦਿਤ ਸਿੰਘ ਆਯੋ ਮਤਿ ਸਾਰਾ।
ਕਰੀ ਅਰਜ, "ਏ ਸਾਚੇ ਸਾਹ! ਅਬ ਦਿਨ ਜਾਮ[6] ਚੜ੍ਹਯੋ ਹੈ ਆਹ।
ਖੁਦ ਜੋ ਹੁਕਮ ਕੀਆ ਕਰਤਾਰ। ਸੋ ਪ੍ਰਸਾਦਿ ਭਯੋ ਤਈਆਰ" ॥੫੨॥ [੧੨੧॥]

ਸਵੈਯਾ। ਯੌਂ ਤਬ ਆਇਸ ਕੀ ਗੁਰ ਦੇਵ ਜੀ, "ਸਿੱਖਨ ਮੈ ਅਰਦਾਸ ਕਰਾਵੈਂ।
ਦੀਨ ਅਨਾਥਨ ਕੋ ਬਹੁ ਭਾਂਤਿਨ, ਬਾਂਟਨ ਹੇਤ ਸੁ ਸਿਖ ਪਠਾਵੈਂ।
ਇਸੀ ਪ੍ਰਕਾਰ ਸੁ ਬਾਂਟਤ ਬਾਂਟਤ, ਪਹਰ ਰਹਯੋ ਦਿਨ ਤਾਹ ਤੇ ਆਵੈਂ।
ਤੀਰ ਕਮਾਣ ਸੁ ਲੈ ਕਰ ਹਾਥ ਮੈ, ਤੀਰ ਚਲਾਇ ਨੀਸਾਨ ਬਤਾਵੈਂ ॥੫੩॥ [੧੨੨॥]
ਯੌਂ ਸੁਨ ਤੁਰਕ ਬਡੇ ਤਹ ਆਵਤ, ਸਾਹਿਬ ਕੋ ਇਹ ਭਾਂਤਿ ਅਲਾਵੈਂ।
"ਗੁਰਸਤਾਨ[7] ਮਹਾਨ ਸੁ ਪੀਰਨ ਕੋ ਇਹ, ਜਾਇ[8] ਨਹੀਂ ਇਹ ਭਾਂਤਿ ਸੁਨਾਵੈਂ।"
ਯੌਂ ਸੁਨ ਬਾਕ ਨੀਸਾਨ ਦਈ ਤਹਿ, ਦੀਦ[9] ਜਿਮੀ ਦਰ[10] ਖੇਦ ਮਿਟਾਵੈਂ।
ਨਗੀਨ ਅਸਥਾਨ ਕਰੀ ਸੁ ਕਨਾਤਹ, ਚੰਦਨ ਬੀਚ ਚਿਤਾ ਮੈ ਧਰਾਵੈਂ ॥੫੪॥ [੧੨੩॥]
ਪੂਰਬ[11] ਕਾਲ ਮੈ ਚੰਦਨ ਲੈ ਕਰ, ਸਿਖ ਲਬਾਨਾ ਤਹਾ ਮਿਲ ਆਏ।
ਪਾਂਚ ਸਹੰਸ੍ਰ[12] ਸੋ ਰੋਕਨ[13] ਕੋ ਅਤਿ[14], ਚੰਦਨ ਲੇ ਇਕ ਠੌਰ ਧਰਾਏ।
ਤਹ ਕੀ ਪ੍ਰਵਾਨਗੀ ਆਪ ਦਈ, ਅਤਿਸੈ[15] ਕਰ ਸਿੱਖ ਚਿਤਾ ਸੁ ਬਨਾਏ।
ਆਪ ਸਨਾਨ ਕਰਯੋ ਸਹ ਕੇਸਨ[16], ਕੇਸਰੀ ਖਯੋਮ ਪਟੰ[17] ਪਹਿਰਾਏ ॥੫੫॥ [੧੨੪॥]

ਛੰਦ। ਕਲਗੀ ਜਿਗਾ ਪਟ ਭੂਖਨੰ ਯੁਤ, ਸਯੰਕਾਲ[18] ਬਿਹਾਵਹੀ।
ਸਨੱਧ ਬੱਧਨ[19] ਕਰਮ ਸਰ ਧਰ, ਮਾਰ ਜਾਇ ਬਿਤਾਵਹੀ।
ਤਾ ਸਮੈ ਮਜਲਸ ਰਾਇ ਭੀ, ਕਰ ਜੋੜ ਸੰਗਤਿ ਸਹਿ ਭਏ।
ਤਾ ਸਮੈ ਨੈਨ ਬਿਰਾਗ ਕੇ ਯਹਿ ਰੂਪ ਪੇਖਤ ਗੁਰ ਠਏ।
ਯਾ ਭਾਂਤਿ ਸੰਗਤਿ ਕੋ ਬਿਆਕੁਲ, ਪੇਖ ਬੈਨ ਅਲਾਵਹੀ।
"ਸਰਬ ਸੰਗਤਿ ਰੂਪ ਮੇਰੋ, ਜੋ ਆਬੈ ਨ ਕਮਾਵਹੀ।
ਉਪਦੇਸ ਮੇਰੋ ਚਿਤ ਮੈ ਅਰੁ ਰਹਤ ਸਿੰਘਨ ਕੀ ਕਰੈ।
ਮੈਂ ਅੰਗ ਸੰਗ ਸੁ ਤਾਹਿ ਕੇ, ਯਹਿ ਬਾਤ ਸਾਚੋ ਹੈ ਰਰੈ[20] ॥੫੬॥ [੧੨੫॥]

ਝੂਲਨਾ। ਤਹਿ ਕਾਲ ਮੋ ਸਿੰਘ ਅਰਦਾਸ ਕੀਨੀ, "ਸੱਚੇ ਸਾਹ ਜੀ, ਮਾਤ ਸਾਹਿਬ ਜੋ ਦੇਵੀ।
ਆਪ ਵਿਜੋਗ ਸਹਾਰ ਜਾਨੈ ਨਹੀ, ਹੁਕਮ ਦਰਗਾਹ ਕਾ ਸਹੇ ਖੇਵੀ[21]।
ਲਿਖੇ ਜੋ ਅੰਕ ਵਿਧਿ[22] ਅੰਕ ਪਰਪੰਚ ਨੇ, ਤਾਹਿ ਕੇ ਬੈਨ ਮਿਟਾਇ ਦੇਵੀ।"

---

1. ਗਿਆਨ, ਵਿਚਾਰ। 2. ਨੀਤੀ ਦੇ ਛੇ ਅੰਗ- ਸੰਧਿ (ਮੁਲਾਕਾਤ, ਸੁਲਾ) ਵਿਗ੍ਰਹ (ਜੰਗ), ਯਾਨ (ਦੁਸ਼ਮਨ ਉਤੇ ਚੜ੍ਹਾਈ ਆਸਨ (ਕਿਸੇ ਥਾਂ ਆਸਨ ਜਮਾਉਣਾ), ਸੰਸ਼੍ਰਯ (ਕਿਸੇ ਬਲਵਾਨ ਦਾ ਆਸਰਾ ਲੈਣਾ) ਤੇ ਦ੍ਵੈਧੀ ਭਾਵ (ਫੋਟਕ ਪਾਉਣਾ)। 3. ਮਾਲੂਮ ਹੁੰਦਾ। 4. ਰੱਸੀ। 5. ਸੱਪ। 6. ਪਹਲ। 7. ਗੋਰਿਸਤਾਨ, ਕਬਰਿਸਤਾਨ। 8. ਜਗ੍ਹਾ, ਥਾਂ। 9. ਦੇਖ। 10. ਵਿਚ। 11. ਪਹਲੇ ਸਮੇਂ। 12. ਪੰਜ ਹਜ਼ਾਰ। 13. ਨਕਦ। 14. ਪਾਠਾਂਤਰ—'ਸੁਭ' (ਮੋ. ਬਾ. ੭੧)। 15. ਅਤਿਸ਼ਯ, ਬਹੁਤ ਅਧਿਕ। 16. ਕੇਸਾਂ ਸਮੇਤ। 17. ਰੇਸ਼ਮੀ ਕੱਪੜੇ। 18. ਸ਼ਾਮ। 19. ਹਥਿਆਰ ਬੰਦ ਹੋ ਕੇ। 20. ਬੋਲੇ। 21. ਗੁਜ਼ਾਰਨਾ। 22. ਕਰਤਾਰ, ਵਿਧਾਤਾ।

ਯਹਿ ਭਾਂਤਿ ਜੋ ਹੁਕਮ ਹਜੂਰ ਆਗਜਾ ਦਈ, ਬਾਤ ਸੋ ਮਾਨ ਕੇ ਸੀਸ ਲੇਵੀ ॥੫੭॥ [੧੨੬॥]
ਯਹਿ ਭਾਂਤਿ ਹਜੂਰ ਨੇ ਤਾਹਿ ਅਗਜ ਦਈ, "ਸੰਗ ਨਹੀ ਜਲਨਾ ਜੋਗ ਮੇਰੇ।
ਯਾ ਲਿਖੇ ਜੋ ਅੰਗ ਵਿਜੋਗ ਜਾਨੋ, ਸਹੀ ਰਹੈਂਗੇ ਕਾਲ ਕਛੁ ਸਾਸ ਤੇਰੇ।
ਮੋਹ[1] ਤੇ ਅਲਪ[2] ਕਛੁ ਕਾਲ ਪੀਛੈ ਰਹੈਂ, ਬਾਤ ਕੋ ਮਾਨੀਐ ਛਾਡ ਧੇਰੇ[3]।
ਤਾਹਿ ਮੋ ਜਾਇਕੈ ਪ੍ਰਾਨ ਛੂਟੈਂ ਜਬੈ, ਗਾਂਠ ਸੰਦੇਹ ਕੀ ਦੇਹ ਛੋਰੇ" ॥੫੮॥ [੧੨੭॥]

**ਦੋਹਰਾ।** ਏਕ ਸਿੰਘ ਕਲਾਲ ਕੋ, ਔਰ ਪੰਚ ਪੁਨਿ ਜਾਨ।
ਮਾਤਾ ਕੀ ਅਤਿ ਟਹਿਲ ਮੋ, ਸੌਂਪੇ ਅਤਿ ਹਿਤ ਮਾਨ ॥੫੯॥ [੧੨੮॥]
ਮਾਤਾ ਜੀ ਤਬ ਆਇ ਕੇ, ਰਹੇ ਦਿਲੀ ਬਰ ਗਾਹਿ।
ਸੁਧਾ ਸਰੋਵਰ ਗਏ ਦੋ, ਪੂਤ ਜੋ ਤਿਨ ਕੇ ਆਹਿ ॥੬੦॥ [੧੨੯॥]
ਏਕ ਸਿੰਘ ਹੈ ਥਾਨ ਸਿੰਘ, ਮਾਨ ਸਿੰਘ ਦੂਈ ਮਾਨ।
ਜਾਤਿ ਕਲਾਲ ਸੁ ਤਾਹਿ ਕੀ, ਰਹੈਂ ਹਜੂਰ ਪ੍ਰਮਾਨ ॥੬੧॥ [੧੩੦॥]
ਵੇਖ ਵਿਚਿਤ੍ਰ ਵਿਲਾਸ ਕੋ, ਬਿਸਮ[4] ਭਏ ਮਨ ਮਾਹਿ।
ਨੈਨਨ[5] ਮੋ ਕਰੁਨਾ[6] ਅਏ, ਵਜਾਕੁਲ[7] ਭਏ ਲਖਾਹਿ ॥੬੨॥ [੧੩੧॥]

**ਚੌਪਈ।** ਤਬ ਹਜੂਰ ਯਾ ਭਾਂਤਿ ਅਲਾਏ। ਸੁਖਮਨੀ ਕੇ ਬਾਕ ਸੁਨਾਏ।
"ਨਾਹਿ ਕਿਛੁ ਜਨਮੈ ਨਹ ਕਿਛੁ ਮਰੈ। ਆਪਨ ਚਲਿਤੁ ਆਪ ਹੀ ਕਰੈ[8]" ॥ [੧੩੨॥]
ਤੀਨੋ ਕਾਲ ਦੇਹਿ ਹੈ ਨਾਹਿ। ਆਤਮ ਮੈ ਕਲਪਿਤ ਜਗ ਆਹਿ।
ਰਵਿ ਮਰੀਚ ਨਹਿ ਨੀਰ ਸੋ ਮਾਨ। ਸਤ ਅਰੁ ਅਸਤ ਦੂਤੀ ਨਹਿ ਮਾਨ ॥ [੧੩੩॥]
ਸੁਪਨ ਲੀਨ ਅਗਜਾਨੀ ਸਾਚਾ। ਜਾਗਤ ਗਜਾਨੀ ਮੈ ਭ੍ਰਮ ਕਾਚਾ।
ਮਾਖਨ ਛਾਛ[9] ਮਾਹਿ ਜਜੋਂ ਅਹੇ। ਜੀਵਨ ਮੁਕਤਿ ਤਿਵੈ ਨਿਰਬਹੈ ॥ [੧੩੪॥]
ਜੋ ਸਿਖ ਰਹਤ ਧਰੈ ਮੋ ਪਜਾਰਾ। ਅੰਗ ਸੰਗ ਤਾਕੇ ਹੋ ਸਾਰਾ।
ਤੁਰਕ ਸੰਗ ਤਜ ਪਰਧਨ ਨਾਰੀ। ਧਜਾਨ ਨਾਥ[10] ਕੀਰਤਿ[11] ਗੁਰ ਧਾਰੀ ॥ [੧੩੫॥]
ਗ੍ਰੰਥ ਗੁਰੂ ਮੈ ਨਿਹਚਾ ਧਾਰੇ। ਤਾ ਬਿਨ ਚਾਹ ਨ ਧਰੇ ਪਿਜਾਰੇ।
ਤਾਕੀ ਵਾਂਛਾ[12] ਸਭ ਗੁਰ ਪੂਰੈ। ਯਾ ਪਰ ਨਿਸਚਾ ਭ੍ਰਮ ਸਭ ਦੂਰੈ ॥ [੧੩੬॥]
ਯਾ ਬਿਧਿ ਸ੍ਰੀ ਗਿਰੰਥ ਸਿਰ ਨਜਾਈ। ਕਰ ਅਰਦਾਸ ਪ੍ਰੇਮ ਜੁਤ ਭਾਈ।
ਦਾਮ ਅਨੰਤ ਦਏ ਜੋ ਰਬਾਬੀ। ਮਾਨੋ ਚੜੀ ਗ੍ਰੰਥ ਬਚ ਆਬੀ[13] ॥ [੧੩੭॥]
ਖੁਸੀ ਕਰੋ ਸਭ ਕੋ ਕਹਿ ਐਸੇ। ਅੰਗ ਸੰਗ ਲਖ ਭੀਰ ਮੋ ਵੈਸੇ।"
ਯ ਕਹਿ ਨਿਜ ਬਪੁ[14] ਧਜਾਨ ਲਗਾਏ। ਸ੍ਰੀ ਮੁਖ ਤੇ ਯੋ ਵਾਕ ਸੁਨਾਏ ॥ [੧੩੮॥]

**ਮਾਰੂ ਮਹਲਾ ੫**[15]
ਖੁਲਿਆ ਕਰਮੁ[16], ਕ੍ਰਿਪਾ ਭਈ ਠਾਕੁਰ, ਕੀਰਤਨ ਹਰਿ ਹਰਿ ਗਾਈ।

---

1. ਮੋਹੇ। 2. ਥੋੜਾ। 3. ਆਸਰੇ, ਸਹਾਰੇ। 4. ਅਸਚਰਜ। 5. ਅੱਖਾਂ, ਨੇਤ੍ਰ। 6. ਦਯਾ, ਕ੍ਰਿਪਾ-ਭਾਵ। 7. ਦੁਖੀ। 8. ਗਉੜੀ ਸੁਖਮਨੀ ਮ. ੫, ਅ. ੧੪,੬। 9. ਲੱਸੀ। 10. ਨਾਥ (ਸੁਆਮੀ) ਅਕਾਲ ਪੁਰਖ ਦਾ ਧਿਆਨ। 11. ਜਸ, ਵਡਿਆਈ। 12. ਇੱਛਾ, ਮਨੋਕਾਮਨਾ। 13. ਆਭਾ। 14. ਆਤਮ ਸਰੂਪ ਵਿਚ। 15. ਪਾਠਾਂਤਰ 'ਮਾਰੂ ਪਾਤਿਸਾਹੀ ੫' (ਖ਼ਾ. ਕਾ. ਅ. ੬੦੫)। 16. ਪੁੰਨ ਕਰਮ, ਭਾਗ।

ਸ੍ਰਮੁ[1] ਥਾਕਾ ਪਾਏ ਬਿਸ੍ਰਾਮਾ, ਮਿਟਿ ਗਈ ਸਗਲੀ ਧਾਈ[2] ॥੧॥
ਅਬ ਮੋਹਿ ਜੀਵਨ ਪਦਵੀ ਪਾਈ।
ਚੀਤਿ ਆਯੋ ਮਨਿ ਪੁਰਖੁ ਬਿਧਾਤਾ, ਸੰਤਨ ਕੀ ਸਰਨਾਈ ॥੧॥ ਰਹਾਉ॥
ਕਾਮੁ ਕ੍ਰੋਧ ਲੋਭੁ ਮੋਹੁ ਨਿਵਾਰੇ, ਨਿਵਰੇ ਸਗਲ ਬੈਰਾਈ।
ਸਦ ਹਜੂਰਿ ਹਾਜਰੁ ਹੈ ਨਾਜਰੁ, ਕਤਹਿ ਨ ਭਇਓ ਦੂਰਾਈ ॥੨॥
ਸੁਖ ਸੀਤਲ ਸਰਧਾ ਸਭ ਪੂਰੀ, ਹੋਏ ਸੰਤ ਸਹਾਈ।
ਪਾਵਨ ਪਤਿਤ ਕੀਏ ਕੀਏ ਬਿਨ ਭੀਤਰਿ, ਮਹਿਮਾ ਕਥਨੁ ਨ ਜਾਈ ॥੩॥
ਨਿਰਭਉ ਭਏ ਸਗਲ ਭੈ ਖੋਏ, ਗੋਬਿੰਦ ਚਰਣ ਓਟਾਈ।
ਨਾਨਕੁ ਜਸੁ ਗਾਵੈ ਠਾਕੁਰ ਕਾ, ਰੈਣਿ ਦਿਨ ਸੁ ਲਿਵ ਲਾਈ[3] ॥੪॥੬੩॥ [੧੩੯॥]

**ਸਵੈਯਾ।** ਇਹ ਭਾਂਤਿ ਉਚਾਰ ਸੁ ਬਾਂਟਤ ਹੈ ਅਤਿ, ਰੋਕ ਮੁਠੀ ਭਰ ਮੂਹਰ ਸੁ ਲੇਹੀ।
ਸਵਾ ਜਾਮ[4] ਸੁ ਰਾਤ ਗਈ ਬਿਧਿ ਯਾਹਿ ਸੁ, ਵਾਹਿਗੁਰੂ ਮੁਖ ਜਾਪੁਚਰੇਹੀ[5]।
ਨਾਮ ਸੁਨੇ ਬਸ ਕੋ ਸਭ ਕਾਂਪਤ, ਸਿੰਘ ਭਏ ਅਤਿ ਆਤੁਰ[6] ਤੇਹੀ।
ਸਿੰਘ ਅਚਾਰਜ[7] ਏਕ ਗੁਰੂ ਲਖ, ਤਾਹਿ ਕੋ ਅਗਨਿ ਲਗਾਵ[8] ਕਹੇਹੀ ॥੬੪॥ [੧੪੦॥]

**ਦੋਹਰਾ।** "ਮੋ ਸੁਗੰਧ ਹੈ ਤੋਹਕੋ, ਜੋ ਨਹਿ ਮਾਨੋ ਬੈਨ।
ਬਾਹਰ ਕਰੋ ਕਨਾਤ ਤੇ, ਸੰਗਤਿ ਸਾਰੀ ਚੈਨ" ॥੬੫॥ [੧੪੧॥]

**ਸਵੈਯਾ।** ਬਾਹਰ ਜਾਇ ਖੜੀ ਸਭ ਸੰਗਤਿ, ਅਗਨਿ ਪ੍ਰਚੰਡ[9] ਲਖਜੋ ਵਿਸਮਾਵੈ।
ਊਰਧ[10] ਤੇਜ ਪ੍ਰਚੰਡ ਚਲਜੋ, ਲਖ ਕੈ[11] ਨਿਜ ਮੈ ਯਹਿ ਬੈਨ ਅਲਾਵੈ।
ਪਰ ਹੇਤ ਭਯੋ ਤਨ ਯਾ ਗੁਰ ਕੋ, ਹਤ ਦੂਰ ਕਰੇ ਸੁਖ ਸੰਤ ਮਨਾਵੇ।
ਤਾਵਤ[12] ਦੇਵ ਅਏ ਸਗਰੇ[13], ਧੁਨਿ ਸੰਖਨ ਬਜੂਹ[14] ਸੁ ਪੁਹਪ ਬ੍ਰਸਾਵੈ ॥੬੬॥ [੧੪੨॥]
ਜੈ ਕਾਰ ਉਚਾਰਤ ਸੰਗ ਲਏ ਹਰਿ, ਲੋਕ ਸਭੈ ਤਬ ਤਾ ਗੁਨ ਗਾਵੈਂ।
ਰੈਨ ਸਮੈ ਇਹ ਕਾਰਨ ਤੇ, ਅਰ ਦੇਵ ਕੁਲਾਹਲ ਤੇ ਸੁਖ ਪਾਵੈਂ।
ਹਤ ਦੁਸ੍ਟ ਕਰੀ ਪ੍ਰਤਿਪਾਲ ਹਮੈ, ਅਬ ਗੋ ਦ੍ਵਿਜ ਹਿੰਦਨ ਰੱਖ ਸੁਨਾਵੈਂ।
ਮਗ[15] ਦੇਵ ਮਿਲੈਂ ਗੁਨ ਗਾਵਤ ਜਾਵਤ, ਸੰਗਤਿ ਯਾਹਿ ਸੁ ਰੈਨ ਬਿਤਾਵੈਂ ॥੬੭॥ [੧੪੩॥]
ਸਭ ਰੈਨ ਜੁਹਾਰਤ[16] ਭੇ ਨਭ[17] ਕੋ, ਚਤੁ[18] ਪ੍ਰਾਤ[19] ਭਏ ਦੁਧ ਨੀਰ[20] ਰਲਾਵੈ।
ਖੋਜ ਚਿਤਾ ਬਿਸਮੈ[21] ਮਨ ਮੈ, ਤਹ ਅੰਗ ਨੀਸਾਨ ਕਹੂੰ ਨਹਿ ਪਾਵੈ।
ਰੂਪ ਨ ਰੰਗ ਨ ਰੇਖਨ ਹੈ, ਤਿਹ ਆਯੁਧ[22] ਬਸਨ[23] ਸਹਿ ਅੰਗ ਸਿਧਾਵੈ।

---

1. ਪਰਿਸ਼੍ਰਮ। 2. ਭੱਜ-ਦੌੜ। 3. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ ੧੦੦੦। 4. ਸਵਾ ਪਹਰ। 5. ਜਾਪ ਉਚਾਰਦਿਆਂ ਹੋਇਆਂ। 6. ਦੁਖੀ। 7. ਆਚਾਰਜ, ਪੁਰੋਹਿਤ। 8,9. ਅੱਗ ਲਗਾਓ। 10. ਤੇਜ, ਪ੍ਰਬਲ। 11. ਉੱਚਾ (ਉਤਾਂਹ ਆਕਾਸ਼ ਵਲ)। 11. ਦੇਖ ਕੇ। 12. ਤਦ ਤਕ। 13. ਸਾਰੇ ਦੇਵਤੇ ਆਏ। 14. ਸਮੁਦਾਇ। 15. ਮਾਰਗ, ਰਸਤਾ। 16. ਨਮਸਕਾਰ ਕਰਨਾ। 17. ਆਕਾਸ਼, ਅਸਮਾਨ। 18. ਚੌਥੀ। 19. ਪ੍ਰਾਤਹਕਾਲ, ਸਵੇਰੇ। 20. ਦੁੱਧ ਤੇ ਪਾਣੀ ਰਲਾ ਕੇ ਬਣਾਈ ਹੋਈ ਕੱਚੀ ਲੱਸੀ, ਜੋ ਕਿਸੇ ਪ੍ਰਾਣੀ ਦੇ ਸੁਰਗਵਾਸ ਤੋਂ ਪਿੱਛੋਂ ਉਸ ਦੀ ਸਮਾਧ ਉਤੇ ਚਿਖਾ ਦੀ ਸੁਆਹ ਠੰਢੀ ਕਰਨ ਲਈ ਛਿੜਕਣ ਦਾ ਪੁਰਾਣਾ ਰਿਵਾਜ ਹੈ। 21. ਵਿਸਮਿਤ, ਅਸਚਰਜ, ਹੈਰਾਨ। 22. ਸ਼ਸਤ੍ਰ। 23. ਵਸਤ੍ਰ।

ਹਮ ਕੋ ਲਖੀਐ ਜਨਮਾ ਮਰਨਾ, ਜਿਮ ਸੂਰਜ ਸੰਧਿਆ ਪ੍ਰਾਤ[1] ਨਚਾਵੈ ॥੬੮॥ [੧੪੪॥]

ਝੂਲਨਾ। ਲਖ ਕਾਨੀਆ ਜੀ ਇਕ ਕਰਦ ਜਾਨੋ, ਅਤਿ ਪੇਖ ਤੇ ਸੋਗ ਭੇ ਸੁਧ ਨਾਹੀ।
ਤਬ ਅਯੋ[2] ਸੋ ਏਕ ਉਦਾਸੀਆ[3] ਜੂ, ਤਿਨ ਕਹਜੋ, "ਨਹਿ ਸੋਗ ਭੇ ਸਿਖ ਚਾਹੀ।
ਮੋਹਿ ਮਿਲੇ ਹੈਂ ਆਪ ਸੁ ਯਾਨ[4] ਰਾਜੈ,[5] ਕਹਜੋ ਦੇਹੁ ਸੰਦੇਸ ਨਹਿ ਸੋਕ ਕੀਜੈ।
ਮੈ ਸਾਂਤਿ ਤੇ ਕੋ ਦਈ ਚਿੰਤ ਤਜਾਗੋ, ਪੁਨੰ ਧਰਮ ਕੋ ਧਾਰ ਹਰਿ ਨਾਮ ਲੀਜੈ।
ਯਹਿ ਰੂਪ ਸੇਵਾ ਕਰੋ ਸਸਤ੍ਰ ਧਾਰੇ, ਐਸੇ ਤੀਨ ਹੀ ਭੋਗ ਹ੍ਵੈ ਬਾਕ ਬਾਨੀ।"
ਧਰਮ ਸਾਲ ਹੈ ਬੀਚ ਉਦਾਸੀਆ ਕੀ, ਸਿੰਘ ਸਸਤ੍ਰ ਸੇਵਾ ਕਰੈ ਸੂਖ ਮਾਨੀ ॥੬੯॥ [੧੪੫॥]

ਦੋਹਰਾ। ਮੁਖ ਪਲੇਟ ਕਰ ਸਿੰਘ ਜੋ, ਸੇਵੈ ਹਿਤ ਚਿਤ ਲਾਇ।
ਰਹਤ ਜੁ ਸੰਜਮ ਸੋ ਕਰੈ, ਮੋਰ[6] ਦਰਸ ਤਿਹ ਆਇ ॥੭੦॥ [੧੪੬॥]

ਝੂਲਨਾ। ਯਾ ਭਾਂਤਿ ਸ੍ਰੀ ਮਨੀ ਸਿੰਘ ਕਥਾ ਗਾਈ, ਗੁਰੂ ਨਾਰਿ ਸੁਤ ਪਿਤਾ ਤਨੁ ਤਜਜੋ ਯਾਹੀ[7]।
ਇਕ ਧਰਮ ਕੋ ਰੂਪ ਦਿਖਾਇਓ ਹੈ, ਨਹੀਂ ਕਰਨ ਕਾਰਨ ਕਤ[8] ਕਸ੍ਰ ਪਾਹੀ।
ਸ੍ਰਿਜ ਪਾਲ ਲੈ ਹੋਤ ਜਾ ਨਿਮਖ ਮਾਹੀ, ਇਹ ਕਠਨ ਕੋ ਬਰਤ ਗੁਰ ਪਰਮ ਧਾਰੈ।
ਤਬ ਸੁਨਤ ਹੀ ਸਿੰਘ ਪਰਸੰਨ ਹੋਏ, ਗਦਗਦੰ ਜਜੋਂ ਹੀ ਅਤਿ ਪ੍ਰੇਮ ਸਾਰੈ ॥ [੧੪੭॥]
ਥਿਤ ਕਾਤਕੰ ਪੰਚਮੀ ਸੁਦੀ ਜਾਨੋ, ਪੁਨਿ ਸਪਤਮੰ ਅਸ੍ਰ ਜੁਗ ਸਹੰਸ[9] ਪੂਨੰ।
ਛਿਆਇਠੇ[10] ਰੂਪ ਬਰ ਧਰਮ ਮਾਹੀ, ਗੁਰੂ ਪਜਾਨ[11] ਕੀਨਾ ਬਡੋ ਪੁੰਨ ਪੁੰਨੰ।
ਤਬੈ ਤੀਨ ਭੋਗੰ ਤਹਾਂ ਲਾਗਤੇ ਹੈਂ, ਏਕ ਜਾਮ ਹੀ ਅੰਦਰੇ ਹੋਤ ਸਾਰੇ।
ਏਕ ਸਾਕੀਆ[12] ਏਕ ਕੜਾਹ ਜਾਨੋ, ਦੂਤੀ ਵਖਤ ਜੋ ਭੋਗਤੇ ਸਹਤ ਪਜਾਰੇ ॥ [੧੪੮॥]
ਜਬ ਚੜ੍ਹਤ ਮਲੇਛ[13] ਪਰ ਆਪ ਗੁਰੂ ਜੀ, ਕਹੈਂ ਦੇਹ ਨੀਸਾਨ ਸੋ ਬਾਤ ਆਵੈ।
ਕਛੂ ਅੰਧੇਰਿ[14] ਸੋ ਆਇ ਚਲਤੀ ਭਈ, ਜਾਨੀਐ ਸਿੰਘ ਸਹੀਦ ਧਾਵੈ।
ਏਕ ਅਸਥਾਨ ਹੈ ਹੀਰ ਘਾਟੰ[15] ਮਨੰ, ਆਪ ਜਾ ਬੈਠ ਦੀਵਾਨ ਲਾਵੈ।
ਦੂਤੀ ਨਗੀਨ[16] ਸਰੂਪ ਐਸਾ ਬਨਾ, ਜਾਹਿ ਨੀਸਾਨ ਦੀ ਡੇਰ ਲਾਵੈ ॥ [੧੪੯॥]
ਤ੍ਰਿਤੀ ਹੈ ਸੰਗਤੀ[17] ਰੂਪ ਮਾਹੀ, ਯਹੀ ਤੀਨ ਅਸਥਾਨ ਹੈ ਅਚਲ ਸੁ ਧਾਨੀ[18]।
ਅਬਿਚਲ ਅਸਥਾਨ ਹੈ ਰੂਪ ਸੁੰਦਰ ਬਨਜੋ ਬੰਗੁਲਾ ਰੂਪ ਹੈ ਸੋਭ ਮਾਨੀ ॥੭੧॥ [੧੫੦॥]

---

1. ਸ਼ਾਮ ਤੇ ਸਵੇਰ। 2. ਆਇਆ। 3. ਉਦਾਸੀ ਸਾਧੂ। 4. ਪਾਲਕੀ, ਸਵਾਰੀ। 5. ਸਜੇ ਹੋਏ। 6. ਮੇਰਾ। 7. ਅਰਥਾਤ ਮਾਤਾ, ਪਿਤਾ, ਪੁਤ੍ਰ, ਇਸਤ੍ਰੀ ਸਮੇਤ ਗੁਰੂ ਜੀ ਨੇ ਆਪਣਾ ਸਰਵਸੁ (ਸਰਵੰਸ) ਵਾਰ ਦਿੱਤਾ। 8. ਕਿਤੇ। 9. ਸੱਤ ਤੇ ਅੱਠ ਤੇ ਦੋ ਮਿਲ ਕੇ ਸਤਾਰਾਂ ਸੌ, ੧੭੦੦। 10. ਛਿਆਠ, ੬੬, ਅਰਥਾਤ ੧੭੬੬ ਬਿ. ਪਰ ਭੱਟ ਵਹੀ ਤਿਲੋਂਢਾ ਤੇ ਹੋਰ ਹੱਥ-ਲਿਖਤਾਂ ਦੇ ਮੁਤਾਬਿਕ ਇਥੇ ੧੭੬੫ ਬਿ. ਹੈ, ਜੋ ਠੀਕ ਹੈ। 11. ਚਲਾਣਾ, ਸੁਰਗਵਾਸ। 12. ਸ਼ਾਕ (ਸਾਗ) ਦਾ ਸ਼ਾਕਾਹਾਰ, ਫਲੋਹਾਰ (ਫਲ-ਆਹਾਰ)। 13. ਤੁਰਕਾਂ (ਮੁਗ਼ਲਾਂ) ਦੀ ਫ਼ੌਜ 14. ਅਨ੍ਹੇਰੀ, ਝੱਖੜ। 15. ਹੀਰਾ ਘਾਟ, ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਦਾ ਇਕ ਪ੍ਰਸਿੱਧ ਸਥਾਨ। 16. ਦੂਜਾ ਨਗੀਨਾ ਘਾਟ ਨਾਮਕ ਗੁਰੂ-ਸਥਾਨ। 17. ਗੁਰਦੁਆਰਾ ਸੰਗਤਿ ਸਾਹਿਬ, ਜਿੱਥੇ ਨੰਦੇੜ ਪਹੁੰਚ ਕੇ ਗੁਰੂ ਜੀ ਨੇ ਸੰਗਤਾਂ ਨੂੰ ਉਪਦੇਸ਼ ਦਿੱਤਾ ਸੀ। 18. ਅਚਲ (ਅਬਿਚਲ) ਧਾਨੀ (ਘਰ ਜਾਂ ਨਗਰ), ਅਰਥਾਤ-ਅਬਿਚਲ ਨਗਰ।

**ਸਵੈਯਾ।** ਅਸਥਾਨ ਸੁਜਾਨ ਅਨੂਪ ਲਖੇ, ਮਨ ਅਚੁਤ ਆਦਿ ਅਨੰਤਨ ਗਾਈ।
ਸ੍ਰੀ ਅਬਚੱਲ ਸੁ ਨਗਰ ਬਿਰਾਜਤ, ਬੰਗਲਾ ਸੋਭ ਮਹਾ ਅਧਿਕਾਈ।
ਅਬ ਕਾਲ ਸੁ ਭੋਗ ਲਗਾਵਤ ਹੈਂ, ਦਰ ਦੀਰਘ ਰਹਤ ਜਾ ਮਾਹਿ ਸਮਾਈ।
ਪਰਤਖ ਸੁ ਆਪ ਬਿਰਾਜਤ ਹੈ, ਅਤਿ ਚਾਹਿ ਜਾਹਿ ਅਤਿ ਜੋਤਿ ਲਸਾਈ ॥੭੨॥
[੧੫੧॥]

**ਦੋਹਰਾ।** ਸਨੋ ਸਿੰਘ ਜਾ ਕਥਾ ਕੋ, ਰਹਤ ਕਰੀ ਬਰ ਦਜਾਲ।
ਸੀਸ ਦੀਓ ਸੁਤ ਸਿੰਘਨ ਸਨ, ਧਰਮ ਕਰਾ ਪ੍ਰਤਿਪਾਲ ॥੭੩॥ [੧੫੨॥]
ਧਰਮ ਨ ਆਵਤ ਬਾਰ ਇਹ, ਰਾਜ ਸਾਜ ਬਹੁ ਆਹਿ।
ਤਾ ਉਪਦੇਸ ਸੁ ਮੈ ਕੀਓ, ਸੁਨੋ ਸਿੰਘ ਮਨ ਮਾਹਿ ॥੭੪॥ [੧੫੩॥]

**ਚੌਪਈ।** ਖਟ ਮਾਸ[1] ਨ ਹਮ ਯਾਹਿ ਬਿਤਾਏ। ਲਵਪੁਰ[2] ਮਾਹਿ ਕਸੂ ਅਤਿ ਪਾਏ।
ਅਸ੍ਰ[3] ਮਸੀਤ ਕਾਜੀਅਨ ਕੇਰੀ[4]। ਤਾ ਮੈ ਏਕ ਜੋ ਅਧਿਕ ਚੰਗੇਰੀ ॥ [੧੫੪॥]
ਦਾਰੁ ਕਜਾ[5] ਯੁਤ ਤਾਹਿ ਸੁ ਕਾਜੀ। ਖਾਸ ਨਿਖਾਸਤ[6] ਤਾ ਮੈ ਤਾਜੀ[7]।
ਅਧਿਕ ਮੋਲ ਸੌਦਾਗਰ ਕੇਰਾ। ਤਾ ਮੈ ਰੋਜ ਕਾਜੀਅਨ ਜੇਰਾ ॥ [੧੫੫॥]
ਸਿੰਘ ਪਕਰ ਜੋ ਅਧਿਕ ਲਿਆਏ। ਇਨਾਮ ਖਾਨ[8] ਤੇ ਅਧਿਕ ਸੁ ਪਾਏ।
ਸੁਧਾ ਸਰੋਵਰ[9] ਕੇ ਇਕ ਤੀਰਾ। ਪਸਚਮ ਦੱਖਣ ਮੱਧ ਸੋ ਬੀਰਾ ॥ [੧੫੬॥]
ਗ੍ਰਾਮ ਮੱਧ ਖਤ੍ਰੀ ਸੁ ਚੰਡਾਲਾ[10]। ਬਾਂਧ ਦੇਹ ਸਿੰਘਨ ਤਤਕਾਲਾ।
ਸੁਧਾ ਸਰੋਵਰ ਮੈ ਸਿੰਘ ਨ੍ਹਾਏ। ਤੁੰਗ ਸੁ ਚੁਗਲੀ ਜਾਇ ਸੁਨਾਏ ॥ [੧੫੭॥]
ਏਕ ਜੰਡਾਲਾ ਭਯੋ ਚੰਡਾਲਾ[11]। ਕਰੇ ਸਰੀਕਤ ਮਤਸਰ[12] ਪਾਲਾ।
ਜੋ ਕੋਈ ਸਿੰਘ ਸੁ ਨ੍ਹਾਇ ਸੁਧਾਸਰ। ਤਤਕਾਲ ਸੋ ਬਾਂਧੇ ਲਵਪੁਰ[13] ॥੭੫॥ [੧੫੮॥]

**ਸਵੈਯਾ।** ਕੋਊ ਧਰਮ ਤਜੈ, ਕੋਊ ਨੇਮ ਤਜੈ, ਕੋਊ ਤੁਰਕਨ ਦੀਨ ਕੇ ਮਾਹਿ ਰਹਾਏ।
ਕੋਊ ਕਾਮ ਕੇ ਬਾਨ ਮਰੇ ਤਹਿ ਠੌਰ ਹੀ, ਕੋਊ ਮਰੇ ਲੋਭ ਰਾਜ ਦਿਖਾਏ।
ਐਸ ਪੁਕਾਰ ਸੋ ਖਾਨ ਬਹਾਦਰ, ਕਾਜਿਅਨ ਸਾਥ ਮਤੋ ਈ ਪਕਾਏ।
ਲੋਸ੍ਰ ਚਰਖਨ[14] ਸਾਥ ਬਧੇ[15] ਸਿੰਘ, ਐਸ ਉਪਾਇ ਸੋ ਤਾਹਿ ਡਰਾਏ ॥੭੬॥ [੧੫੯॥]

**ਛੰਦ।** ਐਸੇ ਉਪਾਇ ਸੋ ਪਾਪ ਕੈ, ਨਿਤ ਕਰੇ ਤੁਰਕ ਸੁ ਜਾਵ ਹੀ।
ਜਾਹਿ ਧਰਮ ਸੁ ਗੁਰੂ ਰਾਖੈ, ਸੋ ਕਜੋਂ ਸੁ ਚੀਤ ਡੁਲਾਵਹੀ।

---

1. ਖਟ (ਛੇ) ਮਾਸ (ਮਹੀਨੇ)। 2. ਲਾਹੌਰ। 3. ਅੱਠ। 4. ਦੀ। 5. ਜੱਜ ਦੀ ਕਚਹਰੀ। 6. ਘੋੜਸਾਲ। 7. ਘੋੜੇ। ਇਕ ਚੌਕ ਨਖ਼ਾਸ, ਇਲਾਕਾ ਸ਼ਹੀਦ ਗੰਜ, ਲਾਹੌਰ, ਦਾ ਮੁਗ਼ਲੇਈ ਕਾਲ ਸੰਬੰਧੀ ਇਸ਼ਾਰੇ ਮਾਤ੍ਰ ਵਰਣਨ ਹੈ। 8. ਨਵਾਬ ਜ਼ਕਰੀਆ ਖ਼ਾਨ (ਖ਼ਾਨ ਬਹਾਦੁਰ) ਸੂਬਾ ਲਾਹੌਰ। ਇਸੇ ਨੇ ਸਿੰਘਾਂ ਦੇ ਪਕੜ ਲਿਆਉਣ ਬਾਰੇ ਬੜੇ ਬੜੇ ਇਨਾਮ ਰੱਖੇ ਸਨ। 9. ਅੰਮ੍ਰਿਤਸਰ। 10. ਚੰਡਾਲ ਖਤ੍ਰੀ ਤੋਂ ਭਾਵ ਇਥੇ ਚੌਧਰੀ ਚੂਹੜ ਮੱਲ ਓਹਰੀ ਹੈ, ਜੋ ਮੁਗ਼ਲ ਬਾਦਸ਼ਾਹ ਫ਼ੱਰੁਖ਼ਸੀਅਰ ਦੇ ਸਮੇਂ ਪਿੰਡ ਤੁੰਗ (ਅੰਮ੍ਰਿਤਸਰ) ਦਾ ਚੌਧਰੀ ਸੀ ਤੇ ਸਿੰਘਾਂ ਦਾ ਹਮੇਸ਼ਾਂ ਵਿਰੋਧ ਕਰਦਾ ਰਹਿੰਦਾ ਸੀ। 11. ਜੰਡਿਆਲਾ ਗੁਰੂ, ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਮਹੰਤ ਆਕਲ ਦਾਸ ਨਿਰੰਜਨੀਆ। ਇਹ ਵੀ ਮੁਗ਼ਲੇਈ ਸਰਕਾਰ ਦਾ ਪੱਕਾ ਹਾਮੀ ਤੇ ਸਿੰਘਾਂ ਦਾ ਕੱਟੜ ਵਿਰੋਧੀ ਸੀ। 12. ਸ਼ਰੀਕਾ ਤੇ ਵਿਰੋਧ। 13. ਅਰਥਾਤ ਉਸ ਸਮੇਂ ਜੇ ਕੋਈ ਸਿੱਖ ਅੰਮ੍ਰਿਤ ਸਰੋਵਰ ਵਿਚ ਨ੍ਹਾਉਣ ਵਾਸਤੇ ਆਉਂਦਾ ਤਾਂ ਉਸ ਨੂੰ ਫੜ ਕੇ ਲਵਪੁਰ (ਲਾਹੌਰ) ਪਹੁੰਚਾ ਦਿੱਤਾ ਜਾਂਦਾ ਸੀ। 14. ਲੋਹੇ ਦੀਆਂ ਚਰਖੀਆਂ। 15. ਬੰਨ੍ਹੇ ਹੋਏ।

ਇਕ ਸਿਲਾ ਤਰੇ ਅਪਾਰ ਤੀਖਨ, ਇਕ ਗਰੇ ਤੰਤੀ[1] ਪਾਵਹੀ।
ਉਰਧ ਜਾ[2] ਕੇ ਜਾਤਿ ਆਗੇ, ਤਰੇ[3] ਸੀਸ ਤੁਰਾਵਹੀ॥ [੧੬੦॥]
ਇਹ ਭਾਂਤਿ ਕਾਜੀ ਕਰ ਮਤਾ, ਨਿਤ ਪਾਪ ਕੀ ਮਸਲਤ ਕਰੇ।
ਕੋਊ ਨ ਖਤ੍ਰੀ ਵੈਸ ਬ੍ਰਹਮਨ, ਅਧਿਕ ਤੁਰਕਨ ਤੇ ਡਰੇ।
ਧੰਨ ਬਾਲਕ ਜਨਮ ਖਤ੍ਰੀ, ਜਿਨਹਿ ਧਰਮ ਸੁ ਰਾਖਿਯੋ।
ਤੁਮ ਲੀਨ ਪਾਹੁਲ ਪੜ੍ਹਤ ਨਿਸਦਿਨ, ਨਿਸਚਾ ਆਪ ਨ ਤਜਾਗਿਯੋ॥੭੭॥ [੧੬੧॥]

**ਚੌਪਈ।** ਇਹ ਅਬ ਸਮਾ ਨ ਰਹਿ ਹੈ ਬਾਰਾ। ਅਲਪ ਵਿਖੇ ਸੁਖ ਧਰਮ ਤਜਾਰਾ।
ਚਹੁ ਜੀਵਨ ਪਛੁਤਾਵਾ ਹੋਈ। ਕਾਮੀ ਬਲ ਜੋ ਬਨ ਮੈ ਖੋਈ॥ [੧੬੨॥]
ਹੋਵੈ ਅਧਿਕ ਦੂਖ ਤਨ ਮਾਹੀ। ਬ੍ਰਿਧ ਕਾਲ ਮੈ ਸੁਖੀ[4] ਰਖਾਈ।
ਸਤੀ ਨਾਰਿ ਬਿਭਚਾਰਨ ਹੋਈ। ਕਿਵਾ ਚਿਤਾ ਮੈਂ ਨਿਸਚਨ ਸੋਈ॥ [੧੬੩॥]
ਤੀਸਰ ਜੋ ਰਾਜਾ ਕੋ ਦਾਸਾ। ਤਾ ਕੋ ਕਾਰਦਾਰ ਜੋ ਭਾਸਾ।
ਜਾਇ ਦਾਸ ਰਹੈ ਵਿਸਯਨ ਸੰਗਾ। ਰਾਜਾ ਕੋ ਡਰ ਤਜਾਗ ਅਰਧੰਗਾ॥ [੧੬੪॥]
ਤਾ ਮੈ ਡਰ ਰਾਖੈ ਨਹਿ ਕੋਈ। ਆਮਦ ਖਰਚ ਖਬਰ ਨਹਿ ਹੋਈ।
ਪੀਛੇ ਰਾਜਾ ਕੇ ਗ੍ਰਿਹ ਆਏ। ਮੀਤ ਸੁ ਦੁਸਮਨ ਭੇ ਪਛੁਤਾਏ॥ [੧੬੫॥]
ਖੂਲੀ ਆਖੀ ਨੈਨ ਨਿਹਾਰੇ। ਮਿਲੈ ਨ ਮਾਇਆ ਭੇ ਪਛੁਤਾਰੇ।
ਸਪਨਾ ਜਾਨੀ ਮਾਨੁਖ ਦੇਹਾ। ਮਿਟੈ ਨ ਆਵੈ ਹਾਥ ਸਨੇਹਾ॥ [੧੬੬॥]
ਤਿਉ ਕਰ ਧਰਮ ਤਜੋ ਤੁਮ ਸੋਈ। ਕਾਮ ਨਾਰਿ ਮਾਇਆ ਮਤਿ ਖੋਈ।
ਜੀਵਤ ਕੋਇ ਰਹਜੋ ਜਗ ਮਾਹੀ। ਪੀਰ ਪੈਕੰਬਰ ਔਰ ਜਗ ਸਾਈ॥ [੧੬੭॥]
ਕੇਤਕ ਕਾਲ ਵਿਖੈ ਅਤਿ ਭੋਗਾ। ਸ੍ਵਾਨ[5] ਰਸਨ[6] ਜਿਮ ਰਸਨ ਸੰਜੋਗਾ।
ਤਾ ਤੇ ਵਿਸੈ ਭੋਗ ਪੁਰਖਾਰਥ। ਪੂਰਬ ਕਰਮ ਕੋ ਭਯੋ ਕ੍ਰਿਤਾਰਥ॥ [੧੬੮॥]
ਮਾਨੁਖ ਦੇਹ ਦੀਪ ਪੁਨਿ ਜੰਬੂ[7]। ਕਿਆ ਸੁਖ ਚਾਹਤ ਨਹਿ ਅਵਿਲੰਬੂ[8]।
ਪੁੰਨਿ ਕਰਮ ਕਰ ਦੇਹਿ ਸੁ ਪਾਈ। ਦੇਹਿ ਪਾਇ ਪੁੰਨ ਭੋਗ ਸੁ ਖਾਹੀ॥ [੧੬੯॥]
ਭੋਗਨ ਕੋ ਫਲ ਜਨਮ ਸੁ ਦੇਹਾ। ਬੀਚ ਚੌਰਾਸੀ ਭਯੋ ਸੰਦੇਹਾ।
ਚੌਰਾਸੀ ਮੈ ਗਲਤ ਸਦਾਏ। ਹਾਇ ਹਾਇ ਕਰ ਪੁਨਿ ਪਛੁਤਾਏ॥ [੧੭੦॥]
ਤੁਛ ਜੀਵਨ ਕਾਰਨ ਮਨ ਪਾਪੀ। ਵਿਖੈ ਭੋਗ ਕੀ ਰਚਨਾ ਥਾਪੀ।
ਵਿਖੈ ਭੋਗ ਕਲਿਤ੍ਰ[9] ਸੋ ਜਨਮਾ। ਕੰਨਜਾ ਪੁਤ੍ਰ ਭਏ ਬਹੁ ਘਨਮਾ[10]॥ [੧੭੧॥]
ਪੁਤ੍ਰ ਬਜਾਹ ਆਪਨ[11] ਸੁਖ ਭਾਲੇ। ਕੰਨਜਾ ਅਪਰ[12] ਕੁਲਨ ਸੰਗ ਜਾਲੇ[13]।
ਬ੍ਰਿਧ ਨਾਰਿ ਘਰਿ ਅਤਿ ਡਰ ਭਾਰੀ। ਜਜੋਂ ਕਰ ਡਾਇਣ ਖਰੀ ਦੁਖਾਰੀ[14]॥ [੧੭੨॥]
ਨੁਖਾ[15] ਔਰ ਨਾਰੀ[16] ਜੋ ਸਬਾਏ। ਹਾਸੀ ਕਰੇ ਸੁ ਮਨ ਭਰਮਾਏ।

---

1. ਤੰਦ। 2. ਉਤਾਂਹ। 3. ਹੇਠਾਂ। 4. ਪਾਠਾਂਤਰ—ਸੁਖਾਇ (ਖ਼ਾ. ਕਾ. ਅ.)। 5. ਕੁੱਤਾ। 6. ਰਸਨਾ, ਜੀਭ। 7. ਜੰਬੂ ਦ੍ਵੀਪ ਦੁਨੀਆ ਦੇ ਸੱਤ ਦ੍ਵੀਪਾਂ ਵਿਚੋਂ ਇਕ ਦ੍ਵੀਪ, ਜਿਸ ਦੇ ਨੌ ਖੰਡ ਅਥਵਾ ਹਿੱਸੇ ਹਨ। ਭਾਰਤ ਅਥਵਾ ਹਿੰਦੁਸਤਾਨ ਉਨ੍ਹਾਂ ਵਿਚੋਂ ਹੀ ਇਕ ਖੰਡ ਹੈ। 8. ਬਿਨਾ ਵਿਲੰਬ ਅਥਵਾ ਦੇਰ। 9. ਇਸਤ੍ਰੀ, ਵਹੁਟੀ। 10. ਬਹੁਤ ਘਣੇ, ਗਿਣਤੀ ਵਿਚ ਵਧੇਰੇ। 11. ਆਪਣਾ। 12. ਹੋਰ ਦੂਜੀਆਂ। 13. ਜ਼ਿੰਦਗੀ ਗੁਜ਼ਾਰਦੀ ਹੈ। 14. ਦੁਖਦਾਈ। 15. ਸਨੁਖਾ, ਨੂੰਹ, ਪੁਤ੍ਰ-ਬਧੂ। 16. ਵਹੁਟੀ।

ਜਰ ਜਰਾ[1] ਦੇਹਿ ਭਈ ਦੁਖਿਆਰੀ। ਕਸ੍ਰ ਕਰਮ ਮੈ ਕੰਪਤ ਭਾਰੀ ॥ [੧੭੩॥]
ਕਾਂਖ[2] ਮਾਹਿ ਅਤਿ ਰਹੇ ਦੁਖਾਰਾ। ਨਾਤੀ[3] ਕੋ ਬੁਲਵੈ[4] ਅਤਿ ਖਾਰਾ।
ਵੈ ਅਤਿ ਕੋਪ ਕਰਤ ਪੁਨਿ ਨਾਨਾ[5]। ਯਹਿ ਕਜਾ ਬੋਲੈ ਅਤਿ ਬਵਰਾਨਾ[6] ॥[੧੭੪॥]
ਤਾ ਤੇ ਕ੍ਰੋਧ ਪਾਇ ਪੁਨਿ ਰੋਈ। ਯਹਿ ਮੇਰੇ ਪਾਲੇ ਅਤਿ ਸੋਈ।
ਮੋ ਕੋ ਅਬ ਕਜਾ ਬੈਨ ਅਲਾਏ। ਤਬ ਆਸਾ ਜੀਵਨ ਕੀ ਭਾਏ ॥ [੧੭੫॥]
ਗਲਿਤ[7] ਅੰਗ ਭਏ ਸੀਸ ਸੁ ਸੇਤਾ[8]। ਕਫ[9] ਅਤਿ ਰੁਕਤ ਕੰਠ ਜਮ ਲੇਤਾ।
ਕਰਮ ਵਾਸਨਾ ਸੰਗ ਮਿਲਾਈ। ਚੌਰਾਸੀ[10] ਮੈ ਜਾਇ ਸਮਾਈ ॥ [੧੭੬॥]
ਭੋਗਨ ਕੇ ਫਲ ਅਬ ਇਹ ਹੋਈ। ਸੁਨੋ ਸਿੰਘ ਅਬ ਧਰਮ ਸੰਗੋਈ[11]।
ਪੂਰਬ[12] ਪੁੰਨ ਕਰਮ ਅਤਿ ਪਾਏ। ਨਿਹਚਾ ਗੁਰ ਮੈ ਲਖਤ ਸਬਾਏ ॥ [੧੭੭॥]
ਦੇਹ ਨ ਆਵਤ ਬਾਰੰ ਬਾਰਾ। ਕਜਾ ਸੁਖ ਵਿਸਯਨ ਅਲਪ ਸੁ ਧਾਰਾ[13]।
ਭਯੋ ਵੈਰਾਗ ਦੇਹਿ ਕੇ ਮਾਹੀ। ਤਨ ਸੁਖ ਮਿਥਿਆ[14] ਜਗਤ ਸੁਨਾਈ ॥ [੧੭੮॥]
ਜਗਤ ਨਾਹਿ ਜਬ ਹੀ ਮੈ ਭਾਸਾ। ਤਬ ਹੀ ਭਯੋ ਅਧਜਾਸ[15] ਕੋ ਨਾਸ਼ਾ।
ਤਬ ਦੋਨੋ ਮੈ ਭਯੋ ਪ੍ਰਸੰਨਾ। ਆਸਤਿ ਨਾਸਤਿ[16] ਦੋਨੋ ਧਰਮਾ ॥ [੧੭੯॥]
ਨਾਸਤਿ ਏਕ ਨਹੀ ਜਗ ਕੋਈ। ਭਯੋ ਏਕ ਅਦੁਤੀ ਸੋ ਸੋਈ।
ਜਬ ਭਯੋ ਬ੍ਰਹਮ ਭਾਸ[17] ਜਗ ਸਾਰਾ। ਨਹਿ ਦੁਸ਼ਮਨ ਨਹਿ ਮੀਤ ਹਮਾਰਾ ॥ [੧੮੦॥]
ਦੇਹਿ ਨਾਸਤਿ ਇਕ ਸਾਖੀ[18] ਆਸਤ। ਤਬ ਕਜਾ ਦੂਖ ਜਗਤ ਸੁਖ ਭਾਸਤ[19]।
ਸੁਨ ਏ ਕਥਾ ਸਿੰਘ ਤਬ ਸਾਰੇ। ਮਨੀ ਸਿੰਘ ਕੋ ਬਚਨ ਉਚਾਰੇ ॥ [੧੮੧॥]
"ਹਮ ਕੋ ਭਯੋ ਅਨੰਦ ਸੁਆਮੀ। ਤੁਮਰੀ ਕ੍ਰਿਪਾ ਭਏ ਨਿਕਾਮੀ[20]।
ਨਹਿ ਅਬ ਰਾਗ[21] ਸਰੀਰ ਸੁ ਮਾਹੀ। ਸੁਨ ਕਰ ਗੁਰ ਬਿਲਾਸ[22] ਸੁਖ ਪਾਹੀ ॥ [੧੮੨॥]
ਏਕ ਬਿਲਾਸ ਸੁ ਨਟਵਤ[23] ਕਾਰਨ। ਦੂਜੇ ਨਿਹਚਾ ਗੁਰ ਕਰ ਤਾਰਨ।
ਜਿਨ ਗੁਰ ਭਾਨਾ ਐਸੇ ਮਾਨਾ। ਮਾਤ ਨਾਰਿ ਸੁਖ ਅਲਪ ਸੁ ਜਾਨਾ ॥ [੧੮੩॥]
ਸੁਤ ਵਿਤ[24] ਪ੍ਰੀਤ ਨਹੀ ਜਗ ਮਾਹੀ। ਕੇਵਲ ਭਾਣਾ ਏਕ ਲਖਾਹੀ[25]।
ਤਨ ਧਨ ਸੁਤ ਸਭ ਹੀ ਕਰ ਤਜਾਗਾ। ਕੇਵਲ ਏਕ ਬ੍ਰਹਮ ਮੈ ਰਾਗਾ[26] ॥ [੧੮੪॥]
ਧੰਨ ਧੰਨ ਗੁਰੂ ਅਸ[27] ਜੀਅ ਜਾਨੀ। ਜਿਨ ਗੁਰ ਮਹਿਮਾ ਅਗਮ[28] ਬਖਾਨੀ।
ਹਮਰੈ ਅਬ ਕਪਾਟ ਖੁਲ ਗਏ। ਨਿਰਸੰਸੇ ਹਮ ਅਬ ਹੀ ਭਏ ॥ [੧੮੫॥]
ਅਬ ਕਲਿਜੁਗ ਭਯੋ ਘੋਰ ਸੁ ਆਈ। ਇਨ ਮੋ ਵਿਰਲ ਮੋਖ ਕੀ ਖਾਈ।

---

1. ਬਹੁਤ ਬਿਰਧ, ਟੁੱਟੀ ਫੁੱਟੀ। 2. ਕੁੱਖ, ਬਗਲ। 3. ਪੋਤ੍ਰਾ। 4. ਬੋਲਦਾ। 5. ਅਨੇਕਾਂ ਭਾਤ ਦੇ। 6. ਬਾਵਲਾ, ਪਾਗਲ। 7. ਗਲਿਤ, ਗਲੇ ਹੋਏ। 8. ਸਿਰ ਚਿੱਟਾ ਹੋ ਗਇਆਂ, ਭਾਵ-ਧੌਲੇ ਕੇਸ਼ ਹੋ ਗਏ। 9. ਖੰਘ ਦਾ ਗੁਲਫ਼ਾ। 10. ਚੌਰਾਸੀ ਲੱਖ ਜੂਨਾਂ। 11. ਸੰਗੀ, ਸਾਥੀ। 12. ਪਰੇ ਪੂਰਬਲੇ, ਪਹਿਲੇ ਜਨਮ ਦੇ। 13. ਵਿਸ਼ੇ-ਵਿਕਾਰਾਂ ਦਾ ਅਲਪ (ਥੋੜਾ) ਸੁਖ। 14. ਝੂਠਾ, ਕੂੜ। 15. ਦੇਹ-ਅਧਿਆਸ, ਦੇਹ ਨੂੰ ਆਤਮਾ ਰੂਪ ਜਾਂ ਆਪਣੀ ਸਮਝਣ ਦਾ ਭ੍ਰਮ। 16. ਅਸਤਿ (ਹੈ) ਤੇ ਨਾਸਤਿ (ਨਹੀਂ ਹੈ)। 17. ਬ੍ਰਹਮ ਰੂਪ ਭਾਸਣਾ। 18. ਪ੍ਰਤੱਖ ਗਵਾਹ ਰੂਪ ਈਸ਼ੁਰ। 19. ਭਾਸਦਾ (ਮਾਲੂਮ ਹੁੰਦਾ) ਹੈ। 20. ਕਾਮਨਾ (ਇੱਛਾ) ਤੋਂ ਰਹਿਤ। 21. ਪ੍ਰੇਮ, ਮੋਹ। 22. ਗੁਰੂ ਸਾਹਿਬ ਦੇ ਚਰਿਤ੍ਰ। 23. ਨਟ ਦੇ ਵੱਟੇ ਦੀ ਤਰ੍ਹਾਂ। 24. ਪੁਤ੍ਰ ਅਤੇ ਵਿੱਤ (ਧਨ) ਦੀ। 25. ਜਾਣਦਾ ਹੈ। 26. ਰਾਗਵਾਨ (ਪ੍ਰੇਮੀ) ਹੋਇਆ ਹੈ। 27. ਇਸ ਤਰ੍ਹਾਂ। 28. ਗਮਤਾ (ਪਹੁੰਚ) ਤੋਂ ਰਹਿਤ।

ਕਾਮ ਦਾਮ[1] ਹਿਤ ਪੜ੍ਹੇ ਅਪਾਰਾ । ਕੇਵਲ ਤ੍ਰਿਸ਼ਨਾ ਹੀ ਕੋ ਅਧਾਰਾ ॥ [੧੮੬॥]
ਨਾਰੀ ਨਰ ਪਰ ਹੀ ਕੋ ਲੋਰੇ[2] । ਕਾਮੀ ਪੰਡਿਤ ਜੁਗ ਅਤਿ ਘੋਰੇ ।
ਕੇਵਲ ਕਾਮ ਦਾਮ ਕੀ ਚਾਹਾ । ਸਾਂਤਿਵਾਨ ਕੋ ਕਹੈਂ ਬਵਰਾਹਾ[3] ॥ [੧੮੭॥]
ਕਰੈ ਵਿਸੈ ਸੁਖ ਜਗਤ ਮੰਝਾਰਾ । ਕਹੈ ਬ੍ਰਹਮ ਸੁਖ ਏਸ ਅਧਾਰਾ ।
ਤਾਤੇ ਵਡੇ ਭਾਗ ਅਬ ਪਾਏ । ਤੁਮਰੇ ਚਰਨ ਸਰਨ ਜੀਅ ਦਾਏ ॥ [੧੮੮॥]
ਸ੍ਰੀ ਗੁਰਬਖਸ ਸਿੰਘ ਇਕ ਜਾਨੀ । ਦੂਤੀ ਸੰਤ ਸਿੰਘ ਅਗਮ ਵਖਾਨੀ ।
ਅਮਰ ਸਿੰਘ ਜਾ ਮੈ ਸੁ ਅਪਾਰਾ । ਓਦੇ ਸਿੰਘ ਹੈ ਜਾਸ ਮੰਝਾਰਾ ॥ [੧੮੯॥]
ਗੁਰਮੁਖਿ ਸਿੰਘ ਮਾਂਹੈ ਅਤਿ ਬੀਰਾ । ਰਣ ਸਿੰਘ ਏਕ ਅਗਮ ਮਤਿ ਧੀਰਾ ।
ਸੰਗਤ ਸਿੰਘ ਨਾਮ ਹੈ ਜਾਕੋ । ਏ ਜੂਝੇ ਹੈ ਬੀਰ ਸੁ ਬਾਕੋ ॥ [੧੯੦॥]
ਔਰ ਸਿੰਘ ਹੈਂ ਬਡੇ ਬਡੇਰੇ । ਪਰੇ ਨਿਖਾਸਤ[4] ਬੀਚ ਸੁ ਹੇਰੇ[5] ।
ਤਬ ਹੀ ਖਾਨ ਬਹਾਦੁਰ[6] ਆਯੋ, ਪੁਨਿ ਕਾਜੀ ਕੋ ਸੰਗ ਲਿਯਾਯੋ ॥ [੧੯੧॥]
ਤੁਮ ਤੇ ਬਾਤ ਦੀਨ ਕੋ ਆਵਨ । ਪੂਰਵ ਜੋ ਕਹੀ ਪ੍ਰਗਟ ਸੁਹਾਵਨ ।
"ਜੇ ਕਰ ਦੀਨ ਹਮਾਰਾ ਗਹੋ । ਤਬ ਜੀਵਤ ਹੀ ਜਗ ਤੁਮ ਰਹੋ ॥ [੧੯੨॥]
ਜਾ ਕੀ ਦੁਖਤਰ[7] ਖੂਬ ਜੋ ਸੂਰਤ[8] । ਦੇਹ ਬਿਵਾਹ ਤੁਮੈ ਕਰ ਮੂਰਤ ।"
ਸੁਨ ਕਰ ਸਿੰਘ ਸੁ ਧ੍ਰਿਗ[9] ਅਲਾਏ । ਪੁਨਿ ਕਾਜੀ ਸੁਨਿ ਕੋਪ ਹੀ ਆਏ ॥ [੧੯੩॥]
ਇਨ ਕੋ ਬ੍ਰਿਧ ਸਿੰਘ ਸਮਝਾਯੋ । ਤਬ ਸਿੰਘਨ ਸਭ ਹੀ ਮਰਵਾਯੋ ।
ਕੇਈਅਕ[10] ਸੂਲੀ ਕਰਅਨ ਦਏ । ਕਈ ਚਰਖੜੀ ਬੀਚ ਸੁ ਭਏ ॥ [੧੯੪॥]
ਤਬ ਹੀ ਸਿੰਘ ਅਕਾਲ ਜਪਾਏ । ਮਾਨੋ ਬੀਜ ਆਪ ਭੁਇ ਪਾਏ ।
ਜਪਤ ਅਕਾਲ ਬਿਨਸ ਸਭ ਗਏ । ਇਹ ਬਾਨੀ ਤਤ[11] ਹੀ ਛਿਨ ਕਏ[12] ॥ [੧੯੫॥]
ਛੁਧਾ-ਤ੍ਰਿਖਾ[13] ਪੀੜਾ ਇਨ ਦਈ । ਨੌ ਤਨ[14] ਹ੍ਵੈ ਪ੍ਰਸਾਦਿ ਸੋ ਕਈ ।
ਇਹੈ ਮਕਤਬ ਸਰੈ[15] ਕੋ ਕਾਰਨ । ਸਿੰਘ ਈਹਾਂ ਰਹੇ ਬਹੁਤ ਅਬਾਰਨ[16] ॥ [੧੯੬॥]
ਮਨੀ ਸਿੰਘ ਕੇ ਬਚਨ ਅਲਾਏ[17] । "ਇਨ ਕੋ ਮਾਰੇ, ਸਭੀ ਗਵਾਏ[16] ।"
ਜਬੀ ਸੀਸ ਸਮਸੇਰ[19] ਦਿਖਾਯੋ । ਮਨੀ ਸਿੰਘ ਤਬ ਬਚਨ ਅਲਾਯੋ ॥ [੧੯੭॥]
"ਇਸ ਕਰ ਗੁਰੁ ਖਾਲਸ[20] ਨਹਿ ਗਾਈ । ਜਜੋਂ ਕਰ ਤੁਮ ਮਾਰਤ ਹੋ ਆਈ ।
ਜਬ ਹੀ ਸੀਸ ਨ ਭੁਇ[21] ਕਰ ਆਵਾਂ । ਤੰਤੀਅਨ[22] ਬੀਚ ਪਾਇ ਪਹਰਾਵਾ" ॥ [੧੯੮॥]

---

1. ਰੁਪਏ ਪੈਸੇ । 2. ਲੋੜੇ, ਚਾਹੇ । 3. ਬਾਵਲਾ, ਪਾਗਲ । 4. ਨਵਾਬ ਜ਼ਕਰੀਆ ਖ਼ਾਨ (ਖ਼ਾਨ ਬਹਾਦੁਰ) ਦੇ ਹੁਕਮ ਨਾਲ ਲਾਹੌਰ ਦੇ ਚੌਕ ਘੋੜਾ ਨਖ਼ਾਸ (ਸ਼ਹੀਦ ਗੰਜ) ਦੇ ਸਥਾਨ ਉਤੇ ਜੋ ਸਿੰਘ ਸ਼ਹੀਦ ਕੀਤੇ ਗਏ ਉਹ ਇਹ ਸਨ : ਉਦੇ ਸਿੰਘ, ਅਮਰ ਸਿੰਘ, ਸੰਗਤ ਸਿੰਘ, ਸੰਤ ਸਿੰਘ, ਗੁਰਬਖ਼ਸ਼ ਸਿੰਘ, ਗੁਰਮੁਖ ਸਿੰਘ ਅਤੇ ਰਣ ਸਿੰਘ । ਇਨ੍ਹਾਂ ਤੋਂ ਬਿਨਾਂ *ਭਾਈ ਸੇਵਾ ਸਿੰਘ ਭੱਟ* ਕ੍ਰਿਤ 'ਸ਼ਹੀਦ ਬਿਲਾਸ ਭਾਈ ਮਨੀ ਸਿੰਘ' ਦੇ ਕਥਨ ਅਨੁਸਾਰ ਭਾਈ ਭੂਪਤਿ ਸਿੰਘ, ਮੁਹਕਮ ਸਿੰਘ, ਚੈਨ ਸਿੰਘ, ਕੀਰਤ ਸਿੰਘ, ਆਲਮ ਸਿੰਘ, ਕਾਨ੍ਹ ਸਿੰਘ, ਆਦਿ ਕਿਤਨੇ ਹੀ ਵੱਡੇ ਵੱਡੇ ਹੋਰ ਸਿੰਘ ਵੀ ਮਾਰੇ ਗਏ ਸਨ ਜਿਨ੍ਹਾਂ ਦੇ ਨਾਮ ਇਥੇ ਨਹੀਂ ਦੱਸੇ ਗਏ । 5. ਦੇਖੇ ਗਏ । 6. ਪੂਰਾ ਨਾਮ ਨਵਾਬ ਜ਼ਕਰੀਆ ਖ਼ਾਨ । ਇਸ ਦਾ ਸਮਾਂ ਸੰਨ ੧੭੩੯ ਤੋਂ ੧੭੪੫ ਈ. ਤਕ ਹੈ । 7. ਬੇਟੀ, ਪੁਤ੍ਰੀ । 8. ਖ਼ੂਬਸੂਰਤ ਸੋਹਣੀ । 9. ਲਾਨਤ । 10. ਕਿਤਨੇ ਹੀ । 11. ਉਸੇ । 12. ਕੀਤੀ । 13. ਭੁੱਖ-ਤ੍ਰੇਹ । 14. ਨੂਤਨ, ਨਵਾਂ 15. ਮੁਸਲਮਾਨੀ ਸ਼ਰਾ ਦੇ ਮਕਤਬ (ਸਕੂਲ) ਦਾ । 16. ਬਿਨਾ ਰੋਕ, ਬਗ਼ੈਰ ਢਿੱਲ । 17. ਬੋਲੇ । 18. ਅਰਥਾਤ ਜੇ ਇਨ੍ਹਾਂ (ਮਨੀ ਸਿੰਘ ਹੋਰਾਂ) ਨੂੰ ਮਾਰ ਦਿਓ ਤਾਂ ਸਾਰੇ ਹੀ ਸਿੱਖ ਖ਼ਤਮ ਹੋ ਜਾਣਗੇ । 19. ਤਲਵਾਰ । 20. ਗੁਰੂ ਖ਼ਾਲਸਾ । 21. ਭੂਮਿ, ਧਰਤੀ । 22. ਤੰਦਾਂ ।

ਤ੍ਰਾਸ[1] ਖਾਨ ਸੋ ਬਚਨ ਸੁਨਾਵਾ। ਖਾਨ ਕਹਜੋ ਕਾਜੀ ਜੋ ਦਿਖਾਵਾ।
ਨਹਿ ਕਾਜੀ ਨੇ ਖਾਨ ਬਖਾਨਾ। "ਕਰੋ ਟੂਕ ਇਨ ਕੋ ਅਬ ਜਾਨਾ[2]" ॥ [੧੯੯॥]
ਤਬ ਹੀ ਤੇਸਾ ਲੇ ਕਰ ਆਏ। ਜੁਗਲ[3] ਅੰਗ ਜਬ ਕਰੇ ਜੁਦਾਏ।
ਏਕ ਰੋਮ ਨਹਿ ਕਟੇ ਸੁ ਤਾਨੀ। ਮਨੀ ਸਿੰਘ ਤਬ ਬਦਨ[4] ਬਖਾਨੀ ॥ [੨੦੦॥]
"ਮੂਰਖ ! ਬੰਦ ਇਉਂ ਹੀ ਨਹੀ ਕਹੀਐ। ਚਿਹਨ ਸੁ ਅੰਗੁਰੀ ਕਰ ਕਰ ਲਹੀਐ।
ਜੇ ਹੈ ਹਮ ਕੋ ਹੁਕਮ ਦਰਬਾਰਾ। ਸੋਈ ਹੋਇ ਹੈ ਜਗਤ ਮੰਝਾਰਾ" ॥ [੨੦੧॥]
ਤਬ ਹੀ ਤੁਰਕ ਬਹੁਤ ਡਰ ਗਏ। ਕਾਜੀ ਕੋਪ ਸੋ ਬਦਨ ਅਲਏ।[5]
ਭਿੰਨ ਭਿੰਨ[6] ਜਬ ਅੰਗ ਬਢਾਏ। ਤਬ ਹੀ ਬਿਨਸੈ[7] ਆਪ ਸੁਭਾਏ[8] ॥ [੨੦੨॥]
ਸੰਮਤ ਸਤ੍ਹ ਸਹਸ ਇਕਾਵਨ। ਮਾਸ ਅਖਾੜ ਸੁਕਲ ਬਰ ਪਾਵਨ।
ਦਹੇ ਬੀਚ ਤੁਰਕਨ ਕੋ ਮੇਲਾ। ਤਬ ਹੀ ਮ੍ਰਿਤ ਗੁਰੂ ਸੰਗ ਚੇਲਾ[9]॥ [੨੦੩॥]
ਪੰਚਮਿ ਥਿਤ ਭੌਮ ਅਤਿ ਵਾਰੀ। ਲਵਪੁਰ ਮਾਹਿ ਦੇਹਿ ਬਿਨਸਾਰੀ[10]।
ਜਾਹਿ ਨਿਖਾਸਤ ਖਾਨ[11] ਸੋ ਕਹੀਐ। ਸੌਦਾਗਰ ਕੋ ਥਾਨ[12] ਸੁ ਲਹੀਐ ॥ [੨੦੪॥]

---

1. ਡਰ। 2. ਭਾਵ ਮਨੀ ਸਿੰਘ ਦੇ ਟੁਕੜੇ ਟੁਕੜੇ ਕਰ ਦਿਓ। 3. ਦੋਵੇਂ। 4. ਮੂੰਹੋਂ। 5. ਮੂੰਹੋਂ ਬੋਲੇ। 6. ਵੱਖੋ ਵੱਖ। 7. ਨਾਸ਼ ਹੋਵੇ। 8. ਸੁਭਾਵਕ। 9. ਅਰਥਾਤ ਭਾਈ ਮਨੀ ਸਿੰਘ ਜੀ ਹਾੜ੍ਹ ਸੁਦੀ ੫, ਮੰਗਲਵਾਰ, ਸੰਮਤ ੧੭੯੧ ਬਿ. (ਸੰਨ ੧੭੩੪ ਈ.) ਨੂੰ, ਜਦ ਕਿ ਲਾਹੌਰ ਵਿਚ ਮੁਸਲਮਾਨਾਂ ਦਾ ਦਹਿਆਂ (ਤਾਜ਼ੀਆਂ) ਦਾ ਮੇਲਾ ਸੀ, ਸ਼ਹੀਦ ਹੋਏ। ਭਾਈ ਸੇਵਾ ਸਿੰਘ ਭੱਟ ਨੇ '*ਸ਼ਹੀਦ ਬਿਲਾਸ ਭਾਈ ਮਨੀ ਸਿੰਘ*' (ਛੰਦ ੨੦੩) ਵਿਚ ਇਸੇ ਕਥਨ ਦੀ ਪੁਸ਼ਟੀ ਕੀਤੀ ਹੈ ਤੇ ਲਿਖਿਆ ਹੈ ਕਿ ਭਾਈ ਮਨੀ ਸਿੰਘ ਦੇ ਨਾਲ ਭਾਈ ਗੁਲਜ਼ਾਰਾ ਸਿੰਘ ਦੀ ਪੁੱਠੀ ਖੱਲ ਲਾਹੀ ਗਈ ਸੀ ਤੇ ਭਾਈ ਭੂਪਤਿ ਸਿੰਘ ਦੀਆਂ ਅੱਖਾਂ ਭੰਨ ਕੇ ਉਸ ਨੂੰ ਚਰਖ਼ੀ ਉੱਤੇ ਚਾੜ੍ਹਿਆ ਗਇਆ ਸੀ। ਮੌਲਵੀ ਨੂਰ ਅਹਮਦ ਚਿਸ਼ਤੀ ਨੇ ਤਹਕੀਕਾਤਿ ਚਿਸ਼ਤੀ ਵਿਚ ਇਹ ਘਟਨਾ ਮਹੀਨਾ ਸਫ਼ਰ ੫, ਸੰਨ ੧੧੪੦ ਹਿ. (ਮੁਤਾਬਿਕ ਸੰਮਤ ੧੭੮੫ ਬਿ.) ਦੀ ਦੱਸ ਕੇ ਭਾਈ ਮਨੀ ਸਿੰਘ ਦੇ ਨਾਲ ਹੀ ਭਾਈ ਗੁਲਜ਼ਾਰਾ ਸਿੰਘ ਦਾ ਸ਼ਹੀਦ ਹੋਣਾ ਵੀ ਲਿਖਿਆ ਹੈ। ਸਯੱਦ ਮੁਹੰਮਦ ਲਤੀਫ਼ ਦੇ ਕਥਨ ਅਨੁਸਾਰ ਭਾਈ ਮਨੀ ਸਿੰਘ ਜੀ ਸੰਮਤ ੧੭੯੫ ਬਿ.ਵਿਚ, ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਸੰਮਤ ੧੭੯੪ ਬਿ. ਵਿਚ ਅਤੇ ਗਿਆਨੀ ਗਿਆਨ ਸਿੰਘ ਕੇ ਕਥਨ ਅਨੁਸਾਰ ਸੰਮਤ ੧੭੯੫ ਵਿਚ ਸ਼ਹੀਦ ਹੋਏ ਸਨ। (ਦੇਖੋ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ ਵਿਚੋਂ ਮਨੀ ਸਿੰਘ, ਭਾਈ। 10. ਦੇਹ ਤਿਆਗੀ। 11. ਨਖ਼ਾਸਤ ਖ਼ਾਨਾ। ਨਖ਼ਾਸ ਫ਼ਾਰਸੀ ਵਿਚ ਉਸ ਸਥਾਨ ਨੂੰ ਕਹੰਦੇ ਹਨ ਜਿਥੇ ਗੁਲਾਮ ਤੇ ਪਸ਼ੂ ਖ਼ਰੀਦੇ ਜਾਂਦੇ ਹਨ। ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਜਦ ਭਾਈ ਮਨੀ ਸਿੰਘ ਸ਼ਹੀਦ ਹੋਏ, ਲਾਹੌਰ ਵਿਚ ਚੌਕ ਨਖਾਸ ਦੋ ਥਾਵੀਂ ਸਨ : (੧) ਚੌਕ ਨਖ਼ਾਸ ਕਿਲੇ ਦੇ ਪਾਸ, ਸ਼ਹਰ ਵਾਲੇ ਪਾਸੇ, ਅਤੇ (੨) ਚੌਕ ਨਖ਼ਾਸ, ਲੰਡੇ ਬਾਜ਼ਾਰ ਵਿਚ ਗੁਰਦੁਆਰਾ ਸ਼ਹੀਦ ਗੰਜ ਵਾਲੀ ਥਾਂ ਤੇ। 12. ਸੌਦਾਗਰਾਂ ਦਾ ਉਹ ਸਥਾਨ ਅਰਥਾਤ ਚੌਕ ਨਖ਼ਾਸ ਜੋ ਉਸ ਸਮੇਂ ਕਿਲੇ ਦੇ ਸਾਮ੍ਹਣੇ ਪੂਰਬ ਦੀ ਗੁਠੇ ਸੀ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਨੇ ਇਸ ਬਾਰੇ ਲਿਖਿਆ ਹੈ :

ਅਬ ਦਰਵਾਜਾ ਜੋਊ ਕਿਲੇ ਕਾ, ਬੰਦ ਸ਼ਹਿਰ ਦਿਸ ਤੇ ਹੈ।
ਹੁਤੋ ਨਿਖਾਸ ਚੌਕ ਤਿਸ ਆਗੇ, ਕੂਪ ਮਸੀਤ ਢਿਗੈ ਹੈ।
ਭਾਈ ਮਨੀ ਸਿੰਘ ਜੀ ਸਾਕਾ, ਕੀਨੋ ਸਭ ਤੈ ਚਢ ਕੈ।
ਸਿਖੀ ਸਿਦਕ ਬਚਨ ਸੰਗਤਿ ਕਾ, ਠੀਕ ਨਿਬਾਹਜੋ ਬਢ ਕੈ ॥੪੧॥

(ਦੇਖੋ, ਪੰਥ ਪ੍ਰਕਾਸ਼, ਸੰ: ੧੯੪੯ ਬਿ: ,ਸਫ਼ਾ ੪੫੭)

ਇਸੇ ਚੌਕ ਨਖ਼ਾਸ ਵਾਲੀ ਥਾਂ ਤੇ, ਜਿਥੇ ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕੱਟੇ ਗਏ ਸਨ, ਬੜੀ ਦੇਰ ਤੋਂ ਉਨ੍ਹਾਂ ਦੀ ਯਾਦਗਾਰ ਵਿਚ ਗੁਰਦੁਆਰਾ ਬਣਿਆ ਹੋਇਆ ਸੀ : "ਬਨਯੋ ਸਹੀਦਗੰਜ ਅਬ ਹੈ ਤਿਸ ਜਹਿ ਥੇ ਅੰਗ ਖਿਲਾਰੇ।" (*ਪੰਥ ਪ੍ਰਕਾਸ਼*, ਸਫ਼ਾ ੪੫੭) ਪਰ ਪਿੱਛੋਂ ਸੰਮਤ ੨੦੦੪ ਬਿ: (ਮੁਤਾਬਿਕ ਸੰਨ ੧੯੪੭ ਈ.) ਵਿਚ ਪਾਕਿਸਤਾਨ ਬਣਨ ਤੇ ਭਾਈ ਸਾਹਿਬ ਦੀ ਇਹ ਯਾਦਗਾਰ ਮਿਟਾ ਦਿਤੀ ਗਈ, ਜਿਸ ਦਾ ਹੁਣ ਕੋਈ ਨਾਂ-ਨਿਸ਼ਾਨ ਦੇਖਣ ਵਿਚ ਨਹੀਂ ਆਉਂਦਾ।

ਸੀਸ ਦੇਇ ਸਿੰਘਨ ਲੀਅ ਥਾਨਾ। ਬਲੀ ਸ਼ਹੀਦ ਭਏ ਤਿਹ ਮਾਨਾ।
ਸਰਬ ਸਥਾਨ ਸਿੰਘ ਕਾ ਕਹੀਐ। ਜੋਇ ਨਿਖਾਸਤ ਖਾਨਾ ਕਹੀਐ[1] ॥ [੨੦੫॥]
ਤਿਨ ਕੀ ਲਿਖੀ ਸੁ ਸਾਖੀ ਕੋਈ। ਬੰਧੂਅਨ ਬੀਚ ਜਾਤਿ ਅਤਿ ਸੋਈ।
ਕਰੇ ਟਹਲ ਤਿਨ ਕੀ ਬਡ ਮਾਨਾ। ਖਿਜਮਤ ਖਾਨ ਬਹਾਦਰ ਜਾਨਾ ॥ [੨੦੬॥]
ਰਾਖਾ ਤਿਨ ਕਰ ਰਹੇ ਅਪਾਰਾ। ਸੁਨੋ ਕਥਾ ਇਹ ਸ੍ਰਵਨ ਮੰਝਾਰਾ[2]।
ਕਰੇ ਟਹਿਲ ਸਿੰਘਨ ਕੀ ਸਾਰਾ। ਸਰਨਨਿ ਆਇਓ ਖਾਲਸ ਭਾਰਾ ॥ [੨੦੭॥]
ਕੁਇਰ ਸਿੰਘ ਕਲਾਲ ਅਤਿ ਜੋਈ। ਰਹੈ ਕੰਬੋਅਨ ਅੰਗਨ ਸੋਈ।
ਨਾਮ ਮਾਤ੍ਰੀ ਸਿੰਘ ਹੋ ਭਾਈ। ਪੂਰਬ ਖੰਡੇ ਪਾਹੁਲ ਨ ਲਈ ॥ [੨੦੮॥]
ਜਬ ਨੌਕਰੀ ਤੇ ਭਏ ਬੈਰਾਗੀ। ਸੁਨਤ ਸਾਖੀਅਨ ਮਨ ਅਨੁਰਾਗੀ।
ਮਨੀ ਸਿੰਘ ਏ ਬਚਨ ਅਲਾਏ। ਸੁਨੋ ਖਾਲਸਾ ਜੀ ਚਿਤ ਲਾਏ॥ [੨੦੯॥]
ਇਹੁ ਧਰਮਗ[3] ਕਥਾ ਮੈ ਭਾਖੀ। ਬਡ ਵਿਸਥਾਰ ਸੂਖਮ ਕਰ ਰਾਖੀ।
ਸੁਨਤ ਚਾਹ ਜਾਕੈ ਹੀ ਹੋਈ। ਤੁਰਕ ਇਮਾਨ ਨ ਚਾਹੈ ਜੋਈ ॥ [੨੧੦॥]
ਰਹੈ ਕਨਾਤ[4] ਨਾ ਨਾਰਿ ਨਿਹਾਰੇ। ਸਸਤ੍ਰ ਪੂਜ ਮੈ ਅਤਿ ਚਿਤ ਧਾਰੇ।
ਰਹੈ ਸੁ ਸੰਜਮ ਸਮ ਦਮ ਸਾਥਾ। ਮਰਨ ਭਯਾ ਗੁਰ ਧਾਰ ਪਿਯਾਸਾ ॥ [੨੧੧॥]
ਬੰਦੀ ਖਾਨੇ ਮੈ ਬਰ ਸੋਹਾ। ਸੁਨੇ ਸਿਖ ਤਬ ਸੰਗਤਿ ਮੋਹਾ[5]।
ਸੁਰਮੇ ਬੀਚ ਬਸਤ੍ਰ ਰੰਗਾਵੈ। ਹੋਮ ਦੀਪ ਨਈਬੇਦ[6] ਕਰਾਵੈ।
ਗੁਰ ਕੋ ਦਰਸ ਲਹੇ ਸਿਖ ਸੋਈ। ਇਹ ਬਿਧਿ ਕਾਨ ਸੁਨੀ ਮੈ ਹੋਈ ॥੭੮॥ [੨੧੨॥]

ਸਵੈਯਾ। ਯਾਹਿ ਕਥਾ ਪੜ੍ਹ ਹੈ ਸੁਨ ਹੈ ਜਨ, ਮੋਖ ਤੇ ਆਦਿ ਲਹੈ ਫਲ ਚਾਰੀ[7]।
ਧਰਮ ਸਿਖੀ ਤਿਨ ਕੋ ਪੁਨਿ ਪ੍ਰਾਪਤਿ, ਰਾਜ, ਰੁ[8] ਭਾਗ ਰਿਧੰ ਸਿਧ ਸਾਰੀ।
ਧਜਾਇ ਇਕੀਸ ਸੁ ਪਾਵਨ ਹੈ ਪੁਨਿ, ਏਕ ਹੀ ਏਕ ਫਲੰ ਅਤਿ ਭਾਰੀ।
ਯਾ ਸੁਨ ਗਾਵਨ ਦਾਨ ਲਿਖੰ ਕਰ, ਰਾਜਸੂ ਯਾਗ[9] ਕੋ ਪੁਨੰ ਅਪਾਰੀ ॥੭੯॥ [੨੧੩॥]
ਜੋ ਸੁਨ ਹੈ ਇਨ ਕੋ ਕਰ ਪ੍ਰੇਮ ਸੁ, ਏਕ ਹੀ ਗਾਥ ਗੁਰੂ ਰੁਚਿ ਧਾਰੀ।
ਤਾ ਜਸ ਕੇ ਨਹਿ ਗਾਇ ਸਕੈ ਸੁਰ,[10] ਜਾਵਤ ਅੰਤ ਸੁ ਬ੍ਰਹਮ ਮੰਝਾਰੀ।
ਜੀਵਤ ਮੋਖ ਸੁ ਤੰ[11] ਨਰ ਰਾਜਤ[12], ਜਾਹਿ ਮਨੰ ਅਸਿਕੇਤ ਪ੍ਰਕਾਰੀ।
ਸੰਮਤ ਬਸੂ[13] ਇਕਾਦਸ[14] ਤਾਹਿ ਮੈ, ਕੁਆਰ[15] ਸੁ ਮਾਸ ਕੇ ਦਿਵਸ ਮੰਝਾਰੀ ॥੮੦॥ [੨੧੪॥]

ਦੋਹਰਾ। ਅਠ ਦਸ ਸੰਮਤ ਪ੍ਰਥਮ[16] ਬਰ, ਮਾਸ ਕੁਆਰ ਜੋ ਆਹਿ।

---

1. ਅਰਥਾਤ ਇਸ ਤਰ੍ਹਾਂ ਕੁਰਬਾਨੀਆਂ ਕਰਨ ਤੇ ਸਿੱਖਾਂ ਦਾ ਨਖ਼ਾਸਤ ਖ਼ਾਨੇ ਅਥਵਾ ਚੌਕ ਨਖ਼ਾਸ ਉੱਤੇ ਦੋਹੀਂ ਥਾਵੀਂ ਕਬਜਾ ਹੋ ਗਇਆ। 2. ਕੰਨ। 33. ਧਰਮ ਦਾ ਗਜਾਤਾ, ਧਰਮ ਨੂੰ ਜਾਣਨ ਵਾਲਾ। 4. ਪੜਦਾ। 5. ਤਸ ਹੀ (ਮੋ. ਬਾ. ੭੧)। 6. ਨੈਵੇਦਜ, ਦੇਵਤੇ ਨੂੰ ਅਰਪਿਆ ਹੋਇਆ ਭੋਜਨ, ਅਥਵਾ ਭੇਟਾ ਕੀਤੀ ਹੋਈ ਸਾਮਗ੍ਰੀ। 7. ਚਾਰ ਪਦਾਰਥ : ਧਰਮ, ਅਰਥ, ਕਾਮ ਅਤੇ ਮੋਖ। 8. ਰੁ (ਅਰੁ)। 9. ਰਾਜਸੂਯ ਯੱਗ, ਜੋ ਜੱਗ (ਯਗਜ) ਰਾਜੇ ਲੋਕ ਕਰਦੇ ਹਨ। 10. ਦੇਵਤਾ। 11. ਤਿਸ ਨੂੰ (ਉਸ ਨੂੰ) ਜਾਂ ਉਹ। 12. ਸੋਭ। 13. ਅੱਠ ਬਸੂ (ਗਣ ਦੇਵਤਾ)। 14. ਇਕ ਤੇ ਦਸ ਗਿਆਰਾਂ। 15. ਅੱਸੂ। 16. ਸੰਮਤ ਅੱਠ ਦਸ (੧੮੦੦) ਸੇ ਪਹਲਾਂ ਗਿਣੇ ਤੇ ਫੇਰ ਇਸ ਦੇ ਨਾਲ ਉਪਰਲੇ ਅੱਠ ਮਿਲਾਓ ਤਾਂ ਸੰਮਤ ੧੮੦੮ ਬਿ. ਬਣਦਾ ਹੈ, ਜੋ ਇਸ ਪੁਸਤਕ ਦਾ ਰਚਨਾ-ਕਾਲ ਹੈ।

ਪੁਸਤਕ ਭਯੋ ਸੰਪੂਰਨੰ, ਚੰਦ ਤਨੁਜ[1] ਦਿਨ ਮਾਹਿ[2] ॥੯੧॥ [੨੧੫॥]
ਯਾ ਕਰ ਕੀਨੋ ਗ੍ਰੰਥ ਹੈ, ਜੋਇ ਸੁਨਾ ਸੁਭ ਕਾਨ।
ਔਰ ਨ ਜਾਨਤ ਗ੍ਰੰਥ ਕੋ ਕੇਵਲ ਗੁਰ-ਅਖਜਾਨ[3] ॥੯੨॥ [੨੧੬॥]
ਯਾ ਕਰ ਦਰਸ ਲਹੇ ਘਨੋ, ਹੋਤ ਸੂਖ ਕੀ ਬਿੰਦ।
ਗੁਰ ਬਿਲਾਸ ਸ੍ਰੀ ਗ੍ਰੰਥ ਹੈ, ਤਪਤ ਹਰਤ ਜਨੁ ਚੰਦ[4] ॥੯੩॥ [੨੧੭॥]
ਜਲ ਖਾਰਾ ਅਰੁ ਸ੍ਰਿਨੀ[5] ਜੋ, ਭਏ ਅਪਾਵਨ[6] ਨੀਤ।
ਠਾਕੁਰ ਚਰਨਾਮਤ[7] ਭਏ, ਅਰੁ ਪੂਰਾਨ ਪੂਜੀਤ ॥੯੪॥ [੨੧੮॥]

ਇਤਿ ਸ੍ਰੀ ਗੁਰ ਬਿਲਾਸ ਸ੍ਰੀ ਮਨੀ ਸਿੰਘ ਮਤ ਵਖਜਾਨ ਬਰਨਨੰ ਨਾਮ ਇਕੀਸਮੋ ਧਜਾਇ ਕਬਿ ਖਾਲਸਾ ਪੰਥ ਵਰਨਨੰ, ਪਜਾਨ ਚਾਰ ਸਮਾਪਤੰ। ਸ੍ਰੀ ਅਕਾਲ ਜੀ ਸਹਾਇ ॥੨੧॥੧॥

ਸੁਭਮਸਤੁ ਸੁਭਮਸਤੁ ਸੁਭਮਸਤੁ।

**ਲਿਖਾਰੀ ਵਲੋਂ :**

**ਦੋਹਰਾ।** ਪਾਵਸ ਰੁਤ ਬਰਸਾਤ ਕੀ, ਪੂਰਨ ਕੀਓ ਗ੍ਰੰਥ।
ਗੁਰ ਬਿਲਾਸ ਇਹ ਨਾਮ ਹੈ, ਪੜ੍ਹੋ ਪ੍ਰੀਤ ਸੋ ਪੰਥ ॥੧॥

**ਸੋਰਠਾ।** ਸੰਮਤ ਉਨੀ ਸੋ ਨੌ, ਕਰ ਤਿਆਰ ਸੁਖ ਪਾਇਓ।
ਨਰਾਇਣ ਸਿੰਘ ਹੈ ਨਾਉਂ, ਗੁਰੁ ਰਾਮ ਦਾਸ ਕ੍ਰਿਪਾ ਕਰੀ ॥੨॥
ਸੰਮਤ ੧੯੦੯, ਦਸਮੀ ਸੁਦੀ ਸੰਪੂਰਨ। ਸੁਭਮਸਤੁ।

---

1. ਚੰਦ (ਚੰਦ੍ਰਮਾ) ਦਾ ਤਨੁਜ (ਪੁਤ੍ਰ, ਬੁੱਧ), ਅਰਥਾਤ ਬੁੱਧਵਾਰ। 2. ਇਹ ਦੋਹਰਾ ਮੇਰੀ ਪ੍ਰਤੀ ਵਿਚ ਨਹੀ ਹੈ। ਇਸ ਨੂੰ ਮੈਂ ਪਾਠ ਦੀ ਕਮੀ ਪੂਰੀ ਕਰਨ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ (ਨੰ: ੬੦੫) ਦੀ ਪ੍ਰਤੀ ਤੋਂ ਲਇਆ ਹੈ। 3. ਗੁਰੂ ਜੀ ਦੀ ਕਥਾ ਅਥਵਾ ਇਤਿਹਾਸ। 4. ਵ੍ਰਿੰਦ, ਸਮੁਦਾਯ, ਬਹੁਤਾ। 5. ਸੀਰੀਂ, ਮਿੱਠਾ। 6. ਅਪਵਿਤ੍ਰ, ਗੰਦਲਾ। 7. ਚਰਣਾਮ੍ਰਿਤ, ਚਰਣਾਂ ਦਾ ਅੰਮ੍ਰਿਤ, ਅਥਵਾ ਧੋਣ।

# ਗੁਰਬਿਲਾਸ ਪਾਤਸ਼ਾਹੀ ੧੦

ਕ੍ਰਿਤ

ਕੁਇਰ ਸਿੰਘ

ਸੰਪਾਦਕ

ਸ਼ਮਸ਼ੇਰ ਸਿੰਘ ਅਸ਼ੋਕ

ਭੂਮਿਕਾ ਲੇਖਕ ਤੇ ਨਿਗਰਾਨ

ਡਾ. ਫ਼ੌਜਾ ਸਿੰਘ

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ ਪਟਿਆਲਾ

# ਅੰਤਿਕਾ

## ਪ੍ਰਸਿੱਧ ਨਾਵਾਂ ਤੇ ਥਾਵਾਂ ਦਾ ਵੇਰਵਾ

(ੳ)

*ਉਜੈਨ*—(ਉੱਜਯਿਨੀ) ਮੱਧ ਭਾਰਤ (ਮਾਲਵਾ ਦੇਸ਼) ਦੀ ਪੁਰਾਣੀ ਰਾਜਧਾਨੀ, ਜਿਥੇ ਕਿ ਅੱਜ ਤੋਂ ੨੦੨੩ ਵਰ੍ਹੇ ਪਹਿਲਾਂ ਮਹਾਰਾਜਾ ਵਿਕ੍ਰਮਾਦਿਤਜ ਨੇ ਰਾਜ ਕੀਤਾ ਸੀ। ਇਹ ਨਗਰ ਸਿਪ੍ਰਾ ਨਦੀ ਦੇ ਕੰਢੇ ਉਤੇ ਵਸਿਆ ਹੋਇਆ ਹੈ। ਇਸ ਨਗਰ ਦਾ ਦੂਜਾ ਨਾਮ ਅਵੰਤੀ ਜਾਂ ਅਵੰਤਿਕਾ ਪੁਰੀ ਵੀ ਹੈ।

*ਉਦੇ ਸਿੰਘ, ਭਾਈ*—ਇਹ ਭਾਈ ਮਨੀ ਸਿੰਘ ਸ਼ਹੀਦ ਦਾ ਪੁਤ੍ਰ, ਜਾਤਿ ਦਾ ਰਾਜਪੂਤ ਤੇ ਪਿੰਡ ਅਲੀਪੁਰ (ਜ਼ਿਲਾ ਮੁਲਤਾਨ) ਦਾ ਵਸਨੀਕ ਸੀ। ਸੰਮਤ ੧੭੫੮ ਬਿ: (੧੭੦੧ ਈ.) ਦੇ ਜੰਗ ਵਿਚ ਇਸ ਨੇ ਰਾਜਾ ਕੇਸਰੀ ਚੰਦ ਜਸਵਾਲੀਏ ਨੂੰ ਮਾਰਿਆ ਤੇ ਇਸ ਤੋਂ ਪਿੱਛੋਂ ਪੋਹ, ਸੰਮਤ ੧੭੬੨ ਬਿ. (੧੭੦੫ ਈ.) ਨੂੰ ਗੁਰੂ ਦਸ਼ਮੇਸ਼ ਦੇ ਆਨੰਦਪੁਰ ਛੱਡਣ ਸਮੇਂ ਇਹ ਕੀਰਤਪੁਰ ਦੇ ਨੇੜੇ ਸ਼ਾਹੀ ਟਿੱਬੀ ਪੁਰ ਦੁਸ਼ਮਨ ਨਾਲ ਲੜਦਾ ਸ਼ਹੀਦ ਹੋਇਆ ਸੀ।

(੨) ਭਾਈ ਮਨੀ ਸਿੰਘ ਦਾ ਸਾਥੀ ਇਕ ਸਿੰਘ, ਜੋ ਨਵਾਬ ਖ਼ਾਨ ਬਹਾਦੁਰ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ ਸੀ। (ਅਧਿਆਇ ੨੧)

(ਅ)

*ਅਉਰੰਗਜ਼ੇਬ (ਮੁਗ਼ਲ ਬਾਦਸ਼ਾਹ)*—ਇਸ ਦਾ ਜਨਮ ਦੋਹਦ ਦੇ ਸਥਾਨ ਪੁਰ, ਬਾਦਸ਼ਾਹ ਸ਼ਾਹਜਹਾਂ ਦੇ ਘਰ, ਅਰਜਮੰਦ ਬਾਨੋ ਬੇਗਮ ਦੇ ਪੇਟੋਂ, ੧੦ ਅਕਤੂਬਰ ਸੰਨ, ੧੬੧੯ ਈ. ਨੂੰ ਹੋਇਆ। ਸ਼ਾਹਜਹਾਂ ਦਾ ਇਹ ਤੀਜਾ ਪੁਤ੍ਰ ਸੀ। ੨੩ ਜੁਲਾਈ, ਸੰਨ ੧੬੫੮ ਈ. ਨੂੰ ਲਗਭਗ ੪੦ ਸਾਲ ਦੀ ਉਮਰ ਵਿਚ ਇਹ ਆਪਣੇ ਪਿਤਾ ਸ਼ਾਹਜਹਾਂ ਨੂੰ ਕੈਦ ਕਰ ਕੇ ਆਗਰੇ ਦੇ ਰਾਜ-ਤਖ਼ਤ ਉਤੇ ਬੈਠਿਆ। ੨੦ ਫ਼ਰਵਰੀ, ਸੰਨ ੧੭੦੭ ਈ. ਨੂੰ ਲਗਪਗ ੯੧ ਵਰ੍ਹਿਆਂ ਦੀ ਉਮਰ ਵਿਚ ਅਹਮਦ ਨਗਰ (ਦੱਖਣ) ਦੇ ਸਥਾਨ ਪੁਰ ਇਸ ਦਾ ਦੇਹਾਂਤ ਹੋਇਆ।

*ਅਉਰੰਗਾਬਾਦ*—ਹੈਦਰਾਬਾਦ (ਦੱਖਣ) ਦੇ ਇਲਾਕੇ ਦਾ ਇਕ ਪ੍ਰਸਿੱਧ ਨਗਰ, ਜੋ ਪਹਿਲਾਂ ਖਿਰਕੀ ਦੇ ਨਾਂ ਨਾਲ ਮਸ਼ਹੂਰ ਸੀ। ਫੇਰ ਸ਼ਾਹ ਔਰੰਗਜ਼ੇਬ ਦੇ ਨਾਂ ਤੇ ਇਸ ਦਾ ਨਾਂ ਔਰੰਗਾਬਾਦ ਪ੍ਰਸਿੱਧ ਹੋਇਆ।

*ਅਹਮਦ ਨਗਰ*—ਮਹਾਰਾਸ਼ਟਰ ਦੇ ਇਲਾਕੇ ਵਿਚ ਸੀਨਾ ਨਦੀ ਦੇ ਕੰਢੇ ਇਹ ਨਗਰ ਅਹਮਦ ਨਜ਼ਾਮ ਨੇ ਸੰਨ ੧੪੯੦ ਵਿਚ ਆਬਾਦ ਕੀਤਾ। ਭਾਈ ਦਯਾ ਸਿੰਘ ਜੀ ਗੁਰੂ ਸਾਹਿਬ ਦੇ

ਹੁਕਮ ਨਾਲ ਜ਼ਫਰ-ਨਾਮਾ ਲੈ ਕੇ ਸ਼ਾਹ ਔਰੰਗਜ਼ੇਬ ਨੂੰ ਇਸੇ ਸਥਾਨ ਪੁਰ ਮਿਲੇ ਸਨ।

*ਅਹਮਦਾਬਾਦ*—ਇਲਾਕਾ ਗੁਜਰਾਤ ਦਾ ਇਕ ਪ੍ਰਸਿੱਧ ਸ਼ਹਰ। ਇਹ ਸੰਨ ੧੪੧੩ ਵਿਚ ਰਾਜਾ ਅਹਮਦਸ਼ਾਹ ਨੇ ਸਾਂਬਰਮਤੀ ਨਦੀ ਦੇ ਕੰਢੇ ਵਸਾਇਆ ਸੀ।

*ਅਗਮਗੜ੍ਹ/ਅਗਮਪੁਰਾ*—ਸ੍ਰੀ ਆਨੰਦਪੁਰ ਦਾ ਇਕ ਪ੍ਰਸਿੱਧ ਕਿਲਾ ਜਿਥੇ ਸੰਮਤ ੧੭੬੨ ਬਿ: ਵਿਚ ਭਾਈ ਉਦੇ ਸਿੰਘ ਤੇ ਈਸ਼ਰ ਸਿੰਘ ਨੇ ਮੁਗਲੇਈ ਦਲਾਂ ਦਾ ਟਾਕਰਾ ਕੀਤਾ। ਆਗਮਪੁਰਾ ਵੀ ਇਸੇ ਕਿਲੇ ਦਾ ਦੂਜਾ ਨਾਂ ਹੈ।

*ਅਜੀਤ ਸਿੰਘ, ਬਾਬਾ*—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵੱਡਾ ਸਾਹਿਬਜ਼ਾਦਾ, ਜੋ ਮਾਤਾ ਸੁੰਦਰੀ ਦੇ ਪੇਟੋਂ ੨੩ ਮਾਘ ਸੰਮਤ ੧੭੪੩ ਬਿ. ਨੂੰ ਪੈਦਾ ਹੋਇਆ ਤੇ ੮ ਪੋਹ ਸੰਮਤ ੧੭੬੨ ਬਿ. ਨੂੰ ਚਮਕੌਰ ਦੇ ਜੁੱਧ ਵਿਚ ਸ਼ਹੀਦ ਹੋਇਆ ਸੀ।

*ਅਜੁੱਧਿਆ (ਅਜੋਧਜਾ)*—ਉੱਤਰ ਪ੍ਰੇਦਸ਼ ਵਿਚ ਸਰਜੂ ਨਦੀ ਦੇ ਕੰਢੇ ਇਕ ਪੁਰਾਣੀ ਰਾਜਧਾਨੀ, ਜਿੱਥੇ ਸੂਰਜ ਵੰਸ਼ੀ ਮਹਾਰਾਜਾ ਦਸ਼ਰਥ ਤੇ ਸ੍ਰੀ ਰਾਮ ਚੰਦ੍ਰ ਜੀ ਨੇ ਰਾਜ ਕੀਤਾ ਸੀ। ਇਥੇ ਵਿਸ਼ਸ਼ਟ ਕੁੰਡ ਦੇ ਕੋਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ।

*ਅਬਿਚਲ ਨਗਰ (ਨੰਦੇੜ)*—ਇਹ ਸਥਾਨ, ਜੋ ਸ੍ਰੀ ਹਜ਼ੂਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ, ਹੈਦਰਾਬਾਦ (ਦੱਖਣ) ਦੇ ਇਲਾਕੇ ਵਿਚ ਗੋਦਾਵਰੀ ਨਦੀ ਦੇ ਕੰਢੇ ਤੇ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸਥਾਨ ਪੁਰ ਕੱਤਕ ਸੁਦੀ ੫, ਸੰਮਤ ੧੭੬੫ ਬਿ. ਨੂੰ ਜੋਤੀ ਜੋਤ ਸਮਾਏ ਸਨ।

*ਅਲਸੂਨ ਗ੍ਰਾਮ (ਆਲਸੂਨ)* ਨਾਦੌਣ ਦੇ ਲਾਗੇ ਇਕ ਪਿੰਡ, ਜਿਥੇ ਕੁਝ ਫ਼ਸਾਦੀ ਲੋਕਾਂ ਨੂੰ ਗੁਰੂ ਜੀ ਨੇ ਦੰਡ ਦਿਤਾ ਸੀ।

*ਅਲਫੰ ਖ਼ਾਨ*—ਸ਼ਾਹ ਜਹਾਨੀ ਵਜ਼ੀਰ ਸਾਦੁੱਲਾ ਖ਼ਾਨ ਦੇ ਪੁਤ੍ਰ ਲੁਤਫੁੱਲਾ ਖ਼ਾਨ ਦਾ ਪੁਤ੍ਰ ਅਤੇ ਮੀਆ ਖ਼ਾਨ ਦਾ ਭਤੀਜਾ।

*ਆਗਰਾ*—ਉੱਤਰ ਪ੍ਰਦੇਸ ਵਿਚ ਦਰਿਆ ਜਮਨਾ ਦੇ ਕੰਢੇ ਇਕ ਪ੍ਰਸਿੱਧ ਸ਼ਹਿਰ ਜੋ ਅਕਬਰ ਦੇ ਸਮੇਂ ਅਕਬਰਾਬਾਦ ਦੇ ਨਾਂ ਨਾਲ ਮੁਗ਼ਲ ਹਕੂਮਤ ਦੀ ਰਾਜਧਾਨੀ ਰਹਿਆ। ਇਥੇ ਮਾਈ ਥਾਨ ਮਹੱਲੇ ਵਿਚ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਗੁਰਦੁਆਰਾ ਅਤੇ ਬਾਹਰ, ਇਕ ਬਾਗ਼ ਵਿਚ, ਸ੍ਰੀ ਦਸ਼ਮੇਸ਼ ਜੀ ਦੀ ਯਾਦਗਾਰ ਬਣੀ ਹੋਈ ਹੈ।

*ਆਜ਼ਮ ਤਾਰਾ (ਤਾਰਾ ਆਜ਼ਮ)*—ਇਹ ਸ਼ਹਜ਼ਾਦਾ, ਜਿਸ ਦਾ ਸਹੀ ਨਾਮ ਮੁਹੰਮਦ ਆਜ਼ਮ ਸੀ, ਔਰੰਗਜ਼ੇਬ ਦੇ ਘਰ ਬਾਨੂ ਬੇਗਮ ਦੇ ਪੇਟੋਂ ੧੧ ਜੁਲਾਈ, ਸੰਨ ੧੬੫੩ ਈ. ਨੂੰ ਜਨਮਿਆ ਤੇ ੧੮ ਜੂਨ, ਸੰਨ ੧੭੦੭ ਈ. ਨੂੰ ਆਗਰੇ ਦੇ ਨੇੜੇ ਜਾਜੂ ਦੇ ਸਥਾਨ ਪੁਰ ਆਪਣੇ ਵੱਡੇ ਭਰਾ ਮੁਹੰਮਦ ਮੁਅੱਜ਼ਿਮ (ਬਹਾਦੁਰ ਸ਼ਾਹ) ਨਾਲ ਲੜਦਾ ਹੋਇਆ ਮਾਰਿਆ ਗਇਆ ਸੀ।

*ਆਨੰਦਪੁਰ (ਮਾਖੋਵਾਲ)*—ਦਰਿਆ ਸਤਲੁਜ ਦੇ ਕੰਢੇ ਇਲਾਕਾ ਕਹਲੂਰ ਵਿਚ ਇਕ ਸਥਾਨ, ਜੋ ਪਹਲਾਂ ਮਾਖੋਵਾਲ ਦੇ ਨਾਂ ਨਾਲ ਪ੍ਰਸਿੱਧ ਸੀ। ਸ੍ਰੀ ਗੁਰੂ ਤੇਗ਼ ਬਹਾਦੁਰ ਜੀ (ਨੌਵੇਂ ਗੁਰੂ) ਨੇ ਸੰਮਤ ੧੭੨੨ ਜਾਂ ੧੭੨੩ ਵਿਚ ਖ਼ਰੀਦ ਕੇ ਪਹਿਲਾਂ ਚੱਕ ਨਾਨਕੀ ਦੇ ਨਾਂ ਨਾਲ, ਤੇ ਫੇਰ ਸ੍ਰੀ ਦਸ਼ਮੇਸ਼ ਜੀ ਨੇ ਸੰਮਤ ੧੭੪੫ ਬਿ. ਵਿਚ ਭੰਗਾਣੀ ਦੇ ਯੁੱਧ ਤੋਂ ਬਾਦ, ਆਨੰਦਪੁਰ

ਦੇ ਨਾਂ ਨਾਲ ਆਬਾਦ ਕੀਤਾ ਤੇ ਕਿਲਾ ਆਨੰਦ ਗੜ੍ਹ, ਹੋਲ ਗੜ੍ਹ, ਕੇਸ਼ ਗੜ੍ਹ, ਅਗਮ ਗੜ੍ਹ, ਲੋਹ ਗੜ੍ਹ, ਫ਼ਤਿਹ ਗੜ੍ਹ, ਆਦਿ ਬਣਵਾਏ। ਆਨੰਦਪੁਰ ਦਾ ਸ੍ਰੀ ਕੇਸ਼ਗੜ੍ਹ ਸਥਾਨ ਸਿੱਖਾਂ ਦੇ ਦੂਜੇ ਤਖ਼ਤ ਦੇ ਨਾਂ ਨਾਲ ਮਸ਼ਹੂਰ ਹੈ।

(ਸ)

*ਸ਼ਤ ਗਾਮਿਨਿ*—(ਸ਼ਤ) ਇਕ ਸੌ ਧਾਰਾਂ ਵਿਚ ਗਮਨ ਕਰਨ (ਚੱਲਣ) ਵਾਲਾ ਦਰਿਆ ਸਤਲੁਜ। ਦੇਖੋ, ਸ਼ਤਦ੍ਰਵ ਤੇ ਸਤਲੁਜ।

*ਸ਼ਤਦ੍ਰਵ/ਸਤਦ੍ਰ/ਸਤਲੁਜ*—ਇਹ ਦਰਿਆ ਤਿੱਬਤ ਦੀ ਮਾਨ ਸਰੋਵਰ ਝੀਲ ਵਿਚੋਂ ਨਿਕਲਦਾ ਹੈ ਤੇ ਕੁੱਲੂ, ਮੰਡੀ, ਬਿਲਾਸਪੁਰ, ਆਨੰਦਪੁਰ, ਰੋਪੜ, ਲੁਧਿਆਣਾ, ਫਿਲੌਰ, ਆਦਿ ਥਾਣੀ ਹੁੰਦਾ ਹੋਇਆ ਦਰਿਆ ਬਿਆਸ ਨਾਲ ਮਿਲ ਕੇ ਦਰਿਆ ਸਿੰਧ ਵਿਚ ਜਾ ਡਿਗਦਾ ਹੈ।

*ਸਰਹਿੰਦ ਬਾਵਨੀ*—ਜ਼ਿਲਾ ਪਟਿਆਲਾ ਦਾ ਨਗਰ ਸਰਹਿੰਦ ਜੋ ਮੁਗ਼ਲਾਂ ਦੀ ਹਕੂਮਤ ਸਮੇਂ ੫੨ ਪਰਗਨਿਆਂ ਦਾ ਮੁਖ ਕੇਂਦ੍ਰ ਹੋਣ ਕਰਕੇ ਸਰਹਿੰਦ ਬਾਵਨੀ (੫੨) ਦੇ ਨਾਂ ਨਾਲ ਪ੍ਰਸਿੱਧ ਸੀ। ਫ਼ੀਰੋਜ਼ ਸ਼ਾਹ ਤੁਗ਼ਲਕ ਦੇ ਸਮੇਂ ਇਹ ਨਗਰ ਸਮਾਨੇ ਦੀ ਹਕੂਮਤ ਥੱਲੇ ਸੀ। ੧੩ ਪੋਹ, ਸੰਮਤ ੧੭੬੨ ਬਿ. ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਜੀ ਨਵਾਬ ਵਜ਼ੀਰ ਖ਼ਾਨ ਦੇ ਹੁਕਮ ਨਾਲ ਇਸੇ ਸਥਾਨ ਪੁਰ ਕਤਲ ਕਰਵਾਏ ਗਏ ਸਨ ਜਿਥੇ ਉਨ੍ਹਾਂ ਦੀ ਸ਼ਹੀਦੀ ਦੀ ਯਾਦਗਾਰ ਵਜੋਂ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ, ਸ਼ਹੀਦ ਗੰਜ, ਥੜਾ ਸਾਹਿਬ, ਮਾਤਾ ਗੁਜਰੀ ਜੀ ਦਾ ਬੁਰਜ, ਵਿਮਾਨ ਗੜ੍ਹ ਤੇ ਜੋਤੀ ਸਰੂਪ ਬਣੇ ਹੋਏ ਹਨ।

*ਸ਼ਾਹ ਸੰਗ੍ਰਾਮ*—ਬੀਬੀ ਵੀਰੋ ਦਾ ਸਪੁਤ੍ਰ ਸੰਗੋਸ਼ਾਹ, ਜੋ ਸੰਮਤ ੧੭੪੫ ਵਿਚ ਦੁਸ਼ਮਨ ਨਾਲ ਲੜਦਾ ਹੋਇਆ ਭੰਗਾਣੀ ਦੇ ਯੁੱਧ ਸਮੇਂ ਸ਼ਹੀਦ ਹੋਇਆ ਸੀ। ਸ੍ਰੀ ਦਸ਼ਮੇਸ਼ ਜੀ ਨੇ ਇਸ ਨੂੰ ਅਦੁੱਤੀ ਜੋਧਾ ਹੋਣ ਕਰਕੇ ਸ਼ਾਹ ਸੰਗ੍ਰਾਮ ਦੀ ਪਦਵੀ ਦਿੱਤੀ ਸੀ।

*ਸ਼ਾਹਜਹਾਨਾਬਾਦ*—ਦਿੱਲੀ ਦਾ ਹੀ ਦੂਜਾ ਨਾਉਂ ਹੈ। ਇਹ ਸੰਨ ੧੬੩੧ ਈ. ਵਿਚ ਬਾਦਸ਼ਾਹ ਸ਼ਾਹਜਹਾਨ ਨੇ ਲਾਲ ਕਿਲੇ ਦੇ ਸਾਮ੍ਹਣੇ ਨਵੀਂ ਆਬਾਦੀ ਦੇ ਰੂਪ ਵਿਚ ਆਪਣੇ ਨਾਂ ਤੇ ਵਸਾਇਆ ਸੀ।

*ਸਾਹਿਬ ਸਿੰਘ, ਭਾਈ*—ਇਹ ਸ੍ਰੀ ਦਸ਼ਮੇਸ਼ ਜੀ ਦੇ ਪੰਜ ਪਿਆਰਿਆਂ ਵਿਚੋਂ ਸੀ। ਇਸ ਦਾ ਜਨਮ ਬਿਦਰ ਸ਼ਹਰ ਦਾ ਲਿਖਿਆ ਹੈ, ਪਰ ਅਸਲ ਵਿਚ ਇਸ ਦਾ ਜਨਮ ਪਿੰਡ ਨੰਗਲ ਸ਼ਹੀਦਾਂ (ਜ਼ਿਲਾ ਹੁਸ਼ਿਆਰਪੁਰ) ਵਿਚ ਤੁਲਸੀ (ਚਮਨ ਰਾਮ) ਨਾਈ ਦੇ ਘਰ ਮਾਤਾ ਬਿਸ਼ਨ ਦੇਈ ਦੀ ਕੁਖੋਂ ੪ ਹਾੜ੍ਹ, ਸੰਮਤ ੧੭੨੨ ਬਿ. ਨੂੰ ਹੋਇਆ ਸੀ ਤੇ ਇਹ ੮ ਪੋਹ, ਸੰਮਤ ੧੭੬੨ ਬਿ. ਨੂੰ ਚਮਕੌਰ ਦੇ ਧਰਮ-ਜੁੱਧ ਵਿਚ ਸ਼ਹੀਦ ਹੋਇਆ ਸੀ।

*ਸਾਹਿਬ ਚੰਦ*—(੧) ਇਕ ਪਹਾੜੀ ਰਾਜਾ। (੨) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਪ੍ਰੇਮੀ ਸਿੱਖ ਜੋ ਆਨੰਦਪੁਰ ਦੇ ਜੁੱਧ ਵਿਚ ਸ਼ਹੀਦ ਹੋਇਆ।

*ਸਾਹਿਬ ਦੇਵੀ, ਮਾਤਾ*—ਇਹ ਮਾਤਾ ਜੀ "ਖ਼ਾਲਸੇ ਦੀ ਮਾਤਾ" ਦੇ ਨਾਂ ਨਾਲ ਮਸ਼ਹੂਰ ਹਨ। ਇਨ੍ਹਾਂ ਦਾ ਜਨਮ ਰੁਹਤਾਸ, ਜ਼ਿਲਾ ਜਿਹਲਮ, ਵਿਚ ਹੋਇਆ ਤੇ ਪਿਤਾ ਦਾ ਨਾਮ ਰਾਮੂ ਸੀ, ਜੋ ਜਾਤਿ ਦਾ ਬੱਸੀ ਖਤ੍ਰੀ ਸੀ। ੧੯ ਵੈਸਾਖ, ਸੰਮਤ ੧੭੫੭ ਬਿ. ਨੂੰ ਇਨ੍ਹਾਂ ਦੀ ਸ਼ਾਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਆਨੰਦਪੁਰ ਵਿਖੇ ਹੋਈ। ਇਨ੍ਹਾਂ ਦੇ ਪੇਟੋਂ ਸੰਤਾਨ ਕੋਈ

ਨਹੀਂ ਸੀ। ਮਹੀਨਾ ਪੋਹ, ਸੰਮਤ ੧੭੬੨ ਵਿਚ ਆਨੰਦਪੁਰ ਛੱਡਣ ਤੇ ਇਨ੍ਹਾਂ ਨੇ ਅਬਿਚਲ ਨਗਰ (ਨੰਦੇੜ) ਤਕ ਅਨੇਕਾਂ ਤਕਲੀਫਾਂ ਝੱਲ ਕੇ ਗੁਰੂ ਸਾਹਿਬ ਦਾ ਸਾਥ ਦਿੱਤਾ। ਫੇਰ ਕੱਤਕ ਸੁਦੀ ੫, ਸੰਮਤ ੧੭੬੫ ਬਿ. ਨੂੰ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੇ ਇਹ ਉਨ੍ਹਾਂ ਦੇ ਹੁਕਮ ਨਾਲ ਉੱਥੋਂ ਦਿੱਲੀ ਚਲੇ ਆਏ ਤੇ ਮਾਤਾ ਸੁੰਦਰੀ ਜੀ ਦੇ ਕੋਲ ਰਹੇ। ਇਨ੍ਹਾਂ ਦਾ ਦੇਹਾਂਤ ਮਾਤਾ ਸੁੰਦਰੀ ਜੀ ਤੋਂ ਪਹਲਾਂ, ਸੰਮਤ ੧੭੯੦ ਬਿ., ਦੇ ਨੇੜੇ ਤੇੜੇ ਹੋਇਆ ਸੀ।

***ਸ਼ਾਹੀ ਟਿੱਬੀ***—ਕੀਰਤਪੁਰ ਦੇ ਲਾਗੇ ਇਕ ਸਥਾਨ, ਜਿੱਥੇ ਭਾਈ ਉਦੇ ਸਿੰਘ ਜੀ ਸਾਥੀਆਂ ਸਮੇਤ ਸ਼ਹੀਦ ਹੋਏ ਸਨ।

***ਸਾਰਮੌਰ (ਸਿਰਮੌਰ)***—ਜਮਨਾ ਅਤੇ ਸਤਲੁਜ ਦੇ ਵਿਚਕਾਰ ਇਕ ਪਹਾੜੀ ਰਿਆਸਤ ਜਿਸ ਨੂੰ 'ਨਾਹਨ' ਕਹਿੰਦੇ ਹਨ।

***ਸਾਲੋ, ਭਾਈ***—ਇਕ ਸਿੱਖ ਜੋ ਗੁਰੂ ਰਾਮਦਾਸ ਤੋਂ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤਕ ਗੁਰੂ ਘਰ ਦੀ ਸੇਵਾ ਵਿਚ ਹਮੇਸ਼ਾ ਹਾਜ਼ਰ ਰਹਿਆ। ਇਹ ਕੁਝ ਚਿਰ ਅੰਮ੍ਰਿਤਸਰ ਦਾ ਕੋਤਵਾਲ ਵੀ ਰਹਿਆ ਸੀ। ਇਸ ਦਾ ਦੇਹਾਂਤ ਸੰਮਤ ੧੬੮੫ ਵਿਚ ਗੁਰੂ ਹਰਿ ਗੋਬਿੰਦ ਜੀ ਦੇ ਸਮੇਂ ਹੋਇਆ।

***ਸ਼ਿਕਾਰ ਪੁਰ***—ਜ਼ਿਲਾ ਸੱਖਰ (ਸਿੰਧ) ਵਿਚ ਇਕ ਪ੍ਰਸਿੱਧ ਨਗਰ, ਜੋ ਵਪਾਰ ਦਾ ਕੇਂਦ੍ਰ ਹੋਣ ਕਰਕੇ ਬਹੁਤ ਮਸ਼ਹੂਰ ਹੈ।

***ਸੁਕੇਤ***—ਪੰਜਾਬ ਦੇ ਇਲਾਕਾ ਪਹਾੜ ਦਾ ਇਕ ਪ੍ਰਸਿੱਧ ਨਗਰ। ਰਿਆਸਤ ਸੁਕੇਤ ਬਾਈਧਾਰ ਦੀਆਂ ਪਹਾੜੀ ਰਿਆਸਤਾਂ ਵਿਚ ਸ਼ਾਮਲ ਸੀ ਤੇ ਇਥੇ ਸੁਕੇਤੀਆ ਗੋਤ ਦੇ ਰਾਜਪੂਤ ਰਾਜ ਕਰਦੇ ਸਨ।

***ਸੁਖਦੇਵ***—(੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਇਕ ਕਵੀ, ਜਿਸ ਦੀ ਗਿਣਤੀ ੫੨ ਕਵੀਆਂ ਵਿਚੋਂ ਹੈ। ਅਧਜਾਤਮ ਪ੍ਰਕਾਸ਼ (ਵੇਦਾਂਤ ਗ੍ਰੰਥ) ਇਸੇ ਕਵੀ ਦੀ ਰਚਨਾ ਹੈ।

(੨) ਇਕ ਪਹਾੜੀ ਰਾਜਾ, ਜੋ ਨਾਦੌਣ ਦੇ ਜੁੱਧ ਵਿਚ ਸ਼ਾਮਲ ਸੀ।

***ਸੁੰਦਰੀ, ਮਾਤਾ***—ਇਨ੍ਹਾਂ ਦੇ ਪਿਤਾ ਰਾਮ ਸਰਨ ਜੀ ਜਾਤਿ ਦੇ ਕੁਮਰਾਵ ਖਤ੍ਰੀ ਤੇ ਲਾਹੌਰ ਦੇ ਵਸਨੀਕ ਸਨ। ੭ ਵੈਸਾਖ, ਸੰਮਤ ੧੭੪੧ ਬਿ. ਨੂੰ ਇਨ੍ਹਾਂ ਦਾ ਆਨੰਦ ਕਾਰਜ ਆਨੰਦਪੁਰ ਦੇ ਨੇੜੇ ਗੁਰੂ ਕੀ ਲਾਹੌਰ ਦੇ ਸਥਾਨ ਪੁਰ ਸ੍ਰੀ ਗੋਬਿੰਦ ਸਿੰਘ ਜੀ ਦੇ ਨਾਲ ਹੋਇਆ। ਵੱਡਾ ਸਾਹਿਬਜ਼ਾਦਾ ਅਜੀਤ ਸਿੰਘ ਇਨ੍ਹਾਂ ਦੀ ਕੁੱਖੋਂ ਹੀ ਸੀ।

ਸੰਮਤ ੧੭੬੨ ਵਿਚ ਗੁਰੂ ਜੀ ਦੇ ਆਨੰਦਪੁਰੋਂ ਜਾਣ ਸਮੇਂ ਮਾਤਾ ਸੁੰਦਰੀ ਜੀ ਭਾਈ ਮਨੀ ਸਿੰਘ ਦੇ ਨਾਲ ਦਿੱਲੀ ਚਲੇ ਗਏ। ਸੰਮਤ ੧੭੬੫ ਵਿਚ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੇ ਮਾਤਾ ਸੁੰਦਰੀ ਦਾ ਹੁਕਮ ਸਾਰੇ ਸਿੱਖ ਪੰਥ ਉਤੇ ਚਲਦਾ ਰਹਿਆ। ਇਹ ਕੁਝ ਚਿਰ ਮਥੁਰਾ ਜਾ ਕੇ ਵੀ ਰਹਿੰਦੇ ਰਹੇ; ਪਰ ਫੇਰ ਦਿੱਲੀ ਹੀ ਪਰਤ ਆਏ। ਰਿਆਸਤ ਜੈ ਪੁਰ ਵਲੋਂ ਇਨ੍ਹਾਂ ਨੂੰ ਖ਼ਰਚ ਵਾਸਤੇ ਇਕ ਪਿੰਡ ਦੀ ਜਾਗੀਰ ਭੇਟਾ ਕੀਤੀ ਗਈ ਸੀ। ਸੰਮਤ ੧੮੦੪ ਬਿ. ਵਿਚ ਦਿੱਲੀ ਹੀ ਇਨ੍ਹਾਂ ਦਾ ਦੇਹਾਂਤ ਹੋਇਆ, ਜਿੱਥੇ ਇਨ੍ਹਾਂ ਦੇ ਸਮਾਧੀ ਸਥਾਨ ਪੁਰ ਦੇਹੁਰਾ ਬਣਿਆ ਹੋਇਆ ਹੈ।

***ਸ਼ਧਾਰਸ***—(ਅੰਮ੍ਰਿਤਸਰ) ਸੰਮਤ ੧੬੩੧ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ

ਜੀ ਦੇ ਹੁਕਮ ਨਾਲ ਪਿੰਡ ਤੁੰਗ, ਗੁਮਟਾਲਾ, ਸੁਲਤਾਨ ਵਿੰਡ, ਆਦਿ ਦੀ ਜ਼ਮੀਨ ਖ਼ਰੀਦ ਕੇ, ਜੋ ਕਿ ਗੈਰ ਆਬਾਦ ਪਈ ਸੀ, ਗੁਰੂ ਚੱਕ ਨਾਮੀ ਨਗਰ ਵਸਾਇਆ ਤੇ ਫੇਰ ਸੰਮਤ ੧੬੩੪ ਵਿਚ ਸਰੋਵਰ ਖੁਦਵਾਇਆ ਤੇ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਰਚ ਕੇ ਇਸ ਦਾ ਨਾਮ ਅੰਮ੍ਰਿਤਸਰ ਰੱਖਿਆ। ਸੁਧਾ (ਅੰਮ੍ਰਿਤ) ਸਰੋਵਰ ਦੇ ਨਾਂ ਤੇ ਸੁਧਾਸਰ ਦਾ ਹੀ ਦੂਜਾ ਨਾਂ ਹੈ।

***ਸ਼ੇਰ ਸਿੰਘ***—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਫੌਜਦਾਰ, ਜੋ ਸ੍ਰੀ ਆਨੰਦਪੁਰ ਤੇ ਲੋਹਗੜ੍ਹ ਦੀ ਲੜਾਈ ਵਿਚ ਬੜੀ ਬਹਾਦਰੀ ਨਾਲ ਲੜਿਆ ਸੀ।

***ਸ਼ੇਰ ਗੜ੍ਹ***—ਤਹਸੀਲ ਜਲਾਲਾਬਾਦ, ਜ਼ਿਲਾ ਫ਼ੀਰੋਜ਼ਪੁਰ, ਦਾ ਇਕ ਪਿੰਡ, ਜਿੱਥੇ ਫੱਤੂ ਤੇ ਸੰਮੂ ਡੋਗਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਭੇਟਾ ਲੰਗੀ ਤੇ ਖੇਸ ਕੀਤੇ ਸਨ, ਜੋ ਇਸ ਇਲਾਕੇ ਦੀ ਸੌਗਾਤ ਹੈ। ਇੱਥੇ ਗੁਰਦਾਰਾ ਬਣਿਆ ਹੋਇਆ ਹੈ।

***ਸ੍ਰੀ ਨਗਰ (ਗੜ੍ਹਵਾਲ)***—ਇਹ ਨਗਰ, ਜੋ ਗੜ੍ਹਵਾਲ ਦੇ ਪੌੜੀ ਪਰਗਨੇ ਵਿਚ ਹੈ, ਉਸ ਸਮੇਂ ਰਾਜਾ ਫ਼ਤਿਹ ਸ਼ਾਹ ਦੀ ਰਾਜਧਾਨੀ ਸੀ। ਸੰਨ ੧੮੯੪ ਵਿਚ ਗੁਹਾਨਾ ਝੀਲ ਦਾ ਬੰਨ੍ਹ ਟੁੱਟਣ ਕਰਕੇ ਇਹ ਨਗਰ ਹੜ੍ਹ ਗਇਆ ਤੇ ਫੇਰ ਇਸ ਦੀ ਥਾਵੇਂ ਨਵੀਂ ਰਾਜਧਾਨੀ ਗੜ੍ਹਵਾਲ ਬਦਲ ਗਈ।

***ਸੰਗਤ ਸਿੰਘ ਅਤੇ ਸੰਤ ਸਿੰਘ***—ਭਾਈ ਮਨੀ ਸਿੰਘ ਦੇ ਸਾਥੀ, ਜੋ ਚੌਕ ਨਖ਼ਾਸ ਲਾਹੌਰ ਵਿਚ ਨਵਾਬ ਜ਼ਕਰੀਆ ਖ਼ਾਨ (ਖਾਨ ਬਹਾਦੁਰ) ਦੇ ਹੁਕਮ ਨਾਲ ਸ਼ਹੀਦ ਕੀਤੇ ਗਏ ਸਨ।

***ਸੰਗਤ ਸਿੰਘ ਬੰਗੇਸਰੀ ਅਤੇ ਸੰਤ ਸਿੰਘ***—ਚਮਕੌਰ ਦੇ ਸ਼ਹੀਦ ਜੋ ੪ ਪੋਹ, ਸੰਮਤ ੧੭੬੨ ਬਿ. ਨੂੰ ਇਸ ਮਹਾਨ ਯੁੱਧ ਵਿਚ ਅੰਤਲੇ ਸ੍ਵਾਸਾਂ ਤਕ ਦੁਸ਼ਮਨ ਦਾ ਮੁਕਾਬਲਾ ਕਰਦੇ ਰਹੇ।

(ਹ)

***ਹਠੀ ਸਿੰਘ, ਬਾਬਾ***—ਇਹ ਇਸ ਗੁਰਬਿਲਾਸ (ਪਾ. ੧੦) ਦੇ ਅਨੁਸਾਰ ਸ੍ਰੀ ਦਸ਼ਮੇਸ਼ ਜੀ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਔਰਸ ਪੁਤ੍ਰ ਸੀ, ਪਰ ਹੋਰ ਕਈ ਲੇਖਕਾਂ ਨੇ ਇਸ ਨੂੰ ਮਾਤਾ ਸੁੰਦਰੀ ਜੀ ਦੇ ਪਾਲਿਤ ਬੇਟੇ, ਅਜੀਤ ਸਿੰਘ ਦਾ ਪੁਤ੍ਰ ਲਿਖਿਆ ਹੈ। ਇਹ ਬਹੁਤਾ ਆਪਣੇ ਨਾਨਕੇ ਘਰ, ਬੁਰਹਾਨਪੁਰ (ਮੱਧ ਪ੍ਰਦੇਸ਼) ਵਿਚ, ਹੀ ਰਹਿੰਦਾ ਰਹਿਆ ਤੇ ਉਥੇ ਹੀ ਇਸ ਦਾ ਦੇਹਾਂਤ ਹੋਇਆ, ਜਿੱਥੇ ਕਿ ਇਸ ਦਾ ਦੇਹੁਰਾ ਬਣਿਆ ਹੋਇਆ ਹੈ।

***ਹਯਾਤ ਖ਼ਾਨ***—ਇਕ ਪਠਾਨ ਸਰਦਾਰ, ਜੋ ਸੱਯਦ ਬੁੱਧੂ ਸ਼ਾਹ ਨੇ ਪਾਉਂਟੇ ਦੇ ਸਥਾਨ ਪੁਰ ਗੁਰੂ ਦਸ਼ਮੇਸ਼ ਜੀ ਦੇ ਪਾਸ ਨੌਕਰ ਕਰਵਾਇਆ ਸੀ। ਅੰਤ ਵਿਚ ਇਹ ਭੰਗਾਣੀ ਦੇ ਜੰਗ ਸਮੇਂ ਦੁਸ਼ਮਨ ਨਾਲ ਜਾ ਮਿਲਿਆ ਤੇ ਜੰਗ ਹੋਣ ਤੇ ਮਹੰਤ ਕ੍ਰਿਪਾਲ ਦਾਸ ਦੇ ਹੱਥੋਂ ਕੁਤਕਾ (ਸੋਟਾ) ਲੱਗਣ ਤੇ ਮਾਰਿਆ ਗਿਆ।

***ਹਰਿਦਵਾਰ***—ਉੱਤਰ ਪ੍ਰਦੇਸ਼ ਦਾ ਇਕ ਪ੍ਰਸਿੱਧ ਪੁਰਾਣਾ ਹਿੰਦੂ ਤੀਰਥ, ਜੋ ਦਰਿਆ ਗੰਗਾ ਦੇ ਕੰਢੇ ਹੋਣ ਕਰਕੇ ਸ੍ਰੀ ਗੰਗਾ ਜੀ ਦੇ ਨਾਂ ਨਾਲ ਪ੍ਰਸਿੱਧ ਹੈ। ਹਿੰਦੂ ਮਤ ਦੇ ਪੌਰਾਣਿਕ ਗ੍ਰੰਥਾਂ ਵਿਚ ਲਿਖਿਆ ਹੈ ਕਿ ਗੰਗਾ ਸਤਿਜੁਗ ਦੇ ਸਮੇਂ ਅਜੁਧਿਆ ਪੁਰੀ ਦੇ ਰਾਜਾ ਭਗੀਰਥ ਨੇ ਆਪਣੇ ਪਿਤ੍ਰਾਂ ਦੀ ਗਤੀ ਕਰਾਉਣ ਵਾਸਤੇ ਸੁਰਗਪੁਰੀ ਤੋਂ ਲਿਆਂਦੀ ਸੀ, ਜਿਸ ਕਰਕੇ ਇਸ ਨਦੀ ਦੀ ਬੜੀ ਮਹਿਮਾ ਹੈ। ਲੋਕ ਇਥੇ ਆਪਣੇ ਮੋਏ ਸੰਬੰਧੀਆਂ ਦੇ ਫੁੱਲ (ਹੱਡ) ਪਾਉਣਾ ਬੜਾ ਪੁਨੀਤ ਕੰਮ ਸਮਝਦੇ ਹਨ। ਗੰਗਾ (ਹਰਿਦਵਾਰ) ਦਾ ਦੂਜਾ ਨਾਂ ਮਾਯਾਪੁਰੀ ਵੀ ਹੈ।

*ਹਰੀ ਚੰਦ, ਹੰਡੂਰੀਆ*—ਇਹ ਹੰਡੂਰ (ਨਾਲਾਗੜ੍ਹ) ਦਾ ਇਕ ਪਹਾੜੀ ਰਾਜਾ ਸੀ, ਜੋ ਭੰਗਾਣੀ ਦੇ ਜੰਗ ਸਮੇਂ ਸੰਮਤ ੧੭੪੫ ਵਿਚ ਰਾਜਾ ਭੀਮ ਚੰਦ ਬਿਲਾਸਪੁਰੀਏ ਦੀ ਸਹਾਇਤਾ ਕਰਦਾ ਹੋਇਆ ਸ੍ਰੀ ਦਸ਼ਮੇਸ਼ ਜੀ ਦੇ ਹੱਥੋਂ ਮਾਰਿਆ ਗਇਆ।

*ਹਿੰਮਤ ਸਿੰਘ (ਪਿਆਰਾ)*—ਇਹ ਜਗਨ ਨਾਥ ਪੁਰੀ ਦਾ ਵਸਨੀਕ ਮੰਨਿਆ ਜਾਂਦਾ ਹੈ। ਇਹ ਪੰਜਾਂ ਪਿਆਰਿਆਂ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਸਿੰਘ ਸੀ। ਗਿਆਨੀ ਠਾਕੁਰ ਸਿੰਘ ਜੀ ਦੇ ਕਥਨ ਅਨੁਸਾਰ ਭਾਈ ਹਿੰਮਤ ਸਿੰਘ ਦਾ ਜਨਮ ੪ ਮਾਘ, ਸੰਮਤ ੧੭੧੮ ਬਿ. ਨੂੰ ਪਿੰਡ ਸੰਗਤਪੁਰਾ (ਜ਼ਿਲਾ ਪਟਿਆਲਾ) ਵਿਚ ਭਾਈ ਜੋਤੀ ਰਾਮ ਝਿਊਰ ਦੇ ਘਰ ਮਾਈ ਰਾਮੋ ਦੀ ਕੁੱਖੋਂ ਹੋਇਆ। ਫਿਰ ਇਹ ੧ ਵੈਸਾਖ ਸੰਮਤ ੧੭੫੬ ਨੂੰ ਸ੍ਰੀ ਕੇਸਗੜ੍ਹ (ਆਨੰਦਪੁਰ) ਦੇ ਸਥਾਨ ਪੁਰ ਸੀਸ ਭੇਟ ਕਰਕੇ ਸਿੰਘ ਸਜੇ ਤੇ ੮ ਪੋਹ, ਸੰਮਤ ੧੭੬੨ ਬਿ. ਨੂੰ ਧਰਮ-ਯੁੱਧ ਕਰਦੇ ਹੋਏ ਚਮਕੌਰ ਦੇ ਸਥਾਨ ਪਰ ਦੁਸ਼ਮਨ ਦੇ ਹੱਥੋਂ ਸ਼ਹੀਦ ਹੋਏ।

(ਦੇਖੋ, ਗੁਰਦੁਆਰੇ ਦਰਸ਼ਨ)

*ਹੁਸੈਨੀ*—ਇਹ ਸ਼ਾਹ ਔਰੰਗਜ਼ੇਬ ਦੇ ਇਕ ਸਰਦਾਰ ਦਿਲਾਵਰ ਖ਼ਾਨ ਦਾ ਗ਼ੁਲਾਮ ਸੀ। ਦਿਲਾਵਰ ਖ਼ਾਨ ਨੇ ਇਸ ਨੂੰ ਆਪਣੀ ਥਾਵੇਂ ਦੋ ਹਜ਼ਾਰ ਫ਼ੌਜ ਦੇ ਕੇ ਕੋਹਿਸਤਾਨੀ ਮੁਹਿੰਮ ਉਤੇ ਭੇਜਿਆ, ਪਰ ਇਹ ਪਹਾੜੀਆਂ ਦੇ ਹੱਥੋਂ ਇਕ ਲੜਾਈ ਵਿਚ ਮਾਰਿਆ ਗਇਆ। ਸ੍ਰੀ ਦਸਮੇਸ਼ ਜੀ ਨੇ ਵਿਚਿਤ੍ਰ ਨਾਟਕ ਵਿਚ ਹੁਸੈਨੀ ਜੁੱਧ ਦਾ ਜ਼ਿਕਰ ਕੀਤਾ ਹੈ।

*ਹੋਲ ਗੜ੍ਹ*—ਆਨੰਦਪੁਰ ਦਾ ਇਕ ਕਿਲਾ, ਜੋ ਸ੍ਰੀ ਦਸ਼ਮੇਸ਼ ਜੀ ਨੇ ਬਣਵਾਇਆ ਸੀ। ਇਸ ਥਾਂ ਤੇ ਚੇਤ ਵਦੀ ੧, ਸੰਮਤ ੧੭੫੭ ਨੂੰ ਗੁਰੂ ਸਾਹਿਬ ਨੇ ਹੋਲਾ ਮਹੱਲਾ ਨਾਂ ਧਰ ਕੇ ਹੋਲਾ ਖੇਡਣ ਦੀ ਰਸਮ ਪ੍ਰਚਲਿਤ ਕੀਤੀ ਸੀ।

## (ਕ)

**ਕਸ਼ਮੀਰ**—ਭਾਰਤ ਦਾ ਉੱਤਰ-ਪੱਛਮੀ ਭੂ-ਖੰਡ ਜੋ ਆਪਣੇ ਕੁਦਰਤੀ ਨਜ਼ਾਰਿਆਂ ਦੇ ਕਾਰਣ ਕਸ਼ਮੀਰ 'ਜੰਨਤ ਨਜ਼ੀਰ' ਦੇ ਨਾਂ ਨਾਲ ਮਸ਼ਹੂਰ ਹੈ। ਕਸ਼ਮੀਰ ਵਿਚ ਸ੍ਰੀ ਨਗਰ ਤੇ ਬਾਰਾਮੂਲਾ, ਆਦਿ ਥਾਵਾਂ ਤੇ ਸ੍ਰੀ ਗੁਰੂ ਨਾਨਕ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਕਈ ਯਾਦਗਾਰੀ ਸਥਾਨ ਬਣੇ ਹੋਏ ਹਨ।

**ਕਹਲੂਰ**—ਰਿਆਸਤ ਬਿਲਾਸਪੁਰ ਦਾ ਇਲਾਕਾ। ਬਿਲਾਸਪੁਰ ਦਾ ਹੀ ਦੂਜਾ ਨਾਂ ਕੋਟ ਕਹਲੂਰ ਪ੍ਰਸਿੱਧ ਹੈ। ਇੱਥੋਂ ਦੇ ਰਾਜਾ ਭੀਮ ਚੰਦ ਤੇ ਉਸ ਦੇ ਪੁਤ੍ਰ ਅਜਮੇਰ ਚੰਦ ਬਿਲਾਸਪੁਰੀਏ ਨੇ ਕਈ ਵੇਰਾਂ ਰਾਜਸੀ ਲਾਲਚ ਵਿਚ ਆ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਅਕਾਰਣ ਜੰਗ ਕੀਤੇ ਤੇ ਉਨ੍ਹਾਂ ਨੂੰ ਬਿਪਤਾ ਦੇ ਮੂੰਹ ਵਿਚ ਪਾਇਆ ਸੀ।

**ਕਟੋਚ**—ਕਾਂਗੜੇ ਦੇ ਰਾਜੇ ਕਟਕ੍ਰੋਚ ਅਥਵਾ ਕਟੋਚ ਨਾਂ ਨਾਲ ਪ੍ਰਸਿੱਧ ਹਨ। ਪਹਿਲਾਂ ਕਟੋਚਾਂ ਦੀ ਰਾਜਧਾਨੀ ਜਲੰਧਰ ਸੀ ਤੇ ਫੇਰ ਮੁਸਲਮਾਨੀ ਹਮਲਿਆਂ ਦੇ ਕਾਰਣ ਰਾਜਧਾਨੀ ਕਾਂਗੜੇ ਬਦਲ ਗਈ। ਗੁਲੇਰ, ਸਿਬਾ, ਆਦਿ ਥਾਵਾਂ ਦੇ ਰਾਜਪੂਤ ਵੀ ਕਟੋਚ ਹੀ ਅਖਵਾਉਂਦੇ ਹਨ।

**ਕਪੂਰਾ, ਬਰਾੜ**—ਇਹ ਉਸ ਸਮੇਂ ਮੁਗ਼ਲ ਹਕੂਮਤ ਵਲੋਂ ਇਲਾਕਾ ਜੰਗਲ ਮਾਲਵੇ ਦਾ ਚੋਧਰੀ ਸੀ। ਜਦ ਨਵਾਬ ਵਜ਼ੀਰ ਖ਼ਾਨ ਫ਼ੌਜਦਾਰ ਸਰਹਿੰਦ ਗੁਰੂ ਜੀ ਦਾ ਪਿੱਛਾ ਕਰਦਾ ਹੋਇਆ ਇਸ ਦੇ ਇਲਾਕੇ ਵਿਚ ਆਇਆ ਤੇ ਮੁਕਤਸਰ ਦੇ ਸਥਾਨ ਪੁਰ ਜੰਗ ਹੋਇਆ, ਤਾਂ ਇਸ

ਦੇ ਸਮਝਾਉਣ-ਬੁਝਾਉਣ ਤੇ ਉਹ ਬੜੀ ਮੁਸ਼ਕਿਲ ਨਾਲ ਪਿੱਛੇ ਮੁੜਿਆ। ਚੋਧਰੀ ਕਪੂਰਾ ਪਿੱਛੋਂ ਅੰਮ੍ਰਿਤ ਛਕਣ ਤੇ ਕਪੂਰ ਸਿੰਘ ਨਾਂ ਨਾਲ ਪ੍ਰਸਿੱਧ ਹੋਇਆ ਤੇ ਸੰਨ ੧੭੦੮ ਈ. ਵਿਚ ਈਸਾ ਖ਼ਾਨ ਮੰਞ ਦੇ ਹੱਥੋਂ ਫ਼ਾਂਸੀ ਲੱਗ ਕੇ ਮਰਿਆ ਸੀ। ਮਹਾਰਾਜਾ ਫ਼ਰੀਦ ਕੋਟ ਇਸੇ ਚੋਧਰੀ ਕਪੂਰ ਸਿੰਘ ਦੇ ਖਾਨਦਾਨ ਵਿਚੋਂ ਹਨ।

*ਕਾਸੀਪੁਰੀ*—ਕਾਸ਼ੀ ਜਾਂ ਕਾਸ਼ੀ ਪੁਰੀ ਨਗਰ ਬਨਾਰਸ ਦਾ ਹੀ ਦੂਜਾ ਨਾਉਂ ਹੈ। ਹਿੰਦੂਆਂ ਦਾ ਪ੍ਰਸਿੱਧ ਤੀਰਥ ਤੇ ਸੰਸਕ੍ਰਿਤ ਦੀ ਪੁਰਾਣੀ ਟਕਸਾਲ ਹੋਣ ਕਰਕੇ ਇਹ ਨਗਰ ਬਹੁਤ ਮਹਾਨ ਗਿਣਿਆ ਜਾਂਦਾ ਹੈ। ਕਾਸ਼ੀ ਦਾ ਪ੍ਰਸਿੱਧ ਮੰਦਿਰ ਵਿਸ਼ੇਸ਼੍ਵਰਨਾਥ ਹੈ। ਸ਼ਾਹ ਔਰੰਗਜ਼ੇਬ ਨੇ ਇਹ ਮੰਦਿਰ ਢਾਹ ਕੇ ਇਸ ਦੀ ਥਾਵੇਂ ਇਕ ਮਸੀਤ ਬਣਾਈ ਸੀ, ਜੋ ਹੁਣ ਤਕ ਉੱਥੇ ਉਸੇ ਤਰ੍ਹਾਂ ਕਾਇਮ ਹੈ। ਕਾਸ਼ੀ ਵਿਚ ਬੜੀ ਸੰਗਤਿ, ਗੁਰੂ ਦਾ ਬਾਗ, ਛੋਟੀ ਸੰਗਤਿ (ਜਗਤ ਗੰਜ), ਆਦਿ ਕਈ ਗੁਰਦੁਆਰੇ ਸਿੱਖ ਗੁਰੂ ਸਾਹਿਬਾਨ ਦੀਆਂ ਯਾਦਗਾਰਾਂ ਹਨ।

*ਕਾਠਗੜ੍ਹ*—ਨਾਦੌਣ ਦੇ ਨੇੜੇ ਇਕ ਸਥਾਨ, ਜੋ ਜ਼ਿਲਾ ਕਾਂਗੜਾ ਵਿਚ ਹੈ।

*ਕਾਬੁਲ*—ਅਫ਼ਗ਼ਾਨਿਸਤਾਨ ਦੀ ਰਾਜਧਾਨੀ, ਜੋ ਕਾਬੁਲ ਅਤੇ ਲੋਗਰ ਨਦੀ ਦੇ ਵਿਚਕਾਰ ਆਬਾਦ ਹੈ। ਕਾਬੁਲ ਤੇ ਇਸ ਦੇ ਨੇੜੇ ਤੇੜੇ ਸਿੱਖਾਂ ਦੇ ਕਈ ਧਾਰਮਿਕ ਸਥਾਨ ਗੁਰੂ ਨਾਨਕ ਦੇਵ ਜੀ ਦੀ ਯਾਦ ਦਿਲਾਉਂਦੇ ਹਨ।

*ਕੀਰਤਪੁਰ*—ਇਹ ਨਗਰ ਆਨੰਦਪੁਰ ਦੇ ਨੇੜੇ ਦਰਿਆ ਸਤਿਲੁਜ ਦੇ ਕਿਨਾਰੇ ਤੇ ਵਾਕਿਆ ਹੈ। ਸੰਮਤ ੧੬੮੩ ਬਿ. ਵਿਚ ਬਾਬਾ ਗੁਰਦਿੱਤਾ ਜੀ ਨੇ ਰਾਜਾ ਬਿਲਾਸਪੁਰ ਤੋਂ ਜ਼ਮੀਨ ਖ਼ਰੀਦ ਕੇ ਆਬਾਦ ਕੀਤਾ ਸੀ। ਇਥੇ ਸਿੱਖਾਂ ਦੇ ਇਹ ਗੁਰ-ਸਥਾਨ ਹਨ : ਸ਼ੀਸ਼ ਮਹਲ, ਹਰਿਮੰਦਿਰ ਸਾਹਿਬ, ਖੂਹ ਗੁਰੂ ਕਾ, ਚਰਨ ਕਮਲ, ਚੁਬੱਚਾ ਸਾਹਿਬ, ਤਖ਼ਤ ਸਾਹਿਬ, ਤੀਰ ਮੰਜੀ ਸਾਹਿਬ, ਦਮਦਮਾ ਸਾਹਿਬ ਦੇਹੁਰਾ ਬਾਬਾ ਗੁਰਦਿੱਤਾ ਜੀ ਤੇ ਪਾਤਾਲਪੁਰੀ।

*ਕੁੰਜ ਗਲੀ*—ਜਿੱਥੇ ਇਰਦ ਗਿਰਦ ਸੰਘਣੇ ਬ੍ਰਿਛ ਬੂਟੇ ਤੇ ਵਿਚਕਾਰ ਕੁਝ ਖ਼ਾਲੀ ਥਾਂ ਹੋਵੇ, ਉਸ ਥਾਂ ਦਾ ਨਾਂ ਕੁੰਜ ਗਲੀ ਹੈ। ਬਿੰਦ੍ਰਾਬਨ (ਮਥੁਰਾ) ਦੀਆਂ ਕੁੰਜ ਗਲੀਆਂ ਮਸ਼ਹੂਰ ਹਨ।

*ਕੁੱਲੂ*—ਦਰਿਆ ਬਿਆਸ ਦੇ ਕੰਢੇ ਇਲਾਕਾ ਪਹਾੜ ਦਾ ਇਕ ਨਗਰ, ਜੋ ਉਸ ਸਮੇਂ ਇਕ ਰਾਜਪੂਤ ਰਿਆਸਤ ਦੀ ਰਾਜਧਾਨੀ ਸੀ। ਸੰਨ ੧੮੦੭ ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇੱਥੋਂ ਦੇ ਰਾਜਾ ਅਜੀਤ ਸਿੰਘ ਤੋਂ ਈਨ ਮੰਨਵਾਈ ਸੀ।

*ਕੇਸ਼ਗੜ੍ਹ*—ਸ੍ਰੀ ਆਨੰਦਪੁਰ ਦਾ ਕਿਲਾ ਕੇਸ਼ਗੜ੍ਹ, ਜੋ ਖ਼ਾਲਸੇ ਦੀ ਉਤਪੱਤੀ ਦਾ ਸਥਾਨ ਹੋਣ ਕਰਕੇ ਸਿੱਖਾਂ ਦਾ ਦੂਜਾ ਤਖ਼ਤ ਮਸ਼ਹੂਰ ਹੈ।

*ਕੇਸਰੀ ਚੰਦ*—ਜੱਸਵਾਂ ਦਾ ਰਾਜਾ, ਜੋ 'ਜਸਵਾਲੀਆ' ਲਕਬ ਨਾਲ ਮਸ਼ਹੂਰ ਸੀ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਆਨੰਦਪੁਰ ਦੀ ਜੰਗ ਵਿਚ ਲੜਿਆ ਤੇ ਭਾਈ ਉਦੇ ਸਿੰਘ ਦੇ ਹੱਥੋਂ ਮਾਰਿਆ ਗਿਆ ਸੀ।

(੨) ਕੇਸਰੀ ਚੰਦ ਰਾਜਾ ਭੀਮ ਚੰਦ ਬਿਲਾਸਪੁਰੀਏ ਦਾ ਇਕ ਰਿਸ਼ਤੇਦਾਰ ਵੀ ਸੀ, ਜੋ ਪੰਮੇ ਵਜ਼ੀਰ ਨਾਲ ਇਕ ਵੇਰ ਰਾਜੇ ਦੀ ਵਕਾਲਤ ਕਰਨ ਵਾਸਤੇ ਗੁਰੂ ਜੀ ਦੇ ਪਾਸ ਆਨੰਦਪੁਰ ਆਇਆ ਸੀ।

*ਕੋਟਕਪੂਰਾ*—ਇਲਾਕਾ ਫ਼ਰੀਦਕੋਟ ਦਾ ਇਕ ਨਗਰ, ਜੋ ਚੋਧਰੀ ਕਪੂਰੇ ਨੇ ਆਪਣੇ ਨਾਂ ਤੇ ਆਬਾਦ

ਕੀਤਾ ਸੀ। ਸ੍ਰੀ ਦਸ਼ਮੇਸ਼ ਜੀ ਮੁਕਤਸਰ ਨੂੰ ਜਾਂਦੇ ਹੋਏ ਇਥੇ ਕੁਝ ਸਮਾਂ ਚੌਧਰੀ ਕਪੂਰੇ ਪਾਸ ਠਹਿਰੇ ਸਨ।

*ਕੌਸ਼ਲ ਪੁਰੀ*—ਅਜੁੱਧਿਆ ਦਾ ਹੀ ਦੂਜਾ ਨਾਂ ਹੈ। ਦੇਖੋ, ਅਜੁੱਧਿਆ।

*ਕ੍ਰਿਸ਼ਨ ਵੱਲਭਾ*—ਸ੍ਰੀ ਕ੍ਰਿਸ਼ਨ ਜੀ ਦੀ ਵੱਲਭਾ (ਪਿਆਰੀ)। ਜਮਨਾ ਨਦੀ।

*ਕ੍ਰਿਪਾ ਸਿੰਘ*—ਭਾਈ ਮਨੀ ਸਿੰਘ ਦਾ ਸਾਥੀ ਇਕ ਸਿੱਖ, ਜੋ ਲਾਹੌਰ ਦੇ ਚੌਕ ਨਖ਼ਾਸ ਵਿਚ ਸੂਬਾ ਖਾਨ ਬਹਾਦੁਰ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ ਸੀ।

*ਕ੍ਰਿਪਾ ਰਾਮ*—ਇਕ ਬ੍ਰਾਹਮਣ ਜੋ ਭੰਗਾਣੀ ਦੇ ਜੰਗ ਵਿਚ ਬੜੀ ਬਹਾਦਰੀ ਨਾਲ ਲੜਿਆ ਸੀ। (੨) ਇਸ ਗੁਰ ਬਿਲਾਸ ਪਾ: ੧੦ ਵਿਚ ਭੰਗਾਣੀ ਦੇ ਜੰਗ ਸਮੇਂ ਗੁਰੂ ਦਸ਼ਮੇਸ਼ ਜੀ ਦੇ ਮਾਮਾ ਕ੍ਰਿਪਾਲ ਚੰਦ ਜੀ ਦਾ ਨਾਮ ਵੀ ਇਕ ਥਾਵੇਂ ਲੇਖਕ ਨੇ ਗ਼ਲਤੀ ਨਾਲ ਕ੍ਰਿਪਾ ਰਾਮ ਹੀ ਲਿਖ ਦਿੱਤਾ ਹੈ।

*ਕ੍ਰਿਪਾਲ ਚੰਦ*—ਮਾਤਾ ਗੁਜਰੀ ਦਾ ਸਕਾ ਭਾਈ ਤੇ ਸ੍ਰੀ ਦਸ਼ਮੇਸ਼ ਜੀ ਦਾ ਮਾਮਾ, ਜੋ ਭੰਗਾਣੀ ਦੇ ਜੰਗ ਵਿਚ ਬੜੀ ਸੂਰਮਤਾ ਨਾਲ ਲੜਿਆ ਸੀ। ਗੁਰੂ ਸਾਹਿਬ ਨੇ ਇਸ ਦਾ ਜ਼ਿਕਰ ਵਿਚਿਤ੍ਰ ਨਾਟਕ ਵਿਚ ਕੀਤਾ ਹੈ। (੨) ਕ੍ਰਿਪਾਲ ਚੰਦ ਜਾਂ ਕ੍ਰਿਪਾ ਰਾਮ ਕਟੋਚ: ਇਹ ਹੁਸੈਨੀ ਯੁੱਧ ਸਮੇਂ ਮਾਰਿਆ ਗਇਆ ਸੀ।

*ਕ੍ਰਿਪਾਲ ਦਾਸ*—ਇਹ ਉਦਾਸੀ ਸਾਧੂ ਬੜਾ ਸੂਰਵੀਰ ਤੇ ਭਜਨੀਕ ਮਹਾਂਪੁਰਸ਼ ਸੀ। ਹਯਾਤ ਖ਼ਾਨ ਪਠਾਨ ਨੂੰ ਇਸ ਨੇ ਭੰਗਾਣੀ ਦੇ ਜੰਗ ਸਮੇਂ ਇੱਕੋ ਕੁਤਕੇ (ਸੋਟੇ) ਨਾਲ ਥਾ ਰੱਖਿਆ ਤੇ ਸਾਰੇ ਉਦਾਸੀ ਭੇਖ ਦੀ ਲਾਜ ਰੱਖ ਵਿਖਾਈ ਸੀ।

*ਕੰਧਾਰ*—ਅਫ਼ਗਾਨਿਸਤਾਨ ਦਾ ਇਕ ਪ੍ਰਸਿੱਧ ਨਗਰ, ਜੋ ਕਾਬੁਲ ਤੋਂ ੩੧੩ ਮੀਲ ਹੈ।

(ਖ)

*ਖ਼ਾਨ ਖ਼ਾਨਾ*—ਸ੍ਰੀ ਦਸ਼ਮੇਸ਼ ਜੀ ਦਾ ਪ੍ਰੇਮੀ ਇਕ ਅਮੀਰ, ਜੋ ਆਗਰੇ ਗੁਰੂ ਜੀ ਨੂੰ ਮਿਲਿਆ ਸੀ। ਇਸ ਦਾ ਅਸਲ ਨਾਮ ਮੁਨਇਮ ਖ਼ਾਨ ਸੀ ਜੋ ਪਿਛੋਂ ਕੁਝ ਚਿਰ ਬਹਾਦੁਰ ਸ਼ਾਹ ਦਾ ਵਜ਼ੀਰ ਵੀ ਰਹਿਆ।

*ਖ਼ਾਨ ਬਹਾਦਰ*—ਇਹ ੧੭੩੬ ਤੋਂ ੧੭੪੫ ਤਕ ਲਾਹੌਰ ਦਾ ਹਾਕਿਮ ਰਹਿਆ। ਇਸ ਦਾ ਅਸਲ ਨਾਮ ਨਵਾਬ ਜ਼ਕਰੀਆ ਖਾਨ ਸੀ। ਇਸ ਨੇ ਸੈਂਕੜੇ ਸਿੱਖ ਫੜ ਫੜ ਕੇ ਕਤਲ ਕਰਵਾਏ ਸਨ, ਇਸ ਲਈ ਸਿੱਖ ਇਸ ਨੂੰ ਖ਼ਾਨੂ ਕਹਿੰਦੇ ਸਨ।

(ਗ)

*ਗੜ੍ਹ ਗੋਪਾਚਲ*—ਜੈ ਪੁਰ (ਰਾਜਸਥਾਨ) ਦੇ ਇਲਾਕੇ ਦਾ ਇਕ ਨਗਰ, ਜੋ ਪਹਿਲਾਂ ਇਸ ਰਿਆਸਤ ਦੀ ਰਾਜਧਾਨੀ ਸੀ। ਰਾਜਾ ਰਾਮ ਸਿੰਘ ਜੋ ਗੁਰੂ ਤੇਗ ਬਹਾਦੁਰ ਜੀ ਨੂੰ ਆਸਾਮ ਲੈ ਕੇ ਆਇਆ, ਇਥੋਂ ਦਾ ਹੀ ਰਾਜਾ ਸੀ।

*ਗੁਜਰਾਤ*—ਵਜ਼ੀਰਾਬਾਦ ਦੇ ਲਾਗੇ ਪੱਛਮੀ ਪੰਜਾਬ ਦਾ ਇਕ ਪ੍ਰਸਿੱਧ ਨਗਰ, (੨) ਭਾਰਤ ਦਾ ਇਕ ਪਰਗਨਾ, ਜਿਸ ਵਿਚ ਕੱਛ ਕਾਠੀਆਵਾੜ, ਆਦਿ ਸ਼ਾਮਿਲ ਹਨ।

*ਗੁਦਾਵਰੀ*—ਦੱਖਣੀ ਭਾਰਤ ਦੀ ਇਕ ਪ੍ਰਸਿੱਧ ਨਦੀ ਜੋ ਤ੍ਰਯੰਬਕ ਘਾਟ ਤੋਂ ਨਿਕਲ ਕੇ ੯੯੮ ਮੀਲ ਚਲਦੀ ਹੋਈ ਬੰਗਾਲ ਦੀ ਖਾੜੀ ਵਿਚ ਜਾ ਡਿਗਦੀ ਹੈ। ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ, ਨੰਦੇੜ, ਇਸੇ ਦੇ ਕੰਢੇ ਉਤੇ ਆਬਾਦ ਹਨ।

*ਗੁਰਦਿੱਤ ਸਿੰਘ, ਕੋਸਾਚਾਰੀ*—ਸ੍ਰੀ ਦਸ਼ਮੇਸ਼ ਦਾ ਖ਼ਜ਼ਾਨਚੀ, ਜੋ ਦੱਖਣ ਦੇ ਦੌਰੇ ਵਿਚ ਉਨ੍ਹਾਂ ਦੀ ਹਜ਼ੂਰੀ ਵਿਚ ਰਹਿਆ।

*ਗੁਰਬਖ਼ਸ਼, ਸਾਧੂ*—ਇਕ ਉਦਾਸੀ ਸਾਧੂ, ਜਿਸ ਨੂੰ ਆਨੰਦ ਪੁਰ ਛੱਡਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਉਥੇ ਆਪਣੀ ਥਾਵੇਂ ਸੇਵਾ-ਸੰਭਾਲ ਲਈ ਨਿਯੁਕਤ ਕੀਤਾ ਸੀ।

*ਗੁਰਬਖ਼ਸ਼ ਸਿੰਘ ਗੁਰਮੁਖ ਸਿੰਘ*—ਭਾਈ ਮਨੀ ਸਿੰਘ ਦੇ ਸਾਥੀ ਇਕ ਸਿੰਘ ਜੋ ਸੂਬਾ ਖ਼ਾਨ ਬਹਾਦੁਰ ਦੇ ਹੁਕਮ ਨਾਲ ਸਾਥੀਆਂ ਸਮੇਤ ਚੌਕ ਨੱਖਾਸ (ਲਾਹੌਰ) ਵਿਚ ਸ਼ਹੀਦ ਕੀਤੇ ਗਏ ਸਨ।

*ਗੁਰੂ ਸਰ*—ਇਕ ਤਲਾਉ, ਜੋ ਤਿਲਵੰਡੀ ਸਾਬੋ (ਦਮਦਮਾ ਸਾਹਿਬ) ਦੇ ਸਥਾਨ ਪੁਰ ਸ੍ਰੀ ਦਸ਼ਮੇਸ਼ ਜੀ ਦੀ ਯਾਦਗਾਰ ਹੈ।

*ਗੁਰੂ ਕੀ ਲਾਹੌਰ*—ਆਨੰਦਪੁਰ (ਮਾਖੋਵਾਲ) ਦੇ ਨੇੜੇ ਇਕ ਨਵੀਂ ਆਬਾਦੀ ਗੁਰੂ ਦਸ਼ਮੇਸ਼ ਜੀ ਨੇ ਮਾਤਾ ਜੀਤੋ ਜੀ ਦੇ ਵਿਆਹ ਸਮੇਂ ਕਾਇਮ ਕੀਤੀ ਸੀ।

*ਗੁਰੂ ਕਾ ਕੋਠਾ*—ਤਹਸੀਲ ਬਰਨਾਲਾ, ਜ਼ਿਲਾ ਬਠਿੰਡਾ, ਦਾ ਇਕ ਪਿੰਡ, ਜੋ ਗੁਰੂ ਕਾ ਕੋਠਾ ਦੇ ਨਾਂ ਨਾਲ ਮਸ਼ਹੂਰ ਹੈ।

*ਗੁਲੇਰ*—ਇਲਾਕਾ ਕਾਂਗੜਾ ਦੀ ਇਕ ਪਹਾੜੀ ਰਿਆਸਤ, ਜੋ ਹਰੀ ਚੰਦ ਕਟੋਚ ਨੇ ਕਾਇਮ ਕੀਤੀ ਸੀ। ਰਾਜਾ ਹਰੀ ਚੰਦ ਪਹਿਲਾਂ ਕਾਂਗੜੇ ਦਾ ਰਾਜਾ ਸੀ, ਪਰ ਅਚਾਨਕ ਉਸ ਨੂੰ ਮੋਇਆ ਜਾਣ ਕੇ ਜਦ ਉਸ ਦੇ ਪੁਤ੍ਰ ਨੇ ਕਾਂਗੜੇ ਦੀ ਗੱਦੀ ਸਾਂਭੀ, ਤਾਂ ਉਸ ਨੇ ਗੁਲੇਰ ਨਾਂ ਹੇਠ ਆਪਣੀ ਨਵੀਂ ਰਿਆਸਤ ਕਾਇਮ ਕਰ ਲਈ। ਜਿਸ ਕਰਕੇ ਗੁਲੇਰ ਦੇ ਰਾਜੇ ਕਟੋਚ ਹੀ ਅਖਵਾਂਦੇ ਹਨ।

*ਗੋਕੁਲ ਗ੍ਰਾਮ*—ਮਥੁਰਾ ਦੇ ਲਾਗੇ ਜਮੁਨਾ ਕੰਢੇ ਇਕ ਪਿੰਡ, ਜਿੱਥੇ ਸ੍ਰੀ ਕ੍ਰਿਸ਼ਨ ਜੀ ਦਾ ਪਿਤਾ ਨੰਦ ਗੋਪ ਰਹਿੰਦਾ ਸੀ। ਸ੍ਰੀ ਕ੍ਰਿਸ਼ਨ ਵੀ ਬਚਪਨ ਵਿਚ ਬਹੁਤ ਸਮਾਂ ਗੋਕੁਲ ਗ੍ਰਾਮ ਵਿਚ ਹੀ ਗਊਆਂ ਚਾਰਦੇ ਰਹੇ ਸਨ।

*ਗਾਲੇਰੀ*—ਗੁਲੇਰੀ, ਦੇਖੋ ਗੁਲੇਰ।

*ਗੰਗਾ ਰਾਮ*—ਇਹ ਸ੍ਰੀ ਗੁਰੂ ਹਰਿ ਗੋਬਿੰਦ ਸਿੰਘ ਜੀ ਛੇਵੇਂ ਪਾਤਸ਼ਾਹ ਦਾ ਪੋਤਾ ਤੇ ਬੀਬੀ ਵੀਰੋ ਦਾ ਪੁਤ੍ਰ ਸੀ। ਭੰਗਾਣੀ ਦੇ ਜੰਗ ਵਿਚ ਇਹ ਬੜੀ ਬਹਾਦਰੀ ਨਾਲ ਲੜਿਆ ਸੀ।

(ਚ)

*ਚੰਦੇਰੀ ਪਤਿ*—ਚੰਦ੍ਰ ਬੰਸੀ ਰਾਜਪੂਤਾਂ ਦੀ ਰਾਜਧਾਨੀ ਬਿਲਾਸਪੁਰ ਦਾ ਪਤਿ( ਰਾਜਾ) ਭੀਮਚੰਦ।

*ਚੰਦੇਰੀ ਪੁਰੀ*—ਚੰਦ੍ਰ ਬੰਸੀ ਰਾਜਿਆਂ ਦੀ ਰਾਜਧਾਨੀ ਬਿਲਾਸਪੁਰ।

*ਚੰਬਲ*—ਇਕ ਪ੍ਰਸਿੱਧ ਨਦੀ, ਜੋ ਇੰਦੌਰ ਦੇ ਜਨਮਾਵ ਪਰਬਤ ਵਿਚੋਂ ਨਿਕਲ ਕੇ ਇਟਾਵੇ ਦੇ ਨੇੜੇ ਜਮਨਾ ਵਿਚ ਜਾ ਡਿਗਦੀ ਹੈ।

*ਚੰਬਾ*—ਹਿਮਾਚਲ ਦੀ ਇਕ ਪਹਾੜੀ ਰਿਆਸਤ। ਚੰਬਾ ਨਗਰ ਪਠਾਨਕੋਟ ਤੋਂ ੭੦ ਮੀਲ ਤੇ ਰਾਵੀ ਦੇ ਕੰਢੇ ਤੇ ਹੈ।

*ਚਮਕੌਰ*—ਜ਼ਿਲਾ ਰੋਪੜ ਦਾ ਇਕ ਪਿੰਡ, ਜੋ ਗੁਰੂ ਦਸ਼ਮੇਸ਼ ਦੇ ਆਨੰਦਪੁਰ ਛੱਡਣ ਤੇ ੭ ਪੋਹ ਸੰਮਤ ੧੭੬੨ ਬਿ: ਨੂੰ ਜੰਗ ਦਾ ਅਖਾੜਾ ਬਣਿਆ ਜਿਸ ਵਿਚ ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਸ਼ਹੀਦ ਹੋਏ। ਇਸ ਜੰਗ ਦੀ ਯਾਦਗਾਰ ਵਜੋਂ ਚਮਕੌਰ ਦੇ ਸਥਾਨ ਪਰ ਸਿੱਖਾਂ ਦੇ ਤਿੰਨ ਗੁਰਦੁਆਰੇ ਹਨ : (੧) ਤਿਲਕ ਸਥਾਨ ਜਾਂ

ਗੜ੍ਹੀ ਸਾਹਿਬ, (੨) ਕਤਲ ਗੜ੍ਹ ਤੇ (੩) ਦਮਦਮਾ ਸਾਹਿਬ।

(ਜ)

*ਜਮੁਨਾ*—ਭਾਰਤ ਦੀ ਇਕ ਪ੍ਰਸਿੱਧ ਨਦੀ, ਜੋ ਪੰਜਾਬ ਨਾਲੋਂ ਉੱਤਰ ਪ੍ਰਦੇਸ਼ ਦੇ ਇਲਾਕੇ ਨੂੰ ਨਿਖੇੜਦੀ ਹੈ। ਸੂਰਜ ਦੀ ਪੁਤ੍ਰੀ ਹੋਣ ਕਰਕੇ ਇਸ ਦੀ ਗਿਣਤੀ ਤ੍ਰਿਵੇਣੀ ਗੰਗਾ ਤੇ ਸਰਸ੍ਵਤੀ ਦੇ ਨਾਲ ਕੀਤੀ ਜਾਂਦੀ ਹੈ। ਇਹ ਨਦੀ ਟੀਹਰੀ (ਗੜ੍ਹਵਾਲ) ਦੇ ਇਲਾਕੇ ਨਾਲ ਸੰਬੰਧਿਤ ਹਿਮਾਲਯ ਦੀਆਂ ਪਹਾੜੀਆਂ ਵ੍ਹਿਚੋਂ ਨਿਕਲ ਕੇ ਪ੍ਰਯਾਗ (ਅਲਾਹਾਬਾਦ) ਦੇ ਸਥਾਨ ਪਰ ਦਰਿਆ ਗੰਗਾ ਵਿਚ ਜਾ ਮਿਲਦੀ ਹੈ।

*ਜੀਤ ਕੌਰ (ਜੀਤੋ) ਜੀ, ਮਾਤਾ*—ਇਹ ਮਾਤਾ ਜੀ ਭਾਈ ਹਰਿ ਜਸ ਸੁਭਿੱਖੀ ਲਾਹੌਰ ਨਿਵਾਸੀ ਦੀ ਸਪੁਤ੍ਰੀ ਸਨ। ਇਨ੍ਹਾਂ ਦਾ ਆਨੰਦ ਕਾਰਜ ੨੨ ਹਾੜ, ਸੰਮਤ ੧੭੩੪ ਬਿ: ਨੂੰ ਦਸ਼ਮੇਸ਼ ਜੀ ਦੇ ਨਾਲ ਗੁਰੂ ਕੇ ਲਾਹੌਰ ਹੋਇਆ। ਇਨ੍ਹਾਂ ਦੇ ਤਿੰਨ ਸੁਪੁਤ੍ਰ ਹੋਏ। (੧) ਬਾਬਾ ਜੁਝਾਰ ਸਿੰਘ (੨) ਬਾਬਾ ਜ਼ੋਰਾਵਰ ਸਿੰਘ ਤੇ (੩) ਬਾਬਾ ਫਤਿਹ ਸਿੰਘ। ਸੰਮਤ ੧੭੫੭ ਬਿ: ਵਿਚ ੧੭ ਅੱਸੂ ਨੂੰ ਇਨ੍ਹਾਂ ਦਾ ਦੇਹਾਂਤ ਆਨੰਦਪੁਰ ਵਿਚ ਹੋਇਆ ਜਿਥੇ ਅਗਮਪੁਰਾ ਇਨ੍ਹਾਂ ਦਾ ਦੇਹੁਰਾ ਬਣਿਆ ਹੈ।

*ਜੀਤ ਮੱਲ*—ਸ੍ਰੀ ਗੁਰੂ ਹਰਿ ਗੋਬਿੰਦ ਜੀ ਛੇਵੇਂ ਪਾਤਸ਼ਾਹ ਦਾ ਦੋਹਤ੍ਰਾ ਤੇ ਬੀਬੀ ਬੀਰੋ ਦਾ ਪੁਤ੍ਰ ਜੋ ਭੰਗਾਣੀ ਦੇ ਜੰਗ ਵਿਚ ਸ਼ਹੀਦ ਹੋਇਆ ਸੀ।

*ਜੇਠਾ ਸਿੰਘ ਭਾਈ*—ਅਹਮਦ ਨਗਰ (ਦੱਖਣ) ਦਾ ਇਕ ਸਿੱਖ ਜਿਸ ਦੇ ਘਰ ਭਾਈ ਦਯਾ ਸਿੰਘ ਜੀ ਠਹਰੇ ਤੇ ਫੇਰ ਜ਼ਫ਼ਰਨਾਮੇ ਸਮੇਤ ਸ਼ਾਹ ਔਰੰਗਜ਼ੇਬ ਆਲਿਮਗੀਰ ਨੂੰ ਮਿਲੇ ਸਨ।

*ਜ਼ੇਬੁੱਨਿਸਾ ਬੇਗਮ*—ਔਰੰਗਜ਼ੇਬ ਦੀ ਸ਼ਾਹਜ਼ਾਦੀ ਜੋ ੨੫ ਫਰਵਰੀ ਸੰਨ ੧੬੩੮ ਈ: ਨੂੰ ਜਨਮੀ ਤੇ ੬੫ ਸਾਲਾਂ ਦੀ ਉਮਰ ਭੋਗ ਕੇ ਸੰਨ ੧੭੦੩ ਵਿਚ ਦਿੱਲੀ ਦੇ ਸਥਾਨ ਪਰ ਸੁਰਗਵਾਸ ਹੋਈ। ਇਹ ਫ਼ਾਰਸੀ ਦੀ ਬੜੀ ਅੱਛੀ ਕਵਿਤ੍ਰੀ ਸੀ ਤੇ ਕਵਿਤਾ ਵਿਚ 'ਮਖ਼ਫ਼ੀ' ਉਪਨਾਮ (ਤਖੱਲੁਸ) ਰਖਦੀ ਸੀ। ਫ਼ਾਰਸੀ ਵਿਚ ਦੀਵਾਨਿ ਮਖ਼ਫ਼ੀ ਨਾਂ ਹੇਠ ਇਸ ਦੀ ਕਵਿਤਾ ਦਾ ਸੰਗ੍ਰਹ ਛਪਿਆ ਹੋਇਆ ਮਿਲਦਾ ਹੈ।

*ਜੇਲਮ ਨਦੀ*—ਪੱਛਮੀ ਪੰਜਾਬ ਦਾ ਇਕ ਪ੍ਰਸਿੱਧ ਦਰਿਆ ਜੋ ਜ਼ਿਲਾ ਜਿਹਲਮ ਵਿਚ ਹੈ। ਦਰਿਆ ਜਿਹਲਮ ਦਾ ਪੌਰਾਣਿਕ ਨਾਂ ਵਿਤਸਥਾ ਜਾਂ ਵਿਦਸਥਾ ਹੈ।

*ਜੈਪੁਰ*—ਕਛਵਾਹੇ ਰਾਜਪੂਤਾਂ ਦੀ ਰਾਜਧਾਨੀ, ਜੋ ਰਾਜਾ ਜੈ ਸਿੰਘ ਸਵਾਏ ਨੇ ਕਾਇਮ ਕੀਤੀ। ਇਸ ਤੋਂ ਪਹਲਾਂ ਰਾਜਧਾਨੀ ਅੰਬਰ ਸੀ। ਰਾਜਾ ਜੈ ਸਿੰਘ ਸਵਾਏ ਦਾ ਸਮਾਂ ਸੰਮਤ ੧੭੫੫ ਬਿ: ਮੁਤਾਬਿਕ ਸੰਨ ੧੬੯੭ ਈ: ਤੋਂ ੧੮੦੦ ਬਿ: ਮੁਤਾਬਕ ਸੰਨ ੧੭੪੩ ਈ: ਤਕ ਹੈ।

*ਜ਼ੋਰਾਵਰ ਸਿੰਘ*—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੂਜਾ ਸਾਹਿਬਜ਼ਾਦਾ ਜੋ ਮੱਘਰ ਸੁਦੀ ੨੩ ਸੰਮਤ ੧੭੫੩ ਬਿ: ਨੂੰ ਜਨਮਿਆ ਤੇ ਪੋਹ ਸੰਮਤ ੧੭੬੨ ਬਿ: ਨੂੰ ਚਮਕੌਰ ਦੇ ਸਥਾਨ ਪਰ ਸ਼ਹੀਦ ਹੋਇਆ।

*ਜੰਗਲ ਦੇਸ*—ਕੋਟ ਕਪੂਰਾ, ਬਠਿੰਡਾ ਆਦਿ ਦਾ ਇਲਾਕਾ, ਜਿਸ ਨੂੰ ਮਾਲਵਾ ਵੀ ਕਿਹਾ ਜਾਂਦਾ ਹੈ।

*ਜੰਡਾਲਾ ਗੁਰੂ*—ਜ਼ਿਲਾ ਅਮ੍ਰਿਤਸਰ ਦਾ ਇਕ ਨਗਰ, ਜੋ ਬਾਬਾ ਹਿੰਦਾਲ ਦਾ ਪ੍ਰਮੁਖ ਸਥਾਨ ਹੋਣ ਕਰਕੇ ਜੰਡਿਆਲਾ ਗੁਰੂ ਦੇ ਨਾਂ ਨਾਲ ਮਸ਼ਹੂਰ ਹੈ। ਮੁਗ਼ਲੇਈ ਸਮੇਂ ਵਿਚ ਇਥੋਂ ਦੇ

ਹਿੰਦਾਲੀਏ (ਨਿਰੰਜਨੀਏ) ਸਾਧੂ, ਜੋ ਮੁਗ਼ਲੇਈ ਰਾਜ ਦੇ ਪਿੱਠੂ ਸਨ, ਇਲਾਕੇ ਦੇ ਸਿੱਖਾਂ ਨੂੰ ਮੁਗਲ ਹਾਕਿਮਾਂ ਦੇ ਹੱਥ ਪਕੜਵਾ ਕੇ ਜਾਂ ਉਨ੍ਹਾਂ ਤੋਂ ਮਰਵਾ ਕੇ ਇਨਾਮ ਲਇਆ ਕਰਦੇ ਸਨ।

*ਜੰਡਿਆਨਾ*—ਜੰਡਸਰ ਦਾ ਦੂਜਾ ਨਾਂ, ਜੋ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦਾ ਹੀ ਇਕ ਗੁਰ-ਸਥਾਨ ਹੈ। ਗੁਰੂ ਦਸ਼ਮੇਸ਼ ਜੀ ਨੇ ਇਸ ਥਾਵੇਂ ਬੈਠ ਕੇ ਨੌਕਰਾਂ ਨੂੰ ਤਨਖ਼ਾਹ ਵੰਡੀ ਤੇ ਏਥੇ ਇਕ ਜੰਡ ਨਾਲ ਘੋੜਾ ਬੰਨ੍ਹਿਆ ਸੀ।

*ਜੰਮੂ*—ਦਰਿਆ ਰਾਵੀ ਦੇ ਕੰਢੇ ਤੇ ਇਕ ਪਹਾੜੀ ਰਿਆਸਤ ਜਿਸ ਦੀ ਗਿਣਤੀ ਬਾਈਧਾਰ ਦੀਆਂ ਪਹਾੜੀਆਂ ਰਿਆਸਤਾਂ ਵਿਚ ਹੈ, ਪਰ ਹੁਣ ਜੰਮੂ ਕਸ਼ਮੀਰ ਦੇ ਇਲਾਕੇ ਵਿਚ ਹੀ ਸ਼ਾਮਿਲ ਹੈ। ਸਿਆਲਕੋਟ ਤੇ ਜੰਮੂ ਦੇ ੨੫ ਮੀਲ ਤੇ ਪਠਾਨਕੋਟ ਤੋਂ ੭੦ ਮੀਲ ਦੇ ਲਗਭਗ ਹੈ।

(ਟ)

*ਟਿੱਬੀ (ਸਾਹਿਬ)* ਦੇਖੋ ਸ਼ਾਹੀ ਟਿੱਬੀ। (੨) ਮੁਕਤਸਰ ਦੇ ਕੋਲ ਇਕ ਟਿੱਬੀ, ਜਿੱਥੋਂ ਗੁਰੂ ਜੀ ਜੰਗ ਸਮੇਂ ਤੀਰ ਚਲਾਉਂਦੇ ਰਹੇ ਸਨ। (੩) ਗੁਰਦੁਆਰਾ ਟਿੱਬੀ ਸਾਹਿਬ ਜੈਤੋ (ਬਠਿੰਡਾ) ਤੇ (੪) ਕੋਟ ਕਪੂਰੇ ਲਾਗੇ ਇਕ ਟਿੱਬੀ ਜਿਥੇ ਗੁਰੂ ਦਸ਼ਮੇਸ਼ ਜੀ ਬਿਰਾਜੇ ਸਨ।

(ਡ)

*ਡੁਢਵਾਲ*—ਦਾਤਾਰਪੁਰ ਦੇ ਰਾਜਪੂਤ ਰਾਜੇ।

*ਡਲਾ ਬਰਾੜ*—ਤਲਵੰਡੀ ਸਾਬੋ ਦਾ ਇਕ ਬਰਾੜ ਸਰਦਾਰ, ਜੋ ਸੰਮਤ ੧੭੬੨ ਬਿ: ਵਿਚ ਗੁਰੂ ਦਸ਼ਮੇਸ਼ ਜੀ ਦੀ ਸੇਵਾ ਵਿਚ ਬੜੇ ਸ਼੍ਰਧਾ ਭਾਵ ਨਾਲ ਹਾਜ਼ਿਰ ਰਹਿਆ। ਪਿਛੋਂ ਗੁਰੂ ਜੀ ਤੋਂ ਅਮ੍ਰਿਤ ਛਕ ਕੇ ਇਹੋ ਡੱਲਾ ਸਿੰਘ ਬਣ ਗਇਆ ਸੀ।

(ਢ)

*ਢਾਕਾ*—ਬੰਗਾਲ ਦਾ ਇਕ ਪੁਰਾਣਾ ਸ਼ਹਰ, ਜੋ ਹੁਣ ਪੂਰਬੀ ਪਾਕਿਸਤਾਨ ਵਿਚ ਹੈ। ਗੁਰੂ ਨਾਨਕ ਤੇ ਗੁਰੂ ਤੇਗ ਬਹਾਦਰ ਜੀ ਇਥੇ ਗਏ ਸਨ।

*ਤਲਵੰਡੀ ਸਾਬੋ (ਦਮਦਮਾ ਸਾਹਿਬ)*—ਸ੍ਰੀ ਦਸ਼ਮੇਸ਼ ਜੀ ਦੱਖਣ ਜਾਣ ਤੋਂ ਪਹਲਾਂ ਇਸ ਥਾਵੇਂ ਕਈ ਮਹੀਨੇ ਠਹਰੇ ਸਨ। ਗੁਰੂ ਸਾਹਿਬ ਨੇ ਇਸ ਥਾਂ ਨੂੰ ਵਿਦਜਾ ਦੀ ਟਕਸਾਲ ਥਾਪ ਕੇ ਗੁਰੂ ਕੀ ਕਾਸ਼ੀ ਹੋਣ ਦਾ ਵਰ ਦਿੱਤਾ ਸੀ। ਇਸ ਸਥਾਨ ਪੁਰ ਲਿਖਣ-ਸਰ ਗੁਰਦ੍ਵਾਰਾ ਇਸੇ ਕਾਰਣ ਮਸ਼ਹੂਰ ਹੈ।

*ਤੇਗ ਬਹਾਦਰ, ਸ੍ਰੀ ਗੁਰੂ*—ਇਹ ਗੁਰੂ ਸਾਹਿਬ ਸ੍ਰੀ ਗੁਰੂ ਹਰਿ ਗੋਬਿੰਦ ਜੀ ਛੇਵੇਂ ਪਾਤਸ਼ਾਹ ਦੇ ਘਰ ਮਾਤਾ ਨਾਨਕੀ ਦੀ ਕੁੱਖੋਂ ੫ ਵੈਸਾਖ ੧੬੭੮ ਬਿ: (ਮੁਤਾਬਕ ੧ ਅਪ੍ਰੈਲ ਸੰਨ ੧੬੨੧ ਈ:) ਨੂੰ ਅਮ੍ਰਿਤਸਰ ਪੈਦਾ ਹੋਏ ਸਨ। ਲਗਭਗ ਦਸ ਸਾਲ ਦੀ ਉਮਰ ਵਿਚ ਇਨ੍ਹਾਂ ਦੀ ਸ਼ਾਦੀ ਮਾਤਾ ਗੁਜਰੀ ਜੀ ਦੇ ਨਾਲ ਕਰਤਾਰਪੁਰ ਵਿੱਚ ਹੋਈ। ਸੰਮਤ ੧੭੨੨ ਬਿ: ਵਿਚ ਗੁਰੂ ਹਰਕ੍ਰਿਸ਼ਨ ਜੀ ਦੀ ਥਾਵੇਂ ਗੁਰੂ ਗੱਦੀ ਪਰ ਬੈਠੇ। ਪੋਹ ਸੁਦੀ ੭ ਸੰਮਤ ੧੭੨੩ ਬਿ: ਨੂੰ ਇਨ੍ਹਾਂ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਪਟਨਾ (ਬਿਹਾਰ) ਦੇ ਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਇਸੇ ਦੌਰਾਨ ਵਿਚ ਇਹ ਪਹਲਾਂ ਬਕਾਲੇ ਦਾ ਵਸੇਬਾ ਛੱਡ ਕੇ ਕੀਰਤਪੁਰ ਤੇ ਫੇਰ ਮਾਖੋਵਾਲ (ਨਵੀਂ ਆਬਾਦੀ) ਵਿਚ ਰਹਣ ਲੱਗੇ। ਇਸ ਤੋਂ ਪਿੱਛੋਂ ਧਰਮ ਸੰਬੰਧੀ ਮਤ-ਭੇਦ ਦੇ ਕਾਰਣ ਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਗ੍ਰਿਫ਼ਤਾਰ ਹੋਣ ਤੇ

ਆਪ ਦਿੱਲੀ ਲਿਜਾ ਕੇ ਮੱਘਰ ਸੁਦੀ ੫ ਸੰਮਤ ੧੭੩੨ ਬਿ: ਨੂੰ ਕੁਤਵਾਲੀ ਵਾਲੀ ਥਾਂ ਪਰ, ਜਿਥੇ ਹੁਣ ਗੁਰਦੁਆਰਾ ਸੀਸ ਗੰਜ ਬਣਿਆ ਹੈ, ਸ਼ਹੀਦ ਕੀਤੇ ਗਏ।

(ਦ)

*ਦਯਾ ਸਿੰਘ (ਪਿਆਰਾ)*—ਇਹ ਲਾਹੌਰ ਦੇ ਵਸਨੀਕ ਤੇ ਜਾਤਿ ਦੇ ਸੋਬਤੀ ਖਤ੍ਰੀ ਸਨ। ੧ ਵੈਸਾਖ ਸੰਮਤ ੧੭੫੬ ਬਿ: ਨੂੰ ਇਨ੍ਹਾਂ ਨੇ ਸ਼ੀਸ਼ ਭੇਟ ਕਰ ਕੇ ਸ੍ਰੀ ਦਸ਼ਮੇਸ਼ ਜੀ ਤੋਂ ਅਮ੍ਰਿਤ ਛਕਿਆ ਤੇ ਗੁਰੂ ਜੀ ਦੇ ਅੰਗ ਸੰਗ ਰਹੇ। ਸੰਮਤ ੧੭੬੨ ਬਿ: ਵਿਚ ਇਹ ਪਿੰਡ ਦੀਨੇ ਤੋਂ ਗੁਰੂ ਜੀ ਦਾ ਜ਼ਫ਼ਰਨਾਮਾ ਲੈ ਕੇ ਅਹਮਦ ਨਗਰ (ਦੱਖਣ) ਵਿਚ ਸ਼ਾਹ ਔਰੰਗਜ਼ੇਬ ਪਾਸ ਗਏ। ੧੧ ਅੱਸੂ ਸੰਮਤ ੧੭੬੫ ਬਿ: ਨੂੰ ਸ੍ਰੀ ਅਬਚਲ ਨਗਰ (ਨੰਦੇੜ) ਇਨ੍ਹਾਂ ਦਾ ਦੇਹਾਂਤ ਹੋਇਆ।

*ਦਰਬਾਰਾ ਸਿੰਘ*—ਇਹ ਸਰਹਿੰਦ ਦਾ ਵਸਨੀਕ, ਜਾਤਿ ਦਾ ਬਾਣੀਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅਮ੍ਰਿਤ ਛਕ ਕੇ ਇਹ ਬੜਾ ਬਹਾਦਰ ਜੋਧਾ ਸਾਬਿਤ ਹੋਇਆ ਤੇ ਆਨੰਦਪੁਰ ਦੇ ਕਈ ਜੰਗਾਂ ਵਿਚ ਬੜੀ ਦਲੇਰੀ ਨਾਲ ਲੜਦਾ ਰਹਿਆ।

*ਦਰਬਾਰੀ, ਭਾਈ*—ਇਹ ਦੋ ਭਾਈ ਸਨ। ਦੂਜੇ ਦਾ ਨਾਂ ਸੀ ਘਰਬਾਰੀ, ਤੇ ਦੋਵੇਂ ਹੀ ਗੁਰੂ ਦਸ਼ਮੇਸ਼ ਜੀ ਦੇ ਦੀਵਾਨ ਸਨ। ਜਦ ਦਮਦਮਾ ਸਾਹਿਬ (ਤਲਵੰਡੀ ਸਾਬੋ) ਤੋਂ ਗੁਰੂ ਸਾਹਿਬ ਦੱਖਣ ਨੂੰ ਜਾਣ ਲੱਗੇ ਤਾਂ ਇਹ ਰਾਤ ਨੂੰ ਹੀ ਮੌਕਾ ਤਾੜ ਕੇ ਕਿਧਰੇ ਨੱਸ ਗਏ।

ਦਰਬਾਰੀ ਘਰ ਬਾਰਿ ਜੁਤ, ਚਾਕਰ ਬੀਰ ਹਜਾਰ।
ਗਏ ਪਾੜ ਨਿਸ ਭਾਜ ਕਰ, ਕੀਨੋ ਸਦਨ ਉਜਾੜ ॥੭੩॥

(ਅਧਿਆਇ ੧੮)

*ਦਿਲਾਵਰ ਖਾਨ*—ਇਕ ਪੰਜ ਹਜ਼ਾਰੀ ਮੁਗ਼ਲ ਸਰਦਾਰ, ਜੋ ਸ਼ਾਹ ਅਉਰੰਗਜੇਬ ਨੇ ਪੰਜਾਬ ਦੇ ਇਲਾਕਾ ਪਹਾੜ ਨੂੰ ਈਨ ਮਨਾਉਣ ਲਈ ਭੇਜਿਆ ਸੀ। ਕਵੀ ਬਿਸ਼ਨ ਸਿੰਘ ਨੇ ਇਸ ਨੂੰ ਸਰਹਿੰਦ ਦਾ ਸੂਬਾ ਲਿਖਿਆ ਹੈ। "ਸੂਬਾ ਸਹਰ ਸਿਰੰਦਹਿ ਭਾਰੀ। ਖਾਨ ਦਿਲਾਵਰ ਆਯੋ ਕਾਰੀ।" (ਅਧਿਆਇ ੧੨) ਪਰੰਤੂ ਇਹ ਠੀਕ ਨਹੀਂ ਹੈ। ਦਿਲਾਵਰ ਖ਼ਾਨ ਦਾ ਪੁਤ੍ਰ ਅਚਾਨਕ ਆਨੰਦਪੁਰ ਉਤੇ ਚੜ੍ਹ ਕੇ ਆਇਆ, ਜੋ ਸਿੱਖਾਂ ਦਾ ਮੁਕਾਬਲਾ ਨਾ ਕਰ ਸਕਣ ਕਰਕੇ ਮੈਦਾਨ ਛੱਡ ਗਇਆ।

*ਦੂਨੀ ਚੰਦ, ਭਾਈ*—ਇਹ ਭਾਈ ਸਾਲੋ ਮਜੀਠਾਵਾਸੀ ਦਾ ਪੁਤ੍ਰ ਮਾਝੇ ਦਾ ਮਸੰਦ ਸੀ। ਬੜਾ ਮੋਟਾ ਤਾਜ਼ਾ ਹੋਣ ਕਰਕੇ ਸ੍ਰੀ ਦਸ਼ਮੇਸ਼ ਨੇ ਇਸ ਨੂੰ ਲੋਹ ਗੜ੍ਹ ਦੇ ਦਰਵਾਜ਼ੇ ਅੱਗੇ ਕੇਸਰੀ ਚੰਦ ਜਸਵਾਲੀਏ ਦੇ ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਭੇਜਣਾ ਚਾਹਿਆ, ਪਰ ਇਹ ਡਰਦਾ ਮਾਰਿਆ ਰਾਤ ਨੂੰ ਕਿਲੇ ਦੀ ਕੰਧ ਟੱਪ ਕੇ ਦੌੜਨ ਲੱਗਾ ਜਿਸ ਕਰਕੇ ਟੰਗ ਟੁਟ ਗਈ। ਨਾਲ ਦੇ ਮਝੈਲ ਸਾਥੀ ਇਸ ਨੂੰ ਉਸੇ ਹਾਲਤ ਵਿਚ ਮੰਜੀ ਉਤੇ ਪਾ ਕੇ ਅਮ੍ਰਿਤਸਰ ਲੈ ਗਏ। ਅਚਾਨਕ ਉਥੇ ਰਾਤੀਂ, ਜਿਸ ਕੋਠੜੀ ਵਿਚ ਉਹ ਸੁੱਤਾ ਪਇਆ ਸੀ, ਸੱਪ ਲੜਨ ਕਰਕੇ ਇਸ ਦੀ ਮੌਤ ਹੋ ਗਈ। (ਦੇਖੋ ਅਧਿਆਇ ੧੧, ਛੰਦ-ਅੰਕ ੨੨ ਦਾ ਫੁਟਨੋਟ)

(ਧ)

*ਧਰਮ ਸਿੰਘ (ਪਿਆਰਾ)*—ਇਹ ਗੁਰ ਬਿਲਾਸ ਦੇ ਕਥਨ ਅਨੁਸਾਰ ਹਸਤਨਾਪੁਰ (ਦਿੱਲੀ) ਦਾ ਵਾਸੀ ਸੀ। ਪਰ ਗਿਆਨੀ ਠਾਕਰ ਸਿੰਘ ਨੇ ਇਸ ਦਾ ਜਨਮ ਪਿੰਡ ਜੱਬਮਾੜਾ (ਸਹਾਰਨਪੁਰ) ਦਾ ਲਿਖਿਆ ਹੈ। ਇਹ ਜੱਟ ਸਿੱਖ ਸੀ। ਭਾਈ ਸੰਤ ਰਾਮ ਦੇ ਘਰ ਮਾਈ ਜੱਸੀ (ਸਾਵੋ) ਦੀ

ਕੁੱਖੋਂ ੭ ਕੱਤਕ ਸੰਮਤ ੧੭੨੪ ਬਿ: ਨੂੰ ਇਸ ਦਾ ਜਨਮ ਹੋਇਆ। ਸੰਮਤ ੧੭੫੬ ਦੀ ਵੈਸਾਖ ਨੂੰ ਇਸ ਨੇ ਕੇਸਗੜ੍ਹ (ਆਨੰਦਪੁਰ) ਸੀਸ-ਭੇਟ ਕਰ ਕੇ ਗੁਰੂ ਦਸ਼ਮੇਸ਼ ਜੀ ਤੋਂ ਅਮ੍ਰਿਤ ਛਕਿਆ ਤੇ ਪੋਹ ਸੰਮਤ ੧੭੬੨ ਬਿ: ਨੂੰ ਚਮਕੌਰ ਦੇ ਜੰਗ ਵਿਚ ਇਸ ਨੇ ਸ਼ਹੀਦੀ ਪ੍ਰਾਪਤ ਕੀਤੀ।

(ਨ)

*ਨਜਾਬਤ ਖ਼ਾਨ*—ਇਕ ਕੁੰਜਪੁਰੇ (ਅੰਬਾਲੇ) ਦਾ ਪਠਾਨ ਸਰਦਾਰ ਸੀ, ਜੋ ਭੰਗਾਣੀ ਦੇ ਜੰਗ ਸਮੇਂ ਸ੍ਰੀ ਦਸ਼ਮੇਸ਼ ਜੀ ਦਾ ਸਾਥ ਛੱਡ ਕੇ ਪਹਾੜੀ ਰਾਜਿਆਂ ਦੀ ਫ਼ੌਜ ਨਾਲ ਜਾ ਰਲਿਆ ਤੇ ਛੇਕੜ ਸੰਗੋਸ਼ਾਹ ਜਾਂ ਸ਼ਾਹ ਸੰਗ੍ਰਾਮ ਦੇ ਹੱਥੋਂ ਇਸ ਜੰਗ ਵਿਚ ਮਾਰਿਆ ਗਇਆ।

*ਨਰਬਦਾ*—ਦੱਖਣੀ ਭਾਰਤ ਦੀ ਇਕ ਪ੍ਰਸਿੱਧ ਨਦੀ, ਜੋ ਨਰਬਦਾ ਨਾਂ ਨਾਲ ਪ੍ਰਸਿੱਧ ਹੈ ਤੇ ਅਮਰ ਕੰਟਕ ਨਦੀ 'ਚੋਂ ਨਿਕਲ ਕੇ ਖਭਾਤ ਦੀ ਖਾੜੀ ਵਿਚ ਜਾ ਪੈਂਦੀ ਹੈ।

*ਨਾਹਰ ਖ਼ਾਨ*—ਮਾਲੇਰਕੋਟਲੇ ਦਾ ਇਕ ਪਠਾਨ ਜੋ ਗੁਰੂ ਜੀ ਦੇ ਉਪਰ ਚੜ੍ਹਾਈ ਕਰਕੇ ਮੁਗ਼ਲੇਈ ਫ਼ੌਜਾਂ ਦੇ ਨਾਲ ਆਇਆ ਅਤੇ ਚਮਕੌਰ ਦੇ ਜੰਗ ਵਿਚ ਲੜਿਆ। ਸ੍ਰੀ ਦਸ਼ਮੇਸ਼ ਨੇ ਜ਼ਫ਼ਰਨਾਮੇ ਵਿਚ ਇਸ ਦਾ ਜ਼ਿਕਰ ਕੀਤਾ ਹੈ।

*ਨਾਦੌਣ*—ਤਹਸੀਲ ਹਮੀਰਪੁਰ, ਜ਼ਿਲਾ ਕਾਂਗੜਾ ਦਾ ਇਕ ਸਥਾਨ, ਜਿਥੇ ਸ੍ਰੀ ਦਸ਼ਮੇਸ਼ ਨੇ ਸੰਮਤ ੧੭੪੭ ਬਿ: ਵਿਚ ਪਹਾੜੀ ਰਾਜਿਆਂ ਦੀ ਸਹਾਇਤਾ ਲਈ ਮੁਗ਼ਲ ਸੈਨਾ ਨਾਲ ਜੰਗ ਕੀਤਾ।

*ਨਾਨਕ ਮਤਾ*—ਉੱਤਰ ਪ੍ਰਦੇਸ਼ ਵਿਚ ਪੀਲੀਭੀਤ ਦੇ ਨੇੜੇ ਜ਼ਿਲਾ ਨੈਨੀਤਾਲ ਦਾ ਇਕ ਪ੍ਰਸਿੱਧ ਗੁਰ-ਸਥਾਨ ਜੋ ਗੁਰੂ ਨਾਨਕ ਤੋਂ ਪਹਿਲਾਂ ਸਿੱਧਮਤਾ ਜਾਂ ਗੋਰਖ ਮਤਾ ਨਾਂ ਨਾਲ ਮਸ਼ਹੂਰ ਸੀ। ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਹਰਿ ਗੋਬਿੰਦ (ਛੇਵੇਂ ਪਾਤਸ਼ਾਹ) ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸਥਾਨ ਪਰ ਪਧਾਰੇ ਸਨ।

*ਨਿਹਚਲ ਸਿੰਘ*—ਭਾਈ ਮੁਹਕਮ ਸਿੰਘ (ਪਿਆਰੇ) ਦਾ ਦੂਜਾ ਨਾਂ ਉਂਜ ਪਰਯਾਯਵਾਚੀ ਹੈ। ਇਹ ਦਾਰਾਵਤੀ (ਗੁਜਰਾਤ) ਦਾ ਵਸਨੀਕ ਮੰਨਿਆ ਜਾਂਦਾ ਹੈ। ਦੇਖੋ ਮੁਹਕਮ ਸਿੰਘ (ਪਿਆਰਾ) "ਵਾਸੀ ਦੁਆਰਾਵਤੀ ਜਨਾਯੋ।"

*ਨਿਰਮੋਹ ਗੜ੍ਹ*—ਰੋਪੜ ਦੇ ਨਜ਼ਦੀਕ ਪਿੰਡ ਹਰ ਦੋ ਨਮੋਹ ਦਾ ਇਕ ਪ੍ਰਸਿੱਧ ਗੁਰ ਧਾਮ, ਜਿਥੇ ਇਕ ਟਿੱਬੀ ਹੈ ਪਰ ਸੰਮਤ ੧੭੫੭ ਵਿਚ ਸ੍ਰੀ ਦਸ਼ਮੇਸ਼ ਜੀ ਆਨੰਦਪੁਰ ਦਾ ਮੋਹ ਛੱਡ ਕੇ ਟਿਕੇ ਸਨ, ਇਸ ਲਈ ਉਸ ਸਮੇਂ ਤੋਂ ਇਹ ਸਥਾਨ ਇਸੇ ਨਾਂ ਨਾਲ ਮਸ਼ਹੂਰ ਹੋਇਆ। ਅੱਜ ਕੱਲ ਏਥੇ ਸਾਧਾਰਣ ਗੁਰਦੁਆਰਾ ਤੇ ਮੰਜੀ ਸਾਹਿਬ ਕਾਇਮ ਹੈ।

*ਨੈਣਾ ਸਿੰਘ*—ਸ਼ਹੀਦਾਂ ਦੀ ਮਿਸਲ ਦਾ ਇਕ ਸਰਦਾਰ।

*ਪਟਨਾ*—ਬਿਹਾਰ ਪ੍ਰਾਂਤ ਦਾ ਇਕ ਪ੍ਰਸਿੱਧ ਨਗਰ, ਜਿਥੇ ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ ੭, ਸੰਮਤ ੧੭੨੩ ਬਿ: ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘਰ ਪ੍ਰਗਟ ਹੋਏ ਸਨ। ਪਟਨੇ ਵਿਚ ਸ੍ਰੀ ਹਰਿ ਮੰਦਿਰ ਸਾਹਿਬ, ਪੰਘੂੜਾ ਸਾਹਿਬ, ਗੁਰੂ ਕਾ ਬਾਗ, ਗੋਬਿੰਦ ਘਾਟ, ਬੜੀ ਸੰਗਤਿ, ਮੈਨੀ ਸੰਗਤਿ ਤੇ ਮੋਹਨ ਮਾਈ ਕੀ ਸੰਗਤਿ ਨਾਂ ਦੇ ਛੇ ਗੁਰ-ਸਥਾਨ ਹਨ।

*ਪਾਂਵਟਾ*—ਇਹ ਨਗਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੪੨ ਬਿ: ਵਿਚ ਰਾਜਾ ਸਿਰਮੌਰ

(ਨਾਹਨ) ਤੋਂ ਜ਼ਮੀਨ ਲੈ ਵਸਾਇਆ। ਭੰਗਾਣੀ ਦਾ ਜੰਗ ਸੰਮਤ ੧੭੪੫ ਵਿਚ ਗੁਰੂ ਜੀ ਨੇ ਇਸੇ ਸਥਾਨ ਪਰ ਰਹਿੰਦਿਆਂ ਹੋਇਆਂ ਕੀਤਾ ਸੀ। ਇਥੇ ਗੁਰੂ ਸਾਹਿਬ ਦੇ ਕਈ ਸਥਾਨ ਹਨ।

***ਪੂਤ ਪਠਾਨੀ***—ਸਰਹਿੰਦ ਦੇ ਪਠਾਨ ਦਾ ਪੁਤ੍ਰ ਜਮਸ਼ੇਦ ਖ਼ਾਨ, ਜੋ ਸੰਮਤ ੧੭੬੫ ਵਿਚ ਗੁਰੂ ਦਸ਼ਮੇਸ਼ ਜੀ ਦੇ ਪਾਸ ਨੰਦੇੜ ਨੌਕਰ ਹੋਇਆ। ਛੇਕੜ ਥੋੜੇ ਚਿਰ ਪਿੱਛੋਂ ਇਸੇ ਨੇ ਜਮਧਰ (ਕਟਾਰ) ਮਾਰ ਕੇ ਗੁਰੂ ਸਾਹਿਬ ਨੂੰ ਜ਼ਖ਼ਮੀ ਕੀਤਾ ਸੀ।

***ਪ੍ਰਸਾਦੀ ਹਾਥੀ***—ਕਹਿਆਂ ਜਾਂਦਾ ਹੈ ਕਿ ਇਹ ਇਕ ਅਤਿ ਸੋਹਣਾ ਸਫੈਦ ਹਾਥੀ ਸੀ ਜੋ ਆਸਾਮ ਦੇ ਰਾਜਾ ਰਤਨ ਰਾਇ ਨੇ ਸ੍ਰੀ ਦਸ਼ਮੇਸ਼ ਜੀ ਨੂੰ ਸ਼੍ਰਧਾਭਾਵ ਨਾਲ ਭੇਟਾ ਕੀਤਾ ਸੀ। ਇਹ ਆਪਣੀ ਸੁੰਡ ਨਾਲ ਗੁਰੂ ਜੀ ਨੂੰ ਚੌਰ ਝੁਲਾਉਂਦਾ, ਗੰਗਾ ਸਾਗਰ ਫੜ ਕੇ ਗੁਰੂ ਸਾਹਿਬ ਦੇ ਪੈਰ ਧੁਆਉਂਦਾ ਅਤੇ ਉਨ੍ਹਾਂ ਦੇ ਚਲਾਏ ਹੋਏ ਤੀਰ ਚੁਕ ਲਿਆਉਂਦਾ ਸੀ। ਪੁਤ੍ਰ ਦੀ ਸ਼ਾਦੀ ਦੇ ਬਹਾਨੇ ਰਾਜਾ ਭੀਮ ਸੈਨ ਬਿਲਾਸਪੁਰੀਏ ਨੇ ਇਹ ਹਾਥੀ ਮੰਗਿਆ ਤੇ ਅੱਗੋਂ ਇਨਕਾਰ ਹੋਣ ਕਾਰਣ ਉਹ ਗੁਰੂ ਘਰ ਦਾ ਪੱਕਾ ਵੈਰੀ ਬਣ ਗਿਆ।

***ਪ੍ਰਯਾਗ (ਅਲਾਹਾਬਾਦ)***—ਗੰਗਾ ਜਮਨਾ ਦੇ ਸੰਗਮ ਪੁਰ ਉੱਤਰ ਪ੍ਰਦੇਸ਼ ਦਾ ਇਕ ਪ੍ਰਸਿੱਧ ਹਿੰਦੂ ਤੀਰਥ ਜਿਥੇ ਸ੍ਰੀ ਗੁਰੂ ਤੇਗ ਬਹਾਦੁਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਧਾਰੇ ਸਨ। ਇੱਥੇ ਪੱਕੀ ਸੰਗਤ ਦੇ ਨਾਂ ਨਾਲ ਇਕ ਗੁਰਦੁਆਰਾ ਬਣਿਆ ਹੈ।

(ਫ)

***ਫਤਿਹ ਸਿੰਘ, ਬਾਬਾ***—ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਭ ਤੋਂ ਛੋਟਾ ਸਾਹਿਬਜ਼ਾਦਾ ਸੀ ਜੋ ਫਗਣ ਸੁਦੀ ੭ ਸੰਮਤ ੧੭੫੫ ਬਿ: ਮਾਤਾ ਜੀਤੋ ਜੀ ਦੇ ਪੇਟੋਂ ਜਨਮਿਆ ਤੇ ੧੩ ਪੋਹ ਸੰਮਤ ੧੭੬੨ ਬਿ: ਨੂੰ ਨਵਾਬ ਵਜ਼ੀਰ ਖ਼ਾਨ ਫ਼ੌਜਦਾਰ ਸਰਹਿੰਦ ਦੇ ਹੁਕਮ ਨਾਲ ਸਰਹਿੰਦ ਵਿਚ ਸ਼ਹੀਦ ਕੀਤਾ ਗਇਆ ਸੀ।

***ਫ਼ਤੇਸ਼ਾਹ***—ਸ੍ਰੀ ਨਗਰ (ਗੜ੍ਹਵਾਲ) ਦਾ ਰਾਜਪੂਤ ਰਾਜਾ, ਜੋ ਰਾਜਾ ਭੀਮ ਚੰਦ ਕਹਲੂਰੀਏ ਦੇ ਵਰਗਲਾਉਣ ਤੇ ਭੰਗਣੀ (ਪਾਵਟਾ) ਦੇ ਸਥਾਨ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਲੜਿਆ ਸੀ। ਗੁਰੂ ਸਾਹਿਬ ਨੇ ਬਚਿਤ੍ਰ ਨਾਟਕ ਵਿਚ ਇਸ ਘਟਨਾ ਦਾ ਜ਼ਿਕਰ ਕੀਤਾ ਹੈ—

"ਫਤੇ ਸ਼ਾਹ ਕੋਪਾ ਤਬ ਰਾਜਾ।
ਲੋਹ ਪਰਾ ਹਮ ਸੋ ਬਿਨ ਕਾਜਾ।"

(ਬ)

***ਬਹਾਦੁਰ ਸ਼ਾਹ***—ਪ੍ਰਸਿੱਧ ਮੁਅੱਜ਼ਮ ਸ਼ਾਹ ਤੇ ਸ਼ਾਹ ਆਲਮ ਜੋ ਸ਼ਾਹ ਅਉਰੰਗਜ਼ੇਬ ਦਾ ਵਡਾ ਪੁਤ੍ਰ ਸੀ। ਇਸ ਦਾ ਜਨਮ ੪ ਅਕਤੂਬਰ ਸੰਨ ੧੬੪੩ ਈ: ਨੂੰ ਬੁਰਹਾਨਪੁਰ ਵਿਚ ਹੋਇਆ। ਇਹ ਸੰਨ ੧੭੦੭ ਈ: ਵਿਚ ਸ੍ਰੀ ਦਸ਼ਮੇਸ਼ ਜੀ ਦੀ ਸਹਾਇਤਾ ਨਾਲ ਆਪਣੇ ਭਾਈ ਆਜ਼ਮ ਸ਼ਾਹ ਜਾਂ ਤਾਰਾ ਆਜ਼ਮ ਨੂੰ ਮਾਰ ਕੇ ਦਿੱਲੀ ਦੇ ਰਾਜ-ਸਿੰਘਾਸਨ ਪੁਰ ਬੈਠਾ। ੧੯ ਫਰਵਰੀ ਸੰਨ ੧੭੧੨ ਈ: ਨੂੰ ਲਾਹੌਰ ਦੇ ਸਥਾਨ ਪੁਰ ਇਸ ਦਾ ਦੇਹਾਂਤ ਹੋਇਆ।

***ਬਕਾਲਾ***—ਜ਼ਿਲਾ ਅੰਮ੍ਰਿਤਸਰ ਦਾ ਇਕ ਪ੍ਰਸਿੱਧ ਨਗਰ, ਜੋ ਰੇਲਵੇ ਸਟੇਸ਼ਨ ਬਿਆਸ ਤੋਂ ਉੱਤਰ ਵਲ ਢਾਈ ਕੁ ਮੀਲ ਦੇ ਫ਼ਾਸਲੇ ਪਰ ਹੈ। ਇਥੇ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਸੁਪਤਨੀ

(ਮਾਤਾ) ਗੰਗਾ ਜੀ ਦਾ ਦੇਹੁਰਾ, ਗੁਰੂ ਤੇਗ ਬਹਾਦਰ ਜੀ ਦਾ ਭੋਰਾ ਤੇ ਗੁਰੂ ਗੱਦੀ ਦਾ ਸਥਾਨ ਮੌਜੂਦ ਹਨ। ਏਥੇ ਹਰੇਕ ਸਾਲ ਸਾਵਣ ਸੁਦੀ ੧੫ ਅਤੇ ਮੱਘਰ ਸੁਦੀ ੫ (ਗੁਰੂ ਤੇਗ ਬਹਾਦੁਰ ਜੀ ਦੇ ਸ਼ਹੀਦੀ ਸਮੇਂ) ਸਿੱਖ-ਸੰਗਤ ਦਾ ਬੜਾ ਭਾਰੀ ਇਕੱਠ ਹੁੰਦਾ ਹੈ।

*ਬਚਿਤ ਸਿੰਘ, ਭਾਈ*—ਇਹ ਭਾਈ ਮਨੀ ਸਿੰਘ ਦਾ ਸੁਪੁਤ੍ਰ ਤੇ ਸ੍ਰੀ ਦਸ਼ਮੇਸ਼ ਦਾ ਹਜ਼ੂਰੀ ਸੇਵਕ ਸੀ। ਸੰਮਤ ੧੭੫੮ ਬਿ: ਵਿਚ ਜਦ ਪਹਾੜੀ ਰਾਜਿਆਂ ਨੇ ਆਨੰਦਪੁਰ ਉਤੇ ਚੜ੍ਹਾਈ ਕਰ ਕੇ ਲੋਹਗੜ੍ਹ ਕਿਲੇ ਦਾ ਬੂਹਾ ਭੰਨਣ ਲਈ ਮਸਤ ਹਾਥੀ ਭੇਜਿਆ, ਤਾਂ ਉਸ ਨੂੰ ਨੇਜਾ ਮਾਰ ਕੇ ਇਸ ਨੇ ਪਿਛੇ ਮੋੜਿਆ ਸੀ। ਸੰਮਤ ੧੭੬੨ ਬਿ: ਵਿਚ ਆਨੰਦਪੁਰ ਦੇ ਜੰਗ ਸਮੇਂ ਮਲਿਕਪੁਰ ਦੇ ਰੰਘੜਾਂ ਹੱਥੋਂ ਸਖ਼ਤ ਜ਼ਖ਼ਮੀ ਹੋਣ ਤੇ ਪਿੰਡ ਕੋਟਲਾ ਨਿਹੰਗ (ਰੋਪੜ) ਵਿਚ ੧੯ ਪੋਹ ਨੂੰ ਸਵੇਰੇ ਹੀ ਇਸ ਦਾ ਦੇਹਾਂਤ ਹੋਇਆ ਸੀ।

*ਬਠਿੰਡਾ*—ਭਟਨੇਰ ਦੇ ਮੋਢੀ ਇਕ ਭੱਟੀ ਰਾਜਪੂਤ ਦਾ ਆਬਾਦ ਕੀਤਾ ਹੋਇਆ ਨਗਰ, ਜੋ ਅੱਜ ਤੋਂ ਬਹੁਤ ਸਦੀਆਂ ਪਹਲਾਂ, ਜਿਵੇਂ ਕਿ ਇਸ ਬਾਰੇ ਅਖਾਣ ਹਨ, ਦਰਿਆ ਸਤਲੁਜ ਦੇ ਕੰਢੇ ਕਾਇਮ ਕੀਤਾ ਗਇਆ ਸੀ, ਪਰ ਪਿਛੋਂ ਸਤਲੁਜ ਦਾ ਵਹਾਉ ਬਦਲਣ ਤੇ ਇਹ ਸਥਾਨ ਦਰਿਆ ਤੋਂ ਬਹੁਤ ਦੂਰ ਅਤੇ ਰੇਗਿਸਤਾਨ ਦੇ ਘੇਰੇ ਵਿਚ ਆ ਗਇਆ। ਬਠਿੰਡੇ ਦਾ ਕਿਲਾ ਜੋ ਦੂਰੋਂ ਦੂਰੋਂ ਨਜ਼ਰ ਆਉਂਦਾ ਹੈ, ਧਰਤੀ ਦਾ ਆਮ ਸਤਹ ਨਾਲੋਂ ੧੧੮ ਫੁਟ ਉੱਚਾ ਹੈ। ਮਹਾਰਾਜਾ ਅਮਰ ਸਿੰਘ, ਪਟਿਆਲਾ ਨੇ ਸੰਨ ੧੭੭੧ ਵਿਚ ਇਸ ਸਥਾਨ ਪਰ ਕਬਜ਼ਾ ਕੀਤਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਚੂੰਕਿ ਕੁਝ ਸਮਾਂ ਬਠਿੰਡੇ ਰਹਿ ਗਏ ਸਨ, ਇਸ ਲਈ ਮਹਾਰਾਜੇ ਨੇ ਉਨ੍ਹਾਂ ਦੀ ਯਾਦ ਵਿਚ ਇਸ ਕਿਲੇ ਦਾ ਨਾਉਂ ਗੋਬਿੰਦਗੜ੍ਹ ਰਖਿਆ ਅੱਜ ਕੱਲ ਬਠਿੰਡਾ ਇਸ ਜ਼ਿਲੇ ਦਾ ਸਦਰ ਮੁਕਾਮ ਹੈ।

*ਬਦ੍ਰਿਕਾ ਆਸ਼੍ਰਮ*—ਬਦ੍ਰੀ ਨਾਥ ਧਾਮ, ਹਿਮਾਚਲ ਪ੍ਰਦੇਸ਼।

*ਬਰਵਾ ਗ੍ਰਾਮ*—ਤਹਸੀਲ ਊਨਾ, ਥਾਣਾ ਨੂਰ ਪੁਰ ਦਾ ਇਕ ਪਿੰਡ, ਜੋ ਦਿਲਾਵਰ ਖ਼ਾਨ ਦੇ ਪੁਤ੍ਰ ਨੇ ਉਜਾੜਿਆ ਸੀ। (ਦੇਖੋ ਅਧਿਆਇ ੧੨)

*ਬਾਈਧਾਰ*—ਇਲਾਕਾ ਪਹਾੜ ਦੀਆਂ ਪ੍ਰਸਿੱਧ ੨੨ ਰਿਆਸਤਾਂ, ਜਿਨ੍ਹਾਂ ਦਾ ਵਿਰੋਧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਰਹਿਆ। ਕ੍ਰਮ ਅਨੁਸਾਰ ਇਹ ਹਨ :

(ੳ) ਹਲਕਾ ਜਲੰਧਰ ਦੀਆਂ ਰਿਆਸਤਾਂ :

ਸੁਕੇਤ, ਕੁਲੂ, ਚੰਬਾ, ਗੁਲੇਰਾ, ਸਿਬਾ, ਨੂਰਪੁਰ, ਦਾਤਾਰਪੁਰ ਜੱਸਵਾਂ, ਕਾਂਗੜਾ, ਕੋਟਲੇ ਹਰ ਅਤੇ ਮੰਡੀ

(ਅ) ਹਲਾਕ ਡੂਗਰ ਦੀਆਂ ਰਿਆਸਤਾਂ :

ਸਾਂਬਾ, ਜਸਰੋਟਾ, ਜੰਮੂ, ਬਸੋਹਲੀ, ਭੱਡੂ, ਮਾਨਕੋਟ, ਬੰਦ੍ਰਾਲਟਾ, ਚਨੇਹਨੀ, ਕਿਸ਼ਤਵਾੜ ਅਤੇ ਭਦ੍ਰਵਾਹ।

ਹੁਣ ਇਨ੍ਹਾਂ ਰਿਆਸਤਾ ਵਿਚੋਂ ਬਹੁਤੀਆਂ ਹਿਮਾਚਲ ਤੇ ਜੰਮੂ ਕਸ਼ਮੀਰ ਦੇ ਪ੍ਰਦੇਸ਼ਾਂ ਵਿਚ ਸ਼ਾਮਿਲ ਹਨ।

*ਬਾਗੋਰ-ਉਦੇਪੁਰ*—(ਰਾਜਸਥਾਨ) ਦੇ ਇਲਾਕੇ ਵਿਚ ਇਕ ਨਗਰ ਜਿਸ ਦਾ ਨਾਂ ਸਿੱਖ ਇਤਿਹਾਸ ਵਿਚ ਬਘੋਰ ਕਰਕੇ ਲਿਖਿਆ ਮਿਲਦਾ ਹੈ। ਇਹ ਨਗਰ ਉਦੇਪੁਰ ਤੋਂ ੭੦ ਮੀਲ ਉੱਤਰ-ਪੂਰਬ ਹੈ। ਸ੍ਰੀ ਦਸ਼ਮੇਸ਼ ਜੀ ਜਦੋਂ ਦੱਖਣ ਨੂੰ ਜਾ ਰਹੇ ਸਨ ਤਾਂ ਰਸਤੇ ਵਿਚ ਇਸ ਸਥਾਨ ਪਰ ਇਥੋਂ

ਦੇ ਰਾਣੇ ਨਾਲ ਉਸ ਦੇ ਵਧੀਕੀ ਕਰਨ ਤੇ ਉਨ੍ਹਾਂ ਦੀ ਲੜਾਈ ਹੋਈ। (ਦੇਖੋ ਅਧਿਆਇ ੧੯)

*ਬਿਸ਼ਹਿਰ*—ਸ਼ਿਮਲੇ ਦੀਆ ਪਹਾੜੀਆਂ ਵਿਚ ਇਕ ਪ੍ਰਸਿੱਧ ਰਾਜਪੂਤ ਰਿਆਸਤ।

*ਬਿਜੈਗੜ੍ਹ*—ਫ਼ਤਿਹ ਗੜ੍ਹ (ਆਨੰਦਪੁਰ) ਦਾ ਹੀ ਦੂਜਾ ਨਾਉਂ ਹੈ।

*ਬਿੰਦ੍ਰਾਬਨ*—ਮਥੁਰਾ (ਉੱਤਰ ਪ੍ਰਦੇਸ਼) ਦੇ ਇਲਾਕੇ ਵਿਚ ਇਕ ਪ੍ਰਸਿੱਧ ਜੰਗਲ ਜਿਥੇ ਸ੍ਰੀ ਕ੍ਰਿਸ਼ਨ ਜੀ ਨੇ ਗੋਪੀਆਂ ਨਾਲ ਰਾਸਲੀਲਾ ਕੀਤੀ ਸੀ।

*ਬਿਆਹ*—ਦਰਿਆ ਬਿਆਸ ਦਾ ਹੀ ਦੂਜਾ ਨਾਉਂ।

*ਬੁਰਹਾਨਪੁਰ*—ਮੱਧਭਾਰਤ ਦਾ ਇਕ ਮਸ਼ਹੂਰ ਨਗਰ, ਜੋ ਜ਼ਿਲਾ ਨਿਮਾਰ ਵਿਚ ਦਰਿਆ ਤਾਪਤੀ ਦੇ ਕਿਨਾਰੇ ਆਬਾਦ ਹੈ। ਸ੍ਰੀ ਦਸ਼ਮੇਸ਼ ਜੀ ਨੰਦੇੜ ਨੂੰ ਜਾਂਦੇ ਹੋਏ ਇਥੇ ਬਿਰਾਜੇ ਸਨ।

*ਬੰਦਾ (ਬਹਾਦੁਰ)*—ਬਾਬਾ ਬੰਦਾ ਬਹਾਦੁਰ ਦਾ ਜਨਮ ਰਾਮਦੇਵ ਰਾਜਪੂਤ ਦੇ ਘਰ ਕੱਤਕ ਸੁਦੀ ੧੩, ਸੰਮਤ ੧੭੨੭ ਬਿ. ਨੂੰ ਰਾਜੌਰੀ (ਕਸ਼ਮੀਰ) ਦੇ ਸਥਾਨ ਪਰ ਹੋਇਆ। ਪਹਿਲਾਂ ਇਸ ਦਾ ਨਾਮ ਲਛਮਣ ਦੇਵ ਸੀ ਤੇ ਫੇਰ ਵੈਰਾਗੀ ਸਾਧੂ ਬਣਨ ਤੇ ਮਾਧੋ ਦਾਸ ਨਾ ਰੱਖਿਆ ਗਇਆ ਸੰਮਤ ੧੭੬੫ ਵਿਚ ਜਦੋਂ ਸ੍ਰੀ ਦਸ਼ਮੇਸ ਜੀ ਨੰਦੇੜ ਪਹੁੰਚੇ, ਤਾਂ ਇਹੋ ਗੁਰੂ ਸਾਹਿਬ ਦੇ ਆਤਮਿਕ ਪ੍ਰਭਾਵ ਦੇ ਅਧੀਨ ਸਿੱਖ ਬਣ ਗਿਆ ਤੇ 'ਬੰਦਾ ਬਹਾਦੁਰ' ਨਾਂ ਨਾਲ ਮਸ਼ਹੂਰ ਹੋਇਆ।

ਬੰਦਾ ਬਹਾਦੁਰ ਨੇ ਇਸੇ ਸਾਲ ਗੁਰੂ ਦਸ਼ਮੇਸ਼ ਦੇ ਹੁਕਮ ਨਾਲ ਪੰਜਾਬ ਪਹੁੰਚ ਕੇ ਸਿੱਖ ਜੋਧਿਆਂ ਨੂੰ ਇਕ ਲੜੀ ਵਿਚ ਪਰੋਇਆ ਤੇ ਬੜੀ ਛੇਤੀ ਸਾਮਾਨਾ, ਸਢੌਰਾ, ਕੁੰਜਪੁਰਾ, ਛੱਤ ਬਨੂੜ, ਸਰਹਿੰਦ, ਮਾਲੇਰਕੋਟਲਾ ਆਦਿ ਸਥਾਨ ਫਤਹ ਕਰ ਕੇ ਨਵਾਬ ਵਜ਼ੀਰ ਖ਼ਾਨ ਸਰਹਿੰਦੀ, ਆਦਿ ਗੁਰੂ ਘਰ ਦੇ ਦੋਸ਼ੀਆਂ ਨੂੰ ਸਖ਼ਤ ਦੰਡ ਦਿੱਤੇ। ਪਰ, ਫੇਰ ਛੇਤੀ ਹੀ ਸਿੱਖਾਂ ਦੀ ਬੇਇਤਫ਼ਾਕੀ ਦੇ ਕਾਰਣ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਬੰਦਾ ਬਹਾਦੁਰ ਆਪਣੇ ਸਾਥੀਆਂ ਸਮੇਤ ਮੁਗ਼ਲ ਫ਼ੌਜਾਂ ਦੇ ਹੱਥ ਗ੍ਰਿਫ਼ਤਾਰ ਹੋਇਆ ਤੇ ਚੇਤ ਸੁਦੀ ੧ ਸੰਮਤ ੧੭੭੩ ਈ. (ਸੰਨ ੧੭੧੬ ਈ.) ਨੂੰ ਦਿੱਲੀ ਲਿਜਾ ਕੇ ਸ਼ਹੀਦ ਕੀਤਾ ਗਇਆ।

(ਭ)

*ਭੀਖ਼ਨ ਖ਼ਾਨ*—ਇਕ ਪਠਾਨ ਸਰਦਾਰ, ਜੋ ਭੰਗਾਣੀ ਦੇ ਜੰਗ ਸਮੇਂ ਗੁਰੂ ਸਾਹਿਬ ਦਾ ਸਾਥ ਛੱਡ ਕੇ ਦੁਸ਼ਮਨ ਨਾਲ ਜਾ ਰਲਿਆ ਤੇ ਫੇਰ ਗੁਰੂ ਜੀ ਦੇ ਤੀਰ ਨਾਲ ਮਾਰਿਆ ਗਇਆ।

*ਭੀਮ ਚੰਦ*—(੧) ਬਿਲਾਸ ਪੁਰ (ਕਹਲੂਰ) ਦਾ ਚੰਦ੍ਰ ਵੰਸ਼ੀ ਰਾਜਾ, ਜੋ ਸ੍ਰੀ ਦਸ਼ਮੇਸ਼ ਜੀ ਦੇ ਨਾਲ ਵਿਰੋਧ ਕਰਦਾ ਰਹਿਆ। ਇਸ ਦਾ ਦੇਹਾਂਤ, ਬਾਬਾ ਗਨੇਸ਼ਾਂ ਸਿੰਘਾ ਬੇਦੀ ਕ੍ਰਿਤ 'ਸ਼ਸ਼ਿਬੰਸ ਬਿਨੋਦ' ਦੇ ਕਥਨ ਅਨੁਸਾਰ, ਸੰਮਤ ੧੭੪੯ ਬਿ: ਵਿਚ ਹੋਇਆ। (੨) ਰਾਜਾ ਭੀਮ ਕਟੋਚ ਕਾਂਗੜੇ ਵਾਲਾ ਸ੍ਰੀ ਦਸ਼ਮੇਸ਼ ਦਾ ਸਮਕਾਲੀ ਸੀ ਤੇ ਬਾਈਧਾਰ ਦੇ ਰਾਜਿਆਂ ਵਿਚ ਬੜਾ ਰਸੂਖ਼ ਰਖਦਾ ਸੀ।

*ਭੁਟੰਤ*—ਇਲਾਕਾ ਪਹਾੜ ਦੀ ਭੇਟੀਆ ਰਿਆਸਤ ਦਾ ਹੀ ਦੂਜਾ ਨਾਮ ਭੁਟੰਤ ਹੈ।

*ਭਗਾਣੀ*—ਸਿਰਮੌਰ (ਨਾਹਨ) ਦੇ ਇਲਾਕੇ ਦਾ ਇਕ ਪਿੰਡ, ਜੋ ਪਾਉਂਟਾ ਸਾਹਿਬ ਤੋਂ ੭ ਮੀਲ ਪੂਰਬ ਵਲ ਹੈ। ਇਥੇ ੧੯ ਵੈਸਾਖ ਸੰਮਤ ੧੭੪੫ ਨੂੰ ਗੁਰੂ ਸਾਹਿਬ ਦੀ ਲੜਾਈ ਰਾਜਾ ਫ਼ਤੇ ਸ਼ਾਹ ਸ੍ਰੀ ਨਗਰ (ਗੜ੍ਹਵਾਲ) ਤੇ ਹਰੀ ਚੰਦ ਹੰਡੂਰਾ (ਨਾਲਾਗੜ੍ਹ) ਆਦਿ ਨਾਲ ਹੋਈ ਜਿਸ ਵਿਚ ਸੰਗੋਸ਼ਾਹ ਜੀਤ ਮੱਲ ਆਦਿ ਸ਼ਹੀਦ ਹੋਏ, ਪਰ ਅੰਤ ਫ਼ਤਹ ਗੁਰੂ ਜੀ ਦੀ

ਹੋਈ। ਗੁਰੂ ਸਾਹਿਬ ਨੇ ਇਸ ਜੰਗ ਦਾ ਹਾਲ ਬਚਿਤ੍ਰ ਨਾਟਕ ਵਿਚ ਲਿਖਿਆ ਹੈ।

(ਮ)

***ਮਸਨਵੀ (ਮਅਨਵੀ)***—ਮੌਲਾਨਾ ਰੂਮੀ ਦੀ ਪ੍ਰਸਿੱਧ ਫ਼ਾਰਸੀ ਕਿਤਾਬ, ਜੋ ਤਸੱਵੁਫ਼ (ਬ੍ਰਹਮ-ਗਿਆਨ) ਦੇ ਰੰਗ ਵਿਚ ਰੰਗੀ ਹੋਣ ਕਰ ਕੇ ਸੂਫ਼ੀਆਂ ਵਿਚ ਵਧੇਰੇ ਪ੍ਰਸਿੱਧ ਹੈ।

***ਮਖਣ ਸ਼ਾਹ, ਲਬਾਣਾ***—ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਇਕ ਵਪਾਰੀ ਸਿੱਖ, ਜਿਸ ਨੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਬਕਾਲੇ (ਅਮ੍ਰਿਤਸਰ) ਪਹੁੰਚ ਕੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਲਭਿਆ ਤੇ ਇਸ ਬਾਰੇ "ਗੁਰੂ ਲਾਧੋ ਰੇ ਗੁਰੂ ਲਾਧੋ ਰੇ" ਕਹ ਕੇ ਆਪ ਘੋਸ਼ਣਾ ਕੀਤੀ ਸੀ।

***ਅਜਿਲਸ ਰਾਇ, ਦੀਵਾਨ***—ਇਹ ਪਿੰਡ ਲੋਪਕੇ (ਅਮ੍ਰਿਤਸਰ) ਦਾ ਵਸਨੀਕ ਤੇ ਬਾਦਸ਼ਾਹ ਬਹਾਦੁਰ ਸ਼ਾਹ ਦਾ ਦੀਵਾਨ ਸੀ। ਸ੍ਰੀ ਦਸ਼ਮੇਸ਼ ਜੀ ਜਦ ਨੰਦੇੜ (ਦੱਖਣ) ਗਏ ਸਨ, ਤਾਂ ਇਹ ਗੁਰੂ ਸਾਹਿਬ ਦੀ ਸੇਵਾ ਵਿਚ ਬੜੇ ਸ਼੍ਰਧਾ ਭਾਵ ਨਾਲ ਹਾਜ਼ਿਰ ਹੁੰਦਾ ਰਹਿਆ ਸੀ।

***ਮਥੁਰਾ***—ਉੱਤਰ ਪ੍ਰਦੇਸ਼ ਦਾ ਇਕ ਪ੍ਰਸਿੱਧ ਨਗਰ ਜਿਥੇ ਦੁਆਪਰ ਜੁਗ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਮਾਮਾ ਕੰਸ (ਰਾਜੇ) ਨੂੰ ਕੇਸੋਂ ਫੜ ਕੇ ਪਛਾੜਿਆ ਤੇ ਨਾਨਾ ਉਗਰ ਸੈਨ ਨੂੰ ਰਾਜ ਦਿੱਤਾ ਸੀ। ਸ੍ਰੀ ਦਸ਼ਮੇਸ਼ ਜੀ ਮਥੁਰਾ ਗਏ ਸਨ, ਜਿਥੇ ਕਿ ਉਨ੍ਹਾਂ ਦਾ ਸਥਾਨ ਬਣਿਆ ਹੋਇਆ ਹੈ।

***ਮਨੀ ਸਿੰਘ, ਸ਼ਹੀਦ***—ਇਨ੍ਹਾਂ ਦਾ ਜਨਮ ਭਾਈ ਮਾਈਦਾਸ ਰਾਜਪੂਤ ਦੇ ਘਰ ੧੩ ਚੇਤ੍ਰ ਸੰਮਤ ੧੭੦੭ ਬਿ: (ਮੁਤਾਬਕ ੧0 ਮਾਰਚ ਸੰਨ ੧੬੪੪ ਈ:) ਨੂੰ ਮਾਤਾ ਮਧੁਰੀ ਬਾਈ ਦੇ ਪੇਟੋਂ ਪਿੰਡ ਅਲੀਪੁਰ, ਜ਼ਿਲਾ ਮੁਜ਼ੱਫਰ ਗੜ੍ਹ (ਪੱਛਮੀ ਪੰਜਾਬ) ਵਿਚ ਹੋਇਆ। ਸੰਮਤ ੧੭੧੪ ਵਿਚ ਇਹ ਆਪਣੇ ਪਿਤਾ ਨਾਲ ਕੀਰਤਪੁਰ ਗੁਰੂ ਹਰਿ ਰਾਇ ਆਏ। ਫੇਹ ਅੱਠਵੇਂ ਤੇ ਨੌਵੇਂ ਗੁਰੂ ਪਾਸ ਅਤੇ ਇਸ ਤੋਂ ਬਾਦ ਸ੍ਰੀ ਦਸ਼ਮੇਸ਼ ਜੀ ਦੇ ਕੋਲ ਆਨੰਦਪੁਰ ਰਹੇ। ਸੰਮਤ ੧੭੪੯ ਬਿ: ਵਿਚ ਆਪ ਗੁਰੂ ਜੀ ਵਲੋਂ ਦੀਵਾਨ ਦੀ ਪਦਵੀ ਪਰ ਨਿਯੁਕਤ ਹੋਏ, ਇਸ ਤੋਂ ਬਾਅਦ ਸੰਮਤ ੧੭੫੩ ਬਿ: ਵਿਚ ਸੋਢੀ ਹਰਿ ਜੀ (ਪੁਤ੍ਰ ਮਿਹਰਵਾਨ) ਦੇ ਚਲਾਣਾ ਕਰ ਜਾਣ ਤੇ ਆਪ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਦੇ ਗ੍ਰੰਥੀ ਬਣਾਏ ਗਏ। ਪਰ ਇਸ ਤੋਂ ਚਾਰ ਕੁ ਸਾਲ ਪਿਛੋਂ ਸੰਮਤ ੧੭੫੭ ਵਿਚ ਲੋਹਗੜ੍ਹ ਦੇ ਜੰਗ ਸਮੇਂ, ਗੁਰੂ ਸਾਹਿਬ ਨੇ, ਇਹ ਜਦੋਂ ਕਿ ਅਮ੍ਰਿਤਸਰੋਂ ਦਰਸ਼ਨਾਂ ਨੂੰ ਆਏ ਸਨ, ਆਨੰਦਪੁਰ ਹੀ ਰੱਖ ਲਏ। ਇਸ ਤੇ ਸੰਮਤ ੧੭੬੨ ਵਿਚ ਗੁਰੂ ਜੀ ਦੇ ਆਨੰਦਪੁਰ ਛੱਡਣ ਸਮੇਂ ਆਪ ਮਾਤਾ ਸੁੰਦਰੀ ਜੀ ਦੇ ਨਾਲ ਪਹਲਾਂ ਦਿੱਲੀ ਤੇ ਫੇਰ ਗੁਰੂ ਜੀ ਦੇ ਨਾਲ ਬਘੌਰ (ਰਾਜਸਥਾਨ) ਪਹੁੰਚੇ, ਜਿਥੋਂ ਉਹ ਵਾਪਸ ਅਮ੍ਰਿਤਸਰ ਆਏ। ਸੰਮਤ ੧੭੬੫ ਵਿਚ ਗੁਰੂ ਦਸ਼ਮੇਸ਼ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਮਾਤਾ ਸੁੰਦਰੀ ਜੀ ਦੇ ਹੁਕਮ ਨਾਲ ਬਹੁਤਾ ਚਿਰ ਅਮ੍ਰਿਤਸਰ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਵਿਚ ਰਹੇ। ਫੇਰ ਆਪ ਇਸੇ ਸਥਾਨ ਤੋਂ ਗ੍ਰਿਫ਼ਤਾਰ ਹੋਣ ਤੇ ਲਾਹੌਰ ਲਿਜਾ ਕੇ ਮਿਤੀ ਹਾੜ ਸੁਦੀ ੪ ਸੰਮਤ ੧੭੯੧ ਬਿ: ਨੂੰ ਸ਼ਾਹੀ ਕਿਲੇ ਦੇ ਲਾਗੇ ਚੋਕ ਨੱਖ਼ਾਸ ਵਿਚ ਟੋਟੇ ਟੋਟੇ ਕਰ ਕੇ ਸ਼ਹੀਦ ਕੀਤੇ ਗਏ। ਇਨ੍ਹਾਂ ਦੇ ਸੱਤ ਪੁਤ੍ਰ ਸਨ : ਬਚਿਤ੍ਰ ਸਿੰਘ, ਉਦੇ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਚਿਤ੍ਰ ਸਿੰਘ, ਤੇ ਗੁਰਬਖ਼ਸ਼ ਸਿੰਘ, ਜੋ ਸਾਰੇ ਹੀ ਆਨੰਦਪੁਰ ਆਦਿ ਥਾਵਾਂ ਤੇ ਇਨ੍ਹਾਂ ਸਾਮ੍ਹਣੇ ਹੀ ਸ਼ਹੀਦ ਹੋ

ਗਏ ਸਨ।

ਭਾਈ ਮਨੀ ਸਿੰਘ ਜੀ ਬੜੇ ਅੱਛੇ ਵਿਦਵਾਨ ਸਾਹਿੱਤਕਾਰ ਸਨ। ਇਨ੍ਹਾਂ ਦੀਆਂ ਨਿਮਨ ਲਿਖਿਤ ਪੁਸਤਕਾਂ ਮਸ਼ਹੂਰ ਹਨ :

(੧) ਜਪੁਜੀ ਟੀਕਾ;

(੨) ਗੁਰੂ ਸਿੱਖਾਂ ਦੀ ਭਗਤ ਮਾਲਾ (੧੧ ਵੀਂ ਵਾਰ ਭਾਈ ਗੁਰਦਾਸ ਦਾ ਟੀਕਾ);

(੩) ਜਨਮ ਸਾਖੀ ਗੁਰੂ ਨਾਨਕ (ਭਾਈ ਗੁਰਦਾਸ ਦੀ ਪਹਲੀ ਵਾਰ ਦਾ ਟੀਕਾ);

ਇਨ੍ਹਾਂ ਤੋਂ ਬਿਨਾ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਤੇ ਦਸ਼ਮ ਗ੍ਰੰਥ ਦੇ ਸੰਪਾਦਿਤ ਕੀਤੇ ਹੋਏ ਨੁਸਖ਼ੇ ਵੀ ਇਨ੍ਹਾਂ ਦੇ ਮਿਲਦੇ ਹਨ।

*ਮਾਹਰੂ*—ਸਹੀ ਨਾਮ ਮਾਹਰੀ ਚੰਦ। ਇਹ ਬੀਬੀ ਵੀਰੋ ਦੇ ਸੁਪੁਤ੍ਰ ਤੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਛੇਵੇਂ ਪਾਤਸ਼ਾਹ ਦੇ ਦੋਹਤ੍ਰੇ ਸਨ। ਸ੍ਰੀ ਦਸ਼ਮੇਸ਼ ਜੀ ਵਲੋਂ ਭੰਗਾਣੀ ਦੇ ਜੰਗ ਵਿਚ ਇਨ੍ਹਾਂ ਨੇ ਖੰਡਾ ਖੜਕਾਇਆ ਸੀ। ਗੁਰੂ ਜੀ ਨੇ ਬਚਿਤ੍ਰ ਨਾਟਕ ਵਿਚ ਇਨ੍ਹਾਂ ਦਾ ਜਿਕਰ ਕੀਤਾ ਹੈ।

*ਮਾਛੀਵਾੜਾ*—ਤਹਿਸੀਲ ਸਮਰਾਲਾ, ਜ਼ਿਲਾ ਲੁਦਿਹਾਨਾ ਦਾ ਇਕ ਪਿੰਡ। ਇਥੇ ੯ ਪੋਹ ਸੰਮਤ ੧੭੬੨ ਬਿ: ਨੂੰ ਗੁਰੂ ਦਸ਼ਮੇਸ਼ ਜੀ ਚਮਕੌਰ ਦੇ ਜੰਗ ਤੋਂ ਬਾਅਦ ਰਾਇਕੋਟ ਵਲ ਜਾਂਦੇ ਹੋਏ ਠਹਿਰੇ ਸਨ। ਗਨੀ ਖ਼ਾਨ ਨਬੀ ਖ਼ਾਨ ਦੋਵੇਂ ਪਠਾਨ ਇਸੇ ਪਿੰਡ ਦੇ ਵਸਨੀਕ ਸਨ, ਜਿਨ੍ਹਾਂ ਨੇ ਗੁਰੂ ਸਾਹਿਬ ਨੂੰ ਉੱਚ ਦੇ ਪੀਰ ਦੇ ਭੇਸ ਵਿਚ ਦੁਸ਼ਮਨ ਦੇ ਘੇਰੇ ਵਿਚੋਂ ਕੱਢਿਆ ਸੀ। ਮਾਛੀਵਾੜੇ ਵਿਚ ਇਸੇ ਯਾਦਗਾਰ ਵਜੋਂ ਇਕ ਗੁਰਦ੍ਵਾਰਾ ਬਣਿਆ ਹੋਇਆ ਹੈ।

*ਮਾਨ ਸਿੰਘ*—ਸ੍ਰੀ ਦਸ਼ਮੇਸ਼ ਦਾ ਇਕ ਪ੍ਰਸਿੱਧ ਸੇਵਕ ਜੋ ਆਨੰਦਰਪੁਰ, ਚਮਕੌਰ, ਇਲਾਕਾ ਜੰਗਲ ਤੇ ਦੱਖਣ ਦੇ ਸਫ਼ਰ ਵਿਚ ਹਮੇਸ਼ਾ ਗੁਰੂ ਜੀ ਦੇ ਨਾਲ ਰਹਿਆ। ਨਦੀ ਨਰਮਦਾ ਦੇ ਕੰਢੇ ਇਕ ਮੁਸਲਮਾਨ ਦੇ ਹੱਥੋਂ ਮਾਰਿਆ ਗਇਆ ਸੀ।

*ਮਾਲਵਾ*—(੧) ਮੱਧ ਭਾਰਤ ਵਿਚ ਉਜੈਨ ਦਾ ਇਲਾਕਾ ਜੋ ਸਿਕੰਦਰ ਦੇ ਹਮਲੇ ਮਗਰੋਂ ਪੰਜਾਬ ਤੋਂ ਮਾਲਵਗਣ ਦੇ ਹਿਜਰਤ ਕਰ ਕੇ ਜਾ ਵਸਣ ਦੇ ਕਾਰਣ ਮਾਲਵਾ ਨਾਂ ਨਾਲ ਮਸ਼ਹੂਰ ਹੋਇਆ।

(੨) ਫ਼ੀਰੋਜ਼ਪੁਰ, ਫ਼ਰੀਦਕੋਟ, ਬਠਿੰਡੇ ਆਦਿ ਦਾ ਇਲਾਕਾ ਜਿਥੇ ਮਾਲਵਗਣ ਜਾਂ ਮਾਲਵਾ ਜਾਤੀ ਦੇ ਲੋਕ ਮਹਾਭਾਰਤ ਦੇ ਸਮੇਂ ਤੋਂ ਰਹਿੰਦੇ ਆਏ ਹਨ।

*ਮੀਆਂ ਖ਼ਾਨ*—ਮੁਗ਼ਲ ਬਾਦਸ਼ਾਹ ਅਉਰੰਗਜ਼ੇਬ ਦਾ ਇਕ ਫ਼ੌਜਦਾਰ, ਜੋ ਉਸ ਨੇ ਬਾਈਧਾਰ ਦੇ ਪਹਾੜੀ ਰਾਜਿਆਂ ਤੋਂ ਕਰ ਉਗਰਾਹੁਣ ਵਾਸਤੇ ਫ਼ੌਜ ਦੇ ਕੇ ਭੇਜਿਆ ਸੀ।

*ਮੁਹਕਮ ਸਿੰਘ*—ਪਹਲੇ ਪੰਜਾਂ ਪਿਆਰਿਆਂ ਵਿਚੋਂ ਸਨ।

*ਮੁਲਤਾਨ*—ਪੱਛਮੀ ਪੰਜਾਬ ਦਾ ਸਤਜੁਗੀ ਸਮੇਂ ਦਾ ਇਕ ਪੁਰਾਣਾ ਨਗਰ, ਜਿਥੇ ਪਹਲਾਂ ਪੁਰਾਣਾਂ ਦੇ ਮੁਤਾਬਕ ਹਰਣਾਕਸ ਤੇ ਹਿਰਣਕਸ਼ਿਪ ਦਾ ਰਾਜ ਸੀ। ਪਿੱਛੋਂ ਇਹ ਸ਼ਹਰ ਮੁਸਲਮਾਨ ਤੇ ਸਿੱਖ ਰਾਜ ਦੇ ਕਬਜ਼ੇ ਵਿਚ ਰਹਿਆ ਮੁਲਤਾਨ ਵਿਚ ਸ੍ਰੀ ਗੁਰੂ ਨਾਨਕ ਜੀ ਗਏ ਸਨ, ਜਿਥੇ ਕਿ ਉਨ੍ਹਾਂ ਦੀ ਇਕ ਯਾਂਦਗਾਰ ਬਣਾਈ ਹੋਈ ਹੈ।

*ਮੁਕਤਸਰ*—ਜ਼ਿਲਾ ਫੀਰੋਜ਼ਪੁਰ ਦਾ ਇਕ ਪ੍ਰਸਿੱਧ ਨਗਰ। ਪਹਲਾਂ ਇਥੇ ਖਿਦਰਾਣਾ ਨਾਮੀ ਇਕ ਢਾਬ ਸੀ। ਸੰਮਤ ੧੭੬੨ ਬਿ: (ਸੰਨ ੧੭੦੫) ਵਿਚ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕਰਦੀਆਂ ਹੋਈਆਂ ਮੁਗ਼ਲ ਫ਼ੌਜਾਂ ਇਥੇ ਪਹੁੰਚੀਆਂ ਤਾਂ ਭਾਈ ਮਹਾਂ ਸਿੰਘ ਆਦਿ

੪੦ ਸਿੰਘਾਂ ਦੇ ਟਾਕਰਾ ਕਰਨ ਅਤੇ ਸ਼ਹੀਦੀਆਂ ਪ੍ਰਾਪਤ ਕਰਨ ਤੇ ਉਸ ਖਿਦਰਾਣਾ ਢਾਬ ਦਾ ਨਾਂ ਹੀ ਮੁਕਤਸਰ ਜਾਂ ਮੁਕਤੇਸਰ ਪ੍ਰਸਿੱਧ ਹੋ ਗਇਆ। ਮੁਕਤਸਰ ਵਿਖੇ ਇਹ ਗੁਰਦ੍ਵਾਰੇ ਹਨ : (੧) ਸ਼ਹੀਦ ਗੰਜ (ਚਾਲੀ ਮੁਕਤਿਆਂ ਦਾ ਸ਼ਹੀਦੀ ਸਥਾਨ); (੨) ਟਿੱਬੀ ਸਾਹਿਬ, ਜਿਥੇ ਸ੍ਰੀ ਦਸ਼ਮੇਸ਼ ਜੀ ਨੇ ਦੁਸ਼ਮਨ ਦੀ ਫ਼ੌਜ ਪੁਰ ਤੀਰ ਚਲਾਏ ਸਨ; (੩) ਤੰਬੂ ਸਾਹਿਬ ਜਿਥੇ ਸਿੰਘਾਂ ਦਾ ਕੈਂਪ ਲੱਗਾ ਹੋਇਆ ਸੀ; ਅਤੇ (੪) ਵੱਡਾ ਦਰਬਾਰ ਸਾਹਿਬ, ਜਿਥੇ ਸ੍ਰੀ ਦਸ਼ਮੇਸ਼ ਜੀ ਵਿਰਾਜੇ ਸਨ।

***ਮੋਦ ਪੁਰ, ਜਾਂ ਮੋਦ ਪੁਰੀ***—ਸ੍ਰੀ ਆਨੰਦ ਪੁਰ ਸਾਹਿਬ ਦਾ ਹੀ ਦੂਜਾ ਨਾਮ ਹੈ, ਅਰਥਾਤ ਮੋਦ (ਆਨੰਦ) ਦੀ ਪੁਰੀ (ਪੁਰਿ, ਪੁਰ ਪੁਰੀ ਨਗਰ ਅਥਵਾ ਸਥਾਨ)।

***ਯਮੁਨਾ***—ਦਰਿਆ ਜਮੁਨਾ, ਜੋ ਨਗਰ ਪਾਂਵਟਾ (ਹਿਮਾਚਲ ਪ੍ਰਦੇਸ਼) ਦੇ ਨੇੜਿਓਂ ਹੋ ਕੇ ਵਗਦਾ ਹੈ। ਪਾਂਵਟਾ ਜਾਂ ਪਾਉਂਟਾ ਸਾਹਿਬ ਸ੍ਰੀ ਦਸ਼ਮੇਸ਼ ਜੀ ਨੇ ਸੰਮਤ ੧੭੪੨ ਬਿ: ਵਿਚ ਰਾਜਾ ਨਾਹਨ ਤੋਂ ਜ਼ਮੀਨ ਲੈ ਕੇ ਬਣਾਇਆ ਤੇ ਭੰਗਾਣੀ ਦਾ ਜੰਗ ਸੰਮਤ ੧੭੪੫ ਵਿਚ ਇਥੇ ਰਹਿੰਦਿਆਂ ਹੀ ਹੋਇਆ ਸੀ।

***ਰਾਮ ਸਿੰਘ***—ਗੜ੍ਹ ਗੋਪਾਚਲ, ਅੰਬਰ ਅਥਵਾ ਜੈ ਪੁਰ ਦਾ ਇਕ ਰਾਜਪੂਤ ਰਾਜਾ, ਜੋ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਸਮੰਤ ੧੭੨੩ ਬਿ: ਵਿਚ ਆਸਾਮ ਦੀ ਮੁਹਿਮ ਤੇ ਭੇਜਿਆ ਸੀ। ਗੁਰੂ ਘਰ ਦਾ ਸੇਵਕ ਹੋਣ ਕਰ ਕੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਇਸ ਦੀ ਮਦਦ ਵਾਸਤੇ ਆਸਾਮ ਗਏ ਸਨ। ਕਈ ਲੇਖਕਾਂ ਨੇ ਗ਼ਲਤੀ ਨਾਲ ਇਸ ਰਾਜੇ ਦਾ ਨਾਮ ਬਿਸ਼ਨ ਸਿੰਘ ਜਾਂ ਮਾਨ ਸਿੰਘ ਲਿਖਿਆ ਹੈ, ਜਿਵੇਂ ਕਿ ਇਸ ਗੁਰ ਬਿਲਾਸ ਦੇ ਦੂਜੇ ਅਧਿਆਇ ਵਿਚੋਂ ਹੀ ਰਾਜਾ ਮਾਨ ਸਿੰਘ ਲਿਖਿਆ ਹੋਇਆ ਮਿਲਦਾ ਹੈ, ਜੋ ਠੀਕ ਨਹੀਂ ਹੈ।

***ਰਾਮ ਸਿੰਘ, ਮੀਆਂ (ਜੰਮੂਵਾਲਾ)***—ਇਹ ਰਾਜਾ ਸੰਮਤ ੧੭੪੫ ਵਿਚ ਭੰਗਾਣੀ (ਪਾਂਵਟਾ) ਦੇ ਜੰਗ ਸਮੇਂ ਰਾਜਾ ਫ਼ਤੇਸ਼ਾਹ ਸ੍ਰੀ ਨਗਰ, ਗੜ੍ਹਵਾਲ ਦੀ ਮਦਦ ਉਤੇ ਸ੍ਰੀ ਦਸ਼ਮੇਸ਼ ਜੀ ਦੇ ਵਿਰੁੱਧ ਲੜਿਆ ਸੀ।

***ਰੂਪਾ, ਭਾਈ***—ਅਸਲ ਨਾਮ ਭਾਈ ਰੂਪ ਚੰਦ, ਜੋ ਜਾਤਿ ਦਾ ਤ੍ਰਖਾਣ ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਵਰਦਾਨ ਨਾਲ ਵਰੋਸਾਇਆ ਹੋਇਆ ਸੀ। ਇਸ ਦੇ ਨਾਂ ਤੇ ਇਲਾਕਾ ਜੰਗਲ (ਮਾਲਵੇ) ਵਿਚ ਪਿੰਡ ਭਾਈ ਰੂਪਾ ਪ੍ਰਸਿੱਧ ਹੈ। ਸ੍ਰੀ ਦਸ਼ਮੇਸ਼ ਜੀ ਕੋਟ ਕਪੂਰੇ ਤੋਂ ਦੱਖਣ ਵਲ ਜਾਂਦੇ ਹੋਏ ਭਾਈ ਰੂਪੇ ਪਾਸ ਪੁੱਜੇ ਸਨ ਤੇ ਇਸ ਦੇ ਹੱਥੋਂ ਠੰਢਾ ਜਲ ਛਕਿਆ ਸੀ।

***ਰੰਘੜੇਟੇ ਸਿੰਘ***—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਮਕੌਰ ਦੀ ਗੜ੍ਹੀ ਵਿਚ ਘਿਰ ਜਾਣ ਸਮੇਂ ਚਾਲੀ ਸਿੰਘਾਂ ਤੇ ਚਾਰ ਸਾਹਿਬਜ਼ਾਦਿਆਂ ਸਮੇਤ ਦੋ ਰੰਘੜੇਟੇ ਸਿੰਘ ਤੇ ਦੋ ਦ੍ਵਿਜ (ਖਤ੍ਰੀ ਤੇ ਬ੍ਰਾਹਮਣ) ਸਿੰਘ ਸਨ। ਰੰਘੜੇਟੇ ਸਿੱਖਾਂ ਵਿਚੋਂ ਭਾਈ ਜੀਵਨ ਸਿੰਘ ਤੇ ਦ੍ਵਿਜ ਸਿੱਖਾਂ ਭਾਈ ਦਯਾ ਸਿੰਘ, ਸੰਗਤ ਸਿੰਘ ਬੰਗੇਸ਼੍ਵਰੀ ਜਾਂ ਬੰਗਿਸ਼ ਦੇ ਨਾਮ ਪ੍ਰਸਿੱਧ ਹਨ।

***ਲਖਨੌਰ***—ਜ਼ਿਲਾ ਪਟਿਆਲਾ ਦੇ ਥਾਨਾ ਘਨੌਰ ਦਾ ਇਕ ਪਿੰਡ ਜੋ ਅੰਬਾਲੇ ਦੇ ਨੇੜੇ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਪਨ ਸਮੇਂ ਪਟਨੇ ਤੋਂ ਆਉਂਦੇ ਹੋਏ ਇੱਥੇ ਠਹਰੇ ਸਨ ਤੇ ਪ੍ਰਸਿੱਧ ਸੂਫ਼ੀ ਫ਼ਕੀਰ ਸੱਯਦ ਸ਼ਾਹ ਮੀਰਾਂ ਭੀਖ, ਠਸਕੇ ਤੇ ਘੁੜਾਮ ਦਾ ਵਸਨੀਕ, ਦੂਜੀ ਵਾਰ ਇੱਥੇ ਹੀ ਗੁਰੂ ਜੀ ਦੀ ਸੇਵਾ ਵਿਚ ਹਾਜ਼ਿਰ ਹੋਇਆ ਸੀ।

*ਲੱਖੀ ਜੰਗਲ*—ਜ਼ਿਲਾ ਬਠਿੰਡਾ ਤਹਸੀਲ ਕੋਟਕਪੂਰਾ, ਥਾਨਾ ਨੇਹੀਆਂ ਵਾਲੇ ਦਾ ਇਕ ਪਿੰਡ ਜੋ ਹੁਣ ਮਹਿਮਾ ਸਰਜਾ ਦੇ ਨਾਂ ਨਾਲ ਮਸ਼ਹੂਰ ਹੈ। ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੰਗਲ ਦੇਸ (ਮਾਲਵਾ) ਨੂੰ ਲੱਖੀ ਜੰਗਲ ਦਾ ਵਰਦਾਨ ਦੇ ਕੇ ਅੱਗੇ ਬਠਿੰਡੇ ਦੇ ਇਲਾਕੇ ਵਲ ਗਏ ਸਨ। ਦਸਮ ਗ੍ਰੰਥ ਵਿਚ 'ਲੱਖੀ ਜੰਗਲ ਖਾਲਸਾ ਆਇ ਬਿਸ੍ਰਾਮ ਕੀਤੇ ਨੇ,' ਸਿਰਲੇਖ ਹੇਠ ਇਕ ਸ਼ਬਦ ਵੀ ਹੈ।

*ਲਬਾਨਾ ਸਿੰਘ*—ਲਵਣ (ਲੂਣ) ਦਾ ਵਪਾਰ ਕਰਨ ਵਾਲਾ ਸਿੱਖ, ਅਰਥਾਤ ਭਾਈ ਮੱਖਣ ਸ਼ਾਹ ਲੁਬਾਣਾ, ਜੋ ਜ਼ਿਲਾ ਜਿਹਲਮ (ਪਾਕਿਸਤਾਨ) ਦੇ ਪਿੰਡ ਟਾਂਡਾ ਦਾ ਵਸਨੀਕ ਸੀ। ਇਹ ਗੁਰੂ ਹਰਿ ਕ੍ਰਿਸ਼ਨ ਜੀ ਦੇ ਸੰਮਤ ੧੭੨੧ ਬਿ. ਵਿਚ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਪਿੰਡ ਬਕਾਲਾ, ਜ਼ਿਲਾ ਅਮ੍ਰਿਤਸਰ, ਵਿਖੇ ਅਸਲ ਗੁਰੂ ਬਾਬੇ ਦੀ ਭਾਲ ਕਰਦਾ ਹੋਇਆ ਆਇਆ ਤੇ ਇਸ ਨੇ ਸੋਢੀਆਂ ਦੇ ਮਸਨੂਈ ਗੁਰੂਪਣ ਦੇ ਤਣੇ ਹੋਏ ਭ੍ਰਮ-ਜਾਲ ਨੂੰ ਕੱਟ ਕੇ ਬੜੀ ਅਕਲਮੰਦੀ ਨਾਲ ਗੁਰੂ ਬਾਬੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਲੱਭਿਆ, ਜੋ ਉਸ ਸਮੇਂ ਇਕ ਬੰਦ ਕਮਰੇ ਵਿਚ ਗੁਪਤ ਰਹ ਕੇ ਤਪੱਸਿਆ ਕਰ ਰਹੇ ਸਨ। ਇਸੇ ਕਾਰਣ ਉਸੇ ਦਿਨ ਤੋਂ ਗੁਰੂ ਬਾਬੇ ਦੇ ਨਾਂ ਤੇ ਬਕਾਲੇ ਦਾ ਨਾਮ 'ਬਾਬਾ ਬਕਾਲਾ' ਪ੍ਰਸਿੱਧ ਹੋ ਗਿਆ।

*ਲਵ ਪੁਰ, ਲਾਹੌਰ*—ਦਰਿਆ ਰਾਵੀ ਦੇ ਕੰਢੇ ਸ੍ਰੀ ਰਾਮ ਚੰਦ ਜੀ ਦੇ ਵੱਡੇ ਪੁਤ੍ਰ ਲਵ ਦਾ ਵਸਾਇਆ ਹੋਇਆ ਪੰਜਾਬ ਦਾ ਇਕ ਨਗਰ, ਜੋ ਪਿੱਛੋਂ ਲਾਹੌਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਹ ਨਗਰ ਪਹਲਾ ਕਸ਼ਮੀਰ ਦੇ ਰਾਜਿਆਂ ਦੇ ਅਧੀਨ ਰਹਿਆ ਤੇ ਫੇਰ ਸੋਲੰਕੀ, ਭੱਟੀ, ਚੁਹਾਨ ਤੇ ਸ਼ਾਹੀ ਵੰਸ਼ ਦੇ ਰਾਜਿਆਂ ਦੀ ਹਕੂਮਤ ਇਸ ਦੇ ਉਤੇ ਰਹੀ। ਪਿੱਛੋਂ ਸੁਲਤਾਨ ਮਹਮੂਦ ਨੇ ਕਬਜ਼ਾ ਕਰਕੇ ਲਾਹੌਰ ਦਾ ਨਾਂ ਮਹਮੂਦ ਪੁਰ ਰੱਖਿਆ; ਪਰ ਫੇਰ ਤੁਰਕਾਂ, ਪਠਾਣਾਂ, ਮੁਗਲਾਂ ਥੀਂ ਹੁੰਦਾ ਹੋਇਆ ਸਿੱਖ ਰਾਜ ਦੇ ਸਮੇਂ ਤਕ ਇਹ ਲਾਹੌਰ ਨਾਂ ਨਾਲ ਹੀ ਪ੍ਰਸਿੱਧ ਰਹਿਆ। ਅੱਜ ਕਲ ਇਹ ਨਗਰ ਸਨ ੧੯੪੭ ਤੋਂ ਇਲਾਕਾ ਪਾਕਿਸਤਾਨ ਵਿਚ ਸ਼ਾਮਿਲ ਹੈ।

ਨਗਰ ਲਾਹੌਰ ਵਿਚ ਸ੍ਰੀ ਨਾਨਕ ਦੇਵ ਜੀ ਦੀ ਧਰਮਸ਼ਾਲਾ (ਚੁਹੱਟਾ ਜਵਾਹਰ ਮੱਲ ਪਾਸ), ਜਨਮ ਸਥਾਨ ਸ੍ਰੀ ਗੁਰੂ ਰਾਮ ਦਾਸ (ਚੂਨੀ ਮੰਡੀ), ਦੀਵਾਨ ਖ਼ਾਨਾ ਗੁਰੂ ਅਰਜੁਨ ਦੇਵ ਗੁਰਦੁਆਰਾ ਲਾਲ ਖੂਹੀ, ਗੁਰਦੁਆਰਾ ਬਾਉਲੀ ਸਾਹਿਬ, ਡੱਬੀ ਬਾਜ਼ਾਰ ਚੁਮਾਲਾ ਸਾਹਿਬ (ਭਾਟੀ ਦਰਵਾਜ਼ਾ), ਸ਼ਹੀਦ ਗੰਜ ਭਾਈ ਮਨੀ ਸਿੰਘ (ਕਿਲੇ ਦੇ ਕੋਲ), ਗੁਰਦੁਆਰਾ ਡੇਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ, ਗੁਰਦੁਆਰਾ ਸ਼ਹੀਦ ਗੰਜ ਭਾਈ ਤਾਰੂ ਸਿੰਘ, ਸ਼ਹੀਦ ਗੰਜ ਸਿੰਘਣੀਆਂ (ਲੰਡਾ ਬਾਜ਼ਾਰ) ਆਦਿ ਪ੍ਰਸਿੱਧ ਗੁਰਦੁਆਰੇ ਹਨ।

*ਲੋਹ ਗੜ੍ਹ*—ਸ੍ਰੀ ਆਨੰਦ ਪੁਰ ਸਾਹਿਬ ਮਾਖੋਵਾਲ ਦੇ ਤਾਰਾ ਗੜ੍ਹ, ਹੋਲ ਗੜ੍ਹ ਆਦਿ ਕਿਲਿਆਂ ਵਿਚੋਂ ਸ੍ਰੀ ਦਸ਼ਮੇਸ਼ ਦਾ ਇਕ ਪ੍ਰਸਿੱਧ ਕਿਲਾ, ਜਿਸ ਦੇ ਦਰਵਾਜ਼ੇ ਅੱਗੇ ਭਾਈ ਬਚਿਤ੍ਰ ਸਿੰਘ ਨੇ ਨੇਜ਼ਾ ਮਾਰ ਕੇ ਪਹਾੜੀ ਰਾਜਿਆਂ ਦੇ ਮਸਤ ਹਾਥੀ ਨੂੰ ਭਜਾਇਆ ਸੀ। ਇਹ ਕਿਲ੍ਹਾ, ਜੋ ਸ੍ਰੀ ਕੇਸ਼ਗੜ੍ਹ ਤੋਂ ਦੱਖਣ ਦੀ ਗੁਠੇ ਸੀ, ਹੁਣ ਮਿਟ ਚੁਕਾ ਹੈ ਤੇ ਇਸ ਦੀਆ ਸਿਰਫ਼ ਨਿਸ਼ਾਨੀਆਂ ਹੀ ਬਾਕੀ ਹਨ।

# ਸ਼ਬਦ-ਅਨੁਕ੍ਰਮਣਿਕਾ

## ਮ



## ਯ



## ਰ



## ਲ